
ਸੰਤਾਂ ਦੇ ਕੌਤਕ...?

(ਗੁਰਮਤਿ ਦੀ ਕਸਵੱਟੀ 'ਤੇ)

ਭਾਗ - ਤੀਜਾ



ਲੇਖਕ :

ਭਾਈ ਸੁਖਵਿੰਦਰ ਸਿੰਘ 'ਸਭਰਾ'

SANTAN DE KAUTAK...?
Part III
by
Bhai Sukhwinder Singh 'Sabhra'

ਨੋਟ : ਜੇਕਰ ਕੋਈ ਚਾਹੇ ਤਾਂ ਇਸ ਕਿਤਾਬ ਨੂੰ ਹੂ-ਬ-ਹੂ ਛਾਪ ਕੇ ਮੁਫਤ ਵੰਡ ਸਕਦਾ ਹੈ।

ਪਹਿਲੀ ਵਾਰ : ਜਨਵਰੀ 2006
ਗਿਣਤੀ : 3000

ਮੁੱਲ : 50-00 ਰੁਪਏ

ਵਿਦੇਸ਼ ਲਈ ਮੁੱਲ : 5$ (ਅਮਰੀਕੀ ਡਾਲਰ)

ਪ੍ਰਕਾਸ਼ਕ
ਭਾਈ ਸੁਖਵਿੰਦਰ ਸਿੰਘ 'ਸਭਰਾ'
ਨਿਸ਼ਕਾਮ ਪ੍ਰਚਾਰਕ ਗੁਰਮਤਿ ਸਿਧਾਂਤ, ਗੁ. ਕਿਲ੍ਹਾ ਸਾਹਿਬ,
ਪਿੰਡ ਤੇ ਡਾਕਖਾਨਾ ਸਭਰਾ, ਤਹਿ: ਪੱਟੀ, ਜ਼ਿਲਾ ਅੰਮ੍ਰਿਤਸਰ
ਫ਼ੋਨ : 01851-257728 ਮੋ. : 98760-45142

ਸਮਰਪਿਤ

ਗੁਰਬਾਣੀ ਸੱਚ

ਨੂੰ

ਅਤੇ ਉਹਨਾਂ

ਨੂੰ

ਜਿਨ੍ਹਾਂ ਸਾਡਾ ਭਵਿੱਖ ਸੰਵਾਰਨ ਵਾਸਤੇ

ਆਪਣਾ ਵਰਤਮਾਨ ਨਿਸ਼ਾਵਰ

ਕਰ ਦਿੱਤਾ ।

ਸੰਤਾਂ ਦੇ ਕੌਤਕ....?

ਇਥੋਂ ਕਿਤਾਬ ਪ੍ਰਾਪਤ ਹੋ ਸਕਦੀ ਹੈ

1. ਖਾਲਸਾ ਪੰਚਾਇਤ ਚੰਡੀਗੜ੍ਹ। ਫ਼ੋਨ : 98761-04726
2. ਨਿਆਰਾ ਖਾਲਸਾ ਜਥੇਬੰਦੀ, ਦਫ਼ਤਰ ਪੰਜਾਬੀ ਬਾਗ, ਲੁਧਿਆਣਾ।
   ਫੋਨ : 98763-44507
3. ਦਫ਼ਤਰ ਮਨੁੱਖੀ ਅਧਿਕਾਰ ਸੰਗਠਨ, ਪੱਟੀ। ਫ਼ੋਨ : 94173-93633
4. ਨੌਜਵਾਨ ਵਿਕਾਸ ਸਭਾ, ਗੋਇੰਦਵਾਲ, ਫ਼ੋਨ : 98763-44506
5. ਅਕਾਲ ਸਹਾਇ ਸੋਸਾਇਟੀ, ਚੰਡੀਗੜ੍ਹ ਮਾਰਫ਼ਤ ਜਸਬੀਰ ਕੌਰ,
   ਮਕਾਨ ਨੰ: 420, ਪੁਲਿਸ ਕਲੋਨੀ, ਸੈਕਟਰ 26, ਚੰਡੀਗੜ੍ਹ,
   ਫ਼ੋਨ : 98159-06213, 94174-94613
6. ਗੁਰਮਤਿ ਪ੍ਰਚਾਰ ਕੇਂਦਰ, ਭਿੱਖੀਵਿੰਡ, ਫ਼ੋਨ : 98148-17473
7. ਗੁਰਮਤਿ ਸਿਧਾਂਤ ਪ੍ਰਚਾਰਕ ਜਥੇਬੰਦੀ, ਪਿੰਡ ਤੇ ਡਾਕਖਾਨਾ, ਸਭਰਾਂ
   ਫ਼ੋਨ : 01851-257728, 98760-45142
8. ਅਜ਼ਾਦ ਬੁੱਕ ਡੀਪੋਟ, ਹਾਲ ਬਾਜਾਰ, ਅੰਮ੍ਰਿਤਸਰ। ਫੋਨ 0183-2292513
9. ਭਾ. ਸੁਖਜਿੰਦਰ ਸਿੰਘ ਗੁਰਸਿੱਖ ਫੈਮਲੀ, ਲੁਧਿਆਣਾ।
   ਫੋਨ : 98157-30003
10. ਸ. ਬਖਸ਼ੀਸ਼ ਸਿੰਘ, ਜੌੜਾ। ਫੋਨ : 01851-226664

ਤਤਕਰਾ

ਭੂਮਿਕਾ

ਗੁਰੂ ਸਾਹਿਬਾਨ ਨੇ ਮਨੁੱਖਤਾ ਨੂੰ ਹਰ ਪ੍ਰਕਾਰ ਦੇ ਵਹਿਮਾਂ ਭਰਮਾਂ, ਪਾਖੰਡਾਂ ਕਰਮ-ਕਾਂਡਾਂ ਮੂਰਤੀਆਂ ਜਾਂ ਬੁੱਤਾਂ ਦੀ ਪੂਜਾ ਤੋਂ ਹਟਾ ਕੇ ਕੇਵਲ ਇਕ ਅਕਾਲ ਪੁਰਖ ਦੇ ਲੜ ਲਾਇਆ। "ਸ਼ਬਦ ਗੁਰੂ" ਸਿੱਖ ਧਰਮ ਦਾ ਨਿਵੇਕਲਾ ਸਿਧਾਂਤ ਹੈ। ਇਸਦਾ ਅਰਥ ਹੈ ਉਹ ਗਿਆਨ ਜੋ ਸਤਿਗੁਰਾਂ ਨੂੰ ਅਕਾਲ ਪੁਰਖ ਨਾਲ ਇਕਮਿਕ ਹੋਣ ਮਗਰੋਂ ਪ੍ਰਾਪਤ ਹੋਇਆ। ਗਿਆਨ ਦਾ ਸੋਮਾਂ ਹਨ ਧੰਨ ਗੁਰੂ ਗਰੰਥ ਸਾਹਿਬ ਜੀ"। ਗੁਰਬਾਣੀ ਅੰਦਰ ਸਰਬੱਤ ਦੇ ਭਲੇ ਵਾਸਤੇ ਬੜਾ ਉੱਤਮ ਗਿਆਨ ਹੈ। ਪੁਰਾਤਨ ਸਮੇਂ ਦੇ ਧਾਰਮਿਕ ਆਗੂਆਂ ਨੇ ਸਮਾਜ ਦੇ ਭੋਲੇ ਭਾਲੇ ਲੋਕਾਂ ਨੂੰ ਅੰਧ ਵਿਸ਼ਵਾਸਾਂ ਵਹਿਮਾਂ ਭਰਮਾਂ ਵਿਚ ਪਾਇਆ ਹੋਇਆ ਸੀ ਕੁਝ ਐਸੇ ਧਾਰਮਿਕ ਆਗੂ ਸਨ ਜੋ ਆਪ ਹੀ ਰੱਬ ਬਣ ਬੈਠੇ ਸਨ, ਧਰਮ ਦੇ ਨਾਂ ਤੇ ਲੋਕਾਂ ਤੋਂ ਕਰਮ ਕਾਂਡ ਕਰਵਾ ਕੇ ਆਪਣੀ ਪੂਜਾ ਕਰਾਉਂਦੇ ਅਤੇ ਲੋਕਾਂ ਦੇ ਲਹੂ ਪਸੀਨੇ ਦੀ ਕਮਾਈ ਵਿਹਲੇ ਬੈਠ ਕੇ ਖਾਂਦੇ, ਜਿਨ੍ਹਾਂ ਦੀ ਜਿੰਮੇਵਾਰੀ ਸੀ ਲੋਕਾਂ ਨੂੰ ਅਗਿਆਨ ਦੇ ਹਨੇਰੇ ਖੂਹ ਵਿਚੋਂ ਬਾਹਰ ਕੱਢਣਾ ਉਹ ਅਗਿਆਨ ਦੇ ਹਨੇਰੇ ਖੂਹ ਵਿਚ ਸੁੱਟੀ ਗਏ ਗੁਰੂ ਨੇ 250 ਸਾਲ ਅਨੇਕਾਂ ਕੁਰਬਾਨੀਆਂ ਕਰਕੇ ਧਾਰਮਿਕ ਅਤੇ ਰਾਜਨੀਤਕ ਆਗੂਆਂ ਦੇ ਸਾਰੇ ਲੋਕਾਂ ਅੰਦਰ ਜਾਨ ਪਾਈ। ਸਖਸ਼ੀ ਪੂਜਾ ਬੰਦ ਕਰਕੇ ਸ਼ਬਦ ਗੁਰੂ ਨੂੰ ਗੁਰੂ ਗੱਦੀ ਬਖਸ਼ੀ ਸਦੀਆਂ ਭਰ ਦੇ ਲਿਤਾੜੇ ਲੋਕ ਸਿਰ ਉੱਚਾ ਕਰਕੇ ਚੱਲਣ ਵਿਚ ਫ਼ਖਰ ਮਹਿਸੂਸ ਕਰਨ ਲੱਗੇ। ਪਰ ਕੁਝ ਸਮੇਂ ਬਾਅਦ ਹੀ ਉਹੋ ਬ੍ਰਾਹਮਣ ਆਗੂ ਨਿਰਮਲੇ ਸਾਧਾਂ ਦੇ ਰੂਪ ਵਿਚ ਆਗਿਆ ਵੰਨ ਸੁਵਮਨੇ ਸੰਤ ਬ੍ਰਹਮਗਿਆਨੀ ਪੈਦਾ ਹੋ ਗਏ ਧਰਮ ਦੇ ਨਾਂ ਤੇ ਉਹੋ ਜਾਤਪਾਤ, ਸੱਚ ਭਿੱਟ, ਵ੍ਹਿਮ ਭਰਮ, ਥਿੱਤ ਵਾਰ, ਸ਼ਰਾਧ ਇਹ ਸੰਤ ਬ੍ਰਹਮ ਗਿਆਨੀ ਉਪਰੋਂ ਵੇਖਣ ਨੂੰ ਸਿੱਖ ਸਰੂਪ ਪਰ ਅੰਦਰੋਂ ਪੂਰੇ ਬਾਹਮਣ। ਗੁਰ ਜਾਣ। ਗੁਰੂ ਦੇ ਇਕ ਵੀ ਸਿਧਾਂਤ (ਉਪਦੇਸ਼) ਨੂੰ ਇਹਨਾਂ ਨੇ ਕਦੇ ਨਹੀਂ ਮੰਨਿਆ ਇਹਨਾਂ ਸੰਤਾਂ ਨੇ ਗੁਰਬਾਣੀ ਗੁਰੂ ਦੀ ਸਿੱਖਿਆ ਨੂੰ ਨਾ ਆਪ ਮੰਨਿਆ ਨਾ ਕਿਸੇ ਨੂੰ ਮੰਨਣ ਦਿੱਤਾ ਹਿੰਦੂ ਮੱਤ ਦੇ ਸਾਹਮਣੇ 33 ਕਰੋੜ ਦੇਵਤਾ ਬਹੁਤ ਵੱਡੀ ਰੋਕ ਹੈ ਸਿੱਖਾਂ ਦੇ ਸਾਹਮਣੇ ਇਹ 37000 ਸੰਤ ਬ੍ਰਹਮਗਿਆਨੀ ਬਹੁਤ ਵੱਡੀ ਰੋਕ ਹਨ ਇਹਨਾਂ ਨੂੰ ਪਾਸੇ ਹਟਾਉਣਾ ਸਮੇਂ ਦੀ ਮੁੱਖ ਲੋੜ ਹੈ।

ਮਿਤੀ 36-01-06 ਨੂੰ ਸ. ਜਸਬੀਰ ਸਿੰਘ ਕੇਨੈਡਾ ਨੇ ਪੰਜਾਬ ਰੇਡੀਓ 'ਤੇ ਮੇਰੀ ਸਾਰੇ ਸੰਸਾਰ ਵਿਚ ਗੱਲਬਾਤ ਕਰਵਾਈ, ਪੁਸਤਕ 'ਸੰਤਾਂ ਕੇ ਕੌਤਕ' ਸੰਬੰਧੀ ਜਾਣਕਾਰੀ ਦੇਣ ਵਾਸਤੇ ਸੁਨਹਿਰੀ ਮੌਕਾ ਦਿੱਤਾ ਅਤੇ ਵਿਦੇਸ਼ਾਂ ਵਿਚ ਦੂਰ ਦੂਰ ਬੈਠੇ ਗੁਰਸਿੱਖਾਂ ਦੇ ਆਵਾਜ਼ ਦਰਸ਼ਨ ਮੈਨੂੰ ਕਰਵਾਏ। ਉਹਨਾਂ ਗੁਰ ਸਿੱਖਾਂ ਨੇ ਪੁਸਤਕ 'ਸੰਤਾਂ ਦੇ ਕੌਤਕ' ਨੂੰ ਸਿੱਖ ਕੌਮ ਵਾਸਤੇ ਇਕ ਕੀਮਤੀ ਤੋਹਫਾ ਦੱਸਿਆ। ਸ. ਜਸਬੀਰ ਸਿੰਘ ਅਤੇ 'ਪੰਜਾਬ ਰੇਡੀਓ' ਕੇਨੇਡਾ ਦੇ ਸੰਮੂਹ ਸਟਾਫ ਦਾ ਤਹਿ ਦਿਲੋਂ ਧੰਨਵਾਦੀ ਹਾਂ ਆਸ ਕਰਦਾ ਹਾਂ ਕਿ ਅੱਗੇ ਤੋਂ ਵੀ ਐਸੇ ਮੌਕੇ ਬਖਸ਼ਦੇ ਰਹਿਣਗੇ।

ਸੁਖਵਿੰਦਰ ਸਿੰਘ 'ਸਭਰਾ'

ਪੇਸ਼ਕਾਰੀ

ਅਜ ਸਿੱਖ ਧਰਮ ਨੂੰ ਸਭ ਤੋਂ ਵਧ ਖ਼ਤਰਾ ਡੇਰਿਆਂ ਅਤੇ ਪਖੰਡੀ ਸਾਧਾਂ ਤੋਂ ਹੈ। ਸਿੱਖ ਪੰਥ ਦੇ ਦੂਜੇ ਦੁਸ਼ਮਣਾਂ ਦੀ ਪਛਾਣ ਤਾਂ ਸ਼ਰੇਆਮ ਹੋ ਜਾਂਦੀ ਹੈ ਪਰ ਸਿੱਖ, ਸੰਤ, ਮਹਾਂਪੁਰਖ, ਬ੍ਰਹਮਗਿਆਨੀ, ਜਥੇਦਾਰ, ਸਿੰਘ ਸਾਹਿਬ, ਬਾਬਾ ਜੀ ਦੇ ਮੁਖੌਟੇ ਹੇਠ ਹਜ਼ਾਰਾਂ "ਬਾਨਾਰਸ ਕੇ ਠੱਗ" ਸਿਖ ਕੌਮ ਦੇ ਜੜੀਂ ਤੇਲ ਦੇ ਰਹੇ ਹਨ। ਇਹ ਦੰਭੀ ਠੱਗ ਲੋਕਾਂ ਨੂੰ ਭਰਮ ਤਾਂ ਧਰਮ ਪ੍ਰਚਾਰ ਦਾ ਦੇਂਦੇ ਹਨ ਪਰ ਦਰਅਸਲ ਇਹ ਪ੍ਰਚਾਰ ਹਰਨਾਖ਼ਸ਼, ਨਮਰੂਦ, ਪ੍ਰਿਥੀ ਚੰਦ, ਰਾਮ ਰਾਏ, ਹੰਦਾਲ, ਧੀਰ ਮੱਲ, ਵਾਲੀ ਸੋਚ ਦਾ ਕਰਦੇ ਹਨ।

ਇਨ੍ਹਾਂ ਵਿਚੋਂ ਬਹੁਤੇ ਡੇਰੇਦਰ, ਬਾਬੇ, ਸੰਤ, ਬ੍ਰਹਮਗਿਆਨੀ ਕਾਮੀ ਗੁਨਾਹਗਾਰ ਵੀ ਹਨ, ਪੈਸੇ ਦੇ ਲਾਲਚੀ ਵੀ ਹਨ, ਹਉਮੈ ਦੇ ਮਾਰੇ ਵੀ ਹਨ, ਕਰੋਧ ਦਾ ਖਜ਼ਾਨਾ ਵੀ ਹਨ, ਸਾੜੇ ਵਿਚ ਲਿੱਬੜੇ ਹੋਏ ਵੀ ਹਨ, ਸ਼ੁਹਰਤ ਦੋਲਤ ਅਤੇ ਹੁਸਨ ਦੇ ਗ੍ਰਸੇ ਹੋਏ ਵੀ ਹਨ। ਪਿਛਲੇ ਕਈ ਸਾਲਾਂ ਤੋਂ ਹਰ ਸਾਲ ਜ਼ਬਰ ਜ਼ਨਾਹ (ਵਿਭਚਾਰ) ਦੀਆਂ ਦਰਜਨਾਂ ਹਰਕਤਾਂ ਵਿਚ ਇਨਾਂ ਨੂੰ ਸਜ਼ਾਵਾਂ ਵੀ ਹੋ ਚੁਕੀਆਂ ਹਨ। ਅਜਿਹਾ ਜਾਪਦਾ ਹੈ ਕਿ ਇਹ ਪਾਪੀਆਂ ਦਾ ਇਕ ਟੋਲਾ ਹੈ ਜੋ ਭਗਵੇ ਕਪੜੇ ਪਾਈ ਫਿਰਦਾ ਹੈ। 1920 ਵਿਚ ਗੁਰਦੁਆਰਾ ਸੁਧਾਰ ਲਹਿਰ ਚਲਣ ਤੋਂ ਪਹਿਲਾਂ ਨਨਕਾਣਾ ਸਾਹਿਬ ਦੇ ਮਹੰਤ ਨਰੈਣੂ ਵਾਂਗ ਤਕਰੀਬਨ ਸਾਰੇ ਮਹੰਤ ਇਹੋ ਜਿਹੇ ਹੀ ਸਨ। ਗੁਰੂ ਗੋਬਿੰਦ ਸਿੰਘ ਸਾਹਿਬ ਵੇਲੇ ਮਸੰਦਾਂ ਦਾ ਟੋਲਾ ਵੀ ਇਹੋ ਕੁਝ ਕਰਦਾ ਸੀ।

ਅੱਜ ਸਿੱਖ ਪੰਥ ਨੂੰ ਸਿਆਸੀ ਪੱਖੋਂ ਦਰਪੇਸ਼, ਕੁਨਬਾ-ਪ੍ਰਸਤੀ ਬਦਮਾਸ਼ੀ ਦੇ ਗੈਂਗ ਸੋਚ ਨੇ ਘੇਰਿਆ ਹੋਇਆ ਹੈ ; ਗੁਰਦੁਆਰਿਆਂ ਉੱਤੇ ਮਹੰਤਾਂ ਅਤੇ ਮਸੰਦਾਂ ਦਾ ਕਬਜ਼ਾ ਹੈ ; ਧਰਮ ਪ੍ਰਚਾਰ ਨੂੰ ਇਨ੍ਹਾਂ ਸਾਧਾਂ ਦੇ ਧਾਰਮਿਕ ਮਾਫੀਆਂ ਦੇ ਦਿਓ ਨੇ ਆਪਣੇ ਜ਼ਾਲਮ ਪੰਜਿਆਂ ਵਿਚ ਜਕੜਿਆ ਹੋਇਆ ਹੈ। ਇਨ੍ਹਾਂ ਦੈਂਤਾਂ ਦੀ ਕੈਦ 'ਚੋਂ ਨਿਕਲਣ ਵਾਸਤੇ ਪੰਥ ਆਪਣੇ ਖੰਭ ਫੜਫੜਾ ਰਿਹਾ ਹੈ। ਪੰਥ ਦੀ ਹਾਲਤ ਇੰਞ ਹੈ ਜਿਵੇਂ ਕਿਸੇ ਗਿਰਝ ਦੇ ਹੱਥ ਵਿਚ ਕੂੰਜ ਆ ਗਈ ਹੋਵੇ ਜਾਂ ਜਿਵੇਂ ਇਕ ਬਘਿਆੜ ਦੀ ਪਕੜ ਵਿਚ ਇਕ ਲੇਲਾ ਆ ਗਿਆ ਹੋਵੇ।

ਪਰ ਇਸ ਤੋਂ ਵਧ ਅਫ਼ਸੋਸ ਦਾ ਮੁਕਾਮ ਇਹ ਹੈ ਕਿ ਪੰਥ ਨੂੰ ਇਸ ਤੂਫ਼ਾਨ, ਅੱਗ ਅਤੇ ਜ਼ੁਲਮ ਵਿਚੋਂ ਕੱਢਣ ਵਾਸਤੇ ਇਕ ਵੀ ਜਥੇਬੰਦੀ ਸੰਜੀਦਗੀ ਨਾਲ ਰੋਲ ਅਦਾ ਨਹੀਂ ਕਰ ਰਹੀ। ਹਾਂ ਕੁਝ ਪਿਆਰੀਆਂ ਰੂਹਾਂ ਇੱਕਲੀਆਂ-ਇੱਕਲੀਆਂ ਆਪਣੇ ਤੌਰ 'ਤੇ, ਆਪਣੀ ਵਿਤ ਮੁਤਾਬਿਕ, ਹੱਥ ਪੈਰ ਮਾਰ ਰਹੀਆਂ ਹਨ। ਕਮਜ਼ੋਰ ਅਤੇ ਸਿੱਖ-ਦੁਸ਼ਮਣ-ਮਾਫ਼ੀਆਂ ਦੇ ਹਮਲਿਆਂ ਦੇ ਬਾਵਜੂਦ ਇਹ ਸਖ਼ਸੀਅਤਾਂ ਇੰਞ ਹਨ ਜਿਵੇਂ ਗੁਰਬਾਣੀ ਦਾ ਫ਼ੁਰਮਾਨ ਹੈ ; "ਕੋਈ ਹਰਿਆ ਬੂਟ ਰਹਿਓ ਰੀ।"

ਸ, ਸੁਖਵਿੰਦਰ ਸਿੰਘ ਸਭਰਾ ਨਾ ਤਾਂ ਆਗੂ ਹਨ, ਨਾ ਤਵਾਰੀਖ਼ਦਾਨ, ਤੇ

ਨਾ ਹੀ ਕਿਸੇ ਅਦਾਰੇ ਨਾਲ ਜੁੜੇ ਹੋਏ ਹਨ। ਉਹ ਇਕ ਪੰਥ ਦਰਦੀ ਹਨ। ਉਨ੍ਹਾਂ ਨੂੰ ਪੰਥ ਦੀ ਨਿਘਰੀ ਹਾਲਤ ਨੇ ਕਲਮ ਚੁੱਕਣ 'ਤੇ ਮਜਬੂਰ ਕੀਤਾ ਤਾਂ ਉਨ੍ਹਾਂ ਨੇ ਭੇਖੀਆਂ ਤੇ ਠੱਗਾਂ ਦੇ ਨਕਾਬ ਲਾਹੁਣੇ ਸ਼ੁਰੂ ਕੀਤੇ।

ਸ. ਸੁਖਵਿੰਦਰ ਸਿੰਘ ਪਹਿਲੋਂ ਵੀ ਅਖੌਤੀ ਬਾਬਿਆਂ ਦੀਆਂ ਕਾਲੀਆਂ ਕਰਤੂਤਾਂ ਬਾਰੇ ਦੋ ਕਿਤਾਬਾਂ ਲਿਖ ਚੁਕੇ ਹਨ। ਹਥਲੀ ਕਿਤਾਬ ਉਨ੍ਹਾਂ ਦਾ ਹੀ ਤੀਜਾ ਹਿੱਸਾ ਹੈ। ਸ੍ਰ. ਸੁਖਵਿੰਦਰ ਸਿੰਘ ਸ. ਸ਼ਾਮ ਸਿੰਘ ਅਟਾਰੀਵਾਲਾ ਦੇ ਸ਼ਹੀਦੀ ਅਸਥਾਨ ਦੇ ਵਾਸੀ ਹਨ, ਇਸ ਕਰਕੇ ਉਨ੍ਹਾਂ ਦੀ ਕਲਮ ਨੂੰ ਸ਼ਹੀਦ ਅਟਾਰੀਵਾਲਾ ਦੀ ਕਿਰਪਾਨ ਦੀ ਪਾਹੁਲ ਮਿਲੀ ਹੋਈ ਹੈ। ਇਹ ਕਿਤਾਬ ਉਨ੍ਹਾਂ ਦੇ ਪੰਥਕ ਜਜ਼ਬਾਤ, ਦ੍ਰਿੜਤਾ, ਦਰਦ ਭਰੇ ਰੋਹ ਅਤੇ ਪੰਥ ਪਿਆਰ ਦਾ ਮੁਜੱਸਮਾਂ ਹੈ। ਪਾਠਕਾਂ ਨੂੰ ਇਸ ਵਿਚੋਂ ਨਿੱਕੇ-ਮੋਟੇ ਨੁਕਸ ਲੱਭਣ ਦੀ ਥਾਂ ਸ. ਸੁਖਵਿੰਦਰ ਸਿੰਘ ਦੇ ਸੱਚੇ ਦਿਲ ਦੇ ਜਜ਼ਬਾਤ ਵੇਖਣੇ ਚਾਹੀਦੇ ਹਨ। ਮੈਂ ਇਸ ਕਿਤਾਬ ਨੂੰ ਨਿੱਘੇ ਪਿਆਰ ਨਾਲ ਜੀ ਆਇਆ ਆਖਦਾ ਹਾਂ।

ਡਾ. ਹਰਜਿੰਦਰ ਸਿੰਘ 'ਦਿਲਗੀਰ'

ਨੈਸ਼ਨਲ ਪ੍ਰੋਫੈਸਰ ਆਫ ਸਿੱਖ ਸੱਟਡੀਜ਼ ਸਿੱਖ ਯੂਨਵਰਿਸਟੀ

ਸਾਬਕਾ ਡਾਇਰੈਕਟਰਃ ਸਿੱਖ ਇਤਿਹਾਸ ਰੀਸਰਚ ਬੋਰਡ,

ਸ਼੍ਰੋਃ ਗੁਃ ਪ੍ਰਃ ਕਮੇਟੀ ਅੰਮ੍ਰਿਤਸਰ

ਪੁਸਤਕ 'ਸੰਤਾਂ ਦੇ ਕੌਤਕ' ਦੇ ਸਬੰਧ ਵਿਚ ਦੇਸ਼ ਵਿਦੇਸ਼ ਦੀਆਂ ਸਿੱਖ ਸੰਸਥਾਵਾਂ ਵੱਲੋਂ ਮਿਲਿਆਂ ਹੁੰਗਾਰਾ-ਟੈਲੀਫੋਨਾਂ, ਲਿਖਤੀ ਚਿੱਠੀਆਂ, ਅਖਬਾਰਾਂ ਅਤੇ ਸਨਮਾਨਿਤ ਦੇ ਰੂਪ ਵਿਚ ।

ਸਭ ਤੋਂ ਪਹਿਲਾਂ ਗੁਰੂ ਪ੍ਰਮਾਤਮਾ ਦਾ ਧੰਨਵਾਦ ਕਰਾਂ ਕਿਉਂਕਿ ਇਹ ਸੇਵਾ ਗੁਰੂ ਜੀ ਆਪ ਕਰਵਾ ਰਹੇ ਹਨ ਭੱਟਾਂ ਦੇ ਸਵੱਈਆਂ ਦੇ ਉਹ ਬੋਲ ਯਾਦ ਆ ਗਏ "ਸਮਰਥ ਗੁਰੂ ਸਿਰ ਹਥ ਧਰਿਉ ॥" ਸਮਰੱਥ ਗੁਰੂ ਦਾ ਕੋਟਾਨ ਕੋਟ ਸ਼ੁਕਰਾਨਾ ।

ਭਾਈ ਸੁਖਵਿੰਦਰ ਸਿੰਘ 'ਸਭਰਾ' ਦੀ ਲਿਖੀ ਪੁਸਤਕ 'ਸੰਤਾਂ ਦੇ ਕੌਤਕ' ਭਾਗ ਪਹਿਲਾ ਅਤੇ ਦੂਸਰਾ ਸਾਧਾਂ ਸੰਤਾਂ ਬਾਰੇ ਖੋਜ ਭਰਪੂਰ ਪੁਸਤਕ ਹੈ ਹਰ ਸਿੱਖ ਨੂੰ ਪੜ੍ਹਨੀ ਚਾਹੀਦੀ ਹੈ ਅਸੀ 'ਸਿੱਖ ਵਿਰਸਾ' ਮੈਗਜ਼ੀਨ ਵਿਚ ਹਰ ਮਹੀਨੇ ਇਕ ਪੱਕਾ ਕਾਲਮ 'ਸੰਤਾਂ ਦੇ ਕੌਤਕ' ਦਿਆ ਕਰਾਂਗੇ ।

ਸ: ਹਰਚਰਨ ਸਿੰਘ
ਸੰਪਾਦਕ 'ਸਿਖ ਵਿਰਸਾ'
ਕੈਲਗਿਰੀ (ਕਨੇਡਾ)

ਪੁਸਤਕ 'ਸੰਤਾਂ ਦੇ ਕੌਤਕ' ਲਿਖਣਾ ਇਕ ਸ਼ਾਲਾਘਾਯੋਗ ਉਦਮ ਹੈ ਇਹ ਇਕ ਨਿੱਗਰ ਸੇਵਾ ਹੈ ਅਸੀ 'ਸਿਘ ਸਭਾ ਇੰਟਰਨੈਸਨਲ ਇੰਗਲੈਂਡ ਵੱਲੋਂ ਆਪਦੀ ਹੌਸਲਾ ਅਫਜਾਈ ਕਰ ਰਹੇ ਹਾਂ । ਨਿਰਤੰਰ ਸੇਵਾ ਕਰਦੇ ਰਹੋ ਗੁਰੂ ਸਫਲਤਾ ਬਖਸ਼ੇਗਾ ।

ਭਾਈ ਨਿਰਮਲਜੀਤ ਸਿੰਘ
ਅਤੇ ਸਾਥੀ ਸਿੰਘ ਸਭਾ ਇੰਟਰਨੈਸ਼ਨਲ
ਇੰਗਲੈਂਡ, (U.K.)

ਪੁਸਤਕ 'ਸੰਤਾਂ ਦੇਂ ਕੌਤਕ' ਪੜ੍ਹ ਕੇ ਬੜੀ ਖੁਸ਼ੀ ਹੋਈ ਸਾਨੂੰ ਕਥਾ ਵਿਚ ਸਟੇਜਾਂ ਦੇ ਬੋਲਣ ਵਾਸਤੇ ਬਹੁਤ ਮੈਟਰ ਮਿਲ ਗਿਆ ਹੈ

ਭਾਈ ਮੋਹਰ ਸਿੰਘ ਕਥਾ ਵਾਚਕ,
ਇੰਗਲੈਂਡ ।

ਸੰਤਾਂ ਦੇ ਕੌਤਕ ਪੁਸਤਕਾਂ ਪੜੀਆਂ ਬੜੀ ਮਿਹਨਤ ਕਰਕੇ ਲਿਖੀਆਂ ਹਨ ਭੇਖੀਆਂ ਦੇ ਚੰਗੇ ਪਾਜ ਖੋਹਲੇ ਹਨ ।

ਭਾਈ ਅਜੀਤ ਸਿੰਘ ਲਿੱਖੜ
ਕਨੇਡਾ

ਪੁਤਰ ਮੈਨੂੰ ਆਪਣੀ ਫੋਟੋ ਭੇਜੋ ਮੈ ਦੋਵੇਂ ਕਿਤਾਬਾਂ ਪੜ੍ਹ ਕੇ ਫੋਨ ਕਰ ਰਿਹਾਂ ਹਾਂ ਤੂੰ ਰੱਖ ਦਿਖਾਈ ਹੈ ਮੇਰੀ ਆਤਮਾ ਖੁਸ਼ ਹੋਈ ਹੈ ਕਿ ਸੱਚ ਲਿਖਣ ਦੀ ਜੁਅਰਤ

ਕੀਤੀ ਹੈ। ਮੈਨੂੰ 200 ਕਿਤਾਬ ਭੇਜੋ।

ਸ: ਗੁਰਬਖਸ਼ ਸਿੰਘ

ਕਾਲਾ ਅਫਗਾਨਾ (ਕੇਨੇਡਾ)

ਮੁਬਾਰਕਾਂ ਹੋਣ ਇਹ ਕਿਤਾਬਾਂ 'ਸੰਤਾਂ ਦੇ ਕੌਤਕ' ਸਿੱਖ ਸੰਗਤ ਵਾਸਤੇ ਇਕ ਵਧੀਆਂ ਤੋਹਫਾ ਹੈ। ਗੁਰੂ ਸੇਵਾ ਕਰਨ ਦਾ ਬਲ ਬਖਸ਼ੇ।

ਭਾਈ ਗੁਰਵਿੰਦਰ ਸਿੰਘ

ਜਰਮਨ

'ਸੰਤਾਂ ਦੇ ਕੌਤਕ' ਪੁਸਤਕਾਂ ਪੜ੍ਹੀਆਂ ਬੜੀ ਖੁਸ਼ੀ ਹੋਈ ਕਿ ਸਾਧਾਂ ਸੰਤਾਂ ਬਾਰੇ ਤੱਥਾਂ ਭਰਪੂਰ ਜਾਣਕਾਰੀ ਦਿੱਤੀ ਹੋਈ ਹੈ ਅਸੀ ਕਨੇਡਾ ਤੋਂ ਆਏ ਹਾਂ ਇੰਟਰਵਿਊ ਰਿਕਾਰਡ ਕਰਨੀ ਚਾਹੁੰਦੇ ਹਾਂ।

ਸ: ਰਵਿੰਦਰ ਪੰਨੂੰ

ਕੇਨੇਡਾ ਸੁਰ ਸਾਗਰ ਰੇਡੀਊ

NRI T.V. ਕੇਨੇਡਾ

ਪੁਸਤਕਾਂ 'ਸੰਤਾਂ ਦੇ ਕੌਤਕ' ਪੜ੍ਹੀਆਂ ਜਿਸ ਸੇਵਾ ਦੀ ਅੱਜ ਲੋੜ ਹੈ ਉਹ ਸੇਵਾ ਕੀਤੀ ਹੈ ਹੌਸਲੇ ਦੀ ਦਾਦ ਦਿੰਦੇ ਹਾਂ ਮੁਬਾਰਕਾਂ ਜਦੋਂ ਪਿੰਡ ਆਏ ਤਾਂ ਜ਼ਰੂਰ ਮਿਲਾਂਗੇ। ਇਹਨਾਂ ਸੰਤਾਂ ਨੂੰ ਗੁੱਸਾ ਕਰਨ ਦੀ ਬਜਾਏ ਆਪਣਾ ਸੁਧਾਰ ਕਰ ਲੈਣਾ ਚਾਹੀਦਾ ਹੈ।

ਭਾਈ ਸੁਖਦੇਵ ਸਿੰਘ

ਕੈਲੇਫੋਰਨੀਆ (ਅਮਰੀਕਾ)

ਇਹ ਪੁਸਤਕ ਇਕ ਬਹੁਤ ਵੱਡਾ ਤਹੋਫਾ ਹੇ ਸਾਡੇ ਕੋਲ ਸ਼ਬਦ ਨਹੀ ਹਨ ਕਿ ਇਸ ਦਲੇਰਾਨਾਂ ਕਰਮ ਲਈ ਸ਼ਾਲਾਘਾ ਕਰ ਸਕਾਂ, ਇਹਨਾਂ ਸਾਧਾਂ ਸੰਤਾਂ ਨੇ ਬਹੁਤ ਅੰਧ ਵਿਸ਼ਵਾਸ ਫੈਲਾਇਆ ਹੋਇਆ ਹੈ। ਅਸੀ ਅਕਾਲਪੁਰਖ ਦਾ ਸ਼ੁਕਰ ਕਰਦੇ ਹਾਂ ਕਿ ਅਜੇ ਵੀ ਅਜਿਹੇ ਸਿੱਖ ਹਨ ਜਿਹੜੇ ਗੁਰਬਾਣੀ ਦੀਆਂ ਇਹਨਾਂ ਪੰਗਤੀਆਂ ਤੇ ਪੂਰੇ ਉਤਰਦੇ ਹਨ।

"ਦਾਵਾ ਅਗਨਿ ਬਹੁਤ ਤ੍ਰਿਣ ਜਾਲੇ ਕੋਈ ਹਰਿਆ ਬੂਟ ਰਹਿਓ ਰੀ"

ਮ: ੪ ਪੰਨਾ ੩੮੪

ਅਰਦਾਸ ਕਰਦੇ ਹਾਂ ਹਮੇਸ਼ਾ ਚੜ੍ਹਦੀ ਕਲਾ ਵਿਚ ਰਹੋ।

ਭਾਈ ਗੁਰਚਰਨ ਸਿੰਘ ਕਸੇਲ

ਕੇਨੇਡਾ

ਮੈ ਸੁਣਿਆ ਹੈ ਇਹ ਪੁਸਤਕਾਂ 'ਸੰਤਾਂ ਦੇ ਕੌਤਕ' ਪੜ੍ਹਨ ਯੋਗ ਹਨ ਮੈਨੂੰ ਡਾਕ ਰਾਹੀ ਪੁਸਤਕਾਂ ਭੇਜੋ।

ਸ. ਦਲਜੀਤ ਸਿੰਘ ਕੰਗ

ਇੰਗਲੈਂਡ।

ਵੀਰ ਸੁਖਵਿੰਦਰ ਸਿੰਘ ਜੀ

ਤੁਹਾਡੀ ਲਿਖੀ ਕਿਤਾਬ 'ਸੰਤਾਂ ਦੇ ਕੌਤਕ' ਪੜ੍ਹੀ ਹੈ ਮਨ ਨੂੰ ਤਸੱਲੀ ਹੋ ਗਈ ਹੈ ਕਿ ਇਹ ਮਿਹਨਤ ਰੰਗ ਲਿਆਏ ਗੀ। ਮੈ ਸੋਚਦਾ ਸੀ ਕਿ ਪੰਥ ਗਿਆ ਸੰਤਾਂ ਸਾਧਾਂ ਪਿਛੇ ਪਰ ਤੁਹਾਡੇ ਵਰਗੇ ਗੁਰਸਿੱਖ ਹੈਗੇ ਹਨ ਵੀਰ ਜੀ ਤੁਸੀ ਇਹ ਕਿਤਾਬਾਂ ਲਿਖ ਕੇ ਵਾਹਵਾ ਖੱਟੀ ਹੈ ਤੁਹਾਨੂੰ ਮੁਬਾਰਕਾਂ। ਤੁਹਾਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਵੀ ਕਰਨਾ ਪਿਆ ਹੋਵੇਗਾ ਅਸੀ ਨਾਲ ਹਾਂ। ਗੁਰੂ ਸੇਵਾ ਦਾ ਹੋਰ ਬਲ ਬਖਸ਼ੇ।

ਪ੍ਰਚਾਰਕ ਸਤਨਾਮ ਸਿੰਘ
ਪੰਨਵਾਂ
ਮਸਕਟ ਉਮਾਨ 8-3-2005

ਇਧਰ ਵਿਦੇਸ਼ਾਂ ਵਿਚ ਪੁਸਤਕ ਸੰਤਾਂ ਦੇ ਕੌਤਕ ਦੀ ਬਹੁਤ ਚਰਚਾ ਹੋ ਰਹੀ ਹੈ ਅਸੀ ਪੁਸਤਕਾਂ ਪੜ੍ਹਨੀਆਂ ਚਾਹੁੰਦੇ ਹਾਂ ਸਾਨੂੰ ਪੁਸਤਕਾਂ ਭੇਜੋ।

ਸ: ਗੁਰਦੇਵ ਸਿੰਘ
ਕੇਨੇਡਾ

ਵਿਦੇਸ਼ਾਂ ਵਾਲੇ ਸਾਰੇ ਸਿੰਘਾਂ ਦਾ ਨਹੀ ਲਿਖਿਆਂ ਜਾ ਸਕਿਆ ਸੰਖੇਪ ਕਰ ਰਿਹਾ ਹਾਂ ਬਾਕੀਆਂ ਤੋ ਮੁਆਫੀ ਸਾਰਿਆਂ ਦਾ ਧੰਨਵਾਧ ਕਰਦਾ ਹਾਂ

ਸੁਖਵਿੰਦਰ ਸਿੰਘ ਸਭਰਾ

ਹੁਣ ਭਾਰਤ ਦੇਸ ਦੇ ਵੱਖ-ਵੱਖ ਸਟੇਟਾਂ, ਜਿਲਿਆਂ ਵਿਚੋਂ ਕਈ ਫੌਨਾਂ ਬਾਰੇ ਪੁਸਤਕ ਦੇ ਦੂਸਰੇ ਭਾਗ ਵਿਚ ਲਿਖ ਚੁੱਕਾਂ ਹਾਂ ਉਥੇ ਆਪ ਪੜ੍ਹ ਆਏ ਹੋਵੇਗਾ।

ਆਪ ਜੀ ਦੀ ਲਿਖੀਆਂ ਪੁਸਤਕਾਂ 'ਸੰਤਾਂ ਦੇ ਕੌਤਕ' ਪੜ੍ਹੀਆਂ ਹਨ। ਆਪ ਜੀ ਦੁਆਰਾ ਉਠਾਏ ਗਏ ਨੁਕਤਿਆਂ ਨਾਲ ਮੈ ਪੂਰੀ ਤਰ੍ਹਾਂ ਸਹਿਮਤ ਹਾਂ, ਇਕ ਸ਼ੱਕ ਪੰਨਾ 142 ਤੇ ਆਪਦੇ ਸ਼ਬਦ "ਹੁਣ ਤਾਂ ਮੇਰੇ ਵਾਸਤੇ ਕੇਵਲ ਤੇ ਕੇਵਲ ਧੰਨ ਗੁਰੂ ਗਰੰਥ ਸਾਹਿਬ ਜੀ ਹੀ ਸੰਤ ਹਨ, ਬ੍ਰਹਮਗਿਆਨੀ ਹਨ, ਨਿਰੰਕਾਰ ਪ੍ਰਮਾਤਮਾ ਹਨ ਦੀ ਸੁਜੋੜਤਾ ਬਾਰੇ ਹੈ।

ਕਰਨਲ ਸ: ਜੋਗਿੰਦਰ ਸਿੰਘ
ਗੋਇੰਦਵਾਲ 805 ਫੇਜ਼ 2

ਨੋਟ:- ਇਸ ਦਾ ਜਵਾਬ ਲਿਖਤੀ ਕਰਨਲ ਸਾਹਿਬ ਨੂੰ ਭੇਜ ਦਿੱਤਾ ਸੀ।

ਆਪ ਜੀ ਦੀ ਪੁਸਤਕ 'ਸੰਤਾਂ ਦੇ ਕੌਤਕ' ਪੜ੍ਹ ਕੇ ਬਹੁਤ ਸੂਝ ਮਿਲੀ ਹੈ। ਆਪਨੇ ਗੁਰ ਗਿਆਨ ਕਾਰ ਸੇਵਾ ਵਿਚ ਬਹੁਤ ਵੱਡਾ ਹਿੱਸਾ ਪਾਇਆ ਹੈ। ਸਾਨੂੰ ਅਜਿਹੇ ਨਿੱਡਰ ਪ੍ਰਚਾਰਕਾਂ ਦੀ ਲੋੜ ਹੈ। ਕਿਤਾਬਾਂ ਭੇਜੋ।

ਸ: ਸਤਵੰਤ ਸਿੰਘ
ਪੁਰਾਣਾ ਬਿਸ਼ਨ ਨਗਰ
ਪਟਿਆਲਾ (P3)

ਵੀਰ ਸੁਵਿੰਦਰ ਸਿੰਘ ਜੀ

ਆਪ ਦੀਆਂ ਲਿਖਤਾਂ 'ਸੰਤਾਂ ਦੇ ਕੌਤਕ' ਬਹੁਤ ਹੀ ਸੁਲਾਹੁਣਯੋਗ ਹਨ ਭਰਪੂਰ ਜਾਣਕਾਰੀ ਦੀ ਖੁਸ਼ਬੋ ਵੰਡ ਰਹੀ ਹੈ ਤੁਸੀ ਸੱਚ ਗੁਰਮਤਿ ਦੇ ਅਨੁਕੂਲ ਹਰ ਗੱਲ ਲਿਖੀ ਪਾਖੰਡੀਆਂ ਦਾ ਨਕਾਬ ਲਾਹਿਆ ਹੈ ਕਲਮ ਨੂੰ ਹਮੇਸ਼ਾ ਗੁਰ ਸੇਵਾ ਲਈ ਚਲਾਉਂਦੇ ਰਹਿਣਾ। ਵਾਹਿਗੁਰੂ ਚੜ੍ਹਦੀ ਕਲਾ ਰੱਖੇ।

ਦੀਦਾਰ ਸਿੰਘ

ਸ਼ਾਨੀਪੁਰ ਰੋਡ ਸਰਹੰਦ, ਪਟਿਆਲਾ।

ਵੀਰ ਸੁਖਵਿੰਦਰ ਸਿੰਘ ਜੀ, ਤੁਸੀ ਰਾੜਾ ਸਾਹਿਬ ਵਾਸਤੇ ਜੋ ਸ਼ਬਦ ਵਰਤੇ ਹਨ ਠੀਕ ਨਹੀ ਹੈ ਆਪਣਾ ਕੀਤਾ ਪਾਵੋਗੇ।

ਨੋਟ—ਜਵਾਬ ਦੇ ਦਿੱਤਾ ਸੀ।

ਭਾਈ ਤੀਰਥ ਸਿੰਘ

ਤਰਨ ਤਾਰਨ (ਪੰਜਾਬ)

ਵੀਰ ਸੁਖਵਿੰਦਰ ਸਿੰਘ ਜੀ,

ਪੁਸਤਕ 'ਸੰਤਾਂ ਦੇ ਕੌਤਕ' ਅਸੀ ਬੜੇ ਗੋਰ ਨਾਲ ਪੜ੍ਹੀ ਅਤੇ ਅੱਗੇ ਪੜ੍ਹਾਈ ਹੈ ਆਪ ਦੀ ਰਚਿਤ ਇਹ ਪੁਸਤਕ ਗੁਰਮਤਿ ਤੇ ਖਰੀ ਉਤਰਦੀ ਹੈ ਅਤੇ ਪਾਖੰਡੀਆ ਦਾ ਪਾਜ ਉਘੇੜਦੀ ਹੈ ਇਹ ਇਕ ਦਲੇਰੀ ਵਾਲਾ ਉਪਰਾਲਾ ਕਹਿਣ ਆਖਣ ਤੋ ਪਰ੍ਹੇ ਹੈ। ਕਿਤਾਬਾਂ ਭੇਜੋ।

ਭਾਈ ਸੁਖਵਿੰਦਰ ਸਿੰਘ ਗੰਡੀਖੇੜਾ

ਤਹਿ ਜਿਲਾ ਸਿਰਸਾ, (ਹਰਿਆਣਾ)

ਬਹੁਤ ਵੱਡੀ ਸੇਵਾ ਕਰ ਰਹੇ ਹੋ ਪ੍ਰਮਾਤਮਾ ਸੇਵਾ ਕਰਨ ਦਾ ਬਲ ਬਖਸ਼ਦੇ ਰਹਿਣ ਅਸੀ ਬਹੁਤ ਕਿਤਾਬ ਵੰਡੀ ਹੈ।

ਭਾਈ ਕਰਨੈਲ ਸਿੰਘ

ਅਤੇ ਸਾਥੀ ਸਿੰਘ. ਸਿਰਸਾ (ਹਰਿਆਣਾ)

ਸੱਚ ਮੁੱਚ ਹੀ ਆਪ ਮਹਾਨ ਗੁਰੂ ਦੇ ਸਿੱਖ ਹੋ ਆਪ ਜੀ ਦੇ ਦਰਸ਼ਨ ਕਰਨ ਵਾਸਤੇ ਮਨ ਉਤਾਵਲਾ ਹੈ। ਇਥੇ ਫੌਜੀ ਵੀਰਾਂ ਤੇ ਬਹੁਤ ਅਸਰ ਹੋਇਆ ਹੈ ਅਸੀ ਪ੍ਰਨਾਮ ਕਰਦੇ ਹਾਂ ਜਿਨ੍ਹਾਂ ਸਾਡਾ ਭਵਿੱਖ ਸੰਵਾਰਨ ਵਾਸਤੇ ਆਪਣਾ ਵਰਤਮਾਨ ਨਿਸ਼ਾਵਰ ਕਰ ਦਿੱਤਾ। ਇਹੋ ਅਰਦਾਸ ਹੈ ਕਿ ਅੰਤਮ ਸਵਾਸ ਨਿਕਲਣ ਤੋਂ ਪਹਿਲਾਂ ਆਪ ਜੀ ਦੇ ਦਰਸ਼ਨ ਜ਼ਰੂਰ ਹੋ ਜਾਣ।

ਨੋਟ-ਇਹਨਾਂ ਵੀਰਾਂ ਦੇ ਕਈ ਪੱਤਰ ਆਏ ਹਨ।

ਸੈਨਿਕ ਪੱਤਰ।

ਨਾਇਬ। ਸੂਬੇਦਾਰ ਗਿਆਨੀ

ਜਸਵਿੰਦਰ ਸਿੰਘ

J.C0508750 W.

ਆਪ ਜੀ ਨੇ ਇਹਨਾਂ ਪੁਸਤਕਾਂ ਵਿਚ ਜੋ ਸੱਚਾਈ, ਨਿਡਰਤਾ, ਬੇਬਾਕੀ ਦਲੇਰੀ ਲਿਖੀ ਹੈ ਜਵਾਬ ਨਹੀ ਹੈ ਆਪਜੀ ਦਾ ਇਕ ਬਹੁਤ ਸ਼ਲਾਘਾਯੋਗ ਉਦਮ ਹੈ ਜਿਹੜੇ ਸਾਧਾਂ ਬਾਰੇ ਰਹਿ ਗਿਆ ਉਹ ਵੀ ਲਿਖੋ-

ਕਵਿਤਾ-ਆਪੇ ਬਣੇ ਹੋਏ ਸਾਧਾਂ ਦੇ ਕਾਰਨਾਮੇ, ਸੁਖਵਿੰਦਰ ਸਿੰਘ ਸਭਰਾਂ ਕਮਾਲ ਦੱਸੇ।

ਗੁਰਮਤਿ ਕਸਵੱਟੀ ਤੇ ਕਰਕੇ ਪਰਖ ਸਭ ਦੀ ਕਈਆ ਦੇ ਸਾਰੇ ਹਵਾਲ ਦੱਸੇ। ਕੀਤਾ ਕਿਸੇ ਦਾ ਨਹੀ ਲਿਹਾਜ ਉਹਨਾ, ਸੱਚੋ ਸੱਚ ਹੀ ਵੇਰਵੇ ਨਾਲ ਦੱਸੇ। ਜਿਹਨਾਂ ਬਾਰੇ ਨਾ ਅਸੀ ਕੁਝ ਜਾਣਦੇ ਸੀ, ਇਹਨਾਂ ਉਹ ਵੀ ਜੱਗ ਨੂੰ ਭਾਲ ਦੱਸੇ। ਇਹ ਜੋ ਕੰਮ ਦਲੇਰੀ ਦਾ ਇਹਨਾਂ ਕੀਤਾ, ਕੌਮੇ ਚਾਹੀਦਾ ਇਹਨਾਂ ਦਾ ਮਾਣ ਕਰਨਾ। ਕੌਤਕ ਜਾਣ ਕੇ ਸਾਧਾਂ ਪਾਖੰਡੀਆਂ ਦੇ ਚਾਹੀਦੈ ਸਾਰਿਆਂ ਨੂੰ ਸਾਵਧਾਨ ਕਰਨਾ। ਚਾਹੀਦਾ ਸਾਰਿਆ ਨੂੰ ਸਾਵਧਾਨ ਕਰਨਾ।

ਸ: ਅਨੂਪ ਸਿੰਘ 'ਨੂਰੀ'
ਕਰਤਾਰਪੁਰ
ਇੰਟਰਨੈਸ਼ਨਲ ਪੰਜਾਬੀ ਲੇਖਕ ਸਭਾ।
ਮੁੱਖ ਦਫਤਰ ਕਰਤਾਰਪੁਰ (ਜਲੰਧਰ)

ਕਿਤਾਬਾ ਭੇਜੋ।

ਸੁਖਵਿੰਦਰ ਸਿੰਘ ਹਾਲੀ, ਫਰੀਦਕੋਟ

ਕਿਤਾਬਾਂ ਭੇਜੋ।

ਸ: ਜਸਮੀਤ ਸਿੰਘ
ਭੋਪਾਲ (MP)

"ਖੜਾ ਪੁਕਾਰੇ ਪਾਤਣੀ ਬੇੜਾ ਕਪਰ ਵਾਤਿ"

ਮਲਾਹ ਖੜਾ ਪੁਕਾਰ ਰਿਹਾ ਹੈ। ਬੇੜਾ ਲਹਿਰਾਂ ਦੇ ਮੂੰਹ ਵਿਚ ਹੈ। ਪਾਖੰਡ ਵਾਧ ਬੇੜੀ ਡੋਬੂ ਹੈ।

ਸ: ਹਰਭਜਨ ਸਿੰਘ, ਲੁਧਿਆਣਾ (ਪੰਜਾਬ)

ਤੀਜਾ ਭਾਗ ਕਦੋਂ ਆ ਰਿਹਾ ਸਾਨੂੰ ਕਿਤਾਬਾਂ ਭੇਜੋ ਗੁਰੂ ਘਰ ਵਿਚ ਪ੍ਰਚਾਰ ਦੀ ਸਖਤ ਜਰੂਰਤ ਹੈ।

ਬਾਬਾ ਕਸ਼ਮੀਰ ਸਿੰਘ
ਗੁਰਦੁਆਰਾ ਫਰਵਾਈ ਕਲਾਂ, ਸਿਰਸਾ।

ਵੀਰ ਸੁਖਵਿੰਦਰ ਸਿੰਘ ਜੀ, ਤੁਸੀ ਬੜੀ ਵੱਡੀ ਕੁਰਬਾਨੀ ਕੀਤੀ ਹੈ ਇਹ ਸੇਵਾ ਸਮੇ ਦੀ ਮੱਖ ਲੋੜ ਹੈ ਅਸੀ ਤੁਹਾਡਾ ਹੌਸਲਾ ਵਧਾਉਣ ਵਾਸਤੇ ਸਨਮਾਨਿਤ ਕਰ ਰਹੇ ਹਾਂ। ਇਹ ਕਿਤਾਬਾਂ ਸਕੂਲਾਂ ਕਾਲਜਾਂ ਅਤੇ ਸਿੱਖ ਲਾਬਿਰੇਰੀਆਂ ਵਿਚ ਭੇਜੋ।

ਭਾਈ ਦਿਲਬਾਗ ਸਿੰਘ , ਦੁਬੱਈ ਵਾਲੇ

ਜਦੋਂ ਕਿ ਸਿੱਖ ਕੌਮ ਬੜੇ ਬਿਖੜੇ ਪੈਂਡੇ ਵਿਚ ਦੀ ਲੰਘ ਰਹੀ ਹੈ ਚਣੌਤੀਆਂ ਦਾ ਸਾਹਮਣਾ ਕਰਨ ਵਾਸਤੇ ਤੁਹਾਡੇ ਵੱਲੋਂ ਚੁਕਿਆ ਗਿਆ ਇਕ ਉਸਾਰੂ ਕਦਮ ਹੈ ।

ਗੁਰਦੇਵ ਢਿੱਲੋ ਉਰਫ (ਭਜਨਾ ਅਮਲੀ), ਲੁਧਿਆਣਾ ।

ਵੀਰ ਸੁਖਵਿੰਦਰ ਸਿੰਘ ਜੀ

ਅੱਜ ਕੱਲ੍ਹ ਬੜੇ ਵੱਡੇ ਵੱਡੇ ਕੰਮ ਕਰ ਰਹੇ ਹੋ । ਮੁਬਾਰਕਾਂ ਹੋਣ ।

ਸ: ਹਰਮਿੰਦਰ ਸਿੰਘ ਢਿੱਲੋ
ਫਿਲੌਰ ਪੱਤਰਕਾਰ

ਪੁਸਤਕ 'ਸੰਤਾਂ ਦੇ ਕੌਤਕ' ਬਹੁਤ ਹੀ ਸਲਾਹੁਣ ਯੋਗ ਹੈ ਅਸੀਂ ਹਰ ਤਰ੍ਹਾਂ ਨਾਲ ਹਾਂ । ਅਸੀਂ ਬਹੁਤ ਲੋਕਾਂ ਨੂੰ ਪੜ੍ਹਾਂ ਰਹੇ ਹਾਂ'

ਸ: ਸਕੱਤਰ ਸਿੰਘ
ਪ੍ਰਿੰਸੀਪਲ ਭਾਈ ਗੁਰਦਾਸ ਅਕੈਡਮੀ
ਪੰਡੋਰੀ ਰਣ ਸਿੰਘ

ਸ: ਸੁਖਵਿੰਦਰ ਸਿੰਘ ਨੇ ਅਚਾਨਕ ਇਹ ਮਹਾਨ ਕਾਰਜ ਕਰ ਦਿਖਾਇਆ ਕਿਸੇ ਦੀ ਪ੍ਵਾਹ ਨਹੀ ਕੀਤੀ ਨਿਰਪੱਖ ਰਹਿ ਕੇ ਗੁਰਮਤਿ ਸਿਧਾਂਤ ਦੀ ਵਿਆਖਿਆ ਸਰਲ ਭਾਸ਼ਾ ਵਿਚ ਕੀਤੀ ਇਹ ਕਿਤਾਬਾਂ ਸਿੱਖ ਕੌਮ ਵਾਸਤੇ ਗੁਲੋਕੋਜ਼ ਅਤੇ ਅਖੌਤੀ ਸਾਧਾਂ ਤੇ ਸਪਰੇਅ ਹੋ ਗਈ ਹੈ ।

ਮਹਾਨ ਵਿਦਵਾਨ ਪ੍ਰਿੰਸੀਪਲ ਸਵਰਨ ਸਿੰਘ
ਚੂਸਲੇਵੜ ।

'ਸੰਤਾਂ ਦੇ ਕੌਤਕ' ਕਿਤਾਬਾ ਦੀ ਇਧਰ ਵਿਦੇਸ਼ਾਂ ਵਿਚ ਬਹੁਤ ਚਰਚਾ ਹੈ ਕਿਤਾਬਾਂ ਭੇਜੋ ।

ਸ: ਦਲਜੀਤ ਸਿੰਘ , ਲੰਡਨ ।

ਵੀਰ ਸੁਖਵਿੰਦਰ ਸਿੰਘ ਜੀ

ਤੁਸੀ ਵੱਡੇ ਵੱਡੇ ਸੰਤਾਂ ਅਤੇ ਸ਼੍ਰੋਮਣੀ ਕਮੇਟੀ ਨੂੰ ਸਿਧਾਂਤਹੀਣ ਲਿਖਿਆ ਇਹ ਨਿੰਦਿਆ ਕਿਉਂ ਕੀਤੀ ?

ਨੋਟ-ਜਵਾਬ ਦੇ ਦਿੱਤਾ ਹੈ ।

ਸੁਰਜੀਤ ਸਿੰਘ
ਪ੍ਰਚਾਰਕ ਸ਼੍ਰੋਮਣੀ ਗੁਰਦੁਆਰਾ
ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਹਾਲ ਨਾਗਪੁਰ ।

ਪੁਸਤਕ 'ਸੰਤਾਂ ਦੇ ਕੌਤਕ' ਗੁਰਬਾਣੀ ਗਿਆਨ ਵੰਡ ਰਹੀ ਹੈ ਇਹ ਗੁਰੂ ਦੀ ਵਿਚਾਰਧਾਰਾ ਨੂੰਦੁਨੀਆਂ ਦੇ ਕੋਨੇ ਕੋਨੇ ਵਿਚ ਫੈਲਾਉਣ ਵਾਸਤੇ ਕਾਰਗਾਰ ਸਿੱਧ ਹੋਵੇਗੀ ।

ਸ: ਬਲਜਿੰਦਰ ਸਿੰਘ ਮਾਂਗਟ, ਤਰਸਿੱਕਾ ।

ਅਸੀਂ ਵੀ ਸੇਵਾ ਵਿਚ ਹਾਜਰ ਹਾਂ ਇਹ ਪੁਸਤਕ ਲੋਕਾਂ ਨੂੰ ਵੱਧ ਤੋਂ ਵਧ ਪੜ੍ਹਾ ਰਹੇ ਹਾਂ

ਸ: ਰਣਬੀਰ ਸਿੰਘ
ਅੰਮ੍ਰਿਤਸਰ

ਇਹਨਾਂ ਸਾਧਾ ਅਤੇ ਦੇਹਧਾਰੀ ਸੰਤ ਡੰਮੀਆਂ ਦੇਹਧਾਰੀ ਗੁਰੂ ਡੰਮੀਆਂ ਨੂੰ ਵਧਾਉਣ ਫੈਲਾਉਣ ਵਾਸਤੇ ਬਾਹਰਲੇ ਦੇਸ਼ਾਂ ਦੇ ਲੋਕ ਜਿੰਮੇਵਾਰ ਇਸ ਬਾਰੇ ਵੀ ਠੋਕ ਕੇ ਲਿਖੋ।

ਸ: ਗੁਰਦੇਵ ਸਿੰਘ
ਕੇਨੇਡਾ।

ਸੱਚ ਦੀ ਠੋਕ ਕੇ ਵਕਾਲਤ ਕਰਦੀਆ ਇਹ 'ਸੰਤਾਂ ਦੇ ਕੌਤਕ' ਪੁਸਤਕਾਂ ਜ਼ਲਦੀ ਤੋ ਜਲਦੀ ਭੇਜੋ।

ਸ: ਰਣਜੀਤ ਸਿੰਘ ਰਾਣਾ
ਕੇਨੇਡਾ।

ਜਦੋ ਸਾਰੇ ਪਾਸੇ ਝੂਠ ਪ੍ਰਧਾਨ ਹੋਵੇ ਸੱਚ ਬੋਲਣ ਦੀ ਜੁਅਰਤ ਵਿਰਲੇ ਕਰਦੇ ਹਨ, ਨਿਰੋਲ ਸੱਚ ਲਿਖਣ ਵਾਸਤੇ ਇਹ ਭੱਲ ਗੁਰੂ ਨੇ ਆਪ ਨੂੰ ਬਖਸ਼ੀ ਹੈ।

ਸ: ਬਿੰਦਰਜੀਤ ਸਿੰਘ
ਕਾਨ੍ਹਪੁਰ (ਯੂ.ਪੀ)

ਇਥੇ ਕੇਨੇਡਾ ਵਿਚ ਕਿਤਾਬਾਂ ਭੇਜੋ ਤੱਤ ਸੱਚ ਨੂੰ ਉਜਾਗਰ ਕਰਦੀਆਂ ਇਹਨਾਂ ਪੁਸਤਕਾਂ ਦੀ ਬੜੀ ਲੋੜ ਹੈ।

ਸ: ਸਿਕੰਦਰਜੀਤ ਸਿੰਘ ਸ: ਜਸਵਿੰਦਰ ਸਿੰਘ
ਕੇਨੇਡਾ।

'ਸੰਤਾਂ ਦੇ ਕੌਤਕ' ਪੁਸਤਕ ਵਿਚ ਕਥਾ ਵਾਚਕਾਂ ਵਾਸਤੇ ਗੁਰਮਤਿ ਦੀ ਖੋਜ ਭਰਪੂਰ ਜਾਣਕਾਰੀ ਹੈ।

ਭਾਈ ਸ਼ਿਸ਼ਨ ਸਿੰਘ
ਕਥਾ ਵਾਚਕ ਇੰਗਲੈਂਡ

ਗੁਰਮਤਿ ਦੀ ਸੋਝੀ ਵੰਡ ਰਹੀਆਂ ਇਹ ਪੁਸਤਕਾਂ ਹਰ ਘਰ ਅਤੇ ਹਰ ਲਾਇਬਰੇਰੀ ਵਿਚ ਹੋਣੀਆਂ ਚਾਹੀਦੀਆਂ ਹਨ। ਕਲਮ ਹੋਰ ਤੇਜ਼ ਕਰੋ।

ਭਾਈ ਦੀਦਾਰ ਸਿੰਘ
ਫਤਿਹਗੜ੍ਹ ਸਰਹੰਦ

ਸਮੇ ਦੀ ਮੁੱਖ ਲੋੜ ਇਹ ਪੁਸਤਕ 'ਸੰਤਾਂ ਦੇ ਕੌਤਕ'।

ਭਾਈ ਦਲਬੀਰ ਸਿੰਘ
ਘੁੰਮਾਣ (ਗੁਰਦਾਸਪੁਰ)

ਵਲਡ ਸਿੱਖ ਰਾਈਟਰਜ਼ ਕਾਨੰਸਫਰੰਸ ਵਿਚ ਚੰਡੀਗੜ੍ਹ ਵਿਖੇ ਸਨਮਾਨ ਗੁਰਸਿੱਖ ਫੈਮਿਲੀ ਕਲੱਬ ਲੁਧਿਆਣਾ ਵਲੋਂ ਸਨਮਾਨਤ ਡਾ: ਸੁਰਿੰਦਰ ਸਿੰਘ ਸਮੇਤ ਭਾਟੀਆ ਜੀ ਅਤੇ ਸਿੱਖ ਸੰਗਤਾਂ ਵੱਲੋ ਕਪੂਰਥਲਾ ਵਿਖੇ ਸਨਮਾਨਤ ।

ਸਿੰਘ ਸਭਾ ਇਟੰਰਨੈਸ਼ਨਲ ਵੱਲੋਂ ਸਨਮਾਨਤ ।

ਸਰਾਲੀਮੰਡਾਂ ਵਿਖੇ ਸਰਬਜੀਤ ਸਿੰਘ ਅਤੇ ਭਾਈ ਦਿਲਬਾਗ ਸਿੰਘ ਦੁਬੱਈ ਵਾਲਿਆ ਵੱਲੋਂ ਸਨਮਾਨਤ ।

'ਸੰਤਾਂ ਦੇ ਕੰਤਕ' ਦੇ ਲਿਖਾਰੀ ਦਾ ਸਨਮਾਨ ਹਰੀਕੇ (ਜੱਗ ਬਾਣੀ) ਦਿੱਲੀ ਤੋਂ ਛੱਪਦਾ ਇੰਡੀਆਂ ਅੰਵੇਅਰਨੈਸ ਨੇ ਪੁਸਤਕ 'ਸੰਤਾਂ ਦੇ ਕੌਤਕ' ਬਾਰੇ ਲਿਖ ਕੇ ਬਹੁਤ ਦੂਰ ਦੂਰ ਤੱਕ ਜਾਣਕਾਰੀ ਦਿੱਤੀ ।

ਪੰਜਾਬ ਮੋਨੀਟਰ ਦੇ ਸੰਪਾਦਕ ਨੇ 'ਸੰਤਾਂ ਦੇ ਕੌਤਕ' ਪੁਸਤਕ ਵਿਚੋਂ ਲੇਖ ਛਾਪ ਕੇ ਅਡਵਰਟਾਈਜ਼ਮੈਂਟ ਕੀਤੀ, ਮੈਗਜ਼ੀਨ 'ਦੇਸ਼ ਪੰਜਾਬ ਨੇ ਵੀ 'ਸੰਤਾਂ ਦੇ ਕੌਤਕ' ਪੁਸਤਕ ਵਿਚ ਭਰਪੂਰ ਜਾਣਕਾਰੀ ਲਿਖਕੇ ਪਾਠਕਾਂ ਨੂੰ ਸੁਨੇਹਾ ਦਿੱਤਾ ।

ਸਾਰੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ ਕਰਦੇ ਹਾਂ । ਸਤਿਕਾਰਯੋਗ ਕੌਮ ਦੇ ਦਰਦੀ ਵੀਰ ਜੀ ਸਤਿਗੁਰੂ ਜੀ ਦੀ ਫੁਲਵਾੜੀ ਦੇ ਰਸ ਭਿੱਜੇ ਭੌਰ ਜੀਉ। ਮਨ ਕਰਦਾ ਹੈ ਆਪ ਦੇ ਹੱਥਾ ਨੂੰ ਚੁੰਮ ਲਈਏ ਜਿਨ੍ਹਾ ਹਥਾਂ ਨਾਲ ਤੁਸੀ ਇਹਨਾਂ ਗੁਰੂ ਦੋਖੀਆਂ ਦਾ ਪਾਜ ਖੋਹਲਿਆਂ ਹੈ ਬੜੇ ਸੁਚੱਜੇ ਤਰੀਕੇ ਨਾਲ ਕਿਤਾਬਾਂ ਲਿਖੀਆਂ ਹਨ ਸਾਡੇ ਕੋਲ ਉਹ ਸ਼ਬਦ ਨਹੀ ਜਿਨ੍ਹਾ ਨਾਲ ਧੰਨਵਾਦ ਕਰ ਸਕੀਏ ਸਾਡਾ ਸੁਝਾਅ ਹੈ ਕਿ ਤੁਸੀ ਹੋਰਾਂ ਵੀਰਾਂ ਨੂੰ ਨਾਲ ਲੈ ਕੇ ਇਹਨਾਂ ਸਾਧਾ ਦੀਆਂ ਸਟੇਜਾਂ ਤੇ ਜਾ ਕੇ ਸੰਗਤਾਂ ਨੂੰ ਇਹਨਾਂ ਬਾਰੇ ਜਾਗ੍ਰਿਤ ਕਰੋ । ਅਸੀ ਤੁਹਾਡੇ ਨਾਲ ਹਾਂ ।

ਸੁਖਵਿੰਦਰ ਸਿੰਘ ਜੋਗਿੰਦਰ ਸਿੰਘ

ਜਿਲ੍ਹਾ ਜੇਲ੍ਹ ਕਰਨਾਲ

ਹਰਿਆਣਾ

ਟੈਲੀਫੋਨਾਂ ਤੇ ਧੰਨਵਾਦ ਅਤੇ ਮੁਬਾਰਕਾਂ ਜੋ ਸਿੱਖ ਸੰਗਤਾਂ ਵੱਲੋਂ ਦੇਸ਼ ਵਿਦੇਸ਼ ਤੋਂ ਆਈਆਂ ਹਨ ਉ ਲਿਖੇ ਨਹੀ ਜਾ ਸਕਦੇ ਅਤੇ ਨਾ ਹੀ ਗਿਣਤੀ ਕੀਤੀ ਜਾ ਸਕਦੀ ਹੈ ਇਸ ਚੱਲ ਰਹੇ ਸੰਘਰਸ਼ ਵਿਚ ਧਰਮ ਦੇ ਨਾਂ ਤੇ ਸਮਾਜ ਨੂੰ ਘੁਣ ਵਾਂਗ ਖਾ ਰਹੇ ਸਾਧਾਂ ਸੰਤਾਂ ਪਾਖੰਡੀਆਂ ਵਿਰੋਧ ਲਹਿਰ ਤੇਜ ਕਰਨ ਵਾਸਤੇ ਤਨੋ ਮਨੋ ਸਹਿਯੋਗ ਦੇਣ ਵਾਲੇਸਹਿਯੋਗੀ ਸੱਜਣਾ ਦੇ ਨਾਂ ਇਸ ਪ੍ਰਕਾਰ ਹਨ ।

ਸ: ਅਰਜਨ ਸਿੰਘ ਨੋਰੰਗਵਾਦ ।

ਸ: ਸਰਬਜੀਤ ਸਿੰਘ ਸਰਾਲੀ ਮੰਡਾਂ, ਸ: ਬਖਸ਼ੀਸ਼ ਸਿੰਘ ਜੋੜਾ, ਭਾਈ ਜਸਬੀਰ ਸਿੰਘ ਭਾਈ ਜਰਨੈਲ ਸਿੰਘ, ਗੁਰਸਾਹਿਬ ਸਿੰਘ, ਬੋਹੜ ਸਿੰਘ, ਬਲਵਿੰਦਰ ਸਿੰਘ, ਡਾ: ਬਲਵਿੰਦਰ ਸਿੰਘ, ਦੀਦਾਰ ਸਿੰਘ, ਬਗੀਚਾ ਸਿੰਘ, ਬਲਜੀਤ ਸਿੰਘ, ਡਾ: ਮਹਿੰਦਰ ਸਿੰਘ, ਚਾਨਣ ਸਿੰਘ, ਅਮਨਦੀਪ ਸਿੰਘ, ਅਮਨਦੀਪ ਸਿੰਘ ਗਰੰਥੀ, ਸਤੋਖ ਸਿੰਘ ਗਰੰਥੀ, ਸੁਖਦੇਵ ਸਿੰਘ ਫੌਜੀ, ਸ: ਸੁਲੱਖਣ ਸਿੰਘ, ਸ: ਗੁਰਚਰਨ ਸਿੰਘ ਅਤੇ

ਕਈ ਹੋਰ ਸਾਰੇ ਵਾਸੀ ਸਭਰਾ, ਬਲਜਿੰਦਰ ਸਿੰਘ ਫਰੀਦਕੋਟ, ਅਮਰਜੀਤ ਸਿੰਘ ਫਿਰੋਜ਼ਪੁਰ, ਭਾਈ. ਗੁਰਮੀਤ ਸਿੰਘ, ਭਾਈ ਸੁਖਵਿੰਦਰ ਸਿੰਘ ਪ੍ਰਚਾਰਕ 'ਭਾਈ ਸਰਬਜੀਤ ਸਿੰਘ ਪ੍ਰਚਾਰਕ, ਭਾਈ ਹਰਜਿੰਦਰ ਸਿੰਘ ਪ੍ਰਚਾਰਕ, ਭਾਈ ਅੰਮ੍ਰਿਤਪਾਲ ਸਿੰਘ ਪ੍ਰਚਾਰਕ, ਨਿਹਾਲ ਸਿੰਘ ਭਿੱਖੀ ਵਿੰਡ ਕੁਲਵੰਤ ਸਿੰਘ ਲੱਖਣਾ, ਜਸਵੰਤ ਸਿੰਘ ਗੰਡੀ ਵਿੰਡ, ਮਾ: ਸਹੋਲ ਜੀ, ਸੁਖਵੰਤ ਸਿੰਘ ਝਬਾਲ ਡਾ: ਅਮਰਜੀਤ ਸਿੰਘ ਲੁਧਿਆਣਾ, ਕੁਲਵਿੰਦਰ ਸਿੰਘ ਪ੍ਰਧਾਨ ਗੋਇੰਦਵਾਲ, ਭਾਈ ਬਲਜੀਤ ਸਿੰਘ ਹੋਸ਼ਿਆਰਪੁਰ ਰਸ਼ਪਾਲ ਸਿੰਘ ਦਸੂਹਾ, ਡਾ: ਜਗਮੋਹਨ ਸਿੰਘ ਅਨੰਦਪੁਰ ਸਾਹਿਬ, ਅਮਰਜੀਤ ਸਿੰਘ ਪੰਜੋਰ, ਅਵਤਾਰ ਸਿੰਘ ਖਾਲਸਾ ਦਿੱਲੀ, ਬਲਬੀਰ ਸਿੰਘ ਦਿਆਲ ਪੁਰ, ਦਲਜੀਤ ਸਿੰਘ ਕਪੂਰਥਲਾ, ਭਾਈ ਸੁਰਿੰਦਰ ਸਿੰਘ ਠੇਕੇਦਾਰ ਕਪੂਰਥਲਾ, ਭਾਟੀਆ ਜੀ ਕਪੂਰਥਲਾ, ਚਮਨ ਲਾਲ ਬੰਗਾ ਪੱਤਰਕਾਰ, ਸਕੱਤਰ ਸਿੰਘ, ਜੈ ਸਿੰਘ, ਕੁਲਵਿੰਦਰ ਸਿੰਘ ਸੋਨਾ ਪੱਤਰਕਾਰ, ਗੁਰਪਾਲ ਸਿੰਘ ਦਦੇ ਹਰ ਸਾਹਿਬ, ਗੁਲਜ਼ਾਰ ਸਿੰਘ ਜੇੜਾ, ਡਾ: ਹਰਭਜਨ ਸਿੰਘ ਕਰਹਾਲੀ ਪਟਿਆਲਾ, ਡਾ: ਹਰਜੀਤ ਸਿੰਘ ਢੋਟੀਆ, ਪ੍ਰੇਮ ਸਿੰਘ ਭੋਆ, ਜਗਤਾਰ ਸਿੰਘ ਜੈਂਤੀਪੁਰ, ਗੁਰਵਿੰਦਰ ਸਿੰਘ ਬਰਵਾਲਾ, ਗੁਰਮੀਤ ਸਿੰਘ ਬੱਧਨੀ ਕਲਾਂ, ਹਰਬੰਸ ਲਾਲ ਸ਼ਰਮਾ ਫਿਰੋਜ਼ਪੁਰ, ਗਰਜੰਟ ਸਿੰਘ ਦੇਵੀਗੜ੍ਹ ਪਟਿਆਲਾ, ਹਰਭਜਨ ਸਿੰਘ ਖਾਲਸਾ) ਗੁਰਦੇਵ ਸਿੰਘ ਸਕੈਟਰੀ ਕਰਮੂਵਾਲਾ, ਬਲਵਿੰਦਰ ਸਿੰਘ ਗਰੰਥੀ ਕਰਮੂਵਾਲਾ, ਗੁਰਦੇਵ ਸਿੰਘ ਮੁੰਡਾ ਪਿੰਡ, ਜਸਵੰਤ ਸਿੰਘ ਪਾਂਧੀ ਸੁਲਤਾਨਪੁਰ, ਇੰਦਰਜੀਤ ਸਿੰਘ ਕਾਲਾ ਸੰਘਿਆਂ, ਜਸਬੀਰ ਸਿੰਘ ਫਤਹਿਗੜ੍ਹ ਸਰਹੰਦ, ਜਸਵੰਤ ਸਿੰਘ ਖਡੂਰ ਸਾਹਿਬ, ਲਖਬੀਰ ਸਿੰਘ ਬਾਹਮਣੀਵਲਾ, ਲਖਬੀਰ ਸਿੰਘ ਹਰੀਕੇ, ਕਰਤਾਰ ਸਿੰਘ ਨਵੀਂ ਦਿੱਲੀ, ਲਖਵੰਤ ਸਿੰਘ ਮੁੰਡਾ ਪਿੰਡ, ਡਾ: ਨਿਰਮਲ ਸਿੰਘ ਲੋਧੀ ਮਾਜਰਾ, ਮਨਜੀਤ ਸਿੰਘ ਵਰਾਣਾ, ਮਨਜੀਤ ਸਿੰਘ ਅਬੋਹਰ, ਨਰਿੰਦਰ ਕੌਰ ਵੇਈਪੁਈ, ਸ: ਮਲਕੀਤ ਸਿੰਘ ਨਾਗਪੁਰ, ਡਾ: ਪਰਦੀਪ ਸਿੰਘ ਕਥਾਵਾਚਕ ਜਲੰਧਰ, ਪਰਮਜੀਤ ਸਿੰਘ ਕਰਮੂਵਾਲਾ, ਪ੍ਰਗਟ ਸਿੰਘ ਕਾਓਂਕੇ, ਪ੍ਰਤਾਪ ਸਿੰਘ ਗੱਟਾ ਬਾਦਸ਼ਾਹ, ਓਅੰਕਾਰ ਸਿੰਘ ਜੰਮੂ, ਸ਼ਰਨਜੀਤ ਸਿੰਘ ਕਲਕੱਤਾ, ਸੰਦੀਪ ਸਿੰਘ ਖਾਲੜਾ, ਸਰਦਾਰਾ ਸਿੰਘ ਸਭਰਾ, ਬਾਬਾ ਸਰੂਪ ਸਿੰਘ ਯੀ.ਪੀ, ਸੁਖਦੀਪ ਸਿੰਘ ਘੁਮਾਣ, ਸੁਖਰਾਜ ਸਿੰਘ ਮਾਹਲ, ਡਾ: ਰਾਣਾ ਜੀ ਖਾਲੜਾ, ਸੁਖਜੀਤ ਸਿੰਘ ਕੁਹਾੜਕਾ, ਸੁਰਜੀਤ ਸਿੰਘ ਸਰਪੰਚ (ਮੋਗਾ) ਸੁਖਬੀਰ ਸਿੰਘ ਕਥਾਵਾਚਕ, ਭਾਈ ਮੰਗਲ ਸਿੰਘ ਗੁਮਾਨਪੁਰਾ ਢਾਡੀ, ਸ: ਜੁਗਰਾਜ ਸਿੰਘ ਨਵਾਂ ਸ਼ਹਿਰ, ਸਤਪਾਲ ਸਿੰਘ ਗੜ੍ਹਸ਼ੰਕਰ, ਤਰਲੋਕ ਸਿੰਘ ਬੂਹ ਨੇੜੇ ਸੁਲਤਾਨਪੁਰ, ਪਿੰਡ ਬੂੜੀਆਂ ਤੋ ਕਥਾ ਵਾਚਕ, ਸ: ਦਲਜੀਤ ਸਿੰਘ ਬੂਟ ਕਾਲਾ ਸੰਘਿਆ ।

ਭਾਈ ਕਿ ਸੰਤ?

ਸਿੱਖ ਧਰਮ ਦੀ ਨੀਂਹ ਧੰਨ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਹੱਥੀ ਰੱਖੀ ਹੈ ਆਪ ਸਿੱਖੀ ਦਾ ਬੂਟਾ ਲਾ ਕੇ ਬਾਕੀ ਨੌ ਜਾਮਿਆ ਵਿਚ ਇਸ ਦੀ ਸੰਭਾਲ ਕੀਤੀ ਅਤੇ ਦਸਵੇ ਜਾਮੇ ਵਿਚ ਮੁਕੰਮਲ ਰੂਪ ਵਿਚ ਤਿਆਰ ਕਰ ਦਿੱਤਾ ਇਥੋਂ ਤੱਕ ਕੇ ਆਪਣਾ ਰੂਪ ਹੀ ਬਣਾ ਲਿਆ ਅਤੇ ਹਮੇਸ਼ਾ ਲਈ ਸ਼ਬਦ ਗੁਰੂ ਦੇ ਲੜ ਲਾ ਕੇ ਸਦੀਵੀ ਕਾਲ ਲਈ ਗੁਰ-ਗੱਦੀ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦੇ ਗਏ। ਪਹਿਲੇ ਜਾਮੇ ਵਿਚ ਸੰਸਾਰ ਅੰਦਰ ਐਸੀ ਕਰਾਂਤੀ ਲਿਆਂਦੀ ਕੇ ਧਾਰਮਿਕ ਆਗੂਆਂ ਨੂੰ ਹੱਥਾਂ ਪੈਰਾਂ ਦੀ ਪੈ ਗਈ ਕਿਉਂਕਿ ਬੜੇ ਲੰਮੇ ਸਮੇਂ ਤੋਂ ਧਰਮ ਦੇ ਨਾਂ ਤੇ ਲੁਟ ਹੋ ਰਹੀ ਸੀ ਪਰ ਕੋਈ ਉੱਚੀ ਬੋਲਦਾ ਨਹੀਂ ਸੀ ਕਿਉਂਕਿ ਧਾਰਮਿਕ ਆਗੂਆਂ ਨੇ ਜਾਲ ਹੀ ਐਸਾ ਬਣਾਇਆ ਸੀ ਕੇ ਲੋਕ ਬਹੁਤ ਫਸ ਚੁੱਕੇ ਸਨ। ਪਰ ਗੁਰੂ ਨਾਨਕ ਦੀ ਵਿਚਾਰਧਾਰਾ ਨੇ ਹਜ਼ਾਰਾ ਲੋਕਾਂ ਨੂੰ ਧਾਰਮਿਕ ਆਗੂਆਂ ਦੀ ਲੁੱਟ ਤੋਂ ਬਚਾਇਆ ਆਪ ਜੀ ਨੇ ਆਪਣੇ ਪਹਿਲੇ ਸਾਥੀ ਉਸ ਵਿਅਕਤੀ ਨੂੰ ਵੀ ਬਣਾਇਆ ਜਿਸ ਨੂੰ ਉਸ ਸਮੇਂ ਸ਼ੂਦਰ ਕਿਹਾ ਜਾਂਦਾ ਸੀ ਇੱਕ ਮਰਾਸੀ ਜਾਤ ਵਾਲੇ ਮਨੁੱਖ ਨੂੰ ਭਾਈ ਕਹਿ ਕੇ ਉਸ ਨਾਲ ਰੋਟੀ ਦੀ ਸਾਂਝ ਪਾਉਣੀ ਤੇ ਆਪਣੇ ਨਾਲ ਰੱਖਣਾ ਇਹ ਜਾਤ ਪਾਤ ਉੱਤੇ ਬੜੀ ਕਰਾਰੀ ਚੋਟ ਸੀ। ਬੱਸ ਫਿਰ ਤੁਰ ਪਏ ਦੋਵੇ ਮਰਦ ਪ੍ਰਚਾਰ ਫੇਰੀਆ ਤੇ ਵੱਖ ਵੱਖ ਜਗ੍ਹਾਂ ਤੇ ਜਾ ਕੇ ਵੱਡੇ ਵੱਡੇ ਧਾਰਮਿਕ ਆਗੂਆਂ ਨੂੰ ਮਿਲੇ ਰਾਜਨੀਤਿਕ ਲੋਕਾ ਨੂੰ ਮਿਲੇ ਅਤੇ ਉਹਨਾਂ ਦੇ ਕਿਵਾੜ ਖੋਲ ਦਿੱਤੇ । ਭਾਈ ਮਰਦਾਨਾ ਜੀ ਦੀ ਰੁਬਾਬ ਅਤੇ ਗੁਰੂ ਨਾਨਕ ਦੀ ਬਾਣੀ ਨੇ । ਆਪ ਜਿਥੇ ਵੀ ਜਾਂਦੇ ਉਥੇ ਹੀ ਪ੍ਰਚਾਰਕ ਥਾਪ ਦੇਂਦੇ ਸਨ ਜਿਸ ਨੂੰ ਭਾਈ ਦਾ ਰੁਤਬਾ ਦਿੱਤਾ ਜਾਂਦਾ ਸੀ। ਮੈ ਇਸ ਲੇਖ ਵਿਚ ਦਸ ਗੁਰੂ ਸਾਹਿਬਾਨ ਅਤੇ ਅਠਾਰਵੀ ਸਦੀ ਦੇ ਸਿੰਘਾਂ ਦੇ ਕੁਝ ਚੁਣਵੇ ਨਾਮ ਲਿਖ ਰਿਹਾਂ ਹਾਂ ਜਿਸ ਰਾਹੀਂ ਪਤਾ ਲੱਗ ਸਕੇ ਕੇ ਬੜੀਆ ਬੜੀਆ ਅਵਸਥਾ ਵਾਲੇ ਵੀ ਭਾਈ ਹੀ ਬਣੇ ਰਹੇ ਕਿਸੇ ਨੇ ਵੀ ਸਾਧ ਸੰਤ ਨਹੀਂ ਅਖਵਾਇਆ। ਗੁਰੂ ਨਾਨਕ ਦੇਵ ਜੀ ਦੇ ਸਮੇਂ ਦੇ ਸਿੱਖਾਂ ਦੇ ਨਾਮ ਭਾਈ ਮਰਦਾਨਾ ਜੀ ਭਾਈ ਮਨਸੁਖ ਜੀ ਭਾਈ ਭਗੀਰਥ ਜੀ ਭਾਈ ਮੂਲਾ ਜੀ ਭਾਈ ਸੱਜਣ ਜੀ। ਕੇਵਲ ਪੰਜ ਪੰਜ ਸਿੱਖਾ ਦੇ ਨਾਮ ਲਿਖ ਰਿਹਾ ਹਾਂ ਕਿਉਂਕਿ ਸਾਰਿਆ ਦੇ ਨਾਮ ਦਿੱਤਿਆ ਲੇਖ ਬਹੁਤ ਵੱਡਾ ਹੋ ਜਾਏਗਾ। ਗੁਰੂ ਅੰਗਦ ਦੇਵ ਜੀ ਦੇ ਸਮੇਂ ਸਿੱਖ ਭਾਈ ਪਾਰੋ ਜੁਲਕਾ ਜੀ। ਭਾਈ ਮੱਲੂ ਸ਼ਾਹੀ ਜੀ, ਭਾਈ ਬਹਾਦਰ ਜੀ, ਭਾਈ ਕੇਦਾਰੀ ਜੀ, ਭਾਈ ਦੀਪਾ ਜੀ। ਗੁਰੂ ਅਮਰਦਾਸ ਜੀ ਦੇ ਸਮੇਂ ਸਿੱਖ ਪ੍ਰਚਾਰਕ। ਭਾਈ ਪ੍ਰਿਥੀਪਾਲ ਜੀ, ਭਾਈ ਤੁਲਸਾ ਜੀ, ਭਾਈ ਮੱਲਣ ਜੀ, ਭਾਈ ਰਾਮੂ ਜੀ, ਭਾਈ ਖ਼ਾਨੂ ਛੁਰਾ ਜੀ ਜਿਹੜੇ 22 ਮੰਜੀਆਂ ਅਤੇ 52 ਪੀੜੇ ਥਾਪੇ ਸਨ ਉਹਨਾਂ ਸਾਰਿਆਂ ਸਿੱਖਾਂ ਦੇ ਨਾਮ ਨਾਲ ਵੀ ਭਾਈ ਲਗਦਾ

ਸੀ। ਗੁਰੂ ਰਾਮਦਾਸ ਜੀ ਦੇ ਸਮੇਂ ਸਿੱਖ ਭਾਈ ਤੀਰਥਾ ਜੀ, ਭਾਈ ਪਾਰੋ ਜੀ, ਭਾਈ ਮਾਣਕ ਚੰਦ ਜੀ, ਭਾਈ ਤਾਰੂ ਜੀ, ਭਾਈ ਬਿਧੀ ਚੰਦ ਜੀ।

ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿੱਖ ਭਾਈ ਚੂਹੜ ਜੀ, ਭਾਈ ਤੀਰਥਾ ਜੀ, ਭਾਈ ਕਿਸ਼ਨਾ ਜੀ, ਭਾਈ ਬਾਲੂ ਜੀ, ਭਾਈ ਤਿਲੋਕਾ ਜੀ, ਭਾਈ ਧੀਰੂ ਜੀ, ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਮੇਂ ਸਿੱਖ ਭਾਈ ਅਨੰਤਾ ਜੀ, ਭਾਈ ਧੰਮੂ ਜੀ, ਭਾਈ ਤਖਤੂ ਜੀ, ਭਾਈ ਦਰਗਾਹੀ ਜੀ, ਭਾਈ ਪਰਸਰਾਮ ਜੀ, ਗੁਰੂ ਹਰਿਰਾਏ ਸਾਹਿਬ ਜੀ ਦੇ ਸਮੇਂ ਸਿੱਖ-ਭਾਈ ਭਗਤੂ ਜੀ, ਭਾਈ ਜੀਊਣ ਜੀ। ਭਾਈ ਬਹਿਲੋ ਜੀ। ਭਾਈ ਫੇਰੂ ਜੀ, ਭਾਈ ਭਗਵਾਨ ਜੀ। ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਸਮੇਂ ਸਿੱਖ ਭਾਈ ਗਉਰਾ ਜੀ। ਭਾਈ ਪੂੰਗਰ, ਭਾਈ ਛੱਜੂ ਜੀ, ਭਾਈ ਭੂੰਦੜ ਜੀ, ਭਾਈ ਪੰਜਾਬਾ ਜੀ। ਗੁਰੂ ਤੇਗ ਬਹਾਦਰ ਜੀ ਦੇ ਸਮੇਂ ਸਿੱਖ, ਭਾਈ ਮੱਖਣ ਸ਼ਾਹ ਜੀ, ਭਾਈ ਮਤੀਦਾਸ ਜੀ, ਭਾਈ ਸਤੀਦਾਸ ਜੀ, ਭਾਈ ਦਿਆਲਾ ਜੀ, ਭਾਈ ਜੈਤਾ ਜੀ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਸਿੰਘ ਭਾਈ ਬਚਿੱਤਰ ਸਿੰਘ ਜੀ, ਭਾਈ ਜੀਵਨ ਸਿੰਘ ਜੀ, ਭਾਈ ਸੰਗਤ ਸਿੰਘ ਜੀ, ਭਾਈ ਉਦੈ ਸਿੰਘ ਜੀ, ਭਾਈ ਦੀਪ ਸਿੰਘ ਜੀ ਅਤੇ ਪੰਜ ਪਿਆਰਿਆਂ ਦੇ ਨਾਂਵਾ ਨਾਲ ਵੀ ਭਾਈ ਸ਼ਬਦ ਲੱਗਾ ਜਿਨ੍ਹਾਂ ਨੇ ਗੁਰੂ ਦੇ ਹੁਕਮ ਤੇ ਆਪਣਾ ਸੀਸ ਭੇਟ ਕੀਤਾ, ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ, ਭਾਈ ਹਿੰਮਤ ਸਿੰਘ ਜੀ, ਭਾਈ ਮੋਹਕਮ ਸਿੰਘ ਜੀ, ਭਾਈ ਸਾਹਿਬ ਸਿੰਘ ਜੀ, ਹੁਣ ਗੁਰੂ ਕਾਲ ਦੇ ਸਮੇ ਹਜ਼ਾਰਾ ਸਿੰਘ ਹੋਏ ਜਿਹਨਾਂ ਦੇ ਨਾਮ ਨਾਲ ਭਾਈ ਸ਼ਬਦ ਲਗਦਾ ਆਇਆ ਹੈ ਇਹ ਸਿੰਘ ਮਹਾਨ ਅਵਸਥਾ ਵਾਲੇ ਸਨ ਪਰ ਕਿਸੇ ਨੂੰ ਵੀ ਸਾਧ-ਸੰਤ-ਬ੍ਰਹਮ ਗਿਆਨੀ ਅਤੇ ਬਾਬਾ ਵੀ ਨਹੀਂ ਆਖਿਆ ਗਿਆ ਇਹਨਾਂ ਵਿਚ ਉਹ ਵੀ ਸਿੱਖ ਹਨ ਜਿਹੜੇ ਸ਼ਹੀਦ ਹੋਏ ਬੰਦ-ਬੰਦ ਕਟਵਾਏ, ਦੇਗ ਵਿਚ ਉਬਾਲੇ, ਆਰਿਆ ਨਾਲ ਚੀਰੇ, ਰੂੰ ਵਿਚ ਬੰਨ ਕੇ ਸ਼ਹੀਦ ਕੀਤੇ ਪਰ ਭਾਈ ਬਣ ਕੇ ਰਹੇ ਇਸ ਤੋਂ ਅੱਗੇ ਸਿੱਖ ਇਤਿਹਾਸ ਸ਼ੁਰੂ ਹੋ ਜਾਂਦਾ ਹੈ ਜਿਸ ਬਾਰੇ ਪੂਰੇ ਵਿਸਥਾਰ ਨਾਲ ਤਾਂ ਨਹੀਂ ਦੱਸਿਆ ਜਾ ਰਿਹਾ।

ਪਰ ਮੈਂ ਸੰਖੇਪ ਵਿਚ ਕੁਝ ਹੋਰ ਚੋਣਵੇ ਸਿੱਖਾਂ ਦੇ ਨਾ ਦੇ ਰਿਹਾ ਹਾਂ 1708 ਤੋਂ ਬਾਅਦ ਤਕਰੀਬਨ 1925-30 ਤੱਕ ਦੇ ਸਾਰੇ ਸਿੰਘ ਦੇ ਨਾਮ ਨਾਲ ਭਾਈ ਲਗਦਾ ਆਇਆ ਭਾਈ ਮਨੀ ਸਿੰਘ ਜੀ, ਭਾਈ ਕਰਮ ਸਿੰਘ ਜੀ, ਭਾਈ ਆਲੀ ਸਿੰਘ ਜੀ, ਭਾਈ ਬਾਜ ਸਿੰਘ ਜੀ, ਭਾਈ ਫਤਹਿ ਸਿੰਘ ਜੀ, ਭਾਈ ਤਾਰੂ ਸਿੰਘ ਜੀ, ਭਾਈ ਤਾਰਾ ਸਿੰਘ ਜੀ, ਵਾਂ ਵਾਲੇ, ਭਾਈ, ਸੁੱਖਾ ਸਿੰਘ ਜੀ, ਭਾਈ ਮਹਿਤਾਬ ਸਿੰਘ ਜੀ। ਸਿੰਘ ਸਭਾ ਲਹਿਰ ਵੇਲੇ ਵੀ ਕੁਰਬਾਨੀਆ ਕਰਨ ਵਾਲੇ ਸਾਰੇ ਸਿੰਘ ਭਾਈ ਸਨ। ਹੁਣ ਪਾਠਕ ਜਨ ਸੋਚਣ ਕਿ ਜਿਹੜੇ ਉਪਰ ਦਿੱਤੇ ਗਏ ਨਾਮ ਵਾਲੇ ਸਿੱਖ ਹਨ ਕੀ ਇਹਨਾਂ ਦੀ ਕੋਈ ਘਟ ਅਵਸਥਾ ਸੀ? ਇਹ ਸਾਰੇ ਗੁਰੂ ਸਿਧਾਂਤ ਉਪਰ ਪਹਿਰਾ ਦੇਣ ਵਾਲੇ ਸਨ ਅਤੇ ਇਸ ਤਰ੍ਹਾਂ ਹੋਰ ਵੀ ਹਜ਼ਾਰਾ ਸਿੰਘ ਹੋਏ ਹਨ ਜਿਹਨਾਂ ਨੇ ਆਪਣਾ ਆਪ ਗੁਰੂ ਤੋਂ ਕੁਰਬਾਨ ਕਰ ਦਿੱਤਾ ਪਰ ਕਦੇ ਵੀ ਉਹਨਾਂ

ਨੂੰ ਅਸੀ ਸਾਧ-ਸੰਤ ਜਾਂ ਬ੍ਰਹਨ ਗਿਆਨੀ ਨਹੀਂ ਕਹਿੰਦੇ। ਪਰ ਆਉ ਹੁਣ ਸੋਚੀਏ ਕਿ ਜਿਹੜਾ ਵੀ ਚਾਰ ਗੱਲਾ ਸਟੇਜ ਤੇ ਕਰਨ ਲੱਗ ਪੈਂਦਾ ਹੈ ਉਸੇ ਨੂੰ ਹੀ ਸੰਤ, ਮਹਾਰਾਜ, ਬ੍ਰਹਮ ਗਿਆਨੀ ਜਾਂ 108-11008 ਵਰਗੇ ਅਨੇਕਾ ਨਾਮ ਦਿੱਤੇ ਜਾ ਰਹੇ ਹਨ ਜਦ ਕੇ ਇਹਨਾ ਸਾਰੇ ਸੰਤ ਬਾਬਿਆ ਨੇ ਗੁਰਮਤਿ ਸਿਧਾਂਤਾਂ ਦੀ ਖਿੱਲੀ ਉਡਾ ਕੇ ਰੱਖ ਦਿੱਤੀ ਹੈ ਸਿੱਖ ਰਹਿਤ ਮਰਯਾਦਾ ਦੇ ਵਿਰੁੱਧ ਇਹ ਸਾਰੇ ਸਾਧ ਰੌਲਾ ਪਾਉਂਦੇ ਹਨ ਅਕਾਲ ਤਖ਼ਤ ਨੂੰ ਇਹ ਨਹੀਂ ਮੰਨਦੇ ਗੁਰੂ ਗ੍ਰੰਥ ਸਾਹਿਬ ਜੀ ਦੀ ਨਿਰੋਲ ਵਿਚਾਰਧਾਰਾ ਨੂੰ ਇਹ ਨਹੀਂ ਅਪਨਾਉਦੇ ਫਿਰ ਵੀ ਬ੍ਰਹਮ ਗਿਆਨੀ ਫਿਰ ਸੰਤ ਮਹਾਰਾਜ ਬਣ ਕੇ ਬੈਠੇ ਹਨ। ਇੱਕ ਵੀ ਸਾਧ ਸੰਤ ਨੇ ਗਿਆਨੀ ਜਰਨੈਲ ਸਿੰਘ ਭਿੰਡਰਾਂਵਾਲੇ ਤੋਂ ਬਿਨ੍ਹਾਂ ਕੋਈ ਕੁਰਬਾਨੀ ਨਹੀਂ ਕੀਤੀ ਇਹਨਾਂ ਦੇ ਸਾਹਮਣੇ ਭਨਿਆਰੇ ਵਾਲੇ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕੀਤੀ ਪਰ ਕਿਸੇ ਸਾਧ ਦੇ ਕੰਨ ਤੇ ਜੂੰ ਨਹੀਂ ਸਰਕੀ ਨੂਰ ਮਹਿਲੀਏ ਨੇ ਜੋ ਗੰਦ ਘੋਲਿਆ ਹੈ ਕੋਈ ਸਾਧ ਇਸ ਬਾਰੇ ਨਹੀਂ ਬੋਲਦਾ। ਜਿਹਨਾ ਨੂੰ ਇਹ ਸਾਧ-ਸੰਤ ਕਹਿੰਦੇ ਹਨ ਕਿ ਇਹ ਸੰਤਾ ਦੇ ਨਿੰਦਕ ਹਨ ਉਹ ਤਾਂ ਆਪਣਾ ਆਪ ਖਤਰੇ ਵਿਚ ਪਾ ਕੇ ਕਈ ਵਾਰ ਨੂਰ ਮਹਿਲੀਏ ਅਤੇ ਭਨਿਆਰੀਆਂ ਨਾਲ ਟੱਕਰ ਲੈ ਚੁੱਕੇ ਹਨ। ਹੁਣ ਵੀ ਜਿਹੜੀ ਜੰਗ ਭਾਈ ਸੁਖਵਿੰਦਰ ਸਿੰਘ ਸਭਰਾ ਨੇ ਸ਼ੁਰੂ ਕੀਤੀ ਹੈ ਇਹ ਕੋਈ ਸੌਖੀ ਨਹੀਂ ਕਿ ਧਰਮ ਦੇ ਨਾਂ ਤੇ ਹੋ ਰਹੀ ਲੁੱਟ ਨੂੰ ਲੋਕਾ ਦੇ ਸਾਹਮਣੇ ਰੱਖਣ ਅਤੇ ਧਰਮ ਦੇ ਬੁਰਕੇ ਵਿਚ ਹੋਰ ਰਹੇ ਕਰਮ ਸਾਹਮਣੇ ਲਿਆ ਕੇ ਭੋਲੀ ਭਾਲੀ ਸੰਗਤ ਨੂੰ ਸੁਚੇਤ ਕਰਨਾ ਕੇ ਕਿਸ ਤਰ੍ਹਾਂ ਤੁਹਾਡੇ ਨਾਲ ਇਹ ਸਾਧ ਖਿਲਵਾੜ ਕਰ ਰਹੇ ਹਨ ? ਅਤੇ ਕਿਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਨਾਲੋ ਤੋੜ ਕੇ ਬ੍ਰਹਮਣੀ ਮੱਤ ਨਾਲ ਜੋੜਿਆ ਜਾ ਰਿਹਾ। ਭਾਈ ਸੁਖਵਿੰਦਰ ਸਿੰਘ ਸਭਰਾ ਨੇ ਇਹਨਾਂ ਬਚਨਾ ਨੂੰ ਸਾਹਮਣੇ ਰੱਖਿਆ ਹੈ ਜੋ ਗੁਰੂ ਨਾਨਕ ਸਾਹਿਬ ਜੀ ਦੇ ਹਨ। "ਸਚ ਸੁਣਾਇਸੀ ਸਚ ਕੀ ਬੇਲਾ" (ਗੁਰੂ ਗ੍ਰੰਥ ਸਾਹਿਬ) ਜਿਸ ਦਾ ਭਾਵ ਹੈ ਕਿ ਸੱਚ ਵੇਲੇ ਨਾਲ ਸੁਣਾਇਆ ਹੋਇਆ ਹੀ ਸੱਚ ਹੁੰਦਾ ਹੈ ਵੇਲੇ ਤੋਂ ਲੰਘਿਆ ਸੱਚ ਵੀ ਝੂਠ ਤੋਂ ਭੈੜਾ ਹੈ ਮੈਂ ਤਾਂ ਪਾਠਕਾਂ ਨੂੰ ਬੇਨਤੀ ਕਰਾਂਗਾ ਕੇ ਤੁਸੀ ਜੋ ਉਤਸ਼ਾਹ ਪਹਿਲੀਆਂ ਕਿਤਾਬਾ ਪੜਨ ਵਿਚ ਵਿਖਾਇਆ ਹੈ ਇਸੇ ਤਰ੍ਹਾਂ ਇਸ ਤੀਜੇ ਭਾਗ ਨੂੰ ਵੀ ਪੜ੍ਹੋ ਅਤੇ ਅਮਲ ਵਿਚ ਲਿਆਉ ਉਸ ਸੱਚ ਨੂੰ ਜੋ ਤੁਹਾਡੇ ਸਾਹਮਣੇ ਗੁਰਬਾਣੀ ਦੀ ਰੋਸਨੀ ਵਿਚ ਭਾਈ ਸੁਖਵਿੰਦਰ ਸਿੰਘ ਨੇ ਰੱਖਿਆ। ਅਤੇ ਅਖੀਰ ਵਿਚ ਇਹੀ ਅਰਦਾਸ ਹੈ ਕਿ ਸਤਿਗੁਰੂ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਾਈ ਸੁਖਵਿੰਦਰ ਸਿੰਘ ਦੇ ਸਿਰ ਤੇ ਹੱਥ ਰੱਖ ਕੇ ਇਸ ਸੱਚ ਦੀ ਕਲਮ ਨੂੰ ਚਲਵਾਓਂਦੇ ਰਹਿਣ ਤਾਂ ਜੋ ਪਾਠਕ ਜਨ ਪੜ ਕੇ ਸੱਚ ਨੂੰ ਸਮਝ ਸਕਣ।

ਗੁਰਮੀਤ ਸਿੰਘ
ਗੁਰਮਤਿ ਸਿਧਾਂਤ ਪ੍ਰਚਾਰਕ ਪੱਟੀ
ਮੋ: 9888854342



ਭਾਈ ਸੁਖਵਿੰਦਰ ਸਿੰਘ ਜਥੇਬੰਦੀ ਦੇ ਸਿੰਘਾਂ ਨਾਲ
ਵਿਚਾਰ-ਵਟਾਂਦਰਾ ਕਰਦੇ ਹੋਏ



ਇਹ ਹੈ ਸੰਤਾਂ ਦੀ ਦੇਣ

ਪਹਿਲੀਆਂ ਪੁਸਤਕਾਂ ਸੰਬੰਧੀ ਆਏ ਕੁਝ ਵਿਚਾਰ

1. ਸ਼ਾਬਾਸ਼! ਸੁਖਵਿੰਦਰ ਸਿੰਘ ਤਕੜੇ ਹੋ ਕੇ ਸੇਵਾ ਕਰੋ ਅਸੀਂ ਸਾਰੇ ਤੁਹਾਡੇ ਨਾਲ ਚਟਾਨ ਵਾਂਗ ਖੜੇ ਹਾਂ, ਤੁਹਾਡੀਆਂ ਕਿਤਾਬਾਂ ਨੇ ਸਿੱਖ ਕੌਮ ਅੰਦਰ ਬੜੀ ਜਾਗਰਿਤੀ ਲਿਆਂਦੀ ਹੈ, ਨਿੱਗਰ ਸੱਚ, ਨਿਰੋਲ ਸੱਚ ਨਿਰਪੱਖ ਹੋ ਕੇ ਬੋਲਿਆ (ਲਿਖਿਆ) ਗਿਆ ਹੈ। ਗੁਰੂ ਪਾਤਸ਼ਾਹ ਵੱਧ ਤੋਂ ਵੱਧ ਸੇਵਾ ਕਰਨ ਦਾ ਬਲ ਬਖਸ਼ੇ।
2. ਇਹ ਕਲਮ ਤਲਵਾਰ ਨਾਲੋ ਵੱਧ ਕੰਮ ਕਰ ਰਹੀ ਹੈ।
3. ਬਹੁਤ ਵੱਡੀ ਕੁਰਬਾਨੀ ਕੀਤੀ ਹੈ।
4. ਇਹ ਪੁਸਤਕਾਂ ਨੇ ਇਹਨਾਂ ਸਾਧਾਂ ਉਪਰ ਸਪਰੇਅ ਦਾ ਕੰਮ ਕੀਤਾ ਹੈ ਸਿੱਖ ਕੌਮ ਵਾਸਤੇ ਇਹ ਪੁਸਤਕਾਂ ਗੁਲੂਕੋਜ਼ ਦਾ ਕੰਮ ਕਰ ਰਹੀਆਂ ਹਨ।
5. ਤੁਸੀ ਇਹਨਾਂ ਅਸੰਤਾਂ ਅਬ੍ਰਹਮਗਿਆਨੀਆਂ ਵੱਲੋਂ ਖਿਲਾਰੇ ਹੋਏ ਕੰਡੇ ਬੜੀ ਮਿਹਨਤ ਕਰਕੇ ਚੁਣੇ ਹਨ (ਧੰਨਵਾਦ ਕਰਦੇ ਹਾਂ)
6. ਸਾਡੇ ਲਾਈਕ ਕੋਈ ਸੇਵਾ ਹੋਵੇ ਤਾਂ ਦੱਸੋ।
7. ਸਾਨੂੰ ਸਮਝ ਆਈ ਹੈ ਕਿ ਗੁਰਬਾਣੀ ਵਿਚ ਆਏ ਸੰਤ, ਸਾਧ, ਬ੍ਰਹਮਗਿਆਨੀ ਸ਼ਬਦ ਕਿਸ ਸਦੰਰਬ ਵਿਚ ਵਰਤੇ ਹਨ ਪਰ ਇਹਨਾਂ ਸਾਧਾਂ ਨੇ ਇਹਨਾਂ ਸ਼ਬਦਾਂ ਦੀ ਵਿਆਖਿਆ ਕਰਦਿਆਂ ਕਿਵੇਂ ਧੋਖੇ ਕੀਤੇ। (ਯਾਦ ਰਹੇ ਕਿ ਦੇਹਧਾਰੀ ਅਖੌਤੀ ਗੁਰੂਆਂ ਨੇ ਗੁਰਬਾਣੀ ਵਿਚੋਂ ਗੁਰੂ ਸਤਿਗੁਰੂ ਸਬਦ ਚੋਰੀ ਕਰਕੇ ਧੋਖਾ ਦੇਹੀ ਨਾਲ ਆਪਣੇ ਨਾਵਾਂ ਨਾਲ ਜੋੜਿਆ ਹੋਇਆ ਹੈ ਜੋ ਸਰਾਸਰ ਗਲਤ ਹੈ)
8. ਸਾਨੂੰ ਸਮਝ ਆਈ ਹੈ ਕਿ ਇਹਨਾਂ ਸਾਧਾਂ ਸੰਤਾਂ ਨੇ ਕਿਵੇ ਬ੍ਰਾਹਮਣਵਾਦੀ ਕਰਮ ਕਾਂਡ ਫੈਲਾਇਆ, ਕਿਵੇ ਕਰਮ ਕਾਂਡਾਂ ਦੀ ਦਲਦਲ ਵਿਚ ਸੁੱਟਣ ਵਾਲੀਆਂ ਮਰਯਾਦਾ ਕੋਲੋ ਬਣਾਈਆਂ ਅਤੇ ਗੁਰਮਤਿ ਦੇ ਉਲਟ ਮਨਘੜਤ ਝੂਠੀਆਂ ਕਹਾਣੀਆਂ ਸਿੱਖਾਂ ਅੰਦਰ ਪ੍ਰਚਲਤ ਕੀਤੀਆਂ।
9. ਸਾਨੂੰ ਸਮਝ ਆ ਗਈ ਹੈ ਕਿ ਕਿਵੇਂ ਇਹਨਾਂ ਸਾਧਾ ਸੰਤਾਂ ਨੇ ਗੁਰੂ ਦੀ ਸਿੱਖੀ ਨੂੰ ਪਿਛੇ ਕਰਕੇ ਆਪਣੀ ਸਿੱਖੀ ਸੇਵਕੀ ਬਣਾਈ। ਗੁਰੂ ਦੇ ਬਚਨ ਨੂੰ ਪਿਛੇ ਕਰਕੇ ਇਹਨਾਂ ਸਾਧਾਂ ਨੇ ਸਾਧ ਦੇ ਬਚਨ ਨੂੰ ਅੱਗੇ ਕਰਨ ਦੀ ਕੋਝੀ ਕੋਸ਼ਿਸ਼ ਕੀਤੀ।
10. ਸਾਨੂੰ ਸਮਝ ਆਈ ਹੈ ਕਿ ਇਹਨਾਂ ਸਾਧਾਂ ਨੇ ਗੁਰਬਾਣੀ ਨੂੰ ਕੇਵਲ ਪਾਠ ਕਰਮ, ਪੜਨ, ਰਟਨ, ਮੰਤਰ ਜਾਪ ਬਣਾ ਕੇ ਥਾਂ ਥਾਂ ਵਹਿਮ ਭਰਮ ਫੈਲਾਏ। ਜਿਵੇਂ ਕਿ ਗੁਰਬਾਣੀ ਅੰਦਰ ਤੀਰਥ ਇਸ਼ਨਾਨਾਂ ਦਾ ਖੰਡਨ ਹੈ ਪਰ ਇਹਨਾਂ ਸਾਧਾਂ ਸੰਤਾਂ ਨੇ ਤੀਰਥ ਇਸ਼ਨਾਨਾਂ ਦੀ ਮਹਾਨਤਾ ਦਰਸਾਉਂਦੇ ਟਰੈਕਟ

ਅਤੇ ਕਿਤਾਬਾਂ ਲਿਖੀਆਂ। ਗੁਰਮਤਿ ਦੇ ਉਲਟ ਇਹ ਸਾਧ ਜਾਤਾਂ ਪਾਤਾਂ ਦੇ ਵੀ ਹਾਮੀ ਹਨ, ਇਹਨਾਂ ਨੇ ਬਾਹਮਣਾਂ ਵਾਲੀ ਸੁੱਚ ਭਿੱਟ ਨੂੰ ਹੀ ਰਹਿ ਮੰਨਿਆ ਹੋਇਆ ਹੈ।

11. ਸਾਨੂੰ ਸਮਝ ਆਈ ਹੈ ਇਹਨਾਂ ਸਾਧਾ ਸੰਤਾਂ ਨੇ ਰਾਜਨੀਤਕਾਂ ਨਾਲ ਮਿਲ ਕੇ ਧਰਮ ਨੂੰ ਵਿਕਾਊ ਲਾਇਆ ਹੋਇਆ ਹੈ ਤਾਂ ਹੀ ਇਹ ਰਾਜਨੀਤਕਾਂ ਨਾਲ ਕਦਮ ਮਿਲਾ ਕੇ ਚੱਲਦੇ ਹਨ।
12. ਸਾਨੂੰ ਸਮਝ ਆਈ ਹੈ ਕਿ ਨਿਸ਼ਕਾਮਤਾ ਦਾ ਲੋਟਾ ਅੱਗੇ ਕਰਨ ਵਾਲੇ ਸਾਧਾਂ ਨੇ ਕਿਵੇ ਲੁੱਟਿਆ।
13. ਸਾਨੂੰ ਸਮਝ ਆਈ ਹੈ ਕਿ ਇਹਨਾਂ ਸਾਧਾਂ ਸੰਤਾਂ ਨੇ ਕਦੇ ਵੀ ਆਪਣੇ ਆਪ ਨੂੰ ਪੰਥ ਦਾ ਅੰਗ ਨਹੀ ਮੰਨਿਆ ਇਹ ਸਿੱਖ ਰਹਿਤ ਮਰਯਾਦਾ ਦੇ ਦੋਖੀ ਹਜਾਰਾਂ ਕਰਮ ਕਾਂਡੀ ਮਰਯਾਦਾ ਬਣਾਈ ਫਿਰਦੇ ਹਨ, ਇਹਨਾਂ ਦਾ ਅੰਮ੍ਰਿਤ ਵੀ ਵੱਖ ਵੱਖ ਹੈ।
14. ਸਾਨੂੰ ਸਮਝ ਆਈ ਹੈ ਕਿ ਇਹਨਾਂ ਸੰਤਾਂ ਨੇ "ਗੁਰੂ ਗਰੰਥ ਸਾਹਿਬ" ਜੀ ਦੇ ਕਈ ਸ਼ਰੀਕ ਪੈਦਾ ਕੀਤੇ ਅਤੇ ਸਿੱਖ ਕੌਮ ਦਾ ਨੁਕਸਾਨ ਕਰਨ ਵਾਸਤੇ ਅਨੇਕਾਂ ਝੂਠ ਬੋਲੇ।
15. ਜਿਨਾ ਫੋਕੇ ਕਰਮਕਾਂਡਾਂ ਵਿਚੋਂ ਗੁਰੂ ਨੇ ਬੇਅੰਤ ਕੁਰਬਾਨੀਆਂ ਕਰਕੇ ਕੱਢਿਆ ਇਹਨਾਂ ਸੰਤਾਂ ਨੇ ਧੱਕੇ ਮਾਰ ਮਾਰ ਕੇ ਸਿੱਖਾ ਨੂੰ ਫਿਰ ਅਗਿਆਨ (ਫੋਕੇ ਕਰਮਕਾਂਡਾਂ) ਦੇ ਖੂਹ ਵਿਚ ਸੁੱਟਿਆ। ਇਹੀ ਇਹਨਾਂ ਦੀ ਦੇਣ ਹੈ।

ਮੇਰੇ ਬਾਰੇ ਇਕ ਵੀਰ ਜੋ ਹਰਭਜਨ ਸਿੰਘ ਮਰਹਾਣਾ ਹੈ ਉਹਨੇ ਕਿਹਾ ਹੈ ਕਿ ਜਿਸ ਸੰਤ ਤਾਰਾ ਸਿੰਘ ਸਰਹਾਲੀ ਨੇ ਇਹਨੂੰ ਨੌਕਰੀ ਤੇ ਲਵਾਇਆ ਇਹਨੇ ਉਹਨਾਂ ਦਾ ਵੀ ਕਿਤਾਬਾਂ ਵਿਚ ਲਿਖ ਦਿੱਤਾ। ਮੈ ਸਿੱਖ ਸੰਗਤਾਂ ਦੀ ਜਾਣਕਾਰੀ ਵਾਸਤੇ ਲਿਖ ਰਿਹਾਂ ਹਾਂ ਕਿ ਮੈਨੂੰ ਜਿਹਨਾਂ ਨੇ ਨੌਕਰੀ ਤੇ ਲਵਾਇਆ ਸੀ ਉਹ ਮੇਰੇ ਰਿਸ਼ਤੇਦਾਰ ਅਜੇ ਵੀ ਜੀਉਂਦੇ ਜਾਗਦੇ ਹਨ, ਮੈਨੂੰ ਕਿਸੇ ਸੰਤ ਨੇ ਨੌਕਰੀ ਤੇ ਨਹੀਂ ਲਵਾਇਆ ਦੁਨੀਆਂ ਦਾ ਕੋਈ ਬੰਦਾ ਮੇਰੇ ਮੂਹ ਤੇ ਆ ਕੇ ਸਾਬਤ ਕਰੇ ਕਿ ਮੈਨੂੰ ਕਿਹੜੇ ਸੰਤ ਨੇ ਨੌਕਰੀ ਤੇ ਲਵਾਇਆ। ਇਹ ਝੂਠ ਬੋਲ ਰਹੇ ਹਨ, ਮੈ ਤਾਂ ਜੋ ਵੀ ਲਿਖਾਂਗਾ ਬਿਲਕੁੱਲ ਨਿਰਪੱਖ ਹੋ ਕੇ ਲਿਖਾਂਗਾ।

ਅਮਰਕੋਟ ਤੋਂ ਵੀਰ ਗੁਰਦੇਵ ਸਿੰਘ ਨੇ ਕਿਹਾ ਹੈ ਕਿ ਸੁਖਵਿੰਦਰ ਸਿੰਘ ਆਪਣੇ ਅੰਦਰ ਝਾਤੀ ਮਾਰੇ। ਵੀਰ ਜੀ ਮੈ ਤਾਂ ਆਪਣੇ ਅੰਦਰ ਝਾਤੀ ਮਾਰ ਕੇ ਫਿਰ ਸੰਤਾਂ, ਬ੍ਰਹਮਗਿਆਨੀਆਂ ਦੇ ਅੰਦਰ ਵੀ ਝਾਤੀਮਾਰ ਲਈ ਹੈ ਪਰ ਤੁਹਾਡਾ ਕੀ ਬਣੇਗਾ? ਜੋ ਤੁਸੀਂ ਗੁਰਬਾਣੀ ਸਿਧਾਂਤ ਖੋਜ ਕੀਤੇ ਤੋਂ ਬਿਨਾ ਹੀ ਮਨਮੱਤਾਂ ਕਰਨ ਅਤੇ ਕਰਵਾਉਣ ਵਾਲਿਆਂ ਦੀ ਪਿੱਠ ਠੋਕ ਰਹੇ ਹੋ ਫਿਰ ਵੀ ਕੋਈ ਵੀ ਗੱਲ ਕਰਨੀ ਹੈ ਮੇਰੇ ਸਾਹਮਣੇ ਆ ਕੇ ਕਰੋ ਜਾਂ ਲਿਖਤੀ ਰੂਪ ਵਿਚ ਕਰੋ ਮੈ ਜਵਾਬ ਦੇਵਾਂਗਾ,

ਜਿੰਨਾਂ ਬਾਰੇ ਮੈ ਕਿਤਾਬਾਂ ਲਿਖੀਆਂ ਹਨ ਇਹਨਾਂ ਨੂੰ ਮੇਰੇ ਸਾਹਮਣੇ ਲਿਆਉ। ਇਹਨਾਂ ਸੰਤਾਂ ਨੂੰ ਮੀਡੀਆ ਵਾਲੇ ਵੀ ਕਹਿ ਰਹੇ ਹਨ ਕਿ ਇਹਨੇ ਤੁਹਾਡੇ ਬਾਰੇ ਲਿਖਿਆ ਹੈ ਤੁਸੀਂ ਆ ਕੇ ਗੱਲ ਤਾਂ ਕਰੋ ਪਰ ਇਹ ਆਉਂਦੇ ਕਿਉਂ ਨਹੀਂ, ਕੀ ਗੱਲ ਹੈ ਇਹਨਾਂ ਨੂੰ ? ਯਾਦ ਰੱਖਿਓ ਇਹ ਅਜੋਕੇ ਸਾਧ, ਸੰਤ ਕੇਵਲ ਪੱਠੇ ਪੁੱਟਾਂ ਨੂੰ ਬੁੱਧੂ ਬਣਾ ਰਹੇ ਹਨ। ਗੁਰੂ ਦੇ ਸਿੱਖਾਂ ਨਾਲ ਵਿਚਾਰ ਕਰਨ ਨੂੰ ਇਹ ਬਿਲਕੁੱਲ ਤਿਆਰ ਨਹੀ। ਇਹਨਾਂ ਸੰਤਾਂ ਦੀ ਦਿਆਨਤ ਦਾਰੀ ਦਾ ਅੰਦਾਜਾਂ ਇਥੋਂ ਹੀ ਲਾਇਆ ਜਾ ਸਕਦਾ ਹੈ।

ਮੈ ਸੋਚ ਰਿਹਾ ਸੀ ੧੬੯੯ ਦੀ ਵਿਸਾਖੀ ਵਾਲੇ ਦਿਨ ਦਸਮ ਪਾਤਸ਼ਾਹ ਨੇ ਸਿੱਖਾਂ ਦੇ ਅਣਖਹੀਣ ਸਿਰ ਕੱਟ ਕੇ ਗੈਰਤ ਭਰੇ ਸਿਰ ਲਾ ਦਿੱਤੇ, ਨਵਾਂ ਜੀਵਨ ਦਿੱਤਾ ਗੁਰ ਫੁਰਮਾਨ ਹੈ **"ਸਤਿਗੁਰ ਕੈ ਜਨਮੈ ਗਵਨ ਮਿਟਾਇਆ ॥"** ਮਾਂ ਬਾਪ ਤੋਂ ਤਾਂ ਸਾਰਿਆ ਦਾ ਹੀ ਜਨਮ ਹੋਇਆ ਹੈ ਜਿੰਨਾ ਚਿਰ ਨਵਾਂ ਜਨਮ ਸਤਿਗੁਰ ਦੇ ਘਰ ਨਹੀ ਹੁੰਦਾ ਉਨਾ ਚਿਰ ਸੰਪੂਰਨ ਥੀਆ ਨਹੀਂ ਹੋ ਸਕਦਾ। ਸਵਾਲ ਉਠਦਾ ਹੈ ਹੁਣ ਇਹਨਾਂ ਸਾਧਾਂ ਸੰਤਾਂ ਦੇ ਗੈਰਤ ਹੀਣ ਸਿਰ ਲਾਹ ਕੇ ਗੈਰਤ ਭਰੇ ਸਿਰ ਕੌਣ ਲਾਵੇਗਾ ? ਉੱਤਰ-ਗੁਰੂ ਗਰੰਥ ਸਾਹਿਬ ਲਉਣ ਗੇ। ਨਵਾਂ ਜਨਮ ਹੋਵੇਗਾ ਇਹਨਾਂ ਦਾ ਇਹ ਗੁਰੂ ਦੇ ਸਿੱਖ ਬਣ ਜਾਣਗੇ। ਇਹ ਆਪਣੇ ਮਨ ਦੀ ਮੱਤ ਛੱਡ ਕੇ ਗੁਰਮਤਿ ਗ੍ਰਹਿਣ ਕਰਨਗੇ। ਇਹ ਆਪਣੀ ਮਰਿਯਾਦਾ ਛੱਡ ਕੇ ਗੁਰ ਮਰਿਯਾਦਾ ਮੰਨਣਗੇ। ਇਹ ਆਪਣੇ ਅੰਮ੍ਰਿਤ ਛੱਡ ਕੇ ਗੁਰੂ ਕਾ ਅੰਮ੍ਰਿਤ ਛਕਣਗੇ। ਇਹ ਕੱਚੀਆਂ ਪਿੱਲੀਆਂ ਸਾਧਾਂ ਦੀਆਂ ਕਥਾ ਕਹਾਣੀਆਂ ਛੱਡ ਕੇ ਗੁਰੂ ਪ੍ਰਮਾਤਮਾ ਦੀ ਕਥਾ ਕਰਨਗੇ, ਆਪਣੇ ਆਪ ਨੂੰ ਵੱਡਿਆਂ ਦੱਸਣ ਦੀ ਬਜਾਏ **"ਸਭ ਤੇ ਵਡਾ ਸਤਿਗੁਰ ਨਾਨਕੁ"** ਕਹਿਣਗੇ. ਇਹ ਜਾਤਾ ਪਾਤਾਂ ਅਤੇ ਅੰਧ ਵਿਸ਼ਵਾਸ਼ੀ ਵਹਿਮ ਭਰਮ ਕਰਮਾਂ ਕਾਂਡਾਂ ਦਾ ਬੰਧਨ ਤੋੜ ਕੇ ਗੁਰਮਤਿ ਵਿਚਾਰਧਾਰਾ ਦਾ ਪ੍ਰਚਾਰ ਕਰਨਗੇ ਇਹ, ਦੇਹਧਾਰੀ ਗੁਰੂਆਂ ਦੀ ਨਕਲ ਤੇ ਸਾਧ, ਸੰਤ, ਬ੍ਰਿਹਮਗਿਆਨੀ ਸ਼ਬਦ ਚੋਰੀ ਕਰਕੇ ਆਪਣੇ ਨਾਵਾਂ ਨਾਲ ਨਹੀ ਜੋੜਨਗੇ। ਇਹ ਮੁਸਲਮਾਨ ਫੱਕਰਾਂ (ਨੰਗਾਂ) ਦੀ ਨਕਲ ਤੇ ਆਪਣੀਆਂ ਮੜ੍ਹੀਆਂ ਦੀ ਪੂਜਾ ਨਹੀ ਕਰਵਾਉਣਗੇ। ਇਹ ਭੇਖੀ ਰਾਜਨੀਤਕਾਂ ਅੱਗੇ ਗੋਡੇ ਟੇਕਣ ਦੀ ਬਜਾਏ **"ਰਾਜੇ ਸੀਹ ਮੁਕੱਦਮ ਕੁਤੇ" ॥** ਕਹਿਣ ਦੀ ਜੁਅਰਤ ਕਰਨਗੇ। ਇਹ ਲੰਗੋਟੀ ਵਾਲੇ ਨਾਂਗੇ ਸਾਧਾ ਦੀ ਨਕਲ ਛੱਡ ਕੇ ਗ੍ਰਿਹਸਤ ਨੂੰ ਯੋਗ ਸਮਝਣਗੇ। ਇਹ ਆਪਣੇ ਬੈਂਕ ਬੈਲੰਸ ਬਣਾਉਣ ਦੀ ਬਜਾਏ ਗੁਰੂ ਕੀ ਗੋਲਕ ਦੇ ਮੂੰਹ ਗਰੀਬਾਂ ਵਾਸਤੇ ਖੋਲ੍ਹ ਦੇਣਗੇ। ਇਹ ਵਿਹਲੜਪੁਣਾ ਛੱਡ ਕੇ ਕਿਰਤੀ ਹੋਣ ਦਾ ਸਬੂਤ ਦੇਣਗੇ। ਇਹ ਦੇਹਧਾਰੀ ਗੁਰੂਆਂ ਨੂੰ ਪਛਾੜਨ ਵਾਸਤੇ, ਸਿੱਖ ਕੌਮ ਅੰਦਰ ਏਕਤਾ ਵਾਸਤੇ ਜਤਨ ਕਰਨਗੇ। ਹੋ ਰਹੀਆਂ ਬੇਅਦਬੀਆਂ ਰੋਕਣ ਵਾਸਤੇ ਕਰਮ ਕੱਸੇ ਕਰਨਗੇ।

ਖਾਸ ਧਿਆਨ ਮੰਗਦੇ ਵਿਚਾਰ

ਕੀ ਤੁਸੀਂ ਕਦੇ ਇਹਨਾਂ ਸਾਧਾਂ ਸੰਤਾਂ ਨੂੰ ਸਵਾਲ ਕੀਤਾ ਹੈ ?

"ਅੰਮ੍ਰਿਤ ਬਚਨ ਸਾਧ ਕੀ ਬਾਣੀ" ॥

ਕਿਹੜੇ ਸਾਧ ਦੀ ਬਾਣੀ ? ਸਾਧ ਸ਼ਬਦ ਇਥੇ ਗੁਰੂ ਵਾਸਤੇ ਹੈ ਅੱਗੇ ਸਪੱਸ਼ਟ ਕਹਿੰਦੇ ਹਨ **"ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ ॥ (ਅੰਗ ੪੯੪)** ਕਿਉਂਕਿ ਸਤਿਗੁਰ ਬਿਨਾ ਤਾਂ ਹੋਰ ਸਾਰੀ ਬਾਣੀ ਕੱਚੀ ਹੈ। ਕਿਸੇ ਭੇਖੀ ਸਾਧ ਦੇਹਧਾਰੀ ਦੀ ਬਾਣੀ ਨਹੀ ਕਹਿ ਰਹੇ।

ਸਤਿਗੁਰੂ ਬਿਨਾਂ ਹੋਰ ਕਚੀ ਹੈ ਬਾਣੀ ॥

(ਅੰਗ ੯੨੦)

ਇਹ ਸਾਰੇ ਸਾਧ ਸੰਤ ਆਪਣੀ ਮਹਿਮਾਂ ਪ੍ਰਭਤਾ ਫੈਲਾਉਣ ਵਾਸਤੇ ਐਸੀਆਂ ਕੱਚੀਆਂ ਧਾਰਨਾ ਪੜ੍ਹਦੇ ਹਨ 'ਐਵੇ ਦਿਲ ਨਹੀ ਕਿਸੇ ਦਾ ਤੋੜੀਦਾ ਦਿਲਾਂ ਵਿਚ ਰੱਬ ਵੱਸਦਾ।.....।

ਇਹ ਕਿਹੜੀ ਧਾਰਨਾਂ ਹੈ ਇਹ ਕਿਹੜਾ ਰਾਗ ਹੈ ? ਕਈ ਕਹਿੰਦੇ ਪ੍ਰੇਮ ਵਿਚ ਰਾਗ ਦੀ ਲੋੜ ਨਹੀ ਹੁੰਦੀ। ਫਿਰ ਗੁਰਬਾਣੀ ਰਾਗਾਂ ਵਿਚ ਕਿਉਂ ਹੈ ? ਕੀ ਗੁਰੂ ਜੀ ਪ੍ਰੇਮੀ ਨਹੀ ਸਨ ? ਬਹੁਤ ਐਸੇ ਹਨ ਜੋ ਅੰਮ੍ਰਿਤ ਛੱਕ ਕੇ ਸ਼ਰਾਬ ਪੀਂਦੇ ਹਨ ਉਹ ਕਹਿੰਦੇ ਹਨ ਕਿ ਪ੍ਰੇਮ ਦੀ ਕੋਈ ਮਰਿਯਾਦਾਂ ਨਹੀ ਹੁੰਦੀ ਅਤੇ ਸੰਤ ਵੀ ਪ੍ਰਭਤਾ, ਮਾਇਆ ਦੇ ਨਸ਼ੇ ਖਾ ਕੇ ਕਹਿੰਦੇ ਹਨ ਪ੍ਰੇਮ ਵਿਚ ਰਾਗ ਦੀ ਲੋੜ ਨਹੀ ਸਾਧ ਸ਼ਰਾਬਾਂ ਵੀ ਅਫੀਮਾਂ ਭੁੱਕੀ ਪੋਸਤ ਵੀ ਖਾਂਦੇ ਹਨ ਅੱਗੇ ਚੱਲ ਕੇ ਜ਼ਿਕਰ ਕਰਾਂਗਾ।

"ਸਾਧ ਕੀ ਮਹਿਮਾਂ ਬੇਦੁ ਨ ਜਾਨਹਿ" ॥

(ਅੰਗ ੨੭੨)

ਇਹ ਸਾਧ ਅਰਥ ਕਰਦੇ ਹਨ ਕਿ ਸਾਧਾਂ ਸੰਤਾਂ ਦੀ ਮਹਿਮਾਂ ਬੇਦ ਬੇ ਨਹੀ ਜਾਣ ਸਕਦਾ। ਇਸ ਅਸ਼ਟਪਦੀ ਦੇ ਗਲਤ ਅਰਥ ਕਰਕੇ ਇਹਨਾਂ ਬੜਾ ਹਾਈ ਲਾਈਟ ਕੀਤਾ ਪਰ ਗੁਰਬਾਣੀ ਅੰਦਰ ਆਏ ਬਚਨ "ਗੁਰ ਕੀ ਮਹਿਮਾ ਬੇਦੁ ਨ ਜਾਨਹਿ" "ਸਤਿਗੁਰ ਕੀ ਮਹਿਮਾ ਬੇਦ ਨ ਜਾਨਹਿ" ਇਹ ਤੁਕਾ ਇਹਨਾ ਨੇ ਕਦੇ ਸਟੇਜ਼ਾਂ ਤੇ ਨਹੀ ਸੁਣਾਈਆਂ ਇਹ ਬਚਨ ਇਹਨਾਂ ਨੇ ਕਦੇ ਵੀ ਸਿੱਖ ਸੰਗਤਾਂ ਤੱਕ ਨਹੀ ਪਹੁੰਚਣ ਦਿਤੇ ਕਿਉਂਕਿ ਇਹ ਸਾਰੇ ਸੰਤ, ਬੇਈਮਾਨ ਹਨ, ਇਹ ਆਪ ਗੁਰੂ ਕੇ ਨਿੰਦਕ ਹਨ ਪਰ ਜੋ ਇਹਨਾਂ ਬਾਰੇ ਸੱਚ ਬੋਲੇ ਜਾਂ ਲਿਖੇ ਇਹ ਉਸਨੂੰ ਨਿੰਦਕ ਕਹਿੰਦੇ ਹਨ, 'ਸਾਧ ਕੀ ਮਹਿਮਾਂ ਵਾਲੀ ਤੁਕ ਦਾ ਅਰਥ ਗੁਰ ਕੀ ਮਹਿਮਾ ਹੀ ਹੈ। ਗੁਰੂ ਨੇ ਸਾਰੇ ਭੁਲੇਖੇ ਕੱਢੇ ਹੋਏ ਹਰ ਪਰ ਇਹਨਾਂ ਸਾਧਾਂ ਨੇ ਖੋਟੀ ਨੀਅਤ ਅਧੀਨ ਭੇਲੇਖੇ ਪਾਏ। ਇਹਨਾਂ ਨੇ ਗੁਰਸਿੱਖੀ ਨੂੰ ਵੱਧਣ-ਫੁੱਲਣ ਤੋ ਰੋਕੀ ਰੱਖਿਆ ਸਾਧ ਦੀ ਸਿੱਖੀ ਫੈਲਾ ਦਿੱਤੀ। ਇਹਨਾਂ ਸਾਧਾਂ ਨੇ ਦੋਖੀਆਂ ਨਾਲ ਮਿਲ ਕੇ ਯੋਜਨਾਂ ਬਧ ਤਰੀਕੇ ਨਾਲ ਬਹੁਤ ਨੁਕਸਾਨ ਕਰ ਦਿੱਤਾ ਹੈ। ਇਨ੍ਹਾਂ ਬਾਰੇ ਕਾਫੀ ਕੁਝ ਪਾਠਕ

ਪਹਿਲੇ 2 ਭਾਗਾਂ ਵਿਚ ਪੜ੍ਹ ਆਏ ਹਨ ਇਸ ਤੀਜੇ ਭਾਗ ਵਿਚ ਸਾਰਾ ਕੁਝ ਨਵਾਂ ਹੀ ਪੇਸ਼ ਕਰਾਂਗਾ ।

ਭੂਤ ਪ੍ਰੇਤ ਕਪਟੀ ਸਾਧ

ਸੁਖਦੇਵ ਸਿੰਘ ਟਰਾਂਟੋ

ਗੁਰਬਾਣੀ ਵਿੱਚ ਗੁਰੂ ਤਾਂ ਫੁਰਮਾਉਂਦੇ ਹਨ :

ਹਿਰਦੈ ਜਿਨਕੈ ਕਪਟੁ ਵਸੈ, ਬਾਹਰਹੁ ਸੰਤ ਕਹਾਹਿ ।
ਗੁਰੂ ਸਦਾਏ ਅਗਿਆਨੀ ਅੰਧਾ, ਕਿਸੁ ਓਹੁ ਮਾਰਗਿ ਪਾਏ ॥

(ਅੰਕ ੪੯੧)

ਕੀ ਮਾਈ ਭਾਗੋ ਸੰਤ ਨਹੀਂ ਸੀ ?

ਜਿਹੜੇ ਲੋਕ ਆਪਣੇ ਆਪ ਨੂੰ ਸੰਤ ਲਿਖਦੇ ਹਨ, ਜਾਂ ਗੁਰੂ ਨਾਨਕ ਜਾਂ ਗੁਰੂਆਂ ਦਾ ਅਵਤਾਰ ਅਖਵਾਉਂਦੇ ਹਨ। ਇਹ ਤਾਂ ਪ੍ਰੇਤ ਹਨ, ਜਿਹੜੇ ਕਹਿੰਦੇ ਪ੍ਰੇਤ ਦਿਸਦੇ ਨਹੀਂ। ਜਿੰਨਿਆਂ ਦੇ ਮਰਜ਼ੀ ਦਰਸ਼ਨ ਕਰ ਲਉ। ਸੰਸਾਰ ਵਿੱਚ ਪ੍ਰੇਤ ਹੀ ਨੁਕਸਾਨ ਦਾ ਕਾਰਣ ਬਣਦੇ ਹਨ ।

1. ਮਾਇਆ ਮੋਹੁ ਪ੍ਰੇਤ ਹੈ, ਕਾਮੁ ਕਰੋਧੁ ਅਹੰਕਾਰਾ ॥

(ਅੰਕ ੫੧੩)

2. ਕਲਿ ਮਹਿ ਪ੍ਰੇਤ ਜਿਨੀ ਰਾਮ ਨਾ ਪਛਾਤਾ ਸਤਜੁਗਿ ਪਰਮ ਹੰਸ ਬੀਚਾਰੀ॥

(ਅੰਕ ੧੧੩੧)

ਇਸ ਲਈ ਇਹ ਪ੍ਰੇਤ ਹਨ ਜਿਹੜੇ ਆਪਣੇ ਆਪ ਨੂੰ ਸੰਤ ਲਿਖਦੇ ਹਨ। ਮੈਂ ਇੱਕ ਪ੍ਰੇਤ ਦੀ ਸੰਗਤ ਕੀਤੀ। ੧੯੯੫ ਤੋਂ ੨੦੦੦ ਸੰਨ ਤੱਕ। ਲੋੜ ਹੈ ਇਹਨਾਂ ਪ੍ਰੇਤਾਂ ਤੋਂ ਬਚਣ ਦੀ। ਇਹ ਸੰਗਤ ਦਾ ਬਹੁਤ ਨੁਕਸਾਨ ਕਰਦੇ ਹਨ। ਇੰਦਰਪਾਲ ਸਿੰਘ ਬਾਜਵਾ ਵਾਂਗ ਮੈਨੂੰ ਵੀ ਹਰਿਆਣੇ ਵਾਲੇ ਪ੍ਰੇਤ (ਸਾਧ) ਦੇ ਚੇਲਿਆਂ ਨੇ ਗਾਲਾਂ ਕੱਢੀਆਂ ।

ਇਕ ਸਿੱਖ ਨੌਜਵਾਨ ਦਾ ਅਨੋਖਾ ਸੁਪਨਾ

ਇਕ ਐਮ. ਏ ਪੜਿਆ ਸਿੱਖ ਨੌਜਵਾਨ ਇਕ ਰਾਤ ਸੁੱਤਾ ਪਿਆ ਸੀ ਰਾਤ ਨੂੰ ਇਕ ਸੁਪਨਾ ਦੇਖਦਾ ਹੈ। ਸੁਪਨੇ ਵਿਚ ਦਰਬਾਰ ਸਾਹਿਬ ਹਰਿਮੰਦਰ ਸਾਹਿਬ ਦਰਸ਼ਨ ਕਰਨ ਗਿਆ ਕੀ ਦੇਖਿਆ ਦਰਸ਼ਨੀ ਡਿਊੜੀ ਲਾਗੇ ਗੋਲ ਪੱਗ ਚਿੱਟੇ ਚੋਲੇ ਵਾਲਾ ਕਿਸੇ ਸਾਧ ਦਾ ਚੇਲਾ ਖੜਾ ਹੈ ਕਹਿੰਦਾ ਤੂੰ ਜਾ ਕੇ ਕਿਸੇ ਸੰਤ ਮਹੰਤ ਦਾ ਦਰਸ਼ਨ ਕਰ ਇਥੇ ਕੀ ਹੈ ਸੰਤ ਤਾਂ ਸਿਰ ਤੇ ਹੱਥ ਲਾ ਕੇ ਹੀ ਤਾਰ ਦਿੰਦੇ ਹਨ। ਗੁਰਬਾਣੀ ਗੁਰੂ ਦੀ ਤੈਨੂੰ ਸਮਝ ਨਹੀ ਆਉਣੀ। ਤੂੰ ਤਾਂ ਤਰਨਾ ਹੀ ਹੈ, ਸੱਚ ਖੰਡ ਹੀ ਜਾਣਾ ਹੈ ਨਾ ਇਹ ਤਾਂ ਸੰਤ ਨ੍ਹਿਗਾ ਨਾਲ ਹੀ ਸੱਚਖੰਡ ਭੇਜ ਦਿੰਦੇ ਹਨ ਗੁਰਬਾਣੀ ਪੜ੍ਹਨ ਵਿਚਾਰਨ ਮੰਨਣ ਦੀ ਕੀ ਲੋੜ ? ਸਿੱਖ ਨੌਜਵਾਨ ਕਹਿੰਦਾ ਨਹੀ ਮੈ ਤਾਂ

"ਗੁਰੂ ਗਰੰਥ ਸਾਹਿਬ ਜੀ" ਦੇ ਦਰਸ਼ਨ ਕਰਨੇ ਹਨ ਕਹਿੰਦੇ ਜੇ ਜਰੂਰੀ ਅੱਗੇ ਜਾਣਾ ਹੈ ਤਾਂ ਸਾਡੀ ਕੋਈ ਭੇਟਾ (ਵੱਢੀ) ਦੇਹ, ਸਿੱਖ ਨੌਜਵਾਨ ਦੀਆਂ ਜੇਬਾਂ ਫਰੋਲਣੀਆਂ ਸ਼ੁਰੂ ਕਰ ਦਿੱਤੀਆਂ। ਜਦੋਂ ਸਿੱਖ ਨੌਜਵਾਨ ਅੱਗੇ ਗਿਆ ਤਾਂ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਿਥੇ "ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਸੀ ਉਹ ਉਥੇ ਹੈ ਹੀ ਨਹੀ ਅਤੇ ਇਕ ਹੱਟਾ ਕੱਟਾ ਦੇਹਧਾਰੀ ਸੰਤ (ਸਾਧ) ਗੱਦੀ ਲਾਈ ਬੈਠਾ ਹੈ। ਇਕ ਦਮ ਚੀਖ ਨਿਕਲ ਗਈ ਇਹ ਮੱਸੇ ਰੰਘੜ ਫਿਰ ਕਿਥੋਂ ਆ ਗਿਆ ਸਿੱਖ ਨੌਜਵਾਨ ਦੀ ਅੱਖ ਖੁੱਲ੍ਹ ਗਈ ਅਗਲੇ ਦਿਨ ਹੀ ਲੋੜੀਂਦੀ ਸੇਵਾ ਵਾਸਤੇ ਕਮਰ ਕੱਸਾ ਕਰ ਲਿਆ।

ਐਸੇ ਸੰਤ ਨ ਮੋਕਉ ਭਾਵਹਿ

ਬਲਵਿੰਦਰ ਸਿੰਘ MA MFill . Bea(ਪਟਿਆਲਾ)

ਗੁਰੂ ਸਾਹਿਬ ਜੀ ਨੇ ਪ੍ਰਮਾਤਮਾ ਨੂੰ ਮਿਲਣ ਦਾ ਇਕੋ-ਇਕ ਤਰੀਕਾ ਮੂਲ-ਮੰਤਰ ਅੰਦਰ ਗੁਰੂ ਦੀ ਕ੍ਰਿਪਾ (ਗੁਰ ਪ੍ਰਸਾਦਿ) ਹੀ ਦੱਸਿਆ ਹੈ। ਇਸ ਲਈ ਗੁਰੂ ਵਾਸਤੇ 'ਸੰਤ' ਜਾਂ 'ਸੰਤਨ' ਸ਼ਬਦ ਬਾਣੀ ਅੰਦਰ ਬਹੁਤ ਜਗ੍ਹਾ ਆਇਆ ਹੈ, ਜਿਵੇ

'ਸੰਤਨ ਕੈ ਪਰਸਾਦਿ ਹਰਿ ਹਰਿ ਪਾਇਆ ਰਾਮ ॥

(ਪੰਨਾ ੫੪੩)

ਭਗਤ ਕਬੀਰ ਜੀ ਵੀ ਕਹਿ ਰਹੇ ਹਨ :

'ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ' ਰਾਮੁ ॥
ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥

(ਪੰਨਾ ੧੩੭੩)

ਕਬੀਰ ਜੀ ਸਮਝਾ ਰਹੇ ਹਨ ਕਿ ਰਾਮ (ਪ੍ਰਮਾਤਮਾ) ਮੁਕਤੀ ਦਾਤਾ ਹੈ ਅਤੇ (ਗੁਰੂ) ਨਾਮ ਜਪਾਉਂਦਾ ਹੈ, ਕਿਉਂਕਿ ਨਾਮ ਦੀ ਪ੍ਰਾਪਤੀ ਕੇਵਲ ਗੁਰੂ ਰਾਹੀ ਹੀ ਹੋ ਸਕਦੀ ਹੈ. ਜਿਵੇਂ :

'ਬਿਨੁ ਸਤਿਗੁਰ ਕੋ ਨਾਉ ਨ ਪਾਏ
ਪ੍ਰਭਿ ਐਸੀ ਬਣਤ ਬਣਾਈ ਹੇ ॥'

(ਪੰਨਾ ੧੦੪੬)

ਗੁਰਬਾਣੀ ਮੁਤਾਬਿਕ ਤਾਂ ਸਾਧ ਵੀ ਗੁਰੂ ਵਾਸਤੇ ਵਰਤਿਆ ਹੈ, ਫੁਰਮਾਣ ਹੈ :

'ਅੰਮ੍ਰਿਤ ਬਚਨ ਸਾਧ ਕੀ ਬਾਣੀ ॥'

ਇਥੇ ਵੀ ਗੁਰੂ ਸਾਹਿਬ ਕਿਸੇ ਭੇਖੀ ਪਾਖੰਡੀ ਦੀ ਬਾਣੀ ਦੀ ਗੱਲ ਨਹੀ ਕਰ ਰਹੇ ਬਲਕਿ 'ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ' (ਪੰਨਾ ੪੯੬) ਦੀ ਹੀ ਗੱਲ ਕਰ ਰਹੇ ਹਨ, ਕਿਉਂਕਿ ਸਤਿਗੁਰੂ ਬਾਝੋਂ ਤਾਂ ਸਾਰੀ ਹੀ ਬਾਣੀ ਕੱਚੀ ਹੈ, ਜਿਵੇਂ :

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥

ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥

ਕਹਦੇ ਕਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ ॥ (ਪੰਨਾ ੯੨੦)

ਗੁਰੂ ਸਾਹਿਬ ਜੀ ਨੇ ਕੱਚੀ ਬਾਣੀ ਸੁਣਨ ਤੇ ਪੜ੍ਹਨ ਵਾਲਿਆਂ ਦੋਹਾਂ ਨੂੰ ਹੀ ਕੱਚਾ ਦੱਸਿਆ ਹੈ, ਪ੍ਰੰਤੂ ਅਜੋਕੇ ਸੰਤ ਮਨਮਰਜ਼ੀ ਦੀਆਂ ਧਾਰਨਾਂ ਲਗਾ ਕੇ ਜੁੜੀ ਸੰਗਤ ਨੂੰ ਆਪਣੇ ਨਾਲ ਬੁਲਵਾ ਕੇ ਲੰਘ ਬਣਾਉਂਦੇ ਹਨ. ਜਦੋਂ ਕਿ ਇਨ੍ਹਾਂ ਦੀਆਂ ਧਾਰਨਾਂ ਦਾ ਆਧਾਰ ਕਿਤੇ ਵੀ ਸੰਗੀਤ ਜਾਂ ਰਾਗਮਈ ਨਹੀਂ ਹੁੰਦਾ। ਗੁਰੂ ਸਾਹਿਬਾਂ ਨੇ ਤਾਂ ਸਾਰੀ ਹੀ ਬਾਣੀ ਰਾਗਾਂ ਵਿਚ ਲਿਖੀ ਅਤੇ ਉਸੇ ਅਨੁਸਾਰ ਹੀ ਪ੍ਰਕਿਰਤੀ ਮੁਤਾਬਿਕ ਗਾਉਣ ਦਾ ਉਪਦੇਸ਼ ਦਿੱਤਾ, ਪਰ ਇਹਨਾਂ ਸੰਤਾਂ ਨੇ ਤਾਂ ਗੁਰੂ ਸਾਹਿਬ ਦੇ ਇਨ੍ਹਾਂ ਆਦੇਸ਼ਾਂ ਦੀ ਅਣਗਹਿਲੀ ਕਰਦੇ ਹੋਏ ਫਿਲਮੀ ਧੁਨਾਂ ਨੂੰ ਹੀ ਆਧਾਰ ਮਿਥ ਲਿਆ ਹੈ। ਪਿੱਛੇ ਜਿਹੇ ਇਕ ਵਾਰ ਮੈਨੂੰ (ਦਾਸ ਨੂੰ) ਇਕ ਅਜਿਹੇ ਹੀ ਸੰਤ ਜਿਨ੍ਹਾ ਦੀ ਸਿੱਖ ਸੰਗਤ ਵਿਚ ਅੱਜ ਬੜੀ ਮਹਿਮਾ ਮੰਨੀ ਜਾਂਦੀ ਹੈ, ਦਾ ਦੀਵਾਨ ਸੁਣਨ ਦਾ ਮੌਕਾ ਮਿਲਿਆ। ਉਹਨਾਂ ਦੀ ਇਕ ਧਾਰਨਾ ਇਥੇ ਇਸ ਸੰਦਰਭ ਵਿਚ ਵੇਖੀ ਜਾ ਸਕਦੀ ਹੈ, ਜਿਵੇਂ :

ਐਵੇਂ ਦਿਲ ਨਹੀ ਕਿਸੇ ਦਾ ਤੋੜੀ ਦਾ.
ਦਿਲਾਂ ਵਿਚ ਰੱਬ ਵੱਸਦਾ..................।

ਗੁਰੂ ਪਿਆਰਿਓ ! ਦੱਸੋ ਇਹ ਧਾਰਨਾ ਕਿਸ ਰਾਗ 'ਤੇ ਆਧਾਰਿਤ ਹੈ ? ਅਤੇ ਗੁਰੂ ਸਾਹਿਬਾਂ ਨੇ ਇਸ ਰਾਗ ਦੀ ਵਰਤੋਂ ਕਿਹੜੀ ਬਾਣੀ ਵਿਚ ਕੀਤੀ ਹੈ ? ਬੇਸ਼ਕ ਇਹ ਧਾਰਨਾ ਪੜ੍ਹਨ ਵਾਲੇ ਸੰਤ ਜੀ ਖੁਦ ਇਹ ਕਹਿ ਰਹੇ ਸਨ 'ਕੀ ਹੋਇਆ ਸਾਡੀਆਂ ਧਰਨਾਵਾਂ ਕੱਚੀਆਂ ਹਨ. ਪਰ ਜਿਸ ਗੁਰੂ ਜੀ ਨਾਲ ਅਸੀਂ ਤੁਹਾਨੂੰ ਜੋੜ ਰਹੇ ਹਾਂ ਉਹ ਤਾਂ ਪੱਕਾ ਗੁਰੂ ਹੈ।'

ਭੋਲੀਓ ਸੰਗਤੋ ! ਜਰਾ ਸੋਚੋ !! ਜੇ ਮਾਰਗ ਹੀ ਕੱਚਾ ਹੈ, ਸ਼ਬਦ ਹੀ ਕੱਚੇ ਹਨ. ਸਾਡੀ ਨੀਅਤ ਵੀ ਕੱਚੀ ਹੈ. ਤਾਂ ਅਸੀਂ ਆਪਣੇ ਪੱਕੇ ਗੁਰੂ ਨਾਲ ਕਿਵੇਂ ਮਿਲਾਂਗੇ ? ਜੇਕਰ ਮਾਰਗ ਹੀ ਕੱਚਾ ਹੋਵੇਗਾ ਤੇ ਉਸ ਮਾਰਗ ਤੇ ਸਾਡੀ ਅਗਵਾਈ ਕਰਨ ਵਾਲਾ ਵੀ ਕੱਚਾ ਹੋਵੇਗਾ ਤਾਂ ਮੰਜ਼ਿਲ ਤੇ ਕਿਵੇਂ ਪਹੁੰਚਿਆ ਜਾਵੇਗਾ। ਪੰਜਾਬੀ ਦੇ ਸ਼ਾਹਕਾਰ ਕਿੱਸਾਕਾਰ ਵਾਰਿਸ ਦਾ ਕਥਨ ਹੈ :

ਅੰਨ੍ਹਾ ਮੋਹਰੀ ਲਾਇਆ ਕਾਫ਼ਲੇ ਦਾ.
ਲੁਟਵਾਇਸੀ ਸਾਥ ਦਿਆਂ ਚਾਲੂਆਂ ਨੂੰ।

(ਕਿੱਸਾ ਹੀਰ ਵਾਰਿਸ)

ਸੋ ਅਸੀਂ ਵੇਖਿਆ ਹੈ ਕਿ ਗੁਰਮਤਿ ਅੰਦਰ ਸਾਧ, ਸੰਤ ਅਤੇ ਬ੍ਰਹਮਗਿਆਨੀ ਆਦਿ ਸ਼ਬਦਾਂ ਦੀ ਵਰਤੋਂ ਪਾਰਬ੍ਰਹਮ ਪ੍ਰਮਾਤਮਾ ਅਥਵਾ ਉਸਦਾ ਭੇਦ ਜਾਣ ਚੁੱਕੇ ਪਰਮ ਮਨੁੱਖ ਲਈ ਕੀਤੀ ਗਈ ਹੈ ਅਤੇ ਜਿਸ ਦੀ ਸ਼ੋਭਾ ਨੂੰ ਜਾਨਣਾ ਵੀ ਕਿਸੇ ਆਮ ਵਿਅਕਤੀ ਦੇ ਵੱਸ ਦੀ ਗੱਲ ਨਹੀ ਬਲਕਿ **'ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ'** ਦੀ ਤੁਕ ਅਨੁਸਾਰ ਬ੍ਰਹਮਗਿਆਨੀ ਦੂਸਰੇ ਬ੍ਰਹਮਗਿਆਨੀ

ਦਾ ਭੇਦ ਪਾ ਸਕਦਾ ਹੈ, ਪ੍ਰੰਤੂ ਅਜਕਲ੍ਹ ਸਾਨੂੰ ਆਪਣੇ ਆਲੇ-ਦੁਆਲੇ ਅੰਦਰ ਇਨ੍ਹਾਂ ਸਬਦਾਂ ਦੀ ਵਰਤੋਂ ਏਨੀ ਆਮ ਜਿਹੀ ਮਿਲਦੀ ਹੈ ਕਿ ਚਾਰ ਕੁ ਚੇਲੇ ਨਾਲ ਲੈ ਕੇ ਲੰਬੇ ਚੋਲੇ ਵਾਲੇ ਵਿਹਲੜ ਆਪਣੇ ਨਾਮ ਅੱਗੇ ਸੰਤ. ਬ੍ਰਹਮਗਿਆਨੀ ਆਦਿ ਸ਼ਬਦ ਲਗਾਈ ਫਿਰਦੇ ਹਨ. ਪ੍ਰੰਤੂ ਇਹਨਾਂ ਨੂੰ ਖ਼ੁਦ ਗੁਰਮਤਿ ਅਨੁਸਾਰ ਸੰਤ ਦੀ ਮਹਿਮਾ ਦਾ ਵੀ ਗਿਆਨ ਨਹੀ ਹੁੰਦਾ ਬਲਕਿ ਇਹ ਤਾਂ ਆਪਣੇ ਬਾਹਰੀ ਭੇਖ ਅਤੇ ਚੇਲਿਆਂ ਦੀ ਵਾਹਵਾ 'ਤੇ ਖ਼ੁਸ਼ ਹੋ ਕੇ ਹੀ ਆਪਣੇ ਆਪ ਨੂੰ ਸੰਤ ਆਖੀ ਜਾ ਰਹੇ ਹਨ। ਇਹਨਾਂ ਅਖੌਤੀ ਸੰਤਾ ਦੀ ਉਮਰ ਦਾ ਵੀ ਕੋਈ ਟਿਕਾਣਾ ਨਹੀ ਹੁੰਦਾ। 10-15 ਸਾਲ ਦੀ ਉਮਰ ਤੋਂ ਲੈ ਕੇ ਹਰ ਉਮਰ ਦਾ ਵਿਅਕਤੀ ਸੰਤ ਦੇ ਰੂਪ ਵਿਚ ਵੇਖਣ ਨੂੰ ਮਿਲੇਗਾ। ਕਈ ਸੰਤਾਂ ਨੇ ਤਾਂ ਅਜਕਲ੍ਹ 'ਸੰਤ' ਦੀ ਡਿਗਰੀ ਅੰਦਰ ਵੀ ਊਚ-ਨੀਚ ਪੈਦਾ ਕਰ ਦਿੱਤੀ ਹੈ। ਭਾਵੇਂ ਸਾਨੂੰ ਗੁਰੂ ਅਰਜਨ ਸਾਹਿਬ ਨੇ ਪੂਰਨ ਅਤੇ ਅਪੂਰਨ ਦਾ ਭੇਦ ਨਹੀ ਸੀ ਦੱਸਿਆ ਅਤੇ ਸੰਤ ਦੀ ਮਹਿਮਾ ਇੰਨੀ ਵਿਸ਼ਾਲ ਦੱਸੀ ਹੈ ਜੋ ਕਿ ਪਾਰਬ੍ਰਹਮ ਤੋਂ ਘੱਟ ਨਹੀਂ ਸੀ, ਪ੍ਰੰਤੂ ਅਜੋਕੇ ਭੇਖੀ ਸੰਤਾਂ ਨੂੰ ਇਸਦੀ ਪੂਰਨ ਸੋਝੀ ਹੈ। ਮਿਸਾਲ ਵਜੋਂ ਅੱਜ ਕਈ ਸੰਤਾਂ ਦੇ ਨਾਮ ਅੱਗੇ ਪੂਰਨ ਬ੍ਰਹਮ-ਗਿਆਨੀ, ਪਰਮ ਸੰਤ. ਮਹਾਂ ਤਪੱਸਵੀ. ਮਹਾਯੋਗੀ ਸ੍ਰੀ ਮਾਨ ਸੰਤ ਬਾਬਾ.........ਸਿੰਘ ਜੀ ੧੦੦੮ ਆਦਿ ਲਗਾਇਆ ਗਿਆ ਮਿਲਦਾ ਹੈ। ਭੋਲੀਓ ਸੰਗਤੋ! ਜੇਕਰ ਕੋਈ ਪੁੱਛਣ ਵਾਲਾ ਹੋਵੇ ਤਾਂ ਕੀ ਅਜੋਕੇ ਸੰਤ ਗੁਰਮਤਿ ਅੰਦਰ ਦੱਸੇ ਗਏ ਸੰਤ ਦੇ ਲੱਛਣਾਂ ਨੂੰ ਵੀ ਉਲੰਘ ਗਏ ਹਨ ? ਜੋ ਇਹ ਆਪਣੇ ਨਾਮ ਅੱਗੇ ਪੂਰਨ ਜਾਂ ਪਰਮ ਸੰਤ ਲਗਾਉਣ ਲੱਗ ਪਏ ਹਨ. ਕੀ ਇਹ ਪਹਿਲੇ ਸੰਤ (ਗੁਰੂ) ਅਧੂਰੇ ਹਨ. ਜਿਹੜੀ ਕਸਰ ਇਹ ਅਖੌਤੀ/ਪਾਖੰਡੀ ਬਾਬੇ ਪੂਰੀ ਕਰ ਰਹੇ ਹਨ ? ਜਦੋਂ ਕਿ ਗੁਰਮਤਿ ਅੰਦਰ ਤਾਂ ਸੰਤ ਦੀ ਮਹਿਮਾ ਨੂੰ ਹੀ ਪਹੁੰਚਣਾ ਕਠਿਨ ਹੀ ਨਹੀ. ਬਲਕਿ ਅਸੰਭਵ ਵੀ ਹੈ। ਗੁਰੂ ਸਾਹਿਬਾਨ ਨੇ ਵੀ ਆਪਣੇ ਨਾਮ ਜਾਂ ਆਪਣੇ ਕਿਸੇ ਗੁਰਸਿੱਖ ਦੇ ਨਾਮ ਅੱਗੇ ਸੰਤ ਨਹੀ ਲਗਾਇਆ ਜਾਂ ਸੰਤ ਸ਼ਬਦ ਦੀ ਵਰਤੋਂ ਨਹੀ ਕੀਤੀ ਬਲਕਿ 'ਭਾਈ' ਜਾਂ 'ਗੁਰਸਿੱਖ' ਸ਼ਬਦ ਹੀ ਵਰਤਿਆ ਗਿਆ ਹੈ।

ਇਤਿਹਾਸ ਗਵਾਹ ਹੈ ਕਿ ਗੁਰੂ ਘਰ ਦੀ ਸੇਵਾ ਕਰਦਿਆ ਲੋਕ ਭਲਾਈ ਦਾ ਪ੍ਰਚਾਰ ਕਰਦਿਆਂ ਗੁਰੂ ਸਾਹਿਬਾਂ ਦੇ ਦਰਸਾਏ ਗਏ ਮਾਰਗ ਤੋਂ ਚੱਲਣ ਵਾਲੇ ਸ਼ਹੀਦਾਂ ਸੇਵਕਾਂ ਜਾਂ ਖੁਦ ਗੁਰੂਆ ਨੂੰ ਜਿਨ੍ਹਾਂ ਨੂੰ ਬਾਅਦ ਵਿਚ ਗੁਰਗੱਦੀ ਪ੍ਰਦਾਨ ਕੀਤੀ ਗਈ.ਦੇ ਅੱਗੇ ਸੰਤ ਸ਼ਬਦ ਆਦਿ ਨਹੀ ਵਰਤਿਆ ਗਿਆ। ਗੁਰੂ ਨਾਨਕ ਦੇਵ ਜੀ ਨਾਲ ਕੋਈ ਅੱਧੀ ਸਦੀ ਰਹਿ ਕੇ ਰਬਾਬੀ ਦੀ ਸੇਵਾ ਕਰਦਿਆਂ ਦੇਸ਼ਾਂ, ਦੇਸ਼ਾਤਰਾਂ ਵਿਚ ਘੁੰਮਣ ਦਾ ਮਾਣ ਹਾਸਿਲ ਕਰਨ ਵਾਲੇ ਰਬਾਬੀ ਮਰਦਾਨਾਂ ਨੂੰ ਅਸੀ ਸਤਿਕਾਰ ਵਜੋਂ 'ਭਾਈ' ਸ਼ਬਦ ਨਾਲ ਹੀ ਸੰਬੋਧਿਤ ਹੁੰਦੇ ਹਾਂ। ਗੁਰੂ ਅਰਜਨ ਦੇਵ ਜੀ ਦੇ ਸਮੇਂ ਜਿਸ ਗੁਰਸਿੱਖ ਭਾਈ ਗੁਰਦਾਸ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਸਰੂਪ ਲਿਖਣ ਦੀ ਸੇਵਾ ਨਿਭਾਈ ਨੂੰ ਵੀ ਅਸੀ ਸਤਿਕਾਰ ਵਜੋਂ 'ਭਾਈ' ਸ਼ਬਦ ਨਾਲ ਹੀ ਸੰਬੋਧਿਤ ਕਰਦੇ ਹਾਂ। ਬਾਬਾ ਬੁੱਢਾ ਜੀ ਜਿਨ੍ਹਾਂ ਨੇ ਪੰਜ ਗੁਰੂ ਸਾਹਿਬਾਨਾਂ ਨੂੰ ਆਪਣੀ ਹੱਥੀਂ

ਗੁਰਗੱਦੀ ਪ੍ਰਦਾਨ ਕਰਨ ਦੀ ਰਸਮ ਅਦਾ ਕੀਤੀ ਅਤੇ ਜਿਹਨਾਂ ਨੂੰ 'ਆਦਿ ਗ੍ਰੰਥ'- ਦਾ ਪਹਿਲਾ ਗ੍ਰੰਥੀ ਹੋਣ ਦਾ ਮਾਣ ਵੀ ਹਾਸਿਲ ਹੈ, ਉਹਨਾਂ ਨੇ ੧੧੦ ਸਾਲ ਕੌਮ ਦੀ ਸੇਵਾ ਕੀਤੀ ਨੂੰ ਵੀ ਅਸੀ ਬਜ਼ੁਰਗ ਹੋਣ ਕਰਕੇ 'ਬਾਬਾ' ਸ਼ਬਦ ਨਾਲ ਸੰਬੋਧਿਤ ਹੁੰਦੇ ਹਾਂ। ਇਸੇ ਤਰ੍ਹਾਂ ਹੀ ਉਹ ਮਹਾਨ ਗੁਰਸਿੱਖ ਜਿਨ੍ਹਾਂ ਗੁਰੂ ਘਰ ਦੀ ਸੰਗਤ ਤੇ ਲੰਗਰ ਦੀ ਸੇਵਾ ਕੀਤੀ ਤੇ ਤਨ, ਮਨ, ਧਨ ਤੋਂ ਗੁਰੂ ਘਰ ਦੀ ਸੇਵਾ ਵੀ ਕੀਤੀ ਤੇ ਧਰਮ ਦੇ ਸੱਚੇ ਮਾਰਗ ਤੇ ਚਲਦਿਆਂ ਸ਼ਹੀਦੀਆਂ ਵੀ ਪ੍ਰਾਪਤ ਕੀਤੀਆਂ ਜਿਵੇਂ ਭਾਈ ਮੰਝ ਜੀ. ਭਾਈ ਮਤੀ ਦਾਸ. ਭਾਈ ਸਤੀ ਦਾਸ. ਭਾਈ ਦਿਆਲਾ ਜੀ. ਭਾਈ ਜੈਤਾ (ਜੀਵਨ ਸਿੰਘ) ਭਾਈ ਲੱਖੀ ਸ਼ਾਹ. ਭਾਈ ਮੱਖਣ ਸ਼ਾਹ. ਆਦਿ ਸਭ ਨੂੰ ਅਸੀ ਸਤਿਕਾਰ ਵਜੋਂ 'ਭਾਈ' ਸ਼ਬਦ ਨਾਲ ਹੀ ਸਤਿਕਾਰਦੇ ਹਾਂ। ਖੰਡੇ ਬਾਟੇ ਦਾ ਸਭ ਤੋਂ ਪਹਿਲਾਂ ਅੰਮ੍ਰਿਤ ਛਕਣ ਤੇ ਸੀਸ ਵੱਟੇ ਸਿੱਖੀ ਲੈਣ ਵਾਲੇ ਪੰਜ ਪਿਆਰਿਆਂ ਭਾਈ ਦਯਾ ਸਿੰਘ. ਭਾਈ ਧਰਮ ਸਿੰਘ. ਭਾਈ ਮੋਹਕਮ ਸਿੰਘ. ਭਾਈ ਸਾਹਿਬ ਸਿੰਘ. ਭਾਈ ਹਿੰਮਤ ਸਿੰਘ. ਜਿਨ੍ਹਾਂ ਨੇ ਧਰਮ ਯੁਧਾਂ ਵਿਚ ਅਤਿਅੰਤ ਬਹਾਦਰੀ ਵਿਖਾਈ. ਨੂੰ ਵੀ ਅਸੀਂ ਸਤਿਕਾਰ ਵਜੋਂ 'ਭਾਈ' ਸ਼ਬਦ ਨਾਲ ਮੁਖਾਤਿਬ ਹੁੰਦੇ ਹਾਂ। ਗੁਰਦੁਆਰਾ ਹਰਿਮੰਦਰ ਸਾਹਿਵ ਦੀ ਬੇ-ਅਦਬੀ ਕਰਨ ਵਾਲੇ ਮੱਸੇ ਰੰਘੜ ਦਾ ਸਿਰ ਲਿਆਉਣ ਵਾਲੇ ਬਹਾਦਰ ਸੂਰਬੀਰਾਂ ਨੂੰ ਵੀ ਅਸੀ ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਕਹਿੰਦੇ ਹਾਂ. ਜਿਨ੍ਹਾਂ ਸਿੱਖ ਧਾਰਮਿਕ ਅਸਥਾਨਾਂ ਦੀ ਬੇ-ਅਦਬੀ ਤੇ ਰਹਿਤ ਮਰਿਯਾਦਾ ਨੂੰ ਭੰਗ ਕਰਨ ਵਾਲੇ ਦੁਸ਼ਟ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ। ਉਹ ਮਹਾਨ ਗੁਰਸਿੱਖ ਵਿਦਵਾਨ ਜਿਸਨੇ ਆਪਣੇ ਹੱਥੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਨੂੰ ਲਿਖਣ ਦੀ ਸੇਵਾ ਕੀਤੀ (ਕਿਉਂਕਿ ਉਸ ਸਮੇਂ ਛਾਪੇਖਾਨੇ ਦੀ ਕਾਢ ਨਹੀ ਸੀ ਤੇ ਉਤਾਰਾ ਹੱਥੀਂ ਹੀ ਕੀਤਾ ਜਾਂਦਾ ਸੀ) ਅਤੇ ਧਰਮ ਦੇ ਰਾਹ ਚਲਦਿਆਂ ਆਪਣੇ ਸੱਤ ਭਰਾਵਾਂ ਤੇ ਗਿਆਰਾਂ ਪੁੱਤਰਾਂ ਨੂੰ ਸਿੱਖੀ ਵੱਲ ਪ੍ਰੇਰ ਕੇ ਸ਼ਹੀਦ ਕਰਵਾਇਆ। ਇਥੇ ਹੀ ਬਸ ਨਹੀ ਸਗੋਂ ਖੁਦ ਆਪਣਾ ਵੀ ਬੰਦ-ਬੰਦ ਕਟਵਾ ਕੇ ਸ਼ਹੀਦ ਹੋਇਆ. ਨੂੰ ਭਾਈ ਮਨੀ ਸਿੰਘ ਕਹਿੰਦੇ ਹਾਂ। ਭਾਈ ਤਾਰੂ ਸਿੰਘ ਜਿਸਨੇ ਆਪਣੇ ਸਿੱਖੀ ਧਰਮ 'ਤੇ ਚਲਦਿਆ ਖੋਪਰੀ ਤੱਕ ਲੁਹਾ ਦਿੱਤੀ ਨੂੰ ਵੀ ਅਸੀਂ ਸਤਿਕਾਰ ਵਜੋਂ 'ਭਾਈ' ਸ਼ਬਦਾਂ ਨਾਲ ਸੰਬੋਧਿਤ ਕਰਦੇ ਹਾਂ। ਉਹ ਮਹਾਨ ਜਰਨੈਲ, ਜਿਸਨੇ ਆਪਣੇ ਚਾਰ ਸਾਲ ਦੇ ਬੱਚੇ ਅਜੈ ਸਿੰਘ ਦੀਆਂ ਆਂਦਰਾਂ ਜਿੱਤ ਦਾ ਹਾਰ ਸਮਝ ਕੇ ਆਪਣੇ ਗਲ ਪਵਾਈਆਂ. ਨੂੰ ਸਤਿਕਾਰ ਵਜੋਂ ਬਾਬਾ ਬੰਦਾ ਸਿੰਘ ਬਹਾਦਰ ਕਹਿ ਕੇ ਪੁਕਾਰਦੇ ਹਾਂ। ਮਹਾਨ ਵਿਦਵਾਨ ਤੇ ਭਗਤੀ ਵਿਚੋਂ ਸ਼ਕਤੀ ਪ੍ਰਾਪਤ ਕਰਨ ਵਾਲਾ ਯੋਧਾ ਜਿਸ ਨੇ ਚਾਰ ਬੀੜਾਂ ਆਪਣੇ ਹੱਥੀ ਲਿਖ ਕੇ ਚਾਰ ਤਖ਼ਤਾਂ ਤੇ ਪਹੁੰਚਾਈਆਂ ਤੇ ਜਿਸਨੇ 78 ਸਾਲਾ ਦੀ ਬਿਰਧ ਅਵਸਥਾ ਵਿਚ ਵੀ 18 ਸੇਰ ਦਾ ਖੰਡਾ ਮੈਦਾਨੇ ਜੰਗ ਵਿਚ ਖੜਕਾਇਆ. ਜਿਸ ਬਹਾਦਰੀ ਦੀ ਮਿਸਾਲ ਦੁਨੀਆਂ ਦੇ ਕਿਸੇ ਇਤਿਹਾਸ ਵਿਚ ਨਹੀਂ ਮਿਲਦੀ, ਨੂੰ ਵੀ ਅਸੀਂ ਬਾਬਾ ਦੀਪ ਸਿੰਘ ਜੀ ਸ਼ਹੀਦ ਕਹਿ ਕੇ ਪੁਕਾਰਦੇ ਹਾਂ। ਗੱਲ ਕੀ ਪੰਜਾਬ ਦੀ ਧਰਤੀ ਦਾ ਤਾਂ ਚੱਪਾ-ਚੱਪਾ ਸ਼ਹੀਦਾਂ ਦੀ ਦਾਸਤਾਨ

ਦੱਸਦਾ ਹੈ। ਸਿੱਖ ਕੌਮ ਦੀ ਤਾਂ ਬੁਨਿਆਦ ਹੀ ਸ਼ਹੀਦਾਂ ਦੀਆਂ ਹੱਡੀਆ ਉਤੇ ਉਸਰੀ ਹੋਈ ਹੈ। ਗੁਰੂ ਸਾਹਿਬਾਨ ਦੇ ਸਮੇਂ ਤੇ ਉਸ ਤੋਂ ਬਾਅਦ ਵੀ ਸ਼ਬਦ-ਗੁਰੂ 'ਗੁਰੂ' ਗ੍ਰੰਥ ਸਾਹਿਬ ਜੀ ਤੋਂ ਪ੍ਰੇਰਨਾ ਲੈਂਦੇ ਹੋਏ 18 ਵੀਂ ਸਦੀ ਦੇ ਸਿੱਖ ਯੋਧਿਆਂ ਦੀ ਲਾਸਾਨੀ ਦੀ ਬਹਾਦਰੀ ਵੱਡਾ ਘੱਲੂਘਾਰਾ, ਸਾਕਾ ਨਨਕਾਣਾ ਸਾਹਿਬ, ਕੂਕਾ ਲਹਿਰ, ਅਕਾਲੀ ਲਹਿਰ ਆਦਿ ਦੌਰਾਨ ਅਨੇਕਾਂ ਗੁਰਸਿੱਖ ਸ਼ਹੀਦ ਹੋਏ ਹਨ : ਜੋ ਧਰਮ ਅਤੇ ਸਿੱਖੀ ਦੀ ਰੱਖਿਆ ਲਈ ਸ਼ਹੀਦ ਹੋਏ : ਸਭ ਨੂੰ ਅਸੀ ਮਾਣ.ਸਤਿਕਾਰ ਵਜੋਂ ਭਾਈ ਜੀ ਜਾਂ ਬਜੁਰਗ ਹੋਣ ਕਰਕੇ ਬਾਬਾ ਜੀ ਪੁਕਾਰਦੇ ਹਾਂ : ਇਥੋਂ ਤੱਕ ਕਿ ਗੁਰੂ ਸਾਹਿਬਾਨ ਦੇ ਨਾਵਾਂ ਨਾਲ ਵੀ ਗੁਰਗੱਦੀ ਪ੍ਰਾਪਤੀ ਤੋਂ ਪਹਿਲਾਂ ਕਿਸੇ ਨਾਲ ਵੀ ਸੰਤ ਸ਼ਬਦ ਨਹੀ ਮਿਲਦਾ। ਜੇਕਰ ਕੋਈ ਨਾਮ ਮਿਲਦਾ ਹੈ ਤਾਂ ਉਹ ਗਰੁਸਿੱਖ ਹੀ ਮਿਲਦਾ ਹੈ. ਜਿਸ ਦੀ ਸਾਖੀ ਨੂੰ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਦਰਜ ਕੀਤਾ ਹੈ, ਜਿਵੇਂ :

ਸਤਿਗੁਰ ਨਾਨਕ ਦੇਉ ਆਪੁ ਉਪਾਇਆ ।
ਗੁਰ ਅੰਗਦੁ ਗੁਰਸਿੱਖੁ ਬਬਾਣੇ ਆਇਆ ।
ਗੁਰਸਿੱਖੁ ਹੈ ਗੁਰ ਅਮਰੁ ਸਤਿਗੁਰ ਭਾਇਆ ।
ਰਾਮਦਾਸੁ ਗੁਰਸਿਖੁ ਗੁਰੁ ਸਦਵਾਇਆ ।
ਗੁਰੁ ਅਰਜਨੁ ਪਰਗਟੀ ਆਇਆ ।
ਗੁਰਸਿਖੁ ਹਰਿਗੋਬਿੰਦ ਨ ਲੂਕੇ ਲੁਕਾਇਆ ॥੧॥

(ਭਾਈ ਗੁਰਦਾਸ ਵਾਰ ੨੦ ਪਉੜੀ ੧)

ਗੱਲ ਕੀ, ਗੁਰਮਤਿ ਅੰਦਰ ਸੰਤ ਅਤੇ ਬ੍ਰਹਮਗਿਆਨੀ ਦੀ ਸ਼ੋਭਾ ਇੰਨੀ ਮਹਾਨ ਤੇ ਉੱਚੀ ਹੈ ਕਿ ਜਿਸ ਨੂੰ ਪਹੁੰਚਣਾ ਸੰਭਵ ਪ੍ਰਤੀਤ ਨਹੀ ਹੁੰਦਾ, ਜਿਵੇ :

ਜਿਨਾ ਸਾਸਿ ਗਿਰਾਸਿ ਨ ਵਿਸਰੈ
ਹਰਿ ਨਾਮਾ ਮਨਿ ਮੰਤ ॥
ਧੰਨੁ ਸਿ ਸੇਈ ਨਾਨਕ ਪੂਰਨੁ ਸੋਈ ਸੰਤੁ ॥

(ਪੰਨਾ ੩੧੯)

ਇਸ ਤਰ੍ਹਾਂ ਗਰਸਿੱਖੀ ਦਾ ਮਾਰਗ ਸੁਖਾਲਾ ਨਹੀ, ਪ੍ਰੰਤੂ ਅੱਜ ਹਰ ਕੋਈ ਹੀ ਆਪਣੇ ਨਾਮ ਨਾਲ ਸੰਤ ਲਗਾਈ ਫਿਰਦਾ ਹੈ। ਭੇਖੀ, ਪਾਖੰਡੀ ਸਾਧੂ, ਕਾਰ ਸੇਵਾ ਵਾਲੇ ਸੰਤ, ਨਿਰੰਕਾਰੀ, ਡੇਰੇਦਾਰ, ਦੇਹਧਾਰੀ ਗੁਰੂ, ਰੂਪੀ ਸੰਤ, ਰਾਧਾ ਸੁਵਾਮੀ ਆਦਿ ਪਤਾ ਨਹੀ ਕਿੰਨੇ ਕੁ ਸੰਤ ਮਿਲਦੇ ਹਨ। ਚਲੋ. ਉਹਨਾਂ ਸੰਤਾਂ ਦੀ ਗੱਲ ਤਾਂ ਛੱਡੋ. ਜਿਹੜੇ ਗੁਰੂ ਗ੍ਰੰਥ ਸਾਹਿਬ ਤੋਂ ਵੱਖਰੇ ਰੂਪ ਵਿਚ ਕਿਸੇ ਦੇਹਧਾਰੀ ਗੱਦੀ ਦੇ ਰੂਪ ਵਿਚ ਸੰਤ ਅਖਵਾਉਂਦੇ ਹਨ. ਪਰ 'ਗੁਰੂ ਗ੍ਰੰਥ ਸਾਹਿਬ' ਨੂੰ ਗੁਰੂ ਮੰਨਣ ਵਾਲੇ ਲੋਕ ਰਾਗੀ, ਢਾਡੀ, ਡੇਰੇਦਾਰ ਵਿਅਕਤੀ/ਬਾਬੇ ਵੀ ਸੰਤ ਨੂੰ ਵੇਖੋ-ਵੇਖੀ ਵਰਤੀ ਜਾ ਰਹੇ ਹਨ। ਪ੍ਰੰਤੂ ਹੈਰਾਨੀ ਦੀ ਗੱਲ ਹੈ ਕਿ ਇਹ ਸੰਤ ਪਤਾ ਨਹੀ ਆਪਣੇ ਸੰਤ ਹੋਣ ਦੀ ਡਿਗਰੀ ਕਿਸ ਸੰਤ ਮਹਾਂਪੁਰਸ਼ ਜਾਂ ਯੂਨੀਵਰਸਟੀ/ਅਦਾਰੇ ਆਦਿ ਤੋਂ ਲੈ ਕੇ ਆਉਂਦੇ ਹਨ,

ਜਿਨ੍ਹਾਂ ਨੂੰ ਕੋਈ ਪੁੱਛਦਾ ਹੀ ਨਹੀ। ਈਸਾਈ ਧਰਮ ਅੰਦਰ ਜਿਸ ਵਿਅਕਤੀ ਨੂੰ 'ਸੰਤ' (Saint) ਦੀ ਉਪਾਧੀ ਦਿੱਤੀ ਜਾਂਦੀ ਹੈ, ਉਸਦੀ ਇਕ ਖਾਸ ਪ੍ਰਕਿਰਿਆ ਹੈ। ਪਹਿਲਾਂ ਧਾਰਮਿਕ ਮਹਾਂਪੁਰਸ਼ਾਂ ਵਲੋਂ ਉਸਦੇ ਸੰਤ ਹੋਣ ਸਬੰਧੀ ਵਿਸ਼ਲੇਸ਼ਣ ਤੇ ਪੁਸ਼ਟੀ ਕੀਤੀ ਜਾਂਦੀ ਹੈ ਅਤੇ ਬਾਅਦ ਵਿਚ ਇਕ ਵੱਡੇ ਇਕੱਠ ਦੌਰਾਨ ਈਸਾਈਆਂ ਦੇ ਪਰਮ ਪਾਦਰੀ/ਸੰਤ ਵੱਲੋ ਉਸ ਵਿਅਕਤੀ ਦੇ ਨਾਮ ਅੱਗੇ ਸੰਤ ਜੋੜਨ ਦੀ ਖੁਲ ਪ੍ਰਦਾਨ ਕੀਤੀ ਜਾਂਦੀ ਹੈ, ਪਰ ਸਾਡੇ ਸਿੱਖ ਧਰਮ ਦੇ ਸੰਤਾਂ ਨੂੰ ਤਾਂ ਅਜਿਹੀ ਕਿਸੇ ਵੀ ਪ੍ਰਕਿਰਿਆ ਵਿਚੋਂ ਨਹੀਂ ਗੁਜ਼ਰਨਾ ਪੈਦਾ ਬਲਕਿ ਆਪਣੇ ਡੇਰੇ ਦੇ ਬਾਹਰ ਆਪੇ ਹੀ ਬੈਨਰ ਜਾਂ ਬੋਰਡ ਵਗੈਰਾ ਲਗਾ ਕੇ ਹੀ ਆਪਣੇ ਸੰਤ ਹੋਣ ਦਾ ਐਲਾਨ ਕਰ ਦਿੱਤਾ ਜਾਂਦਾ ਹੈ। ਸਿੱਖਾਂ ਦੀ ਸਰਬ-ਉੱਚ ਸੰਸਥਾ ਅਕਾਲ ਤਖਤ ਵੱਲੋ ਇਸ ਤਰ੍ਹਾਂ ਦੀ ਡਿਗਰੀ ਕਿਸੇ ਵਿਅਕਤੀ ਨੂੰ ਨਹੀ ਦਿੱਤੀ ਗਈ, ਪ੍ਰੰਤੂ ਹੈਰਾਨੀ ਦੀ ਗੱਲ ਹੈ ਕਿ ਇਸ ਸੰਸਥਾ ਵਲੋਂ 'ਸੰਤ' ਸ਼ਬਦ ਦੀ ਵਰਤੋ ਕਰਨ ਵਾਲੇ ਵਿਅਕਤੀਆਂ ਨੂੰ ਕਦੇ ਨੱਥ ਨਹੀਂ ਪਾਈ ਗਈ। ਇਥੋਂ ਤਕ 12 ਸਿੱਖਾਂ ਦੀ ਕੱਟੜ ਸੰਪਰਦਾ ਦਮਦਮੀ ਟਕਸਾਲ ਨੇ ਵੀ ਹੁਣ ਕਈ ਵਿਅਕਤੀਆਂ ਦੇ ਨਾਮ ਨਾਲ ਸੰਤ ਸ਼ਬਦ ਲਾਉਣਾ ਸ਼ੁਰੂ ਕਰ ਦਿਤਾ ਹੈ। ਪ੍ਰੰਤੂ ਉਪਰੋਕਤ ਵਿਸ਼ਲੇਸ਼ਣ ਵਿਚ ਗੁਰਮਤਿ ਸੰਤ ਅਤੇ ਗੁਰੂ ਇਤਿਹਾਸ ਵਿਚ ਸਿੱਖ ਧਰਮ ਦੇ ਪ੍ਰਚਾਰ ਅਤੇ ਰੱਖਿਆ ਲਈ ਯੋਗਦਾਨ ਪਾਉਣ ਵਾਲੇ ਗੁਰਸਿੱਖਾਂ ਦਾ ਜੋ ਸੰਖੇਪ ਇਤਿਹਾਸ ਪ੍ਰਸਤੁਤ ਕੀਤਾ ਗਿਆ ਹੈ. ਉਹਨਾਂ ਅੰਦਰ ਕਿਸੇ ਵੀ ਦੇਹਧਾਰੀ ਮਨੁੱਖ ਨੂੰ ਸੰਤ ਸ਼ਬਦ ਨਾਲ ਸੰਬੋਧਨ ਨਹੀ ਕੀਤਾ ਗਿਆ. ਬਲਕਿ ਭਾਈ. ਬਾਬਾ ਗੁਰਸਿੱਖ ਸ਼ਬਦ ਹੀ ਵਰਤੋਂ ਵਿਚ ਆਏ ਹਨ, ਪ੍ਰੰਤੂ ਉਹ ਕਿਹੜੇ ਕਾਰਨ ਹਨ ? ਜਿਹਨਾਂ ਕਾਰਨ 20 ਵੀਂ ਸਦੀ ਦੇ ਦੋ ਪਦਾਰਥਵਾਦੀ ਯੁੱਗ ਵਿਚ ਸੰਤਾਂ ਦੀ ਇਕ ਦਮ ਭੀੜ ਹੀ ਕਿਧਰੋਂ ਆ ਗਈ ਨਜ਼ਰੀ ਆਉਂਦੀ ਹੈ। ਅਸਲ ਵਿਚ ਅੱਜ ਦੇ ਪਦਾਰਥਵਾਦੀ ਯੁੱਗ ਵਿਚ ਆਮ ਮਨੁੱਖੀ ਮਨ ਨੇ ਬਹੁਤ ਸਾਰੀਆਂ ਇਛਾਵਾਂ ਪਾਲੀਆਂ ਹੋਈਆਂ ਹਨ. ਜਿਨ੍ਹਾਂ ਦੀ ਪੂਰਤੀ ਇਸ ਮਹਿੰਗਾਈ ਯੁੱਗ ਵਿਚ ਨਾ ਪੂਰੀ ਹੋਣ 'ਤੇ ਮਨੁੱਖੀ ਮਨ ਦੀ ਭਟਕਣਾ ਵਧਦੀ ਹੈ। ਬੇਰੁਜ਼ਗਾਰੀ ਤੰਗ ਆਰਥਿਕਤਾ ਛੇਤੀ ਅਮੀਰ ਹੋਣ ਦੀ ਲਾਲਸਾ. ਲਾਇਲਾਜ ਬਿਮਾਰੀ ਅਤੇ ਆਪਣੇ ਕਿੱਤੇ ਵਿਚ ਅਸਫਲਤਾ ਜਿਹੀਆਂ ਸਮੱਸਿਆਵਾਂ ਹੋਣ ਕਰਕੇ ਤੰਗੀਆਂ, ਤੁਰਸ਼ੀਆਂ, ਚਿੰਤਾਵਾਂ ਆਦਿ ਵਿੱਚ ਘਿਰਿਆ ਮਨੁੱਖ ਇਹਨਾਂ ਦਾ ਚੁਟਕੀ ਨਾਲ ਹੱਲ ਹੋਣਾ ਲੋਚਦਾ ਹੈ. ਜਿਸ ਦੇ ਸਿਟੇ ਵਜੋਂ ਉਹ ਕੁਟੀਆ, ਡੇਰਿਆਂ ਤੇ ਹਰ ਧਾਰਮਿਕ ਸਥਾਨਾ 'ਤੇ ਬਾਬਿਆਂ, ਸਾਧਾਂ, ਸੰਤਾਂ, ਮਹਾਤਮਾਵਾਂ, ਯੋਗੀਆਂ ਆਦਿ ਕੋਲ ਜਾਣ ਲੱਗ ਪਿਆ ਹੈ। ਉਥੇ ਕਾਬਜ਼ ਡੇਰੇਦਾਰ, ਸਾਧਾਂ, ਸੰਤਾਂ. ਮਹੰਤਾਂ, ਬਾਬਿਆਂ ਆਦਿ ਦੇ ਚਤੁਰ ਦਿਮਾਗ ਨੇ ਅਗਿਆਨਤਾ ਵੱਸ ਭੁਲੇ-ਭਟਕੇ, ਬੇਸਮਝ ਭੋਲੇ-ਭਾਲੇ ਆਮ ਮਨੁੱਖ ਦੀ ਕਮਜ਼ੋਰੀ ਦਾ ਖੂਬ ਫਾਇਦਾ ਉਠਾਇਆ ਹੈ। ਸਿੱਟੇ ਵਜੋਂ ਸਾਧਾਂ ਸੰਤਾਂ ਦੀਆਂ ਡਾਰਾਂ ਬਣ ਗਈਆਂ ਹਨ ਤੇ ਜਿਨ੍ਹਾਂ ਦੀ ਅੱਜ ਹਰ ਛੋਟੇ ਵੱਡੇ ਸ਼ਹਿਰਾਂ, ਕਸਬਿਆਂ, ਪਿੰਡਾਂ ਅੰਦਰ ਭਗਵੇਂ ਚਿੱਟੇ ਜਾਂ ਕਿਸੇ ਹੋਰ ਖਾਸ ਕਿਸਮ ਦੇ ਬਾਣੇ ਵਿਚ ਭੀੜਾਂ ਨਜ਼ਰੀਂ ਆਉਂਦੀਆਂ

ਹਨ। ਪੰਜਾਬ ਦਾ ਭੂਗੋਲਿਕ ਖੇਤਰ ਅਜਿਹਾ ਹੈ ਜਿਥੇ ਦੇਸੀ ਮਹੀਨੇ ਭਾਦੋਂ ਵਿਚ ਇਕ ਪਾਸੇ ਬਰਸਾਤ ਵੀ ਬਹੁਤ ਹੁੰਦੀ ਹੈ, ਉਥੇ ਨਾਲੋ-ਨਾਲ ਭਾਦੋਂ ਦੀ ਧੁੱਪ ਦੇ ਗਰਮ ਮਰੋੜਿਆਂ ਬਾਰੇ ਅਸੀਂ ਬਚਪਨ ਤੋਂ ਹੀ ਬਜੁਰਗਾਂ ਤੋਂ ਸੁਣਦੇ ਆਏ ਹਾਂ ਕਿ 'ਭਾਦੋਂ' ਦਾ ਭਜਾਇਆ ਜੱਟ ਸਾਧ ਹੋ ਗਿਆ ਕਹਾਵਤ ਇਹਨਾਂ ਸਾਧਾਂ ਸੰਤਾਂ ਤੇ ਪੂਰੀ ਢੁੱਕਦੀ ਹੈ।

ਇਸ ਸ਼ਬਦ ਦੀ ਵਰਤੋਂ ਦੇ ਮੁੱਢ ਬਾਰੇ ਤਾਂ ਨਹੀਂ ਪਤਾ, ਹਾਂ ਇੰਨਾ ਜ਼ਰੂਰ ਹੈ ਕਿ ਸਭ ਤੋਂ ਪਹਿਲਾਂ ਇਹ ਸ਼ਬਦ ਗੁਰੂ ਘਰ ਦੀ ਰਹਿਤ ਮਰਿਯਾਦਾ ਤੋਂ ਅਣਜਾਣ ਗੁਰਬਾਣੀ ਦੇ ਗਿਆਨ ਤੋਂ ਵਿਰਵੇ ਕਿਸੇ ਦੇਹਧਾਰੀ ਵਿਅਕਤੀ ਦੁਆਰਾ ਵਰਤਿਆ ਗਿਆ ਹੋਵੇਗਾ। ਸਿੱਖ ਧਰਮ ਅੰਦਰ ਜਦੋਂ ਕਿਉਂਕਿ ਪਤਾ ਨਹੀ ਕਿੰਨੀਆਂ ਕੁ ਸੰਪਰਦਾਵਾਂ ਪੈਦਾ ਹੋ ਗਈਆਂ ਹਨ ਤੇ ਹਰ ਇਕ ਨੇ ਆਪਣੀ ਸੰਪਰਦਾ ਨੂੰ ਉੱਚਾ ਅਤੇ ਆਪਣੇ ਆਪ ਨੂੰ ਪ੍ਰਭੂ ਦੇ ਨੇੜੇ ਸਿੱਧ ਕਰਨ ਲਈ ਮੁਕਾਬਲੇ ਦੀ ਅਵਸਥਾ ਪੈਦਾ ਕਰ ਦਿੱਤੀ ਹੈ ਤਾਂ ਸੰਤ ਸ਼ਬਦ ਆਪਣਾ ਤੋਰੀ ਫੁਲਕਾ ਚਲਾਉਣ ਲਈ ਤੇ ਇਕ ਦੂਸਰੇ ਦੀ ਰੀਸ ਵਿਚ ਹੀ ਪ੍ਰਚਲਿਤ ਹੋ ਚੁੱਕਾ ਹੈ ਜਦੋਂ ਕਿ ਇਹਨਾਂ ਅਖੌਤੀ ਸੰਤਾਂ ਨੂੰ ਨਾ ਤਾਂ ਤਰਕ ਨਜ਼ਰੀਏ ਨਾਲ ਗੁਰਬਾਣੀ ਦਾ ਗਿਆਨ ਹੈ ਅਤੇ ਨਾ ਹੀ ਬਾਣੀ ਮਹਿਮਾਂ ਦਾ ਪਤਾ ਹੈ। ਸ਼ਾਇਦ ਭਗਤ ਕਬੀਰ ਜੀ ਨੇ ਇਹੋ ਜਿਹੇ ਪਾਖੰਡੀਆਂ, ਪੰਡਤਾਂ, ਸੰਤਾਂ ਲਈ ਹੀ ਇਹ ਸ਼ਬਦ ਉਚਾਰਿਆ ਹੋਵੇਗਾ।

ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ ॥
ਗਲੀ ਜਿਨ੍ਾ ਜਪਮਾਲੀਆ, ਲੋਟੇ ਹਥਿ ਨਿਬਗ ॥
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸ ਨੇ ਠਗ ॥
ਐਸੇ ਸੰਤ ਨ ਮੋਕਉ ਭਾਵਹਿ ॥ ਡਾਲਾ ਸਿਉ ਪੇਡਾ ਗਟਕਾਵਹਿ ॥

(ਪੰਨਾ ੪੭੬)

ਅਜਿਹੇ ਹੀ ਧਾਰਮਿਕ ਭੇਖੀ ਵਿਅਕਤੀ ਸਬੰਧੀ ਇਕ ਸਿੱਖ ਵਿਚਾਰਕ ਦਾ ਕਥਨ ਹੈ "ਗੁਰਦੁਆਰਿਆਂ ਦੇ ਗ੍ਰੰਥੀ ਬ੍ਰਾਹਮਣਾਂ ਦਾ ਰੂਪ ਲੈ ਚੁੱਕੇ ਹਨ ਤੇ ਪੰਜਾਂ ਤਖ਼ਤਾਂ ਦੇ ਜਥੇਦਾਰ ਸ਼ੰਕਰਚਾਰੀਆ ਪੀਠਾਂ ਦਾ ਸਾਧਾਂ-ਸੰਤਾਂ ਨੇ ਲੋਕਾਂ ਦੇ ਦਿਮਾਗ ਬਿਮਾਰ ਕਰ ਦਿੱਤੇ ਹਨ ਅਤੇ ਝੂਠੀਆਂ ਸੱਚੀਆਂ ਸਾਖੀਆਂ ਸੁਣਾ-ਸੁਣਾ ਕੇ ਏਨਾ ਕਚਰਾ ਭਰ ਦਿਤਾ ਹੈ, ਜੋ ਹੁਣ ਕੱਢਿਆ ਨਹੀ ਜਾ ਸਕਦਾ। ਦਸ ਗੁਰੂ ਸਾਹਿਬਾਨ, ਜਿਨ੍ਹਾਂ ਨੇ ਪੂਰੇ ਦੋ ਸੋ ਸਾਲ ਵਿਚ ਸਿੱਖਾ ਦਾ 'ਰੂਪ ਤੇ ਸਿਧਾਂਤ' ਤਿਆਰ ਕੀਤਾ ਸੀ. ਦਸ ਗੁਰੂ ਸਾਹਿਬਾਨ ਨੇ ਜਿਹੜਾ ਕੰਮ ਸਿੱਖਾਂ ਨੂੰ ਨਾ ਕਰਨ ਦੀ ਹਦਾਇਤ ਕੀਤੀ ਸੀ, ਉਹ ਕੰਮ ਸਗੋਂ ਜ਼ਰੂਰ ਹੀ ਕਰਵਾਉਣ ਲਈ ਸਾਧ ਸੰਤ ਹਰ ਹੀਲਾ-ਵਸੀਲਾ ਵਰਤ ਰਹੇ ਹਨ।"

(ਕੁਲਬੀਰ ਸਿੰਘ ਕੌੜਾ,.......ਤੇ ਸਿੱਖ ਵੀ ਨਿਗਲਿਆ ਗਿਆ)

ਆਓ। ਜ਼ਰਾ ਹੁਣ ਵਿਚਾਰ ਕਰੀਏ ਕਿ ਅਜੋਕੇ ਸੰਤਾਂ ਦੇ ਕਰਮ ਕੀ ਹਨ? ਗੁਰਬਾਣੀ ਅਤੇ ਗੁਰੂ ਇਤਿਹਾਸ ਨਾਲ ਸਬੰਧਿਤ ਵਿਅਕਤੀਆਂ/ਗੁਰਸਿੱਖਾਂ ਨਾਲੋਂ

ਇਨ੍ਹਾਂ ਦੇ ਕਰਮ ਕੀ ਵਡੇਰੇ ਹਨ ? ਸਿੱਖ ਧਰਮ ਦਾ ਇਤਿਹਾਸ ਜਿਵੇਂ ਕਿ ਵਕਤੀ ਹਕੂਮਤਾਂ ਨੇ ਵਹਿਸ਼ੀਆਨਾ/ਜਾਬਰਾਨਾਂ ਵਿਵਹਾਰ ਕੀਤਾ ਹੈ ਅਤੇ ਅੱਜ ਵੀ ਇਹ ਬਾ-ਦਸਤੂਰ ਜਾਰੀ ਹੈ. ਪ੍ਰੰਤੂ ਸਿੱਖ ਇਤਿਹਾਸ ਵਿਚ ਜਿਉਂ-ਜਿਉਂ ਕੋਈ ਸੰਕਟ ਪੈਦਾ ਹੋਇਆ ਹੈ ਤਾਂ ਜਾਬਰ ਅਨਿਆਕਾਰੀ ਹਕੂਮਤ ਅਤੇ ਵਿਅਕਤੀਆਂ ਨਾਲ ਦਸਤ-ਪੰਜਾ ਲੈਣ ਲਈ ਗੁਰਸਿੱਖ, ਭਾਈ, ਬਾਬੇ, ਸਾਹਮਣੇ ਆਏ ਹਨ ਤੇ ਉਹਨਾਂ ਨੇ ਆਪਣੀ ਸ਼ਹੀਦੀ ਤੇ ਬਹਾਦਰੀ ਰਾਹੀ ਨਵਾਂ ਇਤਿਹਾਸ ਰਚਿਆ ਹੈ. ਪ੍ਰੰਤੂ ਕੀ ਅਜੋਕੇ ਡੇਰੇਦਾਰ ਪਖੰਡੀ ਸੰਤ ਵੀ ਅਜਿਹਾ ਕੁਝ ਕਰ ਸਕਦੇ ਹਨ ? ੧੯੦੦ ਈ: ਤੋਂ ੧੯੪੭ ਈ: ਤੱਕ ਸਾਨੂੰ ਕਿਸੇ ਦੇਹਧਾਰੀ ਸੰਤ ਦੇ ਦਰਸ਼ਨ ਨਹੀ ਹੁੰਦੇ ਬਲਕਿ ਨਾਮਧਾਰੀ ਪਰੰਪਰਾ ਜੋ ਕਿ ਗੁਰੂ ਪਰੰਪਰਾ ਨੂੰ ਗੁਰੂ ਗ੍ਰੰਥ ਸਾਹਿਬ ਦੀ ਇਲਾਹੀ ਜੋਤ ਤੋਂ ਬਾਅਦ ਹੀ ਦੇਹਧਾਰੀ ਗੁਰੂ ਦੇ ਰੂਪ ਵਿਚ ਵੇਖਦੇ ਹਨ, ਨੇ ਰਾਮ ਸਿੰਘ ਲਈ ਬਾਬਾ ਗੁਰੂ ਰਾਮ ਸਿੰਘ ਸ਼ਬਦ ਦੀ ਵਰਤੋ ਕੀਤੀ ਹੈ ਆਜ਼ਾਦੀ ਤੋਂ ਉਪਰੰਤ ਅਤੇ ਪੰਜਾਬ ਸੰਕਟ ਤੋਂ ਵਿਚਲੇ ਦੌਰ ਅੰਦਰ ਕੁਝ ਇਕ ਸੰਤ ਮਿਲਦੇ ਹਨ. ਜਿਵੇਂ ਸੰਤ ਗੁਰਬਚਨ ਸਿੰਘ ਨਿਰੰਕਾਰੀ ਸੰਤ ਹਰਚੰਦ ਸਿੰਘ ਲੌਂਗੋਵਾਲ. ਸੰਤ ਮਾਨ ਸਿੰਘ, ਸੰਤ ਚੰਨਣ ਸਿੰਘ, ਸੰਤ ਦਇਆ ਸਿੰਘ, ਸੰਤ ਈਸਰ ਸਿੰਘ. ਸੰਤ ਵਰਿਆਮ ਸਿੰਘ, ਸੰਤ ਫਤਿਹ ਸਿੰਘ ਆਦਿ ਸੰਤ ਮੁੱਖ ਰੂਪ ਵਿਚ ਸਾਹਮਣੇ ਆਉਂਦੇ ਹਨ, ਪ੍ਰੰਤੂ ਜੇਕਰ ਇਹਨਾਂ ਦੇ ਗੁਰੂ ਘਰ ਨਾਲ ਜੁੜੇ ਹੋਣ ਨੂੰ ਵੇਖਿਆ ਜਾਵੇ ਤਾਂ ਇਹ ਸੰਤ ਅਕਾਲ ਤਖਤ ਤੋਂ ਵੱਖਰੀ ਕਿਸੇ ਸੰਪਰਦਾ ਦੇ ਰੂਪ ਵਿਚ ਸਿੱਖ ਧਰਮ ਨਾਲ ਆਪਣਾ ਸਬੰਧ ਜੋੜਦੇ ਹਨ। ਪੰਜਾਬ ਸਮੱਸਿਆ (੧੯੮੪) ਤੋਂ ਬਾਅਦ ਵੇਲੇ ਜਦੋਂ ਸਿੱਖ ਅਤੇ ਸਿੱਖੀ ਸੰਕਟ ਦੇ ਦੌਰ ਵਿਚੋਂ ਗੁਜ਼ਰ ਰਹੀ ਸੀ ਤਾਂ ਕਿਸੇ ਵੀ ਸੰਪਰਦਾ ਦਾ ਮੋਹਰੀ ਵਿਅਕਤੀ ਸਿੱਖੀ ਦੇ ਬਚਾਅ ਲਈ ਸਾਹਮਣੇ ਆਇਆ ਨਜ਼ਰੀ ਨਹੀਂ ਆਉਂਦਾ, ਬਲਕਿ ਇਨ੍ਹਾਂ ਸੰਤਾਂ ਨੇ ਆਪਣੀ ਜਾਨ ਦੇ ਬਚਾਅ ਲਈ ਵਿਦੇਸ਼ਾਂ ਵਿਚ ਜਾ ਕੇ ਪਨਾਹ ਲੈ ਲਈ ਅਤੇ ਇਹ ਅਲੋਪ ਹੀ ਹੋ ਗਏ। ੧੯੯੨ ਈ: ਤੋਂ ਬਾਅਦ ਪੰਜਾਬ ਅੰਦਰ ਕੁਝ ਸ਼ਾਂਤੀ ਵਾਲਾ ਮਾਹੌਲ ਪੈਦਾ ਹੋਣ ਤੋ ਬਾਅਦ ਸੰਤ ਲਹਿਰ ਬੜੇ ਜੋਰਾਂ 'ਤੇ ਚੱਲੀ ਹੈ ਅਤੇ ਗਰਮੀ ਦੀ ਬਰਸਾਤ ਤੋਂ ਬਾਅਦ ਪੈਦਾ ਹੋਣ ਵਾਲੇ ਕੀੜਿਆਂ ਵਾਂਗ ਪਤਾ ਨਹੀ ਸੰਤਾਂ ਦੀ ਡਾਰ ਕਿਥੋਂ ਆਈ ਹੈ ? ਗੁਰਮਤਿ ਦੀ ਸਧਾਰਨ ਸੋਝੀ ਰੱਖਣ ਵਾਲਾ ੧੯ ਸਾਲਾਂ ਦਾ ਬਾਲਕ ਵੀ ਆਪਣੇ ਆਪ ਨੂੰ ਮਹਾਂ ਤਪੱਸਵੀ ਸੰਤ ਦੱਸਦਾ ਹੈ। ਪਿਛਲੇ ਵਰ੍ਹਿਆਂ ਵਿਚ ਕੁਝ ਸ਼ਰਾਰਤੀ ਤੇ ਗੁਰੂ ਘਰ ਨੂੰ ਢਾਹ ਲਾਉਣ ਵਾਲੇ ਵਿਅਕਤੀਆਂ ਵਲੋਂ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੀ ਬੇਅਦਬੀ ਅਤੇ ਗੁਰੂ ਰਹਿਤ ਮਰਿਯਾਦਾ ਨੂੰ ਢਾਹ ਲਾਉਣ ਦੇ ਕੋਝੇ ਯਤਨ ਵੇਖਣ ਵਿਚ ਸਾਹਮਣੇ ਆਏ ਜੋ ਕਿ ਇਹਨਾਂ ਹੀ ਸੰਤਾਂ ਦੇ ਮੁਕਾਬਲੇ ਸਥਾਪਿਤ ਡੇਰੇਦਾਰਾਂ ਵਲੋਂ ਕੀਤੇ ਗਏ ਹਨ. ਪ੍ਰੰਤੂ ਅੱਜਤਕ ਕੋਈ ਵੀ ਅਜੋਕਾ ਸੰਤ ਸਿੱਖ ਧਰਮ ਦੀ ਹੋਈ ਬੇਅਦਬੀ ਦਾ ਬਦਲਾ ਲੈਣ ਲਈ ਸਾਹਮਣੇ ਨਹੀ ਆਇਆ. ਬਲਕਿ ਇਹ ਸੰਤ ਤਾਂ ਆਪਣੀ ਰੋਜ਼ੀ-ਰੋਟੀ ਚਲਾਉਣ ਲਈ ਰਾਜੀਨਿਤਕ ਵਿਅਕਤੀਆਂ ਦੇ ਤਲਵੇ ਚਟਦੇ ਫਿਰਦੇ ਹਨ। ਇਸ ਯਾਰੀ ਦੇ ਹਰਜ਼ਾਨੇ

ਵਜੋਂ ਹੀ ਭਨਿਆਰੇ ਵਾਲਾ, ਨੂਰਮਹਿਲੀਏ ਤੇ ਚੰਦਰਾਸਵਾਮੀ ਸ਼ੰਕਰਚਾਰੀ ਜੈ ਇੰਦਰ ਸਰਸਵਤੀ ਵਰਗੇ 'ਵੱਡੇ ਸੰਤ' ਜੇਲ ਯਾਤਰਾ ਕਰ ਚੁੱਕੇ ਹਨ। ਚੋਣਾਂ ਦੇ ਦਿਨਾਂ ਵਿਚ ਵੱਡੇ ਸਿਆਸੀ ਲੀਡਰ ਸਾਧਾਂ, ਸੰਤਾਂ ਤੋਂ ਅਸ਼ੀਰਵਾਦ ਲੈਂਦੇ ਹਨ ਤੇ ਉਥੇ ਜਾਣ ਵਾਲੀ ਜਨਤਾ ਸੰਤਾਂ ਦੇ ਕਹੇ ਨੂੰ 'ਸਤਿਬਚਨ' ਕਹਿ ਕੇ ਮੰਨਦੀ ਹੈ। ਗੱਲ ਕੀ ਸਿੱਖ ਇਤਿਹਾਸ ਦੀ ਮਰਿਯਾਦਾ ਨੂੰ ਯਾਦ ਕਰਕੇ ਇਨ੍ਹਾਂ ਨੇ ਸਿੱਖੀ ਦੇ ਬਚਾਅ ਲਈ ਕਿਤੇ ਵੀ ਕੋਈ ਕੁਰਬਾਨੀ ਨਹੀਂ ਦਿੱਤੀ, ਬਲਕਿ ਸੰਗਤ ਨੂੰ ਵੀ ਭੇਡਾਂ ਬਣਾ ਕੇ ਆਪਣੇ ਮਗਰ ਲਾ ਲਿਆ ਹੈ।

ਅਜੋਕੇ ਸਮੇਂ ਦੇ ਸੰਤ, ਬ੍ਰਹਮਗਿਆਨੀ, ਸਾਧੂਆਂ, ਬ੍ਰਹਮਜੋਗੀਆਂ ਦਾ ਜੀਵਨ ਅਗਰ ਗੁਰਮਤਿ ਅਨੁਸਾਰ ਪਿਛੇ ਦੱਸੇ ਗਏ ਗੁਣਾਂ ਨਾਲ ਮਿਲਾਈਏ ਤਾਂ ਇਹ ਉਸ ਤੋਂ ਕੋਹਾਂ ਦੂਰ ਹਨ। ਗੁਰਮਤਿ ਤੋਂ ਉਲਟ ਸਾਰੇ ਹੀ ਕਰਮ-ਕਾਂਡ ਇਹ ਭੇਖੀ ਕਰੀ ਜਾ ਰਹੇ ਹਨ। ਇਥੋਂ ਤੱਕ ਕਿ ਇਹਨਾਂ ਨੇ ਤਾਂ ਖੰਡੇ-ਬਾਟੇ ਦੇ ਅੰਮ੍ਰਿਤ ਵਿਚ ਵੀ ਵੰਡੀਆਂ ਪਾ ਦਿਤੀਆਂ ਹਨ। ਇਹਨਾਂ ਵਾਸਤੇ ਪਤਾਸੇ ਵੀ ਫਿੱਕੇ ਹੋ ਗਏ ਹਨ। ਜਿਹਨਾਂ ਨੇ ਇਹਨਾਂ ਦੇ ਡੇਰੇ ਤੋਂ ਅੰਮ੍ਰਿਤ ਨਹੀ ਛਕਿਆ, ਉਸ ਨੂੰ ਇਹ ਅੰਮ੍ਰਿਤ ਦੁਬਾਰਾ ਛਕਾਉਂਦੇ ਹਨ। ਇਹਨਾਂ ਨੂੰ ਅੰਮ੍ਰਿਤ ਦੀ ਕੀਮਤ ਦਾ ਕੀ ਪਤਾ ? ਇਹਨਾ ਨੇ ਕਿਹੜਾ ਆਪਣਾ ਸੀਸ ਭੇਟ ਕੀਤਾ ਹੈ ? ਇਹਨਾਂ ਦੇ ਮਨ ਦਾ ਮੁੱਖ ਆਸ਼ਾ ਤਾਂ ਆਪਣੇ ਡੇਰੇ ਦੀ ਪ੍ਰਸਿੱਧੀ ਕਰਨਾ ਹੈ। ਅੰਮ੍ਰਿਤ ਛਕਣ ਵਾਲੇ ਮੇਰੇ ਵੀਰ ਤੇ ਭੈਣਾਂ ਵੀ ਇਹੀ ਕਹਿੰਦੇ ਹਨ ਕਿ ਮੈ ਫਲਾਣੇ ਸੰਤਾਂ ਦਾ ਫਲਾਣੇ ਬਾਬਿਆਂ ਦਾ ਆਦਿ-ਆਦਿ ਦਾ ਅੰਮ੍ਰਿਤ ਛਕਿਆ ਹੈ। ਗੁਰੂ ਪਿਆਰਿਓ ! ਗੁਰੂ ਗੋਬਿੰਦ ਸਿੰਘ ਜੀ ਵਲੋਂ ਸਾਜੇ-ਨਿਵਾਜੇ 'ਖੰਡੇ-ਬਾਟੇ' ਦੇ ਅੰਮ੍ਰਿਤ ਤੋਂ ਬਿਨਾਂ ਕਿਸੇ ਹੋਰ ਦਾ ਅੰਮ੍ਰਿਤ ਉਤੇ ਕੋਈ ਹੱਕ ਨਹੀ ਹੈ।

ਸਾਡੇ ਦਿਮਾਗ ਵਿਚ ਅਕਸਰ ਇਹੀ ਸੁਆਲ ਹੁੰਦਾ ਹੈ ਕਿ ਸੁਖਮਨੀ ਸਾਹਿਬ ਵਿਚ ਆਏ ਸਬਦ 'ਸੰਤ ਦੀ ਨਿੰਦਿਆ ਕਰਨ ਵਾਲੇ ਦੀ ਟਿਕਟ ਸਿੱਧੀ ਨਰਕਾਂ ਦੀ ਕੱਟੀ ਜਾਂਦੀ ਹੈ. ਜਿਵੇਂ :

ਸੰਤ ਕੈ ਦੂਖਨਿ ਆਰਜਾ ਘਟੈ ॥
ਸੰਤ ਕੈ ਦੂਖਨਿ ਜਮ ਤੇ ਨਹੀ ਛੂਟੈ ॥
ਸੰਤ ਕੈ ਦੂਖਨਿ ਸੁਖੁ ਸਭੁ ਜਾਇ ॥
ਸੰਤ ਕੈ ਦੂਖਨਿ ਨਰਕ ਮਹਿ ਪਾਇ ॥

....

ਸੰਤ ਕਾ ਨਿੰਦਕੁ ਮਹਾ ਹਤਿਆਰਾ ॥
ਸੰਤ ਕਾ ਨਿੰਦਕੁ ਪਰਮੇਸੁਰਿ ਮਾਰਾ ॥

(ਗਉੜੀ ਸੁਖਮਨੀ ਮ ੫, ਪੰਨਾ ੨੭੯-੮੦)

ਇਹਨਾਂ ਪੰਕਤੀਆਂ ਵਿਚ ਪਿਛੇ ਕੀਤੀ ਗਈ ਵਿਚਾਰ ਅਨੁਸਾਰ 'ਗੁਰੂ ਸੰਤ' ਦੀ ਨਿੰਦਿਆ ਕਰਨ ਵਾਲੇ ਬਾਰੇ ਲਿਖਿਆ ਹੈ ਨਾ ਕਿ ਕਿਸੇ ਦੇਹਧਾਰੀ ਪਾਖੰਡੀ

ਸੰਤ ਦੀ ਨਿੰਦਾ ਬਾਰੇ। ਕਿਸੇ ਭੇਖੀ, ਪਾਖੰਡੀ, ਅਖੌਤੀ ਬਾਬੇ/ਸੰਤ ਦੀਆਂ ਕਾਲੀਆਂ ਕਰਤੂਤਾਂ ਨੂੰ ਸਾਹਮਣੇ ਲਿਆਉਣਾ ਜਾਂ ਜਾਹਰ ਕਰਨਾ ਨਿੰਦਿਆ ਨਹੀ, ਬਲਕਿ ਸ਼ੱਚ ਬੋਲਣ ਦੀ ਜੁਅਰਤ ਕਿਹਾ ਜਾਂਦਾ ਹੈ ਸੱਚ ਬੋਲਣ ਦੀ ਹਿੰਮਤ ਹੋਣੀ ਚਾਹੀਦੀ ਹੈ ਕਿਉਂਕਿ ਸੱਚ ਹਮੇਸ਼ਾ ਨੰਗਾ ਹੋ ਕੇ ਨੱਚਦਾ ਹੈ. ਪਰਦੇ ਤਾਂ ਕੇਵਲ ਝੂਠ ਦੇ ਹੀ ਪਾਉਣੇ ਪੈਂਦੇ ਹਨ। ਸੱਚ ਬੋਲਣ ਦੀ ਪਿਰਤ ਤਾਂ ਸਾਡੇ ਗੁਰੂ ਨਾਨਕ ਦੇਵ ਜੀ ਨੇ ਸਮਕਾਲੀ ਤਾਕਤਵਰ ਹਾਕਮਾਂ ਸਾਹਮਣੇ ਤੇ ਮੰਦਰ/ਮਸਜਿਦਾਂ ਅੰਦਰ ਸੱਚ ਬੋਲ ਕੇ ਪਾਈ ਹੈ, ਪਰ ਅੱਜ ਹਰ ਅਖੌਤੀ ਬਾਬਾ/ਸੰਤ ਆਪਣੀ ਸੁਰੱਖਿਆ ਲਈ ਗੰਨਮੈਨਾਂ/ਰੱਖਿਅਕਾਂ ਦੀ ਸਹਾਇਤਾ ਲੈ ਰਿਹਾ ਹੈ. ਜਦੋਂ ਕਿ ਗੁਰਬਾਣੀ ਅੰਦਰ ਸਜੋਏ ਸੰਤ. ਸਾਧ ਅਨੁਸਾਰ ਅਜਿਹੇ ਮਹਾਂਪੁਰਖ ਨਿਰਭਉ, ਨਿਰਵੈਰ ਹੁੰਦੇ ਹਨ ਅਤੇ ਉਹਨਾਂ ਨੂੰ ਕਿਸੇ ਜਮਦੂਤ ਦਾ ਡਰ ਨਹੀ ਹੁੰਦਾ, ਜਿਵੇਂ :

ਟੋਹੇ ਟਾਹੇ ਬਹੁ ਭਵਨ ਬਿਨੁ ਨਾਵੈ ਸੁਖੁ ਨਾਹਿ ॥
ਟਲਹਿ ਜਾਮ ਕੇ ਦੂਤ ਤਿਹ ਜੁ ਸਾਧੂ ਸੰਗਿ ਸਮਾਹਿ ॥
ਬਾਰਿ ਬਾਰਿ ਜਾਉ ਸੰਤ ਸਦਕੇ ॥ ਨਾਨਕ ਪਾਪ ਬਿਨਾਸੇ ਕਦਿਕੇ ॥

(ਬਾਵਨ ਅਖਰੀ ਮ: ੫. ਪੰਨਾ ੨੫੫)

ਅੱਜ ਸਿੱਖ ਕੌਮ ਅੰਦਰ ਬਹੁਤ ਸਾਰੀਆਂ ਸੁਖਮਨੀ ਸੋਸਾਇਟੀਆਂ ਹਨ, ਕਿਉਂਕਿ 'ਸੁਖਮਨੀ' ਬਾਣੀ ਅੰਦਰ ਬਹੁਤ ਵਾਰੀ ਸੰਤ, ਬ੍ਰਹਮਗਿਆਨੀ, ਸਾਧ. ਪੰਡਿਤ ਆਦਿ ਸ਼ਬਦ ਆਏ ਹਨ, ਇਹਨਾਂ ਸ਼ਬਦਾਂ ਦੇ ਉਲਟ ਅਰਥ ਕੱਢ ਕੇ ਇਹਨਾਂ ਸਵਾਰਥੀ ਅਖੌਤੀ ਬਾਬਿਆਂ ਨੇ ਆਪਣੀ ਵਡਿਆਈ ਕਰਾਉਣ ਲਈ, ਆਪਣੇ ਹਿੱਤ ਵਿਚ ਵਰਤ ਲਏ ਹਨ, ਪਰ 'ਆਸਾ ਦੀ ਵਾਰ' ਦੀ ਤਾਂ ਸਾਨੂੰ ਕੋਈ ਸੋਸਾਇਟੀ ਵੇਖਣ ਨੂੰ ਨਹੀ ਮਿਲਦੀ, ਕਿਉਂਕਿ 'ਆਸਾ ਕੀ ਵਾਰ' ਬਾਣੀ ਅੰਦਰ ਇਹਨਾਂ ਭੇਖੀ, ਪਾਖੰਡੀ ਬਾਬਿਆਂ, ਕਾਜ਼ੀਆਂ, ਧਾਰਮਕ ਪੈਰੋਕਾਰਾਂ, ਰਾਜਿਆਂ ਉਪਰ ਕਰੜੇ ਵਿਅੰਗ ਕੀਤੇ ਹੋਏ ਹਨ, ਬ੍ਰਾਹਮਣੀ ਕਰਮਕਾਂਡਾਂ ਦੀ ਖਲੜੀ ਉਧੇੜੀ ਹੋਈ ਹੈ. ਜਿਵੇਂ :

ਪੜਿ ਪੁਸਤਕ ਸੰਧਿਆ ਬਾਦੰ ॥ ਸਿਲ ਪੂਜਸਿ ਬਗੁਲ ਸਮਾਧੰ ॥
ਮੁਖਿ ਝੂਠ ਬਿਭੂਖਣ ਸਾਰੰ ॥ ਤ੍ਰੈਪਾਲ ਤਿਹਾਲ ਬਿਚਾਰੰ ॥
ਗਲਿ ਮਾਲਾ ਤਿਲਕੁ ਲਿਲਾਟੰ ॥ ਦੁਇ ਧੋਤੀ ਬਸਤ੍ਰ ਕਪਾਟੰ ॥
ਜੇ ਜਾਣਸਿ ਬ੍ਰਹਮੰ ਕਰਮੰ ॥ ਸਭਿ ਫੋਕਟ ਨਿਸਚਉ ਕਰਮੰ ॥
ਕਹੁ ਨਾਨਕ ਨਿਸਚਉ ਧਿਆਵੈ ॥ ਵਿਣੁ ਸਤਿਗੁਰ ਵਾਟ ਨ ਪਾਵੈ ॥

(ਆਸਾ ਦੀ ਵਾਰ ਪੰਨਾ ੪੭੦)

ਇਸ ਤਰ੍ਹਾਂ ਸੁਖਮਨੀ ਅੰਦਰ ਆਏ ਸੰਤ ਦੀ ਨਿੰਦਿਆ ਦਾ ਅਜੋਕੇ ਸੰਤ ਭੋਲੀ-ਭਾਲੀ ਸੰਗਤ ਦੇ ਦਿਮਾਗ ਵਿਚ ਡਰ ਬਿਠਾ ਕੇ ਆਪਣੀ ਪੂਜਾ ਕਰਵਾ ਰਹੇ ਹਨ। ਉਲਟੀ ਗੰਗਾ ਵਹਾ ਕੇ ਆਪਣਾ ਤੋਰੀ ਫੁਲਕਾ ਚਲਾ ਰਹੇ ਹਨ, ਜਿਨ੍ਹਾਂ ਬਾਰੇ ਗੁਰੂ ਨਾਨਕ ਦੇਵ ਜੀ 'ਆਸਾ ਦੀ ਵਾਰ' ਵਿਚ ਕਹਿ ਰਹੇ ਹਨ. ਜਿਵੇਂ :

ਵਾਇਨਿ ਚੇਲੇ ਨਚਨਿ ਗੁਰ ॥ ਪੈਰ ਹਲਾਇਨਿ ਫੇਰਨਿ ਸਿਰ ॥

ਉਡਿ ਉਡਿ ਰਾਵਾ ਝਾਟੈ ਪਾਇ ॥ ਵੇਖੈ ਲੋਕੁ ਹਸੈ ਘਰਿ ਜਾਇ ॥
ਰੋਟੀਆ ਕਾਰਣਿ ਪੂਰਹਿ ਤਾਲ ॥ ਆਪੁ ਪਛਾੜਹਿ ਧਰਤੀ ਨਾਲਿ ॥(ਪੰਨਾ ੪੬੫)

ਅਜੋਕੇ ਅਖੌਤੀ ਸੰਤਾਂ ਨੇ ਗੁਰੂ ਦੇ ਨਾਮ ਤੇ ਧਨ ਇੱਕਠਾ ਕਰਨਾ ਤੇ ਆਪਣੇ ਚੇਲਿਆਂ ਦੁਆਰਾ ਮੰਗਣਾ ਆਪਣਾ ਜਨਮ ਸਿਧ ਅਧਿਕਾਰ ਸਮਝ ਰੱਖਿਆ ਹੈ, ਜਦੋਂ ਕਿ ਗੁਰੂ ਸਾਹਿਬ ਨੇ ਤਾਂ ਸਾਨੂੰ ਮੰਗਣ ਤੋਂ ਵਰਜਦੇ ਹੋਏ ਹੱਥੀਂ ਕਿਰਤ ਕਰਕੇ ਖਾਣ ਨੂੰ ਹੀ ਮੁਕਤੀ ਦਾ ਰਾਹ ਦੱਸਿਆ ਹੈ, ਜਿਵੇਂ ਫੁਰਮਾਣ ਹੈ :-

ਗੁਰੁ ਪੀਰੁ ਸਦਾਏ ਮੰਗਣ ਜਾਇ ॥
ਤਾ ਕੈ ਮੂਲਿ ਨ ਲਗੀਐ ਪਾਇ ॥
ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥

(ਪੰਨਾ ੧੨੪੫)

ਗੁਰਮਤਿ ਵਿਚਾਰਧਾਰਾ ਦਾ ਇਹ ਮੁੱਢਲਾ ਸਿਧਾਂਤ ਹੈ ਕਿ ਕਿਰਤ ਕਰੋ. ਨਾਮ ਜਪੋ. ਵੰਡ ਛੱਕੋ । ਜਿਸ ਨੂੰ ਅਸਲੀ ਰੂਪ ਦੇਣ ਲਈ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੇ ਅੰਤਲੇ ਸਮੇਂ ਕਰਤਾਰਪੁਰ ਵਿਖੇ ਹੱਥੀ ਖੇਤੀ ਕਰਕੇ ਸੱਚ ਕਰ ਦਿਖਾਇਆ ਤੇ ਦੂਸਰੇ ਗੁਰੂ ਸਾਹਿਬ ਵੀ ਇਸੇ ਰਸਤੇ ਹੀ ਚਲਦੇ ਰਹੇ ਤੇ ਆਪਣਾ ਜੀਵਨ ਕਿਰਤ ਅਨੁਸਾਰੀ ਜਿਊ ਕੇ ਵਿਖਾਇਆ, ਪਰ ਅੱਜ ਇਕ ਵੀ ਸੰਤ, ਬਾਬਾ ਜਾਂ ਡੇਰੇਦਾਰ ਅਜਿਹਾ ਨਹੀ ਮਿਲੇਗਾ ਜੋ ਦਸਾਂ ਨਹੁਆਂ ਦੀ ਕਿਰਤ ਕਰਕੇ ਉਸ ਵਿਚੋਂ ਦਸਵੰਧ ਕੱਢ ਕੇ ਗੁਰੂ ਘਰ ਜਾਂ ਗੁਰੂ ਰੂਪ ਸੰਗਤ ਦੇ ਲੇਖੇ ਲਾਉਂਦਾ ਹੋਵੇ, ਅਜਿਹੇ ਭੇਖੀਆਂ ਬਾਰੇ ਗੁਰੂ ਅਮਰਦਾਸ ਜੀ ਕਹਿ ਰਹੇ ਹਨ, ਜਿਵੇਂ :

ਹਿਰਦੈ ਜਿਨ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ ॥
ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਇ ॥

(ਗੁਜਰੀ ਮਹਲਾ ੩, ਪੰਨਾ ੪੯੧)

ਇਹ ਅਖੌਤੀ ਸੰਤ ਦੂਸਰਿਆਂ ਨੂੰ ਹੀ ਮੱਤਾਂ ਦਿੰਦੇ ਹਨ, ਜਦੋਂ ਕਿ ਇਹਨਾਂ ਦੀ ਕਹਿਣੀ ਨੂੰ ਇਨ੍ਹਾਂ ਨੇ ਖ਼ੁਦ ਆਪ ਕਰਨੀ ਅਨੁਸਾਰ ਨਹੀਂ ਜੀਵਿਆ, ਜਿਸ ਬਾਰੇ ਕਬੀਰ ਜੀ ਕਹਿ ਰਹੇ ਹਨ

ਕਬੀਰਾ ਅਵਰਹ ਕਉ ਉਪਦੇਸ ਤੇ ਮੁਖ ਮੈ ਪਰਿ ਹੈ ਰੇਤੁ ॥
ਰਾਸਿ ਬਿਰਾਨੀ ਰਾਖਤੇ ਖਾਯਾ ਘਰ ਕਾ ਖੇਤੁ ॥

(ਪੰਨਾ ੧੩੬੯)

ਇਨ੍ਹਾਂ ਪਾਖੰਡੀਆਂ ਦੇ ਭਰਮ-ਜਾਲ ਵਿਚ ਆ ਕੇ ਅੱਜ ਸੰਗਤ ਵੀ ਇਸੇ ਖ਼ੁਸ਼ੀ ਵਿਚ ਹੈ ਕਿ ਫਲਾਣੇ ਬਾਬਿਆਂ ਨੇ ਗੁਰੂਦੁਆਰਾ ਬਣਾ ਦਿਤਾ ਹੈ. ਸਕੂਲ ਦੀ ਇਮਾਰਤ ਬਣਾ ਦਿੱਤੀ ਹੈ ਜਾਂ ਕਿਸੇ ਹੋਰ ਦੀ ਮੱਦਦ ਕਰ ਦਿੱਤੀ ਹੈ । ਪਰ ਅਸੀਂ ਇਹਨਾਂ ਦੀ ਚਾਣਕਿਆ ਨੀਤੀ ਬਾਰੇ ਕਦੇ ਨਹੀਂ ਸੋਚਦੇ ਕਿਉਂਕਿ ਹਰ ਬਾਬਾ/ਸੰਤ ਪਹਿਲਾਂ ਆਪਣਾ ਡੇਰਾ ਬਣਾਉਂਦਾ ਹੈ ਜਦੋਂ ਵਾਹਵਾ ਧਨ ਇਕੱਠਾ ਹੋ ਜਾਏ ਤਾਂ ਫਿਰ ਸਕੂਲ

ਬਣਾਉਂਦਾ ਹੈ ਤੇ ਉਸ ਸਕੂਲ ਨੂੰ ਆਪਣੇ ਨਾਮ ਜਾਂ ਕਿਸੇ ਵਡੇਰੇ ਸੰਤ ਦੇ ਨਾਂ ਤੇ ਅਕੈਡਮੀ ਦੀ ਜ਼ਮੀਨ ਦੀ ਰਜਿਸਟਰੀ ਇਹਨਾਂ ਦੇ ਆਪਣੇ ਨਾਮ ਤੇ ਹੁੰਦੀ ਹੈ। ਉਸ ਅਕੈਡਮੀ ਵਿਚ ਪੜ੍ਹਦੇ ਬੱਚਿਆਂ ਦੀ ਨਰਸਰੀ ਜਮਾਤ ਦੀ ਫੀਸ ਵੀ ੧੫-੨੦ ਹਜ਼ਾਰ ਸਲਾਨਾ ਤੋਂ ਘੱਟ ਨਹੀ ਹੁੰਦੀ । ਭਵਿੱਖ ਵਿਚ ਉਸਦਾ 'ਸੰਤ-ਪੁਣੇ' ਦਾ ਧੰਦਾ ਬੰਦ ਵੀ ਹੋ ਜਾਏ ਤਾਂ ਸਕੂਲ (ਅਕੈਡਮੀ) ਦੀ ਆਮਦਨ ਨਾਲ ਤਾਂ ਇਹ ਆਪਣੀਆਂ ਕਈ ਪੁਸ਼ਤਾਂ ਦੀਆਂ ਰੋਟੀਆਂ ਪੱਕੀਆਂ ਕਰ ਜਾਂਦੇ ਹਨ । ਇਥੋਂ ਤੱਕ ਕੇ ਕੁਝ ਦਿਨ (੩੦ ਮਈ ੨੦੦੪ ਪੰਜਾਬੀ ਟ੍ਰਿਬਿਊਨ ਮੁਤਾਬਿਕ) ਪਹਿਲਾਂ ਇਕ ਸੰਤ ਸਮਾਜ ਦੀ ਭਰਵੀਂ ਮੀਟਿੰਗ ਹੋਈ, ਜਿਸ ਵਿੱਚ ਸੰਤ ਸ਼ੰਕਰਾ ਨੰਦ ਜੀ ਭੂਰੀ ਵਾਲੇ, ਸੰਤ ਬੰਤ ਸਿੰਘ ਸੈਪਲੀ ਵਾਲੇ, ਸੰਤ ਨਛੱਤਰ ਸਿੰਘ ਕਾਲੀ ਕੰਬਲੀ ਵਾਲੇ (ਪਟਿਆਲਾ) ਸੰਤ ਏਕਮ ਸਿੰਘ ਸਿੱਧਸਰ ਸਾਹਿਬ ਵਾਲੇ ਸੰਤ ਕਰਨੈਲ ਸਿੰਘ ਨਕੋਦਰ ਵਾਲੇ ਸੰਤ ਦਰਬਾਰਾ ਦਾਸ, ਸੰਤ ਸਿੰਗਾਰਾ ਸਿੰਘ, ਸੰਤ ਦਰਬਾਰਾ ਸਿੰਘ ਸਿੰਘ ਮਾਲੋਵਾਲ ਟਿੱਬੀ ਵਾਲੇ, ਸੰਤ ਜਗਤਾਰ ਸਿੰਘ. ਗਹਿਲਾ ਮੂਸਾ ਵਾਲੇ, ਸੰਤ ਪੰਜਾਬ ਸਿੰਘ ਮਾਦਪੁਰ ਵਾਲੇ. ਸੰਤ ਲਾਲ ਦਾਸ ਜੀ. ਸੰਤ ਅਮਰਜੀਤ ਸਿੰਘ ਰਾੜਾ ਸਾਹਿਬ ਜਲੰਧਰ ਵਾਲੇ, ਸੰਤ ਅਵਤਾਰ ਸਿੰਘ ਸਵਾਮੀ ਰਾਮ ਦਾਸ. ਸੰਤ ਜੰਗ ਸਿੰਘ ਕੁੱਪ ਕਲਾਂ ਵਾਲੇ ਸੰਤ ਸੁਰਜੀਤ ਸਿੰਘ ਲੀਲਾ ਵਾਲੇ. ਬਾਬਾ ਜੁਗਰਾਜ ਸਿੰਘ ਲੋਪੋਵਾਲੇ, ਸੰਤ ਸੁਰਜੀਤ ਸਿੰਘ ਲੀਲਾ ਵਾਲੇ ਸੰਤ ਗੇਜਾ ਸਿੰਘ. ਸੰਤ ਗੁਰਦਿਆਲ ਸਿੰਘ, ਸੰਤ ਚਰਨਜੀਤ ਸਿੰਘ ਸਹੋਲੀ ਵਾਲੇ. ਸੰਤ ਬਾਬਾ ਸਵਰਨ ਸਿੰਘ ਬਾਰਾਂਦਰੀ ਵਾਲੇ ਸੰਤ ਬਾਬਾ ਕਿਸ਼ਨ ਸਿੰਘ ਹਰਖੋਵਾਲ ਆਦਿ ਸੰਤਾਂ ਨੇ ਮੀਟਿੰਗ ਵਿੱਚ ਯੂਨੀਵਰਸਿਟੀ ਬਣਾਉਣ ਤੱਕ ਦਾ ਵੀ ਫੈਸਲਾ ਕਰ ਲਿਆ ਹੈ ।

ਗੁਰੂ ਪਿਆਰੀ ਗੁਰੂ ਰੂਪ ਸੰਗਤ ਜੀਓ ! ਅਸੀਂ ਇਹ ਵੀ ਕਦੇ ਸੋਚਣ ਦੀ ਕੋਸ਼ਿਸ਼ ਨਹੀ ਕੀਤੀ ਕਿ ਜੋ ਬਾਬਾ ਜੀ ਰੁਪਇਆ ਲਗਾ ਰਹੇ ਹਨ ਉਹ ਕਿਥੋਂ ਆਇਆ ਹੈ ? ਸਗੋਂ ਉਹ ਤਾਂ ਸਾਡੇ ਹੀ ਦਸਵੰਧ ਵਿਚੋਂ ਆਪਣਾ. ਆਪਣੇ ਚੇਲਿਆਂ (ਗੰਨਮੈਨਾਂ) ਦਾ. ਮਹਿੰਗੀਆਂ ਗੱਡੀਆਂ ਦਾ. ਮਖ਼ਮਲੀ ਜੁੱਤੀਆ ਦਾ. ਕੀਮਤੀ ਵਸਤਰਾਂ ਦਾ ਏਅਰ ਕੰਡੀਸ਼ਨਰ ਭੋਰਿਆਂ ਦਾ ਨਗਾਂ ਵਾਲੀਆਂ ਮੁੰਦਰੀਆਂ ਦਾ. ਆਲੀਸ਼ਾਨ ਬਿਲਡਿੰਗਾਂ ਦਾ ਜਹਾਜ਼ਾਂ ਦੇ ਕਿਰਾਏ ਦਾ ਆਦਿ ਖਰਚਾ ਕੱਢ ਕੇ ਹੀ ਬਚਿਆ-ਖੁਚਿਆ ਲਾਉਂਦੇ ਹਨ । ਕੀ ਸਾਡਾ ਦਸਵੰਧ ਗੁਰੂ ਜੀ ਦੇ ਹੁਕਮ ਅਨੁਸਾਰ (ਗਰੀਬ ਦਾ ਮੂੰਹ ਗੁਰੂ ਕੀ ਗੋਲਕ) ਦੇ ਲੇਖੇ ਲੱਗ ਰਿਹਾ ਹੈ ਜਾਂ ਬਾਬਾ ਜੀ ਦੀ 35 ਲੱਖ ਵਾਲੀ ਗੱਡੀ (ਕਾਰ) ਵਿਚ ਪੈਟਰੋਲ ਦੇ ਰੂਪ ਵਿਚ ਫੂਕਿਆ ਜਾ ਰਿਹਾ ਹੈ । ਇਹਨਾਂ ਦੇ ਵਿਹਲੜ ਚੇਲੇ ਵੀ ਆਮ ਪ੍ਰਚਾਰ ਕਰਦੇ ਹਨ ਕਿ ਬਾਬਾ ਜੀ ਸਿੱਖੀ ਦੇ ਪ੍ਰਚਾਰ ਵਾਸਤੇ ਵਿਦੇਸ਼ ਜਾ ਰਹੇ ਹਨ । ਕੀ ਕਦੇ ਇਹਨਾਂ ਭੇਖੀਆਂ ਨੇ ਉਹਨਾਂ ਦੇਸ਼ਾਂ ਵੱਲ ਮੂੰਹ ਕੀਤਾ ਹੈ, ਜਿਹਨਾਂ ਦੀ ਕਰੰਸੀ ਦੀ ਕੀਮਤ ਭਾਰਤੀ ਰੁਪਏ ਨਾਲੋਂ ਘੱਟ ਹੈ ? ਕੀ ਇਹਨਾਂ ਨੇ ਪੰਜਾਬ ਜਾਂ ਭਾਰਤ ਦੇ ਬਾਕੀ ਹਿੱਸੇ ਵਿਚ ਸਾਰਿਆਂ ਨੂੰ ਸਿੱਖ ਬਣਾ ਲਿਆ ਹੈ ? ਜੋ ਇਹ ਪ੍ਰਚਾਰ ਕਰਨ ਲਈ ਵਿਦੇਸ਼ਾਂ ਨੂੰ ਭੁਰ ਪਏ ਹਨ ? ਇਨ੍ਹਾਂ ਭੇਖੀ ਸੰਤਾਂ ਦੀ

ਸਾਰੀ ਠਾਠ-ਬਾਠ ਕੀ ਗੁਰੂ ਨਾਨਕ ਦੇ ਫੁਰਮਾਣ ਨਾਲ ਮੇਲ ਖਾਂਦੀ ਹੈ ? ਜਿਵੇਂ ਫੁਰਮਾਣ ਹੈ :

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕ ਤਿਨ ਕੇ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥

(ਸਿਰੀ ਰਾਗ ਨੰ ੧ ਪੰਨਾ ੧੫)

ਅਜੋਕੇ ਇਹ ਸੰਤ ਗ੍ਰਿਹਸਥ ਧਰਮ ਤੋਂ ਮੁਨਕਰ ਹੋ ਕੇ ਆਪਣੇ ਆਪ ਨੂੰ ਬ੍ਰਹਮਚਾਰੀ ਅਖਵਾਉਣ ਲੱਗ ਪਏ ਹਨ ਜੋ ਕਿ ਇਹਨਾ ਦੇ ਇਸ਼ਤਿਹਾਰ, ਬੈਨਰਾਂ ਆਦਿ ਤੇ ਵੀ ਲਿਖਿਆ ਵੇਖਣ ਨੂੰ ਮਿਲਦਾ ਹੈ, ਜਦ ਕਿ ਗੁਰੂ ਸਾਹਿਬਾਨ ਨੇ ਤਾਂ ਗ੍ਰਿਹਸਥ ਮਾਰਗ ਨੂੰ ਜੀਵਿਆ ਹੀ ਨਹੀ, ਸਗੋਂ ਵਡਿਆਇਆ ਵੀ ਹੈ ਤੇ ਬ੍ਰਹਮਚਾਰੀ ਅਖਵਾਉਣ ਵਾਲੇ ਮਨੁੱਖ ਨੂੰ ਭਗਤ ਕਬੀਰ ਜੀ ਨੇ ਖੁਸਰੇ ਦੀ ਨਿਆਈ ਦੱਸਿਆ ਹੈ. ਜਿਵੇਂ :

ਬਿੰਦ ਰਾਖਿ ਜੋ ਤਰੀਐ ਭਾਈ ॥
ਖੁਸਰੈ ਕਿਉ ਨ ਪਰਮ ਗਤਿ ਪਾਈ ॥

(ਗਉੜੀ ਕਬੀਰ ਜੀ. ਪੰਨਾ ੧੩੮੫)

ਗੱਲ ਕੀ ਸਿਧੇ-ਸਾਦੇ ਸਿੱਖ ਧਰਮ ਦੇ ਮਾਡਲ ਨੂੰ ਇਹਨਾਂ ਸੰਤਾਂ ਨੇ ਬੰਦਸ਼ਾਂ ਲਾ ਕੇ ਇੰਨਾ ਜਟਿਲ ਤੇ ਗੁੰਝਲਦਾਰ ਬਣਾ ਦਿੱਤਾ ਹੈ ਕਿ ਅੱਜ ਆਮ ਲੋਕ ਸਿੱਖੀ ਤੋਂ ਮੁਨਕਰ ਹੋ ਕੇ ਬ੍ਰਹਮਣਵਾਦ ਦੇ ਦਰਿਆ ਵਿਚ ਰੁੜ੍ਹ ਰਿਹਾ ਹੈ। ਹੁਣ ਤਾਂ ਇਹਨਾਂ ਦੇ ਕਈ ਇਸ਼ਤਿਹਾਰਾਂ ਤੇ ਇਹਨਾਂ ਦੇ ਚੇਲਿਆਂ ਵਲੋਂ ਇਹਨਾਂ ਨੂੰ ਪ੍ਰਮਾਤਮਾ (ਨਰਾਇਣ) ਵੀ ਦਰਸਾਇਆ ਗਿਆ ਹੈ ਤੇ ਸਬੂਤ ਵਜੋਂ ਗੁਰੂ ਗ੍ਰੰਥ ਸਾਹਿਬ ਦੀ ਤੁਕ ਦਿੱਤੀ ਜਾਂਦੀ ਹੈ. ਜਿਵੇਂ ਕਿ ਸੰਤ ਨਰਾਇਣ ਸਿੰਘ ਦੇ ਇਸ਼ਤਿਹਾਰਾਂ ਵਿਚ ਵੇਖਣ ਨੂੰ ਮਿਲਿਆ ਸੀ :

'ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥'

(ਪੰਨਾ ੧੩੯੪)

ਜਦੋਂ ਕਿ ਇਹ ਮਹਾਂਵਾਕ ਤਾਂ ਭੱਟਾਂ ਨੇ ਆਪਣੇ ਗੁਰੂ ਉਸਤਤਿ ਲਈ ਵਰਤਿਆ ਸੀ. ਪਰ ਅੱਜ ਇਹਨਾਂ ਅਖੌਤੀਆਂ ਨੇ ਆਪਣੇ ਗੱਦੀਦਾਰਾਂ ਲਈ ਅਜਿਹੇ ਉਸਤਤਿ ਭਰੇ ਵਾਕ ਇਸ਼ਤਿਹਾਰਾਂ ਵਿਚ ਵਰਤ ਰਹੇ ਹਨ।

ਇਸੇ ਤਰ੍ਹਾਂ ਹੀ ਨਿਰੰਕਾਰੀਆਂ ਨੇ ਨਿਰੰਕਾਰੀ ਸੰਪਰਦਾ ਦੇ ਗੁਰੂ/ਸੰਤ ਗੁਰਬਚਨ ਸਿੰਘ ਨਿਰੰਕਾਰੀ ਲਈ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਗੁਰਬਾਣੀ ਦੀਆਂ ਤੁਕਾਂ ਦੇ ਉਲਟ ਅਰਥ ਕੱਢਕੇ. ਭਾਵ ਗੁਰੂ ਦੇ ਬਚਨ ਨੂੰ ਗੁਰਬਚਨ ਕਹਿ ਕੇ ਗੁਰਬਚਨ ਸਿੰਘ ਦੀ ਵਡਿਆਈ ਹਿੱਤ ਵਰਤਿਆ ਸੀ. ਜਿਵੇਂ :

ਗੁਰਿ ਬਚਨ ਗੁਰੂ ਹੈ ਜਗਤੁ ਕਾ ਸਭ ਕਾ ਪਾਲਣ ਹਾਰ ॥

ਇਕ ਹੋਰ ਮਿਸਾਲ ਵਜੋਂ ਅੱਜ ਸਰਸੇ ਵਾਲੇ ਸੱਚਾ-ਸੌਦਾ ਦੇ ਨਾਮ ਵਜੋਂ ਜਾਣੇ ਜਾਂਦੇ ਡੇਰੇ ਦੇ ਚੇਲੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ ਅਮਰਦਾਸ ਜੀ

ਦੀ ਬਾਣੀ ਆਨੰਦ ਸਾਹਿਬ ਦੀ ਤੁਕ ਦੇ ਉਲਟ ਅਰਥ ਕੱਢਕੇ ਇਸ਼ਤਿਹਾਰਾਂ ਵਿਚ ਵਰਤਦੇ ਹੋਏ ਕਹਿੰਦੇ ਹਨ ਕਿ ਸੰਤ. ਮਹਾਤਮਾ ਸਰਸੇ ਵਿਚ ਹੀ ਪੈਦਾ ਹੋਣਗੇ. ਜਿਵੇਂ :

ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ॥

ਅਜੋਕੇ ਸਮੇਂ ਦੇ ਸੰਤ. ਬ੍ਰਹਮਗਿਆਨੀ, ਬ੍ਰਹਮਚਾਰੀ, ਸਾਧੂਆਂ ਆਦਿ ਦਾ ਜੀਵਨ ਗੁਰਮਤਿ ਅਨੁਸਾਰ ਦੱਸੇ ਗਏ 'ਸੰਤ' ਨਾਲ ਮਿਲਾਈਏ ਤਾ ਇਹ ਉਸ ਤੋਂ ਕੋਹਾਂ ਦੂਰ ਹਨ। ਉਹ ਗੁਰਮਤਿ ਤੋਂ ਉਲਟ ਕਿਹੜਾ ਕਰਮ ਕਾਂਡ ਹੈ ਜੋ ਇਹ ਨਹੀ ਕਰਦੇ। ਹਰ ਅਹੁਦੇਦਾਰ ਨੂੰ ਭਾਵੇ ਉਹ ਚੋਰ ਹੀ ਕਿਉਂ ਨਾ ਹੋਵੇ ? ਘੱਟੋ-ਘੱਟ ਸਾਲ ਵਿਚ ਇਕ ਵਾਰ ਤਾਂ ਲੇਖਾ-ਜੋਖਾ ਦੇਣਾ ਹੀ ਪੈਂਦਾ ਹੈ. ਜਿਸ ਨਾਲ ਹੇਰਾ-ਫੇਰੀ ਦੀ ਗੁੰਜਾਇਸ਼ ਕਾਫੀ ਘੱਟ ਜਾਂਦੀ ਹੈ. ਪਰ ਇਨ੍ਹਾਂ ਮਸੰਦਾਂ ਤੋਂ ਨਾ ਕੋਈ ਹਿਸਾਬ ਮੰਗਣ ਦੀ ਹਿੰਮਤ ਕਰਦਾ ਹੈ ਕਿਉਂਕਿ ਇਹਨਾਂ ਨੇ ਵਿਹਲੜ ਚੇਲੇ ਜੁ ਪਾਲੇ ਹੋਏ ਹਨ. ਉਹ ਕਿਸ ਕੰਮ ਆਉਣਗੇ ਤੇ ਨਾ ਹੀ ਇਹ ਕਿਸੇ ਨੂੰ ਕੋਈ ਹਿਸਾਬ ਦੇਣਗੇ. ਕਿਉਂਕਿ ਹਿਸਾਬ ਲੈਣ ਵਾਲੇ ਕੋਲ ਇਹਨਾਂ ਦੀ ਮਾਇਆ ਦਾ ਕੋਈ ਸਬੂਤ ਹੀ ਨਹੀਂ। ਇਹ ਸਭ ਕੁਝ ਇਸ ਕਰਕੇ ਵੀ ਹੋ ਰਿਹਾ ਹੈ ਕਿਉਂਕਿ ਇਹਨਾਂ ਬਾਬਿਆਂ ਨੇ ਸੰਗਤ ਨੂੰ ਅਸਲੀ ਅਰਥਾਂ ਵਿਚ ਗੁਰਬਾਣੀ ਦੀ ਸੋਝੀ ਦੇਣ ਦੀ ਕੋਸ਼ਿਸ਼ ਹੀ ਨਹੀ ਕੀਤੀ। ਮਨ ਅੰਦਰ 'ਇਲਾਹੀ ਜੋਤਿ' ਜਗਾਉਣ ਦੀ ਥਾਂ, ਸਗੋਂ ਇਹਨਾਂ ਖ਼ੁਦ ਵੀ ਘਿਉ ਦੀ ਜੋਤ ਨਾਲ ਕੰਮ ਚਲਾਇਆ ਹੋਇਆ ਹੈ। ਅਸਲੀਅਤ ਤਾਂ ਇਹ ਹੈ ਕਿ ਇਹ ਆਪ ਵੀ ਉਸ ਰੂਹਾਨੀ ਜੋਤਿ ਤੋਂ ਸੱਖਣੇ ਹਨ। ਮਨ ਵਿਚ ਵੱਸੇ ਪ੍ਰਮਾਤਮਾ ਨੂੰ ਇਹ ਢੋਲਕੀਆਂ ਛੈਣਿਆਂ ਦੀ ਜ਼ੋਰਦਾਰ ਆਵਾਜ਼ ਨਾਲ ਲੱਭਣ ਦੀ ਕੋਸ਼ਿਸ਼ ਵਿਚ ਲੱਗੇ ਹੋਏ ਹਨ। ਅਜਿਹੇ ਦੇਹਧਾਰੀ ਪਾਖੰਡੀਆਂ ਬਾਰੇ ਪਿਛੇ ਲੱਗਣਵਾਲਿਆਂ ਨੂੰ ਸੁਚੇਤ ਕਰਦੇ ਹੋਏ ਭਾਈ ਗੁਰਦਾਸ ਜੀ ਕਹਿੰਦੇ ਹਨ

ਭੇਡ ਪੁਛਲਿ ਲਗਿਆ ਕਿਉ ਪਾਰ ਲੰਘੀਐ ॥
ਭੂਤ ਕੇਰੀ ਦੋਸਤੀ ਨਿਤ ਸਹਸਾ ਜੀਐ ॥
ਨਦੀ ਕਿਨਾਰੇ ਰੁਖੜਾ ਵੇਸਾਹੁ ਨ ਕੀਐ ॥
ਮਿਰਤਕ ਨਾਲਿ ਵਿਆਹੀਐ ਸੋਹਾਗੁ ਨ ਥੀਐ ॥ (ਵਾਰ ੩੪, ਪਉੜੀ ੭)

ਗੁਰੂ ਗੋਬਿੰਦ ਸਿੰਘ ਜੀ ਨੇ ਮਸੰਦਾਂ ਨੂੰ ਗੁਰੂ ਘਰ ਦੀ ਬਰਾਬਰਤਾ ਕਰਨ ਤੇ ਗੁਰੂ ਘਰ ਦੀ ਇਕੱਠੀ ਕੀਤੀ ਹੋਈ ਮਾਇਆ ਹੜੱਪਣ ਕਰਕੇ ਬਹੁਤ ਸਖ਼ਤ ਸਜਾਵਾਂ ਦਿੱਤੀਆ ਸਨ ਤੇ ਹੁਕਮ ਕੀਤਾ ਸੀ।

ਜੋ ਕਰਿ ਸੇਵਾ ਮਸੰਦਨ ਕੀ ਕਹੇ ਆਨ ਪ੍ਰਸਾਦਿ ਸਭੈ ਮੋਹਿ ਦੀਜੈ ॥
ਜੋ ਕਿਛੁ ਮਾਲ ਤਵਾਲਯ ਮੋਂ, ਸੋ ਅਬ ਹੀ ਉਠਿ ਭੇਟ ਹਮਾਰੀ ਕੀਜੈ ॥
ਮੇਰੋ ਹੀ ਧਿਆਨ ਧਰੋ ਨਿਸਬਾਸਰ, ਭੂਲਕੇ ਔਰ ਕੋ ਨਾਮ ਨ ਲੀਜੈ ॥
ਦੀਨੇ ਕੋ ਨਾਮ ਸੁਨੇ ਭਜਿ ਰਾਤਹਿ, ਲੀਨੇ ਬਿਨਾ ਨਹਿ ਨੈਕ ਪਸੀਜੈ ॥
(੩੩ ਸਵਈਏ, ਪਾਤਸਾਹੀ ੧੦)

'ਤਜ ਮਸੰਦ ਪ੍ਰਭੁ ਏਕ ਜਪ ਯਹ ਬਿਬੇਕ ਤਹਿ ਕੀਨ ॥' (ਗੁਰ ਸੋਭਾ)

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 15 ਨਵੰਬਰ 1920 ਨੂੰ ਜਦੋਂ ਹੋਂਦ ਵਿਚ ਆਈ ਸੀ ਤਾਂ ਇਸਦਾ ਮੁਖ-ਮੰਤਵ ਗੁਰੂਦੁਆਰਿਆਂ ਦੀ ਸਾਂਭ ਸੰਭਾਲ ਸਿੱਖ ਧਰਮ ਦੀ ਤਰੱਕੀ ਵਿਕਾਸ ਤੇ ਸਿੱਖ ਧਰਮ ਨੂੰ ਹੀ ਪ੍ਰਮੁੱਖਤਾ ਦੇਣੀ ਆਦਿ ਸਿਧਾਂਤਾਂ ਨੂੰ ਮੁੱਖ ਰੱਖਣਾ ਮੁੱਢਲੇ ਮੁੱਦੇ ਸਨ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਸੱਚਖੰਡ ਸ੍ਰੀ ਅਕਾਲ ਤਖ਼ਤ ਦੇ ਸਾਹਮਣੇ ਦੋ ਨਿਸ਼ਾਨ ਸਾਹਿਬ ਹਨ ਜੋ ਅਸਲ ਵਿਚ ਇਕ ਧਰਮ ਤੇ ਦੂਜਾ ਰਾਜਨੀਤੀ ਦੇ ਪ੍ਰਤੀਕ ਹਨ, ਭਾਵ ਮੀਰੀ ਤੇ ਪੀਰੀ ਨੂੰ ਪ੍ਰਗਟਾਉਂਦੇ ਹਨ। ਕਹਿੰਦੇ ਹਨ ਕਿ ਧਰਮ ਦੇ ਪ੍ਰਤੀਕ ਵਾਲੇ ਨਿਸ਼ਾਨ ਸਾਹਿਬ ਦੀ ਉਚਾਈ 101 ਫੁੱਟ ਹੈ ਤੇ ਰਾਜਨੀਤੀ ਦੇ ਪ੍ਰਤੀਕ ਵਾਲੇ ਨਿਸ਼ਾਨ ਸਾਹਿਬ ਦੀ ਉਚਾਈ 100 ਫੁੱਟ ਹੈ। ਧਰਮ ਦੇਂ ਪ੍ਰਤੀਕ ਵਜੋਂ ਜਾਣੇ ਜਾਂਦੇ ਨਿਸ਼ਾਨ ਸਾਹਿਬ ਦੀ ਉਚਾਈ ਇਕ ਫੁੱਟ ਇਸ ਕਰਕੇ ਵਧੇਰੇ ਹੈ ਕਿ ਧਰਮ ਹਮੇਸ਼ਾ ਰਾਜਨੀਤੀ ਉਤੇ ਭਾਰੂ ਰਹੇ। ਪਰ ਅਫਸੋਸ! ਅੱਜ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੇ ਜੱਥੇਦਾਰ ਵੀ ਗਰੀਬ ਦਾ ਦਸਵੰਧ ਰਾਜਨੀਤੀ ਵਿਚ ਆਪਣੇ ਹਿੱਤ ਪਾਲਣ ਖਾਤਿਰ ਰਾਜਨੀਤੀ ਦੀਆਂ ਚੋਣਾਂ ਵਿਚ ਲਗਾ ਰਹੇ ਹਨ। ਧਰਮ ਨੂੰ ਪਤਲਾ ਪਾ ਦਿੱਤਾ ਹੈ। ਸ਼੍ਰੋਮਣੀ ਗੁ: ਪ੍ਰੰ: ਕਮੇਟੀ ਦੇ ਬੱਜਟ ਦੀ ਕੋਈ ਕਮੀ ਨਹੀ, ਘਾਟ ਤਾਂ ਇਸ ਗੱਲ ਦੀ ਹੈ ਕਿ ਸਿੱਖ ਕੌਮ ਦੇ ਪ੍ਰਚਾਰ ਦੀ ਬਿਜਾਏ ਇਹ ਪੈਸਾ ਵੋਟਾਂ ਇਕੱਠੀਆਂ ਕਰਨ ਵਿਚ ਲੱਗ ਰਿਹਾ ਹੈ। ਇਹ ਵੀ ਸਿੱਖੀ ਦੇ ਨਿਘਾਰ ਦਾ ਇਕ ਕਾਰਨ ਬਣ ਰਿਹਾ ਹੈ। ਈਸਾਈ ਧਰਮ ਦੇ ਪ੍ਰਚਾਰਕ ਬਾਹਰੋਂ ਆ ਕੇ ਸਾਡੇ (ਪੰਜਾਬ ਦੇ ਸਕੂਲ) ਵਿਚ ਮੁਫਤ ਲਿਟਰੇਚਰ (ਸਾਹਿਤ) ਵੰਡ ਰਹੇ ਹਨ ਪਰ ਸ਼੍ਰੋ: ਗੁ: ਪ੍ਰੰ: ਕਮੇਟੀ ਇਹ ਕੰਮ ਪੰਜਾਬ ਵਿਚ ਵੀ ਨਹੀ ਕਰ ਰਹੀ।

ਆਓ ਜ਼ਰਾ ਇਮਾਨਦਾਰੀ ਨਾਲ ਸੋਚੀਏ ਕਿ ਅਜੋਕੇ ਪਾਖੰਡੀ ਸੰਤਾਂ, ਬਾਬਿਆਂ, ਡੇਰੇਦਾਰਾਂ, ਜੱਥੇਦਾਰ ਅਤੇ ਗੁਰੂ ਗੋਬਿੰਦ ਸਿੰਘ ਜੀ ਵੇਲੇ ਦੇ ਮਸੰਦਾਂ ਵਿਚ ਕੋਈ ਅੰਤਰ ਹੈ? ਸਗੋਂ ਇਹ ਤਾਂ ਉਸ ਵੇਲੇ ਦੇ ਮਸੰਦਾਂ ਨੂੰ ਵੀ ਬਹੁਤ ਪਿਛੇ ਛੱਡ ਗਏ ਹਨ। ਜੇਕਰ ਅਸੀ ਸੰਤ. ਬ੍ਰਹਮਗਿਆਨੀ, ਸਾਧ ਦੀ ਸਹੀ ਅਰਥਾਂ ਵਿਚ ਪਹਿਚਾਣ ਦੱਸਣ/ਕਰਵਾਉਣ ਵਿਚ ਸਫਲ ਹੋ ਜਾਂਦੇ ਹਾਂ, ਤਦ ਹੀ ਇਸ ਅਜੋਕੀ ਉਪਜੀ ਮਸੰਦ ਪ੍ਰਥਾ ਨੂੰ ਨੱਥ ਪਾਈ ਜਾ ਸਕਦੀ ਹੈ ਤੇ ਬ੍ਰਾਹਮਣਵਾਦ ਦੇ ਛਾਏ ਹੋਏ ਗਲਬੇ ਤੋਂ ਸਿੱਖ ਪੰਥ ਨੂੰ ਛੁਟਕਾਰਾ ਦਿਵਾਇਆ ਜਾ ਸਦਕਾ ਹੈ। ਕਿਉਂਕਿ ਇਹ ਆਪ ਤਾਂ ਦੋ ਵਕਤ ਦੀਆਂ ਰੋਟੀਆਂ ਵੀ ਖੁਦ ਕਿਰਤ ਕਰਕੇ ਨਹੀ ਕਮਾ ਸਕਦੇ ਪਰ ਦੂਜਿਆਂ ਦੇ ਜਨਮ-ਜਨਮਾਂ ਦੀ ਭੁੱਖ ਮਿਟਾ ਰਹੇ ਹਨ।

ਗੁਰੂ ਪਿਆਰਿਓ! ਆਪਣੇ ਨਿੱਜ ਰੂਪ ਨੂੰ ਪਛਾਨਣ ਲਈ ਸਿਰਫ ਸਹਿਜ ਹੋਣ ਦੀ ਲੋੜ ਹੈ ਕਿਉਂਕਿ 'ਸਹਜੇ ਹੋਇ ਸੁ ਹੋਇ', ਪਰ ਸਾਡੇ ਸੁਭਾਉ ਵਿਚ ਸਹਿਜਤਾ ਨਹੀ ਰਹੀ, ਅਸੀ ਅੰਦਰੋਂ ਹੋਰ ਤੇ ਬਾਹਰੋਂ ਹੋਰ ਹੋ ਗਏ ਹਾਂ। ਇਹ (ਅਜੋਕੇ ਸੰਤ) ਗੱਲਾਂ ਤਾਂ ਸੇਵਾ ਸਹਿਜਤਾ ਨਿਮਰਤਾ ਸੱਚ ਦੀਆਂ ਕਰ ਰਹੇ ਹਨ, ਪਰ ਸੋਚਦੇ ਲੋਕਾਈ ਨੂੰ ਲੁੱਟਣ ਬਾਰੇ ਹਨ। ਸਾਡੀ ਕਥਨੀ, ਕਰਨੀ, ਬਚਨੀ ਵਿਚ ਸੁਮੇਲਤਾ ਨਹੀ ਰਹੀ।

ਅਸੀ ਅੰਦਰੋਂ ਕਾਲੇ ਹਾਂ ਤੇ ਬਾਹਰੋਂ ਚਿੱਟੇ ਬਗਲੇ ਦਿਖਣ ਦਾ ਭੁਲੇਖਾ ਪਾ ਰਹੇ ਹਾਂ ਅਜਿਹੇ ਸਰੂਪ ਬਾਰੇ ਗੁਰੂ ਨਾਨਕ ਦੇਵ ਜੀ ਦਾ ਫੁਰਮਾਣ ਹੈ :

ਗਲੀ ਅਸੀ ਚੰਗੀਆ ਆਚਾਰੀ ਬੁਰੀਆਹ ॥
ਮਨਹੁ ਕੁਸੁਧਾ ਕਾਲੀਆਂ ਬਾਹਰਿ ਚਿਟਵੀਆਹ ॥

(ਵਾਰ ਸ੍ਰੀ ਰਾਗ ਮ: ੧ ਪੰਨਾ ੮੫)

ਭੋਲੀਓ ਸੰਗਤੋ ! ਜਦੋਂ ਸਾਡਾ ਤੇ ਇਹਨਾਂ ਆਪੇ ਬਣੇ ਪਾਖੰਡੀਆਂ ਦਾ ਗੁਰੂ ਇਕੋ ਹੈ, ਭਾਵ ਕਿ "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ" ਹੀ ਹਨ ਤਾਂ ਫਿਰ ਅਸੀਂ ਗੁਰੂ-ਭਾਈ ਹੋਏ ਤੇ ਫਿਰ ਅਸੀਂ ਇਨ੍ਹਾਂ 'ਤੇ ਕਿਉਂ ਆਸਾਂ-ਉਮੀਦਾਂ ਲਗਾਈ ਬੈਠੇ ਹਾਂ ? ਕਿਉਂ ਅਸੀ ਇਹਨਾਂ ਨੂੰ ਵਿਚੋਲੇ ਪਾ ਕੇ ਲੁਟ ਕਰਵਾ ਰਹੇ ਹਾਂ। ਜਦੋਂ ਕਿ "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ" ਅੰਦਰ ਦਰਜ ਗੁਰਬਾਣੀ ਅਸਲੀ ਅਰਥਾਂ ਵਿਚ ਜੀਵਨ-ਜਾਂਚ ਜਿਉਣ ਦਾ ਸੁਚੱਜਾ ਮਾਡਲ ਤੇ ਸਾਡੀ ਰੂਹ ਦੀ ਅਸਲੀ ਨਾਮ ਰੂਪ ਖੁਰਾਕ ਦੀ ਪੂਰਤੀ ਕਰਦੀ ਹੈ, ਤਾਂ ਫਿਰ ਅਸੀ ਕਿਉਂ ਮੋਮਬੱਤੀਆਂ, ਦੀਵਿਆਂ ਦੇ ਪਿਛੇ ਲੱਗ ਕੇ ਸੱਚ ਦੇ ਸੂਰਜ ਨੂੰ ਓਹਲੇ ਕਰੀ ਬੈਠੇ ਹਾਂ, ਜਦੋਂ ਕਿ ਇਹਨਾਂ ਦੀਵਿਆਂ ਦੇ ਆਪਣੇ ਥੱਲੇ ਵੀ ਹਨੇਰਾ ਪਸਰਿਆ ਹੋਇਆ ਹੈ। ਉਹ ਤੁਹਾਨੂੰ ਚਾਨਣ ਕਿਵੇਂ ਦੇ ਸਕਣਗੇ। ਇਹ ਆਧੁਨਿਕ ਸੰਤ/ਬਾਬੇ ਤਾਂ ਖੁਦ ਆਪ ਸਮਾਜ ਦੀਆਂ ਜਿੰਮੇਵਾਰੀਆਂ ਤੋਂ ਭੱਜੇ ਹੋਏ ਹਨ। ਇਹਨਾਂ ਦੀ ਆਪਣੀ ਤ੍ਰਿਸ਼ਨਾ ਭਟਕਣ ਤਾਂ ਕਦੇ ਖਤਮ ਨਹੀ ਹੋਈ, ਪਰ ਦੂਜਿਆਂ ਨੂੰ ਸ਼ਾਂਤੀ ਵਰਤਾ ਰਹੇ ਹਨ।

ਗੁਰੂ ਰੂਪ ਖਾਲਸਾ ਜੀ ਸੁਚੇਤ ਹੋਵੇ ॥
ਅਕਾਲਪੁਰਖ ਸਭ ਨੂੰ ਸੁਮੱਤ ਬਖਸ਼ੇ ਜੀ ॥
ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫ਼ਤਿਹ ॥

ਅਖੌਤੀ ਸਾਧ ਸੰਤ ਅਤੇ ਸਿੱਖ ਕੌਮ

ਉਸ ਸਮੇ ਜਦੋਂ ਗੁਰੂ ਤੇਗ ਬਹਾਦਰ ਜੀ ਬਾਬਾ ਬਕਾਲਾ ਵਿਖੇ ਬੈਠੇ ਜਗਤ ਜਲੰਦੇ ਨੂੰ ਠਾਰਨ ਵਾਸਤੇ "ਵਿਚਿ ਦੁਨੀਆ ਸੇਵ ਕਮਾਈਐ" ਬਚਨ ਨੂੰ ਅਮਲੀ ਰੂਪ ਦੇਣ ਵਾਸਤੇ ਰੂਪ ਰੇਖਾ ਤਿਆਰ ਕਰ ਰਹੇ ਸਨ ਉਸ਼ ਵਕਤ ਉਥੇ ਆਪਣੇ ਆਪ ਨੂੰ ਅਸਲੀ ਗੁਰੂ ਸਾਬਤ ਕਰਨ ਵਾਸਤੇ ੨੨ ਮੰਜੀਆਂ ਡਾਹ ਕੇ ਬੈਠੇ ਸਨ। ਉਹਨਾ ਆਪਣੀਆਂ ਦੁਕਾਨਦਾਰੀਆਂ ਚਲਾਉਣ ਲਈ ਆਪਣੇ ਏਜੰਟ ਛੱਡੇ ਹੋਏ ਸਨ ਜੋ ਸੱਚੇ ਗੁਰੂ ਦੀ ਭਾਲ ਵਿਚ ਬਕਾਲੇ ਵੱਲ ਆ ਰਹੀਆਂ ਸੰਗਤਾਂ ਨੂੰ ਵਰਗਲਾ ਕੇ ਆਪਣੇ ਆਪਣੇ ਗੁਰੂ ਕੋਲ ਲੈ ਜਾਂਦੇ ਸਨ ਉਸ ਸਮੇ ਇਕ ਸੱਚੇ ਸਿੱਖ ਨੇ ਅਸਲੀ ਸੱਚੇ ਗੁਰੂ ਦੇ ਹੱਕ ਵਿਚ ਆਵਾਜ਼ ਉਠਾ ਕੇ ਪਾਖੰਡੀਆਂ ਦਾ ਪਾਜ ਉਘੇੜਿਆ ਸੀ। ਅੱਜ ਵੀ ਫਰਜ ਬਣਦਾ ਹੈ ਇਹਨਾਂ ਸਾਧਾਂ ਸੰਤਾਂ ਦੇ ਪਾਜ ਉਘੇੜ ਕੇ ਗੁਰਬਾਣੀ

ਗੁਰੂ ਦੇ ਹੱਕ ਵਿਚ ਪੁਰਜ਼ੋਰ ਆਵਾਜ਼ ਬੁਲੰਦ ਕੀਤੀ ਜਾਵੇ।

ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤ ਸਮਾਉਣ ਸਮੇ ਸੰਗਤਾਂ ਨੂੰ ਹੁਕਮ ਕਰ ਗਏ ਕਿ ਆਤਮਾ ਗ੍ਰੰਥ ਵਿਚ ਸਰੀਰ ਪੰਥ ਵਿਚ। ਪਰ ਅੱਜ ਬਹੁਤ ਸਿੱਖ ਗੁਰੂ ਗਰੰਥ ਸਾਹਿਬ ਨੂੰ ਗਰੰਥ ਤਾਂ ਮੰਨਦੇ ਹਨ, ਪਰ ਗੁਰੂ ਨਹੀ। ਅੱਜ ਉਹ ਵੀ ਗੁਰੂ ਦਾ ਲੜ ਛੱਡ ਕੇ ਕਿਸੇ ਨਾ ਕਿਸੇ ਸਾਧ ਸੰਤ ਦਾ ਲੜ ਆਪਣੇ ਮਨ ਦੀ ਸ਼ਾਤੀ ਵਾਸਤੇ ਫੜੀ ਬੈਠੇ ਹਨ, ਇਹ ਡੇਰੇਦਾਰ ਸਾਧ ਆਪਣੇ ਡੇਰਿਆਂ ਵਿਚ ਪ੍ਰਕਾਸ਼ ਤਾਂ ਗੁਰੂ ਗਰੰਥ ਸਾਹਿਬ ਦਾ ਕਰਦੇ ਹਨ ਪਰ ਆਲੀਸ਼ਾਨ ਕਮਰਿਆਂ ਵਿਚ ਕਲਗੀਆਂ ਲਾ ਕੇ ਗੱਦੀਆਂ ਲਾ ਕੇ ਬੈਠਦੇ ਹਨ, ਆਪਣੇ ਏਜੰਟਾਂ ਰਾਹੀਂ ਵੰਨ ਸੁਵੰਨੀਆਂ ਕਹਾਣੀਆਂ ਘੜ ਕੇ, ਭੋਲੀਆਂ ਭਾਲੀਆਂ ਸੰਗਤਾਂ ਤੋਂ ਮੱਥੇ ਟਿਕਾ ਕੇ ਆਪਣੀ ਹਊਮੈ ਨੂੰ ਪੱਠੇ ਪਾ ਰਹੇ ਹਨ, ਭੋਲੀਆਂ ਸਿੱਖ ਸੰਗਤਾਂ ਇਹਨਾਂ ਨੂੰ ਗੁਰੂ ਹੀ ਮੰਨੀ ਜਾ ਰਹੀਆਂ ਹਨ, ਇਕ ਵਿਦਵਾਨ ਦਾ ਕਹਿਣਾ ਹੈ ਕਿ ਕਤਲ ਕਰਨ ਵਾਲਾ ਇਤਨਾ ਦੋਸ਼ੀ ਨਹੀ ਹੁੰਦਾ ਜਿਤਨਾ ਇਕ ਗਲਤ ਰਸਤਾ ਦੱਸਣ ਵਾਲਾ ਕਿਉਂਕਿ ਜੇ ਕਿਸੇ ਨੂੰ ਉਹ ਰਸਤਾ ਦੱਸ ਦਿੱਤਾ ਜੋ ਪ੍ਰਮਾਤਮਾ ਦੇ ਘਰ ਨੂੰ ਜਾਂਦਾ ਹੀ ਨਹੀ ਹੈ ਤਾਂ ਇਨਸਾਨ ਸਾਰੀ ਉਮਰ ਹੋਰ ਹੀ ਰਸਤੇ ਤੇ ਤੁਰਿਆ ਰਹੇਗਾ ਅਤੇ ਅੰਤ ਨੂੰ ਚੁਰਾਸੀ ਦੇ ਗੇੜ ਵਿਚ ਪੈ ਜਾਵੇਗਾ ਇਹ ਸਾਧ ਸੰਤ ਜਿਨ੍ਹਾਂ ਨੂੰ ਖੁਦ ਰਸਤੇ ਦਾ ਪਤਾ ਨਹੀਂ ਇਹ ਲੋਕਾਂ ਨੂੰ ਸੱਚ ਦੇ ਰਾਹ ਤੋਂ ਉਲਟਾ ਤੋਰ ਕੇ ਇਕ ਕਾਤਲ ਨਾਲੋ ਵੱਧ ਦੋਸ਼ੀ ਹਨ।

ਇਹਨਾਂ ਸਾਧਾਂ ਸੰਤਾਂ ਤੋਂ ਸਮਾਜ ਨੂੰ ਭਾਰੀ ਖਤਰਾ ਹੈ, ਸਿੱਖ ਕੌਮ ਦਾ ਇਹਨਾਂ ਨੇ ਬਹੁਤ ਨੁਕਸਾਨ ਕੀਤਾ ਹੈ। ਇਹ ਆਪਣੇ ਮਨੋ ਘੜੀਆਂ ਨਵੀਆਂ ਨਵੀਆਂ ਮਰਿਯਾਦਾ ਬਣਾ ਕੇ, ਸੰਗਤਾਂ ਨੂੰ ਬਾਹਮਣਵਾਦ ਦੇ ਜਾਲ ਨਾਲ ਵਿਚ ਫਸਾ ਰਹੇ ਹਨ। ਇਹ ਆਪਣੇ ਆਪ ਨੂੰ ਅਵਤਾਰ ਅਤੇ ਕਰਨੀ ਵਾਲੇ ਕਹਾਉਂਦੇ ਹਨ ਇਕ ਡੇਰੇ ਵਿਚ ਕਿਸੇ ਸਮਾਗਮ ਤੇ ਕਿਸੇ ਦੁਕਾਨਦਾਰ ਪਾਸੋਂ ਡੇਰੇ ਵਾਲਿਆਂ ਨੇ ੮-੧੦ ਬੋਰੀਆਂ ਖੰਡ ਦੀਆਂ ਲਿਆਦੀਆਂ। ਜਦ ਸਮਾਪਤੀ ਤੋਂ ਬਾਦ ਉਹ ਦੁਕਾਨਦਾਰ ਪੈਸੇ ਲੈਣ ਆਇਆ ਤਾਂ ਸੰਤ ਕਹਿੰਦਾ "ਜਾ ਭਾਈ ਤੈਨੂੰ ਗੁਰੂ ਦੀਆਂ ਖੁਸ਼ੀਆਂ ਦਿੱਤੀਆਂ" ਤਾਂ ਦੁਕਾਨਦਾਰ ਨੇ ਫਿਰ ਕਿਹਾ ਕਿ ਮੈਨੂੰ ਖੁਸ਼ੀਆਂ ਨਹੀਂ ਚਾਹੀਦੀਆਂ ਮੈਨੂੰ ਪੈਸੇ ਚਾਹੀਦੇ ਹਨ, ਬਾਬੇ ਨੇ ਫਿਰ ਕਿਹਾ ਤੈਨੂੰ ਗੁਰੂ ਦੀਆਂ ਖੁਸ਼ੀਆਂ ਦਿੱਤੀਆਂ। ਦੁਕਾਨਦਾਰ ਨੇ ਫਿਰ ਕਿਹਾ ਮੈਨੂੰ ਪੈਸੇ ਦਿਉ। ਜਦੋਂ ਸੰਤ ਨੇ ਦੇਖਿਆ ਕਿ ਇਹ ਪੈਸੇ ਲਏ ਬਗੈਰ ਨਹੀ ਜਾਵੇਗਾ ਤਾਂ ਬਾਬੇ ਨੇ ਕਿਸੇ ਸ਼ਰਧਾਲੂ ਕੋਲੋਂ ਪੈਸੇ ਲੈ ਕੇ ਦੇ ਦਿੱਤੇ, ਬਾਅਦ ਵਿਚ ਚੇਲਿਆਂ (ਏਜੰਟਾਂ) ਨੇ ਪ੍ਰਚਾਰ ਕਰ ਦਿੱਤਾ ਕਿ ਇਸ ਨੇ ਖੰਡ ਦੇ ਪੈਸੇ ਲੈ ਲਏ ਸੀ ਇਸ ਕਰਕੇ ਦੁਕਾਨਦਾਰ ਨੂੰ ੫੦ ਹਜ਼ਾਰ ਦਾ ਘਾਟਾ ਪੈ ਗਿਆ। ਇਸ ਤਰ੍ਹਾਂ ਇਹ ਏਜੰਟ ਹਮੇਸ਼ਾ ਸੰਤਾਂ ਦੇ ਝੂਠ ਦੇ ਹੱਕ ਵਿਚ ਪ੍ਰਚਾਰ ਕਰਦੇ ਰਹਿੰਦੇ ਹਨ

ਜੇ ਕੋਈ ਸੰਤ ਵਿਦੇਸ਼ ਗਿਆ ਹੋਵੇ ਤਾਂ ਕੋਈ ਸੱਜਣ ਸੰਤ ਨੂੰ ਮਿਲਣ ਡੇਰੇ

ਆ ਜਾਵੇ ਤਾਂ ਏਜੰਟ ਪਹਿਲਾਂ ਹੀ ਫੋਨ ਚੁੱਕ ਕੇ ਬਾਬੇ ਨਾਲ ਗੱਲ ਕਰਨ ਲੱਗ ਪੈਂਦੇ ਹਨ, ਜਦੋਂ ਉਹ ਸੱਜਣ, ਏਜੰਟ ਕੋਲ ਆ ਕੇ ਬੈਠਦਾ ਹੈ ਤਾਂ ਏਜੰਟ ਫੋਨ ਤੇ ਇਸ ਤਰ੍ਹਾਂ ਦਾ ਪ੍ਰਗਟਾਵਾ ਕਰਦਾ ਹੈ ਕਿ ਬਾਬਾ ਜੀ ਨੂੰ ਵਿਦੇਸ਼ ਵਿਚ ਬੈਠੇ ਹੀ ਪਤਾ ਲੱਗ ਗਿਆ ਕਿ ਫਲਾਣਾ ਸੱਜਣ ਉਸ ਦੇ ਡੇਰੇ ਬੈਠਾ ਹੈ, ਉਸ ਨੂੰ ਇਹ ਸੇਵਾ ਲਾ ਦਿਉ, ਪਾਸ ਬੈਠਾ ਸੱਜਣ ਬਹੁਤ ਖੁਸ਼ ਹੁੰਦਾ ਹੈ ਕਿ ਬਾਬਾ ਜੀ ਕਿੰਨੀ ਕਰਨੀ ਵਾਲੇ ਹਨ ਕਿ ਉਹਨਾਂ ਨੂੰ ਪਤਾ ਹੈ ਕਿ ਮੈਂ ਇਸ ਵੇਲੇ ਇਥੇ ਹਾਜਰ ਹਾਂ। ਇਸ ਤਰ੍ਹਾਂ ਇਹ ਸੰਗਤ ਨੂੰ ਆਪਣੇ ਜਾਲ ਵਿਚ ਫਸਾਉਂਦੇ ਹਨ।

ਇਹ ਸਾਧ ਸੰਤ, ਗੁਰਮਤਿ ਸਿਧਾਂਤ ਤੋਂ ਕੋਹਾਂ ਦੂਰ ਹਨ ਇਹਨਾਂ ਵਿਚੋਂ ਬਹੁਤੇ ਜਾਤ-ਪਾਤ ਦੇ ਹਾਮੀ ਹਨ ਇਹ ਕਿਸੇ ਗਰੀਬ ਸਿੱਖ ਨਾਲ ਬੈਠ ਕੇ ਲੰਗਰ ਨਹੀ ਛਕ ਸਕਦੇ ਇਹ ਗਰੀਬ ਨੂੰ ਵੇਖ ਕੇ ਸੜ ਕੇ ਕੋਇਲੇ ਹੋ ਜਾਂਦੇ ਹਨ ਅਤੇ ਅਮੀਰ ਨੂੰ ਵੇਖ ਕੇ ਖੁਸ਼ ਹੁੰਦੇ ਹਨ, ਅਮੀਰਾਂ ਨੂੰ ਸ਼ਪੈਸ਼ਲ ਖਾਣੇ, AC ਸਹੂਲਤਾਂ ਦਿੰਦੇ ਹਨ ਇਹ ਸਟੇਜਾਂ ਤੇ ਬੋਲਦੇ, ਸੰਗਤ ਨੂੰ ਅੰਮ੍ਰਿਤ ਛਕਣ ਲਈ ਪ੍ਰੇਰਦੇ ਹਨ ਪਰ ਡੇਰਿਆਂ ਵਿਚ ਕੇਵਲ ਥਾਪੜੇ, ਅਸ਼ੀਰਵਾਦਾਂ ਦਿੰਦੇ ਹਨ ਕਿਸੇ ਨੂੰ ਕਦੇ ਅੰਮ੍ਰਿਤ ਛਕਣ ਵਾਸਤੇ ਨਹੀ ਕਹਿੰਦੇ। ਜਿਹੜੇ ਸੰਤ ਅੰਮ੍ਰਿਤ ਛਕਾਉਂਦੇ ਹਨ ਉਹ ਵੱਖ-ਵੱਖ ਆਪਣਾ-ਆਪਣਾ ਅੰਮ੍ਰਿਤ ਛਕਾ ਰਹੇ ਹਨ, ਗੁਰੂ ਦਾ ਅੰਮ੍ਰਿਤ ਨਹੀ ਛਕਾਉਂਦੇ, ਗੁਰੂ ਗੋਬਿੰਦ ਸਿੰਘ ਵੱਲੋਂ ਬਖਸ਼ੀ ਅੰਮ੍ਰਿਤ ਦੀ ਦਾਤ ਹੁਣ ਇਹਨਾਂ ਢੋਂਗੀ ਸੰਤਾਂ ਦੀ ਦਾਤ ਬਣਾਈ ਹੈ।

ਬਿਨਾ ਕੋਈ ਕਾਰੋਬਾਰ ਕੀਤਿਆਂ ਇਹ ਸੰਤ ਦੁਨੀਆਂ ਦੇ ਸਭ ਤੋਂ ਅਮੀਰ ਆਦਮੀ ਹਨ, ਇਹ ਧਰਮ ਦੇ ਨਾਂ ਤੇ ਗੁੰਮਰਾਹ ਕਰਕੇ ਠੱਗੀ ਰਾਹੀ ਮਾਇਆ ਕਮਾ ਰਹੇ ਹਨ ਨਿਸ਼ਕਾਮਤਾ ਦਾ ਢੌਂਗ ਰਚ ਕੇ ਇਹ ਕਰੋੜਾਂ ਪਤੀ ਬਣੇ ਹੋਏ ਹਨ, ਵਿਦੇਸ਼ਾਂ ਵਿਚ ਪ੍ਰਚਾਰ ਕਰਨ ਦਾ ਢੌਂਗ ਰਚ ਕੇ ਕੇਵਲ ਮਾਇਆ ਇੱਕਠੀ ਕਰਨ ਵਾਸਤੇ ਜਾਂਦੇ ਹਨ। ਜਿੰਨ੍ਹਾਂ ਦੇਸ਼ਾਂ ਵਿਚ ਪੈਸੇ ਘੱਟ ਹਨ ਇਹ ਕਦੇ ਵੀ ਪ੍ਰਚਾਰ ਵਾਸਤੇ ਉਥੇ ਨਹੀ ਵੜਦੇ, ਕੀ ਇਸ ਦੇਸ਼ ਵਿਚ ਸਿੱਖੀ ਦਾ ਪ੍ਰਚਾਰ ਹੋ ਗਿਆ ਹੈ ? ਅਮੀਰ ਲੋਕ ਭੁਲੇਖੇ ਵਿਚ ਇਹਨਾਂ ਤੋਂ ਸ਼ਾਤੀ ਲੈਣ ਵਾਸਤੇ, ਸਵਰਗ ਲੈਣ ਵਾਸਤੇ ਇਹਨਾਂ ਨੂੰ ਮਾਇਆ ਦਿੰਦੇ ਹਨ। ਮੁਸਲਮਾਨਾਂ ਨੇ ਹੂਰਾਂ ਦੇ ਲਾਲਚ ਨੂੰ ਮੰਨਿਆ ਹੈ ਅੱਜ ਤੱਕ ਉਹਨਾਂ ਨੂੰ ਇਕ ਵੀ ਹੂਰ ਦੇ ਦਰਸ਼ਨ ਨਹੀ ਹੋਏ ਅਤੇ ਨਾ ਹੀ ਹੋਣਗੇ। ਇਸੇ ਤਰ੍ਹਾਂ ਇਹਨਾਂ ਸਾਧਾਂ ਸੰਤਾਂ ਨੇ ਵੀ ਸ਼ਰਧਾਲੂਆਂ ਵਾਸਤੇ ਸਵਰਗ ਦੇ ਬੂਹੇ ਸਦਾ ਖੋਲ੍ਹ ਰੱਖੇ ਹਨ। ਗੁਰੂ ਜਿੰਨ੍ਹਾਂ ਦੇ ਟੱਪਣੇ ਚੇਲੇ ਜਾਣ ਛੜੱਪ।

ਨਾਨਕਸਰ ਲੰਗਰ ਨਹੀ ਪੱਕਦਾ, ਮਾਇਆ, ਗੋਲਕ ਵਿਚ ਨਹੀ ਪਵਾਈ ਜਾਂਦੀ, ਅਖੰਡ ਪਾਠ, ਸੰਪਟ, ਸੁਖਮਨੀ ਸਾਹਿਬ ਦੇ ਪਾਠ ਚਲਦੇ ਰਹਿੰਦੇ ਹਨ, ਦੇਗ ਕੜਾਹ ਪ੍ਰਸ਼ਾਦ ਤਾ ਜਰੂਰ ਬਣਦਾ ਹੋਵੇਗਾ, ਕੀ ਬਾਬਾ ਨੰਦ ਸਿੰਘ ਦੀ ਇਹ ਸੋਚ ਨਹੀ ਹੋ ਸਕਦੀ ਸੀ ਕਿ ਜੇਕਰ ਇਥੇ ਲੰਗਰ ਬਣਨ ਲੱਗ ਪਿਆ ਜਾਂ ਮਾਇਆ ਗੋਲਕ ਵਿਚ ਪੈਣ ਲੱਗ ਪਈ ਤਾਂ ਇਸ ਜਗ੍ਹਾ ਤੇ ਇਕ ਹੋਰ ਡੇਰਾ ਬਣ ਜਾਵੇਗਾ

ਅਤੇ ਅੱਗੋਂ ਗੱਦੀ ਪਰੰਪਰਾ ਸ਼ੁਰੂ ਹੋ ਜਾਵੇਗੀ। ਇਕ ਵੱਖਰਾ ਮੱਤ ਉਭਰ ਕੇ ਸਾਹਮਣੇ ਆ ਜਾਵੇਗਾ ਜੋ ਕਿ ਕੌਮ ਲਈ ਅੰਤਿਅੰਤ ਖ਼ਤਰਨਾਕ ਹੋ ਜਾਵੇਗਾ।

ਇਥੇ ਲੰਗਰ ਨਹੀ ਬਣਨਾ, ਮਾਇਆ ਗੋਲਕ ਵਿਚ ਨਹੀ ਪਾਉਣੀ ਇਹ ਇਥੋਂ ਦੀ ਮਰਯਾਦਾ ਬਣ ਗਈ। ਦੇਹਧਾਰੀ ਗੱਦੀਆਂ ਉਥੇ ਲੱਗ ਗਈਆਂ, ਗੋਲੀਆਂ ਚਲਦੀਆਂ ਹਨ, ਇਹਨਾਂ ਦੇ ਚੇਲੇ ਸ਼ਰਧਾਲੂਆਂ ਨੂੰ ਕੇਵਲ ਆਪਣੇ ਹੀ ਬਾਬੇ ਕੋਲ ਲਿਜਾਂਦੇ ਹਨ, ਇਹ ਸੰਤ ਆਪਸ ਵਿਚ ਵੀ ਇਕ ਦੂਜੇ ਨੂੰ ਝੂਠੇ ਸਾਬਤ ਕਰ ਰਹੇ ਹਨ।

ਸਿੱਖ ਕੌਮ ਨੂੰ ਸੁਚੇਤ ਹੋਣ ਦੀ ਲੋੜ ਹੈ। ਸਾਰੀਆਂ ਪ੍ਰਚਾਰਕ ਸਭਾ ਸੁਸਾਇਟੀਆਂ, ਸਿੰਘ ਸਭਾਵਾਂ ਨੂੰ ਇਹ ਫੈਸਲਾ ਕਰਨਾ ਚਾਹੀਦਾ ਹੈ ਕਿ ਉਹ ਇਹਨਾਂ ਸਾਧਾਂ ਸੰਤਾਂ ਨੂੰ ਮੂੰਹ ਨਾ ਲਾਉਣ ਇਹਨਾਂ ਦੇ ਪ੍ਰਚਾਰ ਦਾ ਵਾਧਾ ਰੋਕਿਆ ਜਾਵੇ ਤਾਂ ਕਿ ਸਿੱਖ ਕੌਮ ਨੂੰ ਅੰਦਰੂਨੀ ਢਾਹ ਲੱਗਣ ਤੋਂ ਬਚਾਇਆ ਜਾ ਸਕੇ

ਹੁਣ ਕੇਵਲ "ਗੁਰੂ ਗਰੰਥ ਸਾਹਿਬ ਜੀ" ਉਪਰ ਭਰੋਸਾ ਕਰੀਏ ਕੇਵਲ ਤੇ ਕੇਵਲ ਗੁਰਬਾਣੀ ਗੁਰੂ ਤੋ ਸਿੱਖਿਆ ਪ੍ਰਾਪਤ ਕਰੀਏ, ਇਹਨਾਂ ਸਾਧਾ ਸੰਤਾਂ ਤੇ ਭਰੋਸਾ ਕਰਕੇ ਸਿੱਖ ਕੌਮ ਨੇ ਬਹੁਤ ਜਿਆਦਾ ਨੁਕਸਾਨ ਕਰਵਾ ਲਿਆ ਹੈ। ਸੰਗਤ ਨੂੰ ਇਤਨੀ ਸੁਚੇਤ ਕਰੀਏ ਕਿ ਇਹਨਾਂ ਸਾਧਾਂ ਸੰਤਾਂ ਦੇ ਡੇਰਿਆਂ ਵਿਚ ਕੇਵਲ ਕਬੂਤਰ ਹੀ ਬੋਲਣ।

"ਬਾਣੀ ਗੁਰੂ, ਗੁਰੂ ਹੈ ਬਾਣੀ"

(ਪੰਨਾ ੯੮੨)

ਗੁਰੂ ਸ਼ਬਦ ਦੋ ਅੱਖਰਾਂ ਤੋਂ ਬਣਿਆਂ ਹੈ। ਅਗਿਆਨ ਵਿਨਾਸ਼ਕ, ਗੁਰਬਾਣੀ ਗੁਰੂ ਹੈ। ਗੁਰੂ ਤੋਂ ਬਿਨਾਂ ਸਮਝ ਨਹੀ ਆ ਸਕਦੀ। ਗੁਰ ਫੁਰਮਾਨ ਹੈ।

"ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ ॥
ਮਨ ਕੀ ਦੁਬਿਧਾ ਬਿਨਸ ਜਾਇ ਹਰਿ ਪਰਮ ਪਦੁ ਲਹੀਐ ॥

(ਅੰਗ ੨੮੬)

ਸੁਖ ਦਾਤਾ ਦੁਖ ਮੇਟਣੋ ਸਤਿਗੁਰੁ ਅਸੁਰ ਸੰਘਾਰੁ ॥ (ਅੰਗ ੧੬੮)

"ਗੁਰਬਿਨੁ ਘੋਰ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ ॥
ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ ॥
ਗੁਰੁ ਕਰੁ ਸਚਿ ਬੀਚਾਰੁ ਗੁਰੂ ਕਰੁ ਰੇ ਮਨ ਮੇਰੇ ॥
ਗੁਰੁ ਕਰ ਸਬਦ ਸਪੁੰਨ ਅਘਨ ਕਟਹਿ ਸਭ ਤੇਰੇ ॥
ਗੁਰੁ ਨਯਣਿ ਬਯਣਿ ਗੁਰੁ ਗੁਰੁ ਕਰਹੁ ਗੁਰੂ ਸਤਿ ਕਵਿ ਨ੍ਹਲ ਕਹਿ ॥
ਜਿਨਿ ਗੁਰੂ ਨ ਦੇਖਿਅਹੁ ਨਹੁ ਕੀਅਹੁ ਤੇ ਅਕਯਥ ਸੰਸਾਰ ਮਹਿ ॥"

(ਸਵਯੇ ਮਹਲੇ ੫ ਕੇ)

"ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰ ॥"

(ਸ੍ਰੀ ਰਾਗ ਮਹਲਾ ੧)

ਕੇਵਲ ਤੇ ਕੇਵਲ ਗੁਰੂ ਪ੍ਰਮਾਤਮਾ ਹੀ ਅਭੁੱਲ ਹੈ ਬਾਕੀ ਸਭ ਭੁਲਣ ਹਾਰ

ਹਨ ਇਸ ਕਰਕੇ ਕੋਈ ਦੇਹਧਾਰੀ ਗੁਰੂ, ਕੋਈ ਸੰਤ ਗੁਰੂ ਕਦੇ ਵੀ ਨਹੀ ਹੋ ਸਕਦਾ।

"ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ ਨਾਨਕ ਭੇਦ ਨ ਭਾਈ ॥"

ਦਸੇ ਪਾਤਸ਼ਾਹੀਆਂ ਇਕ ਹੀ ਹਨ ਅਤੇ ਉਹਨਾਂ ਦੇ ਸਰੂਪ "ਗੁਰੂ ਗਰੰਥ ਸਾਹਿਬ" ਜੀ ਹਨ ਜੁਗੋ ਜੁੱਗ ਅਟੱਲ "ਗੁਰੂ ਗਰੰਥ ਸਾਹਿਬ ਜੀ ਗੁਰੂ ਹਨ ਹੋਰ ਕੋਈ ਗੁਰੂ ਹੋ ਹੀ ਨਹੀ ਸਕਦਾ।

"ਗੁਰ ਜੈਸਾ ਨਾਹੀ ਕੋ ਦੇਵ"

(ਪੰਨਾ ੧੧੪੨)

ਗੁਰੂ ਸ਼ਬਦ ਹੈ, ਪ੍ਰਮਾਤਮਾ ਪ੍ਰਕਾਸ਼ ਹੈ, ਗੁਰੂ ਨੂੰ ਸੁਣਨਾ ਹੈ ਪ੍ਰਕਾਸ਼ ਅੰਦਰ ਹੋਵੇਗਾ ਜਿਸ ਨੂੰ ਸੁਣਨ ਦੀ ਜਾਚ ਨਹੀਂ ਆਈ ਵੇਖ ਵੀ ਨਹੀ ਸਕਦਾ, ਪ੍ਰਕਾਸ਼ ਦੇ ਰੂਪ ਵਿਚ ਪ੍ਰਮਾਤਮਾ ਵਿਆਪਕ ਹੈ। ਸ਼ਬਦ ਗੁਰੂ ਹੈ। ਪ੍ਰਮਾਤਮਾ ਵੀ ਵਿਆਪਕ ਹੈ। ਸ਼ਬਦ ਗੁਰੂ ਹੈ। ਪ੍ਰਮਾਤਮਾ ਸੰਗੀਤ ਬਣਕੇ ਬਾਹਰ ਪ੍ਰਗਟ ਹੋਇਆ **"ਨਾਨਕ ਭਉਜਲ ਪਾਰ ਪਵੈ ਜੋ ਗਾਵੈ ਪ੍ਰਭ ਕੇ ਗੀਤ ॥"** ਸ਼ਬਦ ਗੁਰੂ ਦੇ ਹੁੰਦਿਆਂ ਹੋਇਆਂ ਨਾ ਗੁਰੂ ਦੀ ਸਮਝ ਹੈ ਨਾ ਪ੍ਰਮਾਤਮਾਂ ਦੀ। ਪਦਾਰੁਥਵਾਦੀ ਜੁੱਗ ਵਿਚ ਅਕਲਾਂ ਪੱਥਰ ਹੋ ਗਈਆਂ ਹਨ ਨਾ ਝੂਠ ਦੀ ਸਮਝ ਹੈ ਨਾ ਸੱਚ ਦੀ, ਜੇ ਝੂਠ ਦੀ ਸਮਝ ਆ ਗਈ ਤਾਂ ਹੀ ਸੱਚ ਦੀ ਸਮਝ ਆਏਗੀ ਜੇ ਸੱਚ ਦੀ ਸਮਝ ਆ ਗਈ ਤਾਂਹੀ ਝੂਠ ਦੀ ਸਮਝ ਆਵੇਗੀ। ਅਣਜਾਣੇ ਵਿਚ ਹੀ ਦੇਹਾਂ ਪੂਜੀਆਂ ਜਾ ਰਹੀਆਂ ਹਨ ਅਗਿਆਨ ਦੀ ਪੂਜਾ ਹੋ ਰਹੀ ਹੈ। ਬਹੁਤੀ ਦੁਨੀਆਂ ਕੋਲ ਧਰਮ ਨਹੀਂ ਹੈ ਕੇਵਲ ਧਰਮ ਦਾ ਭਾਰ ਚੁੱਕੀ ਫਿਰਦੇ ਹਨ, ਸੰਸਾਰ ਦਾ ਕਰਮ ਬੰਧਨ ਹੈ ਜੇ ਧਰਮ ਦਾ ਕੰਮ ਵੀ ਬੰਧਨ ਬਣ ਜਾਵੇ ਤਾ ਮੁਕਤੀ ਕਿਥੋਂ ? ਪਸ਼ੂਆਂ ਦੀ ਦੁਨੀਆਂ ਵਿਚ ਵਿਕਾਸ ਨਹੀਂ ਹੈ ਕਿਉਂਕਿ ਅਲਫਾਜ਼ ਨਹੀ ਹਨ, ਆਵਾਜ ਹੈ ਪਰ ਬੋਲ ਨਹੀਂ ਸਕਦੇ, ਕੁਝ ਦੱਸ ਨਹੀਂ ਸਕਦੇ। ਗੂੰਗਾ ਕਿਸੇ ਪਹਿਲੂ ਤੇ ਅੱਗੇ ਨਹੀਂ ਨਿਕਲ ਸਕਦਾ। ਅੰਨਾ ਬੰਦਾ ਕੀਰਤਨ ਕਰ ਸਕਦਾ ਹੈ। ਅਵਾਜ ਵਿਚ ਅਲਫਾਜ਼ ਹਨ ਜਿਨ੍ਹਾਂ ਨਾਲ ਸੰਸਾਰ ਨਾਲ ਸਬੰਧ ਜੁੜਦਾ ਹੈ। ਗੁਰੂ ਦਾ ਸ਼ਬਦ ਗੁਰੂ ਹੈ। ਆਵਾਜ਼ ਗੁਰੂ ਨਾਨਕ ਸਾਹਿਬ ਜੀ ਦੀ ਹੈ ਅਲਫਾਜ਼ ਰੱਬ ਦੇ ਹਨ। ਆਵਾਜ ਗੁਰੂ ਤੇਗ ਬਹਾਦਰ ਜੀ ਦੀ ਹੈ ਅਲਫਾਜ਼ ਰੱਬ ਦੇ ਹਨ।

ਜੇ ਆਵਾਜ਼ ਵੀ ਆਪਣੀ ਹੋਵੇ ਅਲਫਾਜ ਵੀ ਆਪਣੇ ਹੋਣ ਉਸਨੂੰ ਕੱਚੀ ਬਾਣੀ ਕਹਿੰਦੇ ਹਨ। ਆਪ ਨੇ ਕਦੇ ਦੇਖਿਆ ਹੋਵੇਗਾ ਝੂਠਾ ਸੋਨਾ, ਅਸਲ ਸੋਨੇ ਨਾਲੋਂ ਵੀ ਵੱਧ ਚਮਕਾਇਆ ਹੁੰਦਾ ਹੈ। ਨਕਲੀ ਸਿੱਕੇ ਨੂੰ ਬਹੁਤਾ ਸਿੰਗਾਰਿਆਂ ਜਾਂਦਾ ਹੈ। ਨਕਲੀ ਸਿੱਕੇ ਵੀ ਤੁਰੇ ਫਿਰਦੇ ਹਨ, ਧੋਖਾ ਬੜਾ ਹੈ। ਦੇਹਧਾਰੀ ਗੁਰੂ, ਸਾਧ ਸੰਤ ਸਭ ਨਕਲੀ ਸਿੱਕੇ ਹਨ, ਕੱਚੀਆਂ ਧਾਰਨਾਂ ਪੜਦੇ ਹਨ, ਕੱਚੇ ਹੀ ਸੁਣਦੇ ਹਨ ਪਰ ਯਾਦ ਰੱਖਣਾ ਕੱਚੇ ਫਲਾਂ ਵਿਚ ਕਦੇ ਮਿਠਾਸ ਨਹੀ ਹੁੰਦੀ। ਕੱਚਾ ਅੰਬ

ਕੌੜਾ ਹੁੰਦਾ ਹੈ। ਇਹ ਗੱਲ ਵੱਖਰੀ ਹੈ ਕਈਆਂ ਨੂੰ ਕੱਚੀਆਂ ਅੰਬੀਆਂ ਖਾਣ ਦਾ ਸ਼ੌਕ ਹੁੰਦਾ ਹੈ। ਬਿਮਾਰ ਵੀ ਹੋ ਜਾਂਦੇ ਹਨ ਪਰ ਫਿਰ ਵੀ ਖਾਈ ਜਾਂਦੇ ਹਨ। ਕੱਚੇ ਅੰਗੂਰ ਵੀ ਕੌੜੇ ਹੁੰਦੇ ਹਨ ਕੱਚਿਆਂ ਦਾ ਕੱਚਿਆਂ ਨਾਲ ਤਾਲ ਮੇਲ ਬੈਠ ਜਾਂਦਾ ਹੈ। ਨਕਲ ਦੀ ਪੂਜਾ ਹੋ ਰਹੀ ਹੈ। ਹੁਣ ਤਾਂ ਸਕੂਲਾਂ ਵਿਚ ਵੀ ਨਕਲ ਮਰਵਾਉਣ ਵਾਸਤੇ ਦਾਖਲੇ ਨਾਲ ਨਕਲ ਮਰਵਾਉਣ ਦੀ ਫੀਸ ਵੀ ਪਹਿਲਾਂ ਹੀ ਲੈ ਲਈ ਜਾਂਦੀ ਹੈ। ਹਰ ਬੰਦਾ ਪਾਟਾ ਨੋਟ ਅਤੇ ਨਕਲੀ ਸਿੱਕਾ ਪਹਿਲਾਂ ਚਲਾਉਣਾ ਚਾਹੁੰਦਾ ਹੈ। ਨਕਲੀ ਸਿੱਕਾ ਜਿਆਦਾ ਚਮਕਦਾ ਹੈ। ਕਈ ਸਵਾਲ ਕਰਦੇ ਹਨ ਗੁਰੂ ਦੀ ਬਹੁਤ ਵੱਡੀ ਕੁਰਬਾਨੀ ਪਰ ਉਮਤ ਕੁਝ ਵੀ ਨਹੀ ਹੈ ਸਿੱਖਾਂ ਦੀ ਗਿਣਤੀ ਘੱਟ ਹੈ, ਉੱਤਰ ਦੇਣਾ ਪੈਂਦਾ ਹੈ ਧਰਤੀ ਵਿਚੋਂ ਜਿੰਨਾਂ ਲੋਹਾ ਨਿਕਲਦਾ ਹੈ, ਉਤਨਾ ਸੋਨਾ ਨਹੀ ਨਿਕਲਦਾ। ਲੋਹੇ ਦੀ ਕੀਮਤ ਹੋਰ ਹੈ, ਸੋਨੇ ਦੀ ਕੀਮਤ ਹੋਰ ਹੈ। ਲੋਹੇ ਨੂੰ ਤੋਲਣ ਵਾਲੇ ਵੱਟੇ ਹੋਰ ਹਨ, ਸੋਨੇ ਨੂੰ ਤੋਲਣ ਵਾਲੇ ਵੱਟੇ ਹੋਰ ਹਨ। ਨਿਰੰਕਾਰੀ ਨੂੰ ਵੀ ਕਵੀਆਂ ਦਾ ਆਸਰਾ ਲੈਣਾ ਪਿਆ ਤਾਂ ਅਵਤਾਰ ਬਾਨੀ ਕਿਤਾਬ ਛਪੀ ਕੱਚਿਆਂ ਨੂੰ ਕੱਚਿਆਂ ਦੇ ਆਸਰੇ ਲੈਣੇ ਪੈਂਦੇ ਹਨ ਦੇਹਧਾਰੀ ਗੱਦੀਆਂ ਲਾਉਣ ਵਾਲੇ ਗੁਰੂ ਇਥੇ ਬਥੇਰੇ ਬਣੇ ਫਿਰਦੇ ਹਨ ਵਿਸਥਾਰ ਸਾਹਿਤ ਆਪ ਦੂਜੇ ਭਾਗ ਵਿਚ ਪੜ੍ਹ ਆਏ ਹੋ, ਸਭ ਕੱਚੇ ਹਨ, ਸ਼ਬਦ ਨੂੰ ਮੱਥਾ ਟੇਕਣਾ ਰੱਬ ਨੂੰ ਮੱਥਾ ਟੇਕਣਾ ਹੈ। ਸ਼ਬਦ ਨੂੰ ਸਮਝਣਾ ਰੱਬ ਨੂੰ ਸਮਝਣਾ ਹੈ, ਸ਼ਬਦ ਨੂੰ ਮੰਨਣਾ ਰੱਬ ਨਾਲ ਜੁੜਨਾ ਹੈ। ਸੱਚ ਨੂੰ ਪਾਉਣਾ ਹੀ ਪ੍ਰਮਾਤਮਾ ਨੂੰ ਪਾਉਣਾ ਹੈ। ਗੁਰਬਾਣੀ ਦੀ ਹਰ ਪੰਗਤੀ ਰੱਬੀ ਗੁਣਾਂ ਨਾਲ ਭਰੀ ਪਈ ਹੈ। ਚਾਨਣ (ਪ੍ਰਕਾਸ਼) ਫੈਲਾਅ ਰਹੀ ਹੈ **"ਗੁਰਬਾਣੀ ਇਸ ਜਗੁ ਮਹਿ ਚਾਨਣੁ ਕਰਮਿ ਵਸੈ ਮਨਿ ਆਇ ॥"** ਜਿੰਨਾ ਚਿਰ ਗੁਰੂ ਦੀ ਸਮਝ ਨਹੀ ਆਉਂਦੀ, ਰੱਬ ਦੀ ਸਮਝ ਵੀ ਨਹੀ ਆਉਂਦੀ। ਸੋ ਭੀੜ ਤੋ ਪ੍ਰਭਾਵਤ ਨਹੀ ਹੋਣਾ। ਰਾਜਨੀਤਕ ਲੀਡਰ ਅਉਂਦੇ ਹਨ ਝੂਠੇ ਲੈਕਚਰ ਝਾੜਦੇ ਹਨ, ਝੂਠੇ ਲੋਕਾਂ ਦੀ ਭੀੜ ਸ਼ੌਕ ਨਾਲ ਸੁਣਦੀ ਹੈ। ਝੂਠ, ਝੂਠ ਨੂੰ ਖਿਚਦਾ ਹੈ, ਸੁਣਨ ਵਾਲੇ ਝੂਠੇ, ਬੋਲਣ ਵਾਲੇ ਝੂਠੇ ਇਮਾਨਦਾਰਾਂ ਦੀ ਭੀੜ ਨਹੀ ਹੈ, ਬੇਈਮਾਨਾਂ ਦੀ ਬਹੁਤ ਭੀੜ ਹੈ। ਜੋ ਕੇਵਲ ਗਿਣਤੀ ਤੋਂ, ਭੀੜ ਤੋ ਪ੍ਰਭਾਵਤ ਹੈ ਇਸਦੇ ਅੰਦਰ ਕੋਈ ਸਚਾਈ ਨਹੀ ਹੁੰਦੀ। ਗੁਰੂ ਪ੍ਰਮਾਤਮਾ ਵਿਆਪਕ ਹੈ। ਸ਼ਬਦ ਗੁਰੂ ਵਿਆਪਕ ਹੈ। ਅਧੂਰਾ ਗੁਰੂ ਕਿਸੇ ਦੇ ਕੋਠੇ ਜਾਂ ਭੋਰੇ ਵਿਚ ਹੋਵੇਗਾ ਉਹ ਵਿਆਪਕ ਨਹੀ ਹੋ ਸਕਦਾ। ਸ਼ਬਦ ਗੁਰੂ ਸਦੀਵੀ ਹੈ ਪੂਰਾ ਹੈ। ਯਾਦ ਰੱਖਣਾ! ਜਿਸਦਾ ਗੁਰੂ ਪੂਰਾ ਹੈ ਉਸਦਾ ਪ੍ਰਮਾਤਮਾ ਵੀ ਪੂਰਾ ਹੈ। ਜਿਸਦਾ ਗੁਰੂ ਅਧੂਰਾ ਹੈ ਉਸਦਾ ਪ੍ਰਮਾਤਮਾ ਵੀ ਅਧੂਰਾ ਹੈ। ਉਹ ਆਪ ਵੀ ਅਧੂਰਾ ਹੀ ਰਹੇਗਾ।

ਬੋਲਣਹਾਰੁ ਪਰਮ ਗੁਰ ਏਹੀ ॥ "ਗੁਰੂ ਗਰੰਥ ਸਾਹਿਬ ਜੀ ॥"

ਐਨ ਦੇਹਧਾਰੀ ਗੁਰੂਆਂ ਦੀ ਤਰਜ ਤੇ ਅੱਜ ਦੇ ਸਾਧ, ਸੰਤ ਵੀ ਗੱਲਾਂ ਗੱਲਾਂ

ਵਿਚ ਆਪਣੇ ਚੇਲਿਆਂ ਨੂੰ ਇਹ ਕੁਟਲ ਨੀਤੀ ਭਰੀ ਸਿੱਖਿਆ ਦੇ ਰਹੇ ਹਨ ਕਿ ਗੁਰੂ ਗਰੰਥ ਸਾਹਿਬ ਕਿਹੜਾ ਆਪ ਬੋਲ ਕੇ ਦੱਸਦੇ ਹਨ, ਵਿਚ ਵਿਚੋਲਾ ਚਾਹੀਦਾ ਹੈ ਜੋ ਬੋਲ ਕੇ ਦੱਸੇ, ਦੇਹਧਾਰੀ ਗੁਰੂ ਡੰਮੀਏ ਆਪਣੇ ਆਪ ਨੂੰ ਵਿਚੋਲੇ ਦੱਸਦੇ ਹਨ ਇਧਰ ਇਹ ਸਾਧ, ਸੰਤ ਅਖੌਤੀ ਬ੍ਰਹਮ ਗਿਆਨੀਆਂ ਦੇ ਚੇਲੇ ਵੀ ਕਹਿੰਦੇ ਹਨ ਕਿ ਗੁਰੂ ਗਰੰਥ ਸਾਹਿਬ ਬੋਲਦੇ ਨਹੀ ਹਨ, ਇਹ ਸੰਤ, ਸਾਧ ਬੋਲਦੇ ਹਨ। ਕੀ ਇਹ ਸਾਧ ਸੰਤ ਅਤੇ ਇਹਨਾਂ ਦੇ ਚੇਲੇ ਦੇਹਧਾਰੀ ਗੁਰੂ ਡੰਮੀਆਂ ਦੀ ਪਿੱਠ ਨਹੀ ਪੂਰ ਰਹੇ ? ਕੀ ਲੁਧਿਆਣੇ ਨੂੰ ਜਾਂਦਿਆਂ ਸੜਕ ਤੇ ਲੱਗੇ ਮੀਲ ਪੱਥਰ ਨੇ ਆਪ ਬੋਲ ਕੇ ਦੱਸਿਆ ਹੈ ਕਿ ਲੁਧਿਆਣਾ ਇਥੋਂ 40 ਕਿਲੋਮੀਟਰ ਹੈ। ਕੀ ਇਹਨਾਂ ਸਾਧਾਂ ਨੇ ਗੁਰੂ ਗਰੰਥ ਸਾਹਿਬ ਅੰਦਰ ਲਿਖੇ ਇਹ ਬਚਨ ਕਦੇ ਨਹੀਂ ਪੜ੍ਹੇ। "**ਜਉ ਗੁਰਦੇਉ ਤ ਮਿਲੈ ਮੁਰਾਰਿ ॥**"

ਭਗਤ ਨਾਮਦੇਵ ਜੀ ਦਾ ਉਚਾਰਨ ਕੀਤਾ ਹੋਇਆ ਇਸ ਸ਼ਬਦ ਦੇ ਭਾਵ ਇਸ ਤਰ੍ਹਾਂ ਹਨ-

ਅਰਥ-ਜੇ ਗੁਰੂ ਮਿਲ ਪਏ ਤਾਂ ਪ੍ਰਮਾਤਮਾ ਮਿਲ ਪੈਂਦਾ ਹੈ।

ਜਉ ਗੁਰਦੇਉ ਤ ਉਤਰੈ ਪਾਰਿ ॥ "ਗੁਰੂ ਗਰੰਥ ਸਾਹਿਬ ਜੀ"

ਅਰਥ-ਗੁਰ ਬਾਣੀ ਗੁਰੂ ਨੂੰ ਮੰਨਣ ਵਾਲੇ ਡਰਾਂ ਦੇ ਸਮੁੰਦਰ ਤੋਂ ਪਾਰ ਹੋ ਜਾਂਦੇ ਹਨ।

ਜਉ ਗੁਰ ਦੇਉ ਤ ਬੈਕੁੰਠ ਤਰੈ ॥

ਅਰਥ-ਗੁਰਬਾਣੀ ਗੁਰੂ ਨੂੰ ਮੰਨਣ ਵਾਲੇ ਸਵਰਗ ਆਦਿ ਤੋਂ ਉਪਰ ਉਠ ਜਾਂਦੇ ਹਨ।

ਜਉ ਗੁਰ ਦੇਉ ਤ ਜੀਵਤ ਮਰੈ ॥

ਅਰਥ-"ਗੁਰੂ ਗਰੰਥ ਸਾਹਿਬ" (ਗੁਰਬਾਣੀ ਗੁਰੂ) ਨੂੰ ਮੰਨਣ ਵਾਲੇ ਜੀਵਨ ਮੁਕਤ ਹੋ ਜਾਂਦੇ ਹਨ।

ਸਤਿ ਸਤਿ ਸਤਿ ਸਤਿ ਸਤਿ ਗੁਰ ਦੇਵ ॥
ਝੂਠੁ ਝੂਠੁ ਝੂਠੁ ਝੂਠੁ ਆਨ ਸਭ ਸੇਵ ॥ ਰਹਾਉ ॥

ਅਰਥ-ਸਾਰੇ ਸ਼ਬਦ ਦਾ ਕੇਂਦਰੀ ਭਾਵ ਇਹਨਾਂ ਬੋਲਾਂ ਦੇ ਅੰਦਰ ਹੈ ਕਿ ਹੋਰ ਸਭ ਦੇਹਧਾਰੀ ਡੰਮੀਆਂ ਦੀ ਪੂਜਾ, ਸਾਧਾ, ਸੰਤਾਂ ਦੀ ਪੂਜਾ ਦੇਵੀ ਦੇਵਤਿਆਂ ਦੀ ਪੂਜਾ, ਧਰਮ ਦੇ ਨਾਂ ਤੇ ਕਰਮ ਕਾਂਡ ਹਨ ਅਤੇ ਇਹ ਸਭ ਪੂਜਾ ਝੂਠ ਹੈ ਵਿਅਰਥ ਹੈ। ਕੇਵਲ ਇਹ ਧੁਰ ਕੀ ਬਾਣੀ, ਗੁਰਬਾਣੀ ਸੱਚ ਹੈ, ਸੱਚ ਹੈ, ਸੱਚ ਹੈ, ਸੱਚ ਹੈ, ਸੱਚ ਹੈ।

ਜਉ ਗੁਰਦੇਉ ਤ ਨਾਮੁ ਦ੍ਰਿੜਾਵੈ ॥

ਅਰਥ-ਗੁਰਬਾਣੀ ਗੁਰੂ ਨੂੰ ਮੰਨਣ ਵਾਲੇ ਸਿੱਖਾਂ ਦੇ ਅੰਦਰ ਨਾਮ ਬਾਣੀ (ਸੱਚ) ਦ੍ਰਿੜ ਹੋ ਜਾਂਦਾ ਹੈ ਭਾਵ ਕਿ ਗੁਰੂ ਦੇ ਬਚਨ ਮੰਨ ਕੇ ਕਮਾ ਕੇ ਜਨਮ ਸਫਲ ਬਣਾਇਆ ਜਾਂਦਾ ਹੈ।

ਜਉ ਗੁਰ ਦੇਉ ਨ ਦਹਦਿਸ ਧਾਵੈ ॥

ਅਰਥ-ਗੁਰਬਾਣੀ ਗੁਰੂ ਨੂੰ ਮੰਨਣ ਵਾਲਿਆਂ ਸਿੱਖਾਂ ਦਾ ਮਨ ਦਸਾਂ ਦਿਸ਼ਾਵਾਂ 'ਚ ਨਹੀ ਭਟਕਦਾ ਭਾਵ ਕਿ ਉਹ ਸਿੱਖ ਕੋਈ ਦੂਰ ਦੁਰੇਡੇ, ਇੱਧਰ ਉਧਰ ਪ੍ਰਮਾਤਮਾ ਦੀ ਭਾਲ ਵਾਸਤੇ ਨਹੀ ਜਾਂਦੇ ਉਹ ਅੰਦਰ ਵੱਸਦੇ ਪ੍ਰਮਾਤਮਾ ਨੂੰ ਪਾ ਲੈਂਦੇ ਹਨ ਭਾਵ ਸੱਚ ਦਾ ਮਿਲਣਾ ਹੀ ਪ੍ਰਮਾਤਮਾ ਦਾ ਮਿਲਣਾ ਹੈ ।

ਜਉ ਗੁਰ ਦੇਉ ਪੰਚ ਤੇ ਦੂਰਿ ॥

ਅਰਥ-ਗੁਰੂ ਬਾਣੀ ਗੁਰੂ ਨੂੰ ਮੰਨਣ ਵਾਲਿਆਂ ਦੇ ਅੰਦਰ ਕਾਮਰਸ ਜੋ ਨਾਮ ਰਸ ਬਣ ਜਾਂਦਾ ਹੈ, ਕ੍ਰੋਧ ਰਸ ਜੋ ਬੀਰ ਰਸ ਬਣ ਜਾਂਦਾ ਹੈ, ਲੋਭ ਜੋ ਪਰਉਪਕਾਰ ਬਣ ਜਾਂਦਾ ਹੈ, ਮੋਹ ਰਸ, ਪ੍ਰੇਮਰਸ ਬਣ ਜਾਂਦਾ ਹੈ, ਹੰਕਾਰ ਜੋ ਨਿਮਰਤਾ (ਸੱਚੀ ਨਿਮਰਤਾ, ਕਾਇਰਤਾ ਨਹੀ) ਬਣ ਜਾਂਦਾ ਹੈ ।

ਜਉ ਗੁਰ ਦੇਉ ਨ ਮਰਿਬੋ ਝੂਰਿ ॥

ਅਰਥ-ਗੁਰਬਾਣੀ ਗੁਰੂ ਨੂੰ ਮੰਨਣ ਵਾਲੇ ਚਿੰਤਾ, ਝੋਰਿਆਂ ਵਿਚ ਨਹੀ ਮਰਦੇ, ਜੀਵਨ ਮੁਕਤ ਹੋ ਜਾਂਦੇ ਹਨ ।

ਜਉ ਗੁਰਦੇਉ ਤ ਅੰਮ੍ਰਿਤ ਬਾਨੀ ॥

ਅਰਥ-ਗੁਰਬਾਣੀ ਗੁਰੂ ਨੂੰ ਮੰਨਣ ਵਾਲੇ ਮਿਠ ਬੋਲੜੇ ਹੁੰਦੇ ਹਨ ਪਰ ਨਾ ਵਾਧਾ ਕਰਦੇ ਹਨ ਨਾ ਵਾਧਾ ਜਰਦੇ ਹਨ ਹੱਕ ਸੱਚ ਤੇ ਪਹਿਰਾਂ ਦਿੰਦੇ ਹਨ ।

ਜਉ ਗੁਰ ਦੇਉ ਤ ਅਕਥ ਕਹਾਨੀ ॥

ਅਰਥ-ਗੁਰਬਾਣੀ ਗੁਰੂ ਨੂੰ ਮੰਨਣ ਵਾਲੇ ਕਹਿਣ ਕਥਨ ਤੋਂ ਪਰੇ ਪ੍ਰਮਾਤਮਾ ਨਾਲ ਸਾਂਝ ਪਾ ਲੈਂਦੇ ਹਨ ।

ਜਉ ਗੁਰ ਦੇਉ ਤ ਅੰਮ੍ਰਿਤ ਦੇਹ ॥

ਅਰਥ-ਗੁਰਬਾਣੀ ਗੁਰੂ ਨੂੰ ਮੰਨਣ ਵਾਲਿਆਂ ਦਾ ਤਨ (ਮਨ) ਪਵਿਤਰ ਹੋ ਜਾਂਦਾ ਹੈ ।

ਜਉ ਗੁਰ ਦੇਉ ਨਾਮੁ ਜਪਿ ਲੇਹ ॥

ਅਰਥ-ਗੁਰਬਾਣੀ ਗੁਰੂ ਨੂੰ ਮੰਨਣ ਵਾਲੇ ਸਦਾ ਗੁਰਮਤਿ ਦੇ ਧਾਰਨੀ ਹੋ ਕੇ ਰਹਿੰਦੇ ਹਨ ।

ਜਉ ਗੁਰ ਦੇਉ ਭਵਨ ਤ੍ਰੈ ਸੂਝੈ ॥

ਅਰਥ-ਗੁਰਬਾਣੀ ਗੁਰੂ ਨੂੰ ਮੰਨਣ ਵਾਲੇ, ਤਿੰਨਾਂ ਭਵਨਾਂ (ਸਾਰੇ ਥਾਂਵਾਂ) ਵਿਚ ਵੱਸਦੇ ਪ੍ਰਮਾਤਮਾ ਦੀ ਸੋਝੀ ਪਾ ਲੈਂਦੇ ਹਨ ।

ਜਉ ਗੁਰ ਦੇਉ ਊਚ ਪਦ ਬੂਝੈ ॥

ਅਰਥ-ਗੁਰਬਾਣੀ ਗੁਰੂ ਨੂੰ ਮੰਨਣ ਵਾਲੇ ਊਚੀ ਆਤਮਿਕ ਅਵਸਥਾ ਪਾ ਲੈਂਦੇ ਹਨ, ਧਨ ਮਨ ਕਰਕੇ ਨੀਵੇ ਮੱਤ ਕਰਕੇ ਉਚੇ ਹੁੰਦੇ ਹਨ ਉਹ ਸਿੱਖ ਸੇਵਕ ਬਣਕੇ ਰਹਿੰਦੇ ਹਨ ਕਦੇ ਭੁਲ ਕੇ ਵੀ ਸਾਧ ਸੰਤ ਬ੍ਰਹਮਗਿਆਨੀ ਪੂਰਨ ਬ੍ਰਹਮਗਿਆਨੀ, ਗੁਰੂ, ਸਤਿਗੁਰੂ ਆਪਣੇ ਨਾਵਾਂ ਨਾਲ ਜੋੜ ਕੇ ਨਰਕਾਂ ਦੇ ਭਾਗੀ ਨਹੀ ਬਣਦੇ ।

ਜਉ ਗੁਰ ਦੇਉ ਤ ਸੀਸ ਅਕਾਸਿ ॥

ਅਰਥ-ਗੁਰਬਾਣੀ ਗੁਰੂ ਨੂੰ ਮੰਨਣ ਵਾਲਿਆਂ ਦੀ ਮੱਤ ਬਹੁਤ ਉਚੀ ਹੁੰਦੀ ਹੈ।

ਜਉ ਗੁਰ ਦੇਉ ਸਦਾ ਸਾਬਾਸਿ ॥

ਅਰਥ-ਗੁਰਬਾਣੀ ਗੁਰੂ ਨੂੰ ਮੰਨਣ ਵਾਲਿਆਂ ਦੀ ਸੱਚ ਦੇ ਦਰਬਾਰ ਵਿਚ ਸ਼ੋਭਾ ਸਦਾ ਹੁੰਦੀ ਹੈ।

ਜਉ ਗੁਰ ਦੇਉ ਸਦਾ ਬੈਰਾਗੀ ॥

ਅਰਥ-ਗੁਰਬਾਣੀ ਗੁਰੂ ਨੂੰ ਮੰਨਣ ਵਾਲਿਆਂ ਦੇ ਅੰਦਰ ਸੰਸਾਰ ਵਿਚ ਰਹਿੰਦਿਆਂ ਹੋਇਆਂ ਹੀ ਤਿਆਗ ਅਤੇ ਵੈਰਾਗ ਦੀ ਭਾਵਨਾ ਹੁੰਦੀ ਹੈ।

ਜਉ ਗੁਰ ਦੇਉ ਪਰ ਨਿੰਦਾ ਤਿਆਗੀ ॥

ਅਰਥ-ਗੁਰਬਾਣੀ ਗੁਰੂ ਨੂੰ ਮੰਨਣ ਵਾਲੇ ਸਦਾ ਸੱਚ ਬੋਲਦੇ ਹਨ ਕੰਡੇ ਨੂੰ ਕੰਡਾ ਕਹਿੰਦੇ ਹਨ ਕਦੇ ਨਿੰਦਾ ਨਹੀ ਕਰਦੇ।

ਜਉ ਗੁਰ ਦੇਉ ਬੁਰਾ ਭਲਾ ਏਕ ॥

ਅਰਥ-ਗੁਰਬਾਣੀ ਗੁਰੂ ਨੂੰ ਮੰਨਣ ਵਾਲੇ ਹੱਕ ਸੱਚ ਤੇ ਪਹਿਰਾ ਦਿੰਦੇ ਹੋਏ ਆਪਣੇ ਨਿੱਜ ਦੇ ਭਲੇ ਵਾਸਤੇ ਕਿਸੇ ਦਾ ਬੁਰਾ ਨਹੀ ਕਰਦੇ।

ਜਉ ਗੁਰ ਦੇਉ ਲਿਲਾਟਹਿ ਲੇਖ ॥

ਅਰਥ-ਗੁਰਬਾਣੀ ਗੁਰੂ ਨੂੰ ਮੰਨਣ ਵਾਲਿਆਂ ਦੇ ਮੱਥੇ ਦੇ ਲੇਖ ਆਪਣੇ ਆਪ ਚੰਗੇ ਲਿਖੇ ਜਾਂਦੇ ਹਨ।

ਜਉ ਗੁਰ ਦੇਉ ਕੰਧੁ ਨਹੀ ਹਿਰੈ ॥

ਅਰਥ-ਗੁਰਬਾਣੀ ਗੁਰੂ ਨੂੰ ਮੰਨਣ ਵਾਲੇ ਆਪਣੇ ਸਰੀਰ ਨੂੰ ਨਸ਼ਿਆਂ ਵਿਕਾਰਾਂ ਵਿਚ ਨਹੀ ਗਾਲਦੇ।

ਜਉ ਗੁਰ ਦੇਉ ਦੇਹੁਰਾ ਫਿਰੈ ॥

ਅਰਥ-ਗੁਰਬਾਣੀ ਗੁਰੂ ਨੂੰ ਮੰਨਣ ਵਾਲੇ ਆਪਣਾ ਮੂੰਹ (ਮਨ) ਮਨਮਤਿ ਵੱਲੋਂ ਫੇਰ ਕੇ ਗੁਰਮਤਿ ਵੱਲ ਕਰ ਲੈਂਦੇ ਹਨ ਸਦਾ ਗੁਰੂ ਪ੍ਰਮਾਤਮਾ ਦੇ ਹੋ ਕੇ ਰਹਿੰਦੇ ਹਨ। ਉਹੀ ਪੱਤ ਰੱਖਣ ਵਾਲਾ ਹੈ। ਜਿਸ ਤਰ੍ਹਾਂ ਨਾਮਦੇਵ ਜੀ ਦੀ ਰੱਖੀ।

ਜਉ ਗੁਰ ਦੇਉ ਤ ਛਾਪਰ ਛਾਈ ॥

ਅਰਥ-ਗੁਰਬਾਣੀ ਗੁਰੂ ਨੂੰ ਮੰਨਣ ਵਾਲਿਆਂ ਦਾ ਆਪ ਸਹਾਈ ਹੁੰਦਾ ਜਿਵੇਂ ਭਗਤ ਨਾਮਦੇਵ ਜੀ ਦੀ ਛੰਨ ਬੱਧੀ ਭਾਵ ਹਿਰਦੇ ਅੰਦਰ ਉਹ ਟਿਕਾਣਾ (ਘਰ) ਬਣਾ ਦਿੱਤਾ ਜਿਥੇ ਆਪ ਬਿਰਾਜਮਾਨ ਹੋਇਆ ਸੱਚ ਹੀ ਪ੍ਰਮਾਤਮਾ ਹੈ।

ਜਉ ਗੁਰ ਦੇਉ ਸਿਹਜ ਨਿਕਸਾਈ ॥

ਅਰਥ-ਗੁਰਬਾਣੀ ਗੁਰੂ ਨੂੰ ਮੰਨਣ ਵਾਲਿਆਂ ਦਾ ਸਹਾਈ ਆਪ ਹੈ ਕਹਾਵਤ ਦੇ ਮੁਤਾਬਿਕ ਰਾਜੇ ਦਾ ਮੰਜਾ ਦਰਿਆ ਵਿਚੋਂ ਕੱਢ ਦਿੱਤਾ ਭਾਵ ਕਿ ਝੂਠ ਵਿਚੋ ਕੱਢ ਕੇ ਸੱਚ ਵੱਲ ਤੋਰਨਾ।

ਜਉ ਗੁਰ ਦੇਉ ਤ ਅਠਸਠਿ ਨਾਇਆ ॥

ਅਰਥ-ਗੁਰਬਾਣੀ ਗੁਰੂ ਨੂੰ ਮੰਨਣ ਵਾਲੇ (ਤੀਰਥਾਂ, ਡੇਰਿਆਂ ਤੇ ਹੋ ਰਹੇ ਕਰਮ ਕਾਂਡ ਛੱਡ ਕੇ) ਗੁਰਬਾਣੀ ਸਰੋਵਰ ਵਿਚ ਆਪਣੇ ਮਨ ਨੂੰ ਇਸ਼ਨਾਨ ਕਰਾਉਂਦੇ ਹਨ।

ਜਉ ਗੁਰਦੇਉ ਤਨਿ ਚਕ ਲਗਾਇਆ ॥

ਅਰਥ-ਗੁਰਬਾਣੀ ਗੁਰੂ ਨੂੰ ਮੰਨਣ ਵਾਲਿਆਂ ਨੂੰ ਬਾਹਮਣ ਵਾਂਗੂੰ ਤਨ ਤੇ ਚੱਕਰ ਬਣਾਉਣ ਦੀ ਲੋੜ ਨਹੀਂ ਪੈਂਦੀ। (ਜਿਨ੍ਹਾਂ ਦੇ ਅੰਦਰ ਗੁਰਮਤਿ ਗਿਆਨ (ਸੱਚ) ਨਹੀ ਹੈ ਉਹਨਾਂ ਦੇ ਨਿਰੇ ਭੇਖ ਦੀ ਗੁਰਬਾਣੀ ਰਾਹੀਂ ਨਿਖੇਧੀ ਕੀਤੀ ਗਈ ਹੈ।

ਜਉ ਗੁਰ ਦੇਉ ਤ ਦੁਆਦਸ ਸੇਵਾ ॥

ਅਰਥ-ਗੁਰਬਾਣੀ ਗੁਰੂ ਨੂੰ ਮੰਨਣ ਵਾਲੇ ਕਦੇ ਵੀ ਸ਼ਿਵ ਲਿੰਗ ਪੂਜਾ (ਧਾਰਮਿਕ ਕਰਮ ਕਾਂਡ) ਨਹੀ ਕਰਦੇ। ਨਾਂਹੀ ਲੋੜ ਪੈਂਦੀ ਹੈ।

ਜਉ ਗੁਰ ਦੇਉ ਸਭੈ ਬਿਖ ਮੇਵਾ ॥

ਅਰਥ-ਗੁਰਬਾਣੀ ਗੁਰੂ ਨੂੰ ਮੰਨਣ ਵਾਲਿਆਂ ਦੀ ਜੇ ਕੋਈ ਨਿੰਦਾ ਕਰੇ ਉਹਨਾਂ ਨੂੰ ਮਿੱਠੀ ਲੱਗਦੀ ਹੈ। ਆਸਾ, ਤ੍ਰਿਸ਼ਨਾ ਦੁਵੈਸ਼ ਈਰਖਾ ਨੂੰ ਛੱਡ ਕੇ ਉਹ ਸ਼ੀਲ ਸੰਜਮ ਨਿਰਭੈਤਾ, ਨਿਰਵੈਰਤਾ ਦੇ ਧਾਰਨੀ ਹੋ ਜਾਂਦੇ ਹਨ।

ਜਉ ਗੁਰ ਦੇਉ ਤ ਸੰਸਾ ਟੂਟੈ ॥

ਅਰਥ-ਗੁਰਬਾਣੀ ਗੁਰੂ ਨੂੰ ਮੰਨਣ ਵਾਲਿਆਂ ਦੇ ਅੰਦਰੋ ਵਹਿਮ ਭਰਮ ਸੰਸੇ ਖਤਮ ਹੋ ਜਾਂਦੇ ਹਨ।

ਜਉ ਗੁਰ ਦੇਉ ਤ ਜਮ ਤੇ ਛੂਟੈ ॥

ਅਰਥ-ਗੁਰਬਾਣੀ ਗੁਰੂ ਨੂੰ ਮੰਨਣ ਵਾਲਿਆਂ ਦਾ ਜਨਮ ਮਰਨ ਮੁੱਕ ਜਾਂਦਾ ਹੈ। ਅਭੇਦ ਹੋ ਜਾਂਦੇ ਹਨ।

ਜਉ ਗੁਰ ਦੇਉ ਤ ਭਉਜਲ ਤਰੈ ॥

ਅਰਥ-ਗੁਰਬਾਣੀ ਗੁਰੂ ਨੂੰ ਮੰਨਣ ਵਾਲੇ ਇਸ ਡਰਾਂ ਦੇ ਸੁਮੰਦਰ ਨੂੰ ਪਾਰ ਕਰ ਜਾਂਦੇ ਹਨ ਭਾਵ ਮੁਕਤ ਹੋ ਜਾਂਦੇ ਹਨ।

ਜਉ ਗੁਰ ਦੇਉ ਤ ਜਨਮ ਨ ਮਰੈ ॥

ਅਰਥ-ਗੁਰਬਾਣੀ ਗੁਰੂ ਨੂੰ ਮੰਨਣ ਵਾਲੇ ਸਦਾ ਅਮਰ ਹੋ ਜਾਂਦੇ ਹਨ।

ਜਉ ਗੁਰਦੇਉ ਅਠਦਸ ਬਿਉਹਾਰ ॥

ਅਰਥ-ਗੁਰਬਾਣੀ ਗੁਰੂ ਨੂੰ ਮੰਨਣ ਵਾਲਿਆਂ ਨੂੰ ਅਠਾਰਾਂ ਸਿਮਰਤੀਆਂ ਨਾਲ ਕੋਈ ਵਾਹ ਵਾਸਤਾ ਨਹੀ ਹੈ। ਗੁਰ ਗਿਆਨ ਦਾ ਸਿਮਰਨ ਕਰਦੇ ਹਨ।

ਜਉ ਗੁਰਦੇਉ ਅਠਾਹਰ ਭਾਰ ॥

ਅਰਥ-ਗੁਰਬਾਣੀ ਗੁਰੂ ਨੂੰ ਮੰਨਣ ਵਾਲਿਆਂ ਨੂੰ ਸਾਰੀ ਬਨਾਸਪਤੀ ਹੀ ਪ੍ਰਮਾਤਮਾ ਦੀ ਭੇਟ ਹੁੰਦੀ ਦਿੱਸ ਆਉਂਦੀ ਹੈ।

ਬਿਨੁ ਗੁਰਦੇਉ ਅਵਰ ਨਹੀ ਜਾਈ ॥

ਅਰਥ-ਗੁਰਬਾਣੀ ਗੁਰੂ ਤੋਂ ਬਿਨਾਂ ਹੋਰ ਕਿਤੇ ਸੱਚ ਰਾਹ ਲੱਭਣਾ ਵਿਅਰਥ ਹੈ ਭਗਤ ਨਾਮਦੇਵ ਜੀ ਕਹਿੰਦੇ ਕਿ ਮੈ ਵੀ ਹੋਰ ਸਾਰੇ ਆਸਰੇ ਛੱਡ ਕੇ ਸ਼ਬਦ ਗੁਰੂ

ਦੀ ਸ਼ਰਣ ਪਿਆ ਹਾਂ।

ਸੋ ਇਕ "ਗੁਰੂ ਗਰੰਥ ਸਾਹਿਬ" ਜੀ ਦੀ ਸ਼ਰਨ ਹੀ ਸਮਰੱਥ ਹੈ ਹੋਰ ਜਿੰਨੀ ਵੀ ਗੁਰੂ ਡੰਮੀਆਂ, ਸੰਤਾਂ, ਸਾਧਾਂ ਡੇਰੇਦਾਰਾਂ, ਦੇਵੀ ਦਵੇਤਿਆਂ ਦੀ ਪੂਜਾ ਬਿਲਕੁੱਲ ਵਿਅਰਥ ਹੈ। ਇਹ ਦਾਤਾਂ ਦੇਣ ਦੇ ਭੁਲੇਖੇ ਪਾ ਸਕਦੇ ਹਨ ਕਿਸੇ ਨੂੰ ਦੇਣ ਵਾਸਤੇ ਇਹਨਾਂ ਕੋਲ ਕੁਝ ਵੀ ਨਹੀ ਹੈ। ਇਹ ਲੋਕ ਗੁਰਬਾਣੀ ਦੇ ਸੁਆਰਥੀ ਅਰਥ ਕਰਕੇ ਗੁਰੂ ਦੇ ਸ਼ਰੀਕ ਬਣੇ ਹੋਏ ਹਨ। ਸੱਚ ਬੋਲਣ ਵਾਲਾ ਪਰਮ ਗੁਰੂ ਗਰੰਥ ਸਾਹਿਬ ਹੈ। ਗੁਰਬਾਣੀ ਨੂੰ ਪੜਨਾ ਸੁਣਨਾ ਗੁਰੂ ਨਾਲ ਗੱਲਾਂ ਕਰਨੀਆਂ ਭਾਵ ਗੁਰੂ ਦੇ ਬਚਨ ਸੁਣਨੇ ਸਮਝਣੇ ਮੰਨਣੇ ਕਮਾਉਣੇ ਜੀਵਨ ਦਾ ਮਨੋਰਥ ਹੈ ਜਨਮ ਸਫਲ ਕਰਨਾ ਹੈ।

ਝੂਠ ਨਾ ਬੋਲ ਸਾਧਾ !

ਜਦੋਂ ਸਾਧਾਂ ਸੰਤਾਂ ਨੇ ਗੁਰਬਾਣੀ ਵਿਚੋਂ ਇਹ ਸਾਧ ਸੰਤ ਬ੍ਰਹਮਗਿਆਨੀ ਸ਼ਬਦ ਪੜ੍ਹੇ ਤਾਂ ਗੁਰੂ ਹੁਕਮਾਂ ਉਲਟ ਇਹ ਆਪਣੇ ਨਾਂਵਾਂ ਨਾਲ ਜੋੜ ਲਏ 375 ਸਾਲ ਤੋਂ ਗੁਰੂ ਘਰ ਅੰਦਰ ਚਲੀ ਆ ਰਹੀ ਰੀਤ ਨੂੰ ਭੰਨਿਆ। ਦੇਹਧਾਰੀ ਗੁਰੂਆਂ ਨੇ ਵੀ ਗੁਰੂ ਸਤਿਗੁਰੂ ਅੱਖਰ ਗੁਰਬਾਣੀ ਵਿਚੋਂ ਚੋਰੀ ਕਰਕੇ ਆਪਣੇ ਨਾਂਵਾਂ ਨਾਲ ਜੋੜ ਕੇ ਗੁਰੂ ਦੇ ਕਹੇ ਦੀਆਂ ਧੱਜੀਆਂ ਉਡਾਈਆਂ ਇਹ ਸਾਰੇ ਫਰੇਬੀ ਲੱਗੇ ਵੰਨ ਸਵੰਨੇ ਝੂਠ ਬੋਲਣ। ਜਿਸ ਤਰ੍ਹਾਂ ਕੋਈ ਬੋਲਦਾ, ਦੇਹਧਾਰੀ ਗੁਰੂ ਦੀ ਲੋੜ ਹੈ, ਕੋਈ ਬੋਲਦਾ ਵਿਚੋਲੇ ਦੀ ਲੋੜ ਹੈ, ਕੋਈ ਬੋਲਦਾ ਸਾਧ ਸੰਤ ਰੱਬ ਦੇ ਇਕਲੋਤੇ ਬੇਟੇ ਹਨ, ਇਹ ਪੁੱਤਰ ਹਨ, ਕੋਈ ਬੋਲਦਾ ਔਂਤਰੇ ਰੱਬ ਨੂੰ ਇਹਨਾਂ ਸਾਧਾਂ ਸੰਤਾਂ ਨੇ ਸੌਂਤਰੇ ਬਣਾਇਆ। ਕੋਈ ਬੋਲਦਾ ਇਹਨਾਂ ਸਾਧਾਂ ਸੰਤਾਂ ਦੀ ਬੱਧੀ ਨਹੀ ਛੁੱਟਦੀ, ਰੱਬ ਦੀ ਬੱਧੀ ਛੁੱਟ ਜਾਂਦੀ ਹੈ, ਕੋਈ ਬੋਲਦਾ ਇਹੀ ਸਾਧ ਸੰਤ ਪਾਰ ਲਾ ਸਕਦੇ ਹਨ, ਇਹੀ ਸੇਵਾ ਕਰਵਾ ਸਕਦੇ ਹਨ, ਇਹੀ ਅੰਮ੍ਰਿਤ ਛਕਾ ਸਕਦੇ ਹਨ ਪਰ ਇਹ ਸਾਰੇ ਹੀ ਝੂਠ ਬੋਲ ਰਹੇ ਹਨ। ਬੜੀ ਬਾਰੀਕੀ ਨਾਲ ਸੋਚੀਏ ਤਾਂ ਪਤਾ ਲੱਗਦਾ ਹੈ ਇਹਨਾਂ ਦੇ ਸਾਰੇ ਕੁਝ ਕਰਨ ਦਾ ਨਤੀਜਾਂ ਆਲੇ-ਦੁਆਲੇ ਦੇਖ ਲਉ। ਇਹਨਾਂ ਦੇ ਡੇਰਿਆਂ ਵਿਚ ਝੂਠ, ਬੇਇਮਾਨੀ, ਛਲ ਕਪਟ ਧਰਮ ਦੇ ਨਾਂ ਤੇ ਕਰਮ ਕਾਂਡ ਵਹਿਮ ਭਰਮ ਹਰ ਥਾਂ ਫੈਲੇ ਹੋਏ ਹਨ, ਸਰਕਾਰੀ ਦਫਤਰਾਂ ਵਿਚ ਝੂਠ, ਬਾਜਾਰਾਂ ਵਿਚ ਝੂਠ, ਪਿੰਡਾ ਸ਼ਹਿਰਾਂ ਘਰ ਬਾਰ ਝੂਠ, ਇਥੋਂ ਤੱਕ ਕਿ ਗੁਰਦਵਾਰਿਆਂ ਵਿਚ ਵੀ ਬੋਲਿਆ ਜਾ ਰਿਹਾ ਝੂਠ, ਇਹਨਾਂ ਸਾਧਾਂ ਸੰਤਾਂ ਦਾ ਹੀ ਫੈਲਾਇਆ ਹੋਇਆ ਹੈ। ਗੁਰਮਤਿ ਪਿਛੇ ਕਰਕੇ ਇਹਨਾਂ ਮਨਮੱਤ ਫੈਲਾਈ ਹੈ। ਧਰਮ ਦੇ ਨਾਂ ਤੇ ਇਹਨਾਂ ਅਧਰਮ ਫੈਲਾਇਆ ਹੈ। ਇਹਨਾਂ ਦੇ ਪ੍ਰਚਾਰ ਦਾ ਨਤੀਜਾ, ਸੇਵਾ ਦਾ ਨਤੀਜਾ, ਗੁਰਦਵਾਰਿਆਂ ਅੰਦਰ ਵੀ ਗੋਲਕਾਂ ਨੂੰ ਜਿੰਦਰੇ ਲੱਗੇ ਹੋਏ ਹਨ। ਡੇਰਿਆਂ ਵਿਚ ਗੋਲਕਾਂ ਨੂੰ ਜਿੰਦਰੇ ਲੱਗੇ ਹਨ ਇਹ ਸਾਧ ਸੰਤ ਦੂਜਿਆਂ ਨੂੰ ਕਹਿੰਦੇ ਸਾਡੇ ਤੇ ਭਰੋਸਾ ਕਰੋ, ਪਰ ਇਹਨਾਂ ਦੇ ਆਪਣੇ ਹੀ ਡੇਰਿਆਂ ਵਿਚ ਇਹਨਾਂ ਨੂੰ ਇਕ ਦੂਜੇ ਤੇ ਭਰੋਸਾ ਨਹੀ ਹੈ।

ਲੋਕਾਂ ਦਾ ਭਲਾ ਕਰਨ ਦੇ ਦਮਗਜੇ ਮਾਰਨ ਵਾਲੇ ਸਾਧ ਸੰਤ ਬੁਰੀ ਤਰ੍ਹਾਂ ਫੇਲ੍ਹ ਹਨ ਕਿਉਂਕਿ ਬਾਹਰਲੇ ਦੇਸ਼ਾ ਵਿਚ ਕਈ ਥਾਂਈ ਕੋਈ ਸਾਧ ਸੰਤ ਨਹੀ ਹੈ ਪਰ ਉਥੇ ਸਮਾਜ ਦੇ ਲੋਕਾਂ ਅੰਦਰ ਇਮਾਨਦਾਰੀ ਕੁੱਟ ਕੁੱਟ ਕੇ ਭਰੀ ਹੋਈ ਹੈ ਸਬਰ ਸੰਤੋਖ ਉਹਨਾਂ ਕੋਲ ਹੈ, ਰੱਬੀ ਗੁਣਾਂ ਦਾ ਗਿਆਨ ਹੈ ਉਹਨਾਂ ਕੋਲ ਪਰ ਇਥੇ ਅਗਿਆਨ, ਵਹਿਮ ਭਰਮ ਬੇਈਮਾਨੀ ਸਭ ਸਾਧਾਂ ਸੰਤਾਂ ਦਾ ਫੈਲਾਇਆ ਹੋਇਆ ਹੈ। ਸੋ ਇਹਨਾਂ ਸਾਧਾਂ ਸੰਤਾਂ ਦੀ ਧਰਮ ਸਬੰਧੀ ਕੀਤੀ ਹਰ ਗੱਲ ਝੂਠ ਸਾਬਤ ਹੋਈ ਹੈ।

ਰੋਸ ਨਾ ਕੀਜੈ, ਉਤਰ ਦੀਜੈ ॥

(ਸਿਧ ਗੋਸਟਿ)

ਹੇ ਸਾਧ ਸੰਤ ਬ੍ਰਹਮ ਗਿਆਨੀ ਕਹਾਉਣ ਵਾਲਿਉ, ਰੋਸ ਨਾ ਕਰੋ ਜਵਾਬ ਤਾਂ ਦਿਉ ਤੁਸੀ ਕਿਹੜੀ ਯੂਨੀਵਰਸਟੀ ਤੋਂ ਸੰਤ, ਬ੍ਰਹਮਗਿਆਨੀ ਦੀ ਡਿਗਰੀ ਲੈ ਕੇ ਆਏ ਹੋ ? ਗੁਰੂਆਂ ਦੇ ਵੇਲੇ ਇਤਿਹਾਸ ਗਵਾਹ ਹੈ ਕਿਸੇ ਸਿੰਘ ਨੇ ਸੰਤ ਨਾ ਕਹਾਇਆ ਤੁਸੀਂ ਕਿਉ ਕਹਾਇਆ ? ਸਿਰ ਦੇ ਕੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਵਾਲੇ ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ, ਭਾਈ ਹਿੰਮਤ ਸਿੰਘ ਜੀ, ਭਾਈ ਮੋਹਕਮ ਸਿੰਘ ਜੀ, ਭਾਈ ਸਾਹਿਬ ਸਿੰਘ ਜੀ ਪਰ ਤੁਸੀ ੧੦੮ ਸੰਤ, ਪਰਮ ਸੰਤ, ਪੂਰਨ ਬ੍ਰਹਮ ਗਿਆਨੀ.........ਕਿਉਂ ?

ਤੁਸੀ ਦੂਜਿਆਂ ਨੂੰ ਸਿੰਘ ਸੱਜਣ ਵਾਸਤੇ ਕਹਿ ਰਹੇ ਹੋ ਤੁਸੀ ਆਪ ਸਿੰਘ ਕਿਓਂ ਨਹੀ ਸੱਜੇ ਤੁਸੀਂ ਸੰਤ ਕਿਉਂ ਸੱਜ ਗਏ ? ਤੁਸੀਂ ਦੂਜਿਆਂ ਨੂੰ ਕਹਿੰਦੇ ਹੋ ਪਰ ਤੁਸੀਂ ਗੁਰੂ ਘਰ ਦੇ ਸੇਵਾਦਾਰ ਕਿਉਂ ਨਹੀ ਬਣਦੇ ? ਗੁਰੂ ਘਰ ਅੰਦਰ ਜਾਤ-ਪਾਤ ਨਹੀ ਹੈ ਤੁਸੀਂ ਜਾਤ-ਪਾਤ ਦੇ ਹਾਮੀ ਕਿਉ। ਗੁਰੂ ਹੁਕਮ ਮੁਤਾਬਕ ਕਬਰ ਪੂਜਾ ਮੜ੍ਹੀ ਪੂਜਾ ਮਨ੍ਹਾ ਹੈ ਪਰ ਤੁਸੀ ਕਬਰਾਂ ਫੱਕਰਾਂ ਦੀ ਪੂਜਾ ਕਿਉ ਕਰ ਕਰਵਾ ਰਹੇ ਹੋ ? ਗੁਰਬਾਣੀ ਗੁਰੂ ਦੇ ਹੁਕਮ ਅਨੁਸਾਰ ਬਾਹਮਣੀ ਸੁੱਚ ਭਿੱਟ, ਛੂਤ-ਛਾਤ, ਗ੍ਰਹਿ ਨਸ਼ੱਤਰਾਂ ਦੀ ਪੂਜਾ ਧਰਤੀ ਸੁੱਤੀ ਜਾਗਦੀ, ਰੁਤ ਕੁਰੁਤਾਂ, ਵਾਰ ਕਵਾਰ, ਸ਼ਰਾਧ, ਮਰਨ ਜਨਮ ਤੇ ਸੂਤਕ ਪਾਤਕ ਵਿਚਾਰਨੇ ਸਭ ਵਿਅਰਥ ਹਨ ਪਰ ਤੁਸੀ ਇਹ ਸਾਰਾ ਕੁਝ ਕਿਉਂ ਕਰ ਕਰਵਾ ਰਹੇ ਹੋ ?

"ਗੁਰੂ ਗਰੰਥ ਸਾਹਿਬ ਜੀ" ਅਤੇ ਸਿੱਖ ਦਾ ਸਿੱਧਾ ਸਬੰਧ ਹੈ ਤੁਸੀ ਵਿਚ ਵਿਚੋਲੇ ਬਣਕੇ (ਤੀਜਾ ਰਲਿਆ ਝੁੱਗਾ ਗਲਿਆ) ਵਾਲੀ ਕਹਾਵਤ ਕਿਉਂ ਸਿੱਧ ਕਰ ਰਹੇ ਹੋ ? ਗੁਰਬਾਣੀ ਗੁਰੂ ਦੇ ਹੁਕਮ ਮੁਤਾਬਕ ਤੀਰਥ ਇਸ਼ਨਾਨਾਂ ਦਾ ਖੰਡਨ ਹੈ ਪਰ ਤੁਸੀ ਮਰੇ ਸਾਧਾਂ ਦੀਆਂ ਮੜ੍ਹੀਆਂ ਤੇ ਸਰੋਵਰ ਬਣਾ ਕੇ ਤੀਰਥ ਇਸ਼ਨਾਨ ਕਰਵਾ ਕੇ ਯਾਤਰਾਵਾਂ ਚਲਾ ਕੇ ਕਿਹੜੀ ਸਿੱਖੀ ਦੀ ਸੇਵਾ ਕਰ ਰਹੇ ਹੋ ? ਇਕ ਹੀ ਗੁਰੂ ਹੈ। ਅਤੇ ਇਕ ਹੀ ਮਰਯਾਦਾ ਹੈ ਗੁਰੂ ਘਰ ਦੀ। ਪਰ ਤੁਸੀ ਹਜ਼ਾਰਾਂ ਡੇਰਿਆਂ ਦੀਆਂ ਹਜ਼ਾਰਾਂ ਮਰਯਾਦਾ ਕਿਉਂ ਬਣਾਈਆਂ ?

300 ਸਾਲ ਸਿੱਖ ਗੁਰੂ ਦੇ ਸਿੱਖ ਸਿੰਘ ਬਣੇ ਰਹੇ ਪਰ ਸਾਧਾਂ ਸੰਤਾਂ ਦੇ ਡੇਰਿਆਂ ਤੇ ਜਾਣ ਵਾਲੇ ਆਪਣੇ ਆਪ ਨੂੰ ਸਾਧਾਂ ਦੇ ਸਿੱਖ ਦੱਸਦੇ ਹਨ ਕਿਉ ? ਵੱਖ ਵੱਖ ਥਾਂਵਾਂ ਤੇ ਛਕਾਏ ਜਾ ਰਹੇ ਅੰਮ੍ਰਿਤ ਦੀ ਰਹਿਤ ਵੱਖ ਵੱਖ ਕਿਉਂ ? ਡੇਰੇ ਸੰਪਰਦਾਵਾਂ ਵੱਲੋਂ ਛਪਾਏ ਗੁਟਕਿਆਂ ਵਿਚ ਵਖਰੇਵਾਂ ਕਿਉਂ ਅਤੇ ਝੂਠੀਆਂ ਕਹਾਣੀਆਂ ਕਿਉਂ ਪਾਈਆਂ ? ਪੁਰਾਤਨ ਸਿੰਘਾਂ ਨੇ ਨੁਵਾਬੀਆਂ ਨੂੰ ਜੁੱਤੀ ਦੀ ਨੋਕ ਨਾਲ ਠੁਕਰਾਇਆ ਪਰ ਤੁਸੀਂ ਇਕ ਦੂਜੇ ਦੀਆਂ ਪੱਗਾਂ ਲੈਣ ਤੇ ਗੋਲੀਆਂ ਕਿਉਂ ਚਲਾ ਰਹੇ ਹੋ ? ਏਕਾ ਨਾਰੀ ਜਤੀ ਦੇ ਸਿਧਾਂਤ ਨੂੰ ਭੰਨ ਕੇ ਕਈ ਸਾਧ ਸੰਤ ਬਲਾਤਕਾਰ ਦੇ ਕੇਸਾਂ ਵਿਚ ਜੇਲ੍ਹਾਂ ਵਿਚ ਕਿਉ ?

ਗੁਰੂ ਸਾਹਿਬ ਵੀ ਗ੍ਰਹਿਸਤੀ, ਕਿਰਤੀ ਸਨ ਪਰ ਅਜੋਕੇ ਸਾਧ ਸੰਤ ਫੋਕੇ ਜਤਦੇ-ਜਤ ਦੇ ਚੱਕਰ ਵਿਚ ਵਿਹਲੜ ਕਿਉਂ ? ਗੁਰੂ ਦਾ ਪਹਿਲਾ ਹੁਕਮ ਕਿਰਤ ਕਰੋ, ਅਤੇ ਆਖਰੀ ਹੁਕਮ ਗੁਰੂ ਗਰੰਥ ਸਾਹਿਬ ਨੂੰ ਗੁਰੂ ਮੰਨਿਉ ਗੁਰੂ ਪੰਥ ਦੇ ਅੰਗ ਬਣ ਕੇ ਰਿਹੋ, ਕਿਉ ਨਹੀਂ ਮੰਨੇ ? ਗੁਰੂ ਦਾ ਸਿਧਾਂਤ ਗੁਰੂ ਕੀ ਗੋਲਕ ਗਰੀਬ ਦਾ ਮੂੰਹ, ਇਹ ਸਿਧਾਂਤ ਕਿਉਂ ਤੋੜਿਆਂ ? ਤੁਹਾਡੇ ਵਿਚੋਂ ਕੋਈ ਕੋਈ ਸਿੱਖ ਕੌਮ ਦੀ ਏਕਤਾ ਦੀ ਗੱਲ ਕਰਦਾ ਹੈ ਪਰ ਏਕਤਾ ਵਾਸਤੇ ਇਕ ਵੀ ਜਤਨ ਕਿਉਂ ਨਹੀ ਕੀਤਾ ? ਰਾਜਨੀਤਕ ਦੀ ਮੰਜਲ ਹੈ ਕੁਰਸੀ ਪਰ ਸਿੱਖ ਦੀ ਮੰਜਲ ਹੈ ਪਰਮ ਪਦਵੀ ਤੁਹਾਡਾ ਇਹਨਾਂ ਨਾਲ ਤਾਲ ਮੇਲ ਕਿਵੇਂ ਬੈਠ ਗਿਆ। ਤੁਹਾਡੇ ਚੇਲੇ ਬਲੈਕ ਦੇ ਮਾਲ ਵਿਚੋਂ ਕਾਲਾ ਧਨ ਤੁਹਾਨੂੰ ਦਿੰਦੇ ਹਨ ਉਹ ਕਾਲਾ ਧਨ ਗੁਰਦਵਾਰਿਆਂ ਤੇ ਲਾਇਆਂ ਇਹ ਕਿਹੜੀ ਸਿੱਖੀ ਦੀ ਕਾਰ ਸੇਵਾ ਕਰ ਰਹੇ ਹੋ ? ਗੁਰਬਾਣੀ ਗੁਰੂ ਤੋਂ ਸਿੱਖਿਆ ਪ੍ਰਾਪਤ ਕਰਕੇ ਹਿਰਦੇ ਅੰਦਰ ਵਸਾ ਕੇ ਜੀਵਨ ਸਵਾਰਨ ਦਾ ਹੁਕਮ ਹੈ ਪਰ ਤੁਸੀ ਪੰਡਤਾਂ ਵਾਗੂੰ ਗੁਰਬਾਣੀ ਪੜ੍ਹਨ ਨੂੰ ਕੇਵਲ ਤੋਤਾ ਰਟਨ ਕਿਉਂ ਬਣਾਇਆਂ, ਪ੍ਰਚਾਰਿਆਂ ? ਆਪਣੇ ਕੀਰਤਨ ਵਖਿਆਨਾਂ ਵਿਚ ਤੁਸੀ ਮਰੇ ਸਾਧਾਂ ਦੇ ਰੋਣੇ ਕਿਉਂ ਰੋਂਦੇ ਹੋ ਜਦੋ ਕਿ ਕਥਾਵਾਚਕ ਦਾ ਕੰਮ ਗੁਰਮਤਿ ਦ੍ਰਿੜ ਕਰਨਾ, ਕਰਵਾਉਣਾ (ਪ੍ਰਚਾਰਨਾ) ਹੁੰਦਾ ਹੈ। ਤੁਸੀ ਗੁਰੂ ਦੀ ਕਿਰਪਾ ਦੀ ਬਜਾਏ ਸੰਤ ਬਾਬੇ ਦੀ ਕਿਰਪਾ ਕਿਉਂ ਕਹਿੰਦੇ ਹੋ ? ਤੁਸੀਂ ਸੰਗਤ ਦੇ ਸਾਹਮਣੇ ਸੱਚ ਬੋਲਣ ਦੀ ਬਜਾਏ ਝੂਠ (ਮਨਮਤਿ) ਨੂੰ ਤਰਜੀਹ ਕਿਉਂ ਦਿੰਦੇ ਹੋ ? ਗੁਰਬਾਣੀ ਸਿਧਾਂਤ ਹੈ ਕਿ ਇਹ ਦੇਹੀ ਅੰਨ ਪਾਣੀ ਤੋਂ ਬਗੈਰ ਨਹੀ ਚੱਲ ਸਕਦੀ ਪਰ ਤੁਸੀ ਅੰਨ ਛੱਡ ਕੇ ਵਿਹਲੜ ਭਗਤੀ (ਹਨੂੰਮਾਨ ਚਾਲੀਸੇ) ਕਰਨ ਦੇ ਢੌਂਗ ਕਿਉਂ ਰਚ ਰਹੇ ਹੋ ? ਸਿੱਖੀ ਅੰਦਰ ਮੂਰਤੀ ਪੂਜਾ ਦਾ ਕੋਈ ਵਿਧਾਨ ਨਹੀਂ ਹੈ, ਬੁੱਤ ਪੂਜਣ ਦਾ ਕੋਈ ਵਿਧਾਨ ਨਹੀਂ ਹੈ ਤੁਸੀ ਬੁੱਤ ਕਿਉਂ ਬਣਵਾ ਰਹੇ ਹੋ ਮੂਰਤੀ ਪੂਜਾ ਕਿਉਂ ਕਰਵਾ ਰਹੇ ਹੋ ? ਧੰਨ ਗੁਰੂ ਗਰੰਥ ਸਾਹਿਬ ਜੀ ਨੂੰ ਸਦਾ ਵਾਸਤੇ ਗੁਰਤਾ ਗੱਦੀ ਦੇ ਕੇ ਸ਼ਖਸ਼ੀ ਪੂਜਾ ਬੰਦ ਕਰ ਦਿੱਤੀ ਪਰ ਤੁਸੀ ਸ਼ਖਸ਼ੀ ਪੂਜਾ ਕਿਉਂ ਕਰ ਰਹੇ ਹੋ ਕਿਉਂ ਕਰਵਾ ਰਹੇ ਹੋ ? ਤੁਸੀਂ ਮਲ ਮੂਤਰ ਦੇ ਥੈਲੇ, ਅੱਖਾਂ ਵਿਚ ਗਿੱਡ, ਨੱਕ ਵਿਚ ਸ੍ਹੀਂਡ, ਇਹਨਾਂ ਮਨੁੱਖਾਂ ਨੂੰ ਗੁਰੂ ਨਾਲੋਂ ਵੱਡੇ ਦੱਸ ਕੇ ਗੁਰੂ ਦੀ ਮਹਾਨਤਾ ਕਿਉ ਘਟਾਈ ? ਗੁਰੂ ਦੇ ਸਰੂਪ ਦੁਕਾਨਾਂ ਉਤੇ ਵਿਕ ਰਹੇ ਹਨ ਤੁਸੀਂ

ਕੀ ਕੀਤਾ ? ਅਖੰਡ ਪਾਠਾਂ, ਸੰਪਟ ਪਾਠਾਂ ਦੀ ਖਰੀਦੋ ਫਰੋਕਸ ਕਰਕੇ ਧਰਮ ਨੂੰ ਵਿਕਾਊ ਕਿਉਂ ਲਾਇਆ ਕੀ ਤੁਹਾਨੂੰ ਗੁਰੂ ਦੀ ਹਜ਼ੂਰੀ ਵਿਚ ਸਿੱਖ ਸੰਗਤ ਤੋਂ ਮੱਥੇ ਟਿਕਾਉਦਿਆਂ ਸ਼ਰਮ ਨਹੀ ਆਈ ?

ਸਦਾ ਯਾਦ ਰੱਖੋ ਲੋਭੀ ਕਾ ਵੇਸਾਹੁ ਨ ਕ੍ਰੀਜੈ : ਦੇਹਧਾਰੀ ਗੁਰੂ ਡੰਮੀਆਂ ਨੂੰ ਪਛਾੜਨ ਵਾਸਤੇ ਤਿਆਰ ਹੋਈਐ ਸੰਤਾਂ ਬ੍ਰਹਮਗਿਆਨੀਆਂ ਨੂੰ ਸਿੱਖ ਬਣਨ ਦੀ ਜਾਚ ਸਿਖਾਈਐ ਕੋਈ ਸਮਾ ਸੀ ਸਿੱਖਾਂ ਨੂੰ ਗੈਰ ਸਿੱਖਾਂ ਅੰਦਰ ਸਿੱਖ ਸਿਧਾਂਤਾਂ ਦਾ ਪ੍ਰਚਾਰ ਕਰਨਾ ਪੈਂਦਾ ਸੀ ਪਰ ਹੈਰਾਨਗੀ ਕਿ ਅੱਜ ਸੰਤਾਂ ਬ੍ਰਹਮਗਿਆਨੀ ਕਹਾਉਣ ਵਾਲਿਆਂ ਨੂੰ ਗੁਰਮਤਿ ਸਿਧਾਂਤ ਸਿਖਾਉਣੇ ਪੈ ਰਹੇ ਹਨ ।

ਭੋਲੇ ਭਾਲੇ ਸਿੱਖ ਸ਼ਰਧਾਲੂਆਂ ਦੀ ਸ਼ਰਧਾ ਦਾ ਨਾਜਾਇਜ ਫਾਇਦਾ ਨਕਲੀ ਗੁਰੂ ਅਤੇ ਸਾਧਾਂ ਸੰਤਾਂ ਨੇ ਉਠਾਇਆ ਨਕਲੀ ਸੋਨਾਂ ਕਈ ਵਾਰ ਅਸਲੀ ਸੋਨੇ ਨਾਲੋ ਵੱਧ ਚਮਕਦਾ ਵੇਖਿਆ ਹੋਵੇਗਾ । ਦੁਹਾਗਣ ਦਾ ਸ਼ਿੰਗਾਰ ਸੁਹਾਗਣ ਨਾਲੋਂ ਵੀ ਵੱਧ ਵੇਖਿਆ ਹੋਵੇਗਾ । ਝੂਠੇ ਗੁਰੂ (ਸੰਤ) ਤੁਹਾਨੂੰ ਆਸਾਨੀ ਨਾਲ ਆਪਣੇ ਵੱਲ ਖਿੱਚ ਲੈਂਦੇ ਹਨ, ਕਈ ਵਾਰੀ ਸੱਚੇ ਅਸਲੀ ਗੁਰੂ ਨਾਲੋਂ ਵੀ ਜਲਦੀ ਖਿੱਚ ਲੈਂਦੇ ਹਨ ਕਿਉਂਕਿ ਸੱਚੇ ਗੁਰੂ ਦੀ ਭਾਸ਼ਾ ਹੋਰ ਹੈ ਝੂਠੇ ਦੀ ਬੋਲੀ ਹੋਰ ਹੈ । ਝੂਠਾਂ ਗੁਰੂ ਤੁਹਾਡੀ ਹੀ ਬੋਲੀ ਬੋਲਦਾ ਹੈ ਤੁਸੀ ਜੋ ਚਾਹੁੰਦੇ ਹੋ ਝੂਠਾ ਗੁਰੂ ਉਸੇ ਤਰ੍ਹਾਂ ਕਰਦਾ ਹੈ । ਜੇ ਤੁਸੀ ਚਾਹੁੰਦੇ ਹੋ ਕਿ ਹੱਥਾਂ ਵਿਚ ਸਵਾਹ ਆ ਜਾਵੇ ਤਾਂ ਉਹ ਵੀ ਕਰ ਦਿੰਦਾ ਹੈ । ਇਹੀ ਕੰਮ ਸੜਕ ਤੇ ਬੈਠਾ ਮਦਾਰੀ ਖੇਲ ਤਮਾਸ਼ਾ ਦਿਖਾਉਣ ਵਾਲਾ ਕਰ ਰਿਹਾ ਹੈ ਪਰ ਤੁਸੀ ਪ੍ਰਭਾਵਤ ਨਹੀ ਹੁੰਦੇ । ਇਹੀ ਕੰਮ ਜਦੋ ਕੋਈ ਨਕਲੀ ਗੁਰੂ ਸਾਧ ਸੰਤ ਕਰ ਰਿਹਾ ਹੋਵੇ ਤਾਂ ਤੁਸੀਂ ਸੁਦਾਈ ਹੋ ਜਾਂਦੇ ਹੈ ਕਿ ਮਿਲ ਗਿਆ ਅਸਲੀ ਗੁਰੂ, ਮਿਲ ਗਿਆ ਅਸਲੀ ਸੰਤ । ਤੁਸੀ ਚਾਹੁੰਦੇ ਹੋ ਬਿਮਾਰੀ ਹਟ ਜਾਵੇ ਉਹ ਅਸ਼ੀਰਵਾਦ ਦਿੰਦਾ ਹੈ ਕਿ ਹਾਂ ਹੱਟ ਜਾਵੇਗੀ । ਤੁਸੀ ਪੁੱਤਰ ਚਾਹੁੰਦੇ ਹੋ ਉਹ ਕਹਿੰਦਾ ਹੋ ਜਾਵੇਗਾ, ਤੁਸੀ ਕਹਿੰਦੇ ਮੁਕੱਦਮਾ ਜਿੱਤਿਆ ਜਾਵੇ ਉਹ ਕਹਿੰਦਾ ਜਿੱਤਿਆ ਜਾਵੇਗਾ । ਉਹ ਝੂਠਾ ਗੁਰੂ (ਸੰਤ) ਆਪ ਵੀ ਕੇਵਲ ਕਾਮਨਾ ਦੇ ਤਲ ਤੇ ਜੀਅ ਰਿਹਾ ਹੈ । ਇਹ ਝੂਠੇ ਗੁਰੂ ਤੁਹਾਡੀਆਂ ਵਾਸ਼ਨਾਵਾਂ ਨੂੰ ਤ੍ਰਿਪਤ ਕਰਨ ਦੀ ਕੋਸ਼ਿਸ਼ ਕਰਦੇ ਹਨ । ਇਸ ਲਈ ਤੁਸੀ ਝੂਠੇ ਸੰਤਾਂ, ਝੂਠੇ ਗੁਰੂਆਂ ਦੁਆਲੇ ਲੱਖਾਂ ਦੀ ਗਿਣਤੀ ਵਿਚ ਇਕੱਠੇ ਹੋ ਜਾਂਦੇ ਹੋ ਕਿਉਂਕਿ ਤੁਹਾਡੀ ਸੋਚਣੀ ਉਹਨਾਂ ਝੂਠਿਆਂ ਨਾਲ ਰਲ ਜਾਂਦੀ ਹੈ ਫਿਰ ਤੁਹਾਡੇ ਵਾਸਤੇ ਸੱਚ ਝੂਠ ਨੂੰ ਪਛਾਨਣਾ ਔਖਾ ਹੋ ਜਾਂਦਾ ਹੈ ਝੂਠੇ ਗੁਰੂ, ਤੁਹਾਨੂੰ ਨੌਕਰੀਆਂ, ਮੁੰਡੇ ਮ੍ਹਹਿਲ ਮਾੜੀਆਂ, ਸਵਰਗਾਂ ਦੀਆਂ ਹੂਰਾਂ, ਪਰੀਆਂ ਦੇ ਲਾਲਚ ਦੇਵੇਗਾ ਪਰ ਗੁਰਬਾਣੀ ਗੁਰੂ ਜੀ ਕਹਿ ਰਹੇ ਹਨ

"ਤਨ ਮਨ ਧਨ ਸਭਿ ਸਉਪ ਗੁਰ ਕਉ ਹੁਕਮ ਮੰਨਿਐ ਪਾਈਐ ॥"
ਆਪੁ ਛੋਡਿ ਸਦਾ ਰਹੈ ਪਰਣੈ ॥
ਗੁਰ ਬਿਨੁ ਅਵਰੁ ਨ ਜਾਣੈ ਕੋਇ ॥

(ਅਨੰਦ)

"ਜਿਹ ਘਰੁ ਮਹਿ ਤੁਮ ਰਹਨਾ ਬਸਨਾ ਸੋ ਘਰੁ ਚੀਤ ਨ ਆਇਓ ॥"

ਭਾਵ ਕਿ ਸੱਚ ਘਰ ਦਾ ਕਦੇ ਤੈਨੂੰ ਚੇਤਾ ਹੀ ਨਹੀ ਆਇਆ, ਤੂੰ ਝੂਠ ਨੂੰ ਹੀ ਸਾਰਾ ਕੁਝ ਕਿਉ ਸਮਝ ਲਿਆ ? ਕਿਉਂ ਕਿ ਇਸਦਾ ਦੇਹਧਾਰੀ ਗੁਰੂ ਝੂਠਾ ਹੈ, ਇਸਦਾ ਸੰਤ ਝੂਠਾ ਹੈ। ਇਹ ਸਾਧ ਸੰਤ ਫੋਕੇ ਕਰਮ ਕਾਂਡ ਨੂੰ ਮਰਯਾਦਾਂ ਦੱਸਦੇ ਹਨ, ਫੋਕੇ ਤੋਤਾ ਰਟਨ ਨੂੰ ਨਾਮ ਸਿਮਰਨ ਦੱਸਦੇ ਹਨ, ਮਨੁੱਖਾਂ, ਮਾਇਆ ਦੀ ਪੂਜਾ ਨੂੰ ਸ਼ਰਧਾ (ਸੇਵਾ) ਦੱਸਦੇ ਹਨ।

ਭੇਖ ਸਾਧਾ ਸੰਤਾਂ ਵਾਲਾ ਹੈ ਪਰ ਮੰਗ ਰਿਹਾ ਹੈ, ਕਹਿੰਦਾ ੧੦ ਬੋਰੀਆਂ ਭਰਨੀਆਂ ਹਨ ਸਤਿਗੁਰ ਕਹਿੰਦੇ "ਲੈਣਾ ਦੁਖ ਮਨਾਇ" ॥ ਅਗਲਾ ਦੁੱਖ ਮਨਾਏਗਾ ਕਿ ੫ ਰੁਪਏ ਦੇ ਸਕਦੇ ਸੀ ਇਹ ੫੦ ਲੈ ਗਏ ਫਿਰ ਵੀ ਸੋਚਦੇ ਹਨ ਕਿ ਕਿਤੇ ਸਰਾਪ ਨਾ ਦੇ ਦੇਣ, ਦੇਣ ਵਾਲੇ ਰੋਂਦੇ ਹਨ ਕਿ ਬੱਚੇ ਕਿਵੇਂ ਪਾਲਾਂਗੇ ? ਇਹ ਕਾਸਾਈ ਪੁਣਾਂ ਹੈ ਕਿ ਸੰਤ ਪੁਣਾ ? ਅਜਿਹੇ ਸੰਤ ਪੁਣੇ ਤੇ ਲਾਹਨਤ ਹੈ। ਬਹੁਤੇ ਡੇਰਿਆਂ ਵਿਚ ਲੋਕਾਂ ਨੂੰ ਨਸ਼ਈ ਕੀਤਾ ਜਾ ਰਿਹਾ ਹੈ ਸੰਤਾਂ ਦੇ ਡੇਰੇ ਦੇ ਬੰਦੇ, ਇਕ ਪੋਸਤ ਦਾ ਵਰਤਾਵਾ, ਇਕ ਨਸ਼ੇ ਵਾਲੀਆਂ ਗੋਲੀਆਂ ਦਾ ਵਰਤਾਵਾ, ਇਕ ਅਫੀਮ ਦਾ ਵਰਤਾਵਾ, ਰਗੜੇ ਲਾਉਣ ਵਾਲੇ ਵੱਖ ਵੱਖ ਹਨ। ਕੁਝ ਇਕ ਸਾਧਾਂ ਸੰਤਾਂ ਨੇ ਸ਼ਰਧਾਲੂਆਂ ਦੀਆਂ ਬੱਚੀਆਂ ਨਾਲ ਬਦ ਸਲੂਕੀ ਕੀਤੀ ਇਹ ਪੁਸਤਕ ਦੇ ਪਹਿਲੇ ਭਾਗਾਂ ਵਿਚ ਆ ਚੁੱਕਾ ਹੈ। ਸ਼ਰਧਾਲੂਆਂ ਦੇ ਲੜਕੇ ਲੜਕੀਆਂ ਦੇ ਰਿਸ਼ਤੇ ਕਰਵਾਉਣ ਤੇ ਬਾਹਰਲੇ ਦੇਸ਼ਾਂ ਨੂੰ ਭੇਜਣ ਦੇ ਮਾਮਲੇ ਵਿਚ ਇਹਨਾਂ ਸੰਤਾਂ ਨੇ ਛਲ ਕਪਟ ਤੇ। ਬੜੇ ਜੋਜਨਾਬਧ ਤਰੀਕੇ ਨਾਲ ਇਹ ਧਰਮ ਦੇ ਨਾਂ ਤੇ ਲੋਕਾਂ ਦਾ ਸ਼ੋਸ਼ਨ ਰਹੇ ਹਨ। ਸਮਝਣ ਦੀ ਲੋੜ ਹੈ।

ਚੀਨਸ ਗੁਰ ਬੀਚਾਰਾ

ਗੁਰੂ ਨੂੰ ਕੁਝ ਹੱਦ ਤੱਕ ਪੂਜਿਆ ਤਾਂ ਗਿਆ ਹੈ ਮੰਨਿਆਂ ਨਹੀ ਗਿਆ। ਪੂਜਾ, ਪਾਠ ਪਠਨ, ਤੋਤਾ ਰਟਨ, ਗਿਣਤੀਆਂ ਮਿਣਤੀਆਂ ਮੰਤਰ ਜਾਪ ਤਰਜ ਤੇ ਹੋ ਰਹੇ ਹਨ। ਪਰ ਗੁਰੂ ਜੀ ਕਹਿੰਦੇ ਹਨ ਜਿਨ੍ਹਾ ਸੁਣ ਕੇ ਮੰਨਿਆਂ ਕਮਾਇਆ ਹੈ ਅਸੀਂ ਉਹਨਾਂ ਤੋਂ ਕੁਰਬਾਨ ਜਾਂਦੇ ਹਾਂ। ਗੁਰੂ ਦੇ ਬਚਨ ਨੂੰ ਹਿਰਦੇ ਵਿਚ ਵਸਾ ਮੰਨ ਕਮਾ ਕੇ ਜੀਵਨ ਸਫਲ ਬਣਾਉਣਾ ਜਿੰਦਗੀ ਦਾ ਮਨੋਰਥ ਹੈ। ਦਿਖਾਵੇ ਦੀਆਂ ਮਾਲਾ ਦਾ ਕੀ ਮਤਲਵ ? ਕੇਵਲ ਪ੍ਰਦਰਸ਼ਨੀ। ਦੇਖਣ ਵਿਚ ਆਇਆ ਹੈ ਬਿਨਾ ਸੋਚੇ ਸਮਝੇ ਇਕ ਨਾਸਤਕ ਕਹਿ ਰਿਹਾ, ਰੱਬ ਨਹੀਂ ਹੈ। ਬਿਨਾ ਸੋਚੇ ਸਮਝੇ ਇਕ ਆਸਤਕ ਕਹਿ ਰਿਹਾ ਰੱਬ ਹੈ। ਬਿਨਾ ਸਮਝੇ ਨਹੀਂ ਕਹਿਣਾ ਵੀ ਅਗਿਆਨ, ਹਾਂ ਕਹਿਣਾ ਵੀ ਅਗਿਆਨ ਹੈ। ਬਿਨਾ ਵਿਚਾਰੇ ਸੋਚੇ ਸਮਝੇ ਤੋਂ ਆਸਤਕ ਅਤੇ ਨਾਸਤਕ ਦੀ ਮਨੋਦਿਸ਼ਾਂ ਇਕ ਹੈ। ਦੋਵੇਂ ਮਨ ਦੇ ਤਲ ਦੇ ਰੋਗੀ ਹਨ। ਮਨ ਦੇ. ਤਲ ਤੇ ਰੋਗੀ ਆਸਤਕ ਭਾਂਵੇ ਰੋਜ਼ ਗੁਰਦਵਾਰੇ ਵੀ ਆਉਦਾ ਹੈ ਰੋਗੀ ਹੈ। ਗੁਰੂ ਨੇ ਸਾਨੂੰ ਗਿਆਨ

ਦੇ ਮੰਨਣ ਵਾਲੇ ਬਣਾਇਆ ਹੈ ਇਸ ਵਕਤ ਰਾਜਨੀਤੀ ਵਿਚ ਵੀ ਇਤਨਾ ਅਗਿਆਨ ਨਹੀ ਹੈ, ਜਿੰਨਾ ਧਰਮ ਵਿਚ, ਧਾਰਮਿਕ ਦੁਨੀਆਂ ਵਿਚ। ਸਾਰਾ ਅਗਿਆਨ ਅੰਧ ਵਿਸ਼ਵਾਸ਼ ਵਹਿਮ ਭਰਮ ਇਹਨਾਂ ਸੰਤਾਂ ਨੇ ਫੈਲਾਏ ਹੋਏ ਹਨ। ਰਾਜਨੀਤਕ ਦਾ ਸਭ ਕੁਝ ਬਾਹਰ ਹੈ, ਲੋਕ ਬਾਹਰ, ਵੋਟ ਬਾਹਰ, ਨੋਟ ਬਾਹਰ ਬਹੁਤਿਆਂ ਨੇ ਸਮਝ ਲਿਆ ਹੈ ਰੱਬ ਵੀ ਬਾਹਰ ਹੈ ਤਾਹੀਉ ਅਗਿਆਨ ਦਾ ਹੜ੍ਹ ਆਇਆ ਪਿਆ ਹੈ। ਤਨ ਦੇ ਅੰਦਰ ਹੱਡੀਆਂ ਮਾਸ, ਲਹੂ ਮਿੱਝ ਹੈ ਮਨ ਦੇ ਅੰਦਰ ਚਿੰਤਾ, ਸੋਗ, ਭਟਕਣਾਂ, ਆਸਾ ਤ੍ਰਿਸ਼ਨਾ, ਦੁਵੈਤ ਆਦਿ ਹਨ। ਜਿਨ੍ਹਾ ਨੇ ਗੁਰਬਾਣੀ ਗੁਰੂ ਪਾਸੋ ਮਨ ਨੂੰ ਮਾਰਨ ਦੀ ਸਿੱਖਿਆ ਲਈ ਹੈ ਉਹ ਖੁਸ਼ੀ ਹਨ ਸੁਖੀ ਹਨ।

"ਮਨ ਤੂ ਜੋਤਿ ਸਰੂਪ ਹੈ ਆਪਣਾ ਮੂਲ ਪਛਾਣ" ॥

ਅੰਦਰ ਹੀ ਪ੍ਰਮਾਤਮਾ ਹੈ ਬਾਣੀ ਰਾਹੀਂ ਪਹਿਚਾਨ ਸਕਦੇ ਹਾਂ।

"ਬਾਹਰ ਢੂੰਡਨ ਤੇ ਛੂਟਿ ਪਰੇ ਗੁਰਿ ਘਰ ਹੀ ਮਾਹਿ ਦਿਖਾਇਆ ਥਾ" ॥

ਸੱਚ ਅੰਦਰ ਵੱਸ ਜਾਣਾ ਹੀ ਪ੍ਰਮਾਤਮਾ ਅੰਦਰ ਵੱਸਣਾ ਹੈ। ਸੱਚ ਦੇ ਦਰਸ਼ਨ ਹੀ ਪ੍ਰਮਾਤਮਾ ਦੇ ਦਰਸ਼ਨ ਹਨ। ਸਤਿ ਸਰੂਪ ਪ੍ਰਮਾਤਮਾ ਹੈ। ਇਥੇ ਇਕ ਘਟਨਾ ਦਾ ਜ਼ਿਕਰ ਕਰਨਾ ਜਰੂਰੀ ਸਮਝਦਾ ਹਾਂ।

ਕਹਿੰਦੇ ਇਕ ਵਾਰੀ ਇਕ ਥਾਂ ਤੇ ਇਕ ਪੰਡਤ ਲੋਕਾਂ ਦੀ ਭੀੜ ਇਕੱਠੀ ਕਰਕੇ ਤਿੰਨਾ ਲੋਕਾਂ ਦੀ ਸੋਝੀ ਹੋਣ ਦਾ ਢੌਂਗ ਰਚੀ ਬੈਠਾ ਸੀ ਅਚਾਨਕ ਗੁਰੂ ਨਾਨਕ ਸਾਹਿਬ ਉਥੇ ਚਲੇ ਗਏ ਜਦੋਂ ਪੰਡਤ ਨੇ ਅੱਖਾਂ ਮੀਟੀਆਂ ਤਾਂ ਮਹਾਰਾਜ ਨੇ ਮਰਦਾਨੇ ਨੂੰ ਇਸ਼ਾਰਾ ਕੀਤਾ ਕਿ ਇਸਦਾ ਮਾਇਆ ਵਾਲਾ ਲੋਟਾਂ ਚੁੱਕ ਕੇ ਇਸਦੇ ਪਿਛੇ ਰੱਖਦੇ ਜਦੋਂ ਪੰਡਤ ਨੇ ਅੱਖਾਂ ਖੋਹਲੀਆਂ ਤਾਂ ਮਾਇਆ ਵਾਲਾ ਲੋਟਾ ਗੁੰਮ ਦੇਖ ਕੇ ਉਸ ਨੂੰ ਹੱਥਾਂ ਪੈਰਾਂ ਦੀ ਪੈ ਗਈ ਕਹਿੰਦਾ ਮੇਰਾ ਲੋਟਾ ਕਿਥੇ ਗਿਆ ? ਸਤਿਗੁਰ ਕਹਿੰਦੇ ਹੁਣੇ ਤਿੰਨਾਂ ਲੋਕਾਂ ਦੀ ਸੋਝੀ ਦੀਆਂ ਗੱਲਾਂ ਕਰ ਰਿਹਾ ਸੀ, ਪਿਛੇ ਪਿਆ ਲੋਟਾ ਵੀ ਨਹੀਂ ਦਿੱਸਦਾ ਸੋ ਅਸਲੀ ਨੇ ਨਕਲੀ ਦੀ ਪਹਿਚਾਨ ਕਰ ਲਈ ਸੀ। ਸੋ ਬਹੁਤ ਪਖੰਡ ਧਰਮ ਦੇ ਨਾਂ ਤੇ ਚੱਲ ਰਿਹਾ ਹੈ। ਧਰਮ ਦੇ ਨਾਂ ਬਹੁਤ ਝੂਠ ਚੱਲ ਰਿਹਾ ਹੈ। ਗੁਰੂ ਦੇ ਸ਼ਬਦ ਨੂੰ ਚੀਨ ਕੇ ਵਿਚਾਰ ਸਮਝ ਮੰਨ ਕੇ ਅਸਲ ਨਕਲ ਦਾ ਪਤਾ ਲਾਇਆ ਜਾ ਸਕਦਾ ਹੈ।

ਅੰਮ੍ਰਿਤ ਛਕੋ ਗੁਰੂ ਵਾਲੇ ਬਣੋ !

ਪ੍ਰਚਾਰਕਾਂ, ਕੀਰਤਨੀਆਂ, ਕਥਾਵਾਚਕਾਂ, ਸੰਤ ਬ੍ਰਹਮਗਿਆਨੀ ਸਭ ਸਟੇਜਾਂ ਤੇ ਕਹਿ ਰਹੇ ਹਨ ਅੰਮ੍ਰਿਤ ਛਕੋ ਗੁਰੂ ਵਾਲੇ ਬਣੋ, ਕੀ ਕੋਈ ਕੇਵਲ ਅੰਮ੍ਰਿਤ ਛਕਣ ਨਾਲ ਹੀ ਗੁਰੂ ਵਾਲਾ ਬਣ ਜਾਂਦਾ ਹੈ, ਫਿਰ ਤਾਂ ਕੇਵਲ ਅੰਮ੍ਰਿਤ ਛਕਣ ਦੀ ਲੋੜ ਹੈ। ਕੀ ਕੋਈ ਅੰਮ੍ਰਿਤ ਛਕੇ ਵਾਲਾ ਗੁਰਬਾਣੀ ਪੜ੍ਹਨ ਤੋਂ ਬਿਨਾਂ ਵੀ ਗੁਰੂ ਵਾਲਾ ਹੀ ਹੈ ? ਕੀ ਅੰਮ੍ਰਿਤ ਛਕ ਕੇ ਸ਼ਰਾਬ ਪੀਣ ਵਾਲਾ ਵੀ ਗੁਰੂ ਵਾਲਾ ਹੀ ਹੈ ? ਕੀ

ਅੰਮ੍ਰਿਤ ਛਕਣ ਤੋ ਬਾਅਦ ਕੋਈ ਵੀ ਰਹਿਤ ਨਾ ਰੱਖਣ ਵਾਲਾ ਵੀ ਗੁਰੂ ਵਾਲਾ ਹੀ ਹੈ ? ਕੀ ਅੰਮ੍ਰਿਤ ਛਕਕੇ ਝੂਠ ਬੋਲਣ ਵਾਲਾ, ਬੇਈਮਾਨੀ ਕਰਨ ਵਾਲਾ, ਅਫੀਮਾਂ, ਭੰਗ, ਗੋਲੀਆਂ ਖਾਣ ਵਾਲਾ ਵੀ ਗੁਰੂ ਵਾਲਾ ਹੈ ? ਕੀ ਅੰਮ੍ਰਿਤ ਛਕ ਕੇ ਧੋਖੇ, ਛਲ ਕਪਟ ਕੁਰੱਪਸ਼ਨ ਕਰਨ ਵਾਲਾ ਵੀ ਗੁਰੂ ਵਾਲਾ ਹੀ ਹੈ ? ਕੀ ਦੇਹਧਾਰੀ ਗੁਰੂਆਂ ਤੇ ਦੇਹਧਾਰੀ ਸੰਤ ਡੰਮੀਆਂ ਨੂੰ ਮੱਥੇ ਟੇਕਣ ਵਾਲਾ ਵੀ ਗੁਰੂ ਵਾਲਾ ਹੈ ? ਕੀ ਅੰਮ੍ਰਿਤ ਛਕ ਕੇ ਕਬਰਾਂ ਤੇ ਤੇਲ ਪਾਉਣ ਵਾਲਾ ਵੀ ਗੁਰੂ ਵਾਲਾ ਹੈ ? ਕੀ ਅੰਮ੍ਰਿਤ ਛਕ ਕੇ ਜਾਤ ਪਾਤ, ਵਹਿਮ ਭਰਮ, ਜਾਦੂ ਟੂਣੇ, ਭੂਤ ਪ੍ਰੇਤ ਵਿਚ ਵਿਸ਼ਵਾਸ਼ ਕਰਨ ਵਾਲਾ ਵੀ ਗੁਰੂ ਵਾਲਾ ਹੈ। ਇਹ ਸਾਧ ਸੰਤ ਡੇਰੇਦਾਰ ਜੋ ਕਿ ਸਿੱਖੀ ਦੀਆਂ ਕਦਰਾਂ ਕੀਮਤਾਂ ਨੂੰ ਬੁਰੀ ਤਰ੍ਹਾਂ ਨਸ਼ਟ ਕਰ ਰਹੇ ਹਨ।

ਕੀ ਇਹ ਆਪ ਗੁਰੂ ਵਾਲੇ ਹਨ ? ਨਹੀ ! ਇਹ ਆਪ ਹੀ ਗੁਰੂ ਬਣੇ ਬੈਠੇ ਹਨ ਅਤੇ ਕੁਝ ਇਕ ਗੁਰੂ ਬਣਨ ਦੀਆਂ ਤਿਆਰੀਆਂ ਵਿਚ ਹਨ ਕੰਮ ਇਹਨਾਂ ਦੇ ਸਾਰੇ ਦੇਹਧਾਰੀ ਗੁਰੂਆਂ ਵਾਲੇ ਹੀ ਹਨ, ਇਹ ਵਾਸਤਾ ਗੁਰੂ ਦਾ ਪਾ ਕੇ ਆਪਣੇ ਗੁਰੂ ਡੰਮ, ਸੰਤ ਡੰਮ ਚਲਾ ਰਹੇ ਹਨ, ਸੰਗਤ ਭੁਲੇਖਾ ਖਾ ਗਈ ਹੈ। ਕੇਵਲ ਦਾਖਲਾ ਲੈਣ ਨਾਲ ਹੀ ਕੋਈ B.A. ਪਾਸ ਨਹੀ ਕਰ ਜਾਂਦਾ ਉਹਨੂੰ ਕਠਨ ਪੜਾਈ ਕਰਨੀ ਪੈਂਦੀ ਹੈ। ਦੇਖੋ ਇਹ ਪੜਾਈ ਇਸ ਤਰ੍ਹਾਂ ਹੈ।

"ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵਿਚਾਰੁ ॥"

(ਅੰਗ ੫੨)

ਅਰਥ-ਤੱਤ ਸੱਚ ਵਿਚਾਰ ਇਹ ਹੈ ਕਿ ਗੁਰੂ ਦੇ ਬਚਨ ਸਮਝਣੇ, ਮੰਨਣੇ ਕਮਾਉਣੇ। ਕੀ ਇਹਨਾਂ ਸੰਤਾਂ ਨੇ ਗੁਰੂ ਦਾ ਕੋਈ ਬਚਨ ਮੰਨਿਆਂ ? ਇਹ ਗੁਰੂ ਵਾਲੇ ਕਿਵੇਂ ਬਣ ਗਏ ? ਇਹਨਾਂ ਨੇ ਗੁਰਮਤਿ ਦਾ ਆਸ਼ਾ ਪਾਸੇ ਕਰਕੇ ਮਨਮੱਤ ਆਸ਼ੇ ਨੂੰ ਪ੍ਰਚਾਰ ਕੇ ਆਪਣੀ ਪ੍ਰਭਤਾ ਵਧਾਈ।

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤ ਸੰਸਾਰ ॥
ਡਿਠੈ ਮੁਕਤਿ ਨਾ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥

ਅਰਥ-ਅੱਖਾਂ ਨਾਲ ਜਿਨ੍ਹੇ ਮਰਜੀ ਦਰਸ਼ਨ ਕਰੀ ਜਾਉ ਉਹ ਤਾਂ ਸਾਰੇ ਹੀ ਕਰੀ ਜਾਂਦੇ ਹਨ, ਕੇਵਲ ਵੇਖਣ ਨਾਲ ਕੁਝ ਨਹੀ ਹੋਵੇਗਾ ਜਿੰਨਾ ਚਿਰ ਗੁਰੂ ਦੀ ਬਾਣੀ (ਸ਼ਬਦ) ਦੀ ਵੀਚਾਰ ਨਹੀ ਕਰਦਾ, ਸਮਝਦਾ ਨਹੀ, ਮੰਨਦਾ ਨਹੀ। ਇਹਨਾਂ ਸਾਧਾਂ ਸੰਤਾਂ ਨੇ ਗੁਰੂ ਦੇ ਸਿਧਾਂਤਾਂ ਨੂੰ ਆਪਣੇ ਸਵਾਰਥ ਵਾਸਤੇ ਭੰਨਿਆ ਤੋੜਿਆ ਹੈ। ਕੀ ਇਹ ਸਾਧ ਸੰਤ ਗੁਰੂ ਵਾਲੇ ਬਣ ਗਏ ਹਨ।

ਗੁਰੂ ਸਿਖੁ, ਸਿਖੁ ਗੁਰੂ ਹੈ ਏਕੋ, ਗੁਰ ਉਪਦੇਸ਼ ਚਲਾਏ ॥

(ਅੰਗ ੪੪੪)

ਹਰਿ ਕਾ ਸੇਵਕੁ ਸੋ ਹਰਿ ਜੇਹਾ ॥

ਇਹ ਪੰਗਤੀਆਂ ਇਹਨਾਂ ਸਾਧਾਂ ਨੇ ਸਟੇਜਾਂ ਤੇ ਕਦੇ ਨਹੀ ਸੁਣਾਈਆਂ ਇਹ ਗੁਰੂ ਦੇ ਸਿੱਖ ਕਿਉਂ ਨਹੀ ਬਣੇ ?

ਇਹ ਗੁਰੂ ਦੇ ਸੇਵਕ ਕਿਉਂ ਨਹੀ ਬਣੇ ?

ਜਨ ਨਾਨਕ ਕੇ ਗੁਰ ਸਿਖ ਪੁਤਹਹੁ, ਹਰਿ ਜਪਿਅਹੁ ਹਰਿ ਨਿਸਤਾਰਿਆ ॥

(ਅੰਗ ੩੧੨)

ਇਹ ਸੰਤ ਸਾਧ ਕਿਉਂ ਨਹੀ ਬਣੇ ਸਿੱਖ ਪੁਤ ? ਇਹ ਕਿਉਂ ਨਹੀ ਬਣੇ ਗੁਰਸਿਖ ਪੁੱਤ ਇਹ ਸੰਤ ਪੁੱਤ ਕਿਉਂ ਬਣੇ ? ਇਹ ਬ੍ਰਹਮਗਿਆਨੀ ਪੁੱਤ ਕਿਉਂ ਬਣੇ ? ਕੀ ਇਹ ਤੁਕਾਂ ਗੁਰਬਾਣੀ ਵਿਚੋਂ ਨਹੀ ਹਨ ?

ਸਤਿਗੁਰ ਵੰਸੀ ਪਰਮ ਹੰਸੁ, ਗੁਰ ਸਿਖ ਹੰਸ ਵੰਸੁ ਨਿਬਹੰਦਾ ।
ਪਿਆ ਦਾਦੇ ਦੇ ਗਹਿ ਚਲੰਦਾ

(ਭਾ: ਗੁਰਦਾਸ ਜੀ)

ਸਾਧ ਸੰਗਤਿ ਮਿਲਿ ਦਾਦੇ ਪੋਤੇ ॥

(ਭਾ: ਗੁਰਦਾਸ ਜੀ)

ਗੁਰਸਿਖਾ ਇਕੋ ਪਿਆਰੁ ਗੁਰ ਮਿਤਾ ਪੁਤਾ ਭਾਈਆ ॥

(ਅੰਗ ੬੪੮)

ਸਚਾ ਸਾਕ ਨ ਵਿਛੁੜੈ, ਸਾਧ ਸੰਗਤਿ ਗੁਰ ਭਾਈ ਭਤਾ ॥

(ਭਾ: ਗੁਰਦਾਸ ਜੀ)

ਕੀ ਇਹ ਗੁਰਬਾਣੀ ਇਹਨਾਂ ਕਦੇ ਨਹੀ ਪੜ੍ਹੀ ? ਇਹਨਾਂ ਨੇ ਗੱਦੀਆਂ ਕਿਵੇਂ ਲਾ ਲਈਆਂ ? ਇਹਨਾਂ ਨੇ ਗੁਰਸਿਖ ਭਾਈ ਬਣਨ ਦੀ ਕੋਸ਼ਿਸ਼ ਕਿਉਂ ਨਹੀ ਕੀਤੀ ? ਇਹ ਸੰਗਤ ਤੋਂ ਉਪਰ ਪਲੰਘੇ ਡਾਹ ਕੇ ਕਿਵੇਂ ਬੈਠ ਗਏ । ਇਹ ਅੰਮ੍ਰਿਤਧਾਰੀਆਂ ਸਿੱਖਾਂ ਤੋਂ ਆਪਣੇ ਪੈਰਾਂ ਦੇ ਮੱਥੇ ਟਿਕਾਉਂਦੇ ਹਨ । ਕੀ ਇਹ ਗੁਰੂ ਵਾਲੇ ਬਣ ਗਏ ਹਨ ?

ਗੁਰੂ ਨੇ ਤਾਂ ਰਾਜਿਆਂ ਦੇ ਮੂੰਹ ਤੇ ਖਰੀਆਂ ਸੁਣਾਈਆਂ । ਵੇਲੇ ਤੇ ਸੱਚ ਬੋਲਿਆ "**ਸਚ ਸੁਣਾਇਸੀ ਸਚਿ ਕੀ ਬੇਲਾ**" ਯਾਦ ਰੱਖਿਓ ਕੁਵੇਲੇ ਬੋਲਿਆ ਹੋਇਆ ਸੱਚ ਵੀ ਝੂਠ ਨਾਲੋਂ ਭੈੜਾ ਹੈ । ਪਰ ਇਹ ਰਾਜਿਆਂ ਦੇ ਅੱਗੇ ਗੋਡੇ ਟੇਕਦੇ ਫਿਰਦੇ ਹਨ ਸੱਚ ਕਹਿਣ ਦੀ ਰਤਾ ਵੀ ਜੁਅਰਤ ਇਹ ਸਾਧ ਬਾਬੇ ਨਹੀ ਰੱਖਦੇ (ਇਸਦੇ ਲਿਖਤੀ ਸਬੂਤ ਅੱਗੇ ਚੱਲ ਕੇ ਦੇਵਾਂਗਾ) । ਕੀ ਇਹ ਗੁਰੂ ਵਾਲੇ ਬਣ ਗਏ ਹਨ ? ਸੰਗਤ ਵਿਚ ਇਹ ਨਹੀ ਬੈਠਦੇ, ਪੰਗਤ ਵਿਚ ਇਹ ਨਹੀ ਬੈਠਦੇ ਕੀ ਇਹ ਗੁਰੂ ਵਾਲੇ ਬਣ ਗਏ ਹਨ ।

ਸਤਿਗੁਰ ਕ੍ਰਿਪਾ ਸਾਧ ਸੰਗਤਿ ਪੰਗਤਿ ਸੁਖ ॥

(ਭਾ: ਗੁਰਦਾਸ ਜੀ)

ਗੁਰਸਿਖੀ ਦਾ ਮੰਨਣਾ ਗੁਰ ਬਚਨੀ ਗਲਿ ਹਾਰੁ ਪਰੋਣੇ ॥

ਗੁਰੂ ਦੇ ਬਚਨ ਨੂੰ ਮੰਨਣਾ, ਕਮਾਉਣਾ ਸਿਮਰਨ ਹੈ । ਰਾਤ ਦਿਨ ਦਾ ਸਿਮਰਨ ਇਹੀ ਹੈ ਕਿ ਗੁਰਮਤਿ ਅਨੁਸਾਰ ਜੀਵਣ ਜੀਉਣਾ । ਸੂਰਜ ਪ੍ਰਕਾਸ਼ ਦੇ ਕਰਤਾ ਗਿਆਨੀ ਸੰਤੋਖ ਸਿੰਘ ਮੁਤਾਬਕ ਨਹੀ ਸੀਖ ਲੇ ਗੁਰਮਤਿ ਪਾਈ । ਸੋਝੀ ਕੁਛ ਨ

ਆਪ ਕੋ ਆਈ ॥ ਗੁਰੂ ਦੀ ਸਿੱਖਿਆ ਹਾਸਲ ਨਹੀ ਕੀਤੀ ਗੁਰਮਤਿ ਅੰਦਰ ਧਾਰਨ ਨਹੀ ਕੀਤੀ ਸ਼ਬਦ ਸੱਚ ਦੀ ਸੋਝੀ ਨਹੀ ਆਈ ਤਾਂ ਗੁਰੂ ਵਾਲੇ ਕਿਵੇਂ ਬਣ ਗਏ। ਜਿਹੜੇ ਅੰਮ੍ਰਿਤ ਛਕ ਕੇ ਜੋਤਸ਼ੀਆਂ ਨੂੰ ਹੱਥ ਦਿਖਾਉਂਦੇ ਫਿਰਦੇ ਹਨ ਕੀ ਉਹ ਗੁਰੂ ਵਾਲੇ ਬਣ ਗਏ ਹਨ ?

ਸਿਖੀ ਸਚੁ ਪ੍ਰਾਪਤ ਕੀ ਕਰਤਾ ॥

ਕਿਹੜਾ ਸੱਚ ਇਹਨਾਂ ਪ੍ਰਾਪਤ ਕੀਤਾ ?

ਬਿਘਨ ਅਨੇਕ ਕਸ਼ਟ ਸਹਿ ਸਾਰੇ ॥

ਕਿਹੜਾ ਕਸ਼ਟ ਇਹਨਾ ਸਹਾਰਿਆ ?

ਪਲ ਮਹਿ ਸਿਰਦੇ, ਸਿਦਕ ਨਾ ਖੋਵੈ ॥ ਸੋ ਸਿਖ ਮੇਰੋ ਪੂਰਨ ਹੋਵੈ ॥

ਸਿੱਖੀ ਸਿਦਕ ਇਹਨਾਂ ਸਾਧਾਂ ਸੰਤਾਂ ਦੇ ਅੰਦਰੋਂ ਖੰਭ ਲਾ ਕੇ ਉਡ ਗਿਆ। ਕੀ ਇਹ ਗੁਰੂ ਵਾਲੇ ਬਣ ਗਏ ਹਨ ?

ਗੁਰ ਕੈ ਬਚਨਿ ਮੋਹਿ ਪਰਮ ਗਤਿ ਪਾਈ ॥

(ਗਉੜੀ ਮਹਲਾ ੫ ॥ ਅੰਗ ੨੩੯)

ਗੁਰੂ ਦੇ ਬਚਨ ਮੰਨਣ ਕਰਕੇ ਅਸੀ ਰੁਕੇ ਹੋਏ ਚੱਲ ਪਏ ਮਨਮੱਤ ਵਾਲੇ ਪਾਸਿਉਂ ਮੁੜ ਕੇ ਗੁਰਮਤਿ ਵਾਲੇ ਪਾਸੇ ਤੁਰਕੇ ਪਰਮ ਗਤੀ (ਸੱਚ) ਨੂੰ ਪਾ ਲਿਆ।

ਗੁਰਿ ਪੂਰੈ ਮੇਰੀ ਪੈਜ ਰਖਾਈ ॥੧॥

ਪੂਰੇ ਗੁਰੂ ਨੂੰ ਮੰਨ ਕੇ ਹਰ ਪਾਸੇ ਇੱਜਤ ਰਹੀ।

ਗੁਰ ਕੈ ਬਚਨਿ ਧਿਆਇਓ ਮੋਹਿ ਨਾਉ ॥

ਗੁਰੂ ਦਾ ਬਚਨ ਮੰਨਣਾ ਹੀ ਸਿਮਰਨ ਹੈ।

ਗੁਰ ਪ੍ਰਸਾਦਿ ਮੋਹਿ ਮਿਲਿਆ ਥਾਉ ॥ਰਹਾਉ॥

ਗੁਰੂ ਕਿਰਪਾ ਸਦਕਾ ਸੱਚ ਟਿਕਾਣਾ ਮਿਲਿ ਗਿਆ।

ਗੁਰ ਕੈ ਬਚਨਿ ਸੁਣਿ ਰਸਨ ਵਖਾਣੀ ॥

ਗੁਰੂ ਦਾ ਬਚਨ ਮੰਨ ਕੇ ਸੱਚ ਸੁਣਿਆ, ਸੱਚ ਬੋਲਿਆ (ਅੰਦਰ ਸੱਚ ਬਾਹਰ ਵੀ ਸੱਚ)।

ਗੁਰ ਕਿਰਪਾ ਤੇ ਅੰਮ੍ਰਿਤ ਮੇਰੀ ਬਾਣੀ ॥

ਗੁਰੂ ਕਿਰਪਾ ਸਦਕਾ ਮੇਰੇ ਬੋਲ ਮਿੱਠੇ ਹੋ ਗਏ ਮੇਰੇ ਬੋਲਾਂ ਅੰਦਰ ਝੂਠ ਰਸ ਦੀ ਥਾਂ ਸੱਚ ਰਸ ਆ ਗਿਆ।

ਗੁਰ ਕੈ ਬਚਨਿ ਮਿਟਿਆ ਮੇਰਾ ਆਪੁ ॥

ਗੁਰੂ ਦੇ ਬਚਨ ਰਾਂਹੀ ਮੈ ਆਪਾ ਭਾਵ ਮਿਟਾ ਕੇ ਸਦਾ ਗੁਰੂ ਦਾ ਹੀ ਹੋ ਗਿਆ। ਮੈ ਜੋ ਸੀ ਤੂੰ ਵਿਚ ਬਦਲ ਗਈ।

ਗੁਰ ਕੀ ਦਇਆ ਤੇ ਮੇਰਾ ਵਡ ਪਰਤਾਪੁ ॥

ਗੁਰੂ ਕਿਰਪਾ ਸਦਕਾ ਮੈ ਗੁਰੂ ਦਾ ਸਿੱਖ ਕਰਕੇ ਜਾਣਿਆਂ ਜਾਣ ਲੱਗਾ। ਸਿੰਘਾਂ ਦੀ ਬਹਾਦਰੀ ਸਾਰੀ ਦੁਨੀਆਂ ਜਾਣਦੀ ਹੈ ਪਰ ਇਹ ਸਾਧ ਸੰਤ ਨਿਮਰਤਾ ਦਾ ਬਹਾਨਾ

ਬਣਾ ਕੇ ਬੁਜਦਿਲ (ਕਾਇਰ) ਬਣੇ ਹੋਏ ਹਨ। ਗੁਰੂ ਦੇ ਸਿੱਖ ਤਾਂ ਬੀਰ ਰਸ ਕਰਕੇ ਮਹਾਨ ਜਾਣੇ ਜਾਂਦੇ ਹਨ।

ਗੁਰ ਕੈ ਬਚਨਿ ਮਿਟਿਆ ਮੇਰਾ ਭਰਮੁ ॥

ਗੁਰੂ ਦੀ ਇਸ ਬਾਣੀ ਬਚਨ ਨੂੰ ਮੰਨਣ ਕਰਕੇ ਮੇਰੇ ਅੰਦਰੋ ਸਾਰੇ ਵਹਿਮ ਭਰਮ ਕਰਮ ਕਾਂਡ ਖਤਮ ਹੋ ਗਿਆ ਪਰ ਇਹ ਸਾਧ ਸੰਤ ਵਹਿਮਾਂ ਭਰਮਾਂ ਵਿਚ ਫਸੇ ਹੋਏ ਹਨ ਇਹਨਾਂ ਨੇ ਕਾਫੀ ਸਿੱਖਾਂ ਨੂੰ ਵੀ ਵਹਿਮਾ ਭਰਮਾਂ ਕਰਮ ਕਾਂਡਾਂ ਵਿਚ ਫਸਾ ਦਿੱਤਾ ਹੈ ਕੀ ਇਹ ਗੁਰੂ ਵਾਲੇ ਬਣ ਗਏ ਹਨ ?

ਗੁਰ ਕੈ ਬਚਨਿ ਪੇਖਿਓ ਸਭੁ ਬ੍ਰਹਮ ॥

ਗੁਰੂ ਦੇ ਬਚਨ ਵਿਚੋਂ ਹੀ ਪ੍ਰਮਾਤਮਾ ਲੱਭਦਾ ਹੈ ਗੁਰੂ ਦੇ ਸਿੱਖ ਗੁਰੂ ਦੇ ਬਚਨ ਰਾਂਹੀ ਅੰਦਰ ਵੱਸਦੇ ਪ੍ਰਮਾਤਮਾ ਨੂੰ ਹਰ ਥਾਂ ਵੇਖ ਲੈਂਦੇ ਹਨ।

ਗੁਰ ਕੈ ਬਚਨਿ ਕੀਨੋ ਰਾਜੁ ਜੋਗੁ ॥

ਗੁਰੂ ਦੇ ਸਿੱਖ ਗੁਰੂ ਬਚਨਿ ਨੂੰ ਕਮਾ ਕੇ ਰਾਜ ਯੋਗੀ ਬਣ ਜਾਂਦੇ ਹਨ ਮਨ ਕਰਕੇ ਅਜਾਦ ਹੁੰਦੇ ਹਨ ਗੁਲਾਮੀ ਨਹੀ ਕਬੂਲਦੇ।

ਗੁਰ ਕੈ ਸੰਗਿ ਤਰਿਆ ਸਭੁ ਲੋਗੁ ॥

ਗੁਰਬਾਣੀ ਗੁਰੂ ਦਾ ਸੰਗ ਮਨ ਕਰਕੇ ਕਰਨ ਨਾਲ ਦੁਨੀਆਂ ਦੇ ਲੋਗਾਂ ਦੀ ਪ੍ਰਵਾਹ ਨਹੀ ਕਰਦੇ ਦੁਨੀਆਂ ਦੀ ਚਤੁਰਾਈ ਉਪਮਾ ਨੂੰ ਪਰ੍ਹਾਂ ਕਰ ਦਿੰਦੇ ਹਨ ਗੁਰਸਿੱਖ।

ਪਰ ਇਹ ਸਾਧ ਸੰਤ ਲੋਕਾਂ ਨੂੰ ਖੁਸ਼ ਕਰਨ ਵਾਸਤੇ ਸਾਰਾ ਜੋਰ ਲਾ ਰਹੇ ਹਨ ਕੀ ਇਹ ਗੁਰੂ ਵਾਲੇ ਬਣ ਗਏ ਹਨ ?

ਗੁਰ ਕੈ ਬਚਨਿ ਮੇਰੇ ਕਾਰਜ ਸਿਧਿ ॥

ਗੁਰੂ ਦੇ ਬਚਨ ਨੂੰ ਸਮਝਦਿਆ ਮੰਨਦਿਆਂ ਕਮਾਉਂਦਿਆਂ ਸਾਰ ਦੇ ਸਾਰੇ ਕਾਰਜ ਰਾਸ ਹੋ ਜਾਂਦੇ ਹਨ।

ਗੁਰ ਕੈ ਬਚਨਿ ਪਾਇਆ ਨਾਉ ਨਿਧਿ ॥

ਗੁਰੂ ਦਾ ਬਚਨ ਮੰਨਣ ਕਰਕੇ ਨਵਾਂ ਖਜਾਨਾ ਪਾ ਲਈਦਾ ਹੈ ਜਿਸ ਨੂੰ ਸੱਚ ਕਹਿੰਦੇ ਹਨ। ਸੱਚ ਪ੍ਰਮਾਤਮਾ ਹੈ।

ਜਿਨਿ ਜਿਨਿ ਕੀਨੀ ਮੇਰੇ ਗੁਰ ਕੀ ਆਸਾ ॥

ਜਿਨ੍ਹਾ ਸਿੱਖਾਂ ਦਾ ਮਨ 'ਇਕਾ ਬਾਣੀ ਇਕੁ ਗੁਰੁ ਇਕੋ ਸ਼ਬਦ ਵੀਚਾਰੁ ॥ ਨਾਲ ਮੰਨ ਗਿਆ।

ਤਿਸ ਕੀ ਕਟੀਐ ਜਮ ਕੀ ਫਾਸਾ ॥

ਉਹਨਾਂ ਦੀ ਜਨਮ ਮਰਣ ਦੀ ਫਾਹੀ ਕੱਟੀ ਗਈ ਭਾਵ ਕਿ ਦੁੱਖ ਕੱਟੇ ਗਏ।

ਗੁਰ ਕੈ ਬਚਨਿ ਜਾਗਿਆ ਮੇਰਾ ਕਰਮੁ ॥

ਗੁਰੂ ਦਾ ਬਚਨ ਮੰਨਣ ਕਰਕੇ ਹੀ ਸੁੱਤਾ ਮਨ ਜਾਗਿਆ ਝੂਠ ਵਿਚ ਬੇਈਮਾਨੀ ਵਿਚ ਲੱਗੀ ਸੁਰਤ ਉਪਰ ਉਠੀ ਤਾਂ ਸੱਚ ਪ੍ਰਮਾਤਮਾ ਪਾ ਲਿਆ ॥

ਨਾਨਕ ਗੁਰ ਭੇਟਿਆ ਪਾਰ ਬ੍ਰਹਮ ॥

ਹੇ ਨਾਨਕ ਗੁਰੂ ਦੀ ਸੇਵਾ ਪ੍ਰਮਾਤਮਾ ਦੀ ਸੇਵਾ ਹੈ।

ਗੁਰੂ ਨੂੰ ਪਾ ਲੈਣਾ ਹੀ ਪ੍ਰਮਾਤਮਾ ਨੂੰ ਪਾਉਣਾ ਹੈ।

ਭੇਦੁ ਨਾਹੀ ਗੁਰਦੇਵ ਮੁਰਾਰਿ ॥

ਗੁਰ ਪ੍ਰਮੇਸਰ ਏਕੋ ਜਾਣ ॥

ਸੋ ਗੁਰੂ ਦੇ ਬਚਨਾਂ ਤੋਂ ਮੁਨਕਰ ਹੋਣ ਵਾਲੇ ਇਹ ਸਾਧ ਸੰਤ ਗੁਰ ਮਰਯਾਦਾ ਤੋਂ ਮੂੰਹ ਮੋੜਨ ਵਾਲੇ ਆਪਣੇ ਮਨੋ ਘੜੀਆਂ ਮਰਯਾਂਦਾਂ ਪ੍ਰਚਾਰਨ ਵਾਲੇ, ਗੁਰਬਾਣੀ ਦੇ ਸਵਾਰਥੀ ਅਰਥ ਕਰਨ ਵਾਲੇ, ਸਿੱਖਾਂ ਨੂੰ ਅਨਮਤਾਂ, ਕਰਮ ਕਾਂਡਾਂ ਵਿਚ ਫਸਾਉਣ ਵਾਲੇ ਇਹ ਕਦੇ ਵੀ ਗੁਰੂ ਵਾਲੇ ਨਹੀਂ ਬਣੇ ਅਤੇ ਇਹਨਾਂ ਤੋਂ ਅੰਮ੍ਰਿਤ ਛਕਣ ਵਾਲੇ ਸੰਤ ਵਾਲੇ ਤਾਂ ਬਣ ਗਏ ਹਨ ਪਰ ਗੁਰੂ ਵਾਲੇ ਨਹੀ।

ਸਦਾ ਯਾਦ ਰੱਖੋ-"ਸਚਿਆਰ ਸਿਖ ਬਹਿ ਸਤਿਗੁਰ ਪਾਸਿ ਘਾਲਨਿ ਕੂੜਿਆਰ ਨ ਲਭਨੀ ਕਿਤੈ ਥਾਇ ਭਾਲੇ ॥

ਇਹ ਝੂਠੇ ਤਾਂ ਕਿਤੇ ਭਾਲਿਆਂ ਵੀ ਨਹੀ ਲੱਭਣਗੇ।

ਕਾਹੂੰ ਕੋ ਭਰੋਸੋ ਹੈ ਜ਼ਮੀਨ ਕੌਂ ਜ਼ਮਾਨੇ ਬੀਚ,
ਕਾਹੂ ਕੋ ਭਰੋਸੋ ਜ਼ੋਰ ਚਾਕਰੀ ਜਹਾਜ ਪੈ ॥
ਕਾਹੂੰ ਕੋ ਭਰੋਸੋ ਭਾਰੀ ਸ਼ਾਹ ਪਾਤਸ਼ਾਹ ਮੀਤ,
ਕਾਹੂੰ ਕੋ ਭਰੋਸੋ ਹੈ ਕੁਟੰਬੀ ਕਰੈ ਕਾਜ ਪੈ ॥
ਕਾਹੂੰ ਕੋ ਭਰੋਸੋ ਦੇਣ ਬਾਨੀ ਅਰ ਪਾਰਸੀ ਕੋ,
ਕਾਹੂੰ ਕੋ ਭਰੋਸੋ ਸੰਤ ਗੀਰੀ ਕੀ ਮਿਜਾਜ ਪੈ ॥
ਕਾਹੂੰ ਕੋ ਭਰੋਸੋ ਚਾਰ ਚਾਤੁਰੀ ਚਲਾਕੀ ਚੋਖ,
ਮੋ ਕੋ ਤੋ ਭਰੋਸੋ ਏਕ "ਗ੍ਰੰਥ" ਮਹਾਰਾਜ ਪੈ ॥

(ਮਹਾਨ ਕੋਸ਼)

ਸੰਤਨ ਹਥਿ ਰਾਖੀ ਕੂੰਜੀ ਕਿ ਕੁੰਜੀ ਗੁਰ ਸਉਪਾਈ ?

ਕਾਫੀ ਲੰਮੇ ਸਮੇ ਤੋਂ ਇਹਨਾਂ ਸੰਤਾਂ ਅਤੇ ਇਹਨਾਂ ਦੇ ਚੇਲਿਆਂ ਨੇ ਗੁਰ ਬਾਣੀ ਦੇ ਗਲਤ ਅਰਥ ਕਰਦਿਆਂ ਆਪਣੀ ਪੱਕੀ ਆਦਤ ਮੁਤਾਬਿਕ ਕਹੀ ਜਾਂਦੇ ਹਨ ਕਿ ਕੁੰਜੀ ਸੰਤਾਂ ਕੋਲ ਹੈ, ਇਹਨਾਂ ਹਮੇਸ਼ਾ ਆਪਣੇ ਅੰਦਰ ਛਲ ਕਪਟ ਰੱਖਿਆ ਗੁਰੂ ਨੂੰ ਪਿਛੇ ਕਰਕੇ ਆਪ ਅੱਗੇ ਲੰਘਣ ਦੀ ਕੋਝੀ ਕੋਸ਼ਿਸ਼ ਕੀਤੀ। ਸੰਤਨ ਜਿਥੇ ਬਹੁ ਵਚਨ ਵਿਚ ਆਇਆ ਹੈ ਅਰਥ ਹੈ ਸੰਗਤ। ਜਿਥੇ ਇਕੱਠੇ ਬੈਠ ਕੇ ਸਿੱਖ ਸੰਗਤਾਂ ਗੁਰਬਾਣੀ ਦੇ ਗਹਿਰ ਗੰਭੀਰ ਵਿਸ਼ਿਆਂ ਤੇ ਵਿਚਾਰ ਕਰਦੀਆਂ ਹਨ ਉਥੇ ਸੱਚ ਰਾਹ ਤੇ ਚੱਲਣ ਦੀ ਪ੍ਰੇਰਨਾ ਮਿਲਦੀ ਹੈ ਮਨ ਨੂੰ ਲੱਗੇ ਹੋਏ ਮਨਮੱਤ ਦੇ ਜੰਦਰੇ ਖੁਲ੍ਹਦੇ ਹਨ ਦੇਖੋ ਜ਼ਰਾਂ ਇਹ ਤੁਕਾ ਗੁਰਬਾਣੀ ਦੀਆਂ ਹਨ ਜੋ ਇਹਨਾਂ ਕਦੇ ਵੀ ਨਹੀਂ ਸੁਣਾਈਆਂ। ਇਹਨਾਂ ਦੀ ਨੀਤ ਗੁਰੂ ਨਾਲ ਵੀ ਸਾਫ ਨਹੀ ਹੈ।

ਸਲੋਕ ਮਹਲਾ ੨ ॥ ਗੁਰੁ ਕੁੰਜੀ, ਪਾਹੂ ਨਿਵਲੁ ਮਨੁ ਕੋਠਾ, ਤਨੁ ਛਤਿ ॥
ਨਾਨਕ, ਗੁਰ ਬਿਨੁ ਮਨ ਕਾ ਤਾਕੁ ਨ ਉਘੜੈ, ਅਵਰ ਨ ਕੁੰਜੀ ਹਥਿ ॥

ਅਰਥ-ਮਨ ਕੋਠਾ ਹੈ, ਸਰੀਰ ਛੱਤ ਹੈ, ਮਨਮੱਤ ਦਾ ਜੰਦਰਾ ਲੱਗਾ ਹੋਇਆ ਹੈ, ਗੁਰੂ ਕੁੰਜੀ ਹੈ (ਭਾਵ ਮਨਮੱਤ ਦੂਰ ਕਰਨ ਵਾਲਾ ਕੇਵਲ ਗੁਰੂ ਹੈ) ਨੇ ਨਾਨਕ। ਗੁਰੂ ਤੋਂ ਬਿਨਾ ਮਨ ਦਾ ਬੂਹਾ ਨਹੀ ਖੁਲ ਸਕਦਾ ਅਤੇ ਸਖਤੀ ਨਾਲ ਕਹਿੰਦੇ ਹਨ ਇਹ ਕੁੰਜੀ ਹੋਰ ਕਿਸੇ ਕੋਲ ਹੋ ਹੀ ਨਹੀ ਸਕਦੀ। ਪਰ ਇਹ ਸਾਧ ਕਿਵੇਂ ਕਹੀ ਜਾਂਦੇ ਹਨ ਕੁੰਜੀ ਸੰਤਾਂ ਕੋਲ ਹੈ। ਸਿੱਧ ਹੋਇਆ ਕਿ ਇਹ ਗੁਰੂ ਦੇ ਸ਼ਰੀਕ ਹਨ। ਗੁਰੂ ਨੇ ਸਭ ਕੁਝ ਸਪੱਸ਼ਟ ਕੀਤਾ ਹੋਇਆ ਹੈ ਕਿਸੇ ਸੰਤ ਦੀ ਸਿਫਾਰਸ਼ ਦੀ ਲੋੜ ਨਹੀ ਹੈ।

ਕਿਵੇਂ ਭਿੱਜਦਾ ਹੈ ਪ੍ਰਮਾਤਮਾ

ਮਹਲਾ ੧ ॥ ਨ ਭੀਜੈ ਰਾਗੀ ਨਾਦੀ ਬੇਦਿ ॥

ਰਾਗ ਗਾਣ ਨਾਲ, ਨਾਦ ਵਜਾਣ ਨਾਲ ਜਾਂ ਵੇਦ ਆਦਿ ਧਰਮ ਪੁਸਤਕਾਂ ਤੋਤਾਂ ਰਟਨ ਪੜ੍ਹਨ ਨਾਲ ਨਹੀ ਭਿੱਜਦਾ ਪ੍ਰਮਾਤਮਾ।

ਨ ਭੀਜੈ ਸੁਰਤੀ ਗਿਆਨੀ ਜੋਗਿ ॥

ਅੱਖਾਂ ਮੀਟ ਕੇ ਬਗੁਲ ਸਮਾਧੀਆਂ ਲਾਉਣ ਨਾਲ, ਗਿਆਨ ਚਰਚਾਂ ਕਰਨ ਨਾਲ, ਜੋਗ ਸਾਧਨ ਕਰਨ ਨਾਲ ਵੀ ਪ੍ਰਮਾਤਮਾ ਨਹੀ ਭਿੱਜਦਾ।

ਨ ਭੀਜੈ ਸੋਗੀ ਕੀਤੈ ਰੋਜ ॥

ਉਹ ਪ੍ਰਮਾਤਮਾ ਸੋਗ ਕੀਤਿਆਂ ਜਿਵੇਂ ਜੈਨੀ ਸਿਰ ਸੁੱਟ ਕੇ ਪਏ ਰਹਿੰਦੇ ਹਨ। ਨਹੀ ਭਿੱਜਦਾ, ਭਾਵ ਪ੍ਰਸੰਨ ਨਹੀ ਹੁੰਦਾ।

ਨ ਭੀਜੈ ਰੂਪੀ ਮਾਲੀ ਰੰਗਿ ॥

ਰੂਪ, ਮਾਲ, ਧਨ ਤੇ ਰੰਗ ਤਮਾਸ਼ੇ ਕੀਤਿਆਂ ਵੀ ਪ੍ਰਭੂ ਪ੍ਰਸੰਨ ਨਹੀ ਹੁੰਦਾ।

ਨ ਭੀਜੈ ਤੀਰਥ ਭਵਿਐ ਨੰਗਿ ॥

ਤੀਰਥਾਂ, ਸਰੋਵਰਾਂ ਤੇ ਨ੍ਹਾਤਿਆਂ ਜਾਂ ਨੰਗੇ ਫਿਰਿਆਂ ਵੀ ਪ੍ਰਮਾਤਮਾ ਖੁਸ਼ ਨਹੀ ਹੁੰਦਾ।

ਨ ਭੀਜੈ ਦਾਤੀਂ ਕੀਤੈ ਪੁੰਨਿ ॥

ਦਾਨ ਪੁੰਨ ਕੀਤਿਆਂ ਵੀ ਰੱਬ ਨਹੀ ਰੀਝਦਾ

ਨੋਟ-ਜਦੋਂ ਕਿ ਇਹ ਸਾਧ ਸੰਤ ਸਦਾ ਇਹ ਪ੍ਰਚਾਰ ਕਰਦੇ ਰਹਿੰਦੇ ਹਨ ਕਿ ਦਾਨ ਪੁੰਨ ਕਰੋ।

ਨ ਭੀਜੈ ਬਾਹਰ ਬੈਠਿਆਂ ਸੁੰਨਿ ॥

ਬਾਹਰ ਜੰਗਲਾਂ ਵਿਚ ਗਰਮੀ, ਠੰਡ ਵਿਚ ਅਖੌਤੀ ਇਕਾਂਤ ਵਿਚ ਬੈਠਿਆਂ ਵੀ ਨਹੀ ਪ੍ਰਸੰਨ ਹੁੰਦਾ।

ਨ ਭੀਜੈ ਭੇੜਿ ਮਰਹਿ ਭਿੜਿ ਸੂਰ ॥

ਬਿਨਾ ਖਾਸ ਕਾਰਨ ਤੇ ਜੋਧੇ ਲੜਾਈ ਵਿਚ ਲੜ ਕੇ ਵੀ ਮਰ ਜਾਣ ਤਾਂਵੀ

ਪ੍ਰਸੰਨ ਨਹੀ ਹੁੰਦਾ ਪ੍ਰਮਾਤਮਾ।

ਬਾਬਾ ਸੁਖਜੀਤ ਸਿੰਘ ਗੁਰਦੁਆਰਾ ਵਿਸ਼ਕਰਮਾ ਪੱਟੀ

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਰੀ ਗੁਰਬਾਣੀ ਇਕੱਤਰ ਕਰਕੇ ਭਾਈ ਗੁਰਦਾਸ ਜੀ ਪਾਸੋਂ ਲਿਖਵਾਈ ਅਤੇ ਹਰਿਮੰਦਰ ਸਾਹਿਬ ਵਿਖੇ ਪਹਿਲਾ ਪ੍ਰਕਾਸ਼ 1604 ਈ. ਵਿਚ ਕਰ ਦਿੱਤਾ। ਸਭ ਤੋਂ ਪਹਿਲਾ ਵਾਕ ਬਾਬਾ ਬੁੱਢਾ ਜੀ ਨੇ ਲਿਆ ਅਤੇ ਉਹਨਾਂ ਨੂੰ ਪਹਿਲੇ ਗ੍ਰੰਥੀ ਥਾਪ ਦਿੱਤਾ। ਕਿਉਂਕਿ ਗ੍ਰੰਥੀ ਦੀਆਂ ਜ਼ਿੰਮੇਵਾਰੀਆਂ ਬਹੁਤ ਹਨ। ਬੜੀ ਸੂਝਬੂਝ ਅਤੇ ਸਿਆਣ ਦੀ ਲੋੜ ਹੈ ਉਸ ਨੇ ਸਿਧਾਂਤਕ ਵੀਚਾਰਧਾਰਾ ਨੂੰ ਸੰਗਤਾਂ ਤੱਕ ਪਹੁੰਚਾਉਣਾ ਹੁੰਦਾ ਹੈ। ਇਸ ਕਰਕੇ ਗ੍ਰੰਥੀ ਸਿੰਘ ਦਾ ਸਤਿਕਾਰ ਵੀ ਤਾਂ ਹੀ ਹੈ ਕਿ ਉਸਨੇ ਸਾਨੂੰ ਗੁਰਬਾਣੀ ਪੜ੍ਹਕੇ ਸੁਣਾਉਣੀ ਅਤੇ ਉਸ ਦੀ ਸਹੀ ਵਿਆਖਿਆ ਕਰਕੇ ਦੱਸਣੀ ਅਤੇ ਹੋਰਨਾਂ ਨੂੰ ਗੁਰਬਾਣੀ ਪੜ੍ਹਨ ਵੀਚਾਰਨ ਦੀ ਪ੍ਰੇਰਨਾ ਦੇਣੀ। ਪਰ ਸਭ ਕੁਝ ਉਲਟ ਹੋ ਗਿਆ ਹੈ ੭੭ ਫੀਸਦੀ ਗ੍ਰੰਥੀ ਸਿੰਘ ਗੁਰਮਤਿ ਤੋਂ ਅਨਜਾਣ ਹਨ ਅਤੇ ਮਾਇਆ ਦੀ ਖਾਤਰ ਪੜ੍ਹਦੇ ਹਨ। ਜੇਕਰ ਮਾਇਆ ਦੀ ਖਾਤਰ ਪੜ੍ਹਕੇ ਵੀ ਗੁਰਮਤਿ ਸਿਧਾਂਤ ਨਾਲ ਸੰਗਤਾਂ ਨੂੰ ਜੋੜ ਦੇਣ ਤਾਂ ਵੀ ਮਾੜੀ ਗੱਲ ਨਹੀਂ ਪਰ ਐਸਾ ਹੋ ਨਹੀਂ ਰਿਹਾ। ਕੁਝ ਤਾਂ ਐਸੇ ਹਨ ਜਿਹੜੇ ਗੁਰੂ ਦੇ ਨਾਂ ਤੇ ਖਾਂਦੇ ਹਨ ਪਰ ਗੁਰੂ ਦੇ ਉਲਟ ਕੰਮ ਕਰਨ ਲੱਗਿਆਂ ਸੋਚਦੇ ਨਹੀਂ ਇਕ ਐਸੀ ਹੀ ਗ੍ਰੰਥੀ ਦੀ ਮਨਮਤਿ ਬਾਰੇ ਦੱਸਣਾ ਚਾਹੁੰਦਾ ਹਾਂ। ਇਹ ਹੈ ਬਾਬਾ ਸੁਖਜੀਤ ਸਿੰਘ ਗ੍ਰੰਥੀ (ਸਖੀਰਾ) ਇਹ ਕਾਫੀ ਸਮਾਂ ਪਿੰਡ ਬੁਰਜ ਨੱਥੂਕੇ (ਨੇੜੇ ਪੱਟੀ) ਵਿਖੇ ਗੁਰਦੁਆਰੇ ਦਾ ਗ੍ਰੰਥੀ ਰਿਹਾ ਜਿਸ ਨੇ ਪਿੰਡ ਵਿਚ ਕਾਫੀ ਲੰਮਾ ਸਮਾਂ ਨਿਭਾਇਆ। ਇਹ ਆਪਣੇ ਆਪ ਨੂੰ ਟਕਸਾਲ ਦਾ ਵਿਦਿਆਰਥੀ ਵੀ ਮੰਨਦਾ ਹੈ ਅਤੇ ਟਕਸਾਲੀ ਮਰਯਾਦਾ ਨੂੰ ਪਹਿਲ ਦੇਂਦਾ ਹੈ। ਪਰ ਸ਼੍ਰੋਮਣੀ ਕਮੇਟੀ ਤੋਂ ਪੈਸੇ ਵੀ ਲੈਂਦਾ ਹੈ ਜਿਸ ਦੀ ਸ਼ਰਤ ਹੁੰਦੀ ਹੈ ਕਿ ਗ੍ਰੰਥੀ ਸਿੰਘ ਰਹਿਤ ਮਰਿਆਦਾ ਦਾ ਪਾਬੰਧ ਹੋਵੇ ਪਰ ਇਹ ਜਿਸ ਸੰਸਥਾ ਤੋਂ ਮਾਇਆ ਲੈਂਦਾ ਹੈ ਉਸ ਦੇ ਹੀ ਉਲਟ ਚਲਦਾ ਹੈ। ਕੁਝ ਸਮਾਂ ਪਹਿਲਾਂ ਇਸ ਪਿੰਡ ਬੁਰਜ ਨੱਥੂਕੇ ਵਿਖੇ ਇਕ ਬੀਬੀ ਦਾ ਆਉਣਾ ਜਾਣਾ ਬਣ ਗਿਆ ਜਿਹੜੀ ਵਡਭਾਗ ਸਿੰਘ ਦੀ ਗੱਦੀ ਲਾਉਂਦੀ ਸੀ ਅਤੇ ਹਵਨ ਕਰਿਆ ਕਰਦੀ ਸੀ। ਜਿਸ ਦੇ ਘਰ ਕੋਈ ਦੁੱਖ ਤਕਲੀਫ ਹੁੰਦੀ ਜਾਂ ਪੁੱਤਰ ਨਹੀਂ ਹੁੰਦਾ ਉਸ ਦੇ ਘਰ ਇਹ ਬੀਬੀ ਹਵਨ ਕਰਕੇ ਮਨਮੱਤੀਆਂ ਕਾਰਵਾਈਆਂ ਕਰਦੀ ਸੀ। ਕਾਫੀ ਲੋਕ ਇਸਦੇ ਸ਼ਰਧਾਲੂ ਬਣ ਗਏ। ਜਿਸ ਵਿਚ ਬਹੁਤ ਅੰਮ੍ਰਿਤਧਾਰੀ ਵੀ ਸਨ। ਕੁਝ ਹੀ ਦਿਨਾਂ ਵਿੱਚ ਇਸ ਬੀਬੀ ਨੇ ਕਾਫੀ ਘਰਾਂ ਵਿਚ ਹਵਨ ਕਰ ਦਿਤੇ। ਆਖਰ ਇਸ ਗ੍ਰੰਥੀ ਸਿੰਘ ਨੂੰ ਪ੍ਰੇਰ ਲਿਆ ਕਿਉਂਕਿ ਇਸ ਘਰ ਕੁੜੀਆਂ ਹਨ ਮੁੰਡਾ ਨਹੀਂ ਹੈ ਮੁੰਡੇ ਦੀ ਲਾਲਸਾ ਨੇ ਗ੍ਰੰਥੀ ਸਿੰਘ ਨੂੰ ਬੀਬੀ ਦਾ ਸ਼ਰਧਾਲੂ ਬਣਾ ਦਿਤਾ। ਇਕ ਦਿਨ ਸੁਖਜੀਤ ਸਿੰਘ ਗ੍ਰੰਥੀ ਦੇ ਘਰ ਪਿੰਡ ਸਖੀਰੇ ਵਿਚ ਵੀ ਹਵਨ ਹੋ ਗਿਆ ਅਤੇ ਬੀਬੀ ਦਾ ਕੰਮ ਹੋਰ ਵੀ ਸੌਖਾ ਹੋ ਗਿਆ ਕਿਉਂਕਿ ਮੈਨ ਤਾਂ ਗ੍ਰੰਥੀ

ਸਿੰਘ ਸੀ ਜਿਸ ਨੇ ਸੁਚੇਤ ਕਰਨਾ ਸੀ ਜਦੋਂ ਉਹ ਹੀ ਬੀਬੀ ਦਾ ਚੇਲਾ ਬਣ ਗਿਆ ਤਾਂ ਟੋਕਣਾ ਕਿਸ ਨੇ ਸੀ। ਵਡਭਾਗੀਏ ਬੀਬੀ ਨੇ ਐਸਾ ਜਾਲ ਪਾਇਆ ਕੇ ਗ੍ਰੰਥੀ ਗੁਰਦੁਆਰੇ ਬੀਬੀ ਦੀ ਸਿਫ਼ਤ ਕਰਨ ਲੱਗ ਪਿਆ ਸਪੀਕਰ ਰਾਹੀਂ ਵਡਭਾਗੂ ਦੇ ਸ਼ਰਧਾਲੂ ਬਣਾਉਣੇ ਸ਼ੁਰੂ ਕਰ ਦਿਤੇ। ਆਪ ਟਰੱਕ ਲੈ ਕੇ ਡੇਹਰੇ ਜਾਣ ਲੱਗ ਪਿਆ ਕਿਉਂਕਿ ਬੀਬੀ ਨੇ ਕਿਹਾ ਸੀ ਪੰਜ ਚੌਂਕੀਆ ਭਰਨੀਆਂ ਹਨ। ਜਿਸ ਗ੍ਰੰਥੀ ਨੇ ਗੁਰੂ ਦੀ ਸਿਖਿਆ ਦੇਣੀ ਸੀ ਅਤੇ ਦੱਸਣਾ ਸੀ ਕਿ ਗੁਰੂ ਤੋਂ ਬਿਨਾ ਕੋਈ ਵੀ ਕਿਸੇ ਨੂੰ ਕੁਝ ਦੇ ਨਹੀਂ ਸਕਦਾ ਉਹ ਆਪ ਹੀ ਗੁਰੂ ਵੱਲ ਪਿੱਠ ਕਰਕੇ ਹੋਰਨਾ ਨੂੰ ਗੁਰੂ ਵੱਲ ਪਿੱਠ ਕਰਨ ਲਈ ਕਹਿਣ ਲੱਗ ਪਿਆ। ਆਖਰ ਛੇਤੀ ਹੀ ਇਸ ਝੂਠ ਦੀ ਦੁਕਾਨ ਬੰਦ ਕਰਨ ਲਈ ਕੁਝ ਗੁਰਸਿਖ ਅੱਗੇ ਆਏ ਜਿਹਨਾਂ ਨੇ ਪ੍ਰਣ ਕਰ ਲਿਆ ਕੇ ਇਸ ਬੀਬੀ ਨੂੰ ਪਿੰਡ ਵਿਚੋਂ ਕੱਢ ਕੇ ਹੀ ਸਾਹ ਲਵਾਂਗੇ। ਇਸ ਦੇ ਨਾਲ ਗ੍ਰੰਥੀ ਸਿੰਘ ਤੇ ਵੀ ਸਖਤ ਕਾਰਵਾਈ ਕਰਾਂਗੇ। ਇਹਨਾਂ ਗੁਰਸਿੱਖ ਵੀਰਾਂ ਨੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਪੱਟੀ ਦੇ ਵੀਰਾਂ ਨੂੰ ਮਿਲੇ ਜਿਸ ਵਿੱਚ ਭਾਈ ਗੁਰਮੀਤ ਸਿੰਘ ਪ੍ਰਚਾਰਕ ਬਲਵਿੰਦਰ ਸਿੰਘ ਜਗਜੀਤ ਸਿੰਘ ਆਦਿ ਨੂੰ ਮਿਲ ਕੇ ਸਾਰੀ ਪਿੰਡ ਦੀ ਕਹਾਣੀ ਦੱਸੀ। ਕਿਉਂਕਿ ਸਟੱਡੀ ਸਰਕਲ ਨੇ ਇਲਾਕੇ ਵਿੱਚ ਕਾਫੀ ਗੁਰਮਤਿ ਦੀ ਲਹਿਰ ਚਲਾਈ ਹੈ ਅਤੇ ਮਨਮਤੀਆਂ ਕਾਰਵਾਈਆਂ ਕਰਨ ਵਾਲਿਆ ਤੋਂ ਸੰਗਤਾਂ ਨੂੰ ਸੁਚੇਤ ਕੀਤਾ ਹੈ। ਸਟੱਡੀ ਸਰਕਲ ਨੇ ਸਾਡੇ ਨਾਲ ਸੰਪਰਕ ਕੀਤਾ ਅਤੇ ਸ਼੍ਰੋਮਣੀ ਕਮੇਟੀ ਦੇ ਧਿਆਨ ਵਿੱਚ ਇਹ ਮਾਮਲਾ ਲਿਆਂਦਾ ਜਿਸ ਰਾਹੀ ਇਹ ਸਾਰੀ ਕਾਰਵਾਈ ਹੋਈ। ਪ੍ਰੋਗਰਾਮ ਬਣਾ ਕੇ ਕਾਫੀ ਗੁਰਸਿਖ ਪਿੰਡ ਬੁਰਜ ਨੱਥੂਕੇ ਪਹੁੰਚੇ ਅਤੇ ਪਿੰਡ ਦੇ ਪਤਵੰਤੇ ਸੱਜਣਾਂ ਅਤੇ ਆਮ ਲੋਕਾਂ ਦੇ ਸਾਹਮਣੇ ਬੀਬੀ ਨੂੰ ਕੋਈ ਗੈਬੀ ਸ਼ਕਤੀ ਦਿਖਾਉਣ ਵਾਸਤੇ ਕਿਹਾ। ਜਵਾਬ ਵਿਚ ਬੀਬੀ ਨੇ ਕਿਹਾ ਕਿ ਮੇਰੇ ਕੋਲ ਕੋਈ ਗੈਬੀ ਸ਼ਕਤੀ ਨਹੀਂ ਹੈ ਮੇਰਾ ਕੇਵਲ ਰੋਟੀ ਦਾ ਬਹਾਨਾ ਹੈ। ਮੈਂ ਅੱਗੇ ਤੋਂ ਕੋਈ ਐਸੀ ਮਨਮਤੀ ਕਾਰਵਾਈ ਨਹੀਂ ਕਰਾਂਗੀ ਅਤੇ ਗ੍ਰੰਥੀ ਸਿੰਘ ਨੂੰ ਗੁਰਦੁਆਰੇ ਭਾਰੀ ਇਕੱਠ ਵਿੱਚ ਸ਼੍ਰੋਮਣੀ ਕਮੇਟੀ ਦੇ ਆਏ ਹੋਏ ਆਗੂਆਂ ਨੇ ਝਾੜ ਪਾਈ ਕਿ ਤੇਰਾ ਫਰਜ ਕੀ ਬਣਦਾ ਸੀ ਤੇ ਤੂੰ ਨਿਭਾ ਕੀ ਰਿਹਾ ਹੈ। ਗ੍ਰੰਥੀ ਸਿੰਘ ਨੇ ਕਿਹਾ ਕਿ ਤੂੰ ਤਾਂ ਐਸੇ ਪਾਖੰਡੀਆਂ ਤੋਂ ਸੰਗਤਾਂ ਨੂੰ ਸੁਚੇਤ ਕਰਨਾ ਸੀ ਪਰ ਤੂੰ ਆਪ ਹੀ ਉਸਦਾ ਸ਼ਰਧਾਲੂ ਬਣ ਗਿਆ ਹੈ। ਬਕੀ ਤੈਨੂੰ ਗੁਰੀ ਗ੍ਰੰਥ ਸਾਹਿਬ ਜੀ ਤੇ ਵਿਸ਼ਵਾਸ ਨਹੀਂ ਜਿਸ ਦੀ ਤੂੰ ਦਿਨ ਰਾਤ ਸੇਵਾ ਕਰਦਾ ਹੈ ਜੇਕਰ ਤੈਨੂੰ ਗੁਰੂ ਗ੍ਰੰਥ ਸਾਹਿਬ ਜੀ ਤੋਂ ਪੁਤਰ ਨਹੀ ਮਿਲਿਆ ਤਾਂ ਉਹ ਵਡਭਾਗੀਏ ਦੇ ਚੇਲੀ ਕਿਵੇਂ ਦੇਵੇਗੀ। ਜਦ ਕਿ ਗੁਰਬਾਣੀ ਵਿੱਚ ਤੂੰ ਆਪ ਹੀ ਪੜ੍ਹਦਾ ਹੈ ਮਾਨੁਖ ਕੀ ਟੇਕ ਬਿਰਥੀ ਸਭ ਜਾਨ ॥ ਦੇਵਣ ਕਉ ਏਕੈ ਭਗਵਾਨ ॥ (ਸੁਖਮਣੀ ਸਾਹਿਬ) ਕੀ ਤੂੰ ਇਹ ਨਹੀ ਪੜ੍ਹਿਆਂ ਜੋ ਮਾਂਗੈ ਠਾਕੁਰ ਅਪਨੇ ਤੇ ਸੋਈ ਸੋਈ ਦੇਵੈ ॥ (ਗੁਰੂ ਗ੍ਰੰਥ ਸਾਹਿਬ) ਅਨੇਕਾਂ ਗੁਰਬਾਣੀ ਦੇ ਫੁਰਮਾਨ ਤੂੰ ਪੜਦਾ ਸੀ ਪਰ ਫਿਰ ਵੀ ਗੁਰੂ ਨੇ ਛਡ ਕੇ ਗੁਰਮਤਿ ਦੇ ਉਲਟ ਹਵਨ ਕਰਵਾ ਲਿਆ ਜਿਸ ਦਾ ਗੁਰਮਤਿ ਵਿੱਚ ਕੋਈ ਥਾਂ ਨਹੀ। ਇਸ ਤਰਾਂ ਕਾਫੀ

ਸਮਾਂ ਇਸ ਗ੍ਰੰਥੀ ਸਿੰਘ ਤੇ ਲਾਇਆ ਅਤੇ ਕਿਹਾ ਕੇ ਅੱਗੇ ਤੋਂ ਐਸਾ ਨਹੀ ਕਰਨਾ ਜੇਕਰ ਅੱਗੇ ਤੋਂ ਕੋਈ ਮਨਮਤਿ ਕੀਤੀ ਤਾਂ ਸਹਾਇਤਾਂ ਵਾਪਸ ਲਈ ਜਾਵੇਗੀ ਅਤੇ ਸਖਤ ਕਾਰਵਾਈ ਹੋਵੇਗੀ। ਆਖਰ ਬੀਬੀ ਅਤੇ ਗ੍ਰੰਥੀ ਤੋਂ ਮੁਆਫੀ ਮੰਗਵਾਈ ਤੇ ਜਿਹਨਾਂ ਨੇ ਇਹ ਕਦਮ ਚੁੱਕਿਆ ਸੀ ਉਹਨਾ ਦਾ ਧੰਨਵਾਦ ਕੀਤਾ ਗਿਆ। ਪਤਾ ਲੱਗਾ ਕਿ ਪਿੰਡ ਦੀ ਕਮੇਟੀ ਨੇ ਇਸ ਗ੍ਰੰਥੀ ਨੂੰ ਦੁਬਾਰਾ ਨਹੀ ਰੱਖਿਆ ਇਸ ਨੂੰ ਉਥੋਂ ਕੱਢ ਦਿੱਤਾ ਗਿਆ ਸੀ। ਬਾਅਦ ਵਿੱਚ ਇਸ ਨੂੰ ਮਨਮਤੀਆਂ ਦੀ ਕਮੇਟੀ ਵਾਲਾ ਗੁਰਦੁਆਰਾ ਮਿਲ ਗਿਆ ਜਥੇ ਇਹ ਸੇਵਾ ਕਰ ਰਿਹਾ ਹੈ। ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਐਸੇ ਕਈ ਗ੍ਰੰਥੀ ਸਿੰਘ ਹਨ ਜੋ ਗੁਰਦੁਆਰੇ ਵਿੱਚ ਰਹਿਕੇ ਵੀ ਗੁਰੂ ਤੇ ਵਿਸ਼ਵਾਸ ਨਹੀ ਰੱਖਦੇ ਉਂਜ ਸੰਗਤਾਂ ਨੂੰ ਕਹਿਣਗੇ ਭਾਈ ਗੁਰੂ ਗ੍ਰੰਥ ਸਾਹਿਬ ਨੂੰ ਮੰਨੋ ਗੁਰਬਾਣੀ ਪੜ੍ਹੋ ਸਭ ਕੁਝ ਮਿਲ ਜਾਇਗਾ ਪਰ ਆਪ ਅਮਲ ਨਹੀ ਕਰਦੇ ਐਸੇ ਗ੍ਰੰਥੀ ਵੀ ਡੇਰਾਵਾਦ ਵਧਾਉਣ ਵਿੱਚ ਆਪਣਾ ਯੋਗਦਾਨ ਪਾ ਰਹੇ ਹਨ। ਕੀ ਇਸ ਤਰਾਂ ਦੇ ਗ੍ਰੰਥੀ ਸਿੰਘ ਗੁਰਦੁਆਰੇ ਵਿੱਚ ਗੁਰਮਤਿ ਦਾ ਪ੍ਰਚਾਰ ਕਰਨ ਵਾਲੇ ਨੂੰ ਪਹਿਲ ਦੇਣਗੇ। ਐਸੇ ਗ੍ਰੰਥੀ ਜਿਥੇ ਵੀ ਹਨ ਉਥੇ ਮਨਮਤਿ ਵਾਲਾ ਭਾਵੇ ਬੋਲ ਜਾਵੇ ਪਰ ਸਿਧਾਂਤਕ ਵਿਚਾਰਧਾਰਾ ਵਾਲਾ ਕੋਈ ਰਾਗੀ, ਢਾਡੀ, ਪ੍ਰਚਾਰਕ ਨਹੀ ਬੋਲ ਸਕਦਾ। ਕਿਉਂ ਕਿ ਵਿਰੋਧ ਗ੍ਰੰਥੀ ਨੇ ਕਰਨਾ ਹੈ। ਜਿਸ ਦਾ ਤੋਰੀ ਫੁਲਕਾ ਮਨਮਤਾਂ ਕਰਨ ਵਾਲਾ ਚਲਦਾ ਹੋਵੇ ਉਹ ਕਦੇ ਵੀ ਗੁਰਮਤਿ ਦੀ ਵਿਆਖਿਆਂ ਨਹੀ ਹੋਣ ਦੇਵੇਗਾ। ਸੋ ਅਸੀ ਚਾਹੁੰਦੇ ਹਾਂ ਕਿ ਗ੍ਰੰਥੀ ਸਿੰਘ ਗੁਰੂ ਦੇ ਘਰ ਵਿੱਚ ਰਹਿ ਕੇ ਗੁਰੂ ਦੀ ਮੱਤ ਦਾ ਪ੍ਰਚਾਰ ਕਰਨ ਤਾਂ ਜੋ ਕਿ ਸੰਗਤਾਂ ਨੂੰ ਸਹੀ ਸੇਧ ਮਿਲ ਸਕੇ। ਕਈ ਵਾਰ ਪਾਠਕ ਸੋਚ ਲੈਂਦੇ ਹਨ ਕਿ ਹਰੇਕ ਦੇ ਅਉਗਣ ਹੀ ਦੱਸੇ ਜਾਂਦੇ ਹਨ ਗੁਣ ਨਹੀ। ਅਸੀ ਉਹਨਾਂ ਨੂੰ ਬਨੇਤੀ ਕਰਦੇ ਹਾਂ ਕਿ ਅਸੀ ਅਉਗੁਣ ਨਹੀ ਵੇਖਦੇ ਸਗੋਂ ਉਹਨਾਂ ਨੂੰ ਉਹਨਾਂ ਦੇ ਬਣਦੇ ਫਰਜ ਤੋਂ ਜਾਣੂ ਕਰਵਾ ਰਹਿ ਹਾਂ ਕਿ ਅਸੱਲ ਵਿੱਚ ਧਾਰਮਿਕ ਆਗੂ ਦੀ ਜਿਨੇਵਾਰੀ ਕੀ ਹੈ। ਕਿਸੇ ਨੂੰ ਉਸ ਦੇ ਬਣਦੇ ਫਰਜਾਂ ਤੋਂ ਜਾਣੂ ਕਰਵਾਉਣਾ ਬੁਰਾ ਕੰਮ ਨਹੀ ਸਗੋ ਭਲਾ ਹੈ। ਅਸੀ ਤਾਂ ਹਰੇਕ ਮਾਨੁਖ ਨੂੰ ਬਨੇਤੀ ਕਰਾਂਗੇ ਕਿ ਉਹ ਅਪਣੇ ਫਰਜ ਪਛਾਣੇ ਤਾਂ ਜੋ ਕਿ ਸਮਾਜ ਵਿੱਚ ਤਬਦੀਲੀ ਆ ਸਕੇ।

ਨ ਭੀਜੈ ਕੇਤੇ ਹੋਵਹਿ ਧੂੜ ॥

ਕਈ ਬੰਦੇ ਨਾਂਗੇ ਸਾਧੂ ਸਵਾਹ ਮਲੀ ਫਿਰਦੇ ਹਨ ਮਿੱਟੀ ਵਿਚ ਲੇਟਦੇ ਹਨ ਪਰ ਉਹ ਪ੍ਰਭੂ ਇਸ ਤਰਾ ਕਦੇ ਖੁਸ ਨਹੀ ਹੁੰਦਾ।

ਲੇਖਾ ਲਿਖੀਐ ਮਨ ਕੈ ਭਾਇ ॥

ਨਾਨਕ ਭੀਜੈ ਸਾਚੈ ਨਾਇ ॥

ਹੇ ਨਾਨਕ ਸੱਚ ਨਾਲ ਜੁੜਿਆ ਸੱਚ ਪ੍ਰਮਾਤਮਾ ਪਾ ਲਈਦਾ ਹੈ ਕਿਉਂਕਿ ਜੀਵਾਂ ਦੇ ਚੰਗੇ ਮੰਦੇ ਹੋਣ ਦੀ ਪਰਖ ਮਨ ਦੀ ਭਾਵਨਾ ਅਨੁਸਾਰ ਕੀਤੀ ਜਾਂਦੀ ਹੈ।

ਸੋ ਸਾਰਾ ਕੁਝ ਗੁਰੂ ਨੇ ਆਪ ਸਮਝਾਇਆ ਹੈ ਇਹ ਇਹਨਾਂ ਸਾਧਾਂ ਨੇ ਨਾ ਆਪ ਸਮਝਿਆ ਨਾ ਕਿਸੇ ਨੂੰ ਸਮਝਾਇਆ ਗੁਰੂ ਹੁਕਮ ਦੇ ਉਲਟ ਐਸੇ ਕਰਮ ਕਾਂਡ ਕਰਨ ਅਤੇ ਕਰਵਾਉਣ ਵਾਲੇ ਇਹਨਾਂ ਸੰਤਾਂ ਦੇ ਹੱਥ ਕੁੰਜੀ ਹੋਣ ਦਾ ਸਵਾਲ ਹੀ ਪੈਦਾ ਨਹੀ ਹੁੰਦਾ। ਧੋਖੇ ਤੋ ਬਚੋ। ਸਦਾ ਯਾਦ ਰੱਖੋ,

ਛਾਡਿ ਮਨ ਹਰਿ ਬਿਮੁਖਨ ਕੋ ਸੰਗੁ ॥

(ਅੰਗ ੧੨੫੩)

ਸਿਆਮ ਸੁੰਦਰ ਤਜਿ ਆਨ ਜੋ ਚਾਹਤ ਜਿਉ ਕੁਸਟੀ ਤਨਿ ਜੋਕ ॥

ਗੁਰਬਾਣੀ ਅੰਦਰ ਬੋਲ ਆਏ ਹਨ ਕੰਗਲੇ ਨੂੰ ਬਾਦਸ਼ਾਹ, ਮੂਰਖ ਨੂੰ ਸੰਤ ਕਹੀ ਜਾਂਦੇ ਹਨ, ਅਗਿਆਨੀ ਅੰਧਵਿਸ਼ਵਾਸੀ ਨੂੰ ਬ੍ਰਹਮ ਗਿਆਨੀ ਆਖੀ ਜਾਂਦੇ ਹਨ, ਅੰਨੇ ਨੂੰ ਪਾਰਖੂ ਆਖੀ ਜਾਂਦੇ ਹਨ ਸ਼ਰਾਰਤ ਕਰਨ ਵਾਲਾ ਇਥੇ ਚੋਧਰੀ ਕਹਾਉਂਦਾ ਹੈ ਝੂਠੀ ਜ਼ਨਾਨੀ ਸੱਭ ਤੋਂ ਅੱਗੇ ਥਾਂ ਮੱਲ ਬੈਠਦੀ ਹੈ ਹਰ ਥਾਂ ਪ੍ਰਧਾਨ ਬਣੀ ਹੋਈ ਹੈ। ਇਹ ਕਲਜੁਗ ਵਿਚ ਐਸਾ ਵਰਤਾਰਾ ਵਰਤ ਰਿਹਾ ਹੈ। ਸੱਚ ਝੂਠ ਦੇ ਕੱਪੜੇ ਇਥੇ ਸੱਚ ਝੂਠ ਨੂੰ ਪਵਾ ਦਿੱਤੇ ਹਨ। ਝੂਠ, ਸੱਚ ਨੂੰ ਪਛਾਨਣਾ ਮੁਸ਼ਕਲ ਬਣੀ ਹੋਈ ਹੈ ਪਰ ਇਹ ਪਛਾਣ ਸਮੇ ਦੀ ਮੁੱਖ ਲੋੜ ਹੈ।

ਹੁਣ ਇਸ ਤੋਂ ਅੱਗੇ ਇਹਨਾਂ ਵੰਨ ਸਵੰਨੇ ਸੰਤਾਂ ਬਾਬਿਆਂ ਦਾ ਹਾਲ ਬਿਆਨ ਕਰਦੇ ਹਾਂ ਕਿ ਕਿਵੇ ਇਹ ਅੰਦਰੋਂ ਹੋਰ, ਬਾਹਰੋਂ ਹੋਰ, ਕੁਝ ਕਾਲੇ ਕੱਪੜੇ ਪਾਉਣ ਵਾਲੇ ਕਮਾਂਡੋਂ ਬਾਬੇ, ਕੁਝ ਹਵਨ ਕਰਨ ਵਾਲੇ, ਚਾਲੀਸੇ ਕੱਟਣ ਵਾਲੇ, ਗਾਤਰੇ ਦੀ ਥਾਂ ਡੋਰੀ ਵਾਲੀ ਕਿਰਪਾਨ (ਜਨੇਊ) ਪਾਉਣ ਵਾਲੇ ਅਤੇ ਚੇਲਿਆਂ ਨੂੰ ਪਵਾਉਣ ਵਾਲੇ, ਗੁਰੂ ਦੇ ਸਿਧਾਂਤ ਅਤੇ ਗੁਰੂ ਪੰਥ ਨੂੰ ਹਰ ਪਾਸਿਉ ਢਾਹ ਲਾਉਣ ਵਾਲੇ, ਗੁਰ ਮਰਯਾਦਾ, ਖਾਲਸਾ ਕੈਲੰਡਰ ਦਾ ਵਿਰੋਧ ਕਰਨ ਵਾਲੇ, ਕਾਰ ਸੇਵਾ, ਕੀਰਤਨ ਦਰਬਾਰਾਂ ਦਲ ਪੰਥਾਂ ਦੇ ਨਾਂ ਤੇ ਪੈਸਾ ਇਕੱਠਾ ਕਰਨ ਵਾਲੇ। ਧਰਮ ਨੂੰ ਇਕ ਰਸਮ ਅਤੇ ਵਾਪਾਰ ਬਣਾਉਣ ਵਾਲੇ, ਇਹ ਸੰਤ ਬਾਬਿਆਂ ਨੇ ਸਰਬੱਤ ਦੇ ਭਲੇ ਦੀ ਬਜਾਏ ਸਰਬੱਤ ਦਾ ਨੁਕਸਾਨ ਕਿਵੇਂ ਕੀਤਾ ਇਸ ਹੱਥਲੀ ਪੁਸਤਕ ਵਿਚ ਅੱਗੇ ਪੜ੍ਹੋਂ।

ਸੰਤ ਹਰਨਾਮ ਸਿੰਘ ਧੁੰਮਾ (ਦਮਦਮੀ ਟਕਸਾਲ ਮਹਿਤਾ)

ਪੁਸਤਕ ਦੇ ਦੂਸਰੇ ਭਾਗ ਵਿਚ ਲਿਖ ਆਇਆ ਹਾਂ ਕਿ ਮਹਿਤੇ ਡੇਰੇ ਵਿਚ ਟਕਸਾਲ ਦੇ ਹੈਡ ਕੁਆਰਟਰ ਤੇ ਇਹ ਹਵਨ ਕਰਕੇ ਜੋਗੀਆਂ ਵਾਲੇ ਚਾਲੀਸੇ ਕੱਟ ਕੇ, ਮੋਨ ਵਰਤ, ਅੰਨ ਛੱਡਣ ਵਾਲੇ ਵਰਤ ਰੱਖ ਕੇ ਗੁਰਬਾਣੀ ਸਿਧਾਂਤਾਂ ਦੀਆ ਧੱਜੀਆਂ ਉਡਾ ਕੇ ਸਿੱਖ ਕੌਮ ਵਾਸਤੇ ਨਮੋਸ਼ੀ ਦਾ ਕਾਰਨ ਬਣਨ ਦੀ ਸੇਵਾ ਤਨ ਦੇਹੀ ਨਾਲ ਨਿਭਾ ਰਹੇ ਹਨ। ਦਮਦਮੀ ਟਕਸਾਲ ਦੇ ਅੰਦਰੋਂ ਹੀ 100 ਸਿੰਘ ਨੇ ਇਸ ਮਨਮੱਤ ਅਤੇ ਕਰਮ ਕਾਂਡ ਵਿਰੁੱਧ ਸ਼ਰੇਆਮ ਬਗਾਵਤ ਕੀਤੀ ਅਖਬਾਰਾਂ ਰਾਹੀ ਆਪਨੇ ਸਭ ਕੁਝ ਪੜ੍ਹਿਆ ਹੈ ਐਸੀਆਂ ਸੁਰਖੀਆਂ 'ਦਮਦਮੀ ਟਕਸਾਲ ਦੇ ਚੌਕ

ਮਹਿਤਾ ਗੁਰਦਵਾਰੇ 'ਚ ਹਵਨ' ੧੯ ਅਗਸਤ ਦੀ ਅਜੀਤ। ਬਾਲਟੇ ਵਿਚ ਕੋਇਲੇ ਪਾ ਕੇ ਹਵਨ ਕਰਨ ਦੀਆਂ ਖਬਰਾਂ ਫੋਟੋਆਂ ਸਮੇਤ ਛਪੀਆਂ ਸਨ। ਸਿੱਖ ਜਥੇਬੰਦੀਆਂ ਨੇ ਹਲਫੀਆਂ ਬਿਆਨਾ ਸਮੇਤ ਅਕਾਲ ਤਖਤ ਸਾਹਿਬ ਤੇ ਸ਼ਕਾਇਤ ਕੀਤੀ ਕਿ ਬਾਬਾ ਹਰਨਾਮ ਸਿੰਘ ਧੁੰਮਾ ਮੁਖੀ ਦਮਦਮੀ ਟਕਸਾਲ ਤੇ ਕਾਰਵਾਈ ਕੀਤੀ ਜਾਵੇ। ਪਰ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਕੌਣ ਕਾਰਵਾਈ ਕਰੇ ? ਇਹ ਟਕਸਾਲੀ ਆਪਸ ਵਿਚ ਹੀ ਇਕ ਦੂਜੇ ਦੇ ਪੂਰੇ ਪੂਰੇ ਭੇਦ ਖੋਲ੍ਹ ਰਹੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਸਾਹਮਣੇ ਬਾਟੇ 'ਚ ਕੋਇਲੇ ਭਖਾ ਕੇ ਹਵਨ ਕਰਨ ਦਾ ਮਾਮਲਾ ਭਖਣ ਲੱਗਾ ਅੰਮ੍ਰਿਤਸਰ ਫੈਡਰੇਸ਼ਨਾ ਨੇ ਵੀ ਡੱਟਕੇ ਵਿਰੋਧ ਕੀਤਾ।

ਅੰਮ੍ਰਿਤਸਰ 22 ਅਗਸਤ (ਵਿਸ਼ੇਸ਼ ਪ੍ਰਤੀਨਿਧ) ਦਮਦਮੀ ਟਕਸਾਲ ਚੌਂਕ ਮਹਿਤਾ ਵਿਚ 'ਗੁਰੂ ਗ੍ਰੰਥ ਸਾਹਿਬ' ਕਥਿਤ ਤੌਰ 'ਤੇ ਬਾਟੇ ਵਿਚ ਕੋਲੇ ਭਖਾ ਕੇ ਹਵਨ ਕਰਨ ਦਾ ਮਾਮਲਾ ਤੂਲ ਫੜਦਾ ਜਾ ਰਿਹਾ ਹੈ ਅਤੇ ਟਕਸਾਲ ਮੁੱਖੀ ਬਾਬਾ ਹਰਨਾਮ ਸਿੰਘ ਧੁੰਮਾ ਵੱਲੋਂ ਇਸ ਪ੍ਰਕਿਰਿਆ ਨੂੰ ਅਗਰਬੱਤੀ ਦਾ ਬਦਲਵਾਂ ਪ੍ਰਬੰਧ ਦੱਸੇ ਜਾਣ ਤੋਂ ਬਾਅਦ ਟਕਸਾਲ ਦੇ ਵਿਰੋਧੀ ਗੁੱਟ ਨੇ ਬਾਬਾ ਧੁੰਮਾ 'ਤੇ ਮੋੜਵਾਂ ਹੱਲਾ ਕੀਤਾ ਹੈ।

ਸਮਾਨਅੰਤਰ ਟਕਸਾਲ ਮੁਖੀ ਭਾਈ ਰਾਮ ਸਿੰਘ ਦੀ ਅਗਵਾਈ ਵਾਲੀ ਦਮਦਮੀ ਟਕਸਾਲ (ਸੰਗਰਾਏਂ) ਦੇ ਆਗੂਆਂ ਭਾਈ ਬਲਵੰਤ ਸਿੰਘ, ਭਾਈ ਨਿਰਭੈ ਸਿੰਘ ਅਤੇ ਭਾਈ ਲੱਖਾ ਸਿੰਘ ਨੇ ਇਕ ਵਿਸਤ੍ਰਿਤ ਬਿਆਨ ਰਾਹੀਂ ਕਿਹਾ ਕਿ ਜੇਕਰ ਹਵਨ ਸਮੱਗਰੀ ਹੀ ਅਗਰਬੱਤੀ ਦਾ ਬਦਲਵਾਂ ਪ੍ਰਬੰਧ ਹੈ ਤਾਂ ਪੂਰੇ ਚਾਲੀ ਦਿਨ ਦਰਵਾਜੇ ਬੰਦ ਕਰਕੇ, ਕਥਾ ਕੀਰਤਨ ਬੰਦ ਕਰਨਾ ਅਤੇ ਲਗਾਤਾਰ ਹਵਨ ਸਮੱਗਰੀ ਅੱਗ 'ਤੇ ਸੁੱਟਣੀ ਕਿਹੜੀ ਟਕਸਾਲ ਦੀ ਮਰਿਆਦਾ ਹੈ ? ਉਨ੍ਹਾਂ ਕਿਹਾ ਕਿ ਜੇਕਰ ਬਾਬਾ ਧੁੰਮਾ ਰਵਾਇਤੀ ਧੂਫਾਂ ਤੇ ਅਗਰਬੱਤੀਆਂ ਇਸ ਕਰਕੇ ਨਹੀਂ ਵਰਤਦੇ ਕਿ ਇਹ ਤੰਬਾਕੂਨੋਸ਼ੀ ਕਰਨ ਵਾਲੇ ਮਜ਼ਦੂਰਾਂ ਦੁਆਰਾ ਫੈਕਟਰੀਆਂ ਵਿਚ ਬਣਾਈਆਂ ਜਾਂਦੀਆਂ ਹਨ ਤਾਂ ਟਕਸਾਲ ਹੈੱਡ ਕੁਆਰਟਰ ਵਿਚ ਬਣਦੀ ਕੜਾਹ ਪ੍ਰਸ਼ਾਦ ਦੀ ਦੇਗ ਵਿਚ ਜਿਹੜੀ ਖੰਡ ਤੇ ਰਸਦ ਪੈਂਦੀ ਹੈਂ, ਉਹ ਬਣਾਉਣ ਲਈ ਬਾਬਾ ਧੁੰਮਾ ਨੇ ਕਿਹੜੀ ਫੈਕਟਰੀ ਲਾਈ ਹੋਈ ਹੈ ? ਟਕਸਾਲ ਆਗੂਆਂ ਨੇ ਕਿਹਾ ਕਿ ਭਾਵੇਂ ਮਨਮਤੀ ਸਥਾਨਾਂ (ਹਰਿਦੁਆਰ ਆਦਿ) ਵਿਖੇ ਜਾ ਕੇ ਗੁਰਮਤਿ ਪ੍ਰਚਾਰ ਕਰਨਾ ਮਾੜੀ ਗੱਲ ਨਹੀਂ ਪ੍ਰੰਤੂ ਭਗਵੇਂ ਕੱਪੜੇ ਪਾ ਕੇ ਗੰਗਾ ਵਿਚ ਇਸ਼ਨਾਨ ਕਰਨਾ, ਭਗਵਾਂ ਧਾਰੀਆਂ ਦੇ ਪੈਰੀਂ ਹੱਥ ਲਾਉਣੇ, ਉਨ੍ਹਾਂ ਉਤੋਂ ਦੀ ਫੁੱਲ ਸੁੱਟਣੇ ਆਦਿ ਕਿਹੜਾ ਗੁਰਮਤਿ ਪ੍ਰਚਾਰ ਹੈ ? ਉਨ੍ਹਾਂ ਕਿਹਾ ਕਿ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੀ. ਏ. ਗੁਰਮੀਤ ਸਿੰਘ ਦੀ ਸਿਹਤਯਾਬੀ ਦੀ ਅਰਦਾਸ, ਮੌਤ ਉਪਰੰਤ ਲਾਸ਼ 'ਤੇ ਦੁਸ਼ਾਲਾ ਭੇਟ ਕਰਨ ਅਤੇ ਉਸ ਨੂੰ ਸਭ ਤੋਂ ਪਿਆਰਾ ਮਿੱਤਰ ਦੱਸਣ ਤੋਂ ਬਾਅਦ ਸਵਾਲ ਉਠਿਆ ਹੈ ਕਿ ਸਿੱਖਾਂ ਦੇ ਕਾਤਲ ਦੇ ਪੀ. ਏ. ਨਾਲ ਟਕਸਾਲ ਮੁਖੀ ਦਾ ਕੀ ਰਿਸ਼ਤਾ ਹੈ ? ਆਗੂਆਂ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਅਪੀਲ ਕੀਤੀ

ਕਿ ਇਸ ਮਾਮਲੇ ਸਬੰਧੀ ਸੱਚ ਸੰਗਤ ਸਾਹਮਣੇ ਲਿਆਂਦਾ ਜਾਵੇ।

ਗੁਰਦਵਾਰਾ ਸ਼ਹੀਦ ਗੰਜ ਦੇ ਪ੍ਰਬੰਧ ਦੇ ਮਸਲੇ ਤੇ ਇਹ ਟਕਸਾਲੀ ਕਬਜਾ ਲੈਣ ਤੋਂ ਕਿਵੇਂ ਲੜਾਈ ਝਗੜੇ ਕਰਦੇ ਰਹੇ ਅਸੀ ਆਪ ਜਾ ਕੇ ਉਥੇ ਗੁਰਦਵਾਰੇ ਵਿਚ ਪੁਲੀਸ ਵੀ ਬੈਠੀ ਦੇਖੀ ਇਹਨਾਂ ਦਾ ਤਿਆਗ ਗੱਲਾਂ ਵਿਚ ਹੀ ਹੈ ਇਹਨਾਂ ਦੇ ਅਮਲੀ ਜੀਵਨ ਵਿਚ ਕਦੇ ਵੀ ਤਿਆਗ ਨੇ ਪੈਰ ਨਹੀ ਪਾਇਆ। ਇਹਨਾਂ ਟਕਸਾਲੀਆਂ ਨੇ ਆਪ ਖੁਦ ਸੰਤ ਹਰਨਾਮ ਸਿੰਘ ਧੁੰਮਾ ਤੇ ਐਸੇ ਦੋਸ਼ ਅਖਬਾਰਾਂ ਵਿਚ ਲਾਏ ਜਿਹੜੇ ਇਥੇ ਲਿਖਣ ਤੋਂ ਮੈ ਸ਼ਰਮ ਮਹਿਸੂਸ ਕਰ ਰਿਹਾ ਹਾਂ।

ਅੱਗੇ ਉਸ ਇੰਟਰਵਿਊ ਦਾ ਜਿਕਰ ਕਰ ਰਿਹਾ ਹਾਂ ਜੋ ਸਿਖ ਸ਼ਹਾਦਤ ਵੱਲੋਂ ਸੰਤ ਹਰਨਾਮ ਸਿੰਘ ਧੁੰਮਾ ਨਾਲ ਕੀਤੀ ਗਈ. ਅੱਜ ਦੇ ਹਾਲਤ ਸੰਬੰਧੀ ਪੁਛੇ ਗਏ ਸਵਾਲ ਦੇ ਜਵਾਬ ਵਿਚ ਇਸ ਟਕਸਾਲੀ ਸੰਤ ਨੇ ਕਿਹਾ ਕਿ ਪਹਿਲਾ ਕੰਮ ਸਿੱਖੀ ਦੀ ਮੁਖਧਾਰਾਂ ਨਾਲੋਂ ਟੁੱਟੇ ਨੌਜਵਾਨਾ ਨੂੰ ਮੁੱਖ ਧਾਰਾ ਨਾਲ ਜੋੜਨਾ।

ਵਿਚਾਰ—ਗੁਰਮਤਿ ਵਿਰੋਧੀ ਕਾਰਵਾਈਆਂ ਕਾਰਨ ਤੁਸੀ ਵੀ ਮੁੱਖਧਾਰਾ ਨਾਲੋਂ ਟੁੱਟੇ ਹੋਏ ਹੋ ਤੁਹਾਨੂੰ ਕੌਣ ਜੋੜੇਗਾ ? ਨਸ਼ੇ ਕਰਨੇ ਮਨਮਤਿ ਹੈ ਪਰ ਹਵਨ ਕਰਨੇ ਵੀ ਮਨਮੱਤ ਹੈ ਧਰਮ ਦੇ ਨਾਂ ਤੇ ਫੋਕੇ ਕਰਮ ਕਾਂਡ ਕਰਨੇ ਬਾਹਮਣੀ ਗੀਤਾਂ ਦਾ ਪ੍ਰਚਾਰ ਕਰਨਾ ਵੀ ਮਨਮੱਤ ਹੈ।

ਅੱਗੇ ਪ੍ਰਚਾਰਕ ਪੜ੍ਹੇ ਲਿਖੇ ਹੋਣ ਦੇ ਜਵਾਬ ਵਿਚ ਧੁੰਮਾ ਜੀ ਕਹਿੰਦੇ ਦੁਨਿਆਵੀ ਪੜ੍ਹਾਈ ਦੀ ਲੋੜ ਹੈ ਭਾਵੇ ਉਹ ਸਿਖਾਂ ਦੇ ਪ੍ਰਚਾਰਕ ਹੋਣ ਭਾਵੇਂ ਟਕਸਾਲ ਦੇ।

ਵਿਚਾਰ—ਇਸਦਾ ਮਤਲਬ ਇਹ ਸਿੱਖਾਂ ਦੇ ਪ੍ਰਚਾਰਕ ਹੋਰ ਹਨ ਅਤੇ ਟਕਸਾਲ ਦੇ ਪ੍ਰਚਾਰਕ ਹੋਰ। ਇਥੋਂ ਅੰਦਾਜਾ ਲਾਓ ਕਿ ਸਿੱਖ ਕੌਮ ਅੰਦਰ ਜਿਨ੍ਹੇ ਵੀ ਵਖਰੇਵੇਂ ਪੈਦਾ ਕੀਤੇ ਹਨ ਇਹਨਾਂ ਸੰਪਰਦਾਈਆਂ ਨੇ ਹੀ ਕੀਤੇ ਹਨ।

ਅੱਗੇ ਪ੍ਰਚਾਰਕਾਂ ਦੇ ਰੁਜਗਾਰ ਦੇ ਮਸਲੇ ਤੇ ਕੀਤੇ ਸਵਾਲ ਦੇ ਜਵਾਬ ਵਿਚ ਧੁੰਮਾ ਜੀ ਕਹਿੰਦੇ ਹਨ ਕਿ ਪ੍ਰਚਾਰਕਾਂ ਦੀ ਉਪਜੀਵਕਾ ਦਾ ਕੋਈ ਐਸਾ ਸਾਧਨ ਹੋਣਾ ਚਾਹੀਦਾ ਹੈ ਕਿ ਉਹਨਾਂ ਨੂੰ ਧਾਰਮਿਕ ਲਾਈਨ ਵਿਚ ਆਕੇ ਗੁਰਮਤਿ ਵਿਚਾਰਧਾਰਾ ਦੀ ਗਲਤ ਵਰਤੋਂ ਨ ਕਰਨੀ ਪਵੈ।

ਵਿਚਾਰ—ਪਹਿਲੀਆਂ ਕਿਤਾਬਾਂ ਵਿਚ ਜਿਕਰ ਕਰ ਆਇਆ ਹਾਂ ਕਿ ਕਿਵੇਂ ਡੇਰੇਦਾਰ ਟਕਸਾਲੀਆਂ ਨੇ ਗੁਰਮਤਿ ਸਿਧਾਂਤਾਂ ਨਾਲ ਖਿਲਵਾੜ ਕੀਤਾ, ਬਾਹਮਣੀ ਮੱਤ ਵਾਲੇ ਕਰਮ ਕਾਂਡਾਂ ਨੂੰ ਅੱਗੇ ਕੀਤਾ ਗੁਰਮਤਿ ਵਿਚਾਰਧਾਰਾ ਦੀ ਗਲਤ ਵਿਆਖਿਆ ਬਹੁਤ ਜ਼ਿਆਦਾ ਸੰਪਰਦਾਈ ਗਿਆਨੀ ਕਰ ਰਹੇ ਹਨ। ਹਮੇਸ਼ਾ ਹੀ ਇਹ ਗੱਲ ਕਰਦੇ ਹਨ ਮਹਾਂਪੁਰਖਾਂ ਦੀ ਸਿਖਿਆ। ਪਰ ਗੁਰੂ ਦੀ ਸਿੱਖਿਆ ਦਾ ਇਹਨਾਂ ਕਦੇ ਨਾਂ ਵੀ ਨਹੀ ਲਿਆ। ਇਹ ਕਹਿੰਦੇ ਸਿੱਖ ਨੂੰ ਦੂਜੇ ਧਰਮਾਂ ਦੀ ਜਾਣਕਾਰੀ ਹੋਣੀ ਚਾਹੀਦੀ ਹੈ ਠੀਕ ਹੈ ਪਰ ਡੇਰਿਆਂ ਵਾਲਿਆਂ ਨੇ ਤਾਂ ਰੀਤੀ ਰਿਵਾਜ ਵੀ ਸਾਰੇ ਅਨਮਤਾਂ ਵਾਲੇ ਅਪਣਾਏ ਹੋਏ ਹਨ ਸਿੱਖ ਮੱਤ ਦੀ ਗੱਲ ਗੁਰਮਤਿ ਦੀ ਗੱਲ ਡੇਰਿਆਂ ਵਿਚ ਕੇਵਲ ਨਾਂ ਮਾਤਰ ਹੀ ਹੈ।

ਅੱਗੇ ਮਿਸ਼ਨਰੀ ਕਾਲਜਾਂ ਅਤੇ ਸੰਪਰਦਾਵਾਂ ਦੀ ਪ੍ਰਚਾਰ ਵਿਧੀ ਵੱਖਰੀ ਦੇ ਜਾਵਾਬ ਵਿਚ ਧੁੰਮਾ ਜੀ ਕਹਿੰਦੇ ਇਹ ਟਕਸਾਲਾਂ ਸੰਪਰਦਾਵਾਂ ਇਹ ਗੁਰੂ ਮਹਾਂਰਾਜ ਦੇ ਵੇਲੇ ਤੋਂ ਚੱਲੀਆਂ ਆ ਰਹੀਆਂ ਹਨ

ਵਿਚਾਰ—ਪੁਸਤਕ ਦੇ ਪਹਿਲੇ ਭਾਗ ਵਿਚ ਪੜ੍ਹੋ ਲੰਮੀ ਚੌੜੀ ਲਿਖਤ ਲਿਖੀ ਹੈ ਕਿ ਗੁਰੂ ਨੇ ਖਾਲਸਾ ਪੰਥ ਸਾਜਿਆ (ਚਲਾਇਆ) ਕੋਈ ਟਕਸਾਲ ਕੋਈ ਸੰਪਰਦਾ ਨਹੀ ਚਲਾਈ। ਇਹ ਤਾਂ ਨਾਂਗੇ ਸਾਧ ਉਦਾਸੀ, ਸੰਨਿਆਸੀ ਚਾਲੀਸੇ ਕੱਟਣ ਵਾਲੇ, ਹਵਨ ਕਰਨ ਵਾਲੇ ਹੁੰਦੇ ਸਨ ਬਾਅਦ ਵਿਚ ਇਹ ਚੋਲਿਆਂ ਵਾਲੇ ਭੇਖ ਵਿਚ ਆ ਕੇ ਹੁਣ ਤੱਕ ਅਨਮਤਾਂ ਦਾ ਪ੍ਰਚਾਰ ਕਰ ਰਹੇ ਹਨ।

ਅੱਗੇ ਧੁੰਮਾ ਜੀ ਨੇ ਸਿੱਖ ਰਹਿਤ ਮਰਯਾਦਾ ਤੇ ਟਿੱਪਣੀ ਕੀਤੀ ਹੈ।

ਵਿਚਾਰ—ਕਿਸੇ ਡੇਰੇਦਾਰ ਸਾਧ ਨੂੰ ਹੱਕ ਨਹੀ ਕਿ ਉਹ ਸਿੱਖ ਰਹਿਤ ਮਰਯਾਦਾ ਉਪਰ ਕਿੰਤੂ ਕਰੇ। ਇਸ ਬਾਰੇ ਖੁਲੀ ਵਿਚਾਰ ਪੜ੍ਹਨ ਵਾਸਤੇ ਪੁਸਤਕ ਦੇ ਦੂਜੇ ਭਾਗ ਸਫਾ ੧੮, ੧੯, ੨੦, ੨੧ ਤੇ ਪੜ੍ਹੋ। ਇਹ ਸਾਧ, ਸਿੱਖ ਰਹਿਤ ਮਰਯਾਦਾ ਦੇ ਹਾਮੀ ਇਸ ਕਰਕੇ ਨਹੀਂ ਹਨ ਕਿਉਂਕਿ ਇਹ ਮਰਯਾਦਾ ਮਹੰਤਵਾਦ, ਸਾਧਵਾਧ, ਪਖੰਡ ਵਾਦ ਨੂੰ ਨਕਾਰਦੀ ਹੈ।

ਇਸ ਮਹੰਤਵਾਦ, ਸਾਧਵਾਧ ਦੇ ਸਮੇ ਹੀ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਹਿੰਦੂ ਦੇਵੀ ਦੇਵਤਿਆ ਦੀਆਂ ਪੱਥਰ ਦੀਆਂ ਮੂਰਤੀਆਂ ਆ ਗਈਆਂ ਸੀ ਕੇਵਲ ਸਿੰਘ ਸਭਾ ਲਹਿਰ ਦੇ ਸਿੰਘਾਂ ਨੇ ਹੀ ਵਿਰੋਧ ਕੀਤਾ ਸੀ ਉਸ ਵੇਲੇ ਕੋਈ ਸਾਧ ਸੰਪਰਦਾ ਭਾਲਿਆਂ ਵੀ ਨਹੀ ਸੀ ਲੱਭੀ। ਇਹ ਜ਼ਿਕਰ ਵਿਸਥਾਰ ਸਾਹਿਤ ਪਹਿਲੀਆਂ ਕਿਤਾਂਬਾਂ ਵਿਚ ਕਰ ਆਇਆ ਹਾਂ।

ਅੱਗੇ ਸਵਾਲ ਸੀ ਕਿ ਸਿੱਖ ਡੇਰਿਆਂ ਤੇ ਰਾਜਨੀਤੀ ਦਾ ਪ੍ਰਭਾਵ ਇਸਦਾ ਕੋਈ ਠੋਸ ਜਵਾਬ ਧੁੰਮਾਂ ਜੀ ਨਹੀ ਦੇ ਸਕੇ।

ਅੱਗੇ ਇਕ ਸਵਾਲ ਦੇ ਜਵਾਬ ਵਿਚ ਧੁੰਮਾ ਜੀ ਕਹਿੰਦੇ ਹਨ ਟਕਸਾਲ ਵਿਚ ਜਿਹੜੀ ਵਿਚਾਰਧਾਰਾ ਚੱਲ ਰਹੀ ਹੈ ਬਿਲਕੁੱਲ ਹੀ ਨਿਰੋਲ ਸਿੱਖੀ ਨੂੰ ਸਮਰਪਿਤ ਹੈ ਉਸ ਵਿਚ ਕੋਈ ਐਸੀ ਗੱਲ ਨਹੀ ਹੈ ਜਿਹੜੀ ਦੂਸਰੀ ਹੋਵੇ ਛੱਡਣ ਵਾਲੀ ਜਾਂ ਪਾਉਣ ਵਾਲੀ ਹੋਵੇ।

ਵਿਚਾਰ—ਪਰ ਪਹਿਲੀਆਂ ਕਿਤਾਬਾਂ ਵਿਚ ਪਾਠਕ ਪੜ੍ਹ ਆਏ ਹਨ ਕਿ ਟਕਸਾਲ ਵਿਚ ਕੋਈ ਵੀ ਗੱਲ ਨਿਰੋਲ ਸਿੱਖੀ ਨੂੰ ਸਮਰਪਿਤ ਨਹੀ ਹੈ ਗੁਰਮਤਿ ਸਿਧਾਂਤਾਂ ਦੀਆ ਧੱਜੀਆਂ ਜਿੰਨੀਆਂ ਟਕਸਾਲ ਨੇ ਉਡਾਈਆਂ ਹਨ ਹੋਰ ਕਿਸੇ ਨੇ ਵੀ ਨਹੀ ਉਡਾਈਆਂ। ਜਿੰਨਾ ਬਾਹਮਵਾਦ ਦਾ ਪ੍ਰਚਾਰ ਟਕਸਾਲ ਨੇ ਕੀਤਾ ਹੈ ਅਤੇ ਹੁਣ ਵੀ ਕਰ ਰਹੀ ਹੈ ਹੋਰ ਕਿਸੇ ਨੇ ਵੀ ਨਹੀ ਕੀਤਾ। ਅਸੀਂ ਮੀਡੀਆ ਵਿਚ ਜਾਂ ਕਿਤੇ ਵੀ ਬੈਠ ਕੇ ਧੁੰਮਾ ਜੀ ਨਾਲ ਇਸ ਸਬੰਧ ਵਿਚ ਵਿਚਾਰ ਕਰਨ ਵਾਸਤੇ ਤਿਆਰ ਹਾਂ। ਅਗਲੇ ਸਵਾਲ ਦੇ ਉਤਰ ਵਿ ਧੁੰਮਾ ਜੀ ਕਹਿੰਦੇ ਵਿਆਕਰਣ ਬੰਦੇ ਹੀ ਬਣਾਈ ਹੋਈ ਹੈ। ਜਿੰਨਾ ਨੂੰ ਟਕਸਾਲੀ ਸੰਤ ਕਹਿੰਦੇ ਹੋ ਇਹ ਵੀ ਬੰਦੇ ਹੀ

ਸੀ ਇਹਨਾ ਨੂੰ ਵਿਦਿਆ ਮਾਰਤੰਡ ਬ੍ਰਹਮਗਿਆਨ ਦਾ ਖਿਤਾਬ ਕਿਹੜੀ ਯੂਨੀਵਰਸਟੀ ਵਿਚੋਂ ਲੈ ਕੇ ਤੁਸੀ ਦਿੱਤਾ ? ਯਾਦ ਰੱਖੋ ਗੁਰਬਾਣੀ ਵਿਆਕਰਣ ਦੀ ਖਾਸ ਮਹੱਤਤਾ ਹੈ। ਜਿਹੜੇ ਵਿਆਕਰਣ ਨੂੰ ਮੰਨਦੇ ਸਮਝਦੇ ਨਹੀ ਹਨ ਉਹ ਕਦੇ ਵੀ ਸਹੀ ਅਰਥ ਨਾ ਕਰ ਸਕਦੇ ਹਨ ਅਤੇ ਨਾ ਹੀ ਗੁਰਮਤਿ ਆਸ਼ੇ ਨੂੰ ਕਦਦੇ ਸਮਝ ਸਕਦੇ ਹਨ ਟਕਸਾਲ ਨਾਲ ਐਸਾ ਹੀ ਹੋਇਆ ਹੈ। ਇਹ ਚਿੜੀਆਂ ਕਾਵਾਂ ਵਾਲੀਆਂ ਕਹਾਣੀਆਂ ਸੁਣਾ ਕੇ ਕਥਾ ਦਾ ਟਾਈਮ ਪੂਰਾ ਕਰਦੇ ਆ ਰਹੇ ਹਨ। ਵਿਸ਼ਥਾਰ ਵਾਸਤੇ ਪੜ੍ਹੋ ਪਹਿਲੇ ਦੋਵੇ ਭਾਗ 'ਸੰਤਾਂ ਦੇ ਕੌਤਕ'।

ਟਕਸਾਲ ਦਾ ਮੁਖੀ ੨੧ ਸਾਲ ਝੂਠ ਬੋਲਦਾ ਰਿਹਾ ਕਿ ਸੰਤ ਜਰਨੈਲ ਸਿੰਘ ਜਿੰਦਾ ਹੈ ਨਾਲ ਇਹ ਵੀ ਕਿਹਾ ਕਿ ਜਿਹੜਾ ਕਹੇਗਾ ਉਹ ਸ਼ਹੀਦ ਹੈ ਉਹਦੇ ਜ਼ਬਾਨ ਤੇ ਕੀੜੇ ਪੈ ਜਾਣਗੇ। ਪਰ ਹੁਣ ਟਕਸਾਲ ਨੇ ਖੁਦ ਕਹਿ ਦਿੱਤਾ ਸ਼ਹੀਦ ਹੁਣ ਉਹਨਾਂ ਕੀੜਿਆਂ ਦਾ ਕੀ ਬਣੇਗਾ। ਕਿਸੇ ਟਕਸਾਲੀ ਦਾ ਹੌਸਲਾ ਨਾ ਪਿਆ ਕਿ ਟਕਸਾਲੀ ਮੁਖੀ ਨੂੰ ਝੂਠ ਤੋਂ ਵਰਜੇ। ਇਥੇ ਬੜੇ ਅੰਦਾਜੇ ਆਪਣੇ ਆਪ ਹੀ ਲਾ ਲੈਣੇ ਚਾਹੀਦੇ ਹਨ ਵੱਡੇ ਵੱਡੇ ਬੁਲਾਰੇ ਵੀ ਮੂੰਹ ਇਕ ਲਫਜ ਨਾ ਕਹਿ ਸਕੇ ਕਿ ਆਪਾਂ ਇਹ ਝੂਠ ਨਾ ਬੋਲੀਏ। ਇਸੇ ਵਿਸ਼ੇ ਨਾਲ ਸਬੰਧਤ ਇਕ ਹੱਡ ਬੀਤੀ ਕਹਾਣੀ RT, ASI, ਗੁਲਜਾਰ ਸਿੰਘ ਵੱਲੋਂ ਪੇਸ਼ ਹੈ।

ਧਰਮਯੁਧ ਮੋਰਚਾ,
੧੩ ਅਪ੍ਰੈਲ ੧੯੭੮ ਤੋਂ ਜੂਨ ੧੯੮੪ ਦਾ ਅਖੀ ਡਿਠਾ ਹਾਲ ਹੈ। ਇਸਨੂੰ ੨੧ ਸਾਲਾ ਟਕਸਾਲੀ ਝੂਠ ਦਾ ਨਾਮ ਦਿਤਾ ਜਾ ਸਕਦਾ ਹੈ।

ਰੀਟਾਇਰ ਥਾਨੇਦਾਰ ਗੁਲਜਾਰ ਸਿੰਘ ਪਿੰਡ ਜੌੜਾ
ਪਿੰਡ ਜੌੜਾ (ਕੈਰੋਂ),
ਜਿਲ੍ਹਾ ਅੰਮ੍ਰਿਤਸਰ-੧੪੩੪੧੫
ਫੋਨ ੦੧੯੫੧-੨੨੬੬੬੩-੬੪, ਵਜੋ ਉਨ੍ਹਾਂ ਦੀ ਜੁਬਾਨੀ

ਦਾਸ ੯-੫-੭੨ ਨੂੰ ਮਹਿਕਮਾ ਪੁਲੀਸ ਵਿਚ ਸ਼ਾਮਲ ਹੋਇਆ ਤੇ ਵਿਸਾਖੀ ਸੰਨ ੧੯੭੮ ਨੂੰ ਨਿਰੰਕਾਰੀਆਂ ਤੇ ਪੁਲੀਸ ਵਲੋਂ ਸ਼ਹੀਦ ਹੋਏ ੧੩ ਸਿੰਘਾਂ ਦੀਆਂ ਲਾਸ਼ਾਂ ਨੂੰ ਅੱਖੀ ਵੇਖਣ ਦਾ ਮੌਕਾ ਮਿਲਿਆਂ। ਉਸ ਤੋਂ ਬਾਅਦ ਜਲੰਧਰ ਜਗ ਬਾਣੀ ਅਖਬਾਰ ਦੇ ਐਡੀਟਰ ਜਗਤ ਨਰਾਇਣ ਦੇ ਕਤਲ ਕੇਸ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਗ੍ਰਿਫਤਾਰੀ ਮੌਕੇ ਵੀ ਮੈਂ ਥਾਨਾਂ ਸੀ (ਡਵੀਜਨ ਗਿਲਵਾਲੀ) ਅੰਮ੍ਰਿਤਸਰ ਦੇ ਦਫਤਰ ਵਿਚ ਹੋਣ ਕਰਕੇ ਸਾਰੀ ਕਾਰਵਾਈ ਵਾਇਰਲੈਸ ਤੇ ਫੋਨ ਰਾਹੀ ਆਪਣੀ ਕੰਨੀ ਸੁਣੀ। ਧਰਮਯੁਧ ਮੋਰਚੇ ਵਿਚ ਸਰਦਾਰਨੀ ਬਾਦਲ ਦੇ ਗਿਰਫਤਾਰੀ ਜਥੇ ਦੇ ੩੪ ਸਿੰਘ ਤਰਨਤਾਰਨ ਰੇਲਵੇ ਫਾਟਕ ਵਿਚ ਹੋਈ ਬਸ ਰੇਲ ਟੱਕਰ ਸਮੇਂ ਸ਼ਹੀਦ ਹੋਵੇ ਵੀ ਮੁਰਦਾ ਘਾਟ ਵਿਚ ਅੱਖੀਂ ਦੇਖੇ। Police CRPF

ਤ BSF ਫੋਰਸਾਂ ਦੀਆਂ ਝੜਪਾਂ ਵੀ ਸਿੰਘਾਂ ਨਾਲ ਹੁੰਦੀਆਂ ਵੇਖੀਆਂ ਤੇ ਆਖਰੀ ੧ ਜੂਨ ਤੋਂ ੬ ਜੂਨ ਤਕ ਫੌਜ ਤੇ ਆਖਰੀ ਸੰਤ ਜਰਨੈਲ ਸਿੰਘ ਦੀ ਅਗਵਾਈ ਵਿਚ ਲੜਾਈ ਵੀ ਅੱਖੀ ਵੇਖੀ ਕਿਉਂਕਿ ਮੈ ਉਸੇ ਸਮੇ ਦਰਬਾਰ ਸਾਹਿਬ ਦੇ ਸਭ ਤੋਂ ਲਾਗਲੇ ਥਾਨੇ B.Divsion (ਸੁਲਤਾਨਵਿੰਡ) ASR ਤਾਇਨਾਤ ਸੀ । ਸੰਤ ਜਰਨੈਲ ਸਿੰਘ, ਭਾਈ ਅਮਰੀਕ ਸਿੰਘ ਤੇ ਬਾਬਾ ਠਾਹਰਾ ਸਿੰਘ ਦੇ ਸ਼ਹੀਦ ਹੋਏ ਸਰੀਰ ਵੀ Dead House Asr ਵਿਚ ਆਪਣੀ ਅੱਖੀਂ ਵੇਖੇ ਕਿਉਂਕਿ ਮਹਿਕਮਾ ਪੁਲੀਸ ਵਲੋਂ ਮੇਰੀ Duty ਦਰਬਾਰ ਸਾਹਿਬ ਅੰਦਰ ਸ਼ਹੀਦ ਹੋਇਆਂ ਸਰੀਰਾਂ ਦੇ ਪੋਸਟ ਮਾਰਟਮ ਲਈ ਕਰਨ ਲਗੀ ਸੀ । ਮੰਗਤੇ, ਆਮ ਜਨਤਾਂ, ਬੱਚੇ, ਬੁੱਢੇ, ਬੀਬੀਆਂ, ਬਜੁਰਗਾਂ ਤੇ ਨੌਜਵਾਨਾਂ ਦੀਆਂ ਲਾਸ਼ਾਂ ਦੇਖਕੇ ਬਹੁਤ ਦੁੱਖ ਹੋਇਆ ਜੋ ਕਿ ਸੈਂਕੜਿਆਂ ਦੀ ਗਿਣਤੀ ਵਿਚ ਢੇਰਾਂ ਦੇ ਢੇਰ ਸਨ ਤੇ ਇਵੇਂ ਹੇਠ ਉਤੇ ਮੁਰਦਾ ਸਰੀਰ ਪਏ ਸਨ ਜਿਵੇਂ ਸਟੋਰਾਂ ਵਿਚ ਹੇਠ ਉਤੇ ਬੇਤਰਤੀਬ ਬੋਰੀਆਂ ਪਈਆਂ ਹੁੰਦੀਆਂ ਹਨ। ਉਨ੍ਹਾਂ ਦੀ ਹਾਲਤ ਬਹੁਤ ਭਿਆਨਕ ਸੀ । ਲਾਸ਼ਾਂ ਗਲੀਆਂ ਸੜੀਆਂ ਤੇ ਫੁੱਲੀਆਂ ਹੋਣ ਕਾਰਨ ਬਹੁਤ ਬਦਬੋ ਚਾਰ ਚੁਫੇਰੇ ਆ ਰਹੀ ਸੀ । ਇਹ ਸਾਰਾਂ ਸੀਨ ਵੇਖਕੇ ਤੇ ਫੌਜ ਦੀਆਂ ਜਿਆਦਤੀਆਂ ਸੁਣ ਦੇਖਕੇ ਦਿਲ ਬਹੁਤ ਦੁਖੀ ਹੋਇਆ ਤੇ ਪੁਲੀਸ ਦੀ ਨੌਕਰੀ ਛਡ ਦੇਣ ਦਾ ਫੈਸਲਾ ਕਰ ਲਿਆਂ ਤੇ ਕਰਫੀਊ ਦੌਰਾਨ ਹੀ ਵਰਦੀ ਪਾਕੇ ਆਪਣੀ ਸਕੂਟਰੀ ਲੈ ਕੇ ਘਰ ਆ ਗਿਆ । ਮੇਰਾ ਬਾਪ ਜੋ ਕਿ ਧਾਰਮਿਕ ਖਿਆਲਾ ਦਾ ਸੀ ਤੇ ਮੋਰਚੇ ਦੌਰਾਨ ਜਥਾ ਲੈ ਕੇ ਮਿਤੀ 9-3-83 ਨੂੰ ਜੇਲ੍ਹ ਵੀ ਗਿਆ ਸੀ ਤੇ ਵਡੇ ਚਾਚਾ ਜੀ ਡਾਕਟਰ ਅਜਾਇਬ ਸਿੰਘ ਜੋ ਸ੍ਰ: ਪਰਤਾਪ ਸਿੰਘ ਕੈਰੋਂ ਦੇ ਪੁਰਾਣੇ ਸਾਥੀ ਕਾਂਗਰਸੀ ਸਨ ਤੇ ਪਿੰਡ ਦੇ ਸਰਪੰਚ ਸਨ ਤੇ ਛੋਟੇ ਚਾਚਾ ਜੀ ਜੋ ਸਰਕਾਰੀ ਨੌਕਰੀ ਤੇ ਗਜਟਿਡ ਪੋਸਟ ਪਰ ਚੰਡੀਗੜ੍ਹ ਸਨ ਸਾਰਿਆਂ ਨੇ ਰਲਕੇ ਮੈਨੂੰ ਕਿਹਾ ਕਿ ਤੂੰ ਨੌਕਰੀ ਤੇ ਨਾ ਗਿਆ ਤਾਂ ਤੈਨੂੰ ਵੀ ਨਜਰਬੰਦ ਰਖਕੇ ਸਰਕਾਰ ਬਖਸੀਸ ਸਿੰਘ ਜੇੜਾ ਤੇਰੇ ਹੀ ਵੱਡੇ ਭਰਾ ਵਾਂਗ ਤੈਨੂੰ ਵੀ ਬਿਨਾਂ ਕਿਸੇ ਕੇਸ ਜੇਲ੍ਹ ਬੰਦ ਰਖ ਸਕਦੇ ਹਨ ਇਵੇਂ ਆਪਣੇ ਘਰੇਲੂ ਹਲਾਤ ਹੋਰ ਖਰਾਬ ਹੋ ਸਕਦੇ ਹਨ। ਸੋ ਹੁਣ ਤੂੰ ਨੌਕਰੀ ਤੇ ਚਲੇ ਜਾਹ ਬਾਦ ਵਿਚ ਭਾਵੇ ਛਡ ਦੇਵੀ। ਸੋ ਆਪਣੇ ਵਡੇਰਿਆਂ ਦਾ ਹੁਕਮ ਮੰਨਕੇ ਤੇ ਹਲਾਤ ਵੇਖਕੇ ਦੁਬਾਰਾ ਆਪਣੀ ਨੌਕਰੀ ਤੇ ਆ ਗਿਆ ਪਰ ਦਿਲ ਹਮੇਸ਼ਾਂ ਬੁਝਿਆਂ ਬੁਝਿਆਂ ਰਹਿੰਦਾ ਤੇ ਕੁਝ ਵੀ ਚੰਗਾਂ ਨਾ ਲਗਦਾ ਜੋ ਕੁਝ ਸਾਡੀ ਕੌਮ ਨਾਲ ਵਾਪਰਿਆਂ ਸੋ ਅਸਹਿ ਤੇ ਅਕਹਿ ਸੀ ।

ਉਸ ਸਮੇ ਦੇ ਜਥੇਦਾਰ ਅਕਾਲ ਤਖਤ ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਨੇ ਅਟੈਕ ਤੇ ਫੌਰਨ ਬਾਦ ਟੈਲੀਵੀਜਨ ਤੇ ਪਰੈਸ ਨੂੰ ਇਕ ਬਿਆਨ ਦਿਤਾ ਜਿਸ ਤੋਂ ਸਿੱਖ ਕੌਮ ਦੀ ਬਹੁਤਾਤ ਉਸਦੇ ਖਿਲਾਫ ਹੋ ਗਈ । ਬਾਅਦ ਵਿਚ ਉਸ ਉਤੇ ਖਾੜਕੂ ਲਹਿਰ ਦੌਰਾਨ ਲੁਧਿਆਣੇ ਨੇੜੇ ਕਾਤਲਾਨਾ ਹਮਲਾ ਵੀ ਹੋਇਆਂ ਉਸ ਤੋਂ ਫੌਰਨ ਬਾਅਦ ਮੇਰੀ Duty ਬਤੌਰ ਇੰਚਾਰਜ ਉਸ ਦੇ ਨਾਲ Protection ਲਗ ਗਈ। ਮੈ ਉਨ੍ਹਾਂ ਨਾਲ ਬਗੈਰ ਝਕ ਖੁਲ੍ਹੇ ਦਿਲ ਨਾਲ ਕੌਮ ਦੇ ਹਾਲਾਤਾਂ ਬਾਰੇ ਵਿਚਾਰਾ

ਕਰਦਾ ਸੁਣਦਾ ਰਹਿੰਦਾ ਸੀ ਕਿਉਂਕਿ ਉਹ ਮੇਰਾ ਬਹੁਤ ਸਤਿਕਾਰ ਕਰਦੇ ਸਨ। ਕਈ ਵਿਦਿਵਾਨ ਤੇ ਕੌਮ ਦਾ ਦਰਦ ਰੱਖਣ ਵਾਲੇ ਗੁਰਸਿੱਖ ਉਨਾ ਕੋਲ ਆਉਂਦੇ ਜਾਂਦੇ ਰਹਿੰਦੇ ਸਨ ਤੇ ਕਈ ਸਿੱਖ ਉਨਾ ਨੂੰ ਪੁਛਦੇ ਕਿ ਤੁਸਾਂ TV ਬਿਆਨ ਗਲਤ ਦਿਤਾ ਹੈ ਤੇ ਫੌਜ ਦੇ ਪਰੈਸ਼ਰ ਵਿਚ ਆਕੇ ਦਿਤਾ ਹੈ। ਪਰ ਸਿੰਘ ਸਾਹਿਬ ਕਹਿੰਦੇ ਕਿ "ਮੈਨੂੰ ਕਿਸੇ ਦਾ ਕੋਈ ਪਰੈਸ਼ਰ ਨਹੀ ਸੀ ਤੇ ਮੈ ਬਿਆਨ ਠੀਕ ਦਿਤਾ ਹੈ ਕਿਉਂਕਿ ਮੈਨੂੰ Attack ਦੁਰਾਨ ਸੁਝਿਆਂ ਕਿ ਮਾਝੇ, ਮਾਲਵੇ ਦੁਆਬੇ ਵੱਲੋ ਬਹੁਤ ਲੋਕ ਪੈਦਲ ਹੀ ਫੌਜ ਤੋ ਲੁਕ ਛੁਪਕੇ ਅੰਮ੍ਰਿਤਸਰ ਵਲ ਆ ਰਹੇ ਹਨ ਤੇ ਫੌਜ ਨਾਕਿਆਂ ਉਪਰ, ਚਾਟੀਵਿੰਡ ਨਹਿਰ ਪੁਲ, ਸੁਲਤਾਨਵਿੰਡ ਨਹਿਰ ਪੁਲ, ਗੁਮਟਾਲਾ ਨਾਲਾ ਪੁਲ ਉਪਰ ਧੜਾਂਧੜ ਅੰਨੇਵਾਹ ਉਨਾਂ ਲੋਕਾਂ ਨੂੰ ਪਿੱਛਾ ਕਰਕੇ ਕਤਲ ਕਰੀ ਜਾ ਰਹੀ ਹੈ। ਮੈਂ ਆਪਣੀ ਕੋਠੀ ਵਿਚ ਹੀ ਬਰੇਨ ਗੰਨਾ ਦੇ ਫਾਇਰ ਨਾਕਿਆਂ ਉਪਰ ਹੁੰਦੇ ਸੁਣੇ ਸਨ ਕੀ ਉਸ ਟਾਇਮ ਮੈਂ ਆਪਣੇ ਹੀ ਸਿਖ ਭੈਚਾਂ ਭਰਾਵਾਂ ਨੂੰ (ਕੌਮ) ਨੂੰ ਇਹ ਕਹਿੰਦਾ ਕਿ ਅੰਮ੍ਰਿਤਸਰ ਵਲ ਆਈ ਚਲੋਂ ਤੇ ਫੌਜ ਹੱਥੋ ਮਰਦੇ ਚਲੋ। ਨੁਕਸਾਨ ਤਾਂ ਪਹਿਲਾਂ ਵੀ ਬਹੁਤ ਹੋ ਚੁਕਾ ਹੈ ਤੇ ਕੋਠਾ ਸਾਹਿਬ ਸ੍ਰੀ ਅਕਾਲ ਤਖਤ ਸਾਹਿਬ ਤੋਂ ਵੀ ਪੁਰਾਣਾ ਤੇ ਇਤਿਹਾਸਕ ਥਾਂ ਹੈ ਤੇ ਉਸਨੂੰ ਕੋਈ ਨੁਕਸਾਨ ਵੀ ਨਹੀ ਹੋਇਆਂ।

ਮੈ ਸੰਤ ਜਰਨੈਲ ਸਿੰਘ ਦੀ ਸਹੀਦੀ ਬਾਰੇ ਜੋ ਮੈ ਅੱਖੀ ਵੇਖੀ ਸੀ ਸਭ ਕੁਝ ਸਿੰਘ ਸਾਹਿਬ ਨੂੰ ਦਸਿਆਂ ਤਾਂ ਉਨਾਂ ਕਿਹਾ ਕਿ ਭਾਵੇਂ ਤੂੰ ਜਰਨੈਲ ਸਿੰਘ ਨੂੰ ਸਹੀਦ ਹੋਇਆਂ ਅੱਖੀ ਵੇਖਿਆ ਤੇ ਸਰਕਾਰ ਵੀ ਉਸਦੀ ਸਹੀਦੀ ਨੂੰ ਮੰਨਦੀ ਹੈ ਪਰ ਸੰਤਾ ਦਾ ਪ੍ਰਵਾਰ, ਦਮਦਮੀ ਟਕਸਾਲ ਤੇ ਉਨਾਂ ਨਾਲ ਸਬੰਧਤ ਕੁਝ ਲੋਕ ਹੀ ਸੰਤਾ ਦੀ ਸਹੀਦੀ ਨੂੰ ਮੰਨਣ ਲਈ ਤਿਆਰ ਨਹੀ। ਇਸ ਵਾਸਤੇ ਆਪਾਂ ਵੀ ਅਜੇ ਇਸ ਬਾਰੇ ਕੁਝ ਵੀ ਨਹੀ ਕਰ ਸਕਦੇ ਬਾਅਦ ਵਿਚ ਮੈ ਉਨਾਂ ਨਾਲ ਗਲ ਕੀਤੀ ਕਿ ਮੇਰੇ ਪਿਤਾ ਜੀ ਨੇ ਜੋ ਕਿ ਨਿਹੰਗ ਸਿੰਘ ਸਨ ਨੇ ਮੈਨੂੰ ਜਨਮ ਸਮੇ ਗੁੜਤੀ ਹੀ ਅੰਮ੍ਰਿਤ ਤਿਆਰ ਕਰਕੇ ਦਿਤੀ ਸੀ ਤੇ ਹੁਣ ਮੇਰਾ ਦਿਲ ਅਸਲ ਵਿਚ ਹੀ ਅੰਮ੍ਰਿਤ ਛਕ ਲੈਣ ਨੂੰ ਕਰਦਾ ਹੈ। ਉਨ੍ਹਾ ਰਾਇ ਦਿਤੀ ਕਿ ਤੂੰ ਅੰਮ੍ਰਿਤ ਛਕ ਲੈ ਪਰ ਅੰਮ੍ਰਿਤ ਛਕ ਕੇ ਪੂਰੀ ਰਹਿਤ ਰਖਣੀ ਤੇ ਮਹਿਕਮੇ ਪ੍ਰਤੀ ਵੀ ਪੂਰੀ ਵਫਾਦਾਰੀ ਰਖਣੀ, ਗਦਾਰੀ ਨਹੀ ਕਰਨੀ ਤੇ ਕੌਮ ਪ੍ਰਤੀ ਵੀ ਵਫਾਦਾਰ ਰਹਿਣਾ ਭਾਵ ਮਹਿਕਮੇ ਦੀ ਗਲ ਓਧਰ ਨਹੀਂ ਕਰਨੀ ਤੇ ਕੌਮ ਦੀ ਕੋਈ ਗੱਲ ਇਧਰ ਨਹੀ ਕਰਨੀ। ਦੋਹਾਂ ਨੂੰ ਘਰ ਵਾਲੀ ਤੇ ਮਾਂ ਵਾਂਗੂ ਥਾ-ਪਰ-ਥਾ ਰੱਖਣਾ। ਸੋ ਮੈ ਮਿਤੀ 27-2-85 ਨੂੰ ਸੀ ਸ੍ਰੀ ਅਕਾਲ ਤਖਤ ਸਾਹਿਬ ਤੋਂ ਅੰਮ੍ਰਿਤ ਛਕ ਕੇ ਤਿਆਰ ਬਰ-ਤਿਆਰ ਸਿੰਘ ਸਜ ਗਿਆ ਦੋਵੇ ਵੇਲੇ ਨਿਤਨੇਮ ਕਰਨਾ ਸ਼ੁਰੂ ਕਰ ਦਿੱਤਾ। ਹੋਰ ਸੰਗਤ ਵੀ ਹੋ ਜਾਣੀ ਤੇ ਡੀਊਟੀ ਵੀ ਪੂਰੀ ਈਮਾਨਦਾਰੀ ਨਾਲ ਕਰਨੀ ਪਰ ਦਿਲੋਂ ਦੁਖ ਹੀ ਰਿਹਾ ਕਿ ਕੌਮ ਨਾਲ ਐਡਾ ਵੱਡਾ ਦੁਖਾਂਤ ਵਾਪਰਿਆਂ, ਜਰਨੈਲ ਸਿੰਘ ਨੂੰ ਸ਼ਹੀਦ ਹੋਇਆਂ ਮੈ ਆਪਣੀ ਅੱਖੀ ਵੇਖਿਆਂ ਹੈ ਪਰ ਉਸ ਨੂੰ ਸ਼ਹੀਦਾਂ ਦੀ ਸ੍ਰੇਣੀ ਵਿਚ ਨਹੀ ਲਿਆਂਦਾ ਜਾ ਰਿਹਾ। ਉਸੇ ਸਮੇ 20 ਅਗਸਤ 1985 ਨੂੰ ਮੋਰਚੇ ਦੇ ਦੂਜੇ ਆਗੂ ਹਰਚੰਦ ਸਿੰਘ ਲੌਂਗੋਵਾਲ

ਨੂੰ ਵੀ ਮਾਰ ਦਿੱਤਾ ਗਿਆ ਉਸ ਦੇ ਸਸਕਾਰ ਸਮੇ ਵੀ ਮੈ ਜਥੇਦਾਰ ਅਕਾਲ ਤਖਤ ਦੇ ਨਾਲ ਹੀ ਲੌਂਗੋਵਾਲ ਗਿਆ। ਇਵੇਂ ਸਿਖਾਂ ਦੇ ਧਰਮ ਯੁਧ ਮੋਰਚੇ ਸਬੰਧਤ ਦੋਵੇ ਆਗੂਆ ਦੀਆ ਲਾਸ਼ਾਂ ਮੈਨੂੰ ਆਪਣੀ ਅੱਖੀ ਵੇਖਣ ਦਾ ਮੌਕਾ ਮਿਲਿਆ। ਬਰਨਾਲਾ ਵਜਾਰਤ ਦੇ ਸਮੇ ਲੌਂਗੋਵਾਲ ਨੂੰ ਸ਼ਹੀਦ ਮੰਨ ਲਿਆ ਗਿਆ ਤੇ ਬਰਨਾਲਾ ਵਜਾਰਤ ਦੇ ਸਮੇ ਲੌਂਗੋਵਾਲ ਦੇ ਨਾਮ ਤੇ ਇਕ ਕਾਲਜ ਵੀ ਖੋਹਲਿਆਂ ਗਿਆ ਪਰ ਜਰਨੈਲ ਸਿੰਘ ਨੂੰ ਸ਼ਹੀਦ ਹੀ ਨਹੀ ਮੰਨਿਆਂ ਜਾ ਰਿਹਾ। ਮੈ ਮਹਿਕਮਾ ਪੁਲੀਸ ਵਿਚ ਹੋਣ ਕਰਕੇ ਨਾ ਹੀ ਕੁਝ ਕਰ ਸਕਦਾ ਸੀ ਤੇ ਨਾ ਹੀ ਕਿਸੇ ਨੂੰ ਕੁਝ ਦਸ ਸਕਦਾ ਸਾ। ਇਸ ਗਲ ਦਾ ਮੈਨੂੰ ਬਹੁਤ ਦੁਖ ਰਹਿੰਦਾ ਰਿਹਾ ਮੈਂ ਅਕਸਰ ਸੋਚਦਾ ਰਹਿੰਦਾ ਕਿ ਮੈਂ ਵੀ ਮਰਨਾ ਅਗਲੀ ਦਰਗਾਹ ਵਿਚ ਮੈਨੂੰ ਪੁਛਿਆਂ ਵੀ ਜਾਵੇਗਾ ਕਿ ਤੂੰ ਐਡੀ ਵੱਡੀ ਘਟਨਾ ਨੂੰ ਲੋਕਾਂ ਪਾਸੋਂ ਲੁਕਾ ਕੇ ਕਿਉ ਰਖਿਆਂ। ਅਖਰਕਾਰ ਮੈ ੩੦-੬-੧੯੯੮ ਨੂੰ ਅਪਣੀ ਪੁਲੀਸ ਥਾਨੇਦਾਰੀ ਦੀ ਨੌਕਰੀ ਵਿਚੇ ਹੀ ਛਡਕੇ, ੯ ਸਾਲ ਪਹਿਲਾਂ ਹੀ ਪੈਨਸ਼ਨ ਲੈਕੇ ਪੁਲੀਸ ਮਹਿਕਮਾ ਛਡਕੇ ਅਜਾਦ ਹੋ ਗਿਆ।

ਹੁਣ ਮੇਰੇ ਸਾਹਮਣੇ ਇਹ ਬੜਾ ਵੱਡਾ ਸੁਆਲ ਸੀ ਕਿ ਜੋ ਮੈ ਅੱਖੀਂ ਵੇਖਿਆਂ ਹੈ ਉਸ ਬਾਰੇ ਸਾਰੀ ਦੁਨੀਆਂ ਦੇ ਲੋਕਾਂ ਨੂੰ ਜਾਣਕਾਰੀ ਦੇਵਾਂ ਸੋ ਮੈ ਜਥੇਦਾਰ ਅਕਾਲ ਤਖਤ ਸਿੰਘ ਸਾਹਿਬ ਗਿਆਨੀ ਪੂਰਨ ਸਿੰਘ ਨਾਲ ਉਨਾ ਦੇ ਘਰ ਜਾਕੇ ਸ਼ਹੀਦੀ ਬਾਰੇ ਗਲ ਕੀਤੀ ਤਾਂ ਉਨਾਂ ਕਿਹਾ ਕਿ ਕੌਮ ਵਿਚ ਪਹਿਲਾਂ ਹੀ ਕਾਫੀ ਝਗੜੇ ਪਏ ਹੋਏ ਹਨ ਤੇ ਤੇਰੇ ਕਹਿਣ ਨਾਲ ਇਕ ਹੋਰ ਅੜਿਕਾ ਖੜਾ ਹੋ ਜਾਊ। ਅਤੇ ਤੂੰ ਕੀ ਲੈਣਾਂ ਹੈ ਇਸ ਗਲ ਵਿਚੋਂ ? ਬਾਅਦ ਵਿਚ ਮੈ ਕੁਝ ਜਥੇਬੰਦੀਆਂ ਦੇ ਵੀਰਾਂ ਨਾਲ ਇਹ ਗਲ ਛੇੜੀ ਤਾ ਜਥੇਦਾਰ ਮੌਜੂਦਾ ਵੇਦਾਤੀ ਸਾਹਿਬ ਨਾਲ ਵੀ ਗਲ ਹੋਈ ਤਾਂ ਵੇਦਾਤੀ ਨੇ ਕਿਹਾ ਕਿ ਸੱਚ ਤਾ ਇਹੋ ਹੀ ਹੈ ਜੋ ਤੂੰ ਕਹਿ ਰਿਹਾ ਹੈ ਪਰ ਪਹਿਲਾਂ ਭਿੰਡਰਾਂਵਾਲੇ ਦੇ ਪ੍ਰਵਾਰ ਨੂੰ ਮਨਾਉ, ਫਿਰ ਟਕਸਾਲ ਦਾ ਮੁਖੀ ਬਾਬਾ ਠਾਕੁਰ ਸਿੰਘ ਮੰਨੇ ਤਾਂ ਹੀ ਮੈ ਸ਼ਹੀਦੀ ਬਾਰੇ ਕਹਿ ਸਕਦਾ ਹਾਂ। ਖੈਰ ਉਸਨੇ ਉਸ ਸਮੇਂ ਦੇ S.G.P.C ਦੇ ਪ੍ਰਧਾਨ ਜਗਦੇਵ ਸਿੰਘ ਤਲਵੰਡੀ ਤਕ ਗਲ ਪਹੁੰਚਾਈ ਪਰ ਤਲਵੰਡੀ ਨੇ ਪਰੈਸ ਨੂੰ ਬਿਆਨ ਦੇ ਦਿਤਾ ਕਿ ਸ਼੍ਰੋਮਣੀ ਕਮੇਟੀ ਤਾਂ ਪਹਿਲਾ ਹੀ ਸ਼ਹੀਦ ਮੰਨਦੀ ਹੈ ਪਰ ਦੂਜੇ ਦੋਵੇ ਧਿਰ ਸ਼ਹੀਦ ਨਹੀ ਮੰਨਦੇ। ਸੋ ਸਾਨੂੰ ਕੀ ਲੋੜ ਹੈ ਉਨ੍ਹਾਂ ਦੀ ਗਲ ਵਿਚ ਦਖਲ ਦੇਈਏ। ਬਸ ਗਲ ਫਿਰ ਇਥੇ ਠੱਪੀ ਗਈ।

ਮੈ ਸੋਚ ਸੋਚ ਕੇ ਇਕੱਲੇ ਹੀ ਟਕਸਾਲ ਦੇ ਕੁਝ ਜੁਮੇਵਾਰਾਂ ਨਾਲ ਗਲ ਚਲਾਈ ਪਰ ਉਨ੍ਹਾ ਕਿਹਾ ਕਿ ਬਾਬਾ ਠਾਕੁਰ ਸਿੰਘ (ਇਹ ਬੁੱਢਾ) ਨਹੀ ਮੰਨਦਾ। ਅਸੀਂ ਤਾਂ ਜਰਨੈਲ ਸਿੰਘ ਨੂੰ ਸ਼ਹੀਦ ਮੰਨਦੇ ਹਾਂ। ਪਰ ਜਿਤਨਾਂ ਚਿਰ ਇਹ ਨਹੀ ਮੰਨਦਾ ਸਾਡੇ ਕਹਿਣ ਦੀ ਕੋਈ ਕੀਮਤ ਨਹੀ ਹੈ। ਉਨ੍ਹਾਂ ਰਾਇ ਦਿਤੀ ਕਿ ਪਹਿਲਾ ਤੁਸੀ ਹੀ ਸੰਤ ਜਰਨੈਲ ਸਿੰਘ ਦੇ ਲੜਕੇ ਈਸ਼ਰ ਸਿੰਘ ਨੂੰ ਮਾਨਵੋ। ਸੋ ਮੈ ਮਿਤੀ 4/5-11/2000 ਨੂੰ ਜਦ 27 ਵਾ ਸਰਬ ਹਿੰਦ ਸਲਾਨਾਂ ਸੁਖਮਨੀ ਸਾਹਿਬ ਸਮਾਗਮ ਜਲੰਧਰ ਹੋ ਰਿਹਾ ਸੀ। ਰਾਤ ਦੇ ਕਰੀਬ ੭ ਵਜੇ ਸੰਤਾ ਦੇ ਲੜਕੇ ਦੇ ਘਰ ਵਡਾਲਾ

ਚੌਂਕ ਜਲੰਧਰ ਇਕਲਾ ਹੀ ਪਹੁੰਚ ਗਿਆਂ ਤੇ ਉਸ ਨਾਲ ਗਲਬਾਤ ਇਉਂ ਛੇੜੀ :- ਮੇਰੇ ਛੋਟੇ ਵੀਰ ਈਸਰ ਸਿੰਘ ਜੀ, ਮੇਰਾ ਨਾਮ ਗੁਲਜਾਰ ਸਿੰਘ ਪਿੰਡ ਜੋੜਾ ਜਿਲਾ ਅੰਮ੍ਰਿਤਸਰ ਹੈ ਤੇ ਮੈਂ ਥਾਨੇਦਾਰ ਰੀਟਾਇਰ ਹਾਂ ਤੇ ਮੇਰੇ ਨਾਲ ਹੋਰ ਕੋਈ ਵੀ ਆਦਮੀ ਨਹੀ ਹੈ ਤੇ ਨਾਂ ਹੀ ਮੈ ਕਿਸੇ ਏਜੰਸੀ ਦਾ ਬੰਦਾ ਹਾਂ। ਮੈ ਤੁਹਾਡੇ ਪਿਤਾ ਜਰਨੈਲ ਸਿੰਘ ਨੂੰ ਅਟੈਕ ਸਮੇਂ ਸਹੀਦ ਹੋਇਆਂ ਆਪਣੀ ਅੱਖੀਂ ਵੇਖਿਆਂ ਹੈ ਪਰ ਤੁਸੀ ਕਿਉ ਨਹੀ ਮੰਨਦੇ ?

ਈਸਰ ਸਿੰਘ ਵਲੋ ਜੁਆਬ:-ਮੈਂ ਤਾਂ ਜੀ ਉਸ ਸਮੇ 9 ਸਾਲ ਦਾ ਸੀ ਤੇ ਛੋਟਾ 7 ਸਾਲ ਦਾ ਸੀ ਸਾਨੂੰ ਤੇ ਕਿਸੇ ਹਲਾਤ ਦਾ ਪਤਾ ਨਹੀ ਅਸੀਂ ਕਿਵੇ ਮੰਨ ਜਾਈਏ ?

ਮੇਰੇ ਵੱਲੋ:-ਤੁਸੀ ਸਿਖ ਦੇ ਪੁੱਤ ਹੋ ਤੇ ਵਿਆਹੇ ਵਰੇ ਹੋ ਹੁਣ ਤੁਹਾਡੇ ਬੱਚੇ ਵੀ ਹਨ ਤੇ ਆਹ ਤੁਹਾਡੀ ਮਾਤਾ ਪ੍ਰੀਤਮ ਕੌਰ ਹੈ ਕੀ ਇਸਨੂੰ ਤੁਸਾ ਪੁਛਿਆਂ ਨਹੀ ਕਿ ਸਾਡੇ ਪਿਤਾ ਜੀ ਕਿਥੇ ਹਨ ਹੋਰ ਤੁਹਾਡਾ ਚਚੇਰਾ ਭਰਾ ਜਸਬੀਰ ਸਿੰਘ ਰੋਡੇ ਜਥੇਦਾਰ ਅਕਾਲ ਤਖਤ ਰਹਿ ਚੁਕਾ ਤਾਂ ਦਾਦਾ ਜੁਗਿੰਦਰ ਸਿੰਘ S.G.P.C ਦਾ ਪ੍ਰਧਾਨ ਤੇ ਤਾਇਆ ਕੈਪਟਨ ਹਰਚਰਨ ਸਿੰਘ ਜਰਨਲ ਸਕੱਤਰ ਭਾਵ ਤੁਹਾਡੇ ਪ੍ਰੀਵਾਰ ਦੇ ਮੈਬਰ S.G.P.C ਵਿਚ ਅਹਿਮ ਪੋਸਟਾ ਪਰ ਰਹਿ ਚੁਕੇ ਹਨ ਕੀ ਤੁਸਾਂ ਉਨਾਂ ਨੂੰ ਵੀ ਨਹੀ ਪੁਛਿਆਂ ਕਿ ਸਾਡੇ ਪਿਤਾ ਜੀ ਕਿਥੇ ਹਨ ਇਸ ਪਰ ਈਸਰ ਸਿੰਘ ਚੁੱਪ।

ਈਸਰ ਸਿੰਘ:-ਜੇਕਰ ਉਹ 1984 ਵੇਲੇ ਸ਼ਹੀਦ ਹੋ ਚੁਕੇ ਹੋਣ ਤਾਂ ਉਨਾ ਦੀ ਪੋਸਟਮਾਰਟਮ ਰੀਪੋਟ ਉਪਰ ਸਾਡੇ ਪ੍ਰੀਵਾਰ ਦੇ ਕਿਸੇ ਮੈਬਰ ਦੇ ਸਨਾਖਤੀ ਦਸਤਖ਼ਤ ਚਾਹੀਦੇ ਸਨ ਪਰ ਉਹ ਨਹੀ ਹਨ।

ਮੇਰੇ ਵਲੋ:-ਮੈ 8-10 ਲਾਸ਼ਾਂ ਦਾ ਪੋਸਟ ਮਾਰਟਮ ਭਾਵ ਪੁਲੀਸ ਦੀ ਕਾਰਵਾਈ ਕੀਤੀ ਸੀ ਕਿਸੇ ਵੀ ਰੀਪੋਟ ਪਰ ਸਾਨੂੰ ਐਡਟੀਫੀਕੇਸਨ ਲਿਖਣ ਦਾ ਹੁਕਮ ਅਫਸਰਾਂ ਵਲੋ ਨਹੀ ਸੀ ਤੇ ਨਾ ਹੀ ਕੋਈ ਵਿਅਕਤੀ ਸਨਾਖਤ ਲਈ ਆਇਆ। ਪਰ ਤੇਰੇ ਬਾਪ ਦੀ ਪੋਸਟ ਮਾਰਟਮ ਰੀਪੋਟ ਉਪਰ ਤੇਰੇ ਚਾਚਾ ਜਗਜੀਤ ਸਿੰਘ ਦੇ ਦਸਤਖ਼ਤ ਹਨ ਜੋ ਕਿ ਉਸ ਵੇਲੇ ਫੌਜ ਵਿਚ ਸੀ ਤੇ ਫੌਜ ਹੀ ਉਸ ਨੂੰ ਲੈ ਕੇ ਆਈ ਇਸ ਪਰ ਵੀ ਈਸਰ ਸਿੰਘ ਚੁੱਪ। ਜੇਕਰ ਸਾਡਾ ਪਿਤਾ ਜੀ ਸ਼ਹੀਦ ਹੋ ਚੁੱਕੇ ਹਨ ਤਾਂ ਉਹਨਾਂ ਦਾ ਪਸਤੋਲ ਅਤੇ ਤੀਰ ਗੋਰਮਿੰਟ ਸਾਨੂੰ ਦੇ ਦੇਂਦੀ ?

ਜੁਆਬ:-ਅਟੈਕ ਦੁਰਾਨ ਫੜੇ ਗਏ ਕੋਈ ਵੀ ਹਥਿਆਰ ਫੌਜ ਨੇ ਵਾਪਸ ਨਹੀ ਕੀਤੇ ਤੇ ਨਾ ਹੀ ਕਰਦੀ ਹੁੰਦੀ ਹੈ। ਤੇਰਾ ਬਾਪ ਤਾਂ ਉਨਾ ਵਾਸਤੇ ਬਾਗੀ ਸੀ ਤੇ ਲੜਾਈ ਦਾ ਸਭ ਤੋ ਵਡਾਂ ਜਰਨੈਲ ਸੀ ਉਸਦੇ ਹਥਿਆਰ ਉਹ ਕਿਉ ਵਾਪਸ ਕਰਦੇ। ਨਾਲੇ ਤੂੰ ਕਦੇ ਕਿਸੇ ਅਦਾਲਤ ਜਾਂ ਅਫਸਰ ਪਾਸੋਂ ਉਨਾ ਦੇ ਹਥਿਆਰਾਂ ਦੀ ਡੀਮਾਂਡ ਕੀਤੀ ਹੈ। ਇਸ ਸਆਲ ਦਾ ਵੀ ਈਸਰ ਸਿੰਘ ਨੇ ਕੋਈ ਉਤਰ ਨਾ ਦਿਤਾ।

ਸੁਆਲ:-ਬਾਬਾ ਠਾਕੁਰ ਸਿੰਘ ਬ੍ਰਹਮ ਗਿਆਨੀ ਹੈ ਉਹ ਨਹੀ ਮੰਨਦੇ ?

ਜੁਆਬ:- ਬਾਬਾ ਠਾਕੁਰ ਸਿੰਘ ਕਿਧਰ ਦਾ ਬ੍ਰਹਮ ਗਿਆਨੀ ਹੈ। ਉਨਾਂ ਦੀ

ਕੌਮ ਨੂੰ ਕੀ ਦੇਣ ਹੈ ? ਉਹ ਸਚ ਨੂੰ ਝੂਠ ਬੋਲੀ ਜਾਂਦੇ ਹਨ। ਬ੍ਰਹਮ ਗਿਆਨੀ ਦੇ ਲਛਣ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿਖੇ ਹਨ। ਦਸੋ ਕੀ ਲਛਣ ਹੁੰਦੇ ਹਨ? ਇਸ ਪਰ ਵੀ ਉਹ ਚੁੱਪ।

ਪੰਜਵਾਂ ਸੁਆਲ:-ਤੁਸੀ ਬਾਬਾ ਠਾਕੁਰ ਸਿੰਘ ਨੂੰ ਮਨਾਉ ?

ਮੇਰੇ ਵੱਲੋਂ ਜੁਆਬ:-ਬਾਬੇ ਠਾਕੁਰ ਸਿੰਘ ਨੂੰ ਮਨਾਉਣ ਵਾਲੀ ਬਾਅਦ ਗੱਲ ਦੀ ਹੈ ਉਹ ਮੰਨੇ ਜਾਂ ਨਾ ਮੰਨੇ ਪਰ ਇਸ ਟਾਈਮ ਮੇਰੀ ਗਲ ਤੇਰੇ ਨਾਲ ਹੋ ਰਹੀ ਹੈ ਤੇ ਤੂੰ ਕੋਈ ਹੋਰ ਸੁਆਲ ਕਰਨਾ ਹੈ ਤਾਂ ਕਰ ਲੈ ?

ਉਸ ਵਲੋਂ:-ਨਹੀ ਜੀ ਮੈ ਕੋਈ ਸਆਲ ਨਹੀ ਕਰਨਾ ਤੁਸੀ ਬਾਬਾ ਠਾਕੁਰ ਸਿੰਘ ਨੂੰ ਮਨਾਉ। ਮੈ ਕਿਹਾ ਉਸ ਨੂੰ ਮਨਾਉਣ ਦੀ ਕੋਸ਼ਿਸ਼ ਕਰਾਗਾਂ ਪਰ ਤੂੰ ਅਜ ਤੋਂ ਬਾਅਦ ਪਰੈਸ ਨੂੰ ਸੰਤ ਜੀਉਂਦੇ ਹੋਣ ਬਾਰੇ ਕੋਈ ਬਿਆਨ ਨਾ ਦੇਵੀ। ਜੇਕਰ ਤੂੰ ਬਿਆਨ ਦਿੱਤਾ ਤਾ ਮੈਨੂੰ ਵੀ ਅਜ ਵਾਲੀ ਤੇਰੀ ਮੇਰੀ ਗੱਲ ਸਾਰੀ ਪਰੈਸ ਨੂੰ ਦੇਣੀ ਪਵੇਗੀ। ਸੋ ਗੱਲ ਈਸ਼ਰ ਸਿੰਘ ਨੇ ਉਸ ਦਿਨ ਤੋਂ ਬਾਅਦ ਪਰੈਸ਼ ਨੂੰ ਕੋਈ ਬਿਆਨ ਨਹੀ ਦਿਤਾ।

ਉਸ ਤੋਂ ਬਾਅਦ ਮੈਂ ਅੰਮ੍ਰਿਤਸਰ ਆਕੇ ਕੁਝ ਵੀਰਾਂ ਨਾਲ ਗੱਲ ਕੀਤੀ ਤੇ ਕੁਝ ਸਮੇਂ ਬਾਅਦ ਕੁਝ ਜਥੇਬੰਦੀਆਂ ਦੇ ਵੀਰ ਈਸ਼ਰ ਸਿੰਘ ਨੂੰ ਤੇ ਸੰਤ ਜਰਨੈਲ ਸਿੰਘ ਦੀ ਘਰ ਵਾਲੀ ਬੀਬੀ ਪ੍ਰੀਤਮ ਕੌਰ ਨੂੰ ਅੰਮ੍ਰਿਤਸਰ ਲਿਆਕੇ ਪਰੈਸ ਨੂੰ ਬਿਆਨ ਦਵਾਇਆ ਕਿ ਅਗਰ 5 ਤਖਤਾਂ ਦੇ ਸਿੰਘ ਸਾਹਿਬਾਨ ਉਨ੍ਹਾਂ ਦੀ ਸ਼ਹੀਦੀ ਬਾਰੇ ਹੁਕਮਨਾਮਾ ਜਾਰੀ ਕਰ ਦੇਣ ਤਾਂ ਅਸੀਂ ਵੀ ਸ਼ਹੀਦੀ ਮੰਨ ਜਾਵਾਂਗੇ ਤੇ ਹੁਣ ਸਾਡੇ ਵਲੋਂ ਕੋਈ ਬਿਆਨ ਨਹੀਂ ਆਉਂਦਾ। ਸੋ ਅਜੇ ਤਕ ਮੇਰਾ ਅੱਧਾ ਕੰਮ ਹੋ ਗਿਆ ਜੋ ਕਿ ਜਥੇਦਾਰ ਅਕਾਲ ਤਖਤ ਨੇ ਕਿਹਾ ਸੀ। ਦੂਜੇ ਨੰਬਰ ਤੇ ਵਾਰੀ ਆਈ ਟਕਸਾਲ ਦੇ ਮੁਖੀ ਬਾਬਾ ਠਾਕੁਰ ਸਿੰਘ ਨੂੰ ਮਨਾਉਣ ਦੀ ਸੋ ਕੁਝ ਟਕਸਾਲੀ ਸਿੰਘਾਂ ਨਾਲ ਸੰਤਾਂ ਦੀ ਸ਼ਹੀਦੀ ਬਾਰੇ ਵਿਚਾਰ ਕੀਤੀ ਉਨ੍ਹਾਂ ਨੇ ਵੀ ਮੰਨਿਆਂ ਕਿ ਸੰਤ ਤਾਂ ਸ਼ਹੀਦ ਹੋ ਚੁਕੇ ਹਨ ਪਰ ਸਾਡਾ ਇਹ ਬੁਢਾ ਨਹੀਂ ਮੰਨਦਾ। ਭਾਈ ਮੋਹਕਮ ਸਿੰਘ ਤੇ ਭਾਈ ਰਾਮ ਸਿੰਘ ਨੇ ਵੀ ਇਹ ਗੱਲ ਮੰਨੀ ਪਰ ਇਨ੍ਹਾਂ ਨੇ ਵੀ ਹੋਰਨਾਂ ਸਿੰਘਾਂ ਵਾਂਗ ਮਜਬੂਰੀ ਜਾਹਰ ਕੀਤੀ ਫਿਰ ਨੰਬਰ ਲਗਾ ਬਾਬੇ ਠਾਕਰ ਸਿੰਘ ਨਾਲ ਗਲ ਬਾਤ ਕਰਨ ਦਾ ਸੋ ਹੁਣ ਮੈ ਇਸ ਮੰਤਵ ਦੀ ਤਾੜ ਵਿਚ ਸੀ।

ਦੇਵਨੇਤ ਵਿਸਾਖੀ 1978 ਦੇ 13 ਸ਼ਹੀਦ ਸਿੰਘਾਂ ਦਾ ਸਮਾਗਮ ਗੁਰਦੁਆਰਾ ਬੀ ਬਲਾਕ ਅੰਮ੍ਰਿਤਸਰ ਨੇੜੇ ਰੇਲਵੇ ਸਟੇਸ਼ਨ ਜਿਥੇ 13 ਸਿੰਘ ਨਿਰੰਕਾਰੀ ਝੜਪ ਵਿਚ ਸ਼ਹੀਦ ਹੋਏ ਸੀ ਵਿਸਾਖੀ 2003 ਨੂੰ ਮਨਾਇਆ ਗਿਆ ਉਥੇ ਪੁਰਾਣੇ ਟਕਸਾਲੀ ਵਿਅਕਤੀਆਂ ਕਾਫੀ ਲੈਕਚਰ ਦਿਤੇ ਪਰ ਜਰਨੈਲ ਸਿੰਘ ਦੀ ਸ਼ਹੀਦੀ ਬਾਰੇ ਸਾਰਿਆਂ ਨੂੰ ਜਿਵੇਂ ਸੱਪ ਸੁੰਘ ਗਿਆ ਹੋਵੇ ਮੈਂ ਸੋਚਿਆਂ ਕੋਈ ਵੀ ਵਿਅਕਤੀ ਸ਼ਹੀਦੀ ਬਾਰੇ ਨਹੀਂ ਬੋਲ ਰਿਹਾ ਕੀ ਕਾਰਨ ਹੈ ? ਜਿਆਦਾ ਘੋਖ ਪੜਤਾਲ ਕਰਨ ਤੋਂ ਪਤਾ ਲੱਗਾ ਕਿ ਠਾਕਰ ਸਿੰਘ ਬਾਬਾ ਜਿਉਂਦੇ ਜੀਅ ਜਰਨੈਲ ਸਿੰਘ ਨੂੰ ਸ਼ਹੀਦ ਨਹੀਂ ਮੰਨੇਗਾ

ਕਿਉਂਕਿ ਬਾਬਾ ਇਕ ਵਾਰ ਸੰਤ ਜੀਉਂਦੇ ਕਹਿ ਚੁਕਾ ਹੈ ਤੇ ਉਸ ਝੂਠ ਨੂੰ ਜੀਉਂਦੇ ਜੀਅ ਬੋਲਦਾ ਹੀ ਰਵੇਗਾ ਤੇ ਟਕਸਾਲ ਦੇ ਵਿਚ ਵਿਚਰ ਰਹੇ ਸਿੰਘ ਜਿੰਨ੍ਹਾਂ ਦੀ ਰੋਟੀ ਰੋਜੀ ਟਕਸਾਲ ਤੇ ਨਿਰਭਰ ਹੈ ਉਹ ਵੀ ਜੋ ਠਾਕਰ ਸਿੰਘ ਹੀ ਆਖੇਗਾ ਉਹ ਹੀ ਕਹਿੰਦੇ ਰਹਿਣਗੇ। ਕੁਝ ਸਿੰਘ ਤਾਂ ਇਹ ਕਹਿੰਦੇ ਸਨ ਕਿ ਜੇ ਬਾਬਾ ਸ਼ਹੀਦੀ ਨਹੀਂ ਮੰਨਦਾ ਤਾਂ ਅਸੀਂ ਵੀ ਨਹੀਂ ਮੰਨਦੇ ਤੇ ਕੁਝ ਮਜਬੂਰੀ ਵਸ ਕਿਉਂਕਿ ਰੋਟੀ ਰੋਜੀ ਇਨ੍ਹਾਂ ਦੀ ਟਕਸਾਲ ਦੇ ਸਿਰ ਤੇ ਸੀ ਸੋ ਸਚ ਨੂੰ ਝੂਠ ਵਿਚ ਬਦਲਦੇ ਰਹੇ। ਅਖੀਰ ਵਿਚ ਅਸੀਂ ਫੈਸਲਾ ਕੀਤਾ ਕਿ ਬਾਬੇ ਠਾਕਰ ਸਿੰਘ ਨੂੰ ਆਪ ਮਿਲਕੇ ਸਾਰਾ ਅੱਖੀਂ ਡਿੱਠਾ ਹਾਲ ਦੱਸੀਏ ਤਾਂ ਕਿ ਉਸ ਸੂਰਬੀਰ ਯੋਧੇ ਦੀ ਸ਼ਹੀਦੀ ਬਹੁਤਾ ਹੋਰ ਵਧੇਰੇ ਸਮੇਂ ਤਕ ਛੁਪੀ ਨਾ ਰਹੇ ਸੋ ਵਿਸਾਖੀ ਤੋਂ ਹਫਤਾ ਬਾਅਦ ਮੈਂ ਆਪਦੇ ਦੋ ਸਕੇ ਭਰਾਵਾ ਜੋ ਕਿ ਸ੍ਰੀ ਹਰਿਗੋਬਿੰਦਪੁਰ ਦੇ ਲਾਗੇ ਖੇਤੀ ਬਾੜੀ ਕਰਦੇ ਸਨ ਨੂੰ ਨਾਲ ਲੈ ਕੇ ਗੁਰਦਵਾਰੇ ਬੀ ਬਲਾਕ ਆਇਆਂ ਜਿਥੇ ਕਿ ਬਾਬਾ ਠਾਕੁਰ ਸਿੰਘ ਜਿਆਦਾ ਸਮੇਂ ਰਹਿੰਦੇ ਸਨ। ਤਾਂ ਬਾਬੇ ਦਾ ਭਾਣਜਾ ਜਿਸਨੂੰ ਟਕਸਾਲੀ ਸਿੰਘ ਨਿਹੰਗ ਨਿਹੰਗ ਕਹਿੰਦੇ ਸਨ ਨਾਲ ਸਾਡੀ ਗਲ ਕਰਵਾਈ ਪਰ ਉਹ ਵੀ ਕਿਥੇ ਮੰਨੇ। ਆਖਰ ਉਸ ਨੇ ਕਿਹਾ ਕਿ ਤੁਸੀਂ ਕੀ ਲੈਣਾ ਇਸ ਗਲ ਵਿਚੋਂ ਅਸਾਂ ਕਿਹਾ ਕਿ ਤੁਸੀਂ ਕੀ ਲੈਣਾ ਸੰਤਾਂ ਦੀ ਸ਼ਹੀਦੀ ਨੂੰ ਰੋਲਕੇ। ਗੱਲ ਤੂੰ-ਤੂੰ ਮੈਂ-ਮੈਂ ਦੀ ਹੋ ਗਈ ਤੇ ਵਿਚ ਕੁਝ ਸਿੰਘ ਪੈ ਗਏ। ਅਸਾਂ ਕਿਹਾ ਕਿ ਬਾਬਾ ਠਾਕੁਰ ਸਿੰਘ ਸਾਡਾ ਵੀ ਦੂਰੋਂ ਰਿਸ਼ਤੇਦਾਰ ਹੈ ਬਾਬੇ ਨੇ ਆਪਣੀ ਪਿੰਡ ਸਾਦਰਵਾਲਾ (ਨੇੜੇ ਮਖੂ) ਜਦੀ ਜਮੀਨ ਸਾਡੀ ਦੋਹਤੀ ਜਿਸਦਾ ਬਾਬਾ ਪਤਿਉਰਾ ਲਗਦਾ ਹੈ ਦੇ ਦੋ ਮੁੰਡਿਆਂ ਨਾਲ ਲਵਾਈ ਹੈ। ਅਸੀਂ ਜਰੂਰ ਬਾਬੇ ਨੂੰ ਮਿਲਕੇ ਸਾਰੀ ਗਲ ਦੱਸਣੀ ਹੈ। ਜਦ ਸਾਡਾ ਇਹ ਫੈਸਲਾ ਉਨ੍ਹਾਂ ਸਿੰਘਾਂ ਨੇ ਸੁਣਿਆ ਤਾਂ ਉਨ੍ਹਾਂ ਨਿਮਰ ਹੋ ਕੇ ਕਿਹਾ ਕਿ "ਬਾਬਾ ਠਾਕਰ ਸਿੰਘ ਬੀਮਾਰ ਹੈ। ਇਹੋ ਜਿਹੀਆਂ ਗੱਲਾਂ ਨਾਲ ਉਸਨੂੰ ਦਿਲ ਦਾ ਅਟੈਕ ਹੋ ਸਕਦਾ ਹੈ ਤੇ ਮੌਤ ਵੀ ਹੋ ਸਕਦੀ ਹੈ। ਸੋ ਹੁਣ ਤੁਸੀਂ ਜਾਉ ਫਿਰ ਕਿਤੇ ਤੁਹਾਡੀ ਗੱਲ ਉਨ੍ਹਾਂ ਤਕ ਪਹੁੰਚਾ ਦੇਵਾਂਗੇ। ਬਾਬੇ ਨੂੰ ਮੱਥਾ ਟੇਕ ਜਾਉ ਤੇ ਗੱਲ ਕੋਈ ਨਾ ਕਰਿਉ" ਅਸੀਂ ਬਾਬੇ ਦੇ ਕਮਰੇ ਵਿਚ ਗਏ। ਬਾਬਾ ਭੁੰਜੇ ਫਰਸ਼ ਤੇ ਬਿਸਤਰਾ ਕਰਕੇ ਲੰਮਾ ਪਿਆ ਸੀ। ਅਸੀਂ ਫਤਹਿ ਗਜਾਈ। ਉਨ੍ਹਾਂ ਨੇ ਸਾਨੂੰ ਪਰਸ਼ਾਦ ਦਿਤਾ ਤੇ ਗਲ ਕੋਈ ਨਾ ਕੀਤੀ ਤੇ ਨਾ ਅਸਾਂ ਪੁਛੀ ਦੱਸੀ। ਛੇਤੀ ਹੀ 24-12-2004 ਨੂੰ ਬਾਬੇ ਦੀ ਮੌਤ ਹੋ ਗਈ। ਟਕਸਾਲ ਦੋ ਹਿਸਿਆਂ ਵਿਚ ਵੰਡੀ ਗਈ। ਭਾਈ ਰਾਮ ਸਿੰਘ ਨੇ ਸ਼ਹੀਦੀ ਕਾਲਜ ਗੁਰਮਤ ਟਰੇਨਿੰਗ ਸੰਤ ਜਰਨੈਲ ਸਿੰਘ ਦੇ ਨਾਮ ਰਖਕੇ ਉਸਦੀ ਸ਼ਹੀਦੀ ਦੀ ਟਕਸਾਲੀ ਮੋਹਰ ਲਾਈ ਤੇ ਤੱਖਤਾਂ ਦੇ ਪੰਜ ਸਿੰਘ ਸਾਹਿਬਾਨ ਤੋਂ ਸ਼ਹੀਦ ਕਾਲਜ ਦੀ ਨੀਂਹ ਰਖਵਾਈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਹੋਰ ਜੁਮੇਵਾਰ ਸਜਣ ਜੋ ਪਹਿਲਾਂ ਹੀ ਸ਼ਹੀਦੀ ਮੰਨਦੇ ਸਨ। ਸਾਰੇ ਹੀ ਸਮਾਗਮ ਪਰ ਸੰਗਰਾਏ ਪਹੁੰਚੇ। ਉਸਦੇ ਜਰਨੈਲ ਸਿੰਘ ਨੂੰ ਸ਼ਹੀਦ ਮੰਨਣ ਨਾਲ ਮਹਿਤੇ ਵਾਲੀ ਟਕਸਾਲ ਨੂੰ ਵੀ 6 ਮਹੀਨੇ ਬਾਅਦ ਇਸ ਸੱਚ ਨੂੰ ਮੰਨਣਾ ਪਿਆ। ਇਸ ਤਰ੍ਹਾਂ 21 ਸਾਲਾਂ ਬਾਅਦ ਟਕਸਾਲ ਦੇ ਜੁੰਮੇਵਾਰ

ਤੇ ਟਕਸਾਲੀਆਂ ਨੇ ਕੌਮ ਨਾਲ ਝੂਠ ਬੋਲਿਆ। ਜਿਸਨੂੰ ਕੌਮ 21 ਸਾਲਾਂ ਟਕਸਾਲੀ ਝੂਠ ਨਾਲ ਯਾਦ ਕਰਦੀ ਹੈ ਤੇ ਕਰਦੀ ਰਵੇਗੀ। ਪਰ ਬਦਕਿਸਮਤੀ ਇਹ ਕਿ ਇਸ 21 ਸਾਲ ਟਕਸਾਲੀ ਝੂਠ ਕਾਰਨ ਸਾਰੀ ਸਿਖ ਕੌਮ ਨੂੰ ਸਾਰੇ ਸੰਸਾਰ ਵਿਚ ਸ਼ਰਮਸ਼ਾਰ ਹੋਣਾ ਪਿਆ ਤੇ ਰਹਿੰਦੀ ਖੂੰਹਦੀ ਕਸਰ ਟਕਸਾਲ ਦੇ ਮੌਜੂਦਾ ਆਪੇ ਬਣੇ ਮੁਖੀ ਹਰਨਾਮ ਸਿੰਘ ਧੁੰਮਾ ਨੇ ਮਹਿਤੇ ਹੈਡਕੁਆਟਰ ਤੇ ਹਵਨ ਕਰਵਾਕੇ ਤੇ ਹੋਰ ਅਗੇ ਵਧਦਿਆਂ ਹੋਇਆਂ ਇਨ੍ਹਾਂ ਨੇ ਸਾਰੀ ਕੌਮ ਵਲੋਂ ਬੜੀ ਮਿਹਨਤ ਨਾਲ ਤਿਆਰ ਕੀਤੇ ਤੇ ਮੰਨੇ ਹੋਏ ਨਾਨਕ ਸ਼ਾਹੀ ਕਲੰਡਰ ਨੂੰ ਰਦ ਕਰਕੇ ਪੂਰੀ ਕਰ ਦਿਤੀ। ਹਾਲ ਹੀ ਵਿਚ 6 ਜੂਨ 2005 ਨੂੰ ਮਨਾਏ ਗਏ ਸਾਕਾ ਨੀਲਾ ਤਾਰਾ ਨਾਲ ਸ਼ਹੀਦੀ ਗੈਲਰੀ ਬਣਾਉਣ ਦਾ ਜੋ ਡਰਾਮਾ ਰਚਿਆਂ ਗਿਆਂ ਉਹ ਵੀ ਨਿੰਦਣ ਯੋਗ ਹੈ। ਜੇਕਰ ਸ਼ਹੀਦੀ ਗੈਲਰੀ ਬਣਾਉਣੀ ਹੀ ਸੀ ਤਾਂ ਮੌਜੂਦਾ ਸ਼੍ਰੋਮਣੀ ਕਮੇਟੀ ਦੇ ਜੁਮੇਵਾਰ ਤੇ ਪੰਥਕ ਜਥੇਬੰਦੀਆਂ ਦੀ ਸਹਿਮਤੀ ਨਾਲ ਬਣਾਈ ਜਾ ਸਕਦੀ ਹੈ ਕਿ ਧਾੜਵੀਆਂ ਦੀ ਤਰ੍ਹਾਂ ਨੰਗੀਆਂ ਤਲਵਾਰਾਂ ਲੈ ਕੇ ਤੇ ਖਾਲਸਤਾਨੀ ਨਾਹਰੇ ਮਾਰਕੇ ਤੇ ਦੂਜਿਆਂ ਨੂੰ ਡਰਾ ਧਮਕਾਕੇ। ਸ਼੍ਰੋਮਣੀ ਕਮੇਟੀ ਦੀ ਕਮਜੋਰੀ ਕਰਕੇ ਇਹ ਕੁਝ ਹੋਇਆ ਕਿਉਂਕਿ ਸ਼੍ਰੋਮਣੀ ਕਮੇਟੀ ਹਮੇਸ਼ਾਂ ਹੀ ਜਦੋਂ ਕਿਸੇ ਦਰਬਾਰ ਸਾਹਿਬ ਦੇ ਗ੍ਰੰਥੀ, ਕਥਾਕਾਰ ਜਾਂ ਪ੍ਰਚਾਰਕ ਲੈਣੇ ਹੁੰਦੇ ਹਨ ਤਾਂ ਇਨ੍ਹਾਂ ਦੀ ਨਜ਼ਰ ਸਿਰਫ ਟਕਸਾਲ ਤੇ ਜਾਂਦੀ ਹੈ ਤੇ ਉਚੇ ਅਹੁਦਿਆਂ ਤੇ ਟਕਸਾਲੀਆਂ ਦੇ ਚੇਲੇ ਹੀ ਬੈਠੇ ਹੋਣ ਕਾਰਨ, ਖਾਲਸਾ ਪੰਥ ਦੇ ਵਿਰੁੱਧ ਕੰਮ ਕਰਨ ਵਾਲੇ ਕਿਸੇ ਵੀ ਟਕਸਾਲੀ ਨੂੰ ਕੋਈ ਸਜਾ ਨਹੀਂ ਮਿਲਦੀ ਤੇ ਨਾ ਹੀ ਪੰਥ ਵਿਚੋਂ ਛੇਕਿਆ ਜਾਂਦਾ ਹੈ। ਜਿਸ ਦਾ ਸਬੂਤ ਸਭ ਤੋਂ ਪਹਿਲਾਂ "ਸਿੱਖ ਰਹਿਤ ਮਰਯਾਦਾ" ਜੋ ਪੰਥ ਪ੍ਰਮਾਣਤ ਹੈ ਦੇ ਬਰਾਬਰ ਸਭ ਤੋਂ ਪਹਿਲਾਂ ਟਕਸਾਲ ਨੇ ਹੀ ਆਪਣੀ ਰਹਿਤ ਮਰਯਾਦਾ ਬਣਾਕੇ ਪੰਥ ਵਿਰੋਧੀ ਹੋਣ ਦਾ ਸਬੂਤ ਦਿਤਾ। ਜੇਕਰ ਉਸੇ ਸਮੇਂ ਅਕਾਲ ਤਖਤ ਦੇ ਜਥੇਦਾਰ ਵਲੋਂ ਇਨਾਂ ਖਿਲਾਫ ਸਖਤ ਸਟੈਂਡ ਲਿਆ ਜਾਂਦਾ ਤਾਂ ਅੱਜ ਪੰਥ ਵਿਚ ਨਾ ਇਤਨੇ ਵਿਵਾਦ ਛਿੜਦੇ ਤੇ ਨਾ ਹੀ ਕੋਈ ਸਾਧ ਅਗੇ ਤੋਂ ਅਜਿਹੀ ਗਲਤ ਹਰਕਤ ਕਰਦਾ। ਹੋਰ ਜਦ ਕਿ S. G. P. C ਪਹਿਲਾਂ ਤੋਂ ਹੀ ਸੰਤ ਜਰਨੈਲ ਸਿੰਘ ਨੂੰ ਸ਼ਹੀਦ ਮੰਨਦੀ ਸੀ ਤਾਂ ਬਾਬੇ ਠਾਕੁਰ ਸਿੰਘ ਨੂੰ ਤਖਤ ਸਾਹਿਬ ਉਪਰ ਬੁਲਾ ਕੇ ਪੁਛਣਾ ਚਾਹੀਦਾ ਸੀ ਕਿ ਕਿਉਂ ਝੂਠ ਬੋਲ ਰਹੇ ਹੋ ? ਦੱਸੋ ਸੰਤ ਕਿਹੜੀ ਦੁਨੀਆ ਦੇ ਕੋਨੇ ਵਿਚ ਛੁਪੇ ਹਨ ? ਪਰ ਇਤਨੀ ਜੁਅਰਤ S. G. P. C ਤੇ ਜਥੇਦਾਰ ਕਰਨ ਤਾਂ ਹੀ ਸਭ ਸਾਧ ਤੇ ਡੇਰਿਆਂ ਵਾਲੇ ਸਿਧੇ ਹੋਣ। ਦੂਸਰੇ ਪਾਸੇ ਸ਼੍ਰੋਮਣੀ ਕਮੇਟੀ ਵੱਲੋਂ ਅਤੇ ਅਕਾਲ ਤਖ਼ਤ ਦੇ ਸੇਵਦਾਰ ਵੱਲੋਂ ਉਹਨਾਂ ਵੀਰਾਂ ਨੂੰ ਹਮੇਸ਼ਾ ਅੱਖੋਂ ਪਰੋਖੇ ਕੀਤਾ ਗਿਆ ਜਿਹੜੇ ਸਿੱਖ ਰਹਿਤ ਮਰਯਾਦਾ ਜੋ ਪੰਥ ਪ੍ਰਮਾਣਤ ਹੈ ਨੂੰ ਘਰ ਘਰ ਪਹੁੰਚ ਰਹੇ ਹਨ ਭਾਵ ਮਿਸ਼ਨਰੀ ਵੀਰ ਜੇ ਸ਼੍ਰੋਮਣੀ ਕਮੇਟੀ ਇਹਨਾਂ ਦੀ ਮਦਦ ਕਰੇ ਤਾਂ ਡੇਰਾਵਾਦ ਨੂੰ ਖਤਮ ਕਰਨ ਲੱਗਿਆਂ ਬਹੁਤ ਸਮਾਂ ਨਹੀ ਲੱਗੇਗਾ।

ਸੰਤ ਗਿਆਨੀ ਗੁਰਬਚਨ ਸਿੰਘ ਪੰਥ ਰਤਨ ਵੇਦਿਆ ਮਾਰਤੰਡ

.ਦਮਦਮੀ ਟਕਸਾਲ ਦੇ ਇਨ੍ਹਾਂ ਮੁਖੀਆ ਨੇ ਐਸੀਆਂ ਗੁਰਮਤਿ ਦੇ ਉਲਟ ਹਜਾਰਾਂ ਸਾਖੀਆਂ ਜੋੜੀਆਂ ਗੁਰਬਾਣੀ ਪਾਠਦਰਸ਼ਨ ਦੇ ਜਨਮ ਸੰਸਕਾਰ ਭਾਗ ਵਿਚ ਪੰਨਾ 26-27 ਤੇ ਇੰਝ ਲਿਖਿਆ ਪੜੋ 'ਜਿਹੜੇ ਮੰਦਰ ਦੇ ਅੰਦਰ ਪਤੀ ਅਤੇ ਸਤੀ ਬਿਰਾਜਮਾਨ ਹੋਣ ਉਥੇ ਸ਼ਹੀਦਾਂ, ਯੋਧਿਆਂ, ਸੂਰਬੀਰਾਂ, ਮਹਾਂਪੁਰਖਾਂ ਅਤੇ ਸਤਿਗੁਰਾਂ ਦੀਆਂ ਪਵਿੱਤਰ ਤਸਵੀਰਾਂ ਰੱਖੀਆ ਹੋਣੀਆਂ ਚਾਹੀਦੀਆ ਹਨ। ਐਸੀਆ ਮੰਦੀਆਂ ਤਸਵੀਰਾਂ ਨਹੀਂ ਜਿਨ੍ਹਾਂ ਕਰਕੇ ਮਨ ਵਿਕਾਰੀ ਹੋਵੇ ਅਤੇ ਭੈੜਾ ਹੋਵੇ। ਜਿੰਨਾਂ ਦੇ ਮੱਥੇ ਲੱਗਣ ਕਰਕੇ ਸੰਤਾਨ ਭੈੜੀ ਪੈਦਾ ਹੋਵੇ, ਐਸੇ ਫੋਟੋ ਨਹੀਂ ਚਾਹੀਦੇ। ਐਸੇ ਫੋਟੋ ਹੋਣੇ ਚਾਹੀਦੇ ਹਨ, ਜਿਵੇਂ ਬਾਬਾ ਦੀਪ ਸਿੰਘ ਸ਼ਹੀਦ, ਭਾਈ ਮਨੀ ਸਿੰਘ ਸ਼ਹੀਦ, ਭਾਈ ਤਾਰੂ ਸਿੰਘ ਦੇ ਖੋਪੜਾ ਲਹਿਣ ਵੇਲੇ ਦੇ। ਐਸੇ ਕੁਰਬਾਨੀ ਵਾਲੇ ਮਹਾਂਪੁਰਖਾਂ ਦੀਆਂ ਫੋਟੋਆਂ ਹੋਣ ਜਿਸ ਕਰਕੇ ਬੱਚੇ ਦੇ ਅੰਦਰ ਸ਼ੁਭ ਗੁਣ ਭਰ ਜਾਣ ਮਾਤਾ ਦੇ ਸਦਾ ਮੱਥੇ ਲੱਗਣ ਕਰਕੇ। ਇਸ ਪ੍ਰਥਾਂਏ ਸਤਵੇਂ ਪਾਤਸ਼ਾਹ ਦੀ ਇਕ ਪਵਿਤਰ ਸਾਖੀ ਹੈ - ਹਜ਼ੂਰ ਸਤਵੇਂ ਪਾਤਸ਼ਾਹ ਸ੍ਰੀ ਹਰਿ ਰਾਏ ਸਾਹਿਬ ਜੀ ਕਾਲੇ ਦਾ ਜੰਗ ਕਰਵਾ ਕੇ ਫੂਲਕਿਆ ਦੀ ਜਿੱਤ ਕਰਵਾਉਣ ਲੱਗੇ ਸਨ ਮਾਲਵੇ ਵਿਚ ਗੁਰੂ ਸਰ ਮਹਜੂ ਦੇ ਵਿਚ ਉਥੇ ਜੈਦ ਪੁਰਾਣਾ ਬੜਾਂ ਭਾਰੀ ਜੋਧਾ ਸੀ ਉਹ ਜੋਧਾ ਹੋਣ ਕਰਕੇ ਜਿਤਿਆ ਨਹੀ ਜਾਂਦਾ ਸੀ। ਉਹ ਜਿਸ ਵਕਤ ਕਾਲੇ ਤੇ ਬਰਛੀ ਲੈ ਕੇ ਪਿਆ ਕਾਲੇ ਦੇ ਦੋ ਦੰਦ ਟੁੱਟ ਗਏ। ਕਾਲਾ ਕਹਿਣ ਲੱਗਾ ਸਤਿਗੁਰੂ ਜੀ ਆਪ ਜੀ ਕਹਿੰਦੇ ਸੀ ਕਾਲਾ ਬੜਾ ਬਲੀ ਹੈ। ਉਸਦੀ ਬਰਛੀ ਲੱਗੀ ਤੇ ਮੇਰੇ ਦੋ ਦੰਦ ਹੀ ਤੋੜ ਸਕੀ ਹੈ। ਐਡਾ ਜੋਰ ਨਹੀ ਕਰ ਸਕੀ। ਸਤਿਗੁਰੂ ਹਰਿ ਰਾਏ ਸਾਹਿਬ ਨੇ ਕਿਹਾ ਨਹੀ ਭਾਈ। ਇਹ ਜੈਦ ਬੜਾ ਬਲੀ ਸੀ। ਉਹ ਜਿਸ ਵਕਤ ਮਾਤਾ ਦੇ ਉਦਰ ਵਿਚ ਆਇਆ ਸੀ, ਉਸ ਦਿਨ ਦੀ ਗੱਲ ਹੈ ਇਸਦੀ ਮਾਤਾ ਸੁੱਤੀ ਪਈ ਸੀ ਕੋਠੇ ਤੇ। ਇਕ ਸ਼ੇਰ ਜੰਗਲ ਵਿਚੋਂ ਆਇਆ ਸੀ ਪਰ ਛੱਪੜ ਤੇ ਪਾਣੀ ਪੀ ਕੇ ਬੁੱਕਿਆ ਸੀ। ਸ਼ੇਰ ਦੀ ਗਰਜ ਕੰਨਾਂ ਵਿਚ ਪੈਣ ਕਰਕੇ ਮਾਤਾ ਸੁੱਤੀ ਜਾਗ ਪਈ ਅਤੇ ਪਾਣੀ ਵਿਚ ਸ਼ੇਰ ਦਾ ਮੂੰਹ ਦਿਸਿਆ ਅਤੇ ਚੜ੍ਹਦਾ ਸੂਰਜ ਮੱਥੇ ਲੱਗਾ। ਉਸ ਕਰਕੇ ਜੈਦ ਪੁਰਾਣੇ ਵਿਚ ਤਾਕਤ ਸੀ। ਉਹ ਬੜਾ ਬਲੀ ਸੀ। ਉਸਦੇ ਬਲ ਦਾ ਅੰਤ ਨਹੀ ਸੀ ਕਾਲਿਆ। ਤੂੰ ਇਉਂ ਨਾ ਸਮਝ ਲਈ ਕਿ ਉਸਦੀ ਬਰਸ਼ੀ ਨੇ ਤੇਰੇ ਦੋ ਹੀ ਦੰਦ ਭੰਨੇ ਹਨ। ਅਸੀ ਤੇਰੀ ਰੱਖਿਆ ਵਾਸਤੇ ਹੱਥ ਵਿਚ ਲੋਹੇ ਦੀ ਅਹਿਰਣ, ਪਕੜੀ ਹੋਈ ਸੀ ਅਤੇ ਉਸਦੇ ਡੌਲਿਆਂ ਨੂੰ ਦੋ ਬੀਰ ਚੰਬੇੜੇ ਹੋਏ ਸਨ, ਦੋ ਸੂਰਮੇ ਲੱਤਾਂ ਨੂੰ ਚਮੇੜੇ ਸਨ। **ਫਿਰ** ਵੀ ਉਸਨੇ ਜਦੋਂ ਬਰਸੀ ਮਾਰੀ ਸਾਡੀ ਹਥੇਲੀ ਵਿਚ ਅੱਗੇ ਅਹਿਰਣ ਫੜੀ ਹੋਈ ਸੀ। ਉਸਨੂੰ ਵਿੰਨ ਕੇ ਸਾਡੀ ਤਲੀ ਵਿਚ ਬਰਸ਼ੀ ਲੱਗੀ। (ਤਲੀ ਦਾ ਜਖਮ ਮਹਾਰਾਜ ਨੇ ਦਿਖਾਇਆ) ਅਤੇ ਉਹ ਤਲੀ ਤੇ ਲੱਗ ਕੇ ਬਰਸ਼ੀ ਠਹਿਰ ਗਈ। ਉਹਦੇ ਧੱਕੇ ਨੇ ਤੇਰੇ ਦੰਦ ਭੰਨੇ ਹਨ। ਨਹੀ ਤਾਂ ਤੈਨੂੰ ਛੱਡਣਾ ਨਹੀ ਸੀ। ਇਹ ਸੋਚ ਲੈ ਐਡਾ

ਵੱਡਾ ਬਲੀ ਜੈਦ ਪੁਰਾਣਾ ਸੀ।

ਇਹ ਸੁਣ ਕੇ ਕਾਲੇ ਨੇ ਮਹਾਰਾਜ ਸਾਹਿਬ ਨੂੰ ਨਮਸ਼ਕਾਰ ਕੀਤੀ ਕਿ, ਹੇ ਮਹਾਰਾਜ ਗੀਰਬ ਨਿਵਾਜ। ਆਪ ਜੀ ਨੇ ਰੱਖਿਆ ਕੀਤੀ, ਹੋਰ ਕੌਣ ਸੀ ਸ੍ਰੀ ਗੁਰੂ ਹਰਿ ਰਾਇ ਸਾਹਿਬ ਤੋਂ ਬਿਨਾ ਰੱਖਣ ਵਾਲਾ।

ਵਿਚਾਰ— ਸੰਤ ਨੇ ਇਸ ਸਾਖੀ ਨੂੰ ਪਵਿਤਰ ਸਾਖੀ ਲਿਖਿਆ ਹੈ ਸੰਤ ਗੁਰਬਚਨ ਸਿੰਘ ਭਿੰਡਰਾਂਵਾਲੇ ਨੇ ਸਹੀਦਾ, ਯੋਧਿਆਂ ਮਹਾਂਪੁਰਖਾ ਅਤੇ ਸਤਿਗੁਰੂ ਦੀਆਂ ਤਸਵੀਰਾਂ ਦਾ ਮੱਥੇ ਲੱਗਣਾ ਚੰਗਾ ਸਿੱਧ ਕਰਨ ਲਈ ਜੈਦ ਪੁਰਾਣੇ ਦੀ ਮਾਂ ਦਾ ਸੂਰਜ ਅਤੇ ਸ਼ੇਰ ਦੇ ਮੱਥੇ ਲੱਗਣਾ ਦੱਸਿਆ। ਕੀ ਸ਼ੇਰ ਦਾ ਮੂੰਹ ਵੇਖ ਲੈਣ ਨਾਲ ਹੀ ਜੈਦ ਪੁਰਾਣੇ ਨੂੰ ਐਡਾ ਬਲੀ ਮੰਨਣਾ ਗੁਰਮਤਿ ਦੇ ਅਨੁਕੂਲ ਹੈ, ਅਨੁਸਾਰ ਹੈ? ਕਾਲੇ ਦੀ ਸਹਾਇਤਾ ਲਈ ਸਤਿਗੁਰੂ ਹਰਿ ਰਾਇ ਸਾਹਿਬ ਜੀ ਆਪਣੇ ਹੱਥ ਵਿਚ ਲੋਹੇ ਦੀ ਅਹਿਰਣ ਫੜ ਕੇ ਡਟੇ ਹੋਣ ਅਤੇ ਚਾਰ ਸੂਰਮੇ (ਗੁਪਤ ਸ਼ਕਤੀਆਂ) ਜੈਦ ਪੁਰਾਣੇ ਨੂੰ ਪਿਛਾਹ ਖਿੱਚਣ ਤੇ ਲਾਈਆਂ ਹੋਣ। ਇਨ੍ਹਾਂ ਕੁਝ ਕਰਨ ਦੇ ਬਾਵਜੂਦ ਵੀ ਕਾਲੇ ਦੇ ਦੋ ਦੰਦ ਟੁੱਟ ਜਾਣ। ਕੀ ਇਹ ਟਕਸਾਲੀ ਸੰਤ ਐਸੀਆਂ ਕਹਾਣੀਆਂ ਸੁਣਾ ਕੇ ਸਤਿਗੁਰੂ ਦੀ ਨਿਰਾਦਰੀ ਨਹੀ ਕਰ ਰਹੇ? ਕੀ ਗੁਰਬਾਣੀ ਵਿਚ ਕੋਈ ਐਸਾ ਪ੍ਮਾਣ ਹੈ ਕਿ ਤੱਤ ਸੱਚ ਗੁਰਮਤਿ ਦੇ ਧਾਰਨੀ ਹੋਇਆਂ ਤੋਂ ਬਿਨਾ ਮੱਥੇ ਲੱਗਣ ਨਾਲ ਹੀ ਸਭ ਕੁਝ ਹੋ ਜਾਂਦਾ ਹੈ। ਕੀ ਇਹ ਗੁਰਬਾਣੀ ਫੁਰਮਾਨ ਕਦੇ ਵੀ ਇਹਨਾਂ ਟਕਸਾਲੀ ਸੰਤਾਂ ਦੇ ਸੋਚ ਵਿਚਾਰ 'ਚ ਨਾ ਆਏ। ਗੁਰਫੁਰਮਾਨ ਹੈ

"ਸਤਿਗੁਰੂ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥
ਡਿਠੈ ਮੁਕਤਿ ਨ ਹੋਵਈ ਜਿਚਰ ਸਬਦਿ ਨ ਕਰੇ ਵੀਚਾਰੁ ॥

ਕਈ ਸਦਾ ਹੀ ਗੁਰੂ ਦੀ ਹਜੂਰੀ ਵਿਚ ਰਹਿੰਦੇ ਹਨ ਪਰ ਗੁਰਮਤਿ ਕਦੇ ਉਹਨਾਂ ਦੇ ਨੇੜੇ ਨਹੀ ਆਈ। ਜੇ ਪਸ਼ੂਆਂ ਦੇ ਮੱਥੇ ਲੱਗਿਆਂ ਬਹਾਦਰੀ ਮਿਲਦੀ ਹੈ ਤਾਂ ਪਿਰਥੀ ਚੰਦ, ਗੁਰੂ ਦੇ ਘਰੇ ਜੰਮ ਕੇ ਕਾਇਰ ਕਿਉ ਨਿਕਲਿਆ? ਪਹਿਲੇ ਤਿੰਨ ਗੁਰੂਆਂ ਦੇ ਪੁਤਰ ਗੁਰਗੱਦੀ ਵਾਸਤੇ ਯੋਗ ਸਾਬਤ ਨ ਹੋਏ। ਕੀ ਕਾਰਣ? ਟਕਸਾਲੀ ਜਵਾਬ ਦੇਣ। ਸੰਤ ਗਿਆਨੀ ਗੁਰਬਚਨ ਸਿੰਘ ਵੱਲੋਂ ਲਿਖੀ ਟਕਸਾਲ ਵੱਲੋਂ ਛਪੀ ਕਿਤਾਬ 'ਗੁਰਬਾਣੀ ਪਾਠ ਦਰਸ਼ਨ' ਵਿਚ ਮਾਸ ਖਾਣ ਬਾਰੇ ਇਸ ਤਰ੍ਹਾਂ ਲਿਖਿਆ ਹੈ-ਖਲਾਸਾ ਹਿੰਦੂ, ਮੁਸਲਮਾਨ, ਕਸਾਈ (ਇਸਾਈ) ਵੈਸ਼ਨੋ ਸਭ ਤੋਂ ਰਹਿਤ ਹੈ। ਖਾਲਸਾ ਅਕਾਲਪੁਰਖ ਕੀ ਫੌਜ ਹੈ। ਜੇ ਕਿਓ ਧਰਮ ਦੀ ਰੱਖਿਆ ਕਰਦੇ ਹੋਏ ਜੰਗ ਵਿਚ ਅੰਨ ਆਦਿ ਨਾ ਮਿਲੇ, ਤਾਂ ਪ੍ਰਾਣਾ ਦੀ ਰੱਖਿਆ ਵਾਸਤੇ ਖਾਣਾ ਪਵੇ ਤਾਂ ਹੱਥੀ ਝਟਕਾ ਕਰਕੇ ਖਾ ਲਵੇ, ਪ੍ਰਾਣ ਬਚਾਏ। ਉਹ ਵੀ ਤਾਂ ਜੇ ਚਿੱਤ ਚਾਹੇ ਤਾਂ, ਉਂਞ ਵੀ ਛਕਣਾ ਹੋਵੇ ਤਾਂ ਵੀ ਹੱਥੀਂ ਝਟਕਾ ਕਰਕੇ ਖਾਵੇ।"

(ਪੰਨਾ ੭੪ ਛਾਪ ੧੯੬੯

ਇਥੇ ਟਕਸਾਲੀਆਂ ਕੋਲ ਕੀ ਜਵਾਬ ਹੈ?

ਸੰਤ ਕਰਤਾਰ ਸਿੰਘ ਭਿੰਡਰਾਂਵਾਲੇ

ਟਕਸਾਲੀ ਬ੍ਰਹਮ ਗਿਆਨੀ ਕਹਾਉਣ ਵਾਲਿਆਂ ਨੂੰ ਆਪਣੀ ੮੪ ਕੱਟਣ ਦਾ ਵੀ ਫਿਕਰ ਪਿਆ ਰਿਹਾ ਕੋਈ ਵਿਸ਼ਵਾਸ ਇਹਨਾਂ ਨੂੰ ਨਹੀ ਸੀ ਕਿ ਪੂਰਾ ਸਿੱਖ ਕਦੇ ੮੪ ਦੇ ਚੱਕਰ ਵਿਚ ਨਹੀ ਪੈ ਸਕਦਾ। ਸੰਤ ਕਰਤਾਰ ਸਿੰਘ ਭਿੰਡਰਾਂਵਾਲੇ ਗੋਇੰਦਵਾਲ ਜਾ ਕੇ ੮੪ ਪਾਠ ਜਪੁਜੀ ਸਾਹਿਬ ਅਤੇ ੮੪ ਇਸ਼ਨਾਨ ਬਉਲੀ ਵਿਚ ਕੀਤੇ ਇਹ ਵੀ ਦੱਸਦੇ ਹਨ ਕਿ ਉਹ ਸੰਤ ਇਸ ਦੀ ਤਿਆਰੀ ਵਿਚ ੧-੨ ਦਿਨ ਪਹਿਲਾਂ ਘਿਉ ਅਤੇ ਸ਼ੱਕਰ ਰਲਾ ਕੇ ਖਾਂਦੇ ਰਹੇ ਤਾਂ ਕਿ ਟੱਟੀ ਪਿਸ਼ਾਬ ਨਾ ਆਵੇ। ਹੋਰ ਵੀ ਕਈ ਸੰਤ ਇਸ ਬਾਉਲੀ ਵਿਚ ੮੪ ਕੱਟਣ ਕਰਕੇ ਹਠ ਕਰਮ ਕਾਂਡ ਇਸ਼ਨਾਨ ਕਰਦੇ ਵੇਖੇ ਗਏ। ਇਥੋਂ ਇਹ ਵੀ ਸਿੱਧ ਹੁੰਦਾ ਹੈ ਕਿ ਕਥਾ ਕਰਦੇ ਹੋਏ ਵੀ ਗੁਰਬਾਣੀ ਤੋਂ ਅਣਜਾਣ ਰਹੇ। ਕਹਿਣੀ ਹੋਰ ਕਰਣੀ ਹੋਰ। ਤੀਰਥ ਇਸ਼ਨਾਨ ਦਾ ਕਈ ਥਾਂ ਗੁਰਬਾਣੀ ਅੰਦਰ ਖੰਡਨ ਕੀਤਾ ਹੋਇਆ ਹੈ। ਇਹ ੮੪ ਦੇ ਅਰਥ ਵੀ ਕਦੇ ਨਾ ਸਮਝ ਸਕੇ।

ਨੋਟ: ਹੋਰ ਵੀ ਟਕਸਾਲੀ ਮੁਖੀ 84 ਕੱਟਣ ਵਾਸਤੇ ਐਸੇ ਇਸ਼ਨਾਨ ਕਰਦੇ ਰਹੇ ਹਨ।

ਸੰਤ ਮੋਹਨ ਸਿੰਘ ਭਿੰਡਰਾਂ

ਇਹ ਵੀ ਭੋਰਿਆਂ ਵਿਚ ਬੈਠੇ ਤਪ ਕਰ ਰਹੇ ਹਨ ਸੰਤ ਕਰਤਾਰ ਸਿੰਘ ਅਤੇ ਇਹਨਾਂ ਦਾ ਟਕਸਾਲੀ ਪੱਗ ਦਾ ਰੌਲਾ ਪੈ ਗਿਆ ਇਹ ਜ਼ਿਕਰ ਅੱਗੇ ਆ ਚੁੱਕਾ ਹੈ। ਇਹ ਸੰਤ ਮੋਹਨ ਸਿੰਘ ਖਾਸ ਸਮੇ ਹੀ ਭੋਰੇ ਵਿਚੋਂ ਬਾਹਰ ਆਉਂਦਾ ਹੈ ਇਹ ਵੀ ਉਹਨਾਂ ਹੀ ਕਰਮ ਕਾਂਡਾਂ ਵਿਚ ਵਿਸ਼ਵਾਸ਼ ਰੱਖਦਾ ਹੈ ਜਿਨ੍ਹਾਂ ਵਿਚ ਅਕਸਰ ਟਕਸਾਲੀ ਰੱਖਿਆ ਕਰਦੇ ਹਨ।

ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਤਰਿ ਮਾਇਆ ਮਾਇਆ ॥

(ਪੰਨਾ ੧੧੨੮)

ਸੰਤ ਬਾਬਾ ਵਰਿਆਮ ਸਿੰਘ ਰਤਵਾੜੇ ਵਾਲਾ

ਇਹਨਾਂ ਬਾਰੇ ਪਹਿਲੀਆਂ ਕਿਤਾਬਾਂ ਵਿਚ ਵੀ ਕਾਫੀ ਕੁਝ ਲਿਖਿਆ ਜਾ ਚੁੱਕਾ ਹੈ ਅੱਜ ਕੱਲ੍ਹ ਉਥੇ ਵੱਖ ਵੱਖ ਵੱਡੇ ਸਮਾਗਮ ਮਨਾਏ ਜਾ ਰਹੇ ਹਨ ਇਹ ਸੰਤ ਆਪਸ ਵਿਚ ਵੀ ਈਰਖਾ ਰੱਖਦੇ ਹਨ ਇਸਦੇ ਚੇਲਿਆਂ ਅਤੇ ਸੰਤ ਲਖਬੀਰ ਸਿੰਘ ਦੇ ਚੇਲਿਆਂ ਵਿਚ ਬਹੁਤ ਮੱਤ ਭੇਦ ਚੱਲ ਰਹੇ ਹਨ। ਚਮਕੌਰ ਸਾਹਿਬ ਅਸੀ ਗਏ ਉਥੇ ਸਾਹਿਬ ਜਾਂਦਿਆਂ ਦਾ ੩੦੦ ਸਾਲਾ ਮਨਾਇਆ ਜਾ ਰਿਹਾ ਸੀ ਸ਼ਾਹਿਨਸ਼ਾਹ ਦਸਵੇਂ ਪਾਤਸ਼ਾਹ ਦੇ ੨ ਵੱਡੇ ਸ਼ਾਹਿਬਜ਼ਾਦੇ ਉਥੇ ਖੂਨੀ ਕੰਧਿਆਂ ਨਾਲ ਸ਼ਹੀਦ ਗਏ। ਦੇਖਿਆ ਨਿਹੰਗ ਸੁਖੇ ਦੇ ਰੱਜੇ ਉਥੇ ਘੋੜੇ ਭਜਾਈ ਫਿਰਨ ਸੂਰ ਸਿੰਘੀਆਂ ਦਾ ਦਲ ਉਥੇ ਆਪਣੀ ਪ੍ਰਦਰਸ਼ਨੀ ਕਰ ਰਿਹਾ ਸੀ। ਕਿਉਂ ਕਿ ਪ੍ਰਦਰਸ਼ਨੀ ਤੋਂ ਸਿਵਾ ਇਹਨਾ ਕੋਲ ਹੈ ਵੀ

ਕੀ ਹੈ ? ਉਥੇ ਸੰਤ ਵਰਿਆਮ ਸਿੰਘ ਦੀਆਂ ਕਿਤਾਬਾਂ ਦਾ ਸਟਾਲ ਅਤੇ ਇਕ ਪਾਸੇ ਸੰਤ ਲਖਬੀਰ ਸਿੰਘ ਦੇ ਬੰਦਿਆਂ ਨੇ ਸਟਾਲ ਲਾਇਆ ਹੋਇਆ ਸੀ ਸੰਤ ਵਰਿਆਮ ਸਿੰਘ ਦੀਆਂ ਔਰਤਾਂ ਚੇਲੀਆਂ ਕਹਿ ਰਹੀਆਂ ਸਨ ਇਹਨੂੰ ਲਖਬੀਰ ਸਿੰਘ ਨੂੰ ਲੱਗ ਜੂ ਪਤਾ ਕਿ ਮੱਥੇ ਕਿਵੇਂ ਟਿਕਾਈਦੇ ਹਨ ? ਇਹ ਮੱਥੇ ਟੇਕਣੇ ਬੜੇ ਸੌਖੇ ਹਨ ਜਦੋਂ ਟਿਕਾਉਣੇ ਪੈਣ ਉਦੋਂ ਪਤਾ ਲੱਗਦਾ ਹੈ ਪਰ ਇਕ ਪਾਸੇ ਇਹੋ ਸਾਧ ਕਹਿ ਰਹੇ ਹਨ ਕਿ ਅਸੀ ਨਾ ਮੱਥੇ ਟਿਕਾਉਂਦੇ ਹਾਂ ਅਤੇ ਨਾ ਟੇਕਦੇ ਹਾਂ ਪਰ ਇਹ ਸਾਰੇ ਅੰਦਰੋਂ ਹੋਰ ਅਤੇ ਬਾਹਰੋ ਹੋਰ ਹਨ ਇਹਨਾਂ ਦੀ ਇਕ ਇੰਟਰਵਿਊ ਜੋ ੧੪-੨-੯੭ ਨੂੰ ਇੰਗਲੈਂਡ ਵਿਚ ਹੋਈ ਉਹ ਪਾਠਕਾਂ ਦੀ ਨਜ਼ਰ ਇਸ ਤਰ੍ਹਾਂ ਹੈ-

ਟਰੱਸਟ ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਸ਼ਾਂ ਦੀ ਇੰਗਲੈਂਡ ਫੇਰੀ ਸਮੇਂ 14-2-97 ਨੂੰ ਸ. ਸੁਖਜਿੰਦਰ ਸਿੰਘ ਖਹਿਰਾ ਵਾਲਸਲ (K.T.C.E. Oil) ਇੰਗਲੈਂਡ ਵਾਲਿਆਂ ਦੇ ਘਰ ਪੰਜਾਬੀ ਪਤ੍ਰਿਕਾ ਆਵਾਜ਼-ਏ-ਕੌਮ ਦੇ ਐਡੀਟਰ ਸਾਹਿਬਾਨ ਵਲੋਂ ਲਈ ਗਈ ਇੰਟਰਵਿਊ ਦਾ ਵੇਰਵਾ

(ਲੜੀ ਜੋੜਨ ਲਈ ਵੇਖੋ ਨਵੰਬਰ 2004 ਅੰਕ)

ਪ੍ਰਸ਼ਨ-ਬਾਬਾ ਜੀ ! ਇਹ ਵੀ ਦੱਸਣ ਦੀ ਕ੍ਰਿਪਾਲਤਾ ਕਰਨੀ, ਅੱਜਕੱਲ੍ਹ ਸੰਤ ਸ਼ਬਦ ਲੱਗਣ ਤੋਂ ਬਿਨਾਂ ਕਈ ਵਾਰੀ ੧੦੮, ੧੦੦੮ ਵੀ ਲਗਾਇਆ ਹੁੰਦਾ ਹੈ, ਇਸ ਦਾ ਕੀ ਭਾਵ ਹੁੰਦਾ ਹੈ ?

ਉੱਤਰ-ਉਹ ਅਦਬ ਵਾਸਤੇ ਹੁੰਦਾ ਹੈ, ਜਿਵੇਂ ਆਪਾਂ ਲਿਖਦੇ ਹਾਂ ਵਾਰ-ਵਾਰ ਵਾਰ ਲਿਖ ਕੇ ੨ ਹਿੰਸਾ ਪਾ ਦਿਤਾ। ਜੇ ਦੱਸ ਵਾਰ ਲਿਖਣਾ ਹੋਵੇ ਤਾਂ 10 ਹਿੰਸਾ ਪਾ ਦੇਵਾਂਗੇ। ਸੋ 108 ਨੂੰ ਸੰਪੂਰਨ ਸਮਝਿਆ ਜਾਂਦਾ ਹੈ। ਕਿਉਂਕਿ ਮਾਇਆ ਦੇ ਮਣਕੇ 108 ਹੁੰਦੇ ਨੇ। ਸੋ ਉਹ ਜਦੋਂ ਸ੍ਰੀ ਕਹਿੰਦੇ ਨੇ, ਤਾਂ ਸ੍ਰੀ ਸ੍ਰੀ ਸ੍ਰੀ ਸ੍ਰੀ, 108 ਵਾਰ ਕਹਿਣ ਦੀ ਬਿਜਾਏ। ਸ੍ਰੀ 108 ਪਾ ਦਿੰਦੇ ਨੇ। ਇਹ ਕੋਈ ਐਸਾ ਅੱਖਰ ਨਹੀਂ ਹੈ, ਇਹ ਕੇਵਲ ਆਪਣੀ ਸ਼ਰਧਾ ਦਾ ਪ੍ਰਤੀਕ ਹੋਣ ਕਰਕੇ ਕਿਸੇ ਨੇ ਲਿਖਿਆ ਹੋਣਾ ਹੈ। ਹੁਣ ਇਹ ਰਿਵਾਜ ਬਣ ਗਿਆ। ਕਈ ਵਾਰੀ ਲਿਖਣ ਵਾਲੇ ਨੂੰ ਵੀ ਨਹੀਂ ਪਤਾ ਹੁੰਦਾ ਕਿ ਇਹਦਾ ਮਤਲਬ ਕੀ ਹੈ। ਸੋ ਕੋਈ 1008 ਲਿਖਦਾ ਹੈ, ਕੋਈ ਇਕ ਹਜ਼ਾਰ 11 ਲਿਖਦਾ ਹੈ। ਕੋਈ ਹੋਰ ਆ ਜਾਏਗਾ ਉਹਨੇ ਇਕ ਲੱਖ ਲਿਖ ਦੇਣਾ ਹੈ। ਇਹਦੇ ਵਿਚ ਸ੍ਰੀ ਨੂੰ ਗੁਣਾ ਕੀਤਾ ਗਿਆ ਹੈ।

ਪ੍ਰਸ਼ਨ-ਬਾਬਾ ਜੀ ਗੁਰਮਤਿ ਪ੍ਰਚਾਰ ਦੇ ਨਾਲ ਆਪ ਜੀ ਅੰਮ੍ਰਿਤ ਸੰਚਾਰ ਵੀ ਕਰਦੇ ਹੋ, ਹੁਣ ਤੱਕ ਕਿੰਨੇ ਕੁ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਵਾਲੇ ਬਣਾ ਚੁੱਕੇ ਹੋ।

ਉੱਤਰ-ਜਦੋਂ ਤੋਂ ਮੈਂ ਪੰਜਾਬ ਵਿਚ ਆਇਆ ਹਾਂ, ਆਪਣਾ ਫਾਰਮ ਵੇਚ ਕੇ, ਉਸ ਵੇਲੇ ਤੋਂ ਮੈਂ ਇਥੇ ਆ ਕੇ ਅੰਮ੍ਰਿਤ ਪ੍ਰਚਾਰ ਸ਼ੁਰੂ ਕੀਤਾ ਹੈ। 1978 ਵਿਚ ਆਪਣਾ ਫਾਰਮ ਵੇਚਿਆ ਸੀ। 1980 ਤੱਕ ਮੈਂ ਪੂਰੀ ਤਰ੍ਹਾਂ ਨਾਲ ਲਗ ਗਿਆ ਸੀ ਪਿੰਡ ਪਿੰਡ ਜਾਣ। 1980 ਤੋਂ ਲੈ ਹੁਣ ਤੱਕ ਤਿੰਨ ਲੱਖ 90 ਹਜ਼ਾਰ ਪ੍ਰਾਣੀਆਂ

ਨੇ ਅੰਮ੍ਰਿਤ ਛਕਿਆ ਹੈ। ਪਹਿਲਾਂ ਅਸੀਂ ਰਜਿਸਟਰ ਵਿਚ ਹਰ ਇਕ ਦਾ ਪਤਾ, ਪੇਸ਼ਾ ਆਦਿ ਸਭ ਲਿਖਦੇ ਸੀ। ਪਰ 1984 ਵਿਚ ਜਦੋਂ ਦਮਨ ਚੱਕਰ ਚੱਲਿਆ ਤਾਂ ਜਿਨ੍ਹਾਂ ਨੇ ਅੰਮ੍ਰਿਤ ਛਕਿਆ ਹੋਇਆ ਹੁੰਦਾ, ਉਨ੍ਹਾਂ ਨੂੰ ਪਹਿਲਾਂ ਟੋਲਦੇ ਸੀ। ਉਸ ਵੇਲੇ ਇਹ ਸੀ ਕਿ ਜੇ ਸਾਡਾ ਕਿਤੇ ਰਜਿਸਟਰ ਮਿਲ ਜਾਂਦਾ, ਤਾਂ ਪਤਾ ਨਹੀਂ ਵਿਚਾਰਿਆਂ ਤੇ ਖਾਹਮਖਾਹ ਕਿੰਨਾ ਕੁ ਸੰਤਾਪ ਆ ਜਾਂਦਾ। ਉਸ ਵੇਲੇ ਤੋਂ ਅਸੀਂ ਲਿਖਣਾ ਬੰਦ ਕਰ ਦਿਤਾ। ਗਿਣਤੀ ਲਿਖਣੀ ਸ਼ੁਰੂ ਕਰ ਦਿਤੀ। ਉਹਦੇ ਵਿਚ ਅਸੀਂ ਨਿਰੰਤਰ ਧਿਆਨ ਰਖਦੇ ਸਾਂ ਕਿ ਪ੍ਰਾਣੀ ਗਿਰ ਨਾ ਜਾਵੇ। ਨਿੱਜੀ ਸੰਪਰਕ ਨਿਰੰਤਰ ਧਿਆਨ ਰਖਦੇ ਹਾਂ। ਅਸੀਂ ਫੇਰ ਵੀ ਅਸੀਂ ਬੁਲਾਉਂਦੇ ਹਾਂ। ਉਹ ਸਾਡੇ ਨਿੱਜੀ ਸੰਪਰਕ ਹੀ ਨੇ ਜਿਹਦੇ ਕਰਕੇ ਐਡੇ ਵੱਡੇ-ਵੱਡੇ ਇਕੱਠ ਹੁੰਦੇ ਨੇ। ਅਸੀਂ ਉਨ੍ਹਾਂ ਨੂੰ ਅੱਖੋਂ ਓਹਲੇ ਨਹੀਂ ਕਰਦੇ। ਉਸ ਪਿੰਡ ਵਿਚ ਫੇਰ ਜਾਂਦੇ ਹਾਂ, ਫੇਰ ਜਾਂਦੇ ਹਾਂ, ਫੇਰ ਜਾਂਦੇ ਹਾਂ। ਸੋ ਇਸ ਕਰਕੇ ਅਸੀਂ ਗੁਰੂ ਵਾਲੇ ਬਣਾਉਂਦੇ ਹਾਂ ਸਾਰਿਆਂ ਨੂੰ ਕਿ ਗੁਰੂ ਵਾਲੇ ਬਣ ਕੇ ਆਪਣੇ ਜੀਵਨ ਨੂੰ ਸਫਲ ਕਰਨ।

ਪ੍ਰਸ਼ਨ-ਜਿਸ ਤਰ੍ਹਾਂ ਅੱਜਕੱਲ੍ਹ ਪੇਪਰ ਦੇ ਵਿਚ ਅਕਾਲ ਤਖਤ ਦੇ ਜਥੇਦਾਰ ਜੀ ਨੇ ਦਿਤਾ ਹੈ ਕਿ 1999 ਤੱਕ ਸਾਰੇ ਖਾਸਲਾ ਪੰਥ ਨੂੰ ਅੰਮ੍ਰਿਤ ਧਾਰੀ ਸਜਾਉਣਾ ਹੈ, ਜਿੰਨੇ ਵੀ ਮਹਾਂਪੁਰਸ਼ ਵਿਦੇਸ਼ਾਂ ਦੇ ਵਿਚ ਆਉਂਦੇ ਹਨ, ਜਿਸ ਤਰ੍ਹਾਂ ਤੁਸੀਂ ਵੀ ਦੱਸਿਆ ਹੈ ਕਿ ਤਿੰਨ ਲੱਖ ਨੱਬੇ ਹਜ਼ਾਰ ਨੂੰ ਅੱਜ ਤੱਕ ਅੰਮ੍ਰਿਤ ਛਕਾਇਆ ਹੈ। ਘੱਟੋ-ਘੱਟ ਹਜ਼ਾਰ ਕੁ ਮਹਾਤਮਾ ਜਿਨ੍ਹਾਂ ਦਾ ਜ਼ਿਕਰ ਇਸ ਵੇਲੇ ਹੋ ਰਿਹਾ ਹੈ ਪੰਜਾਬ ਦੇ ਵਿਚ, ਹੈ ਨੇ। ਜੇ ਉਨ੍ਹਾਂ ਨੂੰ ਵੀ ਗਿਣਤੀ ਪੁਛੀਏ, ਉਹ ਵੀ ਲੱਖਾਂ ਦੇ ਹਿਸਾਬ ਨਾਲ ਦੱਸਦੇ ਹਨ, ਲੇਕਿਨ ਜੇ ਪੰਜਾਬ ਦੇ ਵਿਚ, ਦੇਸ਼ਾਂ ਦੇ ਵਿਚ ਨਜ਼ਰ ਮਾਰੀਏ ਤਾਂ ਸਾਨੂੰ ਬਹੁਤ ਘੱਟ ਗਿਣਤੀ ਦੇ ਵਿਚ ਅੰਮ੍ਰਿਤਧਾਰੀ ਨਜ਼ਰ ਆਉਂਦੇ ਹਨ। ਐਸਾ ਕਿਉਂ ਹੈ ?

ਉਤਰ-ਇਹਦੇ ਬਾਰੇ ਮੈਂ ਕੁਛ ਕਹਿਣਾ ਨਹੀਂ ਚਾਹੁੰਦਾ। ਜਾਣਦਾ ਮੈਂ ਸਭ ਕੁਛ ਹਾਂ ਪਰ ਕਹਿ ਨਹੀਂ ਸਕਦਾ। ਪਰ ਜਿਸ ਰਸਤੇ ਉਤੇ ਅਸੀਂ ਚੱਲ ਰਹੇ ਹਾਂ, ਉਹ ਜਿਵੇਂ ਤੁਸੀਂ ਸੁਣ ਰਹੇ ਹੋ, ਉਵੇਂ ਅਸੀਂ ਸੁਣ ਰਹੇ ਹਾਂ। ਕਿਉਂਕਿ ਜੇ ਮੈਂ ਗੱਲ ਕਹੀ ਇਹ ਸੱਚੀ ਗੱਲ ਹੋ ਜਾਣੀ ਹੈ। ਫੇਰ ਐਵੇਂ ਮੈਂ ਕੋਈ ਖਾਹਮਖਾਹ ਕੋਈ ਨਵਾਂ ਪੁਆੜਾ ਖੜ੍ਹਾ ਕਰ ਲਵਾਂਗਾ।

ਪ੍ਰਸ਼ਨ-ਅਨੰਦਪੁਰ ਸਾਹਿਬ ਤੋਂ ਰਤਵਾੜਾ ਸਾਹਿਬ ਕਿੰਨੀ ਕੁ ਦੂਰ ਹੈ ?

ਉਤਰ-੬੫ ਕਿਲੋਮੀਟਰ ਹੈ।

ਪ੍ਰਸ਼ਨ-ਜਦੋਂ ਤੁਸੀਂ ਅੰਮ੍ਰਿਤ ਸੰਚਾਰ ਕਰਦੇ ਹੋ, ਰਤਵਾੜਾ ਸਾਹਿਬ ਕਰਦੇ ਹੋ ਕਿ ਅਨੰਦਪੁਰ ਸਾਹਿਬ ਕਰਦੇ ਹੋ ?

ਉਤਰ-ਅਸੀਂ ਅੰਮ੍ਰਿਤ ਸੰਚਾਰ ਉਥੇ ਕਰਦੇ ਹਾਂ ਜਿਥੇ ਦੀਵਾਨ ਲਾਉਂਦੇ ਹਾਂ। ਜਿਵੇਂ ਕਿ ਸਾਡੇ ਦੀਵਾਨ ਮਾਝੇ ਵਿਚ ਲੱਗੇ, ਪੱਟੀ 'ਚ ਲਾਏ, ਨਾਗੋ ਕੇ ਲਾਏ, ਖਡੂਰ ਸਾਹਿਬ ਲਾਏ, ਹਰ ਪੰਜਵੇਂ ਦਿਨ ਦੇ ਦੀਵਾਨ ਤੋਂ ਬਾਅਦ ਅਸੀਂ ਅੰਮ੍ਰਿਤ ਸੰਚਾਰ

ਕਰਦੇ ਹਾਂ। ਰਤਵਾੜਾ ਸਾਹਿਬ ਪੂਰਨਮਾਸ਼ੀ ਵਾਲੇ ਦਿਨ ਜਿਹੜੇ ਲੋਕ ਰਹਿ ਜਾਂਦੇ ਨੇ, ਨਹੀਂ ਆ ਸਕਦੇ, ਉਹ ਫੇਰ ਪੂਰਨਮਾਸ਼ੀ ਵਾਲੇ ਦਿਨ ਅੰਮ੍ਰਿਤ ਛਕ ਲੈਂਦੇ ਹਨ।

ਪ੍ਰਸ਼ਨ-ਜਿਵੇਂ ਕਿ ਅਖਬਾਰਾਂ ਦੇ ਵਿਚ ਆਮ ਸਿੱਖਾਂ ਵਿਚ ਵੀ ਇਹ ਗੱਲ ਪ੍ਰਚਲਤ ਹੋਈ ਹੈ ਕਿ ਇਹ ਅੰਮ੍ਰਿਤ ਫੇਸ ਜਥੇ ਦਾ, ਇਹ ਫਲਾਣੇ ਜਥੇ ਦਾ, ਇਸ ਤਰ੍ਹਾਂ ਕਿਉਂ ਨਹੀਂ ਕੋਈ ਕਹਿੰਦਾ ਕਿ ਇਹ ਅੰਮ੍ਰਿਤ ਗੁਰੂ ਸਾਹਿਬ ਦਾ ?

ਉਤਰ-ਸਾਡਾ ਤਾਂ ਇਸ ਤਰ੍ਹਾਂ ਦਾ ਖਿਆਲ ਹੀ ਨਹੀਂ ਕੋਈ। ਸਾਡਾ ਤਾਂ ਇਕ ਹੀ ਮੰਤਵ ਹੈ ਕਿ ਗੁਰੂ ਧਾਰਨ ਕਰਨਾ ਹੈ ਜੋ ਗੁਰਸਿੱਖੀ ਵਿਚ ਮਰਿਆਦਾ ਹੈ, ਉਹ ਇਹੀ ਹੈ ਕਿ ਜਦੋਂ ਤੱਕ ਅਸੀਂ ਪੰਜ ਪਿਆਰਿਆਂ ਤੋਂ ਮੰਤਰ ਨਹੀਂ ਲੈਂਦੇ ਤੇ ਅੰਮ੍ਰਿਤਧਾਰੀ ਨਹੀਂ ਹੁੰਦੇ ਓਨਾਂ ਚਿਰ ਸਾਡਾ ਗੁਰੂ ਗ੍ਰੰਥ ਸਾਹਿਬ ਨਾਲ ਸਬੰਧ ਨਹੀਂ ਪੈਂਦਾ। ਭਾਵੇਂ ਮੱਥੇ ਟੇਕੀ ਜਾਓ, ਪੂਜਾ ਕਰੀ ਜਾਓ, ਜਦ ਤੱਕ ਮੰਤਰ ਨਹੀਂ ਲਿਆ, ਓਨੀ ਦੇਰ ਤੱਕ ਸਬੰਧ ਨਹੀਂ ਜੁੜ ਸਕਦਾ। ਸਾਨੂੰ ਇਹ ਕੋਈ ਪਤਾ ਨਹੀਂ ਕਿ ਕਿਹੜਾ ਅੰਮ੍ਰਿਤ ਹੈ। ਜੋ ਅੰਮ੍ਰਿਤ ਦੀ ਮਰਿਆਦਾ ਲਿਖੀ ਹੋਈ ਹੈ, ਜੋ ਮਹਾਂਪੁਰਸ਼ਾਂ ਤੋਂ, ਭਾਈ ਦਇਆ ਸਿੰਘ ਜੀ ਤੋਂ ਚਲਦੀ ਆਈ ਹੈ ਤੇ ਸੀਨੇ-ਬ-ਸੀਨੇ ਸਾਡੇ ਤੱਕ ਪਹੁੰਚੀ ਹੈ। ਅਸੀਂ ਉਸ ਤਰ੍ਹਾਂ ਨਾਲ ਅੰਮ੍ਰਿਤ ਛਕਾਉਂਦੇ ਹਾਂ। ਸਾਨੂੰ ਕੋਈ ਪਤਾ ਨਹੀਂ ਕਿ ਕਿਹੜਾ ਕਿਹਦਾ ਅੰਮ੍ਰਿਤ ਹੈ, ਕਿਹੜਾ ਕਿਹਦਾ। ਨਾ ਕਦੇ ਸੁਣਿਆ ਹੈ ਨਾ ਕਦੇ ਧਿਆਨ ਦਿਤਾ ਹੈ।

ਪ੍ਰਸ਼ਨ-ਆਪ ਜੀ ਦੇ ਬਾਲ ਬੱਚੇ ਕਿਥੇ ਹਨ ਅਤੇ ਕੀ ਕਰ ਰਹੇ ਹਨ ?

ਉਤਰ-ਬਚਪਨ ਤੋਂ ਹੀ ਮੈਂ ਪਰਿਵਾਰ ਵਲੋਂ ਥੋੜ੍ਹਾ ਜਿਹਾ ਗਾਫਲ ਰਿਹਾ ਹਾਂ। ਬੱਚੇ ਆਪੇ ਹੀ ਪੜ੍ਹੇ ਨੇ, ਵੱਡਾ ਲੜਕਾ ਜਿਹੜਾ ਹੈ ਉਹਨੂੰ ਗੋਲਡ ਮੈਡਲ ਮਿਲਿਆ ਹੈ, ਉਹਨੇ ਐਮ. ਏ. ਇੰਜਨੀਰਿੰਗ ਦੀ ਕੀਤੀ ਹੈ। ਅਮਰੀਕਾ ਦੇ ਵਿਚ ਆਪਣਾ ਕੰਮ ਕਰ ਰਿਹਾ ਹੈ। ਦੂਜਾ ਜਿਹੜਾ ਹੈ ਉਹ ਕਿਸੇ ਵੱਡੀ ਅਮਰੀਕਨ ਇੰਡਸਟਰੀ ਦੇ ਵਿਚ ਮੈਨੇਜਰ ਲੱਗਿਆ ਹੋਇਆ ਹੈ। ਤੀਸਰੀ ਜਿਹੜੀ ਲੜਕੀ ਹੈ ਉਹਦਾ ਹਸਬੈਂਡ ਵੀ ਇੰਜੀਨੀਅਰ ਹੈ, ਉਹਦੇ ਆਪਣੇ ਸਟੋਰ ਨੇ। ਇਕ ਲੜਕੀ ਸਾਡੀ ਇੰਗਲੈਂਡ ਦੇ ਵਿਚ ਹੈ। ਨਾ ਉਹ ਸਾਡੇ ਤੋਂ ਕੁਛ ਮੰਗਦੇ ਨੇ ਨਾ ਅਸੀਂ ਉਨ੍ਹਾਂ ਨੂੰ ਕੁਛ ਦਿੰਦੇ ਹਾਂ। ਸਾਡੇ ਕੋਲ ਆਪਣੀ ਆਮਦਨ ਹੈ, ਫਾਰਮ ਅਸੀਂ ਵੇਚਿਆ ਹੈ। ਮੇਰਾ ਤਾਂ ਕਈ ਵਾਰੀ ਖਿਆਲ ਆਉਂਦਾ ਹੈ ਕਿ ਮੈਂ ਸਾਰੀ ਜਾਇਦਾਦ ਟਰੱਸਟ ਨੂੰ ਦੇ ਦੇਵਾਂ। ਫੇਰ ਆ ਜਾਂਦਾ ਹੈ ਕਿ ਮੈਂ ਇਕ ਬਾਪ ਵੀ ਹਾਂ, ਮੇਰੀ ਇਹ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਮੈਂ ਐਸਾ ਕਦਮ ਨਾ ਚੁਕਾਂ। ਪਿਤਾ ਦੀ ਜਿਹੜੀ ਡਿਊਟੀ ਹੈ ਉਹਦੇ ਮੁਤਾਬਿਕ ਮੈਂ ਬੱਚਿਆਂ ਦੀ ਜਾਇਦਾਦ, ਬੱਚਿਆਂ ਦੀ ਰਹਿਣ ਦੇਵਾਂ। ਟਰੱਸਟ ਦੀ ਆਪਣੀ ਅਲੱਗ ਚਲ ਰਹੀ ਹੈ, ਉਹਦੇ ਬੱਚੇ ਮੇਰੇ ਬੇਅੰਤ ਨੇ ਜਿਹੜੇ ਮੇਰਾ ਸਾਥ ਦਿੰਦੇ ਨੇ।

ਪ੍ਰਸ਼ਨ-ਬਾਬਾ ਜੀ, ਜਿਵੇਂ ਅੱਜਕਲ੍ਹ ਪੰਜਾਬ ਦੇ ਵਿਚ ਜਿਥੇ ਵੀ ਆਪਾਂ ਧਾਰਮਿਕ ਅਸਥਾਨ ਤੇ ਜਾਂਦੇ ਹਾਂ ਉਥੇ ਗੁਰੂ ਕੇ ਲੰਗਰ ਦੀ ਜੋ ਮਰਿਆਦਾ ਹੈ ਉਹ ਥੱਲੇ ਪੰਗਤ ਦੇ ਵਿਚ ਬੈਠ ਕੇ ਹੀ ਹੈ ਲੇਕਿਨ ਵਿਦੇਸ਼ਾਂ ਦੇ ਵਿਚ ਇਹ ਮਸਲਾ ਬੜਾ ਗੁੰਝਲਦਾਰ

ਬਣਿਆ ਹੋਇਆ ਹੈ। ਇਥੇ ਗੁਰਦੁਆਰਾ ਸਾਹਿਬਾਨਾਂ ਦੇ ਅੰਦਰ ਲੰਗਰ ਜਿਹੜਾ ਹੈ ਉਹ ਕੁਰਸੀਆਂ ਤੇ ਬੈਠ ਕੇ ਛਕਿਆ ਜਾਂਦਾ ਹੈ। ਇਹਦੇ ਬਾਰੇ ਤੁਸੀਂ ਕੀ ਕਹਿਣਾ ਚਾਹੁੰਦੇ ਹੋ।

ਉਤਰ-ਇਹਦੇ ਬਾਰੇ ਮੈਂ ਕਦੇ ਸੋਚਿਆ ਹੀ ਨਹੀਂ। ਜਿਹੜੀਆਂ ਰਸਮਾਂ ਨੇ, ਧਾਰਮਿਕ ਕਰਮ ਨੇ ਜਿਥੇ ਖਤਮ ਹੁੰਦੇ ਨੇ ਉਸ ਤੋਂ ਅੱਗੇ ਅਸੀਂ ਸ਼ੁਰੂ ਕਰਦੇ ਹਾਂ। ਉਹਦੇ ਬਾਰੇ ਨਾ ਅਸੀਂ ਕੁਝ ਸੋਚਦੇ ਹਾਂ ਅਸੀਂ ਕਹਿੰਦੇ ਹਾਂ ਕਿ ਇਨ੍ਹਾਂ ਦੀ ਸਹੂਲਤ ਹੈ। ਬੜੇ ਬੰਦੇ ਨੇ ਇਸ ਬਾਰੇ ਸੋਚਣ ਵਾਲੇ, ਬੜੇ ਬੰਦੇ ਨੇ ਗੱਲਾਂ ਕਰਨ ਵਾਲੇ, ਅਸੀਂ ਕਾਹਨੂੰ ਇਨ੍ਹਾਂ ਗੱਲਾਂ ਵਿਚ ਆਪਣਾ ਸਮਾਂ ਬਰਬਾਦ ਕਰੀਏ। ਸਾਡਾ ਜੋ ਵਰਤ ਵਿਹਾਰ ਹੈ ਉਹ ਇਹ ਹੈ ਜੋ ਹੇਠਲੀਆਂ ਗੱਲਾਂ ਨੇ ਉਹ ਅਸੀ ਸੋਚਦੇ ਹੀ ਨਹੀਂ। ਇਹ ਗੱਲ ਤਾਂ ਨਾ ਕਿਸੇ ਇਤਿਹਾਸ ਵਿਚ ਲਿਖੀ ਹੈ ਨਾ ਗੁਰੂ ਗ੍ਰੰਥ ਸਾਹਿਬ ਵਿਚ ਲਿਖੀ ਹੈ। ਇਹ ਵਿਹਾਰ ਦੀਆਂ ਗੱਲਾਂ ਨੇ ਜਿਵੇਂ ਕਿਸੇ ਨੂੰ ਚੰਗੀਆਂ ਲੱਗੀਆਂ ਉਵੇਂ ਚਲਾ ਦਿਤੀਆਂ। ਅਸੀਂ ਇਸ ਵਿਚ ਕੋਈ ਦਖਲ ਦੇਈਏ, ਬਿਆਨਬਾਜ਼ੀ ਕਰੀਏ, ਠੀਕ ਨਹੀਂ ਲਗਦਾ। ਮੈਨੂੰ ਤਾਂ ਕਦੇ ਇਨ੍ਹਾਂ ਗੱਲਾਂ ਦਾ ਖਿਆਲ ਹੀ ਨਹੀ ਆਇਆ। ਮੈਂ ਤਾਂ ਇਹੀ ਦੇਖਦਾ ਹਾਂ ਕਿ ਇਹ ਸੋਹਣੀਆਂ ਪੈਂਟਾਂ ਵਾਲੇ ਲੋਕ ਇਥੇ ਰਹਿੰਦੇ ਨੇ ਇਸ ਕਰਕੇ ਇਹ ਉਤੇ ਬੈਠ ਕੇ ਰੋਟੀ ਖਾ ਲੈਂਦੇ ਨੇ।

ਪ੍ਰਸ਼ਨ- ਬਾਬਾ ਜੀ! ਜੇ ਇਹੀ ਬੰਦੇ ਕੱਲ੍ਹ ਨੂੰ ਕਹਿਣ ਲਗ ਜਾਣ ਕਿ ਗੁਰੂ ਮਹਾਰਾਜ ਦੀ ਹਜ਼ੂਰੀ ਦੇ ਵਿਚ ਅਸੀਂ ਕੁਰਸੀਆਂ ਤੇ ਬੈਠਣਾ ਹੈ ਫੇਰ?

ਉਤਰ- ਇਹ ਗੱਲ ਆਪਣੀ ਸਰਧਾ ਦੀ ਪ੍ਰਤੀਕ ਹੈ। ਜਦੋਂ ਅਸੀਂ ਆਪਣਾ ਸਤਿਗੁਰੂ ਸਮਝਦੇ ਹਾਂ, ਸ਼ਰਧਾ ਦੇ ਨਾਲ ਉਸ ਨੂੰ ਸੁਪਰੀਮ ਸਮਝਦੇ ਹਾਂ। ਉਸ ਵੇਲੇ ਸਾਡੀ ਜਿਹੜੀ ਹੱਦ ਤੋਂ ਜ਼ਿਆਦਾ ਨਿਮਰਤਾ ਹੈ, ਝੁਕਣਾ ਹੈ, ਸਤਿਕਾਰ ਕਰਨਾ ਹੈ, ਉਹ ਸਾਡਾ ਫਰਜ਼ ਬਣ ਜਾਂਦਾ ਹੈ। ਹੁਣ ਮੈਂ ਕੁਰਸੀ ਤੇ ਬੈਠਾ ਹਾਂ ਤੁਸੀ ਸਾਰੇ ਥੱਲੇ ਬੈਠੇ ਹੋ। ਮੈਂ ਬੈਠਾ ਹਾਂ ਇਸ ਕਰਕੇ ਕਿ ਜੇ ਮੈਂ ਸਾਰਾ ਦਿਨ ਬੈਠਾਂ ਮੈ ਥੱਕ ਜਾਂਦਾ ਹਾਂ। ਮੈਂ ਇਸ ਕਰਕੇ ਨਹੀਂ ਬਹਿੰਦਾ ਕਿ ਮੈਨੂੰ ਕਈ ਇਸ ਦਾ ਖਿਆਲ ਹੈ। ਜੇ ਮੈਂ ਬਹਿ ਵੀ ਜਾਂਦਾ ਹਾਂ ਕਿ ਮੇਰੇ ਆਲੇ-ਦੁਆਲੇ ਲੋਕ ਐਨੇ ਇਕੱਠੇ ਹੋ ਜਾਂਦੇ ਨੇ ਉਨ੍ਹਾਂ ਦੇ ਸਾਹ ਮੈਨੂੰ ਆਉਣ ਲਗ ਜਾਂਦੇ ਨੇ ਤੇ ਮੈਂ ਕਈ ਵਾਰੀ ਬਿਮਾਰ ਹੋ ਚੁੱਕਿਆ ਹਾਂ। ਜੇ ਹੋਰ ਕੁਰਸੀਆਂ ਡਾਹ ਲਈਏ ਫੇਰ ਬਹੁਤਿਆਂ ਲਈ ਥਾਂ ਨਹੀਂ ਰਹਿਣਾ। ਆਪਾਂ ਰਲ ਮਿਲਕੇ ਗੁਜ਼ਾਰਾ ਕਰ ਲਓ, ਤੁਸੀਂ ਸਾਡੇ ਬੱਚੇ ਹੋ, ਫੇਰ ਵੀ ਅਸੀਂ ਵੱਡੇ ਹਾਂ, ਚਲੋ ਥੱਲੇ ਬਹਿ ਗਏ ਤਾਂ ਕੀ ਫਰਕ ਪੈ ਗਿਆ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਜੀ ਦੀ ਜੋ ਸ਼ਰਧਾ, ਸਤਿਕਾਰ ਬਣਦਾ ਹੈ ਕਿ ਅਸੀਂ ਕਦੇ ਵੀ ਉਨ੍ਹਾਂ ਦੇ ਨਾਲ ਉਚਾ ਨਹੀਂ ਬੈਠਣਾ ਅਸੀਂ ਨੀਵਾਂ ਬੈਠਣਾ ਹੈ। ਭਾਵੇਂ ਈਸਾਈ ਲੋਕ ਇਸ ਤਰ੍ਹਾਂ ਹੀ ਕਰਦੇ ਨੇ। ਉਨ੍ਹਾਂ ਦੀ ਰਹੁ-ਰੀਤ ਹੀ ਐਸੀ ਸੀ ਮੁੱਢ ਤੋਂ। ਸਾਡੀ ਰਹੁ-ਰੀਤ ਵਿਚ ਇਹ ਸੀ ਕਿ ਨਿਮਰਤਾ ਹੱਦ ਤੋਂ ਜ਼ਿਆਦਾ ਹੋਵੇ, ਅਸੀਂ ਭੁੰਞੇ ਨਹੀਂ ਬਹਿੰਦੇ, ਕਪੜੇ ਤੇ ਵੀ ਨਹੀਂ ਬਹਿੰਦੇ ਉਹ ਵੀ ਛੱਡ ਦਿੰਦੇ ਹਾਂ ਕਿ ਹੋਰ

ਜਿਥੇ ਥਾਉਂ ਹੈ ਉਥੇ ਬੈਠੀਏ। ਇਹ ਰਿਸ਼ਤਾ ਗੁਰੂ ਦੇ ਨਾਲ ਸ਼ਰਧਾ ਵਾਲਾ ਹੈ। ਕੁਰਸੀਆਂ ਦੀ ਗੱਲ ਜਿਸ ਵਕਤ ਆ ਜਾਏਗੀ ਉਸ ਵਕਤ ਸਿੱਖੀ ਜਿਹੜੀ ਹੈ ਉਪਰਲੀ-ਉਪਟਲੀ ਰਹਿ ਜਾਏਗੀ। ਸ਼ਰਧਾ ਇਹਦੇ ਵਿਚੋਂ ਉਡ ਜਾਵੇਗੀ। ਸੋ ਸ਼ਰਧਾ ਵਾਸਤੇ ਸਾਨੂੰ ਪੂਰਾ ਸਤਿਕਾਰ ਦੇਣਾ ਪੈਣਾ ਹੈ ਤੇ ਉਨ੍ਹਾਂ ਨੂੰ ਉਚੇ ਥਾਉਂ ਰੱਖਣਾ ਹੈ।

ਪ੍ਰਸ਼ਨ-ਬਾਬਾ ਜੀ! ਵੱਧ ਘੱਟ ਪੁੱਛੇ ਗਏ ਸਵਾਲਾਂ ਦੇ ਲਈ ਮਾਫੀ ਬਖਸ਼ਣੀ। ਅਗਲਾ ਪ੍ਰਸ਼ਨ ਇਹ ਹੈ ਕਿ ਕੁਝ ਪ੍ਰੇਮੀਆਂ ਤੋਂ ਸੁਣਿਆ ਹੋਇਆ ਹੈ ਕਿ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲੇ ਕਦੀ-ਕਦੀ ਇਹ ਬਚਨ ਕਰਿਆ ਕਰਦੇ ਸਨ ਕਿ ਖਾਲਸੇ ਦਾ ਰਾਜ ਜਲਦੀ ਹੋਵੇਗਾ, ਪਰੰਤੂ ਪਿਛਲੇ ਦਹਾਕੇ ਵਿਚ ਜੋ ਖੂਨ ਦੀ ਹਾਨੀ ਹੋਈ ਹੈ, ਅਜਿਹਾ ਤਾਂ ਮੁਗਲਾਂ ਜਾਂ ਅੰਗਰੇਜ਼ਾਂ ਦੇ ਸਮੇਂ ਵੀ ਨਹੀਂ ਸੀ ਹੋਇਆ। ਮਹਾਂਪੁਰਸ਼ਾਂ ਦੇ ਬਚਨ ਕਦੋਂ ਸਤਿ ਹੋਣਗੇ? ਆਪ ਜੀ ਕੀ ਅਨੁਭਵ ਕਰ ਰਹੇ ਹੋ?

ਉਤਰ-ਇਹਦੇ ਬਾਰੇ ਮੇਰੇ ਤੋਂ ਵੀ ਪੁਛਿਆ ਗਿਆ ਹੈ ਬਹੁਤ ਵੱਡੇ ਲੀਡਰ ਨੇ। ਮੈਂ ਨਾਉਂ ਤਾਂ ਨਹੀਂ ਲੈਣਾ। ਉਹਨੇ ਮੈਨੂੰ ਕਿਹਾ ਕਿ 'ਰਾਜ ਕਰੇਗਾ ਖਾਲਸਾ' ਖਾਲਸਾ ਕੌਣ ਹੈ?

ਆਤਮ ਰਸ ਜਿਹ ਜਾਨਹੀ ਸੋ ਹੈ ਖ਼ਾਲਸ ਦੇਵ ॥
ਪ੍ਰਭ ਮਹਿ ਮੋ ਮਹਿ ਤਾ ਮਹਿ ਰੰਚਕ ਨਾਹਨ ਭੇਵ ॥

ਸਰਬ ਲੋਹ ਗ੍ਰੰਥ 'ਚੋਂ

ਜਿਸ ਤੇ ਆਤਮਾ ਦੇ ਰਸ ਨੂੰ ਜਾਣ ਲਿਆ, ਆਤਮਾ ਸਾਖਸ਼ਾਤ ਕਰਕੇ ਆਪਣਾ ਆਪਾ ਮਿਟਾ ਦਿਤਾ। ਉਹਨੂੰ ਖਾਲਸਾ ਕਹਿੰਦੇ ਨੇ।

ਪੂਰਨ ਜੋਤ ਜਗੈ ਘਟ ਮੈ
ਤਬ ਖ਼ਾਲਸ ਤਾਹਿ ਨਖ਼ਾਲਸ ਜਾਨੈ ॥

ਇਹ ਨਖਾਲਸ ਦੁਨੀਆਂ ਦੇ ਅੰਦਰ ਉਹ ਖਾਲਸਾ ਹੈ ਜਿਹਦੇ ਅੰਦਰ ਵਾਹਿਗੁਰੂ ਦੀ ਜੋਤ ਜਗ ਪਵੇ। ਉਹ ਜੋਤ ਹੈ ਅਨੁਭਵ ਦੀ। ਕੋਈ ਦੀਵਾ ਨਹੀਂ ਮਚਦਾ। ਅਨੁਭਵ ਦੀ ਜੋਤ ਜਗ ਕੇ ਉਸ ਨੂੰ ਇਹ ਪਤਾ ਲਗ ਜਾਵੇ ਕਿ ਇਥੇ ਪ੍ਰਮੇਸ਼ਰ ਤੋਂ ਬਗੈਰ ਹੋਰ ਕੋਈ ਹੈ ਹੀ ਨਹੀਂ। ਜਿਹਦਾ ਇਹ ਨਿਸ਼ਚਾ ਹੋ ਜਾਵੇ ਉਹ ਖਾਲਸਾ ਹੋਇਆ ਕਰਦਾ ਹੈ ਆਪਣੇ ਆਪ ਲਿਖਣ ਤੇ ਕੋਈ ਖਾਲਸਾ ਨਹੀਂ ਬਣਦਾ। ਆਪਣੇ ਆਪ ਲਿਖਣ ਤੇ ਕੋਈ ਬ੍ਰਹਮਗਿਆਨੀ ਨਹੀਂ ਬਣਦਾ, ਆਪਣੇ ਆਪ ਲਿਖਣ ਤੇ ਸੰਤ ਨਹੀਂ ਬਣਦਾ। ਗੁਰੂ ਗ੍ਰੰਥ ਸਾਹਿਬ ਜੀ ਨੇ ਇਹਦੀ ਪਰਿਭਾਸ਼ਾ ਜਿਹੜੀ ਉਹਦੇ ਬਾਰੇ ਆਪ ਹੀ ਦਸਿਆ ਹੈ ਕਿ ਜਿਹੜਾ ਅਸੀਂ ਖਾਲਸਾ ਕਹਿੰਦੇ ਹਾਂ ਨਾ ਉਹ ਕੀ ਹੁੰਦਾ ਹੈ? ਉਹ ਹੁੰਦਾ ਹੈ ਜਿਹਦੇ ਅੰਦਰ ਹਰ ਵਕਤ ਨਾਮ ਚਲਦਾ ਹੈ। ਗੁਰੂ ਮਹਾਰਾਜ ਕਹਿੰਦੇ-

ਜਿਸਨੋ ਬਖਸੇ ਸਿਫਤਿ ਸਾਲਾਹ

ਨਾਨਕ ਪਾਤਸਾਹੀ ਪਾਤਸਾਹੁ ॥

(ਜਪੁਜੀ ਸਾਹਿਬ)

ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮ ਮਨ ਭਿੰਨਾ ॥

(ਅੰਗ ੭੦੭)

ਮੈਨੂੰ ਕਹਿਣ ਲੱਗਿਆ ਕਿ ਮੈਂ ਤਾਂ ਖਾਲਸੇ ਦੀ ਗੱਲ ਕਰਦਾ ਹਾਂ। ਮੈਂ ਕਿਹਾ ਮੈਂ ਵੀ ਖਾਲਸੇ ਦੀ ਹੀ ਗੱਲ ਕਰਦਾ ਹਾਂ। ਮੈਂ ਕਿਹਾ ਮੈਂ ਵੀ ਖਾਲਸੇ ਦੀ ਹੀ ਗੱਲ ਕਰਦਾ ਹਾਂ। ਖਾਲਸੇ ਦਾ ਤਾਂ ਰਾਜ ਕਦੇ ਜਾਂਦਾ ਹੀ ਨਹੀਂ ਹੈ। ਕਬੀਰ ਸਾਹਿਬ ਦਾ ਰਾਜ ਕਿਤੇ ਨਹੀਂ ਗਿਆ, ਸਭ ਦੇ ਦਿਲਾਂ ਦੇ ਛਾਇਆ ਪਿਆ ਹੈ। ਨਾਮਦੇਵ ਦਾ ਰਾਜ ਕਿਤੇ ਨਹੀਂ ਗਿਆ ਸਭ ਦੇ ਦਿਲਾਂ ਤੇ ਛਾਇਆ ਪਿਆ ਹੈ।

ਇਕ ਵਾਰੀ ਰਾਮਾ ਕ੍ਰਿਸਨਾ ਮਿਸ਼ਨ ਦੀ ਮੀਟਿੰਗ ਹੋ ਰਹੀ ਸੀ, ਮੇਰੇ ਨਾਲ ਇਕ ਲਿਖੀ ਹੋਈ ਕਿਤਾਬ ਵਿਚੋਂ ਐਡਵੋਕੇਟ ਜਰਨਲ ਲੈਕਚਰ ਦੇਣ ਲਗ ਗਿਆ। ਮੈਂ ਸਾਮ੍ਹਣੇ ਬੈਠਾ ਸੀ, ਜਦੋਂ ਗਲਤ ਬੋਲਣ ਲੱਗਿਆ ਮੈਂ ਹੱਥ ਮਾਰ ਕੇ ਰੋਕਿਆ ਤੇ ਕਿਹਾ ਕਿ ਤੂੰ ਠੀਕ ਬੋਲ, ਅਸਲੀ ਗੱਲ ਆਹ ਹੈ। ਉਹ ਬੜਾ ਦਲੇਰ ਨਿਕਲਿਆ। ਉਸਨੇ ਕਿਹਾ ਕਿ ਜੀ ਮੈਂ ਇਹਦੀ ਕਿਤਾਬ ਦੇ ਵਿਚੋਂ ਇਹਦੇ ਸਾਮ੍ਹਣੇ ਬੋਲ ਰਿਹਾ ਹਾਂ। ਇਹਦਾ ਲੇਖ ਪੜ੍ਹਿਆ ਸੀ ਮੈਂ। ਮੇਰੇ ਤੋਂ ਯਾਦ ਚੰਗੀ ਤਰ੍ਹਾਂ ਨਹੀਂ ਹੋ ਸਕਿਆ, ਚੰਗਾ ਇਹ ਹੈ ਤੁਸੀਂ ਇਨ੍ਹਾਂ ਤੋਂ ਹੀ ਸੁਣ ਲਓ। ਐਨਾ ਕਹਿ ਕੇ ਉਹ ਬੈਠ ਗਿਆ।

ਸਵਾਮੀ ਨਿਤਿਆਨੰਦ ਸੀ ਉਸ ਵੇਲੇ। ਉਹ ਕਹਿਣ ਲੱਗੇ ਕਿ ਅੱਛਾ, ਸਰਦਾਰ ਜੀ ਆਪ ਆਓ ਫਿਰ। ਉਹ ਬੋਲ ਰਿਹਾ ਸੀ ਗੁਰੂ ਗੋਬਿੰਦ ਸਿੰਘ ਜੀ ਤੇ। ਜਦੋਂ ਮੇਰਾ ਨਾਉਂ ਲਿਆ ਤਾਂ ਕੋਈ ਵੀ ਆਦਮੀ ਉਸ ਸੁਸਾਇਟੀ ਦੇ ਵਿਚ, ਸਾਰੇ ਵਿਦਵਾਨ ਸਾਰੇ ਉਚ ਪੱਧਰ ਤੇ ਆਫੀਸਰ, ਕਮੀਸ਼ਨਰ, ਯੂਨੀਵਰਸਿਟੀਆਂ ਦੇ ਹੈਡ ਆਫ ਡਿਪਾਰਟਮੈਂਟ ਸਭ ਬੈਠੇ ਸੀ। ਉਹਦੇ ਵਿਚ ਲੋਕੀਂ ਤਿਆਰ ਹੋ ਕੇ ਬੋਲਦੇ ਸੀ ਕਿਕੋਈ ਗਲਤੀ ਨਾ ਹੋ ਜਾਏ। ਉਥੇ ਜਦ ਮੈਂ ਗਿਆ ਤਾਂ ਮੈਂ ਕਿਹਾ ਮੈਨੂੰ ਤਾਂ ਪਤਾ ਨਹੀਂ ਲਗਦਾ ਹੈ ਕਿ ਮੈਂ ਕੀ ਬੋਲਾਂ। ਪਰ ਜਿਹੜਾ ਕੁਛ ਮੇਰੇ ਅੱਗੇ ਆ ਰਿਹਾ ਹੈ ਮੈਂ ਉਹੀ ਬੋਲ ਦੇਣਾ ਹੈ। ਜਵਾਬ ਤਾਂ ਮੈਨੂੰ ਕਿਸੇ ਨੇ ਨਹੀਂ ਸੀ ਦੇਣਾ ਕਿ ਹਾਂ ਤੂੰ ਬੋਲ। ਮੈਂ ਕਿਹਾ, ਮੈਨੂੰ ਆ ਗਿਆ ਕਿ 'ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ।' ਸਾਡੇ ਪ੍ਰੋਫੈਸਰ ਜਿਹੜੇ ਸੀ ਪ੍ਰੋ. ਅਤਰ ਸਿੰਘ ਵਰਗੇ, ਕਮਿਸ਼ਨਰ ਵੀ ਸੀਗੇ ਉਹ ਘਬਰਾ ਗਏ। ਇਹ ਤਾਂ ਬੜਾ ਮਾੜਾ ਵਿਸ਼ਾ ਇਸ ਨੇ ਚੁਣ ਲਿਆ। ਜਦੋਂ ਮੈਂ 'ਖਾਲਸੇ' ਦੇ ਬਾਰੇ ਬੋਲਿਆ, ਉਸ ਐਡਵੋਕੇਟ ਦੇ ੪੫ ਮਿੰਟ ਬਚਦੇ ਸੀ। ਤਾਂ ਸਵਾਮੀ ਨਿਤਿਆਨੰਦ ਦੌੜਿਆ ਆਇਆ ਕਹਿਣ ਲੱਗਿਆ ਕਿ ਤੁਸੀਂ ਅੱਧਾ ਘੰਟਾ ਹੋਰ ਬੋਲੋ। ਮੈਨੂੰ ਸਵਾ ਘੰਟਾ ਮਿਲ ਗਿਆ। ਸਵਾ ਘੰਟੇ ਬਾਅਦ ਮੈਂ ਬੰਦ ਕਰਨ ਲੱਗਿਆ ਤਾਂ ਕਹਿਣ ਲੱਗਿਆ ਨਾ ਹੋਰ ਬੋਲੋ-ਖੁਲ੍ਹਾ ਬੋਲੋ। ਜਦੋਂ ਮੈਂ ਬੋਲ ਹਟਿਆ ਖਾਲਸੇ ਦੇ ਰਾਜ ਬਾਰੇ ਉਸ ਵੇਲੇ ਸਭ ਤੋਂ ਪਹਿਲਾਂ ਪ੍ਰੋਫੈਸਰ ਅਤਰ ਸਿੰਘ ਸਟੇਜ ਤੇ ਚੜ੍ਹਿਆ। ਕਮਿਸ਼ਨਰ ਜਲੰਧਰ ਤੋਂ ਆਇਆ, ਦਵੇਈ ਸਾਹਿਬ ਸਟੇਜ ਤੇ ਆਏ, ਇਕ ਦਮ

ਸਟੇਜ ਭਰ ਗਈ, ਮੈਨੂੰ ਜੱਫੀਆਂ ਪਾ ਕੇ ਤਿਆਰ ਕਰੀ ਜਾਣ। ਕਹਿਣ ਲੱਗੇ ਵਾਹ ਬਈ, ਅਸੀਂ ਤਾਂ ਸਭ ਡਰ ਗਏ ਸੀ ਅਤੇ ਤੂੰ ਜੋ ਗੱਲ ਕਹੀ ਹੈ ਅਸੀਂ ਤੇਰੇ ਵਿਚਾਰਾਂ ਨਾਲ ੧੦੦% ਸਹਿਮਤ ਹਾਂ। ਅੱਜ ਸਾਡੇ ਮਨ ਵਿਚੋਂ ਕੱਢ ਦਿਤਾ। ਅਸੀਂ ਤਾਂ ਇਹੀ ਕਹਿੰਦੇ ਸੀ ਕਿ ਰਾਜ ਕਰੇਗਾ ਖਾਲਸਾ ਬਾਕੀ ਰਹੇ ਨਾ ਕੋਇ। ਅੱਜ ਤੁਸੀਂ ਦੱਸ ਦਿਤਾ ਅਸੀਂ ਇਸ ਖਾਲਸੇ ਦੇ ਰਾਜ ਦੇ ੧੦੦% ਹਾਮੀ ਹਾਂ। ਅਸੀਂ ਚਾਹੁੰਦੇ ਹੀ ਹਾਂ ਕਿ ਕੋਈ ਐਸਾ ਖਾਲਸਾ ਆਵੇ, ਕੋਈ ਐਸਾ ਵਿਅਕਤੀ ਆਵੇ ਜੋ ਐਸਾ ਰਾਜ ਕਰੇ।

ਉਸ ਵੇਲੇ ਨਿਤਿਆਨੰਦ ਜੀ ਨੇ ਕਿਹਾ ਕਿ ਮੈਂ ਅੱਜ ਪਹਿਲੀ ਵਾਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਸੁਣਿਆ ਹੈ। ਮੈਂ ਇਨ੍ਹਾਂ ਦੇ ਮੁੱਖ ਤੋਂ ਜਿਹੜੀਆਂ ਗੱਲਾਂ ਸੁਣੀਆਂ ਨੇ, ਮੈਂ ਮਾਫ਼ੀ ਮੰਗਦਾ ਹਾਂ ਕਿ ਮੈਂ ਪਹਿਲਾਂ ਤੁਹਾਨੂੰ ਵਾਧੂ ਸਮਾਂ ਬਿਠਾ ਰੱਖਿਆ। ਪਰ ਇਕ ਗੱਲ ਹੈ ਕਿ ਮੇਰੇ ਉਤੇ ਇਕ ਕ੍ਰਿਪਾ ਕਰੋ, ਆਹ ਤਸਵੀਰ ਜਿਹੜੀ ਗੁਰੂ ਗੋਬਿੰਦ ਸਿੰਘ ਜੀ ਦੀ ਹੈ ਇਹ ਨਾ ਮੇਰੇ ਤੋਂ ਵਾਪਸ ਮੰਗਣਾ। ਮੈਂ ਆਪਣੇ ਮਿਸ਼ਨ ਦੇ ਵਿਚ ਲਾਉਣੀ ਹੈ ਮੈਨੂੰ ਇਹ ਰਾਮਚੰਦਰ ਲੱਗ ਰਹੇ ਹਨ।

ਵਿਚਾਰ—ਸਵਾਲ ਨੰ: ੩ ਦੇ ਜਵਾਬ ਵਿਚ ਸੰਤ ਕਹਿੰਦੇ ਇਹਦੇ ਬਾਰੇ ਮੈ ਕੁਝ ਨਹੀ ਕਹਿਣਾ ਚਾਹੁੰਦਾ। ਜਾਣਦਾ ਮੈ ਸਭ ਕੁਝ ਹਾਂ ਪਰ ਕਹਿ ਨਹੀ ਸਕਦਾ। ਕਿਉਂ ਕਹਿ ਕਿਉ ਨਹੀ ਸਕਦੇ ਕੌਣ ਜਬਾਨ ਖੋਲੇਗਾ, ਕੌਣ ਬੁਰਾ ਬਣੇਗਾ। ਇਕ ਪਾਸੇ ਇਹੋ ਸੰਤਾਂ ਦੇ ਚੇਲੇ ਕਹਿ ਰਹੇ ਹਨ ਸੰਤ ਬੇਪਰਵਾਹ ਹੁੰਦੇ ਹਨ ਖਾਲਸੇ ਤੇ ਹੋਰ ਕਿਸੇ ਦਾ ਅਸਰ ਕੋਈ ਨਹੀ (ਨੋਟ-ਇਹ ਸਾਧ ਆਪਣੇ ਆਪ ਨੂੰ ਖਾਲਸਾ ਸਮਝਦੇ ਹਨ) ਜੇ ਇਹਨਾਂ ਸੱਚ ਨਹੀ ਕਹਿਣਾ ਤਾਂ ਝੂਠ ਤਾਂ ਆਮ ਲੋਕ ਵੀ ਕਹੀ ਜਾਂਦੇ ਹਨ, ਫਿਰ ਸੱਚ ਕੌਣ ਬੋਲੇਗਾ ? ਗੁਰੂ ਨਾਨਕ ਸਾਹਿਬ ਨੇ ਵੱਡੇ ਵੱਡੇ ਹਾਕਮਾਂ ਦੇ ਮੂੰਹ ਤੇ ਸੱਚ ਬੋਲਿਆ ਪਿਛੇ ਜਿਕਰ ਆ ਚੁੱਕਾ ਹੈ ਪਰ ਇਹ ਰੀਸਾਂ ਤਾਂ ਗੁਰੂ ਨਾਨਕ ਦੀਆਂ ਕਰਦੇ ਹਨ ਇਹਨਾਂ ਦੇ ਚੇਲੇ ਇਹਨਾਂ ਨੂੰ ਬੜੀ ਵੱਡੀ ਅਵਸਥਾ ਦੇ ਮਾਲਕ ਦਸਦੇ ਹਨ ਫਿਰ ਕੀ ਇਹ ਸਾਰਾ ਕੁਝ ਝੂਠ ਨਾ ਹੋਇਆ। ਅਵਸਥਾ ਵਾਲੇ ਤਾਂ ਸੱਚ ਸ੍ਮਾ ਤੋਂ ਕੁਰਬਾਨ ਹੋ ਗਏ। ਉਹਨਾਂ ਜਾਨ ਦੀ ਪ੍ਰਵਾਹ ਨਾ ਕੀਤੀ ਉਹਨਾਂ ਸਰਬੱਤ ਦੇ ਭਲੇ ਵਾਸਤੇ ਖਤਰੇ ਮੁੱਲ ਲਏ। ਪਰ ਇਹਨਾਂ ਸੰਤਾਂ ਦੀ ਹਾਲਤ ਦਾ ਅੰਦਾਜਾ ਸੌਖਿਆਂ ਹੀ ਲਾਇਆ ਜਾ ਸਕਦਾ ਹੈ ਕਿ ਇਹ ਕੇਵਲ ਪਲੰਘਿਆ, ਕਾਰਾਂ ਤੇ ਏਅਰ ਕੰਡੀਸ਼ਨ ਕਮਰਿਆਂ ਵਿਚ ਬੈਠ ਕੇ ਮੱਥੇ ਟਿਕਾਉਣ ਜੋਗੇ ਹੀ ਹਨ।

ਅੱਗੇ ਖਾਲਸਾ ਰਾਜ ਦੇ ਸਵਾਲ ਦੇ ਪੱਤਰਕਾਰ ਨੇ ਸਵਾਲ ਕੀਤਾ ਕਿ ਬਾਬਾ ਈਸ਼ਰ ਸਿੰਘ ਰਾੜੇ ਵਾਲੇ ਕਹਿੰਦੇ ਹੁੰਦੇ ਸਨ ਕਿ ਖਾਲਸਾ ਰਾਜ ਕਰੇਗਾ ਉਹ ਕਦੋਂ ਕਰਨਾ ਇਹਨੇ ? ਤਾਂ ਸੰਤ ਦਾ ਜਵਾਬ ਦੇਖੋ ਕਿ ਜਿਹੜੇ ਵਿਰਲੇ ਵਿਰਲੇ ਸਾਧ ਖਾਲਸੇ ਹੀ ਹਨ ਉਹ ਤਾਂ ਰਾਜ ਕਰ ਹੀ ਰਹੇ ਹਨ, ਕਬੀਰ ਸਾਹਿਬ ਦੇ ਰਾਜ ਦੀ ਵੀ ਗੱਲ ਸੰਤ ਨੇ ਕੀਤੀ, ਪਰ ਪੱਤਰਕਾਰ ਕਹਿੰਦਾ ਕਿ ਸੰਤ ਜੀ ਉਹ ਸੰਤ ਤਾਂ ਕਹਿੰਦੇ ਸਨ ਕਿ ਅਜੇ ਉਹ ਖਾਲਸਾ ਰਾਜ ਆਉਣਾ ਹੈ। ਸੋ ਇਸ ਤਰ੍ਹਾਂ ਇਹ ਕੋਈ ਠੋਸ ਜਵਾਬ

ਨਹੀ ਦੇ ਸਕੇ, ਖਾਲਸਾ ਰਾਜ ਦੀ ਗੱਲ ਅਸੀ ਪੁਸਤਕ ਦੇ ਪਹਿਲੇ ਭਾਗ ਵਿਚ ਕਰ ਆਏ ਹਾਂ। ਇਹ ਸਾਧ ਤਾਂ ਵੰਨ ਸਵੰਨੀਆਂ ਬੋਲੀਆਂ ਬੋਲ ਕੇ ਸਿਖ ਸਿਧਾਂਤਾਂ ਦਾ ਖੰਡਨ ਹੀ ਕਰਦੇ ਰਹੇ ਹਨ। ਸਿੱਖ ਧਰਮ ਦਾ ਨਾ ਵੱਧਣ ਫੁੱਲਣ ਦਾ ਕਾਰਨ ਇਹੀ ਰੋਕਾਂ ਹਨ, ਹਿੰਦੂ ਮੱਤ ਦਾ ਰਸਤਾ ੩੩ ਕਰੋੜ ਦੇਵੀ ਦੇਵਤੇ ਨੇ ਰੋਕੀ ਰੱਖਿਆ ਸਾਡਾ ਰਸਤਾ ਇਹਨਾਂ ਹਜ਼ਾਰਾਂ ਸਾਧਾਂ ਨੇ ਰੋਕਿਆ ਹੋਇਆ ਹੈ।

ਪਰਉਪਕਾਰ ਗੁਰੂ ਦੇ, ਪਰ-ਤਬਾਹੀ ਸਾਧਾਂ ਵੱਲੋਂ

ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਸਮਾਜ ਦੇ ਧਾਰਮਿਕ ਆਗੂ ਕੁਰਾਹੇ ਪਾ ਰਹੇ ਸਨ ਗੁਰਬਾਣੀ ਬੋਲਾਂ ਤੋਂ ਅੰਦਾਜਾ ਲਾਉ "ਕਾਜੀ ਕੂੜ ਬੋਲ ਮਲਿ ਖਾਏ॥ ਬਾਹਮਣ ਨਾਵੈ ਜੀਆਂ ਘਾਏ॥ ਜੋਗੀ ਜੁਗਤਿ ਨ ਜਾਣੈ ਉਜਾੜੇ ਕਾ ਬੰਧ॥ ਕਾਜੀ, ਬ੍ਰਾਮਣ ਜੋਗੀ, ਜੈਨੀ, ਬੋਧੀ ਆਗੂ ਧਰਮ ਦੇ ਨਾਂ ਤੇ ਦਿਨ ਦੀਵੀਂ ਸ਼ੋਸ਼ਨ ਕਰ ਰਹੇ ਸਨ, ਧਰਮ ਦੇ ਨਾਂ ਤੇ ਚੱਲ ਰਹੀ ਚੱਕੀ ਦੇ ਦੋ ਪੁੜਾਂ ਵਿਚ ਪਿੱਸ ਰਹੇ ਭੋਲੇ ਭਾਲੇ ਲੋਕਾਂ ਦਾ ਕੀ ਹਾਲ ਸੀ ਇਸ ਘਟਨਾ ਤੋਂ ਅੰਦਾਜਾ ਲਾਉ ਮੇਰੇ ਪਿੰਡ ਸਭਰਾ ਵਿਖੇ ਇਕ ਜ਼ਿਮੀਦਾਰ ਦਾ ਬਲਦ ਮਰ ਗਿਆ। ਜਨਮ ਮਰਨ ਹੇਠਾਂ ਉਤਾ ਸਭ ਬਾਹਮਣ ਨੂੰ ਦੱਸਣਾ ਪੈਂਦਾ ਸੀ ਪਾਪ ਪੁੰਨ ਦੀ ਹਨੇਰੀ ਸਦਾ ਅਸਮਾਨੀ ਚੜ੍ਹੀ ਰਹਿੰਦੀ ਸੀ ਉਹ ਜਿਮੀਦਾਰ, ਪੰਡਤ ਨੂੰ ਦੱਸਣ ਗਿਆ, ਪੰਡਤ ਕਹਿੰਦਾ ਜੇ ਪਾਪ ਦੀ ਗੱਲ ਦੱਸਣ ਲੱਗਾ ਹੈਂ ਤਾਂ ਜਿਧਰੋਂ ਆਇਆ ਹੈ ਪਿਛਾਹ ਨੂੰ ਮੂੰਹ ਕਰਕੇ ਦੱਸ ਕਿ ਮੇਰੇ ਤੋਂ ਬਲਦ ਮਰ ਗਿਆ ਹੈ ਤੇ ਵਾਪਸ ਚਲੇ ਜਾਹ। ਪੰਡਤ ਨੇ ਉਹਨੂੰ ਪਾਪੀ ਐਲਾਨ ਦਿੱਤਾ ਅਤੇ ਹੁਕਮ ਕੀਤਾ ਕਿ ਜਿੰਨਾ ਚਿਰ ਗੰਗਾ ਤੇ ਇਸ਼ਨਾਨ ਕਰਕੇ ਪਵਿੱਤਰ (ਪੁੰਨੀ) ਹੋ ਕੇ ਨਹੀ ਆਉਂਦਾ ਸਮਾਜ ਵਿਚ ਇਸ ਨਾਲ ਕੋਈ ਵਰਤੋ ਵਿਹਾਰ ਨਹੀ ਕਰਨਾ, ਕਈ ਮਹੀਨੇ ਬਾਅਦ ਉਹ ਮੁਸ਼ਕਲ ਨਾਲ ਖਰਚਾ ਆਦਿ ਕਰਕੇ ਗੰਗਾ ਨਹਾ ਕੇ ਆਇਆ ਫਿਰ ਪੰਡਤ ਨੇ ਮੂੰਹ ਵਿਚ ਮਿਣ ਮਿਣ ਕਰਕੇ ਉਸਨੂੰ ਸਮਾਜ ਵਿਚ ਸ਼ਾਮਲ ਕਰ ਲਿਆ ਫਿਰ ਉਸੇ ਜ਼ਿਮੀਦਾਰ ਦੀ ਗਾ, ਮਰ ਗਈ ਪੰਡਤ ਨੇ ਫਿਰ ਉਹਨੂੰ ਗੰਗਾ ਨਹਾਉਣ ਦੇ ਚੱਕਰ ਵਿਚ ਪਾ ਦਿੱਤਾ ਇਸ ਤਰ੍ਹਾਂ ਦੂਜੇ ਧਾਰਮਕ ਆਗੂ ਵੀ ਚੱਕਰਾਂ ਵਿਚੋਂ ਕੱਢਣ ਦੀ ਬਜਾਏ, ਪਾ ਰਹੇ ਸਨ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਦੀ ਭਗਤੀ ਲਹਿਰ ਸਮੇ ਭਗਤ ਕਬੀਰ ਸਾਹਿਬ ਨਾਮਦੇਵ ਜੀ ਨੇ ਵੀ ਲੋਕਾਂ ਦੇ ਹੱਕ ਵਿਚ ਆਵਾਜ ਬੁਲੰਦ ਕੀਤੀ ਅਸਲ ਵਿੱਚ ਬੁੱਧ ਧਰਮ ਹਿੰਦੂ ਧਰਮ ਦੇ ਵਿਰੋਧ ਵਿਚ ਹੀ ਪੈਦਾ ਹੋਇਆ ੧੪੬੯ ਈ: ਨੂੰ ਸੁਣੀ ਪੁਕਾਰ ਦਾਤਾਰ ਪ੍ਰਭ ਗੁਰ ਨਾਨਕ ਜਗ ਮਹਿ ਪਠਾਇਆ॥

ਸਤਿਗੁਰ ਨਾਨਕ ਪਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥
ਬਾਬਾ ਦੇਖੈ ਧਿਆਨਧਰ ਜਲਦੀ ਸਭ ਪ੍ਰਿਥਵੀ ਦਿਸ ਆਈ॥

ਭਾਈ ਗੁਰਦਾਸ ਜੀ

ਗੁਰੂ ਜੀ ਨੇ ਦੇਖਿਆ ਕਿ ਧਾਰਮਿਕ ਆਗੂ ਦੀ ਅਕ੍ਰਿਤਘਣਤਾ ਕਾਰਨ ਲੋਕ

ਬਹੁਤ ਦੁਖੀ ਹਨ ਅੰਧ ਵਿਸ਼ਵਾਸ਼ ਦੀ ਗੁਲਾਮੀ, ਜਾਤਾਂ, ਪਾਤਾਂ, ਛੂਤ-ਛਾਤ, ਵਹਿਮ ਭਰਮ ਦੀ ਜਕੜ ਵਿਚ ਜਕੜੇ ਪਏ ਹਨ ਇਹਨਾਂ ਦੁਖੀ ਲੋਕਾਂ ਦੀ ਬਾਂਹ ਫੜਨ ਵਾਲਾ ਕੋਈ ਨਹੀ ਹੈ ਤਾਂ ਪੂਰਨ ਮਨੁੱਖ ਦਾ ਇਕ ਖਾਕਾ ਚਿਤਰਿਆ ਕਿਉਂਕਿ ਅਧੂਰਾ ਕੁਝ ਵੀ ਚੰਗਾ ਨਹੀ ਲੱਗਦਾ। ਅਧੂਰੀ ਲਿਖੀ ਕਿਤਾਬ ਕਿਸੇ ਕੰਮ ਨਹੀ, ਅਧੂਰਾ ਬਣਿਆਂ ਮਕਾਨ ਕਾਬਲੇ ਰਿਹਾਇਸ਼ ਨਹੀ ਹੈ। ਅਧੂਰਾ ਮਨੁੱਖ ਵੀ ਕਿਸੇ ਕੰਮ ਨਹੀ ਕਈ ਵਾਰੀ ਕਹਿ ਦਿੰਦੇ ਹਨ ਇਹ ਬੰਦਾ ਮਰ ਗਿਆ ਪੂਰਾ ਹੋ ਗਿਆ। ਇਹ ਜੰਮਿਆ ਅਧੂਰਾ, ਜੀਵਿਆ ਅਧੂਰਾ ਇਹ ਮਰ ਕੇ ਕਿਵੇਂ ਪੂਰਾ ਹੋ ਗਿਆ ? ਉਸ ਪੂਰਨ ਮਨੁੱਖ ਦੇ ਖਾਕੇ ਵਿਚ ਬਾਕੀ ਨੌਂ ਗੁਰੂਆਂ ਨੇ ਰੰਗ ਭਰੇ ਭਾਵ ਗੁਣ ਭਰੇ। ਦੂਸਰੇ ਪਾਤਸ਼ਾਹ ਗੁਰੂ ਅੰਗਦ ਦੇਵ ਜੀ ਨੇ ਹੁਕਮ ਮੰਨਣ ਦਾ ਰੰਗ ਭਰਿਆ ਕਿ ਪੂਰਨ ਮਨੁੱਖ (ਸਿੱਖ) ਹਰ ਹੀਲੇ ਗੁਰੂ ਦਾ ਹੁਕਮ ਮੰਨੇਗਾ। ਗੁਰਬਾਣੀ ਫੁਰਮਾਨ ਹੈ

ਹੁਕਮ ਬੂਝਿ ਪਰਮ ਪਦ ਪਾਈ ॥ ਸੁਖਮਨੀ

ਇਤਿਹਾਸ ਗਵਾਹ ਹੈ ਰਾਤ ਭਾਵੇ ਦਿਨ ਗੁਰੂ ਦਾ ਹੁਕਮ ਮੰਨਿਆ। ਕਿਤੇ ਵੀ ਮਨ ਮਰਜੀ ਨਹੀ ਕੀਤੀ। ਪੁਤਰਾਂ ਨੇ ਹੁਕਮ ਨਹੀ ਮੰਨਿਆ। ਕੁਝ ਪ੍ਰਾਪਤ ਨਾ ਕਰ ਸਕੇ ਸਤਿਗੁਰ ਕਹਿੰਦੇ ਲਹਿਣਾ ਜੀ ? ਦੁਨੀਆਂ ਦੇਖੇਗੀ ਤੁਸੀਂ ਗੁਰ ਗੱਦੀ ਤੇ ਬਿਰਾਜਮਾਨ ਹੋਵੋਗੇ ਤੁਸੀ ਹੁਕਮ ਮੰਨ ਕੇ ਪਰਮ ਪਦਵੀ ਪਾ ਲਈ ਹੈ ਇਹ ਸਾਧ ਸੰਤ ਕਿਨਾ ਕੁ ਹੁਕਮ ਮੰਨਦੇ ਹਨ ਵਿਚਾਰ ਲੈਣਾ।

ਤੀਸਰੇ ਪਾਤਸ਼ਾਹ ਗੁਰੂ ਅਮਰ ਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਵੱਲੋ ਚਿਤਰੇ ਹੋਏ ਖਾਕੇ ਵਿਚ ਕਿਹੜਾ ਰੰਗ ਭਰਿਆ ਸਮਾਜਿਕ ਬੁਰਾਈਆਂ ਤੋਂ ਮੁਕਤ ਕਰਨ ਦਾ ਰੰਗ। ਸਤੀ ਦੀ ਰਸਮ ਬਾਹਮਣ ਨੇ ਤਿਆਰ ਕੀਤੀ ਸੀ। ਜਦੋਂ ਕਿਸੇ ਔਰਤ ਦਾ ਪਤੀ ਮਰ ਜਾਂਦਾ ਸੀ ਤਾਂ ਉਸ ਔਰਤ ਨੂੰ ਮੰਦਰ ਵਿਚ ਜਾਣ ਦਾ ਹੱਕ ਨਹੀ ਸੀ ਉਹ ਕੋਈ ਵੇਦ ਪਾਠ ਮੰਤਰ ਨਹੀ ਸੀ ਜਪ ਸਕਦੀ, ਔਰਤ ਨੂੰ ਕੁਲਹਿਣੀ ਕਿਹਾ ਜਾਂਦਾ ਸੀ। ਸ਼ੂਦਰਾਂ ਦੀ ਬੁਰੀ ਹਾਲਤ ਸੀ ਉਹ ਬਾਹਮਣ ਦੇ ਮੱਥੇ ਨਹੀ ਸੀ ਲੱਗ ਸਕਦੇ ਸ਼ੂਦਰ ਆਪਣੇ ਗੱਲ ਵਿਚ ਟੱਲੀ ਬੰਨ ਕੇ ਰੱਖਦੇ, ਆਪਣੇ ਕਮੀਜ ਦੇ ਪਿਛੇ ਛਾਪਾ ਬੰਨਦੇ ਸਨ ਕਿ ਜਿਧਰ ਦੀ ਸ਼ੂਦਰ ਲੰਘੇ ਪਿਛੇ ਨਿਸ਼ਾਨੀ ਲੱਗਦੀ ਜਾਵੇ ਤਾਂ ਕਿ ਕੋਈ ਬਾਹਮਣ ਉਧਰ ਦੀ ਨਾ ਲੰਘੇ, ਸੁੱਚ ਭਿੱਟ, ਵਹਿਮ ਭਰਮ, ਸ਼ੂਦਰ ਨੂੰ ਖੂਹਾਂ ਤੇ ਚੜ੍ਹਨ ਦਾ ਕੋਈ ਹੱਕ ਨਹੀ ਸੀ। ਗੁਰੂ ਅਮਰ ਦਾਸ ਜੀ ਨੇ ਇਹਨਾਂ ਬੁਰਾਈਆਂ ਦੇ ਖਿਲਾਫ ਜੋਰਦਾਰ ਆਵਾਜ ਬੁਲੰਦ ਕੀਤੀ ਕਿ ਸਤੀ ਦੀ ਰਸਮ ਗਲਤ ਹੈ ਇਹ ਨਹੀ ਹੋਣ ਦੇਵਾਂਗੇ। ਬਉਲੀ ਦੀ ਰਚਨਾ ਕੀਤੀ ਕਿ ਸਾਰੇ ਇਥੇ ਇਸ਼ਨਾਨ ਕਰਨ ਪਾਣੀ ਪੀਣ, ਇਹਨਾਂ ਦੇ ਅੰਦਰੋਂ ਜਾਤਾਂ ਪਾਤਾਂ ਸੁੱਚ ਭਿੱਟ ਖਤਮ ਹੋਣ, ਬੰਦਾ ਬੰਦੇ ਦਾ ਵੈਰੀ ਨਾ ਬਣੇ, ਨੀਵਿਆਂ ਨੂੰ ਉਚਿਆਂ ਚੁੱਕਿਆ ਬਰਾਬਰੀ ਦਾ ਹੱਕ ਦਿੱਤਾ। ਗੁਰੂ ਦਾ ਸਿੱਖ ਕਦੇ ਵੀ ਇਹਨਾਂ ਬੁਰਾਈਆਂ ਦਾ ਸ਼ਿਕਾਰ ਨਹੀ ਹੁੰਦਾ। ਪਰ ਇਹ ਸਾਧ ਕੀ ਕਰਦੇ ਹਨ ਦੇਖ ਲੈਣਾ।

ਗੁਰੂ ਰਾਮ ਦਾਸ ਚੌਥੇ ਪਾਤਸ਼ਾਹ ਨੇ ਚਿਤਰੇ ਹੋਏ ਖਾਕੇ ਵਿਚ ਕਿਹੜਾ ਰੰਗ

ਭਰਿਆ ? ਸੇਵਾ ਦਾ ਰੰਗ, ਕਿ ਜਿਥੇ ਬੈਠ ਕੇ ਇਸਨੇ ਸਰਬੱਤ ਦੇ ਭਲੇ ਵਾਸਤੇ ਸਾਝਾਂ ਪ੍ਰੋਗਰਾਮ ਉਲੀਕਣਾ ਹੈ ਘਰ ਘਰ ਅੰਦਰ ਧਰਮ ਸ਼ਾਲ ਹੋਵੇ ਕੀਰਤਨ ਸਦਾ ਵਿਸੇਆ । ਅੰਮ੍ਰਿਤਸਰ ਸਰੋਵਰ ਬਣਾਇਆ ਗੁਰਦੁਆਰਾ (ਇਥੇ ਨੋਟ ਕਰਨਾ ਗੁਰਦੁਆਰੇ ਦਾ ਨਾਂ ਕਿਸੇ ਪਹਿਲੋਂ ਹੋਏ ਗੁਰੂ ਦੇ ਨਾਂ ਤੇ ਨਹੀਂ ਹੈ । ਜਿਆਦਾ ਦਰਬਾਰ ਸਾਹਿਬ ਹੀ ਕਹਿੰਦੇ ਹਾਂ । ਹੁਕਮ ਵੱਡੇ ਦਾ ਮੰਨਣਾ ਹੈ ਸੇਵਾ ਕਮਜ਼ੋਰ ਦੀ ਕਰਨੀ ਹੈ ਆਪ ਜਾਣਦੇ ਹੋ ਕਾਰ ਸੇਵਾ, ਵਪਾਰ ਸੇਵਾ ਬਣ ਗਈ ਗੁਰਦੁਆਰਿਆਂ ਦੀ ਸੇਵਾ ਲੈਣ ਵਾਸਤੇ ਸਾਧ ਇਕ ਦੂਜੇ ਉਤੇ ਗੋਲੀਆਂ ਚਲਾਉਂਦੇ ਹਨ ਗੁਰੂਆਂ ਦੇ ਗੁਰਦੁਆਰਿਆਂ ਨਾਲੋਂ ਵੱਡੇ-ਵੱਡੇ ਗੁਰਦੁਆਰੇ, ਨਿਸ਼ਾਨ ਸਾਹਿਬ ਇਹਨਾਂ ਸਾਧਾਂ ਸੰਤਾਂ ਦੇ ਹਨ ਬਿਲਡਿੰਗਾਂ ਉਤੇ ਲਾ ਕੇ ਕਿਵੇਂ ਇਹਨਾਂ ਸਾਧਾਂ ਸੰਤਾਂ ਨੇ ਸਿੱਖ ਕੌਮ ਦੇ ਸਰਮਾਏ ਦੀ ਬਰਬਾਦੀ ਕੀਤੀ । ਕਿਵੇਂ ਟੋਕਰੀ ਢੋਣ ਵਾਲਾ ਸਿਰ ਤੇ ਖੇਸ ਬੰਨ੍ਹਣ ਵਾਲਾ ਸਾਧ ਅਖੌਤੀ ਬ੍ਰਹਮ ਗਿਆਨੀ ਬਣਿਆਂ ? ਕਿਵੇਂ ਗੁਰੂਆਂ ਵਾਂਗੂੰ ਇਹਨਾਂ ਗੱਦੀਆਂ ਲਾਈਆਂ ਆਪਣੇ ਆਪ ਨੂੰ ਗੁਰੂ ਦੇ ਅਵਤਾਰ ਦੱਸਿਆ ? ਇਹ ਸਾਰਾ ਕੁਝ ਤੁਸੀਂ ਪੁਸਤਕ ਦੇ ਦੂਸਰੇ ਭਾਗ ਵਿਚ ਪੜ੍ਹ ਆਏ ਹੋ ।

ਇਥੇ ਇਕ ਘਟਨਾ ਦਾ ਜ਼ਿਕਰ ਕਰਨਾ ਜਰੂਰੀ ਸਮਝਦਾ ਹਾਂ ਪਿੰਡ ਅਲਾਦੀਨ ਪੁਰ ਨੇੜੇ ਤਰਨ-ਤਾਰਨ ਉਥੇ ਕਾਰ ਸੇਵਾ ਵਾਲੇ ਦੋ ਬਾਬਿਆ ਦਾ ਝਗੜਾ ਹੋ ਗਿਆ ਇਕ ਕਹੇ ਕਿ ਮੈਂ ਸੇਵਾ ਕਰਨੀ ਹੈ ਦੂਜਾ ਕਹੇ ਕਿ ਮੈਂ ਕਰਨੀ ਹੈ । ਲੜਾਈ ਵਧਦੀ ਦੇਖ ਕੇ ਪਿੰਡ ਵਾਲਿਆ ਨੇ ਕਿਹਾ ਕਿ ਵੋਟਾਂ ਪਵਾ ਲਉ ਪਿੰਡ ਵਿਚ ਵੋਟਾਂ ਪਈਆਂ ਇਕ ਬਾਬਾ ਜਿੱਤ ਗਿਆ ਦੂਜਾ ਹਾਰ ਗਿਆ । ਜਿੱਤੇ ਬਾਬੇ ਨੂੰ ਸੇਵਾ ਮਿਲ ਗਈ ਇਹ ਕਿਹੜੀ ਸੇਵਾ ਹੈ ? ਕਾਰ ਸੇਵਾ ਵਾਲੇ ਬਾਬੇ ਗੁਰਬਾਣੀ ਵਾਲੇ ਪਾਸੇ ਕਦੇ ਝਾਕਦੇ ਵੀ ਨਹੀਂ ਹਨ ਇਹ ਵੀ ਦਾਅਵੇ ਕਰਦੇ ਹਨ ਕਿ ਟੋਕਰੀ ਵਿਚੋਂ ਰੱਬ ਪਾਇਆ ਹੈ । ਜਦੋਂ ਕਿ ਇਹਨਾਂ ਨੂੰ ਸੇਵਾ ਦੇ ਅਰਥਾਂ ਦਾ ਹੀ ਪਤਾ ਨਹੀਂ ਹੈ । ਹੋਰ ਵੀ ਬਥੇਰੇ ਹਨ ਕੋਈ ਕਹਿੰਦਾ ਹੈ ਮੈਂ ਕੌਮ ਦੀ ਸੇਵਾ ਕਰਦਾ ਹਾਂ, ਕੋਈ ਕਹਿੰਦਾ ਮੈਂ ਦੇਸ਼ ਦੀ ਸੇਵਾ ਕਰਦਾ ਹਾਂ, ਕੋਈ ਕਹਿੰਦਾ ਮੈਂ ਪੰਥ ਦੀ ਸੇਵਾ ਕਰਦਾਂ, ਕੋਈ ਕਹਿੰਦਾ ਮੈਂ ਲੰਗਰ ਦੀ ਸੇਵਾ ਕਰਦਾ ਹਾਂ । ਕੋਈ ਕਹਿੰਦਾ ਗੁਰਦੁਆਰਿਆਂ ਦੀ ਸੇਵਾ ਕਰਦਾ ਹਾਂ । ਇਹਨਾਂ ਵਿਚੋਂ 99% ਕੇਵਲ ਆਪਣੇ ਪੇਟ ਦੀ ਸੇਵਾ ਕਰ ਰਹੇ ਹਨ । ਕਰਦੇ ਹੋਰ ਹਨ ਦਿਖਾਵੇ ਹੋਰ ਹਨ । ਦੁਨੀਆਂ ਵਿਚ ਸਹੀ ਸੇਵਾ ਕਰਨ ਦੀ ਬਜਾਏ ਮਨੁੱਖਤਾ ਦੀ ਸੇਵਾ ਕਰਨ ਦੀ ਬਜਾਏ, ਇਹਨਾਂ ਸੇਵਾ ਦੇ ਨਾਂ ਤੇ ਬਰਬਾਦੀ ਕੀਤੀ ਹੈ । ਗੁਰੂ ਆਸ਼ੇ ਨੂੰ ਇਥੇ ਵੀ ਨਹੀਂ ਸਮਝਿਆ ।

ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਚਿਤਰੇ ਹੋਏ ਖਾਕੇ ਵਿਚ ਕਿਹੜਾ ਰੰਗ ਭਰਿਆ ਹੈ ? ਸ਼ਾਂਤੀ ਦਾ ਰੰਗ । ਕਿ ਸਿੱਖ ਸ਼ਾਂਤ ਚਿਤ ਹੋਵੇਗਾ ਕਾਫੀ ਹੱਦ ਤੱਕ ਸ਼ਾਂਤ ਰਹੇਗਾ । ਇਹ ਸਾਧ ਸੰਤ ਇਸ ਗੁਣ ਦੇ ਵੀ ਉਲਟੇ ਭਾਵ ਸਮਝੀ ਬੈਠੇ ਹਨ ਇਹ ਸਾਧ ਸੰਤ ਭੋਰਿਆ ਵਿਚ ਵੜ੍ਹ ਕੇ ਸ਼ਾਂਤ ਚਿੱਤ ਹੋਣ ਦੇ ਫੋਕੇ ਦਾਅਵੇ ਕਰਦੇ ਹਨ ਕਿ ਅਸੀਂ ਤਾਂ ਭਾਣੇ ਵਿਚ ਹਾਂ ਜਦੋਂ ਇਹਨਾਂ ਦਾ ਚੇਲਾ ਬਿਮਾਰ ਹੁੰਦਾ

ਹੈ ਤਾਂ ਇਕ ਦਮ ਹਸਪਤਾਲ ਲੈ ਜਾਂਦੇ ਹਨ ਉਥੇ ਕਦੇ ਇਹਨਾਂ ਨੂੰ ਭਾਣਾ ਯਾਦ ਨਹੀਂ ਆਇਆ ਕੋਈ ਇਹਨਾਂ ਦੇ ਡੇਰੇ ਤੇ ਹਮਲਾ ਕਰਦਾ ਹੈ ਰਾਈਫਲਾਂ ਰੱਖੀਆਂ ਹਨ, ਉਸ ਤੇ ਗੋਲੀਆਂ ਚਲਾਉਂਦੇ ਹਨ ਉਥੇ ਕਦੇ ਇਹਨਾਂ ਨੂੰ ਭਾਣਾ ਚਿੱਤ ਨਹੀਂ ਆਇਆ। ਸਾਧ ਮਰਦਾ ਹੈ ਰੋਂਦੇ ਹਨ ਉਤੋਂ ਉਤੋਂ ਚੀਕਦੇ ਹਨ, ਡੇਰੇਦਾਰੀ ਪੱਗਾਂ ਤੋਂ ਲੜ-ਲੜ ਮਰਦੇ ਹਨ ਕਦੇ ਇਹਨਾਂ ਨੂੰ ਭਾਣਾ ਚੇਤੇ ਨਹੀਂ ਆਇਆ ਕੇਵਲ ਜਿਥੇ ਹੱਕ ਸੱਚ ਵਾਸਤੇ ਸਰਬੱਤ ਦੇ ਭਲੇ ਵਸਤੇ, ਦੇਹਧਾਰੀ ਗੁਰੂਆਂ ਨਾਲ ਟੱਕਰ ਲੈਣ ਵਾਸਤੇ ਵਾਸਤੇ, ਧਰਮ ਉਤੋਂ ਸਿਆਸਤ ਦਾ ਮਲਬਾ ਹਟਾਉਣ ਵਾਸਤੇ ਸੰਘਰਸ਼ ਕਰਨਾ ਹੋਵੇ ਉਥੇ ਇਹ ਸਾਧ ਸੰਤ ਕਹਿਣਗੇ ਇਹ ਤਾਂ ਭਾਣੇ ਵਿਚ ਹੀ ਹੋ ਰਿਹਾ ਹੈ। ਸਿੱਖ ਕੌਮ 50 ਧੜਿਆਂ ਵਿਚ ਵੰਡੀ ਹੋਈ ਨੂੰ ਵੀ ਇਹ ਭਾਣਾ ਹੀ ਦੱਸਦੇ ਹਨ। ਧਰਮਾਂ ਦੇ ਨਾਂ ਤੇ ਹੋ ਰਹੀ ਲੁੱਟ ਨੂੰ ਵੀ ਇਹ ਭਾਣਾ ਦੱਸਦੇ ਹਨ ਸ਼ਰੇਆਮ ਅਮੀਰ ਰਾਜਨੀਤਕ ਗਰੀਬਾਂ ਦਾ ਲਹੂ ਪੀ ਰਹੇ ਹਨ ਇਹ ਭਾਣਾ ਦੱਸੀ ਜਾਂਦੇ ਹਨ। ਇਹਨਾਂ ਕੋਲ ਸ਼ਾਂਤੀ ਵਾਲਾ ਗੁਣ ਨਹੀਂ ਹੈ ਕਾਇਰਤਾ ਬੁਜਦਿਲੀ ਇਹਨਾਂ ਸਾਧਾਂ ਸੰਤਾਂ ਦੇ ਅੰਦਰ ਘਰ ਕਰ ਗਈ ਹੈ ਪ੍ਰਚਲਤ ਕਹਾਣੀ ਦੇ ਮੁਤਾਬਿਕ ਦੁਰਯੋਧਨ ਦੀ ਸਭਾ ਵਿਚ ਦਰੋਪਤੀ ਨੰਗੀ ਕੀਤੀ ਜਾ ਰਹੀ ਦੱਸੀ ਜਾਂਦੀ ਹੈ ਪਰ ਅਰਜਨ, ਭੀਸ਼ਮ, ਕਰਨ, ਦਰੋਣ ਆਦਿ ਸਿਰ ਸੁੱਟ ਕੇ ਬੈਠੇ ਹਨ ਦਰੋਪਤੀ ਦੇਖਦੀ ਹੈ ਇਹ ਜੁਲਮ ਦੇ ਵਿਰੁੱਧ ਅਵਾਜ ਉਠਾਉਣਗੇ ਪਰ ਉਹਨਾਂ ਦੀਆਂ ਜੁਬਾਨਾਂ ਨੂੰ ਸਵਾ ਸਵਾ ਮਣ ਦੇ ਜਿੰਦਰੇ ਲੱਗੇ ਰਹੇ। ਇਹ ਸਾਧ ਸੰਤ ਉਹਨਾਂ ਦੀ ਨਸਲ ਹਨ ਇਹ ਸਾਧ ਸੰਤ ਦਰੋਣਾ ਚਾਰੀਆ ਦੇ ਸਿੱਖ ਤਾਂ ਹੋ ਸਕਦੇ ਹਨ ਪਰ ਗੁਰੂ ਪੰਜਵੇਂ ਪਾਤਸ਼ਾਹ ਦੇ ਨਹੀਂ। ਅੱਜ ਦਾ ਸਾਧ ਸੰਤ ਤਾਂ ਬੁਜਦਿਲੀ ਅਤੇ ਕਾਇਰਤਾ ਵਿਚ ਨੰਬਰ ਇੱਕ ਹੈ। ਸਟੇਜੀ ਕਲਾਕਾਰ ਸਾਧ ਫਿਲਮੀ ਟਿਊਨਾਂ ਤੇ ਗਾਣਿਆਂ ਵਾਂਗੂੰ ਬਾਣੀ ਕੱਚੀਆਂ ਧਾਰਨਾ ਪੜ੍ਹਦਾ ਹੈ ਇਹ ਜ਼ਮੀਨਾਂ ਡੇਰੇ ਆਪਣੇ ਨਾਂ ਕਰਵਾ ਕੇ ਆਪਣੇ ਘਰ ਦਾ ਬਣਾਇਆ ਅੰਮ੍ਰਿਤ ਛਕਾ ਕੇ ਚੇਲੇ ਬਣਾਉਣ ਅਤੇ ਪਾਲਣ ਦੀ ਸੇਵਾ ਕਰ ਰਿਹਾ ਆਪਣੇ ਪੈਰਾਂ ਤੇ ਮੱਥੇ ਟਿਕਾ ਕੇ ਗੁਰੂ ਦਾ ਸ਼ਰੀਕ, ਗੁਰੂ ਪੰਥ ਨੂੰ ਛੱਡ ਕੇ ਨਵੇਂ ਨਵੇਂ ਪੰਥ (ਧੜੇ) ਬਣਾ ਕੇ ਪੰਥਕ ਰਹਿਤ ਮਰਯਾਦਾ ਦੀਆਂ ਧੱਜੀਆ ਉਡਾ ਕੇ ਬ੍ਰਾਹਮਣ, ਜੈਨ ਮੱਤ ਵਾਲੀਆਂ ਨਵੀਆ ਨਵੀਆਂ ਮਰਿਯਾਦਾ ਬਣਾ ਕੇ ਆਪਣੀ ਆਪ ਦੀ ਸਿੱਖੀ ਫੈਲਾ ਰਿਹਾ ਹੈ ਅਤੇ ਗੁਰੂ ਦੀ ਸਿੱਖੀ ਦੀ ਬਰਬਾਦੀ ਕਰ ਰਿਹਾ। ਇਹਨਾਂ ਲੋਕਾਂ ਦੀ ਸ਼ਾਂਤੀ ਵੀ ਬਿਮਾਰੀ ਹੈ। ਇਹ ਬਿਮਾਰੀ ਨੂੰ ਗਲੋਂ ਲਾਹੁਣ ਦੇ ਜਤਨ ਕਰਨੇ ਚਾਹੀਦੇ ਹਨ।

ਗੁਰੂ ਹਰਿ ਗੋਬਿੰਦ ਸਾਹਿਬ ਜੀ ਛੇਵੇਂ ਪਾਤਿਸ਼ਾਹ ਨੇ ਬੀਰ ਰਸ ਭਰਿਆ ਕਿ ਇਹ ਸਿੱਖ ਇਤਨਾ ਸ਼ਾਂਤ ਨਾ ਹੋ ਜਾਵੇ ਕਿ ਕੋਈ ਇਸਦੀ ਪੱਗ ਹੀ ਲਾਹ ਕੇ ਲੈ ਜਾਵੇ। ਗੁਰੂ ਨੇ ਹੁਕਮ ਕੀਤਾ ਕਿ ਪੰਜਵੇਂ ਪਾਤਸ਼ਾਹ ਦੀ ਸ਼ਹਾਦਤ ਹੋ ਗਈ ਹੈ ਹੁਣ ਸ਼ਸ਼ਤਰ ਲਿਆਉ ਘੋੜੇ ਲਿਆਉ। ਸੰਘਰਸ਼ ਕਰਨਾ ਪਵੇਗਾ। ਉਪਰ ਸਾਧਾਂ ਸੰਤਾਂ, ਕਵੀਸ਼ਰਾਂ, ਢਾਡੀਆਂ, ਕੀਰਤਨੀਆ ਦਾ ਜਿਕਰ ਕਰਕੇ ਆਇਆ ਹਾਂ ਕੇਵਲ ਸਟੇਜੀ ਕਲਾਕਾਰੀ ਤੋਂ ਸਿਵਾ ਪਰੈਕਟੀਕਲ ਤੌਰ ਤੇ ਕਿਹੜਾ ਬੀਰ ਰਸ ਇਹਨਾਂ ਵਿਚ ?

ਸਾਹਮਣੇ ਸੈਕੜੇ ਚਣੌਤੀਆਂ ਹਨ ਕੀ ਕੀਤਾ ਇਹਨਾਂ ਨੇ ਇਹ ਤਾਂ ਭੋਰਿਆਂ ਵਿਚ ਵੜ੍ਹੇ ਬੈਠੇ ਹਨ ਗੁਰੂਆਂ ਨੇ ਸਦੀਆਂ ਤੋਂ ਸਾਹ ਸਤ ਹੀਣ ਹੋਏ ਲੋਕਾਂ ਅੰਦਰ ਬੀਰ ਰਸ ਭਰਿਆ ਹੱਕ ਸੱਚ ਵਾਸਤੇ ਜੂਝਣਾ ਸਿਖਾਇਆ ਇਹਨਾਂ ਸਾਧਾਂ ਨੇ ਲੋਕਾਂ ਨੂੰ ਫਿਰ ਮੁਰਦਿਆ ਵਾਂਗੂੰ ਕਰ ਦਿੱਤਾ। ਜਿਹੜੇ ਭੋਰਿਆਂ ਵਿਚੋਂ ਗੁਰੂਆਂ ਨੇ ਕੱਢਿਆ ਇਹਨਾਂ ਸਾਧਾਂ ਨੇ ਫਿਰ ਭੋਰਿਆਂ ਵਿਚ ਵਾੜ ਦਿੱਤਾ। ਇਹ ਸਾਧ ਸੰਤ,ਗੁਰਬਾਣੀ ਦੇ ਅਰਥ ਵੀ ਲੋਕਾਂ ਨੂੰ ਦਲਿਦਰੀ ਬਣਾਉਣ ਵਾਲੇ ਹੀ ਕਰਦੇ ਹਨ ਉਦਮੀ ਬਣਾਉਣ ਵਾਲੇ ਨਹੀਂ। ਸੋ ਬੀਰ ਰਸ ਵਾਲਾ ਗੁਣ ਨਹੀਂ ਸਾਂਭਿਆ।

ਸੱਤਵੇਂ ਪਾਤਸ਼ਾਹ ਗੁਰੂ ਹਰਿ ਰਾਏ ਸਾਹਿਬ ਨੇ ਪੂਰਨ ਮਨੁੱਖ ਦੇ ਖਾਕੇ ਵਿਚ ਕਿਹੜਾਂ ਰੰਗ ਭਰਿਆ ਪ੍ਰਦਰਸ਼ਨੀ (ਦਿਖਾਵਾ) ਨਹੀਂ ਕਰਨੀ। ਸਿੰਘ ਨੇ ਅੰਦਰੋਂ ਬਾਹਰੋਂ ਇਕ ਰਹਿਣਾ ਹੈ। ਲੰਮੇ ਸਮੇਂ ਤੋਂ ਜੇ ਕਿਸੇ ਦੇ ਕੰਨ ਦੁਖਦੇ ਸੀ ਤਾਂ ਇਲਾਜ ਪੈਰਾਂ ਦਾ ਹੁੰਦਾ ਰਿਹਾ। ਮੋਟਰ ਗੱਡੀ ਠੀਕ ਕਰਨ ਵਾਲਾ ਮਿਸਤਰੀ, ਡਾਕਟਰੀ ਇਲਾਜ ਕਰਦਾ ਰਿਹਾ ਵੱਡੇ ਵੱਡੇ ਸੰਤ, ਬ੍ਰਹਮ ਗਿਆਨੀ, 108, 1008 ਪੂਰਨ, ਸੰਪੂਰਨ ਆਦਿ ਪ੍ਰਦਰਸ਼ਨੀਆਂ ਕੀਤੀਆਂ ਜਾ ਰਹੀਆਂ ਹਨ। ਇਕ ਦੂਜੇ ਤੋਂ ਵੱਧ ਵਧ ਕੇ ਵੰਨ ਸੁਵੰਨੀਆ ਵਿਦੇਸ਼ੀ ਗੱਡੀਆਂ ਦੀ ਪ੍ਰਦ੍ਰਸ਼ਨੀ ਸਾਧ ਕਰ ਰਹੇ ਹਨ ਫੁੱਲਾਂ ਵਾਲੇ, ਗੋਟੇ ਵਾਲੇ ਕੱਢੇ, ਕਢਾਈ ਵਾਲੇ ਚੋਲੇ ਪਾ ਕੇ ਦਿਖਾਵੇ ਕੀਤੇ ਜਾ ਰਹੇ ਹਨ। ਵੱਡੇ ਵੱਡੇ ਡੇਰੇ ਬਣਾ ਕੇ ਦਿਖਾਵੇ ਕੀਤੇ ਜਾ ਰਹੇ ਹਨ। ਸਿੱਧੀਆਂ ਧਾਰਨਾਂ ਦੇ ਦੀਵਾਨ ਕਈ ਸਾਧ, ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਮੱਥੇ ਟਿਕਾ ਕੇ ਆਪਣੇ ਆਪ ਨੂੰ ਗੁਰੂ ਨਾਲੋਂ ਵੱਡੇ ਦਿਖਾ ਰਹੇ ਹਨ। ਸਾਧਾਂ ਦੀਆਂ ਬਰਸੀਆਂ ਜਨਮ ਦਿਨਾਂ ਤੇ ਵੱਡੇ ਵੱਡੇ ਬਰਫੀਆ ਜਲੇਬੀਆਂ ਦੇ ਲੰਗਰ, ਨਗਰ ਕੀਰਤਨਾਂ ਦਾ ਦਿਖਾਵਾ ਕਰ ਰਹੇ ਹਨ। ਸਿੱਖ ਕੌਮ ਦਾ ਕਰੋੜਾਂ ਦਾ ਸਰਮਾਇਆ ਅਜਾਂਈ ਕੇਵਲ ਦਿਖਾਵੇ ਵਾਸਤੇ ਗਵਾਇਆ ਜਾ ਰਿਹਾ ਹੈ। ਰਾਜਨੀਤਕ ਲੋਕਾਂ ਕੋਲ ਕੇਵਲ ਦਿਖਾਵਾ ਹੈ, ਧਾਰਮਿਕ ਕਹਾਉਣ ਵਾਲਿਆਂ ਕੋਲ ਵੀ ਦਿਖਾਵਾ ਬਹੁਤ ਹੈ। ਕਈ ਸਾਧ ਗਲ ਵਿਚ ਮਾਲਾ ਪਾ ਕੇ ਹੱਥ ਵਿਚ ਮਾਲਾ ਫੜ ਕੇ ਲੋਕਾਂ ਨੂੰ ਮਾਲਾ ਵੰਡ ਕੇ ਵੱਡੇ ਸੰਤ ਹੋਣ ਦਾ ਦਿਖਾਵਾ ਕਰ ਰਹੇ ਹਨ। ਢਾਡੀ ਕਵੀਸ਼ਰ ਪੂਜਾਰੀ ਵਾਦ ਲੋਕਾਂ ਨੂੰ ਖੁਸ਼ ਕਰਨ ਦੇ ਦਿਖਾਵੇ ਕਰ ਰਿਹਾ ਹੈ ਇਸ ਤਰ੍ਹਾ ਇਹ ਧਰਮੀ ਕਹਾਉਣ ਵਾਲੇ ਲੋਕ, ਪੈਸਾ ਕਮਾਉਣ ਦੇ ਚੱਕਰ ਵਿਚ ਕੇਵਲ ਦਿਖਾਵਾ ਕਰਦੇ ਹੋਏ ਸੱਚ ਧਰਮ ਤੋਂ ਕੋਹਾਂ ਦੂਰ ਹਨ। ਗੁਰੂ ਵੱਲੋਂ ਬਖਸ਼ਿਸ਼ ਕੀਤੇ ਹੋਏ ਇਸ ਗੁਣ ਦੀਆਂ ਵੀ ਇਹਨਾਂ ਧੱਜੀਆਂ ਉਡਾ ਕੇ ਰੱਖ ਦਿਤੀਆਂ। ਅਠਵੇਂ ਪਾਤਸ਼ਾਹ ਗੁਰੂ ਹਰਿ ਕ੍ਰਿਸ਼ਨ ਜੀ ਨੇ ਗੁਰੂ ਨਾਨਕ ਦੇਵ ਜੀ ਵੱਲੋਂ ਚਿਤਰੇ ਹੋਏ ਪੂਰਨ ਮਨੁੱਖ ਦੇ ਖਾਕੇ ਵਿਚ ਕਿਹੜਾ ਰੰਗ ਭਰਿਆ ? ਸਿੱਖ ਬੜੀ ਛੋਟੀ ਉਮਰ ਵਿਚ ਵੱਡੀ ਪ੍ਰਾਪਤੀ ਦੀ ਹਿੰਮਤ ਰੱਖਦਾ ਹੈ ਦੁਨੀਆਂ ਦੇ ਇਤਿਹਾਸ ਵਿਚ ਬੱਚਾ ਸੱਚ ਵਾਲੇ ਪਾਸੇ ਤੁਰਿਆ ਦਰਜ ਹੈ। ਮੁਹੰਮਦ ਸਾਹਿਬ ਦੇ ਦੋਹਿਤੇ ਹਸਨ ਅਤੇ ਹੁਸੈਨ ਬੜੀ ਛੋਟੀ ਉਮਰ ਵਿਚ ਯਾਕੂਬ ਨੇ ਕਰਬਲਾ ਦੇ ਮੈਦਾਨ ਵਿਚ ਪਿਆਸ ਨਾਲ ਤੜਫਾ ਤੜਫਾ ਕੇ ਮਾਰ ਦਿਤੇ ਆਦਿ ਘਟਨਾਵਾਂ ਸੰਸਾਰ ਨੇ ਦੇਖੀਆਂ ਪਰ

ਛੋਟੀ ਉਮਰ ਦਾ ਬੱਚਾ ਅਜੇ ਤੱਕ ਗੁਰੂ ਨਹੀਂ ਸੀ ਬਣਿਆਂ। ਇਸ ਖਲਾਂ ਦੀ ਪੂਰਤੀ ਕਰ ਦਿੱਤੀ ਗੁਰੂ ਅਠਵੇਂ ਪਾਤਸ਼ਾਹ ਨੇ। ਪਰ ਇਥੇ 90-90 ਸਾਲ ਦੇ ਸੰਤਾਂ, ਬ੍ਰਹਮ ਗਿਆਨੀਆਂ ਨੂੰ ਗੁਰਮਤਿ ਦਾ ਊੜਾ ਐੜਾ ਵੀ ਨਹੀਂ ਆਉਂਦਾ। ਇਹ ਲੋਕਾਂ ਨੂੰ ਝੂਠ ਤੂਫਾਨ ਸੁਣਾ ਕੇ ਟਾਈਮ ਪਾਸ ਕਰ ਰਹੇ ਹਨ। ਹਰ ਪਾਸੇ ਵਹਿਮਾਂ ਭਰਮਾਂ ਕਰਮ ਕਾਂਡਾਂ, ਜਾਦੂ ਟੂਣਿਆਂ, ਰਿਸ਼ਵਤ ਦਾ ਬੋਲ ਬਾਲਾ ਹੈ। ਇਹ ਸਾਧ 90 ਸਾਲ ਦੀ ਉਮਰ ਭੋਗ ਕੇ ਵੀ ਸੱਚ ਦੇ ਹੱਕ ਵਿਚ ਆਵਾਜ ਉਠਾਉਣ ਨੂੰ ਤ੍ਰਿਆਰ ਨਹੀਂ ਹਨ। ਮਾਂਵਾਂ ਆਪਣੇ ਬੱਚਿਆਂ ਨੂੰ ਗੁਰਬਾਣੀ ਪੜ੍ਹਾਉਣ ਨੂੰ ਤਿਆਰ ਨਹੀਂ ਹਨ ਨੌਕਰੀ ਵਾਸਤੇ ਕੇਵਲ ਦੁਨਿਆਵੀ ਪੜ੍ਹਾਈ ਦੇ ਹੀ ਹੱਕ ਵਿਚ ਹਨ। ਇਹ ਵੀ ਜਰੂਰੀ ਹੈ ਪਰ ਉਹ ਵੀ ਜਰੂਰੀ ਹੈ। 70-80 ਸਾਲ ਦੇ ਬੁੱਢੇ ਜਿਨ੍ਹਾਂ ਦੀਆਂ ਲੱਤਾਂ ਸਿਵਿਆਂ ਵਿਚ ਹਨ। ਪਰ ਅਜੇ ਵੀ ਵਾਲ ਕਾਲੇ ਕਰਨੇ ਚਾਹੁੰਦੇ ਹਨ, ਗਾਉਣ ਵਾਲੀਆਂ ਦੇਖਣ ਦੇ ਸ਼ੌਕੀਨ, ਨਸ਼ਿਆਂ ਦੇ ਆਂਦੀ, ਫਿਲਮਾਂ ਦੇਖਣ ਦੇ ਸ਼ੌਕੀਨ ਹਨ ਫਿਰ ਵੀ ਕਹਿੰਦੇ ਅਸੀਂ ਸਿੱਖ ਹਾਂ। ਛੋਟੀ ਉਮਰ ਵਿਚ ਵੱਡੀ ਪ੍ਰਾਪਤੀ ਇਹ ਗੁਣ ਵੀ ਨਹੀਂ ਸਾਂਭਿਆ।

ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਚਿਤਰੇ ਹੋਏ ਪੂਰਨ ਮਨੁੱਖ ਦੇ ਖਾਕੇ ਵਿਚ ਕਿਹੜਾ ਰੰਗ ਭਰਿਆ ਹੈ ? ਕੁਰਬਾਨੀ ਦਾ ਰੰਗ। ਲੋੜ ਪੈਣ ਤੇ ਕੁਰਬਾਨੀ ਵੀ ਕਰ ਦੇਵੇਗਾ, ਸੱਚ ਧਰਮ ਨੂੰ ਬਹੁਤ ਪਿਆਰਾ ਸਮਝੇਗਾ, ਬੜਾ ਲੰਮਾ ਸਮਾਂ 375 ਸਾਲ ਸਿੰਘ ਭਾਈ ਬਣ ਕੇ ਰਹੇ, ਬੜੀਆ ਕੁਰਬਾਨੀ ਕ਼ੀਤੀਆਂ ਜਦੋ ਇਹ ਨਾਂਗੇ ਸਾਧ ਪੈਦਾ ਹੋਣ ਲੱਗੇ ਤਾਂ ਨਾਲ ਹੀ ਉਹਨਾਂ ਸ਼ੇਰਾਂ ਦੀਆਂ ਮਾਰੀਆਂ ਮਾਰਾਂ ਇਹ ਗਿੱਦੜ ਸਾਧਾਂ ਨੇ ਕੁਰਬਾਨੀਆਂ ਦਾ ਮੁੱਲ ਵੱਟਣਾ ਸ਼ੁਰੂ ਕਰ ਦਿੱਤਾ, ਜੋ ਅੱਜ ਤੱਕ ਵੀ ਜਾਰੀ ਹੈ। ਕੁਰਬਾਨੀ ਕਰਨ ਦਾ ਜਜਬਾ ਇਹਨਾਂ ਸਾਧਾਂ ਦੇ ਅੰਦਰ ਬਿਲਕੁੱਲ ਨਹੀਂ ਹੈ। ਅੱਜ ਹਜਾਰਾਂ ਚਣੌਤੀਆਂ ਸਿੱਖਾਂ ਦੇ ਸਾਹਮਣੇ ਮੂੰਹ ਅੱਡੀ ਖੜੀਆਂ ਹਨ ਪਰ ਇਹ ਸਾਧ ਲੋਕਾਂ ਦੀ ਮਾਇਆ ਨਾਲ ਐਸ਼ ਕਰਨ ਵਿਚ ਲੱਗੇ ਹੋਏ ਹਨ ਆਪਣੇ ਬੱਚਿਆਂ ਨੂੰ ਇਹ ਸਾਧ ਦਿੱਲੀ ਵਿਚ ਵੱਡੇ ਵੱਡੇ ਸਕੂਲਾਂ ਵਿਚ ਪੜ੍ਹਾਉਂਦੇ ਹਨ ਅਤੇ ਸੇਵਾ ਦੇ ਨਾਂ ਤੇ ਲੋਕਾਂ ਦੇ ਬੱਚਿਆਂ ਕੋਲੋਂ ਟੋਕਰੀ ਢੁੱਵਾ ਕੇ ਘੋੜਿਆਂ ਨੂੰ ਪੱਠੇ ਪਵਾ ਕੇ, ਲਿੱਦ ਸੁਟਾ ਕੇ ਉਹਨਾਂ ਬੱਚਿਆਂ ਦਾ ਭਵਿੱਖ ਤਬਾਹ ਕਰ ਰਹੇ ਹਨ। ਢਾਡੀ ਕਵੀਸ਼ਰ ਅਤੇ ਹੋਰ ਪੂਜਾਰੀਵਾਦ ਵੀ ਸੱਚ ਵਾਸਤੇ ਕੁਰਬਾਨੀ ਕਰਨ ਨੂੰ ਬਿਲਕੁਲ ਤਿਆਰ ਨਹੀਂ ਹੈ। ਇਕ ਸੰਤ ਆਪਣੇ ਡੇਰੇ ਵਾਸਤੇ ਮਰਨ ਨੂੰ ਵੀ ਤਿਆਰ ਹੈ ਪਰ ਗੁਰੂ ਵਾਸਤੇ ਹੱਕ ਸੱਚ ਵਾਸਤੇ ਨਹੀਂ। ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰ ਵੀ ਤਨਖਾਹ ਲੈ ਕੇ ਬੱਚੇ ਪਾਲਣ ਤੱਕ ਹੀ ਸੀਮਤ ਹਨ। ਹੱਕ ਸੱਚ ਵਾਸਤੇ ਕੁਰਬਾਨੀ ਕਰਨ ਨੂੰ ਤਿਆਰ ਨਹੀਂ। ਬਹੁਤੇ ਗਰੰਥੀ, ਪਾਠੀ, ਕੀਰਤਨੀਏ, ਢਾਡੀ, ਕਵੀਸ਼ਰ, ਕਥਾਵਾਚਕ ਵੀ ਪੈਸੇ ਦੀ ਕਮਾਈ ਵਾਸਤੇ ਹੀ ਲੱਗੇ ਹੋਏ ਹਨ ਗੁਰੂ ਵਾਸਤੇ ਹੱਕ ਸੱਚ ਵਾਸਤੇ ਕੁਰਬਾਨੀ ਕਰਨ ਨੂੰ ਤਿਆਰ ਨਹੀ ਹਨ ਇਹ ਗੁਣ ਵੀ ਨਹੀ ਸਾਂਭਿਆ ਗਿਆ।

ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਨਾਨਕ ਦੇਵ ਜੀ ਵੱਲੋਂ ਚਿਤਰੇ ਖਾਕੇ ਵਿਚ ਕਿਹੜਾ ਰੰਗ ਭਰਿਆ ? ਪੂਰਨ ਮਨੁੱਖ ਦੇ ਖਾਕੇ ਨੂੰ ਚਿੱਤਰ ਨੂੰ ਰਹਿਤ ਬਹਿਤ ਰੂਪੀ ਚੌਖਟੇ ਵਿਚ ਫਰੇਮ ਕਰ ਦਿੱਤਾ। ਵੈਸਾਖ 1699 ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ ਸ਼ਸ਼ਤਰਧਾਰੀ ਬਣਾ ਦਿੱਤਾ ਕਿ ਇਹ ਜੋ ਤਸਵੀਰ ਬਣੀ ਹੈ ਇਹ ਟੁੱਟੇ ਨਾ, ਰਹਿਤ ਦੀ ਵਾੜ ਕਰ ਦਿੱਤੀ। ਬੜੇ ਵੱਡੇ ਇਕੱਠ ਵਿਚ ਸਿਰਾਂ ਦੀ ਮੰਗ ਇੱਕ ਇੱਕ ਕਰਕੇ ਕੀਤੀ ਕਿ ਜੋ ਪਹਿਲੇ ਗੁਰੂਆਂ ਨੇ 250 ਸਾਲ ਇਸ ਸਿੱਖ ਨੂੰ ਪੜ੍ਹਾਇਆ ਹੈ ਕੀ ਇਹ ਇਮਤਿਹਾਨ ਵਿਚੋਂ ਪਾਸ ਹੁੰਦਾ ਹੈ ਕਿ ਨਹੀਂ ? ਉਸ ਵਕਤ ਤੱਕ ਇਸਨੇ ਮਨ ਦੀ ਮੱਤ ਛੱਡ ਕੇ ਗੁਰੂ ਦੀ ਮੱਤ ਹਾਸਲ ਕਰ ਲਈ ਸੀ ਤਾਂ ਇਹ ਸਿਰ ਦੇਣ ਵਾਸਤੇ ਹਾਜਰ ਹੋ ਗਿਆ। ਸਿਰ ਦੇਣ ਦਾ ਭਾਵ ਕਿ ਹੇ ਗੁਰੂ ਜੀ ਮੈਂ ਮਨਮਤਿ ਛੱਡਣ ਨੂੰ ਤਿਆਰ ਹਾਂ ਅਤੇ ਗੁਰਮਤਿ ਦਾ ਧਾਰਨੀ ਹੋ ਕੇ ਜੀਵਨ ਬਤੀਤ ਕਰਾਂਗਾ। ਗੁਰੂ ਨੇ ਨਵਾਂ ਜਨਮ ਬਖਸ਼ ਦਿੱਤਾ ਬੇ ਗੈਰਤੀ ਪਾਸੇ ਕਰਕੇ ਗੈਰਤ ਭਰ ਦਿੱਤੀ। ਸਦੀਆਂ ਦਾ ਲਿਤਾੜਿਆ ਮਨੁੱਖ ਸਿਰ ਉੱਚਾ ਕਰਕੇ ਚੱਲਣ ਲੱਗਾ। ਫਖਰ ਮਹਿਸੂਸ ਕਰਨ ਲੱਗਾ। ਅੰਦਰੋਂ ਬਾਹਰੋਂ ਸੰਪੂਰਨ ਕਰਕੇ ਐਸੇ ਮਨੁੱਖ ਨੂੰ ਗੁਰੂ ਨੇ ਖਾਲਸਾ ਮੇਰੋ ਰੂਪ ਹੈ ਖਾਸ ਆਖਿਆ। ਆਪੇ ਗੁਰ ਚੇਲਾ ਦਾ ਨਵਾਂ ਅਤੇ ਨਿੱਗਰ ਸਿਧਾਂਤ ਦੁਨੀਆਂ ਦੇ ਸਾਹਮਣੇ ਰੱਖਿਆ ਇਤਿਹਾਸਕਾਰਾਂ ਲਿਖਾਰੀਆਂ ਦੀਆਂ ਕਲਮਾਂ ਵਿਚ ਹਰਕਤ ਆਈ। ਹੋਰਨਾਂ ਮੱਤਾਂ ਦੇ ਲਿਖਾਰੀ ਵੀ ਸਾਹਿਬ-ਇ-ਕਮਾਲ ਗੁਰੂ ਗੋਬਿੰਦ ਸਿੰਘ ਦੀ ਸਿਫਤ ਲਿਖਣੋ ਨਾ ਰਹਿ ਸਕੇ। ਇਹ ਗੱਲ ਵੱਖਰੀ ਹੈ ਕਿ ਉਹ ਅਧੂਰੇ, ਉਸ ਪੂਰੇ ਗੁਰੂ ਦੀ ਕਹਾਣੀ ਕਦੇ ਪੂਰੀ ਨਹੀ ਕਰ ਸਕੇ। ਦੁਨੀਆ ਤੇ ਹੋਏ ਰਹਿਬਰਾਂ ਨੇ ਕਦੇ ਵੀ ਆਪਣੇ ਚੇਲਿਆਂ ਨੂੰ ਬਰਾਬਰੀ ਤੇ ਨਾ ਆਉਣ ਦਿਤਾ। ਈਸ਼ਵਰ ਦਾ ਇਕਲੌਤਾ ਪੁੱਤਰ ਕਹਾਉਣ ਵਾਲਾ ਈਸਾ ਜਦੋਂ ਸਲੀਬ ਤੇ ਲਟਕਾਏ ਜਾਣ ਦੇ ਨੇੜੇ ਸੀ ਤਾਂ ਨੇੜੇ ਰਹਿਣ ਵਾਲੇ 7 ਬੰਦਿਆਂ ਨੂੰ ਪੁੱਛਿਆ ਤੁਸੀਂ ਈਸਾ ਜੀ ਦੇ ਨਾਲਦੇ ਹੋ, ਤਾਂ ਉਹ ਕਹਿੰਦੇ ਅਸੀਂ ਤਾਂ ਨਾਲ ਨਹੀਂ ਹਾਂ, ਅਸੀਂ ਤਾਂ ਮੱਛੀਆਂ ਫੜਨ ਵਾਲੇ ਮਛੇਰੇ ਹਾਂ। ਇਹ ਕਹਿ ਕੇ ਉਹ ਜਾਨ ਬਚਾਉਣ ਵਿਚ ਸਫਲ ਹੋ ਗਏ ਸਨ। ਪਰ ਗੁਰੂ ਦੇ ਸਿੱਖਾਂ ਨੇ ਜੋ ਨਵਾਂ ਇਤਿਹਾਸ ਸਿਰਜਿਆ, ਹੈਰਾਨ ਰਹਿ ਗਏ ਸੰਸਾਰ ਦੇ ਲੋਕ। ਸਿੰਘਾਂ ਨੇ 'ਹਰ ਮੈਦਾਨੇ ਫਤਹਿ' ਅਤੇ 'ਪਹਿਲਾਂ ਮਰਣ ਕਬੂਲ' ਗੁਰੂ ਬਚਨਾਂ ਨੂੰ ਸਦਾ ਆਪਣੇ ਜੀਵਨ ਦਾ ਅਧਾਰ ਬਣਾ ਕੇ ਰੱਖਿਆ। ਸ਼ੇਰ ਅਤੇ ਬੱਕਰੀ ਨੂੰ ਇਕੋ ਘਾਟ ਤੇ ਪਾਣੀ ਪਿਆ ਦਿੱਤਾ। ਜਾਤ ਪਾਤ, ਵਰਨ ਵੰਡ, ਸੁੱਚ, ਭਿੱਟ ਛੂਤ-ਛਾਤ, ਵਹਿਮ ਭਰਮ, ਕਰਮ ਕਾਂਡ ਫੈਲਾਉਣ ਵਾਲੇ ਆਪੇ ਬਣੇ ਧਾਰਮਿਕ ਆਗੂ ਦੇ ਮੂੰਹ ਤੇ ਇਹ ਇਕ ਤਕੜੀ ਚਪੇੜ ਸੀ। ਚਾਰ ਚੁਫੇਰਿਉਂ ਮੁਸੀਬਤਾਂ, ਚਣੌਤੀਆਂ ਹਰ ਪਲ ਗੁਰੂ ਦੇ ਸਾਹਮਣੇ ਸਨ। ਸੱਚ ਦੇ ਸੋਮੇਂ, ਨਿਰਪੱਖ, ਨਿਰਵੈਰ, ਦੈਵੀ ਗੁਣਾਂ ਦੇ ਧਾਰਨੀ ਗੁਰੂ ਨੂੰ 14 ਜੰਗਾਂ ਜ਼ਬਰ ਜੁਲਮ ਦੇ ਖਿਲਾਖ਼ ਸਦੀਆਂ ਤੋਂ ਦੱਬੇ ਕੁਚਲੇ ਸਮਾਜ ਦੇ ਲੋਕਾਂ ਦੇ ਹੱਕ ਵਿਚ ਲੜਨੀਆਂ ਪਈਆਂ। ਗੁਰੂ ਨੇ 27 ਜੀਅ (ਆਪਣਾ ਪਰਿਵਾਰ ਅਤੇ ਰਿਸ਼ਤੇਦਾਰੀ ਵਿਚੋਂ) ਸੱਚ ਧਰਮ ਤੋਂ

ਕੁਰਬਾਨ ਕਰ ਦਿੱਤੇ। ਪ੍ਰਚਲਤ ਕਹਾਣੀ ਮੁਤਾਬਕ ਧੀਰਮੱਲੀਆਂ ਪਾਸੋਂ ਸ਼ਬਦ ਗੁਰੂ ਦਾ ਸਰੂਪ ਨਾਂ ਮਿਲਣ ਕਰਕੇ ਗੁਰੂ ਨੇ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਸ਼ਬਦ ਗੁਰੂ ਦੀ ਸੰਪਾਦਨਾ ਕੀਤੀ। ਦੋ ਗੁਰਸਿੱਖਾਂ ਨੇ ਗੁਰਬਾਣੀ ਦੇ ਹੋਰ ਉਤਾਰੇ ਕੀਤੇ। ਹਜ਼ੂਰ ਸਾਹਿਬ ਵਿਖੇ ਗੁਰੂ ਨੇ ਸਦਾ ਵਾਸਤੇ ਗੁਰਤਾ ਗੱਦੀ ਗੁਰੂ ਗਰੰਥ ਸਾਹਿਬ ਜੀ ਨੂੰ ਸੌਂਪ ਦਿੱਤੀ। ਸ਼ਖਸ਼ੀ ਪੂਜਾ (ਮਨੁੱਖ ਦੀ ਪੂਜਾ) ਸਦਾ ਵਾਸਤੇ ਬੰਦ ਕਰ ਦਿੱਤੀ ਸ਼ਬਦ ਗੁਰੂ ਦੇ ਲੜ ਲਾ ਦਿੱਤਾ। ਹਾਜ਼ਰ ਸਿੰਘਾਂ ਨੇ ਸਵਾਲ ਕੀਤਾ ਤੁਸੀਂ ਕਿਹਾ ਹੈ ਆਤਮਾਂ ਗਰੰਥ ਵਿਚ ਸਰੀਰ ਪੰਥ ਵਿਚ। ਤੁਹਾਡੇ ਦਰਸ਼ਨ ਕਰਨੇ ਹੋਣ ਤਾਂ ਕੀ ਕਰਾਂਗੇ ? ਤਾਂ ਗੁਰੂ ਜੀ ਕਹਿੰਦੇ ਪੰਜ ਬਾਣੀ ਬਾਣੇ ਦੇ ਧਾਰਨੀ ਸਿੰਘਾਂ ਦੇ ਦਰਸ਼ਨ ਹੋ ਜਾਣ ਤਾਂ ਮੇਰੇ ਦਰਸ਼ਨ ਸਮਝ ਲੈਣਾ। ਸਿੰਘ ਕਹਿੰਦੇ ਕਿ ਗੁਰੂ ਜੀ ਜੇ ਕਿਤੇ ਐਸੀ ਜਗ੍ਹਾ ਹੋਈਏ ਜਿਥੇ 5 ਸਿੰਘ ਇਕੱਠੇ ਨਾ ਮਿਲਣ ਤਾਂ ਫੇਰ ? ਗੁਰੂ ਜੀ ਕਹਿੰਦੇ ਇਕ ਦੇ ਕਰ ਲੈਣਾ। ਫਿਰ ਸਵਾਲ ਕੀਤਾ ਮਹਾਰਾਜ ! ਜੇ ਇਕ ਵੀ ਨਾ ਮਿਲਿਆਂ ਤਾਂ ਸਾਹਿਬ ਕਹਿੰਦੇ ਜੇ ਤੁਸੀਂ ਆਪ ਹੀ ਬਾਣੀ ਬਾਣੇ ਦੇ ਧਾਰਨੀ ਹੋ ਤਾਂ ਤੁਸੀਂ ਆਪਣਾ ਹੀ ਮੂੰਹ ਸ਼ੀਸ਼ੇ ਵਿਚ ਦੇਖ ਲੈਣਾ ਉਹ ਮੇਰਾ ਹੀ ਹੋਵੇਗਾ।

ਖਾਲਸਾ ਮੇਰੋ ਰੂਪ ਹੈ ਖਾਸ।

ਬਹੁਤ ਵੱਡੀਆਂ ਬਖਸ਼ਿਸ਼ਾਂ ਗੁਰੂ ਨੇ ਸਿੱਖਾਂ ਦੀ ਝੋਲੀ ਵਿਚ ਪਾਈਆਂ ਅਤੇ ਗੁਰਬਾਣੀ ਗੁਰੂ ਦੇ ਬਚਨਾਂ ਹੁਕਮਾਂ ਨੂੰ ਸਦਾ ਸਿਰ ਮੱਥੇ ਮੰਨਦੇ ਰਹਿਣ ਦੀ ਸਖਤ ਹਦਾਇਤ ਕਰਕੇ ਆਪ ਨਿਜਧਾਮ ਨੂੰ ਪਰਤ ਗਏ।

ਕਹਾਣੀਆਂ ਘੜੀ ਫਿਰਦੇ ਹਨ ਤੀਸਰੇ ਦਿਨ ਇਕ ਸਾਧ ਨੂੰ ਮਿਲੇ ਫਲਾਨੇ ਥਾਂ ਸਾਧ ਬੈਠਾ ਸੀ ਘੋੜੇ ਸਮੇਤ ਉਥੇ ਦਸਵੇਂ ਪਾਤਸ਼ਾਹ ਆ ਗਏ। ਪਰ ਮੈਂ ਇਹਨਾਂ ਸਾਧਾਂ ਨੂੰ ਕਹਿਨਾ, ਨਹੀਂ ! ਅਜੇ ਤੱਕ ਤੁਹਾਡੇ ਕੋਲ ਨਹੀਂ ਆਏ, ਨਾਂ ਹੀ ਆਉਣਗੇ। ਗੁਰੂ ਪੰਥ (ਗੁਰੂ ਗਰੰਥ ਸਾਹਿਬ ਨੂੰ ਸਮਰਪਿਤ ਸਿੰਘ) ਤੁਹਾਨੂੰ ਜਰੂਰ ਮਿਲਣਗੇ। ਮਿਲਣਗੇ ਵੀ ਇਸ ਤਰ੍ਹਾਂ ਜਿਸ ਤਰ੍ਹਾਂ ਮਿਲਣ ਦਾ ਹੱਕ ਹੁੰਦਾ ਹੈ। ਸੋ ਮੈਂ ਗੱਲ ਕਰ ਰਿਹਾ ਸੀ ਖਾਲਸਾ ਮੇਰਾ ਰੂਪ ਹੈ ਖਾਸ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾਈ ਦੁਨੀਆਂ ਨੇ ਅੱਖੀਂ ਦੇਖਿਆ। ਖਾਲਸਾ ਰਾਜ ਕਾਇਮ ਕੀਤਾ ਹੱਕ ਸੱਚ ਵਾਸਤੇ ਜੁਲਮ ਦੇ ਖਿਲਾਫ ਜੂਝਦੇ ਨੂੰ ਅੰਤ ਗੁਰਦਾਸ ਨੰਗਲ ਦੀ ਗੜ੍ਹੀ ਵਿਚ ਘੇਰਾ ਪੈ ਗਿਆ। ਲੰਮਾ ਹੋ ਗਿਆ ਘੇਰਾ। ਮੁਗਲ ਹਕੂਮਤ ਆਗੂ ਸੋਚੀ ਬੈਠੇ ਸਨ ਕਿ ਇਹ ਬੰਦਾ ਸਿੰਘ ਰਿਧੀਆਂ ਸਿਧੀਆਂ ਦਾ ਮਾਲਕ ਰਿਹਾ ਹੈ ਉਡ ਕੇ ਨਾ ਚਲੇ ਜਾਵੇ। ਜੇ ਕੋਈ ਕੁੱਤਾ ਬਿੱਲਾ ਕਿਲੇ ਵਿਚੋਂ ਨਿਕਲਦਾ ਤਾਂ ਉਸ ਨੂੰ ਮਾਰ ਦਿੰਦੇ ਕਿਉਂਕਿ ਉਹਨਾਂ ਦਾ ਖਿਆਲ ਸੀ ਕਿ ਹੋਰ ਕੁਝ ਬਣਕੇ ਨਾ ਨਿਕਲ ਜਾਂਦਾ ਹੋਵੇ। ਕਿਲ੍ਹੇ ਦੇ ਬਾਹਰ ਮੰਤਰ ਪੜ੍ਹਨ ਵਾਲੇ ਮਾਂਦਰੀ ਬਿਠਾਏ ਹੋਏ ਸਨ। ਕਿਸੇ ਨੇ ਪੁੱਛਿਆ ਇਹ ਕੀ ਕਰਦੇ ਹਨ ? ਜਵਾਬ ਮਿਲਿਆ ਇਹ ਮੰਤਰ ਪੜ੍ਹ ਰਹੇ ਹਨ ਤਾਂ ਕਿ ਕਿਲ੍ਹੇ ਦੇ ਅੰਦਰ ਬੰਦਾ ਸਿੰਘ ਬਹਾਦਰ ਦੀ ਸ਼ਕਤੀ ਖਤਮ ਹੋ ਜਾਵੇ।

ਪਰ ਇਹਨ੍ਹਾਂ ਨੂੰ ਕੌਣ ਦੱਸੇ ਥੁੱਕਾਂ ਦੇ ਨਾਲ ਕਦੇ ਵੜੇ ਨਹੀਂ ਪੱਕਦੇ। ਇਥੇ ਇਕ ਬੜੀ ਵੱਡੀ ਗੱਲ ਦਾ ਜ਼ਿਕਰ ਕਰਨਾ ਜਰੂਰੀ ਸਮਝਦਾ ਹਾਂ। ਜਿਹੜੇ ਸਾਧ ਲੋਕਾਂ ਨੂੰ ਅੱਖਾਂ ਮੀਟ ਕੇ ਦਿਖਾਉਂਦੇ ਹਨ ਗੈਬੀ ਸ਼ਕਤੀਆ ਦੇ ਦਾਅਵੇ ਕਰਕੇ ਭੋਲੇ ਭਾਲੇ ਸਮਾਜ ਦੇ ਲੋਕਾਂ ਨੂੰ ਲੁੱਟ ਰਹੇ ਹਨ। ਜੇ ਕੋਈ ਐਸੀ ਗੱਲ ਹੁੰਦੀ ਤਾਂ ਬੰਦਾ ਸਿੰਘ ਉਡ ਕੇ ਕਿਲ੍ਹੇ ਵਿਚੋਂ ਬਾਹਰ ਚਲੇ ਜਾਂਦੇ। ਇਹਨਾਂ ਸਾਧਾਂ ਦੇ ਚੇਲੇ ਝੂਠੋ ਝੂਠ ਕਹੀ ਜਾਂਦੇ ਹਨ ਕਿ ਫਲਾਨਾ ਬਾਬਾ ਉਸੇ ਟਾਈਮ ਬੰਬਈ ਵਿਚ ਸੀ ਅਤੇ ਉਸੇ ਵਕਤ ਜ਼ਲੰਧਰ ਬੈਠਾ ਸੀ। ਚੇਲਾ ਜਦੋਂ ਉਹੀ ਝੂਠ ਬਾਬੇ ਕੋਲ ਬੋਲਦਾ ਤਾਂ ਬਾਬਾ ਕਹਿੰਦਾ ਠੀਕ ਹੈ ਗੱਲ ਇਹੀ ਹੈ ਹੋਰ ਕਿਸੇ ਨੂੰ ਨਾ ਦੱਸੀਂ। ਇਹ ਕਹਾਣੀਆਂ ਇਹਨਾਂ ਨੇ ਕਈਆਂ ਸਾਧਾਂ ਨਾਲ ਜੋੜੀਆਂ ਹੋਈਆਂ ਹਨ ਇਹ ਜ਼ਿਕਰ ਅੱਗੇ ਚੱਲ ਕੇ ਕਰਾਂਗਾ। ਜਦੋਂ ਵੀ ਜੁਲਮ ਦਾ ਟਾਕਰਾ ਕੀਤਾ ਸਿੰਘਾਂ ਨੇ ਜਾਨ ਦੀ ਬਾਜੀ ਲਾ ਕੇ ਕੀਤਾ ਕਿਸੇ ਵੀ ਸਾਧ ਦੀ ਗੈਬੀ ਸ਼ਕਤੀ ਨੇ ਕਦੇ ਕੱਖ ਨਹੀਂ ਕੀਤਾ ਅਤੇ ਨਾ ਹੀ ਇਹਨਾਂ ਦੇ ਪੱਲੇ ਕੱਖ ਹੈ। ਇਹ ਸਾਧ ਧਰਮ ਦਾ ਬੁਰਕਾ ਪਾ ਕੇ ਬੜੇ ਤਰੀਕੇ ਨਾਲ ਦੁਨੀਆਂ ਨੂੰ ਲੁੱਟ ਰਹੇ ਹਨ। ਮੈਂ ਆਪ ਦੀ ਖਿਦਮਤ ਅਰਜ ਕਰ ਰਿਹਾ ਹਾਂ ਖਾਸ ਰੂਪ ਖਾਲਸਾ ਜੀ ਦੀ ਦਾਸਤਾਨ। ਅੰਤ ਬੰਦਾ ਸਿੰਘ ਬਹਾਦਰ ਨੂੰ 700 ਸਿੰਘਾਂ ਸਮੇਤ ਗ੍ਰਿਫਤਾਰ ਕਰ ਲਿਆ ਗਿਆ। ਸਿਆਣੇ ਕਹਿੰਦੇ ਸ਼ੇਰਾਂ ਨੂੰ ਪਿੰਜਰੇ ਵਿਚ ਪੈਣਾ ਔਖਾ ਹੁੰਦਾ ਹੈ। ਜਦ ਲਿਜਾ ਰਹੇ ਸੀ ਦਿੱਲੀ ਨੂੰ, ਤਾਂ ਹਾਥੀ ਉਪਰ ਦੋ ਮੁਗਲ ਸਿਪਾਸਲਾਰ ਬੰਦਾ ਸਿੰਘ ਦੇ ਨਾਲ ਬੱਧੇ ਹੋਏ ਸੀ ਸਵਾਲ ਉਠਿਆਂ ? ਇਹ ਕਿਉਂ ? ਉੱਤਰ ਮਿਲਿਆ ਕਿ ਬੰਦਾ ਸਿੰਘ ਬਹਾਦਰ ਕਿਤੇ ਉਡ ਨਾ ਜਾਵੇ ਤੇ ਇਹ ਬੱਧੇ ਇਸ ਕਰਕੇ ਹਨ ਕਿ ਡਰਦੇ ਮਾਰੇ ਇਹ ਨੇੜੇ ਬਹਿਣ ਨੂੰ ਤਿਆਰ ਨਹੀਂ ਸਨ। ਖਾਲਸਾ ਮੇਰੋ ਰੂਪ ਹੈ ਖਾਸ। ਦਿੱਲੀ ਵਿਖੇ ਜੋ ਬੀਤਿਆ, ਇਕ ਵੀ ਸਿੰਘ ਨੇ ਧਰਮ ਨਾ ਹਾਰਿਆ। ਰੋਜ਼ 100-100 ਸਿੰਘ ਖਿੜੇ ਮੱਥੇ ਸ਼ਹਾਦਤ ਨੂੰ ਪ੍ਰਵਾਨ ਕਰਦੇ ਰਹੇ। ਬੰਦਾ ਸਿੰਘ ਬਹਾਦਰ ਨੂੰ ਅਸਹਿ ਅਤੇ ਅਕਹਿ ਤਸੀਹੇ ਦਿੱਤੇ ਗਏ। ਬੱਚੇ ਦਾ ਕਲੇਜਾ ਕੱਢ ਕੇ ਮੂੰਹ ਵਿਚ ਪਾਇਆ ਗਿਆ ਜੰਬੂਰਾਂ ਨਾਲ ਮਾਸ ਨੋਚਿਆ ਗਿਆ। ਅੰਤ ਮਹਾਨ ਸੂਰਬੀਰ ਜੋਧਾ ਸ਼ਹਾਦਤ ਦਾ ਜਾਮ ਪੀ ਗਿਆ। ਆਪਦੇ ਚੱਲ ਰਹੇ ਸਵਾਸ ਉਹ ਭਾਰਤ ਦੇ ਮੁਰਦੇ ਲੋਕਾਂ 'ਚ ਪਾ ਗਿਆ। ਆਪਣੇ ਖੂਨ ਦਾ ਤੇਲ ਬਣਾ ਕੇ ਉਹ ਸਦੀਆਂ ਤੋਂ ਬੁਝੇ ਹੋਏ ਦੀਵਿਆਂ ਵਿਚ ਪਾ ਗਿਆ।

ਇਹ ਸਾਧ ਜਿਹੜੇ ਸਦਾ ਝੂਠ ਦਾ ਆਸਰਾ ਲਈ ਬੈਠੇ ਹਨ ਕਹਿੰਦੇ ਉਹ ਤਾਂ ਗੁਰੂ ਬਣ ਬੈਠਾ ਸੀ। ਉਸਨੇ ਵਿਆਹ ਕਰਵਾ ਲਿਆ ਸੀ ਤਾਂ ਇਹ ਹਾਲਤ ਹੋਈ। ਇਹ ਖੁਸਰੇ ਸਾਧ ਵਿਆਹ ਕਰਵਾਉਣ ਨੂੰ ਪਾਪ ਜੁ ਸਮਝਦੇ ਹੋਏ। ਇਹ ਸਾਧ ਸਦਾ ਯਾਦ ਰੱਖਣ। ਜੀਊਂਦੇ ਨੂੰ ਖਤਰਾ ਹੈ ਮਰੇ ਹੋਏ ਨੂੰ ਕੋਈ ਖਤਰਾ ਨਹੀਂ। ਫੁੱਲ ਹਮੇਸ਼ਾਂ ਖਤਰੇ ਵਿਚ ਹਨ। ਕੰਡੇ ਕਦੇ ਖਤਰੇ ਵਿਚ ਨਹੀਂ ਹੁੰਦੇ। ਫੁੱਲ ਦੀ ਉਮਰ ਬੜੀ ਥੋੜੀ ਹੁੰਦੀ ਹੈ ਕੰਡੇ ਦੀ ਉਮਰ ਲੰਮੀ ਹੁੰਦੀ ਹੈ। ਮਰਦ ਖਤਰੇ ਵਿਚ ਹਨ ਖੁਸਰਿਆ ਨੂੰ ਕੀ ਖਤਰਾ ਹੈ ?

ਉਸ ਤੋਂ ਬਾਅਦ ਸਿੰਘਾਂ ਤੇ ਮੁਸੀਬਤਾਂ ਹੀ ਮੁਸੀਬਤਾਂ ਛੋਟਾ ਘੱਲੂਘਾਰਾ, ਵੱਡਾ ਘੱਲੂਘਾਰਾ, ਮੁਗਲ ਹਕੂਮਤ ਦੇ ਜੁਲਮ। ਹਿੰਦੋਸਤਾਨ ਦਾ ਸਾਰਾ ਕੁਝ ਖਤਰੇ ਵਿਚ, ਬਹੂ ਬੇਟੀਆਂ ਟਕੇ ਟਕੇ ਤੇ ਵਿਕੀਆ। ਹਰ ਮੈਦਾਨੇ ਡੱਟਦੇ ਰਹੇ ਖਾਲਸੇ, ਸੱਚ ਸ਼ਮਾਂ ਤੋਂ ਕੁਰਬਾਨ ਹੁੰਦੇ ਰਹੇ। ਭਾਈ ਮਨੀ ਸਿੰਘ ਜੀ ਦਾ ਬੰਦ ਬੰਦ ਕਟਿਆ ਗਿਆ। ਦੇਖੋ ਵੱਡੀ ਤੋਂ ਵੱਡੀ ਕੁਰਬਾਨੀ ਵਾਲੇ ਵੀ ਕਿਸੇ ਦੇ ਨਾਮ ਨਾਲ ਸੰਤ ਬ੍ਰਹਮ ਗਿਆਨੀ ਨਹੀ ਲੱਗਾ ਸਿੰਘ ਉਧਰ ਨਿਰਮਲਿਆ ਆਦਿ ਸਾਧਾਂ ਨੂੰ ਗੁਰੂ ਗਰੰਥ ਸਾਹਿਬ ਜੀ ਦੀ ਸੇਵਾ ਸੰਭਾਲ ਵਾਸਤੇ ਲਾਇਆ। ਇਹ ਲੱਗੇ ਬਾਣੀ ਨੂੰ ਮੰਤਰ ਰੂਪ ਵਿਚ ਪੜ੍ਹਨ ਰਾਮਾਇਣ ਦੀ ਤਰਜ ਤੇ ਲੱਗੇ ਪਾਠ ਰਟਨ ਕਰਨ। ਇਕੋਤਰੀਆਂ, ਸੰਪਟ, ਜੋਤਾਂ, ਮੌਲੀਆਂ, ਨਾਰੀਅਲ, ਕੁੰਭ ਘੜੇ ਮਰਯਾਦਾ ਬਣਾ ਦਿਤੀਆਂ। ਚੋਰ ਮੋਰੀਆਂ ਰਾਹੀਂ ਅੱਗੇ ਆਏ ਇਹ ਸੰਤ, ਮਹੰਤਾਂ ਦੇ ਰੂਪ ਵਿਚ ਗੁਰਦੁਆਰਿਆਂ ਤੇ ਕਾਬਜ ਹੋ ਗਏ। ਬਾਹਮਣੀ ਰੀਤਾਂ ਮਨਮੱਤੀਆਂ ਮਰਯਾਦਾ ਬਣਾ ਕੇ ਬੈਠ ਗਏ। ਗੁਰਦੁਆਰਿਆਂ ਵਿਚ ਵੰਨ ਸਵੰਨੀਆਂ ਕੁਰੀਤੀਆਂ ਕਰਨ ਲੱਗ ਪਏ। ਇਹ ਉਹੀ ਸਨ ਜਿਨ੍ਹਾਂ ਮਸੰਦਾਂ ਨੂੰ ਦਸਵੇਂ ਪਾਤਸ਼ਾਹ ਨੇ ਤੇਲ ਦੇ ਕੜਾਹਿਆਂ ਵਿਚ ਸੁੱਟਿਆ ਸੀ।

ਦੋ ਸਿੰਘ ਉਠੇ ਪ੍ਰੋ: ਗੁਰਮੁਖ ਸਿੰਘ ਅਤੇ ਗਿਆਨੀ ਦਿੱਤ ਸਿੰਘ। ਸਿੰਘ ਸਭਾ ਲਹਿਰ ਦਾ ਜਨਮ ਹੋਇਆ। ਕਿਵੇਂ ਮੋਰਚੇ ਲਾਏ ? ਕਿਵੇਂ ਮਹੰਤਾਂ ਤੋਂ ਗੁਰਦੁਆਰੇ ਆਜਾਦ ਕਰਵਾਏ ? 12-13 ਸਾਲ ਦੀ ਮਿਹਨਤ ਸਦਕਾ ਸਿੱਖ ਰਹਿਤ ਮਰਯਾਦਾ ਹੋਂਦ ਵਿਚ ਆਈ। ਕਿਵੇਂ ਸਾਧਾਂ ਨੇ ਆਪਣੀਆਂ ਆਪਣੀਆਂ ਮਰਯਾਦਾ ਬਣਾ ਕੇ ਇਸ ਸਿੱਖ ਰਹਿਤ ਮਰਯਾਦਾ ਦੀਆਂ ਧੱਜੀਆ ਉਡਾਈਆਂ ਆਪ ਇਸ ਪੁਸਤਕ ਦੇ ਦੂਸਰੇ ਭਾਗ ਵਿਚ ਪੜ੍ਹ ਆਏ ਹੋ ਜਿਨ੍ਹਾਂ ਨਹੀਂ ਪੜਿਆ ਉਹ ਉਥੇ ਪੜ੍ਹੋ।

ਹੁਣ ਤੀਜੀ ਵਾਰ ਫਿਰ ਇਹ ਸੰਤ ਮਹੰਤ ਬਹੁਤ ਜਿਆਦਾ ਗਿਣਤੀ ਵਿਚ ਪੈਦਾ ਹੋ ਗਏ ਹਨ। ਗੁਰਬਾਣੀ ਸੱਚ ਦੇ ਉਲਟ ਇਹ ਰੋਜ ਨਵੀਆ ਕਹਾਣੀਆਂ, ਨਵੇਂ ਸਿਧਾਂਤ, ਵਹਿਮ ਭਰਮ, ਕਰਮ ਕਾਂਢ, ਥਾਂ-ਥਾਂ ਭੁਲੇਖੇ, ਨਵੀਆਂ ਨਵੀਆਂ ਮਰਯਾਦਾ ਘੜ ਰਹੇ ਹਨ ਉਨ੍ਹਾਂ ਨੁਕਸਾਨ ਵੈਰੀ ਵੀ ਨਹੀਂ ਕਰ ਸਕੇ ਜਿੰਨਾਂ ਇਹਨਾਂ ਸਾਧਾਂ ਸੰਤਾਂ ਨੇ ਕੀਤਾ ਹੈ। ਸਿੱਖ ਕੌਮ 100 ਧੜੇ ਵਿਚ ਵੰਡੀ ਹੋਈ ਹੈ ਹਜਾਰਾਂ ਮਰਯਾਦਾ ਇਹਨਾਂ ਕਿਵੇਂ ਬਣਾਈਆਂ ? ਕਿਵੇਂ ਇਹਨਾਂ ਗੁਰਬਾਣੀ ਗੁਰੂ ਤੋਂ ਦੂਰ ਕੀਤਾ ? ਇਹਨਾਂ ਆਪਣੇ ਪੈਰ ਪੂਜਾਏ। ਭੋਲੇ ਭਾਲੇ ਸਿੱਖਾਂ ਨੂੰ ਭੁਲੇਖੇ ਪਾ ਰਹੇ ਹਨ ਕਿ ਗੁਰੂ ਇਹੀ ਹਨ ਇਹ ਗੁਰੂ ਤੋਂ ਵੀ ਵੱਡੇ ਬਣ ਬਣ ਕੇ ਬੈਠ ਰਹੇ ਹਨ। ਨਕਲੀ ਦੇਹਧਾਰੀ ਗੁਰੂ ਅਤੇ ਇਹ ਸੰਤਾਂ ਮਹੰਤਾਂ ਦੇ ਕਦੇ ਕਿਤੇ ਉਂਗਲ ਨੂੰ ਵੀ ਖੂਨ ਨਹੀਂ ਲੱਗਾ। ਇਹਨਾਂ ਦੀਆਂ ਲਿਖੀਆਂ ਕਿਤਾਬਾਂ ਗੁਰਮਤਿ ਸਿਧਾਂਤ ਦਾ ਖੰਡਨ ਕਰ ਰਹੀਆਂ ਹਨ ਅਤੇ ਇਹਨਾਂ ਦੀਆਂ ਸੁਣਾਈਆਂ ਕਥਾ ਕਹਾਣੀਆਂ ਵੀ ਗੁਰਮਤਿ ਸਿਧਾਂਤਾਂ ਦਾ ਖੰਡਨ ਕਿਵੇਂ ਕਰ ਰਹੀਆਂ ਹਨ ਆਪ ਇਹਨਾਂ ਪੁਸਤਕਾਂ ਵਿਚ ਪੜ੍ਹ ਰਹੇ ਹੋ।

ਸੰਤ ਬਾਬਾ ਮਿੱਤ ਸਿੰਘ

ਇਕ ਕਿਤਾਬ ਜਿਸਦਾ ਨਾਂ ਪੰਜ ਸੁੱਚੇ ਮੋਤੀ 'ਡਾ. ਤਾਰਾ ਸਿੰਘ ਦੀ ਲਿਖੀ ਹੋਈ ਹੈ। ਇਸ ਵਿਚ ਉਸਨੇ ਪੰਜ ਸੰਤਾਂ ਦੇ ਜੀਵਨ ਲਿਖੇ ਹਨ ਇਕ ਦੇ ਨਾਂ ਨਾਲ 'ਭਾਈ' ਹੈ ਸੰਤ ਨਹੀਂ ਹੈ। ਖਿਆਲ ਰੱਖਣਾ ਜਿਸਦੇ ਨਾਮ ਨਾਲ ਸੰਤ ਨਹੀਂ ਹੈ 'ਭਾਈ' ਹੈ ਮੈਂ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਉਸਦੇ ਜੀਵਨ ਵਿਚੋਂ ਗੁਰਮਤਿ ਦੇ ਉਲਟ ਕੁਝ ਨਹੀਂ ਲੱਭ ਸਕਿਆ ਜਦੋਂ ਕਿ ਸਾਰੀ ਕਿਤਾਬ ਇਕੋ ਲੇਖਕ ਦੀ ਲਿਖੀ ਹੋਈ ਹੈ। ਜਿੰਨਾਂ ਚਾਰ ਦੇ ਨਾਂ ਨਾਲ 'ਸੰਤ' ਲੱਗਾ ਹੈ ਉਹਨਾਂ ਦੇ ਜੀਵਨ ਮਨਮੱਤਾਂ ਨਾਲ ਭਰੇ ਪਏ ਹਨ ਧਿਆਨ ਦੇਣਾ ਜੀ।

ਇਸ ਸੰਤ ਮਿੱਤ ਸਿੰਘ ਦਾ ਜਨਮ ਲੁਧਿਆਣੇ ਤੋਂ ੧੪ ਮੀਲ ਦੀ ਵਿੱਥ ਪਰ ਜਗਰਾਉਂ ਵਾਲੀ ਸੜਕ ਤੇ ਪਿੰਡ ਮੰਡਿਆਲੀ ਵਿਚ ਹੋਇਆ ਪਿਤਾ ਦਾ ਨਾਂ ਕਰਮ ਸਿੰਘ ਅਤੇ ਮਾਤਾ ਦਾ ਨਾ ਕਰਮ ਕੌਰ ਸੀ।

ਕਈ ਵੇਰ ੨-੨ ਦਿਨ ਘਰੋਂ ਬਾਹਰ ਭੁੱਖੇ ਤਿਹਾਏ ਬੈਠੇ ਰਹਿੰਦੇ ਮਾਤਾ-ਪਿਤਾ ਨੇ ਇਕ ਕਾਣੇ ਮਨੁੱਖ ਨੂੰ ਲੱਭਣ ਭੇਜਣਾ ਜੋ ਬਾਬਾ ਜੀ ਦੇ ਟਿਕਾਣਿਆ ਦਾ ਵਾਕਫ ਸੀ। ਉਹ ਆਪ ਨੂੰ ਲੱਭ ਲਿਆਉਂਦਾ ਸੀ। ਬਾਬਾ ਜੀ ਦਾ ਮਨ ਕਿਸੇ ਦੁਨਿਆਵੀ ਕੰਮ ਵਿਚ ਨਹੀਂ ਸੀ ਲੱਗਦਾ। ਜਿਮੀਦਾਰੇ ਵਿਚ ਵੀ ਮਨ ਨਾ ਲਾਇਆ, ਬਿਨਾ ਭਜਨ ਬੰਦਗੀ ਦੇ ਹੋਰ ਕੁਝ ਨਹੀਂ ਸੀ ਕਰਦੇ।

ਪੰਜ ਸੁੱਚੇ ਮੋਤੀ ਪੰਨਾ ੧੬

ਵਿਚਾਰ—ਕਿਹੜੀ ਭਜਨ ਬੰਦਗੀ ? ਕੀ ਗੁਰੂਆਂ ਨੇ ਘਰ ਦੇ ਕੰਮ ਨਹੀਂ ਕੀਤੇ, ਗੁਰੂ ਨਾਨਕ ਦੇਵ ਜੀ ਨੇ ਖੇਤੀ ਨਹੀਂ ਕੀਤੀ ? ਕਿਰਤ ਕਰਨਾ ਉਹਨਾਂ ਪਹਿਲਾਂ ਕਿਹਾ ਹੈ। ਗੁਰੂ ਦਾ ਹਰ ਸਿੱਖ ਕਿਰਤੀ ਹੋਇਆ ਹੈ। ਗੁਰੂ ਫੁਰਮਾਣ ਹੈ :-

ਵਿਚਿ ਦੁਨੀਆਂ ਸੇਵ ਕਮਾਈਐ ॥
ਤ ਦਰਗਹ ਬੈਸਣ ਪਾਈਐ ॥

ਹੋਰ ਫੁਰਮਾਣ

"ਮਾਇਆ ਕੀ ਕਿਰਤ ਛੋਡਿ ਗਵਾਈ ਭਗਤੀ ਸਾਰ ਨ ਜਾਨੈ ॥

(ਪੰਨਾ ੩੮੧)

ਸੇਵਾ ਤਾਂ ਮਾਂ ਪਿਉ ਦੀ ਨਾ ਕੀਤੀ ਹੋਰ ਦੁਨੀਆਂ ਦੀ ਇਹਨਾਂ ਕੀ ਸੇਵਾ ਕਰਨੀ ਸੀ।

ਅੱਗੇ ਲਿਖਿਆ ਹੈ ਕਿ ਬਾਬਾ ਜੀ ਅਤੇ ਕੁਝ ਸਿੰਘਾਂ ਨੇ ਹਜੂਰ ਸਾਹਿਬ ਪੈਦਲ ਯਾਤਰਾ ਕੀਤੀ ਨਾਲ ਦੋ ਘੋੜੇ ਸਨ ਪਰ ਘੋੜਿਆਂ ਤੇ ਨਾ ਚੜ੍ਹੇ ਪੈਦਲ ਗਏ। ਬਾਬਾ ਜੀ ਬਿਬੇਕੀ ਸਨ ਪ੍ਰਸ਼ਾਦਾ ਆਪ ਤਿਆਰ ਕਰਕੇ ਖਾਂਦੇ ਸਨ। ਕਿਸੇ ਦੇ ਹੱਥੋਂ ਨਹੀਂ।

ਪੰਜ ਸੁੱਚੇ ਮੋਤੀ ਪੰਨਾ ੨੧

ਵਿਚਾਰ—ਪੈਦਲ ਯਾਤਰਾ ਦਾ ਕੀ ਮਤਲਬ ? ਯਾਤਰਾ ਤਾਂ ਇਕ ਹੀ ਹੈ ਝੂਠ ਤੋਂ ਤੁਰ ਕੇ ਸੱਚ ਤੱਕ ਪਹੁੰਚਣਾ । ਮਨਮਤਿ ਛੱਡ ਕੇ ਗੁਰਮਤਿ ਧਾਰਨ ਕਰਨੀ । ਦਰਸ਼ਨ ਕਰਨ ਜਾਇਆ ਜਾ ਸਕਦਾ ਹੈ । ਪਰ ਪੈਦਲ, ਬਿਬੇਕ ਕਰਮ ਕਾਂਡ ਦਾ ਕੀ ਮਤਲਬ ? ਬਿਬੇਕ ਬਾਰੇ ਪੜ੍ਹੋ । ਸੰਤਾਂ ਦੇ ਕੌਤਕ ਭਾਗ ਪਹਿਲਾ ।

ਅੱਗੇ ਲਿਖਦੇ ਹਨ ਕਿ ਸੰਤ ਮਿੱਤ ਸਿੰਘ ਨੇ ਆਪਣੇ ਜੀਵਨ ਵਿਚ ਕੋਈ ਬਚਨ ਭੂਤ, ਭਵਿੱਖ ਤੇ ਵਰਤਮਾਨ ਦਾ ਐਸਾ ਨਹੀਂ ਉਚਾਰਿਆ ਜੋ ਸੱਚ ਨਾ ਹੋਇਆ ਹੋਵੇ।

ਪੰਜ ਸੁੱਚੇ ਮੋਤੀ ਪੰਨਾ ੨੨

ਵਿਚਾਰ—ਕਈ ਸਾਧ ਸੰਤ ਕਹਾ ਕੇ ਉਹਨਾਂ ਦੇ ਸਾਹਮਣੇ ਮਨਮੱਤਾਂ ਕਰਦੇ ਰਹੇ । ਸਿੱਖ ਕੌਮ ਦੀ ਏਕਤਾ ਖੇਰੂ ਖੇਰੂ ਹੋ ਰਹੀ ਸੀ ਦੇਹਧਾਰੀ ਗੁਰੂ ਪੈਦਾ ਹਰੋ ਰਹੇ ਸਨ । ਲੋਕ ਗੁਰੂ ਗ੍ਰੰਥ ਸਾਹਿਬ ਤੋਂ ਦੂਰ ਹੋ ਰਹੇ ਸਨ । ਕਿਹੜਾ ਬਚਨ ਕੀਤਾ ਇਸ ਸਾਧ ਨੇ ਕਿਹੜਾਂ ਬਚਨ ਸੱਚ ਹੋਇਆ ਕੋਈ ਦੱਸੇ ?

ਅੱਗੇ ਲਿਖਿਆ ਹੈ ਇਹਨਾਂ ਦਿਨਾਂ ਵਿਚ ਹੀ ਗੁਰਦੁਆਰੇ ਦੇ ਪੁਜਾਰੀ ਹਰੀ ਸਿੰਘ "ਦੂਧਾਧਾਰੀ" ਹੁੰਦੇ ਸਨ ਜੋ ਕਿ ਗੁਰੂ ਘਰ ਦੇ ਪ੍ਰੇਮੀ ਅਤੇ ਭਜਨੀਕ ਪੁਰਸ਼ ਸਨ ।

ਪੰਜ ਸੁੱਚੇ ਮੋਤੀ ਪੰਨਾ ੨੪

ਵਿਚਾਰ—ਐਸੇ ਦੂਧਾਧਾਰੀ ਕਰਮ ਕਾਂਡੀਆਂ ਦੀ ਜੋ ਦੁਰਦੰਸ਼ਾ ਗੁਰਬਾਣੀ ਵਿਚ ਕੀਤੀ ਹੈ ਉਹ ਪੜ੍ਹ ਕੇ ਤਾਂ ਦੇਖੋ ।

ਛੋਡਹਿ ਅੰਨ ਕਰਹਿ ਪਾਖੰਡ ॥ ਨ ਉਹ ਸੁਹਾਗਣਿ ਨ ਉਹਿ ਰੰਡ ॥
ਜਗਿ ਕਉ ਬਕਤੇ ਦੂਧਾਧਾਰੀ ॥ ਗੁਪਤੀ ਖਾਵਹਿ ਵਟਿਕਾ ਸਾਰੀ ॥

(ਪੰਨਾ ੮੭੩)

ਗੁਰੂ ਦਾ ਇਹ ਉਪਦੇਸ਼ ਇਹਨਾਂ ਸਾਧਾਂ ਨੇ ਕਦੇ ਨਹੀਂ ਮੰਨੇ ਮੰਨਿਆ ।

ਅੱਗੇ ਕਈ ਗੱਪਾਂ ਲਿਖਕੇ ਅੱਗੇ ਲਿਖਦੇ ਹਨ ਗੁਰਦੁਆਰੇ ਮੈਨੇਜਰ ਤੋਂ ਰਸਦ ਨਾ ਮਿਲੀ ਸੰਤ ਕਹਿੰਦੇ ਕੋਈ ਸਮਾਂ ਆਏਗਾ ਤੁਸੀਂ ਸਾਨੂੰ ਰਸਦ ਦਿਉਗੇ ਅਸੀਂ ਲਵਾਂਗੇ ਨਹੀਂ । ਉਸੇ ਰਾਤ ਗੁਪਤ ਸ਼ਕਤੀਆਂ ਨੇ ਮੈਨੇਜਰ ਨੂੰ ਆ ਘੇਰਿਆ ।

ਪੰਜ ਸੁੱਚੇ ਮੋਤੀ ਪੰਨਾ ੨੭

ਵਿਚਾਰ—ਇਹਨਾਂ ਸਾਧਾਂ ਦੀ ਨਿੱਕੀ ਜਿਹੀ ਗੱਲ ਤੇ ਰਾਤ ਹੀ ਗੁਪਤ ਸ਼ਕਤੀਆਂ ਆ ਜਾਂਦੀਆਂ ਹਨ ਪਰ ਗੁਰੂ ਦੇ ਸ਼ਰੀਕ ਇਥੇ ਥਾਂ-ਥਾਂ ਪੈਦਾ ਹੋ ਗਏ ਕਈ ਥਾਈਂ ਗੁਰੂ ਸਰੂਪਾਂ ਦੀ ਬੇਅਦਬੀ ਹੋਈ ਅੱਗਾਂ ਵੀ ਲੱਗੀਆਂ ਕਿਸੇ ਇਕ ਵੀ ਸਾਧ ਦੀਆਂ ਗੁਪਤ ਸ਼ਕਤੀਆਂ ਨੇ ਕੱਖ ਨਾ ਸਵਾਰਿਆ । ਇਹ ਲਿਖਾਰੀ ਥਾਂ ਥਾਂ ਝੂਠ ਦਾ ਆਸਰਾ ਲੈ ਰਿਹਾ ਹੈ ।

ਅੱਗੇ ਲਿਖਿਆ ਹੈ ਟੀਨ ਦਾ ਸ਼ੱਫਰ ਕਾਫੀ ਵੱਡਾ ਬਣਾ ਲਿਆ ਜਿਸ ਵਿਚ ਆਦਿ ਗੁਰੂ ਗਰੰਥ ਸਾਹਿਬ ਅਤੇ ਦਸਮ ਗ੍ਰੰਥ ਦਾ ਪ੍ਰਕਾਸ਼ ਕਰ ਲਿਆ।

ਪੰਜ ਸੁੱਚੇ ਮੋਤੀ ਪੰਨਾ ੩੫

ਵਿਚਾਰ—ਦਸਮ ਗ੍ਰੰਥ ਦੇ ਤ੍ਰੀਆ ਚਰਿਤਰਾਂ ਦੀ ਕਥਾ ਕਰਕੇ ਸੁਣਾਉਂਦੇ ਤਾਂ ਸਹੀ ਕਿਸੇ ਨੂੰ ਪਤਾ ਲੱਗ ਜਾਂਦਾ ਕਿ ਕਿਸ ਭਾਅ ਤੁੱਲਦੀ ਹੈ ਵਿਸਥਾਰ ਵਾਸਤੇ ਪੜ੍ਹੋ ਭਾਗ ਪਹਿਲਾ ਸੰਤਾਂ ਦੇ ਕੌਤਕ।

ਅੱਗੇ ਲਿਖਦੇ ਹਨ ਦੋ ਬੜੇ ਖੇਤ ਖਰੀਦ ਕੇ ਗੁਰਦੁਆਰੇ ਦੇ ਨਾਮ ਲਗਵਾ ਦਿੱਤੇ ਰਜਿਸਟਰੀ ਲੋਹ (ਲੰਗਰ) ਦੇ ਨਾਂ ਕਰਵਾ ਦਿਤੀ।

ਪੰਜ ਸੁੱਚੇ ਮੋਤੀ ਪੰਨਾ ੩੫

ਵਿਚਾਰ—ਹੁਣ ਤਾਂ ਕੋਈ ਰਜਿਸਟਰੀਆਂ ਲੋਹ ਲੰਗਰ ਨਾਂ ਨਹੀਂ ਹੁੰਦੀਆਂ। ਹੁਣ ਤਾਂ ਰਜਿਸਟਰੀਆਂ ਸਾਧਾਂ ਦੇ ਨਾਂ, ਸਾਧਾਂ ਦੇ ਮੁੰਡਿਆਂ ਦੇ ਕੁੜੀਆਂ ਦੇ ਨਾਂ, ਸਾਧਾਂ ਦੀਆਂ ਜਨਾਨੀਆਂ ਦੇ ਨਾਂ, ਪੋਤਰਿਆਂ ਦੇ ਨਾਂ ਹੁੰਦੀਆਂ ਹਨ ਹੈ ਕੋਈ ਪੁੱਛਣ ਵਾਲਾ ਇਹਨਾਂ ਨੂੰ ਇਹਨਾਂ ਨੇ ਗੁਰਦੁਆਰੇ ਵੀ ਆਪਣੇ ਨਾਂ ਬੈ ਕਰਵਾ ਲਏ ਹਨ। ਅੱਗੇ ਲਿਖਦੇ ਹਨ ਕਿ ਸੇਵਾਦਾਰ ਨੂੰ ਹੋਰ ਕੋਈ ਸੋਚ ਨਾ ਫੁਰੀ ਕਹਿੰਦਾ ਪਾਤਸ਼ਾਹ ਜਿਵੇਂ ਆਪ ਦਾ ਹੁਕਮ ਤੁਸੀਂ ਤਾਂ ਹੁਕਮ ਕਿਸੇ ਨੂੰ ਦਿੰਦੇ ਹੀ ਨਹੀਂ ਹੋ।

ਪੰਜ ਸੁੱਚੇ ਮੋਤੀ ਪੰਨਾ ੩੮

ਵਿਚਾਰ—ਇਹ ਸੇਵਾਦਾਰ ਗੁਰੂ ਦੇ ਹਨ ਕਿ ਸਾਧ ਦੇ ? ਕਦੇ ਗੁਰੂ ਨੂੰ ਵੀ ਆਖਿਆ ਹੈ ਕਿ ਧੰਨ ਗੁਰੂ ਗ੍ਰੰਥ ਸਾਹਿਬ ਜੀ ਜਿਵੇਂ ਆਪ ਦਾ ਹੁਕਮ, ਇਹਨਾਂ ਸਾਧਾਂ ਨੇ ਐਸੇ ਸਾਂਗ ਵਰਤੇ ਲੋਕ ਇਹਨਾਂ ਨੂੰ ਗੁਰੂ ਸਮਝਦੇ ਰਹੇ ਇਹਨਾਂ ਸਾਧਾਂ ਨੇ ਸਿੱਖਾਂ ਨੂੰ ਕਦੇ ਗੁਰਬਾਣੀ ਸਮਝਣ ਵੱਲ ਆਉਣ ਹੀ ਨਹੀਂ ਦਿੱਤਾ। ਹੁਕਮ ਸਾਧ ਦਾ ਚੱਲਦਾ ਹੈ, ਗੁਰੂ ਦਾ ਨਹੀਂ।

ਅੱਗੇ ਸਫਾ ੬੨ ਤੇ ਲਿਖਿਆ ਹੈ ਕਿ ਇਕ ਚੇਤ ਸਿੰਘ ਅਤੇ ਮੰਗਲ ਸਿੰਘ ਬਾਬਾ ਜੀ ਨੇ ਬਚਨ ਕਰਕੇ ਸਰਾਪ ਦੇ ਕੇ ਜਾਨੋ ਮਾਰ ਦਿਤੇ।

ਸੁੱਚੇ ਮੋਤੀ ਪੰਨਾ ੬੨

ਵਿਚਾਰ—ਇਥੇ ਕਹਿਣੀ ਕਰਣੀ ਸੱਚ ਪ੍ਰਧਾਨ ਹੈ ਇਥੇ ਸਿੱਖੀ ਅੰਦਰ ਵਰਾਂ ਸਰਾਧਾਂ ਵਾਸਤੇ ਕੋਈ ਥਾਂ ਨਹੀਂ ਹੈ। ਸਿੰਘਾਂ ਨੇ ਮੱਸੇ ਦਾ ਸਿਰ ਉਥੇ ਜਾ ਕੇ ਵੱਢਿਆ ਕਿਸੇ ਸਰਾਪ ਨਾਲ ਨਹੀਂ। ਦਸਵੇਂ ਪਾਤਸ਼ਾਹ ਔਰੰਗਜ਼ੇਬ ਅਤੇ ਪਹਾੜੀ ਰਾਜਿਆਂ ਨੂੰ ਸਰਾਪ ਨਾਲ ਮਾਰ ਸਕਦੇ ਸੀ ਪਰ ਨਹੀਂ। ਚਮਕੌਰ ਦੀ ਗੜ੍ਹੀ ਵਿਚ ਬੈਠੇ ਸਤਿਗੁਰ ਬਾਹਰ ਪਏ ਮੁਗਲਾਂ ਦੇ ਘੇਰੇ ਨੂੰ ਸਰਾਪ ਦੇ ਸਕਦੇ ਸੀ, ਬੰਦਾ ਸਿੰਘ ਬਹਾਦਰ ਨੇ ਸਰਹੰਦ ਦੀ ਇੱਟ ਨਾਲ ਇੱਟ ਖੜਕਾਈ ਪਰ ਕਦੇ ਵਰਾਂ ਸਰਾਪਾਂ ਦੇ ਚੱਕਰਾਂ ਵਿਚ ਨਾ ਪਏ ਨਾ ਪਾਇਆ। ਇਹ ਢੌਂਗੀ ਸਾਧ ਕਿਹੜੇ ਸਰਾਪਾਂ ਦੀ ਗੱਲ ਕਰਦੇ ਹਨ ?

ਅੱਗੇ ਲਿਖਿਆਂ ਹੈ ਬਾਬਾ ਜੀ ਬਾਲ ਜਤੀ ਸੀ

ਸੁੱਚੇ ਮੋਤੀ ਪੰਨਾ ੬੩

ਵਿਚਾਰ—ਗੁਰੂ ਸਾਹਿਬ ਖੁਦ ਗ੍ਰਿਹਸਤੀ ਸਨ। ਗੁਰ ਫੁਰਮਾਨ ਹੈ—

ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰੁ ਬਾਰ ॥

ਛਿਅ ਜਤੀ ਮਾਇਆ ਕੇ ਬੰਦਾ ॥

ਨੋਟ :- ਦੁਨੀਆਂ ਤੇ ਅੱਜ ਤੱਕ ਕੋਈ ਐਸਾ ਮਨੁੱਖ ਨਹੀਂ ਹੋਇਆ ਜਿਸਦੇ ਸਰੀਰ ਵਿਚੋਂ ਵੀਰਜ਼ ਨਿਕਲਦਿਆਂ ਕੋਈ ਹਰਕਤ ਨਾ ਹੋਈ ਹੋਵੇ, ਜੇ ਕੋਈ ਬਿਮਾਰ ਹੋਵੇ ਤਾਂ ਗੱਲ ਵੱਖਰੀ ਹੈ। ਇਹਨਾਂ ਸਾਧਾਂ ਦਾ ਬਾਲ ਜਤੀ ਕਹਾਉਣਾ ਵੀ ਨਿਰਾ ਧੋਖਾ ਹੈ।

ਜਿੰਨਾ ਛੇ ਜਤੀਆਂ ਨੂੰ ਦੁਨੀਆ ਨੇ ਮੰਨਿਆਂ। ਪਰ ਗੁਰਬਾਣੀ ਨੇ ਉਹਨਾਂ ਨੂੰ ਵੀ ਜਤੀ ਨਹੀਂ ਮੰਨਿਆ। ਗੁਰਬਾਣੀ ਫੁਰਮਾਣ ਹੈ :-

"ਇਸਤਰੀ ਤਜਿ ਕਰਿ ਕਾਮੁ ਵਿਆਪਿਆ ਚਿਤੁ ਲਾਇਆ ਪਰ ਨਾਰੀ ॥"

ਐਸੀ ਬਾਲ ਜਤੀਆ, ਬਾਲ ਬ੍ਰਹਮਚਾਰੀਆਂ ਅਖੌਤੀ ਸੰਜਮੀਆਂ ਦੀ ਗੁਰਬਾਣੀ ਵਿਚ ਬੜੀ ਦੁਰਦਸ਼ਾ ਕੀਤੀ ਹੋਈ ਹੈ ਪੁਸਤਕ ਦਾ ਆਕਾਰ ਵੱਧ ਰਿਹਾ ਹੈ ਸੰਖੇਪ ਕਰਦਾ ਜਾ ਰਿਹਾ ਹਾਂ।

ਅੱਗ ਲਿਖਿਆ ਹੈ ਬਾਬਾ ਸ੍ਰੀ ਚੰਦ ਜੀ ਨੇ ਕੰਬਲ ਵਿਚ ਤਾਪ ਰੱਖ ਛੱਡਿਆ ਸੀ।

ਵਿਚਾਰ—ਇਹ ਗੁਰਮਤਿ ਸਿਧਾਂਤ ਦੇ ਉਲਟ ਇਹਨਾਂ ਸਾਧਾਂ ਨੇ ਝੂਠੀਆਂ ਕਹਾਣੀਆਂ ਜੋੜੀਆਂ ਹੋਈਆਂ ਹਨ ਇਹਨਾਂ ਕਹਾਣੀਆਂ ਨੂੰ ਗੁਰਮਤਿ ਵਿਚ ਕੋਈ ਥਾਂ ਨਹੀਂ।

ਅੱਗੇ ਲਿਖਿਆ ਹੈ ਕਿ ਕੁਝ ਯਾਤਰੂ ਮਾਤਾ ਸਾਹਿਬ ਦੇਵਾਂ ਦੇ ਗੁਰਦੁਆਰੇ ਬਾਬਾ ਜੀ ਦੇ ਦਰਸ਼ਨ ਕਰਨ ਆ ਰਹੇ ਸਨ ਤਾਂ ਰਸਤੇ ਵਿਚ ਸੋਚਦੇ ਹਨ ਕਿ ਬਾਬਾ ਜੀ ਮੱਥਾ ਨਹੀਂ ਟਿਕਾਉਂਦੇ ਪਰ ਸਾਡੀ ਇੱਛਾ ਹੈ ਕਿ ਅਸੀਂ ਜਰੂਰ ਉਹਨਾਂ ਦੇ ਚਰਨਾਂ ਨੂੰ ਹੱਥ ਲਾਉਣਾ ਹੈ। ਜਦ ਇਹ ਯਾਤਰੂ ਉਥੇ ਪਹੁੰਚੇ ਤਾਂ ਬਾਬਾ ਜੀ ਆਪਣੀ ਕੁਟੀਆਂ ਵਿਚ ਪੈਰ ਅੰਦਰ ਨੂੰ ਕਰ ਕੇ ਚੌਂਕੜਾ ਮਾਰੀ ਬੈਠੇ ਸਨ। ਇਹ ਯਾਤਰੂ ਸੋਚ ਰਹੇ ਸੀ ਕਿ ਹੁਣ ਕਿਸ ਤਰ੍ਹਾਂ ਪੈਰਾਂ ਨੂੰ ਹੱਥ ਲਾਈਐ ਤਾਂ ਅੰਤਰਜਾਮੀ ਬਾਬਾ ਜੀ ਨੇ ਇਕ ਪੈਰ ਅੱਗੇ ਕਰ ਕੇ ਪੈਰੀਂ ਹੱਥ ਲੁਆ ਲਿਆ।

ਸੁੱਚੇ ਮੋਤੀ ਪੰਨਾ ੬੮

ਵਿਚਾਰ—ਇਹ ਦੇਖੋ ਜਿਹੜੇ ਕਹਿੰਦੇ ਹਨ ਕਿ ਬਾਬੇ ਤਾਂ ਪੈਰੀਂ ਹੱਥ ਨਹੀਂ ਲੁਆਉਂਦੇ ਇਹ ਲੋਕ ਬਦੋ ਬਦੀ ਲਾਉਂਦੇ ਹਨ ਜੇ ਤੁਹਾਡੀ ਜ਼ਮੀਰ ਜਿਊਂਦੀ ਹੈ ਤਾਂ ਵਿਚਾਰੋ ਕਿ ਪੈਰੀਂ ਹੱਥ ਲਵਾਉਂਦੇ ਹਨ ਕਿ ਨਹੀਂ ? ਇਹ ਸਾਧ ਅਤੇ ਇਹਨਾ ਦੇ ਸ਼ਰਧਾਲੂ ਆਪਣੀਆਂ ਕਹੀਆਂ ਹੋਈਆਂ ਗੱਲਾਂ ਨੂੰ ਆਪ ਹੀ ਕੱਟੀ ਜਾਂਦੇ ਹਨ।

ਅੱਗੇ ਲਿਖਿਆ ਹੈ ਕਿ ਆਪ ਦੇ ਸਾਥੀ ਭਾਈ ਧਰਮ ਸਿੰਘ ਜੀ ਦੱਸਦੇ ਹਨ ਕਿ ਇਕ ਵੇਰ ਬਾਬਾ ਜੀ ਕਿਸੇ ਮੌਜ ਵਿਚ ਬੈਠੇ ਸਨ, ਅਸੀਂ ਉਹਨਾਂ ਨੂੰ ਪੁੱਛਿਆ ਕਿ ਤੁਹਾਡਾ ਪਹਿਲਾਂ ਜਨਮ ਕਿਥੇ ਸੀ ? ਆਪ ਨੇ ਸਹਿਜ ਸੁਭਾ ਆਖਿਆ ਕਿ ਇਥੋਂ ਤੋਂ ਪਹਿਲਾਂ ਦੋ ਜਾਮਿਆਂ ਵਿਚ ਅਸੀਂ ਜਿਥੇ ਸੀ ਉਥੇ ਸਾਡੇ ਅੰਗੀਠੇ ਬਣੇ ਹੋਏ ਹਨ ਤੇ ਨਿਸ਼ਾਨ ਸਾਹਿਬ ਲੱਗੇ ਹੋਏ ਹਨ।

ਸੁੱਚੇ ਮੋਤੀ ਪੰਨਾ ੬੯

ਵਿਚਾਰ—ਗੁਰੂ ਨੇ ਤਾਂ ਕਿਹਾ ਜਿਹੜੇ ਪ੍ਰਮਾਤਮਾ ਦੇ ਨੇੜੇ ਹੁੰਦੇ ਹਨ ਕਿਸੇ ਨੂੰ ਭੇਦ ਨਹੀ ਦਿੰਦੇ ਪਰ ਦੇਖੋ ਇਹਨਾਂ ਦੀਆਂ ਲਿਖਤਾਂ ਕਿਵੇਂ ਕੁਫਰ ਝੂਠ ਬੋਲ ਰਹੇ ਹਨ। ਕੋਈ ਜਗ੍ਹਾ ਦਾ ਨਾ ਨਹੀ ਹਵਾ ਵਿਚ ਹੀ ਕਹੀ ਜਾਂਦੇ ਹਨ ਕਿ ਅੰਗੀਠੇ ਅਤੇ ਨਿਸ਼ਾਨ ਸਾਹਿਬ ਸਾਡੇ ਲੱਗੇ ਹਨ। ਗੁਰੂ ਦਸਵੇਂ ਪਾਤਸ਼ਾਹ ਨੇ ਕਿਹਾ ਸੀ ਸਾਡਾ ਕੋਈ ਅਸਥਾਨ ਨਾ ਬਣਾਇਉ। ਪਰ ਇਹ ਸਾਧ ਆਪਣੇ ਪਿਛਲੇ ਜਨਮ ਦੇ ਅੰਗੀਠੇ ਅਤੇ ਨਿਸ਼ਾਨ ਚੜ੍ਹੇ ਦੱਸ ਰਹੇ ਹਨ। ਦਸੋਂ ਕਿਹੜੀ ਸਿੱਖਿਆ ਲਈ ਇਹਨਾਂ ਗੁਰੂ ਤੋਂ ? ਕੇਵਲ ਝੂਠ ਬੋਲਣਾ ਹੀ ਸਿੱਖਿਆ ?

ਅੱਗੇ ਲਿਖਦੇ ਹਨ ਕਿ ਬਾਬਾ ਜੀ ਸਰਬ ਲੋਹ ਦੇ ਧਾਰਨੀ ਸਨ ਲੰਗਰ ਵਿਚ ਹਰ ਭਾਂਡਾ ਲੋਹੇ ਦਾ ਹੁੰਦਾ ਸੀ।

ਸੁੱਚੇ ਮੋਤੀ ਪੰਨਾ ੭੧

ਵਿਚਾਰ—ਸਰਬ ਲੋਹ ਦੇ ਭਾਂਡਿਆਂ ਸੰਬੰਧੀ ਬਿਬੇਕ ਸਬੰਧੀ ਪੜ੍ਹੋਂ ਇਸੇ ਪੁਸਤਕ ਦੇ ਪਹਿਲੇ ਭਾਗ ਵਿਚ।

ਅੱਗੇ ਲਿਖਦੇ ਹਨ ਕਿ ਬਾਬਾ ਜੀ ਦੁਨੀਆਂ ਵਿਚ ਬਲਦੀ ਅੱਗ ਤੋਂ ਕਿਨਾਰੇ ਹੋ ਬੈਠੇ ਸਨ।

ਸੁੱਚੇ ਮੋਤੀ ਪੰਨਾ ੭੬

ਵਿਚਾਰ—ਦੁਨੀਆਂ ਦੀ ਸੇਵਾ ਕਰਨ ਦੀ ਬਜਾਏ, ਲੱਗੀ ਹੋਈ ਅੱਗ ਬੁਝਾਉਣ ਦੀ ਬਜਾਏ ਦੂਰ ਪਾਸੇ ਬੈਠੇ ਸਾਧਾਂ ਨੂੰ ਉਹਨਾਂ ਸਿੱਧਾਂ ਜੋਗੀਆਂ ਦੀ ਤਰ੍ਹਾਂ ਸਮਝੋ ਜਿਨ੍ਹਾਂ ਨੂੰ ਭਾਈ ਗੁਰਦਾਸ ਜੀ ਨੇ ਇਕ ਵਾਰ ਅੰਦਰ ਕੋਸਿਆ ਹੈ। ਸਿਧ ਛੁਪ ਬੈਠੇ ਵਿਚ ਪਰਬਤੀ ਕਉਣ ਜਗਤ ਕਉ ਪਾਰ ਉਤਾਰਾ ॥ (ਭਾਈ ਗੁਰਦਾਸ ਜੀ)

ਇਹ ਸਾਧ ਗੋਰਖ ਨਾਥ ਦੇ ਸ਼ਗਿਰਦ ਤਾਂ ਹੋ ਸਕਦੇ ਹਨ ਪਰ ਗੁਰੂ ਨਾਨਕ ਜੀ ਨਾਲ ਇਹਨਾਂ ਦਾ ਕੋਈ ਸਬੰਧ ਨਹੀ ਹੈ।

ਅੱਗੇ ਲਿਖਦੇ ਹਨ ਤੁਸੀਂ ਸਾਨੂੰ ਵੱਢੀ ਦੇ ਕੇ ਰੱਖ ਲਿਆ ਹੈ ਸਾਡੀ ਤਾਂ ਅੱਗੇ ਉਡੀਕ ਹੋ ਰਹੀ ਸੀ, ਤੁਹਾਡੀ ਮਰਜੀ ਦੋ ਢਾਈ ਸਾਲ ਹੋਰ ਸਹੀ।

ਸੁੱਚੇ ਮੋਤੀ ਪੰਨਾ ੭੭

ਵਿਚਾਰ—ਕੀ ਇਹਨਾਂ ਸਾਧਾਂ ਦਾ ਰੱਬ ਵੀ ਵੱਢੀ ਲੈਂਦਾ ਹੈ ਇਹਨਾਂ ਸਾਧਾਂ ਦੇ ਚੇਲੇ ਰੱਬ ਨੂੰ ਵੱਢੀ ਦੇ ਕੇ ਸਾਧ ਦੀ ਉਮਰ ਵਧਾ ਰਹੇ ਹਨ ਇਹ ਕੈਸਾ ਤਮਾਸ਼ਾ ਇਹਨਾ ਬਣਾਇਆ ਹੈ ਨਾਲ ਸਮਾ ਵੀ ਦੱਸ ਰਹੇ ਹਨ ਦੋ ਢਾਈ ਸਾਲ। ਗੁਰੂ ਨੇ ਤਾਂ ਬਾਣੀ ਅੰਦਰ ਕਿਹਾ ਹੈ ਕਿ ਇਕ ਤਿਲ ਵੀ ਵੱਧ ਘੱਟ ਨਹੀ ਸਕਦੀ। ਗੁਰ ਫੁਰਮਾਨ

"ਨਹ ਬਢਨ ਘਟਨ ਤਿਲੁ ਸਾਰ" ॥ (ਬਾਵਨ ਅੱਖਰੀ)

ਜਿਸ ਕੀ ਪੁਜੈ ਆਉਧ ਤਿਸੈ ਕਉਣ ਰਾਖਈ ॥ (ਫੁਨਹੇ)

ਪਰ ਦੇਖੋ ਇਹ ਸਾਧ ਗੁਰਬਾਣੀ ਦੇ ਉਲਟ ਸ਼ਰੇਆਮ ਝੂਠ ਬੋਲ ਰਹੇ ਹਨ।

ਅੱਗੇ ਲਿਖਿਆ ਹੈ ਕਿ ੧੯੪੪ ਈ: ਨੂੰ ਇਹ ਸਾਧ ਪ੍ਰਲੋਕ ਗ਼ਮਨ ਕਰ ਗਿਆ

ਜਿਸ ਤਰ੍ਹਾਂ ਸਾਧਾ ਨੇ ਇਹ ਗੱਲ ਪ੍ਰਚਲਤ ਕੀਤੀ ਹੋਈ ਹੈ ਕਿ ਜਿਹੜਾ ਸੁਖਮਨੀ ਸਾਹਿਬ ਦਾ ਇਕ ਪਾਠ ਕਰ ਲਵੇਗਾ ਉਹਦਾ ੨੪ ਘੰਟੇ ਦਾ ਸਿਮਰਨ ਪੂਰਾ ਹੋ ਗਿਆ ਇਸ ਤਰ੍ਹਾਂ ਇਹ ਸਾਧ ਵੀ ਇਥੇ ਕਹਿ ਰਿਹਾ ਹੈ ਕਿ ਤੁਸੀ ਦਸ ਪੰਦਰਾਂ ਮਿੰਟ ਸਤਿਨਾਮ ਵਾਹਿਗੁਰੂ ਦਾ ਜਾਪ ਅਤੇ ਸੇਵਾ ਕਰਿਆ ਕਰੋ ਤੁਹਾਡਾ ੨੪ ਘੰਟੇ ਦਾ ਸਿਮਰਨ ਪੂਰਾ ਹੋ ਜਾਵੇਗਾ। ਇਸ ਤਰ੍ਹਾਂ ਇਹ ਸਾਧ ਵੱਖ ਵੱਖ ਧਾਰਨਾਵਾਂ ਘੜ੍ਹਨ ਤੇ ਲੱਗੇ ਰਹੇ। ਸਿਮਰਨ ਦੇ ਅਰਥ ਇਹਨਾਂ ਨੂੰ ਕਦੇ ਸਮਝ ਨਾ ਆਏ ਸੇਵਾ ਦੇ ਅਰਥ, ਤੀਰਥ ਇਸ਼ਨਾਨਾਂ ਦਾ ਭਾਵ ਇਹਨਾਂ ਨੂੰ ਕਦੇ ਸਮਝ ਨਾ ਆਇਆ। ਗੁਰਬਾਣੀ ਆਸ਼ੇ ਨੂੰ ਨਾ ਸਮਝਣ ਦੇ ਦੋਸ਼ੀ ਇਹ ਸਾਧ ਆਪ ਹੀ ਹਨ। ਹੋਰ ਕੋਈ ਨਹੀ। ਇਹਨਾਂ ਕਦੇ ਗੁਰਬਾਣੀ ਸਮਝਣ ਸਮਝਾਉਣ ਦੀ ਕੋਸ਼ਿਸ਼ ਹੀ ਨਹੀ ਕੀਤੀ।

ਸੰਤ ਬਾਬਾ ਕਰਮ ਸਿੰਘ ਹੋਤੀ ਮਰਦਾਨ

ਇਹਨਾਂ ਦਾ ਜਨਮ ੧੯੨੬ ਵਿਚ ਪਿੰਡ ਕਾਜ਼ੀਪੁਰ ਜਿਲ੍ਹਾ ਰਾਵਲ ਪਿੰਡੀ ਪਿਤਾ ਭਾਈ ਕਿਰਪਾ ਸਿੰਘ ਜੀ ਅਤੇ ਮਾਤਾ ਸੂਬ ਕੌਰ ਦੇ ਘਰ ਹੋਇਆ ਲਿਖਾਰੀ ਲਿਖਦਾ ਹੈ ਕਿ ਇਕ ਵਾਰੀ ਸੰਤ ਅਤਰ ਸਿੰਘ ਨੇ ਕਿਹਾ ਸੀ ਅਸੀ ਸੱਤ ਆਇ ਹਾਂ ਪੰਜ ਸੰਤ ਅਤੇ ਦੋ ਗ੍ਰਿਹਸਤੀ।

ਸੁੱਚੇ ਮੋਤੀ ਪੰਨਾ ੮੬

ਵਿਚਾਰ—ਜਿਨ੍ਹਾ ਨੂੰ ਸੰਤ ਅਤੇ ਗ੍ਰਿਹਸਤੀ ਦੇ ਅਰਥਾਂ ਦੀ ਕਦੇ ਸਮਝ ਨਾ ਆਈ ਕੀ ਇਹਨਾਂ ਨੂੰ ਸੰਤ ਕਹਿਣਾ ਪਾਪ ਨਹੀ। ਫੋਕੇ ਤਿਆਗੀਆਂ ਘਰੋਂ ਗ੍ਰਿਹਸਤ ਤਿਆਗ ਕੇ ਦੂਰ ਜੰਗਲਾਂ ਪਹਾੜਾਂ ਵਿਚ ਬੈਠਿਆਂ ਦੀ ਤਾਂ ਗੁਰਬਾਣੀ ਵਿਚ ਬੜੀ ਦੁਰਦਸ਼ਾ ਕੀਤੀ ਹੋਈ ਹੈ। ਗੁਰੂ ਜੀ ਵੀ ਗ੍ਰਿਹਸਤੀ ਸਨ ਕੀ ਇਹਨਾਂ ਨਾਗੇ ਸਾਧਾਂ ਮੁਤਾਬਿਕ ਗੁਰੂ ਜੀ ਸੰਤ (ਗੁਰੂ) ਨਹੀ ਸਨ ? ਗੁਰੂ ਕੇ ਸਿੱਖ ਵੀ ਗ੍ਰਿਹਸਤੀ ਸੀ। ਬੰਦ ਬੰਦ ਕਟਵਾਏ ਆਰਿਆ ਨਾਲ ਚੀਰੇ ਗਏ। ਪਰ ਜਦੋਂ ਦੇ ਇਹ ਨਾਗੇ ਸਾਧ ਆਏ ਹਨ ਉਦੋਂ ਤੋ ਵੰਡੀਆਂ, ਦੁਬਿਧਾਂ ਈਰਖਾ ਤੋਂ ਸਿਵਾ ਕੀ ਮਿਲਿਆ ? ਜਿਨ੍ਹੇ ਵੀ ਵਹਿਮ ਭਰਮ ਜਾਦੂ ਟੂਣੇ ਕਰਮ ਕਾਂਡ ਹਨ ਸਭ ਇਹਨਾਂ ਸਾਧਾਂ ਦੀ ਦੇਣ ਹਨ।

ਅੱਗੇ ਲਿਖਿਆ ਹੈ ਕਿ ਬਾਬਾ ਜੀ ਫੋਜ ਵਿਚ ਭਰਤੀ ਸਨ ਪਰ ਬਾਹਰ ਕਿਤੇ ਸਮਾਧੀ ਲਾਈ ਬੈਠੇ ਸਨ ਇਤਨੇ ਖੁਭ ਗਏ ਕਿ ਡਿਊਟੀ ਦਾ ਚੇਤਾ ਭੁੱਲ ਗਿਆ। ਪਰ ਅਫਸਰ ਨੇ ਡਿਊਟੀ ਵਾਲੀ ਥਾਂ ਵੇਖਿਆ ਤਾਂ ਬਾਬਾ ਜੀ ਹਾਜਰ ਸਨ। ਜਦੋ ਬਾਬਾ ਜੀ ਨੂੰ ਪਤਾ ਲੱਗਾ ਕਿ ਇਹ ਡਿਊਟੀ ਕੌਣ ਦੇ ਗਿਆ? ਤਾਂ ਹੈਰਾਨ ਹੋ ਗਏ। ਬਾਬਾ ਜੀ ਦੇ ਕੋਲ ਰਿਧੀਆਂ ਸਿਧੀਆਂ ਵੀ ਸਨ।

ਸੁੱਚੇ ਮੋਤੀ ਪੰਨਾ ੯੫

ਵਿਚਾਰ—ਇਹ ਝੂਠ ਦੇਖੋ ਕਿਵੇ ਇਹਨਾਂ ਦੇ ਨਾਵਾਂ ਨਾਲ ਜੁੜੇ ਹੋਏ ਹਨ ਗੁਰੂ ਨੇ ਤਾਂ ਕਿਰਤ ਕਰਨ ਵਾਸਤੇ ਸਹੀ ਡਿਊਟੀ ਆਪ ਦੇਣ ਵਾਸਤੇ ਕਿਹਾ ਪਰ ਇਹ ਸਾਧ ਕਹਿੰਦੇ ਗੁਰੂ ਡਿਊਟੀਆਂ ਦਿੰਦਾ ਹੈ। ਜਿਹੜੀਆਂ ਰਿਧੀਆਂ ਸਿਧੀਆਂ ਦੀ ਇਹ

ਸਾਧ ਗੱਲ ਕਰਦੇ ਹਨ ਇਹਨਾਂ ਵਾਸਤੇ ਗੁਰਸਿੱਖੀ ਵਿਚ ਕੋਈ ਥਾਂ ਨਹੀ ਹੈ। ਸਿੱਖਾਂ ਨੂੰ ਵੀ ਗੁਰੂ ਨਾਨਕ ਸਾਹਿਬ ਨੇ ਵਰਜਿਆ ਸੀ। ਇਹ ਸਾਧ ਆਪ ਡਿਊਟੀ ਤੋਂ ਗੈਰ ਹਾਜਰ ਫਰਜਾਂ ਤੋਂ ਭੱਜੇ ਹੋਏ, ਗੁਰੂ ਗੋਬਿੰਦ ਸਿੰਘ ਨੇ ਆ ਕੇ ਪਰੇਡ ਕੀਤੀ ਦੱਸ ਕੇ ਸ਼ਰੇਆਮ ਗੁਰੂ ਦਾ ਮਖੌਲ ਉਡਾ ਰਹੇ ਹਨ ਧੋਖਾ ਕਰ ਰਹੇ ਹਨ।

ਅੱਗੇ ਲਿਖਦੇ ਹਨ ਬਾਬਾ ਕਰਮ ਸਿੰਘ ਨੇ ਨੌਕਰੀ ਛੱਡ ਦੇਣ ਦਾ ਮਨ ਬਣਾ ਲਿਆ ਅਫਸਰ ਕਹਿੰਦਾ ਤੁਹਾਡਾ ਨਾਮ ਰਜਿਸਟਰ ਵਿਚ ਦਰਜ ਹੈ ਪਰ ਕਹਿੰਦੇ ਅਫਸਰਾਂ ਨੇ ਜੋਰ ਲਾ ਲਿਆ ਰਜਿਸਟਰ ਵਿਚ ਕਿਧਰੇ ਵੀ ਬਾਬਾ ਜੀ ਦਾ ਨਾਮ ਨਹੀਂ ਲੱਭਾ।

ਸੁੱਚੇ ਮੋਤੀ ਪੰਨਾ ੯੮

ਵਿਚਾਰ—ਐਸੀਆਂ ਕਹਾਣੀਆਂ ਇਹਨਾਂ ਨੇ ਹਰ ਸੰਤ ਜੋ ਫੌਜ ਵਿਚ ਰਿਹਾ ਹੈ ਸਾਰਿਆਂ ਨਾਲ ਜੋੜੀਆਂ ਹਨ ਪਰ ਭਾਈ ਗੁਰਦਾਸ ਜੀ ਦੇ ਕਥਨ ਮੁਤਾਬਕ ਕੋਈ ੧੦੦ ਘਾੜਤ ਵੀ ਘੜ ਲਵੇ ਝੂਠ ਕਦੇ ਸੱਚ ਨਹੀ ਬਣ ਸਕਦਾ। ਇਹ ਸਾਧ ਘਰੋਂ ਵੀ ਭਗੌੜੇ, ਨੌਕਰੀ ਤੋਂ ਵੀ ਭਗੌੜੇ, ਜੋ ਸੰਸਾਰ ਦੀ ਮਾਮੂਲੀ ਜਿੰਮੇਵਾਰੀ ਨਾ ਨਿਭਾ ਸਕੇ। ਉਹ ਕਦੇ ਨਿੰਰਾਕਾਰ ਦੀ ਭਗਤੀ ਦੇ ਭਾਵ ਵੀ ਨਾ ਜਾਣ ਸਕੇ। ਜਦੋਂ ਕਿ ਸਾਰਾ ਕੁਝ ਗੁਰਬਾਣੀ ਵਿਚ ਸਪੱਸ਼ਟ ਕੀਤਾ ਹੋਇਆ ਹੈ। "**ਮਾਇਆ ਕੀ ਕਿਰਤਿ ਛੋਡਿ ਗਵਾਈ ਭਗਤੀ ਸਾਰ ਨਾ ਜਾਨੈ॥**" ਹੋਰ ਵੀ ਕਈ ਬਚਨ ਦਰਜ ਹਨ।

ਅੱਗੇ ਲਿਖਿਆ ਹੈ ਬਾਬਾ ਜੀ ਨੇ ਨੌਕਰੀ ਛੱਡ ਕੇ ਤਪ ਕਰਨਾ ਸ਼ੁਰੂ ਕਰ ਦਿੱਤਾ ਹੋਤੀ ਮਰਦਾਨ ਦੇ ਨੇੜੇ ਹੀ ਪਹਾੜਾਂ ਵਿਚ ਕਲਪਾਣੀ ਨਦੀ ਦੇ ਕੰਢੇ ਪਰ ਇਕ ਗੁਫਾ ਬਣਾ ਲਈ ਅਤੇ ਕਠਨ ਤਪੱਸਿਆ ਕੀਤੀ। ਮੂਲ ਮੰਤਰ ਦਾ ਅਭਿਆਸ ਕੀਤਾ। ਦਿਨ ਨੂੰ ਗੁਫਾ ਵਿਚ ਅਤੇ ਰਾਤ ਨੂੰ ਨਦੀ ਦੇ ਪਾਣੀ ਵਿਚ ਖੜੇ ਰਹਿੰਦੇ।

ਸੁੱਚੇ ਮੋਤੀ ਪੰਨਾ ੯੯

ਵਿਚਾਰ—ਇਹ ਕਿਹੜੇ ਪਹਾੜਾਂ, ਤਪਾਂ, ਗੁਫਾਂ, ਪਾਣੀ 'ਚ ਖੜੋ ਕੇ ਤਪ ਕਰਨ ਦੀਆਂ ਗੱਲਾਂ ਕਰ ਰਹੇ ਹਨ, ਇਹਨਾਂ ਜੋਗੀਆਂ ਵਾਲੇ ਤਪਾਂ ਦਾ ਤਾਂ ਗੁਰਬਾਣੀ ਵਿਚ ਖੰਡਨ ਕੀਤਾ ਹੋਇਆ ਹੈ। 'ਗੁਰਮਖਿ ਮਾਇਆ ਵਿਚ ਉਦਾਸੀ ਦਾ ਸਿਧਾਂਤ ਦਿੱਤਾ ਗੁਰੂ ਨੇ ਕਿਹਾ ਕਿਰਤ ਕਰਨੀ, ਨਾਮ ਜਪਣਾ, ਵੰਡ ਛਕਣਾ। ਇਹਨਾਂ ਕਿਹੜੀ ਕਿਰਤ ਕੀਤੀ ? ਕੀ ਵੰਡ ਕੇ ਛਕਿਆ ? ਐਸੇ ਹਠਾਂ ਜਪਾਂ ਤਪਾਂ ਦਾ ਖੰਡਨ ਕੀਤਾ ਹੋਇਆ ਹੈ। ਸੋ ਇਹ ਸਾਧ ਗੁਰਮਤਿ ਸਿਧਾਂਤ ਤੋਂ ਕੋਹਾਂ ਦੂਰ ਰਹੇ, ਇਹਨਾਂ ਨੇ ਸੇਵਾ, ਸਿਮਰਨ ਦੇ ਅਰਥਾਂ ਨੂੰ ਕਦੇ ਨਾ ਸਮਝਿਆ।

ਅੱਗੇ ਲਿਖਦੇ ਹਨ ਭਾਈ ਲਾਲ ਸਿੰਘ ਜੋ ਆਪਣਾ ਜੀਵਨ ਬਾਬਾ ਜੀ ਦੇ ਅਰਪਣ ਕਰ ਚੁੱਕੇ ਸਨ, ਉਚ ਕੋਟੀ ਦੇ ਕਰਾਮਾਤ ਵਾਲੇ ਸਿੰਘ ਬਣੇ। ਸੇਵਾ ਕਰਦੇ ਇਥੇ ਹੀ ਸਰੀਰ ਛੱਡਿਆ।

ਸੁੱਚੇ ਮੋਤੀ ਪੰਨਾ ੧੦੨

ਵਿਚਾਰ—ਜੀਵਨ ਤਨ ਮਨ ਧਨ ਗੁਰੂ ਨੂੰ ਅਰਪਣ ਕਰਨਾ ਹੈ ਕਿ ਬਾਬੇ ਨੂੰ ? 400 ਸਾਲ ਦੇ ਕਰੀਬ ਕਿਸੇ ਇਕ ਵੀ ਸਿੰਘ ਨੇ ਸੰਤ ਨਹੀ ਕਹਾਇਆ, ਉਹ ਗੁਰੂ ਨੂੰ ਸਮਰਪਿਤ ਰਹੇ, ਕਿਸੇ ਬਾਬੇ ਨੂੰ ਨਹੀ, ਸਿੱਖ ਅਤੇ ਗੁਰੂ ਦਾ ਸਿੱਧਾ ਸੰਬੰਧ ਹੈ ਵਿਚ ਕਿਸੇ ਵਿਚੋਲੇ ਦੀ ਲੋੜ ਨਹੀ ਹੈ, ਜਦੋਂ ਤੋਂ ਇਹ ਸਾਧ ਪੈਦਾ ਹੋ ਗਏ। ਗੁਰੂ ਦਾ ਸਤਿਕਾਰ ਘਟ ਗਿਆ। ਇਹਨਾਂ ਸਾਧਾਂ ਦੀਆਂ ਲਿਖਤਾਂ ਵਿਚ ਕੇਵਲ ਸਾਧ ਬਾਬੇ ਦੀ ਗੱਲ ਆ ਰਹੀ ਹੈ ਗੁਰੂ ਦੀ ਨਹੀ। ਕਿਉਂ ? ਇਹ ਕਿਹੜੀ ਕਰਾਮਾਤ ਦੀ ਗੱਲ ਕਰਦੇ ਹਨ। ਐਸੀਆਂ ਕਰਾਮਾਤਾਂ ਨੂੰ ਗੁਰਮਤਿ ਨੇ ਪ੍ਵਾਨ ਨਹੀ ਕੀਤਾ।

ਅੱਗੇ ਲਿਖਦੇ ਹਨ ਕਿ ਬਾਬਾ ਕਰਮ ਸਿੰਘ ਜੀ ਕੇਵਲ ੨ ਘੰਟੇ ਹੀ ਸੌਂਦੇ ਸਨ ਤੜਕੇ ਇਸ਼ਨਾਨ ਕਰਕੇ ਨਦੀ ਦੇ ਕੰਡੇ ਅਤੇ ਕਦੇ ਗਲ ਗਲ ਪਾਣੀ ਵਿਚ ਖੜੋਕੇ ਭਜਨ ਕਰਦੇ। ਦਿਨ ਚੜ੍ਹੇ ਕੁਝ ਸੇਵਕ ਆਪ ਨੂੰ ਪਾਲਕੀ ਵਿਚ ਬਿਠਾ ਕੇ ਡੇਰੇ ਲੈ ਆਉਂਦੇ। ਜਿਥੇ ਆਪ ਖੂਹ ਦੇ ਥੜੇ ਪਰ ਬੈਠ ਕੇ ੧੦੧ ਗਾਗਰਾਂ ਪਾਣੀ ਨਾਲ ਦੁਬਾਰਾ ਇਸ਼ਨਾਨ ਕਰਦੇ। ਉਹ ਸਾਰਾ ਪਾਣੀ ਸੰਗਤਾ ਚਰਣਾਮਤ ਵਜੋਂ ਲੈ ਜਾਂਦੀਆਂ। ਕਈ ਉਹ ਪਾਣੀ ਆਪਣੇ ਘਰੀਂ ਵੀ ਲੈ ਜਾਂਦੇ ਸਨ।

ਸੁੱਚੇ ਮੋਤੀ ਪੰਨਾ ੧੦੫

ਵਿਚਾਰ—ਇਹਨਾਂ ਸੰਤਾਂ ਦੀਆਂ ਲਿਖਤਾਂ ਵਿਚ ਘੋਰ ਮਨਮੱਤ ਲਿਖੀ ਹੋਈ ਹੈ ਦਸੋ ਜੋ ਉਪਰ ਲਿਖਿਆ ਹੈ ਇਹ ਕਿਹੜੀ ਗੁਰਮਤਿ ਹੈ ਇਸ ਸਾਧ ਨੇ ਕਿਹੜੀ ਸਿੱਖਿਆ ਲਈ ਅਤੇ ਕਿਹੜੀ ਦਿੱਤੀ। ਇਹ ਸਾਧ ਜੋ ਕਰ ਕਰਵਾ ਰਿਹਾ ਹੈ ਇਹ ਤਾਂ ਗੁਰਬਾਣੀ ਵਿਚ ਸਭ ਕੁਝ ਖੰਡਨ ਕੀਤਾ ਹੋਇਆ ਹੈ।

ਅੱਗੇ ਲਿਖਿਆ ਹੈ ਕਿ ਬਾਬਾ ਜੀ ਧਿਆਨ ਮਗਨ ਬੈਠੇ ਸਨ ਕਿ ਇਕ ਪਠਾਨ ਨੇ ਤਲਵਾਰ ਨਾਲ ਹਮਲਾ ਕਰ ਦਿੱਤਾ ਉਸਦੀ ਬਾਂਹ ਉਥੇ ਹੀ ਜਕੜੀ ਗਈ। ਫੇਰ ੨ ਪਠਾਨ ਆਏ ਬਾਬੇ ਦੇ ਨੇੜੇ ਆਕੇ ਅੰਨੇ ਹੋ ਗਏ।

ਸੁੱਚੇ ਮੋਤੀ ਪੰਨਾ ੧੦੯.

ਵਿਚਾਰ—ਇਹ ਝੂਠ ਕੁਫਰ ਤੋਲਿਆ ਹੈ ਕਿਉਕਿ ਜਿਹੜੇ ਪਠਾਨਾਂ ਨੇ ਗੁਰੂ ਦਸਵੇਂ ਪਾਤਸ਼ਾਹ ਦੇ ਹਮਲਾ ਕੀਤਾ ਸੀ ਉਥੇ ਕੋਈ ਪਠਾਨਾਂ ਦੇ ਅੰਨੇ ਹੋਣ ਵਾਲੀ ਕਹਾਣੀ ਨਹੀ ਹੈ। ਜਿਹੜੇ ਮੁਗਲ ਚੜ੍ਹ ਕੇ ਆਉਂਦੇ ਰਹੇ ਹਨ ਕਦੇ ਕੋਈ ਅੰਨਾ ਨਾ ਹੋਇਆ। ਜਦੋਂ ਦਸਵੇਂ ਪਾਤਸ਼ਾਹ ਉਚ ਦੇ ਪੀਰ ਬਣ ਕੇ ਗਏ ਸੀ ਤਾਂ ਕਦੇ ਵੀ ਗੁਰੂ ਨੇ ਇਹ ਨਾ ਆਖਿਆ ਕਿ ਮੈ ਵੈਰੀਆਂ ਨੂੰ ਅੰਨ੍ਹੇ ਕਰ ਦਿਆਂਗਾ। ਇਹਨਾਂ ਸਾਧਾਂ ਨਾਲ ਇਹ ਝੂਠੀਆਂ ਕਹਾਣੀਆਂ ਜੋੜ ਕੇ ਸਿੱਖ ਸੰਗਤਾ ਨਾਲ ਧੋਖਾ ਕੀਤਾ ਗਿਆ ਹੈ। ਸਮਝਣ ਦੀ ਲੋੜ ਹੈ।

ਅੱਗੇ ਕਈ ਝੂਠੀਆਂ ਕਹਾਣੀਆਂ ਲਿਖਕੇ ਫਿਰ ਲਿਖਦੇ ਹਨ ਕਿ ਕਾਕਾ ਆਇਆ ਸਿੰਘ ਘਰ ਦੇ ਕੰਮ ਵੱਲ ਧਿਆਨ ਨਹੀ ਸਨ ਦੇਂਦੇ। ਇਸ ਲਈ ਇਸਦੇ ਸਬੰਧੀਆਂ ਨੇ ਫੈਸਲਾ ਕੀਤਾ ਕਿ ਇਸ ਨੂੰ ਬਾਬਾ ਕਰਮ ਸਿੰਘ ਜੀ ਦੇ ਡੇਰੇ ਚੜ੍ਹਾ ਆਈਏ।

ਸੁੱਚੇ ਮੋਤੀ ਪੰਨਾ ੧੧੪.

ਵਿਚਾਰ—ਹੁਣ ਵੀ ਜਿਹੜੇ ਘਰ ਦੇ ਕੰਮ ਜੋਗੇ ਨਾ ਹੋਣ, ਬਹੁਤੇ ਉਹ ਹੀ ਡੇਰਿਆਂ ਵਿਚ ਚੜ੍ਹਾਏ ਜਾਂਦੇ ਹਨ ਡੇਰਿਆਂ ਵਿਚ ਜਾ ਕੇ ਉਹ ਭੰਗੀ, ਪੋਸਤੀ ਅਫੀਮੀ ਨਸ਼ੱਈ ਬਣਦੇ ਹਨ ਅਤੇ ਹੋਰਨਾ ਨੂੰ ਬਣਾਉਂਦੇ ਹਨ, ਅਤੇ ਕਈ ਬਦਫੈਲੀਆਂ ਵੀ ਕਰਦੇ ਹਨ ਰੋਜ਼ ਅਖਬਾਰਾਂ ਦੱਸਦੀਆਂ ਹਨ ।

ਇਥੇ ਬਾਰ ਬਾਰ ਬਾਬੇ ਦੇ ਬਚਨ ਦੀ ਗੱਲ ਕਰ ਰਹੇ ਹਨ ਪਰ ਗੁਰੂ ਦੇ ਬਚਨ ਦੀ ਗੱਲ ਕਿਤੇ ਨਹੀ, ਗੁਰੂ ਨੂੰ ਛੋਟਾ ਅਤੇ ਬਾਬੇ ਨੂੰ ਵੱਡਾ ਦੱਸਿਆ ਜਾ ਰਿਹਾ ਹੈ। ਇਹ ਅਕ੍ਰਿਤਘਿਣਤਾ ਨਹੀ ਤੇ ਹੋਰ ਕੀ ਹੈ । 'ਸਾਧ ਬਚਨ ਅਟਲਾਧਾਂ ਦੇ ਅਰਥ ਗਲਤ ਕਰਕੇ ਕਿਹਾ ਜਾ ਰਿਹਾ ਹੈ ਕਿ ਸਾਧ ਦਾ ਬਚਨ ਅਟੱਲ ਹੈ । ਪਰ ਅਰਥ ਇਹ ਹੈ ਗੁਰੂ ਦਾ ਬਚਨ ਅਟੱਲ ਹੈ ਇਥੇ ਸਾਧ, ਗੁਰੂ ਨੂੰ ਆਖਿਆ ਗਿਆ ਹੈ ਇਹ ਨਿਖੇੜ ਪੁਸਤਕ ਦੇ ਦੂਜੇ ਭਾਗ ਵਿਚ ਪੜ੍ਹੋ । ਇਹ ਲਿਖ ਰਹੇ ਹਨ ਕਿ ਬਾਬੇ ਦੇ ਸ਼ਰਧਾਲੂ ਬਣ ਗਏ ਪਰ ਜਿਹੜੇ ਕਹਿੰਦੇ ਹਨ ਕਿ ਇਹ ਬਾਬੇ ਵੀ ਗੁਰੂ ਨਾਲ ਹੀ ਜੋੜਦੇ ਹਨ ਕੀ ਉਹ ਦੱਸਣਗੇ ਕਿ ਬਾਬੇ ਦਾ ਬਚਨ, ਬਾਬੇ ਦਾ ਅੰਮ੍ਰਿਤ, ਬਾਬੇ ਦੀ ਮਰਯਾਦਾ, ਬਾਬੇ ਦਾ ਵਰ, ਬਾਬੇ ਦਾ ਸ਼ਰਧਾਲੂ (ਸਿੱਖ) ਇਥੇ ਗੁਰੂ ਦਾ ਤਾਂ ਨਾਮ ਵੀ ਨਹੀ ਲਿਆ ਜਾ ਰਿਹਾ ਜਰਾ ਸੋਚੋ ਤਾਂ ਸਹੀ ਕਿ ਆਪਣੇ ਆਪ ਨਾਲ ਜੋੜ ਰਹੇ ਹਨ ਕਿ ਗੁਰੂ ਨਾਲ ? ਗੁਰੂ ਦਾ ਤਾਂ ਉਹ ਨਾ ਵੀ ਲੈਣ ਨੂੰ ਤਿਆਰ ਨਹੀ ਹਨ ।

ਅੱਗੇ ਲਿਖਿਆ ਹੈ ਕਿ ਸਿੱਖਾਂ ਨੇ ਕਿਹਾ ਕਿ ਲੰਗਰ ਮਸਤਾਨਾ ਹੋ ਗਿਆ ਹੈ ਬਾਬਾ ਜੀ ਕਹਿੰਦੇ ਕਿ ਲੰਗਰ ਵਿਚ ਤਾਂ ਕਦੇ ਤੋਟ ਨਹੀ ਆ ਸਕਦੀ, ਚਲੋ ਸਾਨੂੰ ਦਿਖਾਉ ਉਥੇ ਡੰਗਰਾਂ ਵਾਸਤੇ ਜੌਆਂ ਦੀਆਂ ਬੋਰੀਆਂ ਭਰੀਆਂ ਪਈਆਂ ਸਨ ਬਾਬਾ ਜੀ ਕਹਿੰਦੇ ਇਹਨਾਂ ਬੋਰੀਆਂ ਵਿਚ ਕੀ ਹੈ ਤਾਂ ਉਤਰ ਮਿਲਿਆ ਕਿ ਇਹ ਤਾਂ ਜੌਂ ਹਨ ਪਰ ਬਾਬਾ ਜੀ ਕਹਿੰਦੇ ਨਹੀ ਇਹ ਤਾਂ ਚਾਵਲ ਹਨ ਬਣਾਉ ਅਤੇ ਖਵਾਉ, ਸੋ ਉਹ ਜੌਂ ਚਾਵਲ ਬਣ ਗਏ ਉਹ ਪਕਾਏ ਗਏ ।

ਸੁੱਚੇ ਮੋਤੀ ਪੰਨਾ ੧੨੪

ਵਿਚਾਰ—ਇਹਨਾਂ ਸਾਧਾਂ ਨੇ ਸਿੱਖੀ ਨੂੰ ਜਾਦੂ ਦੀ ਖੇਡ ਬਣਾਉਣ ਵਾਸਤੇ ਸਾਰਾ ਜੋਰ ਲਾ ਰੱਖਿਆ ਹੈ । ਆਨਮਤਾਂ ਵਿਚ ਵੀ ਐਸੀਆਂ ਕਹਾਣੀਆਂ ਸੁਣਾਈਆਂ ਜਾਂਦੀਆਂ ਰਹੀਆਂ ਕਿ ਇੰਦਰ ਮੋਹਤ ਹੋ ਗਿਆ ਅਹੱਲਿਆ ਤੇ, ਅਕਾਸ਼ੋ ਉਤਾਰ ਚੰਦਰਮਾਂ ਨੂੰ ਕੁੱਕੜ ਬਣਾ ਕੇ ਦਿਵਾ ਦਿੱਤੀ ਬਾਂਗ ਹੋ ਗਿਆ ਰਿਖੀ ਨਾਲ ਧੋਖਾ ਪਰ ਜਦੋ ਮਨੁੱਖ ਨੇ ਚੰਦਰਮਾ ਤੇ ਜਾ ਪੈਰ ਟਿਕਾਏ ਸੱਚਾਈ ਲਿਆਂਦੀ ਸਾਹਮਣੇ ਐਸੀਆਂ ਝੂਠੀਆਂ ਕਹਾਣੀਆਂ ਘੜ੍ਹਨ ਵਾਲਿਆਂ ਨੂੰ ਹੱਥਾਂ ਪੈਰਾਂ ਦੀ ਪੈ ਗਈ ਕਿ ਹੁਣ ਕੀ ਜਵਾਬ ਦੇਵਾਂਗੇ ? ਐਸੀ ਹਾਲਤ ਇਹਨਾਂ ਸਾਧਾਂ ਦੀ ਬਣੀ ਹੋਈ ਹੈ ।

ਇਥੇ ਸਾਧਾਂ ਦੀ ਕਿਤਾਬ ਵਿਚ ਹੋਰ ਵੀ ਮਨਘੜਤ ਕਹਾਣੀਆਂ ਲਿਖੀਆਂ ਹਨ ਬਾਬੇ ਨੇ ਸਰਾਪ ਦੇ ਦਿੱਤਾ, ਬੰਦਾ ਮਰ ਗਿਆ, ਕਰਾਮਾਤ ਦਿਖਾਈ, ਦਿਲ ਦੀਆਂ ਗੱਲਾਂ ਬੁੱਝੀਆਂ ਜੋ ਕਿ ਸਰਾਸਰ ਇਹ ਗੁਰਮਤਿ ਦੇ ਉਲਟ ਲਿਖਿਆ

ਹੋਇਆ ਹੈ।

ਅੰਤ ਸੰਤ ੧੯੦੨ ਨੂੰ ਸੰਤ ਕਰਮ ਸਿੰਘ ਹੋਤੀ ਮਰਦਾਨ ਦਾ ਦਿਹਾਂਤ ਹੋ ਗਿਆ ਸਰੀਰ ਨਾਲੋਂ ਮੋਹ ਨਾ ਟੁੱਟਾ ਕਿਹਾ ਕਿ ਸੰਸਕਾਰ ਨਹੀ ਕਰਨਾ ਦਰਿਆ ਅੱਟਕ ਵਿਚ ਜਲ ਪ੍ਰਵਾਹ ਕਰਨਾ ਹੈ। ਸੋ ਕਰ ਦਿੱਤਾ ਗਿਆ। ਜਿਥੇ ਸਰੀਰ ਛੌਡਿਆ ਸੀ ਉਥੇ ਵੀ ਇਕ ਬਹੁਤ ਵੱਡਾ ਡੇਰਾ ਹੈ।

ਸੰਤ ਬਾਬਾ ਆਇਆ ਸਿੰਘ ਹੋਤੀ ਮਰਦਾਨ

ਸੰਤ ਆਇਆ ਸਿੰਘ ਦਾ ਜਨਮ ੧੯੫੫ ਵਿਚ ਪਿੰਡ ਸ਼ਾਮੇ ਜ਼ਈ ਜਿਲਾ ਪਿਸ਼ਾਵਰ ਵਿਚ ਪਿਤਾ ਰਾਮੇ ਸ਼ਾਹ ਅਤੇ ਮਾਤਾ ਚਤਰ ਕੌਰ ਦੇ ਘਰ ਹੋਇਆ, ਮਾਤਾ ਪਿਤਾ ਜਲਦੀ ਹੀ ਚੜ੍ਹਾਈ ਕਰ ਗਏ ਸਨ।

ਲਿਖਿਆ ਹੈ ਕਿ ਗੱਦੀ ਪਰ ਬੈਠਣ ਤੋਂ ਪਹਿਲਾਂ ਹੀ ਅੰਮ੍ਰਿਤਪਾਨ ਕਰ ਚੁੱਕੇ ਸਨ। ਰਾਤ ਨਦੀ ਵਿਚ ਖੜ੍ਹੋ ਕੇ ਭਜਨ ਪਾਠ ਕਰਦੇ ਅਤੇ ਸਵੇਰ ਹੋਣ ਤੋਂ ਪਹਿਲਾਂ ਹੀ ਗੁਫਾ ਵਿਚ ਆ ਕੇ ਧਿਆਨ ਮਗਨ ਹੋ ਜਾਂਦੇ ਸਨ। ਦਿਨ ਚੜ੍ਹੇ ਪਾਲਕੀ ਵਿਚ ਬੈਠ ਕੇ ਡੇਰੇ ਆ ਕੇ ਖੂਹ ਤੇ ੧੦੧ ਗਾਗਰਾਂ ਨਾਲ ਇਸ਼ਨਾਨ ਕਰਦੇ ਸਨ ਅਤੇ ਉਹ ਜਲ ਚਰਣਾਮਤ ਵਜੋਂ ਲੈਣ ਵਾਸਤੇ ਸੰਗਤਾਂ ਤਿਆਰ ਖੜੀਆਂ ਹੁੰਦੀਆਂ ਸਨ। ਜਾਚਕਾਂ ਦੀਆਂ ਮੰਗਾਂ ਪੂਰੀਆਂ ਕਰਦੇ। ਕਈ ਨਾਮਦਾਨ ਲਈ ਵੀ ਆ ਦਰਸ਼ਨ ਕਰਦੇ ਸਨ ਉਹ ਵੀ ਨਾਮ ਦਾਨ ਲੈ ਕੇ ਮਿਹਰ ਦੇ ਪਾਤਰ ਬਣਦੇ ਇਹਨਾਂ ਤੋ ਵਰੋਸਾਏ ਕਈ ਉਘੇ ਸੰਤ ਬਣੇ ਅਤੇ ਕਈ ਉਚ ਜੀਵਨ ਵਾਲੇ ਬਣੇ। ਆਪ ਵੱਡੇ ਬਾਬੇ ਸੰਤ ਕਰਮ ਸਿੰਘ ਹੋਤੀ ਮਰਦਾਨ ਵਾਲਿਆਂ ਵਾਂਗ ਗੁਰਦਵਾਰੇ ਵਿਚ ਗੱਦੀ ਲਾ ਕੇ ਨਹੀਂ ਸਨ ਬੈਠਦੇ।

ਸੁੱਚੇ ਮੋਤੀ ਪੰਨਾ ੧੩੬

ਵਿਚਾਰ—ਗੱਦੀ ਤਾਂ "ਗੁਰੂ ਗਰੰਥ ਸਾਹਿਬ" ਕੋਲ ਹੈ ਪਰ ਇਹ ਸਾਧ ਕਿਹੜੀਆਂ ਗੱਦੀਆਂ ਦੇਂਦੇ ਰਹੇ ਲੈਂਦੇ ਰਹੇ। ਗੁਰੂ ਫੁਰਮਾਣ ਹੈ "ਕੁਲਹਾ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ"॥ ਚੂਹਾ ਖਡ ਨ ਮਾਵਈ ਤਿਕਲ ਬੰਨੈ ਛਜ॥ ਸਤਿਗੁਰੂ ਕਹਿੰਦੇ ਗੱਦੀਆਂ ਲੈਣ ਵਾਲੇ ਦੇਣ ਵਾਲੇ ਸਾਧ ਸਭ ਬਿਸ਼ਰਮ ਜਿਸ ਤਰ੍ਹਾਂ ਚੂਹੇ ਦੇ ਲੱਕ ਨਾਲ ਕੋਈ ਛੱਜ ਬੰਨ ਦੇਵੇ ਉਹ ਖੁੱਡ ਵਿਚ ਨਹੀ ਵੜ ਸਕਦਾ। ਇਹਨਾਂ ਸਾਧਾਂ ਦੇ ਲੱਕ ਨਾਲ ਜੋ ਇਹ ਗੱਦੀ ਦਾ ਛੱਜ ਬੱਧਾ ਰਿਹਾ ਇਹ ਕਦੇ ਵੀ ਗੁਰਮਤਿ ਵਾਲੇ ਪਾਸੇ ਨਾ ਆਏ। ਇਹ ਪਾਣੀ ਵਿਚ ਖੜ੍ਹੋ ਕਿ ਕਿਹੜਾ ਨਾਮ ਜਪਦੇ ਰਹੇ? ਐਸੇ ਨਾਮ ਨੂੰ ਹਠ ਨੂੰ ਕਰਮ ਕਾਂਡ ਨੂੰ ਦਿਖਾਵੇ ਨੂੰ ਕਦੇ ਵੀ ਗੁਰਬਾਣੀ ਅੰਦਰ ਥਾਂ ਨਹੀ ਦਿੱਤੀ ਗਈ। ਇਹ ਕਿਹੜੀ ਗੁਫਾ ਵਿਚ ਬੈਠਣ ਦੀਆਂ ਗੱਲਾਂ ਕਰਦੇ ਹਨ ਗੁਰੂ ਅਤੇ ਗੁਰੂ ਕੇ ਸਿੰਘ ਕਦੇ ਵੀ ਗੁਫਾਵਾਂ ਵਿਚ ਵੜ ਕੇ ਨਾ ਬੈਠੇ। ਲਿਖਿਆ ਹੈ ਕਿ ਇਹਨਾਂ ਸਾਧਾਂ ਕੋਲ ਗੁਫਾ ਵਿਚ ਇਕ ਰੰਬੀ ਅਤੇ ਇਕ ਕੌਲਾ ਹੁੰਦਾ ਸੀ।

ਰੰਬੀ ਅਤੇ ਕੌਲੇ ਦਾ ਕੀ ਮਤਲਵ ? ਇਹ ਸਾਧ ਧਰਮ ਦੇ ਨਾਂ ਤੇ ਪਾਖੰਡ

ਹੀ ਕਰਦੇ ਰਹੇ ਹਨ। ਇਥੇ ੧੦੧ ਗਾਗਰਾਂ ਪਾਣੀ ਨਾਲ ਇਸ਼ਨਾਨ ਦੀ ਗੱਲ ਕੀਤੀ ਹੈ ਇਹ ਕਿਹੜਾ ਇਸ਼ਨਾਨ ਹੈ ? ਇਸਦਾ ਮਤਲਵ ਤਾਂ ਸਰੀਰ ਨੂੰ ਦੁੱਖ ਦੇਣਾ ਹੀ ਹੈ ਜੋ ਗੁਰਬਾਣੀ ਵਿਚ ਮਨ੍ਹਾ ਹੈ। ਸੰਗਤਾਂ ਉਹ ਪਾਣੀ ਚਰਣਾਮਤ ਘਰਾਂ ਨੂੰ ਲੈ ਜਾਂਦੀਆਂ ਸਨ। ਦਸੋ ਤਾਂ ਸਹੀ ਕਿਹੜੇ ਗੁਰੂ ਨਾਲ ਜੋੜਦੇ ਰਹੇ ਸਨ ਇਹ ਤਾਂ ਆਪ ਹੀ ਗੁਰੂ ਬਣ ਕੇ ਨਾਮ ਵੀ ਦੇਂਦੇ ਰਹੇ ਇਹਨਾਂ ਸਾਧਾਂ ਨੇ ਕਦੇ ਵੀ ਸੰਗਤ ਨੂੰ ਗੁਰੂ ਚੇਤੇ ਹੀ ਨਹੀ ਆਉਣ ਦਿੱਤਾ ਤਾਂ ਹੀ ਇਹ ਹਾਲਤ ਬਣੀ ਹੋਈ ਹੈ। ਨਾਮ ਦੇਣ ਵਾਲੇ ਦੇਹਧਾਰੀ ਵੀ ਇਹਨਾਂ ਵਿਚੋਂ ਹੀ ਪੈਂਦਾ ਹੋਏ ਹਨ। ਇਹ ਸਾਧ ਪ੍ਰਮਾਤਮਾ ਨੂੰ ਪਾਸੇ ਕਰਕੇ ਆਪ ਹੀ ਦਾਤੇ ਬਣੇ ਹੋਏ ਹਨ। ਇਹ ਗੁਰੂ ਦੇ ਪਿਆਰੇ ਨਹੀ ਹਨ ਇਹ ਤਾਂ ਸ਼ਰੀਕ ਹਨ। ਇਹਨਾ ਸਾਧਾਂ ਮੁਤਬਕ ਸੰਤ ਹੋਰ ਹੰਦਾ ਹੈ, ਉਹੋ ਜੀਵਨ ਵਾਲਾ ਹੋਰ ਹੁੰਦਾ ਹੈ।

ਅੱਗੇ ਲਿਖਦੇ ਹਨ ਕਿ ਰੋਗੀਆਂ ਨੂੰ ਪਹਿਲੇ ਵਾਂਗ ਹੀ ਨਦੀ ਵਿਚ ਜਾ ਕੇ ਇਸ਼ਨਾਨ ਕਰਨ ਦਾ ਹੁਕਮ ਮਿਲ ਜਾਂਦਾ ਸੀ ਅਤੇ ਉਹ ਅਰੋਗ ਹੋ ਜਾਂਦੇ ਸਨ।

ਸੁੱਚੇ ਮੋਤੀ ਪੰਨਾ ੧੩੭

ਵਿਚਾਰ—ਅੰਮ੍ਰਿਤਸਰ ਸਰੋਵਰ ਤਾਂ ਕਹਿੰਦੇ ਗੁਰੂ ਨੇ ਬਣਾਇਆ ਪਰ ਇਹ ਨਦੀ ਕਿੰਨੇ ਬਣਾਈ ਜਿਥੇ ਇਹ ਸਾਧ ਰੋਗੀਆਂ ਨੂੰ ਇਸ਼ਨਾਨ ਕਰਵਾ ਕੇ ਠੀਕ ਕਰੀ ਗਿਆ। ਇਹ ਕਿਹੜੀ ਗੁਰਮਤਿ ਹੈ ?

ਅੱਗੇ ਲਿਖਦੇ ਹਨ ਕਿ ਪਠਾਨਾਂ ਨੇ ਡੇਰਾ ਲੁੱਟਣ ਦੀ ਸਲਾਹ ਬਣਾਈ ਜਦੋਂ ਉਹ ਨੇੜੇ ਆਏ ਤਾਂ ਪੰਜ ਘੋੜ ਸਵਾਰ ਪਹਿਰਾ ਦੇ ਰਹੇ ਸਨ। ਇਹ ਪਠਾਨ ਵਾਪਸ ਚਲੇ ਗਏ। ਸੰਤ ਨੇ ਕਸ਼ਮੀਰ ਦੇ ਰਾਜੇ ਦੀ ਮਾਇਆਂ ਲੋਕਾਂ ਦਾ ਖ਼ੂਨ ਸਮਝ ਕੇ ਨਾ ਲਈ। ਘੋੜਾ ਲੈ ਲਿਆ ਉਹ ਘੋੜਾ ਖੁਲ੍ਹਾ ਚਰਦਾ ਰਹਿੰਦਾ ਸੀ ਪਠਾਨਾਂ ਨੇ ਘੋੜਾ ਪਕੜਨਾ ਚਾਹਿਆ ਜਦ ਨੇੜੇ ਆਏ ਤਾਂ ਦੇਖਿਆ ਘੋੜਾ ਦਿਸਣੋ ਹੀ ਹੱਟ ਗਿਆ।

ਸੁੱਚੇ ਮੋਤੀ ਪੰਨਾ ੧੩੯

ਵਿਚਾਰ—ਇਹਨਾਂ ਗੱਲਾਂ ਦਾ ਨਾ ਕੋਈ ਗੁਰਮਤਿ ਨਾਲ ਸਬੰਧ ਹੈ ਅਤੇ ਨਾ ਇਹ ਵਾਪਰੀਆਂ ਇਹ ਇਹਨਾਂ ਸਾਧਾਂ ਦੀ ਕੇਵਲ ਅਡਵਰਟਾਈਜ਼ ਮੈਂਟ ਹੈ। ਇਹਨਾਂ ਨੇ ਕਦੇ ਵੀ ਨਹੀ ਕਿਹਾ ਕਿ ਗੁਰੂ ਗਰੰਥ ਸਾਹਿਬ ਸਰਬੋਤਮ ਹਨ ਇਹਨਾਂ ਕੋਲ ਸੰਗਤ ਆਉਂਦੀ ਹੈ। ਇਹਨਾਂ ਸਦਾ ਇਹੀ ਕਿਹਾ ਕਿ ਸੰਤ ਕੋਲ ਹੀ ਸੰਗਤ ਆਉਂਦੀ ਹੈ ਉਹ ਹੀ ਸਭ ਕੁਝ ਹੈ।

ਗੁਰੂ ਨਾਲ ਜੋੜਨ ਦੀ ਬਜਾਏ ਇਹਨਾਂ ਨੇ ਮਨੁੱਖਾਂ ਨਾਲ ਜੋੜਿਆ ਹੈ। ਬਦਕਿਸਮਤੀ ਇਹੀ ਹੈ। ਇਹ ਹਮੇਸ਼ਾ ਸੰਤ ਦੇ ਦਰਸ਼ਨ ਦੀ ਗੱਲ ਕਰਦੇ ਹਨ, ਗੁਰੂ ਦੇ ਦਰਸ਼ਨ ਦੀ ਕਦੇ ਇਹਨਾਂ ਗੱਲ ਨਹੀਂ ਕੀਤੀ,

ਅੱਗੇ ਲਿਖਦੇ ਹਨ ਇਕ ਮਾਈ ਜੰਗਲ ਵਿਚ ਜਾ ਰਹੀ ਸੀ ਉਸ ਕੋਲ ਸੋਨਾਂ ਚਾਂਦੀ ਸੀ ਇਕ ਪਠਾਨ ਨੇ ਲੁੱਟ ਲਿਆ ਉਹ ਮਾਈ ਉਦਾਸ ਹੋ ਗਈ ਅਤੇ ਪੁੱਛਦੀ

ਪੁਛਾਂਦੀ ਸੰਤਾਂ ਦੀ ਗੁਫਾ ਤੱਕ ਪਹੁੰਚ ਗਈ ਅਤੇ ਜਾ ਕੇ ਸੰਤਾਂ ਨੂੰ ਮੱਥਾ ਟੇਕਿਆ, ਸਾਰੀ ਗੱਲ ਸੁਣਾਈ, ਉਧਰ ਪਠਾਨ ਜੋ ਗੋਹਿਣੇ ਲੁੱਟ ਕੇ ਗਿਆ ਸੀ ਉਹਦੇ ਪੇਟ ਵਿਚ ਸੂਲ ਉਠਿਆ, ਉਹ ਸੋਚਦਾ ਕਿ ਜਿਧਰ ਮਾਈ ਗਈ ਉਹ ਕਰਾਮਾਤੀ ਫਕੀਰ ਹੈ ਜਿਸ ਕਰਕੇ ਇਹ ਸੂਲ ਉਠਿਆ ਹੈ ਉਹ ਵੀ ਸੰਤਾਂ ਕੋਲ ਜਾ ਕੇ ਮੁਆਫੀ ਮੰਗ ਗਿਆ ਅਤੇ ਮਾਲ ਵਾਪਸ ਕੀਤਾ।

ਸੁੱਚੇ ਮੋਤੀ ਪੰਨਾ ੧੪੦

ਵਿਚਾਰ—ਦੇਖੋ ਕਿਵੇਂ ਇਹਨਾਂ ਨੇ ਝੂਠੀਆਂ ਕਹਾਣੀਆਂ ਘੜ ਕੇ ਇਹਨਾਂ ਸਾਧਾਂ ਨੂੰ ਕਰਾਮਾਤੀ ਸਿੱਧ ਕਰਨ ਵਾਸਤੇ ਸਾਰਾ ਜੋਰ ਲਾ ਦਿੱਤਾ ਹੈ। ਹੁਣ ਤਾਂ ਧਰਮ ਦੇ ਨਾਂ ਤੇ ਥਾਂ ਥਾਂ ਠੱਗੀ ਹੋ ਰਹੀ ਹੈ, ਨਿਰੰਕਾਰੀਏ, ਭਨਿਆਰੀਏ, ਹੋਰ ਕੋਈ ਸੱਚੇ ਸੌਦੇ ਵਾਲੇ ਝੂਠੇ ਸੌਦੇ ਵਾਲੇ ਬਿਆਸ, ਢੋਸੀ, ਗੁਰੂ ਦੇ ਸ਼ਰੀਕ ਪੈਦਾ ਹੋ ਗਏ ਹਨ ਹੁਣ ਤਾਂ ਕਦੇ ਕਿਸੇ ਸਾਧ ਦੇ ਜਾਂ ਇਹਨਾਂ ਭੇਖੀਆਂ ਦੇ ਕਦੇ ਵੀ ਸੂਲ ਨਹੀ ਉਠਿਆ। ਇਹਨਾਂ ਸਾਧਾਂ ਦੀਆਂ ਕਰਾਮਾਤਾਂ ਕਿਹੜੇ ਖੂਹ ਵਿਚ ਪੈ ਗਈਆਂ। ਯਾਦ ਰੱਖੋ- ਝੂਠ ਦੇ ਪੈਰ ਨਹੀਂ ਹੁੰਦੇ।

ਅੱਗੇ ਲਿਖਦੇ ਹਨ ਲੋਕ ਬਾਬਾ ਜੀ ਤੋਂ ਨਾਮ ਲੈਣ ਉਪਦੇਸ਼ ਲੈਣ ਆਉਂਦੇ। ਇਕ ਫਕੀਰ ਆਇਆ ਨਾਮ ਲੈਣ ਸੰਤ ਕਹਿੰਦੇ ਮਰਨਾ ਪੈਣਾ ਹੈ ਉਹ ਸੰਤ ਦੇ ਗੁਫਾ ਨੂੰ ਜਾਣ ਵਾਲੇ ਰਸਤੇ ਵਿਚ 3-4 ਦਿਨ ਲੰਮਾ ਪਿਆ ਰਿਹਾ ਨਾ ਕੁਝ ਖਾਧਾ, ਨਾ ਪੀਤਾ, ਅਖੀਰ ਬਾਬਾ ਜੀ ਨੇ ਉਸਦਾ ਹੱਠ ਦੇਖ ਕੇ ਕੋਲ ਬੁਲਾਇਆ ਮੰਤਰ ਦਿੱਤਾ ਅਤੇ ਹੁਕਮ ਕੀਤਾ ਕਿ ਹੁਣ ਤੂੰ ਦੂਰ ਪਹਾੜਾਂ ਵਿਚ ਜਾਹ ਅਤੇ ਕਿਸੇ ਗੁਫਾ ਵਿਚ ਬੈਠ ਕੇ ਬੰਦਗੀ ਕਰ।

ਸੁੱਚੇ ਮੋਤੀ ਪੰਨਾ ੧੪੧

ਵਿਚਾਰ—ਜਿਹੜੇ ਕਹਿੰਦੇ ਇਹ ਸੰਤ ਤਾਂ ਗੁਰੂ ਨਾਲ ਹੀ ਜੋੜਦੇ ਹਨ ਦੇਖੋ ਤਾਂ ਸਹੀ ਕਿਵੇਂ ਮੰਤਰ ਦੇ ਰਹੇ ਹਨ ? ਕਿਵੇ ਕਿਰਤ ਵੱਲੋਂ ਹਟਾ ਕੇ ਭੋਰਿਆਂ ਜੰਗਲਾਂ ਵਿਚ ਧੱਕ ਰਹੇ ਹਨ ? ਗੁਰਮਤਿ ਦੇ ਉਲਟ ਰਿਧੀਆਂ ਸਿੱਧੀਆਂ ਪ੍ਰਾਪਤ ਦੀਆਂ ਗੱਲਾਂ ਕਰ ਰਹੇ ਹਨ, ਇਥੇ ਕਿਤੇ ਵੀ ਖੰਡੇ ਬਾਟੇ ਦੇ ਅੰਮ੍ਰਿਤ ਦੀ ਕੋਈ ਗੱਲ ਨਹੀ ਆ ਰਹੀ, ਬੁਰਬਾਣੀ ਨੂੰ ਵਿਚਾਰਨ ਮੰਨਣ ਦੀ ਕੋਈ ਗੱਲ ਨਹੀ ਆ ਰਹੀ ਕੇਵਲ ਇਹ ਸਾਧ ਨਾਮ ਦਾਨ ਮੰਤਰ ਦੇ ਰਹੇ ਹਨ ਭੋਰਿਆਂ ਵਿਚ ਵਾੜ ਕੇ ਭਗਤੀ ਕਰਵਾ ਰਹੇ ਹਨ ਇਹ ਕਿਹੜੀ ਸਿੱਖੀ ਦੀ ਸੇਵਾ ਹੈ ? ਕਿਹੜੀ ਭਗਤੀ ਹੈ ?

ਅੱਗੇ ਲਿਖਦੇ ਹਨ ਇਕ ਹਿੰਦੂ ਮਾਈ ਜੋ ਵਿਧਵਾਂ ਹੋ ਗਈ ਸੰਤ ਪਾਸ ਆਈ ਕਿ ਮੈ ਹੋਰ ਪਤੀ ਨਹੀ ਕਰਨਾ ਮੈਨੂੰ ਰੱਬ ਵੱਲ ਲਾਉ ਸੰਤ ਨੇ ਨਾਮ ਦਿੱਤਾ, ਮੰਤਰ ਦਿੱਤਾ ਅਤੇ ਗੁਫਾ ਵਿਚ ਵਾੜ ਦਿੱਤੀ। ਉਹ ਬੜੀ ਜਲਦੀ ਵਰ ਸਰਾਪ ਦੇਣ ਜੋਗੀ ਹੋ ਗਈ। ਕਰਾਮਾਤ ਦੇ ਪੱਧਰ ਤੱਕ ਪਹੁੰਚ ਗਈ, ਉਸ ਕੋਲ ਦੁਨੀਆਂ ਆਉਣ ਲੱਗ ਪਈ। ਇਕ ਫਕੀਰ ਉਥੇ ਆ ਗਿਆ। ਮਾਈ ਦੀ ਗੁਫਾ ਕੋਲ ਘੋੜਾ ਬੰਨਿਆ ਮਾਈ ਕਹਿੰਦੀ ਇਥੋਂ ਘੋੜਾ ਖੋਲ ਲੈ, ਤਾਂ ਫਕੀਰ ਕਹਿੰਦਾ ਮੈ ਇਸ ਘੋੜੇ ਨੂੰ ਨਹੀ

ਖੋਲ੍ਹਾਗਾਂ। ਮਾਈ ਕਹਿੰਦੀ ਜੇ ਮੇਰੇ ਮੂੰਹੋਂ ਕੋਈ ਕੁਬਚਨ ਨਿਕਲ ਗਿਆ ਤਾਂ ਫੇਰ ਨਾਂ ਕਹੀਂ। ਫਕੀਰ ਵੀ ਕਰਾਮਾਤੀ ਸ਼ੀ ਉਹ ਕਹਿੰਦਾ ਤੂੰ ਜਿਹੜਾ ਵੀ ਬਚਨ ਕਰਨਾ ਕਰ ਲੈ। ਮਾਈ ਕਹਿੰਦੀ ਸਵੇਰ ਨੂੰ ਤੇਰਾ ਘੋੜਾ ਮਰ ਜਾਵੇਗਾ। ਫਕੀਰ ਨੇ ਵੀ ਅੱਗੋਂ ਸਰਾਪ ਦਿੱਤਾ ਕਿ ਤੂੰ ਵੀ ਇਸ ਘੋੜੇ ਦੇ ਨਾਲ ਹੀ ਮਰੇਂਗੀ।

ਸੁੱਚੇ ਮੋਤੀ ਪੰਨਾ 143

ਵਿਚਾਰ—ਇਸ ਤਰ੍ਹਾਂ ਇਹ ਆਪਸ ਵਿਚ ਇਕ ਦੂਜੇ ਨੂੰ ਵਰ ਸਰਾਪ ਦਿੰਦੇ ਰਹੇ ਹਨ ਕੁੱਤੇ ਦਾ ਕੁੱਤਾ ਵੈਰੀ, ਸੰਢੇ ਦਾ ਸੰਢਾ ਵੈਰੀ। ਸਰਬੱਤ ਦੇ ਭਲੇ ਵੱਲ ਇਹਨਾਂ ਸਾਧਾਂ ਨੇ ਕਦੇ ਸੋਚਿਆ ਵੀ ਨਹੀਂ। ਇਹ ਸਾਧ ਹੀ ਦੁਨੀਆਂ ਨੂੰ ਲੈ ਡੁੱਬੇ।

ਅੱਗੇ ਲਿਖਦੇ ਹਨ ਇਕ ਸੱਜਣ ਪਿਛਾਵਰ ਤੋਂ, ਸੰਤ ਆਇਆ ਸਿੰਘ ਹੋਤੀ ਮਰਦਾਨ ਤੋਂ ਨਾਮ ਦਾਨ ਲੈਣ ਆਇਆ ਅਤੇ ਸੰਤਾਂ ਨੇ ਬਚਨ ਕੀਤਾ ਕਿ ਤੂੰ ਪੂਰੇ ਛੇ ਮਹੀਨੇ ਸੌਣਾ ਨਹੀਂ ਹੈ। ਇਸ ਸੱਜਣ ਨੇ ਪੱਥਰਾਂ, ਰੋੜਿਆਂ ਦੀ ਪੰਡ ਬੰਨ ਲਈ ਅਤੇ ਤੁਰਿਆ ਫਿਰਦਾ ਰਿਹਾ ਕਦੇ ਲੰਮੇ ਨਹੀਂ ਪਿਆ ਜੇ ਬੈਠਣਾ ਤਾਂ ਥੱਲੇ ਪੱਥਰ ਰੋੜੇ ਵਿਛਾ ਕੇ ਬੈਠ ਕੇ ਭਜਨ ਕਰਨਾ। ਇਹ ਛੇ ਮਹੀਨੇ ਇਕ ਮਿੰਟ ਵੀ ਨਹੀਂ ਸੁੱਤਾ, ਜਦ ਇਕ ਰਾਤ ਰਹਿ ਗਈ ਤਾਂ ਪੱਥਰ ਤੇ ਬੈਠੇ ਨੂੰ ਨੀਂਦ ਆਉਣ ਲੱਗ ਪਈ ਤਾਂ ਉਠ ਕੇ ਕਿਸੇ ਪਠਾਨ ਮੌਲਵੀ ਦੇ ਘਰ ਇਕ ਪੱਥਰ ਸੁੱਟ ਦਿਤਾ ਉਹ ਪਠਾਣ ਇਹਦੇ ਮਗਰ ਭੱਜੇ, ਜਦ ਜਾਨ ਨੂੰ ਬਣੀ ਤਾਂ ਨੀਂਦ ਭੁੱਲ ਗਈ ਉਹ ਰਾਤ ਵੀ ਜਾਗਦਿਆਂ ਨਿਕਲ ਗਈ, ਤਾਂ ਸੰਤ ਦਾ ਬਚਨ ਪੂਰਾ ਕੀਤਾ ਅਤੇ ਸੰਤ ਕੋਲ ਗਿਆ ਤਾਂ ਅਵਸਥਾ ਬਣ ਚੁੱਕੀ ਸੀ ਸੰਤ ਨੇ ਹੁਕਮ ਕੀਤਾ ਆਪਣੇ ਇਲਾਕੇ ਵਿਚ ਜਾ ਕੇ ਲੰਗਰ ਚਲਾਉ। ਜਾ ਕੇ ਲੰਗਰ ਚਲਾਇਆ ਬਹੁਤ ਪ੍ਰਸਿੱਧੀ ਹੋਈ, ਸੰਤ ਉਸਦੀ ਪਰਖ ਲੈਣ ਵਾਸਤੇ ਉਸਦੇ ਲੰਗਰ ਵਿਚ ਗਏ, ਆਟਾ, ਰੇਤ ਬਣਾ ਦਿੱਤਾ ਪਰ ਉਸ ਸੱਜਣ ਨੇ ਕਿਹਾ ਕਿ ਗੁਰੂ ਨਾਨਕ ਦੇ ਲੰਗਰ ਵਿੱਚ ਰੇਤ ਕਿਥੋਂ ਆ ਗਈ। ਸੰਤ ਉਸਦੀ ਦ੍ਰਿੜਤਾ ਦੇਖ ਕੇ ਖੁਸ਼ ਹੋਏ।

ਪੰਜ ਸੁੱਚੇ ਮੋਤੀ ਪੰਨਾ 144

ਵਿਚਾਰ—ਉਪਰ ਲਿਖੀ ਇਹਨਾਂ ਸਾਧਾਂ ਦੀ ਵਾਰਤਾ ਵਿਚੋਂ ਇਕ ਅੱਖਰ ਵੀ ਗੁਰਮਤਿ ਦਾ ਲੱਭ ਕੇ ਦਿਖਾਉ ਇਹ ਸਾਧ ਕਿਹੜੀ ਸਿੱਖੀ ਦਾ ਪ੍ਰਚਾਰ ਕਰਦੇ ਰਹੇ ਦੱਸੋ ਤਾਂ ਸਹੀਂ ?

ਅੱਗੇ ਲਿਖਦੇ ਹਨ ਕਿ ਇਕ ਮਿਸਤਰੀ ਉਥੇ ਵੱਡਾ ਹਾਲ ਬਣਾ ਰਿਹਾ ਸੀ ਤਾਂ ਸੰਤਾਂ ਨੂੰ ਬੇਨਤੀ ਕੀਤੀ ਉਹ ਧਨ ਕੀ ਹੈ ਮੈਨੂੰ ਦਿਖਾਉ। ਸੰਤ ਕਹਿੰਦੇ ਰਾਤ ਨੂੰ 12 ਵਜੇ ਗੁਫਾ ਵਿਚ ਆਵੀਂ। ਉਹ ਰਾਤ 12 ਵਜੇ ਗਿਆ ਤਾਂ ਸੰਤ ਨੇ ਕੰਨ ਵਿਚ ਨਾਮ ਦਿੱਤਾ, ਨਾਮ ਅੰਦਰ ਵੜਦਿਆਂ ਹੀ ਮਿਸਤਰੀ ਬੇਸੁਧ ਹੋ ਗਿਆ ਸੰਤਾਂ ਨੇ ਬਚਨ ਕੀਤਾ, ਉਠ ਤਕੜਾ ਹੋ, ਹੁਣ ਝੱਲ ਤਾਂ ਸਹੀਂ।

ਪੰਜ ਸੁੱਚੇ ਮੋਤੀ ਪੰਨਾ 145

ਵਿਚਾਰ—ਕੋਈ ਦੱਸੇ ਇਹਨਾਂ ਸੰਤਾਂ ਦਾ ਦੇਹਧਾਰੀ ਗੁਰੂਆਂ ਨਾਲੋਂ ਕੀ ਘੱਟ

ਹੈ ? ਇਹ ਵੀ ਕੰਨਾਂ ਵਿਚ ਨਾਮ ਦੇ ਰਹੇ ਹਨ ।

ਅੱਗੇ ਲਿਖਦੇ ਹਨ ਸੰਤ ਹਰਦੁਆਰ ਗਏ ਉਥੇ ਕਈਆਂ ਨੂੰ ਤਾਰਿਆ । ਹਰਦੁਆਰ ਡੇਰਾ ਬਣਾਇਆ ਉਥੇ ਇਹਨਾਂ ਦੇ ਚੇਲੇ ਰਹਿੰਦੇ ਹਨ । ਅੰਮ੍ਰਿਤਸਰ ਜਿਲੇ ਦੇ ਇਕ ਬੰਦੇ ਨੂੰ ਨਿੰਦਿਆ ਕਰਦੇ ਸੁਣ ਕੇ ਇਕ ਪ੍ਰੇਮੀ ਨੇ ਲੱਤ ਮਾਰੀ । ਉਹ ਬੰਦਾ ਮਰ ਗਿਆ । ਸੰਤ ਦਾ ਪ੍ਰੇਮੀ ਜੇਲ੍ਹ ਵਿਚ ਚਲੇ ਗਿਆ ਸੰਤਾਂ ਨੇ ਸੁਪਨੇ ਵਿਚ ਦਰਸ਼ਨ ਦੇ ਕੇ ਰਹਿਮ ਦੀ ਅਪੀਲ ਕਰਵਾਈ ਤਾਂ ਉਹ ਸੰਤ ਪ੍ਰੇਮੀ ਬਰੀ ਹੋ ਗਿਆ । ਅੱਗੇ ਹੋਰ ਲਿਖਿਆ ਹੈ ਇਕ ਦੁਕਾਨਦਾਰ ਸੌਦਾ ਘੱਟ ਤੋਲਦਾ ਸੀ ਉਸਨੇ ਘਸੇ ਵੱਟੇ ਰੱਖੇ ਹੋਏ ਸਨ ਜਿਨ੍ਹਾਂ ਲੋਕਾਂ ਨੂੰ ਸੌਦਾ ਘੱਟ ਮਿਲਿਆ ਉਹ ਇਕੱਠੇ ਹੋ ਕੇ ਦੁਕਾਨ ਤੇ ਗਏ । ਵੱਟੇ ਘੱਟ ਸਨ ਉਸ ਦੁਕਾਨਦਾਰ ਨੇ ਸੰਤਾਂ ਦਾ ਧਿਆਨ ਧਰਕੇ ਲਾਜ ਰੱਖਣ ਲਈ ਬੇਨਤੀ ਕੀਤੀ । ਉਸ ਵਕਤ ਸੰਤ ਗੁਫਾ ਵਿਚ ਬੈਠੇ ਸਨ ਇਕ ਪੱਥਰ ਦਾ ਟੁਕੜਾ ਚੁੱਕ ਲਿਆ ਜਦ ਲੋਕ ਦੁਕਾਨਦਾਰ ਦੇ ਤੱਕੜੀ ਪੱਲੜੇ ਬਦਲ ਬਦਲ ਕੇ ਦੇਖਣ ਤਾਂ ਸੰਤ ਵੀ ਪੱਥਰ ਨੂੰ ਹੱਥਾਂ ਵਿਚ ਬਦਲੇ । ਇਸ ਤਰ੍ਹਾਂ ਸੰਤਾਂ ਨੇ ਨਕਲੀ ਤੱਕੜੀ ਦਾ ਤੋਲ ਪੂਰਾ ਕੀਤਾ ਅਤੇ ਸੇਵਕ ਦੀ ਲਾਜ ਰੱਖੀ ।

ਪੰਜ ਸੁੱਚੇ ਮੋਤੀ ਪੰਨਾ 149

ਵਿਚਾਰ—ਦੇਖਿਆ ਕਿਵੇਂ ਇਹ ਸੰਤ ਠੱਗ ਪ੍ਰੇਮੀਆ ਦੀ ਲਾਜ ਰੱਖਦੇ ਹਨ। ਜਿਸ ਕੌਮ ਵਿਚ ਐਸੇ ਸੰਤ ਪੈਦਾ ਹੋ ਗਏ ਉਹ ਕਦੇ ਇਕ ਕਦਮ ਵੀ ਅਗਾਂਹ ਨਹੀਂ ਸੀ ਪੁੱਟ ਸਕਦੀ । ਇਥੇ ਇਹਨਾਂ ਨੇ ਹੋਰ ਵੀ ਕਈ ਮਨਘੜਤ ਝੂਠੀਆਂ ਕਹਾਣੀਆਂ ਗੁਰਮਤਿ ਦੇ ਵਿਰੁੱਧ ਲਿਖੀਆਂ ਹਨ ਸੰਖੇਪ ਕਰਦਾ ਜਾ ਰਿਹਾ ਹਾਂ ।

ਅੱਗੇ ਲਿਖਦੇ ਹਨ ਕਿ ਸੇਵਕਾਂ ਨੇ ਸੰਤਾਂ ਤੋਂ ਪੁੱਛਿਆ ਕਿ ਆਪ ਹੁਣ ਇਹ ਗੱਦੀ ਕਿਸਨੂੰ ਬਖਸ਼ੋਗੇ ? ਸੰਤ ਜੀ ਨੇ ਉੱਤਰ ਦਿੱਤਾ ਕਿ ਅੱਗੇ ਗੱਦੀ ਦੇਣ ਦਾ ਸਾਨੂੰ ਹੁਕਮ ਨਹੀਂ ਹੈ । ਕਈਆ ਨੇ ਭਾਈ ਰਾਮ ਸਿੰਘ ਨੂੰ ਗੱਦੀ ਦੇਣ ਦੀ ਸਿਫਾਰਸ਼ ਕੀਤੀ ਸੰਤਾਂ ਨੇ ਉਸਨੂੰ ਬੁਲਾਇਆ ਅਤੇ ਕਿਹਾ ਤੇਰੇ ਕੋਲ ਡੇਰੇ ਦੀ ਕਿੰਨੀ ਮਾਇਆ ਹੈ ਉਸਨੇ 200 ਰੁਪਏ ਦੱਸੇ । ਉਨੇ ਚਿਰ ਨੂੰ ਕੁਝ ਫੌਜੀ ਮੱਥਾ ਟੇਕਣ ਆ ਗਏ ਸੰਤ ਕਹਿੰਦੇ ਇਸ ਰਾਮ ਸਿੰਘ ਦੇ ਚੇਲੇ ਨੂੰ ਬਾਹਰੋਂ ਫੜ ਕੇ ਲਿਆਉ ਤਾਂ ਫੌਜੀਆ ਨੇ ਉਸ ਨੂੰ ਫੜ ਲਿਆਂਦਾ, ਉਸ ਕੋਲੋਂ 400 ਰੁਪਏ ਨਿਕਲੇ, ਜਿਹੜੇ ਰਾਮ ਸਿੰਘ ਨੇ ਉਸਨੂੰ 400 ਰੁਪਏ ਦੇ ਕੇ ਬਾਹਰ ਭੇਜ ਦਿੱਤਾ ਸੀ, ਚੇਲੇ ਨੇ ਮੰਨਿਆ ।

ਪੰਜ ਸੁੱਚੇ ਮੋਤੀ ਪੰਨਾ੧੫੧

ਵਿਚਾਰ—ਇਸ ਤਰ੍ਹਾਂ ਇਹਨਾਂ ਡੇਰਿਆਂ ਵਿਚ ਚੋਰ ਠੱਗ ਪੈਦਾ ਹੁੰਦੇ ਰਹੇ ਹੁਣ ਵੀ ਡੇਰਿਆਂ ਵਿਚ ਠੱਗ ਚੋਰ, ਭੰਗੀ ਪੋਸਤੀ ਅਫੀਮੀ ਪੈਦਾ ਹੋ ਗਏ ਹਨ ।

ਅੰਤ 28 ਅੱਸੂ ਸੰਨ 1918 ਨੂੰ ਇਹ ਸੰਤ ਸਦਾ ਦੀ ਨੀਂਦੇ ਸੌਂ ਗਏ । ਪੰਜ ਭੂਤਕ ਸਰੀਰ ਅੱਟਕ ਦਰਿਆ ਵਿਚ ਜਲ ਪ੍ਰਵਾਹ ਕਰ ਦਿੱਤਾ ਗਿਆ ।

ਸੰਤ ਹਰਨਾਮ ਸਿੰਘ ਕਹਾਰਪੁਰ ਵਾਲੇ, ਸੰਤ ਹਰੀ ਸਿੰਘ ਰੁਮਾਲਾਂ ਵਾਲੇ, ਸੰਤ ਜਵੰਦ ਸਿੰਘ ਰਾਜਾਸਾਂਸੀ ਵਾਲੇ, ਸੰਤ ਠਾਕਰ ਸਿੰਘ ਜਲੰਧਰ ਵਾਲੇ, ਸੰਤ ਨੱਥਾ

ਸਿੰਘ ਰੇਰੂ ਸਾਹਿਬ ਪਟਿਆਲਾ, ਸੰਤ ਥੰਮਣ ਸਿੰਘ ਅੰਮ੍ਰਿਤਸਰ ਵਾਲੇ।

ਇਹਨਾਂ ਸਾਰਿਆਂ ਸੰਤਾਂ ਨੇ ਸੰਤ ਆਇਆ ਸਿੰਘ ਹੋਤੀ ਮਰਦਾਨ ਤੋਂ ਨਾਮ ਦਾਨ ਲਿਆ ਸੀ।

ਵਿਚਾਰ—ਦੱਸੋ ਤਾਂ ਸਹੀ ਇਹਨਾਂ ਗੁਰੂ ਨਾਲ ਜੋੜਿਆ ਹੈ ਕਿ ਨਾਮ ਦਾਨ ਦੇ ਕੇ ਗੁਰਮਤਿ ਸਿਧਾਂਤ ਨੂੰ ਭੰਨਿਆ, ਸਿੱਖੀ ਨੂੰ ਢਾਹ ਲਾਈ, ਗੁਰੂ ਦੇ ਸ਼ਰੀਕ ਪੈਦਾ ਕੀਤੇ ਹਨ ? ਆਤਮਾ ਦੀ ਆਵਾਜ ਨੂੰ ਪਹਿਚਾਣ ਕੇ ਉਤਰ ਦਿਉ ? ਗੁਰੂ ਨੇ ਖੰਡੇ ਬਾਟੇ ਦੀ ਪਾਹੁਲ ਆਪ ਵੀ ਲਈ ਪਰ ਇਹ ਸਾਧ ਕਿਹੜੇ ਨਾਮ ਦਾਨ ਦੀ ਗੱਲ ਕਰਦੇ ਹਨ।

ਸੰਤ ਰਣਜੀਤ ਸਿੰਘ ਢਡਰੀਆ ਵਾਲਾ

ਇਸ ਸਾਧ ਬਾਰੇ ਪਹਿਲੀਆਂ ਦੋਵੇਂ ਕਿਤਾਬਾਂ ਵਿਚ ਕਾਫੀ ਕੁਝ ਲਿਖਿਆ ਹੈ ਇਹ 22 ਕੁ ਸਾਲ ਦਾ ਛੋਕਰਾ, ਮਹਾਰਾਜ ਕਹਾਉਂਦਾ ਹੈ। ਇਕ ਕੈਸਿਟ ਵਿਚ ਇਸਨੇ ਸੰਤ ਕਰਮ ਸਿੰਘ ਦੇ ਅਕਾਲ ਚਲਾਣੇ ਦੀ ਗੱਲ ਕੀਤੀ ਹੈ ਅਤੇ ਇਹ ਆਪ ਵੀ ਰੋਇਆ ਅਤੇ ਹੋਰਨਾਂ ਨੂੰ ਵੀ ਰੁਵਾ ਰਿਹਾ ਹੈ ਜਨਾਨੀਆਂ ਵਾਂਗ ਰੋ ਕੇ ਸੱਚਾ ਹੋ ਰਿਹਾ ਹੈ ਕਹਿ ਰਿਹਾ ਹੈ ਕਿ ਸੰਤ ਜੀ ਮਾਲਕੋ, ਤੁਸੀਂ ਕਿਧਰ ਚਲੇ ਗਏ ਸਾਨੂੰ ਯਤੀਮ ਕਰ ਗਏ ਸਾਡਾ ਕੌਣ ਵਾਰਿਸ ਹੈ ਇਤਿ ਆਦਿ ਪਰ ਇਸਨੂੰ ਅਸੀਂ ਪੁੱਛਦੇ ਹਾਂ ਕਿ ਜੁੱਗੋ ਜੁੱਗ ਅਟੱਲ ਸਤਿਗੁਰੂ ਗਰੰਥ ਸਾਹਿਬ ਜੀ ਸਾਡੇ ਮਾਲਕ ਹਨ ਅਸੀਂ ਤਾਂ ਕਦੇ ਵੀ ਯਤੀਮ ਹੋ ਹੀ ਨਹੀਂ ਸਕਦੇ। ਕੀ ਗੁਰੂ ਦੀ ਹਜੂਰੀ ਵਿਚ ਬੈਠ ਕੇ ਵੀ ਇਸ ਨੂੰ ਗੁਰੂ ਤੇ ਸ਼ੱਕ ਹੈ ? ਇਹ ਗੁਰੂ ਤਾਂ ਕਦੇ ਵੀ ਮਰ ਨਹੀਂ ਸਕਦਾ। ਇਹਨੇ ਕੀ ਸਮਝਿਆ ਗੁਰੂ ਨੂੰ ? ਕੀ ਵਿਸ਼ਵਾਸ਼ ਹੈ ਇਸਨੂੰ ਗੁਰੂ ਤੇ ? ਕਈ ਕਹਿੰਦੇ ਇਹ ਤਾਂ ਅੰਮ੍ਰਿਤ ਬਹੁਤ ਛਕਾ ਰਿਹਾ ਹੈ। ਇਸਨੂੰ ਤਾਂ ਗੁਰੂ ਤੇ ਉਂਝ ਹੀ ਵਿਸ਼ਵਾਸ਼ ਨਹੀਂ ਇਹਨੇ ਬੰਦੇ ਨੂੰ ਮਾਲਕ ਸਮਝ ਲਿਆ ਪਰ ਗੁਰੂ ਇਸਨੂੰ ਦਿੱਸਿਆ ਹੀ ਨਹੀਂ ਕੀ ਇਹ ਸੰਤ ਕਰਮ ਸਿੰਘ ਦਾ ਅੰਮ੍ਰਿਤ ਛਕਾ ਰਿਹਾ ਹੈ ? ਸੰਤ ਕਰਮ ਸਿੰਘ ਬਾਰੇ ਉਪਰ ਲਿਖ ਆਇਆ ਹਾਂ ਕਿਵੇਂ ਧੱਜੀਆਂ ਉਡਾਈਆ ਗੁਰਮਤਿ ਦੀਆਂ ਇਹਨਾਂ ਰਲ ਮਿਲ ਕੇ। ਇਹ ਢੱਡਰੀਆਂ ਵਾਲਾ ਸਾਧ ਜਿਹਨਾਂ ਨੂੰ ਅੰਮ੍ਰਿਤ ਛਕਾਉਂਦਾ ਹੈ ਉਹਨਾਂ ਨੂੰ ਕਹਿੰਦਾ ਹੈ ਕਿ ਗਾਤਰਿਆਂ ਦਾ ਰੰਗ ਕੇਵਲ ਨੀਲਾ ਹੋਵੇ ਕਿਉਂਕਿ ਪਤਾ ਲੱਗੇ ਕਿ ਇਹ ਗੁਰੂ ਦਾ ਸਿੱਖ ਬਣਨ ਦੀ ਬਜਾਏ ਢੱਡਰੀਆਂ ਵਾਲੇ ਦਾ ਸਿੱਖ ਬਣ ਗਿਆ ਹੈ। ਅੱਗੇ ਵੀ ਕਈ ਸਾਧਾਂ ਨੇ ਇਥੇ ਨਵੇਂ ਨਵੇਂ ਕਈ ਪੰਥ ਅਤੇ ਕਈ ਮਰਯਾਦਾ ਬਣਾਈਆਂ ਹੋਈਆਂ ਹਨ। ਇਹ ਵੀ ਉਹੀ ਕੁਝ ਕਰ ਰਿਹਾ ਹੈ। ਗੁਰੂ ਫੁਰਮਾਣ ਹੈ "ਦੁਨੀਆਂ ਦੀ ਸੋਭਾ ਚਾਰ ਦਿਹਾੜੇ ਇਸ ਜਾਦੀ ਬਿਲਮ ਨ ਹੋਇ ॥" ਇਹ ਦੁਨੀਆਂ ਦੀ ਸੋਭਾ ਕੇਵਲ 4 ਦਿਨ ਦੀ ਹੁੰਦੀ ਹੈ ਇਹਨੂੰ ਖਤਮ ਹੁੰਦਿਆਂ ਕੋਈ ਦੇਰ ਨਹੀਂ ਲਗਦੀ। ਫਿਰ ਕਈ ਕਹਿੰਦੇ ਇਹਦੇ ਦੀਵਾਨਾਂ ਵਿਚ ਲੋਕ ਬਹੁਤ ਹੁੰਦੇ ਹਨ। ਕੀ ਸਿਨੇਮੇ ਹਾਲਾਂ ਵਿਚ ਲੋਕ ਨਹੀਂ ਹੁੰਦੇ ? ਕੀ ਬਿਆਸਾ ਵਾਲਿਆਂ

ਦੇ ਡੇਰੇ ਲੋਕ ਨਹੀਂ ਹੁੰਦੇ ? ਹੰਸ ਰਾਜ ਹੰਸ ਜਿਥੇ ਗਾਉਂਦਾ, ਗਾਉਣ ਵਾਲੀਆਂ ਲੱਗਦੀਆਂ ਹਨ ਉਥੇ ਲੋਕ ਨਹੀਂ ਹੁੰਦੇ ? ਅੱਜ ਕੱਲ੍ਹ ਨਿਰੰਕਾਰੀ ਵੀ ਬੱੜੇ ਵੱਡੇ ਸਮਾਗਮ ਕਰਦੇ ਹਨ ਕੀ ਉਥੋਂ ਲੋਕ ਨਹੀਂ ਹੁੰਦੇ ? ਜਿਥੇ ਰਾਜਨੀਤਕ ਲੀਡਰ ਭਾਸ਼ਨ ਦਿੰਦੇ ਹਨ ਕੀ ਉਥੇ ਲੋਕ ਨਹੀਂ ਹੁੰਦੇ ? ਨੰਗੇ ਨਾਚ ਅਖਾੜੇ ਰੰਗ ਤਮਾਸ਼ੇ ਜਿਥੇ ਲੱਗਦੇ ਕੀ ਉਥੇ ਲੋਕ ਨਹੀਂ ਹੁੰਦੇ ? ਕਈ ਤਾਂ ਢੱਡਰੀਆਂ ਵਾਲੇ ਦੀ ਸ਼ਕਲ ਵੇਖਣ ਹੀ ਜਾਂਦੇ ਹਨ, ਮਾਈਆਂ ਬੀਬੀਆਂ ਕਹਿੰਦੀਆਂ ਦੇਖੋ ਨੀ ਭੈਣੋ, ਕਿੱਡਾ ਸੋਹਣਾ ਨਿੱਕਾ ਜਿਹਾ ਬਾਬਾ, ਵੇਖੋ ਇਹਦੀ ਪੱਗ ਕਿੱਡੀ ਸੋਹਣੀ, ਇਹਦਾ ਚੋਲ੍ਹਾ ਕਿੱਡਾ ਸੋਹਣਾ, ਇਹਦਾ ਵਾਜਾ ਕਿੱਡਾ ਸੋਹਣਾ, ਇਹਦੇ ਹੱਥਾਂ ਦਾ ਰੰਗ ਕਿੱਡਾ ਚਿੱਟਾ, ਇਹਦੇ ਨਾਲ ਢੋਲਕੀਆਂ ਦੋ ਨੀ, ਕਈ ਥਾਂਈ ਤਾਂ ਇਕੋ ਢੋਲਕੀ ਲਈ ਫਿਰਦੇ ਹਨ, ਇਹਦੇ ਚਿਮਟੇ ਕਿੱਡੇ ਸੋਹਣੇ, ਵਜਾਉਣ ਵਾਲੇ ਵੀ 10-12 ਅਤੇ ਵਜਾਉਣ ਦਾ ਸਟਾਈਲ ਵੀ ਕਿੱਡਾ ਸੋਹਣਾ, ਫਿਰ ਕਮਾਲ ਦੀ ਗੱਲ ਬਾਬੇ ਦੀ ਆਵਾਜ ਕਿੱਡੀ ਸੋਹਣੀ, ਹੱਸਦਾ ਕਿੱਡਾ ਸੋਹਣਾ, ਰੋਂਦਾ ਕਿੰਨਾ ਸੋਹਣਾ। ਇਹੀ ਦੇਖਦੇ ਲੋਕ, ਟੀ ਸੀਰੀਜ਼ ਵਰਗੀਆਂ ਕੰਪਨੀਆਂ ਜੋ ਗੁਰਮਤਿ ਦੇ ਵਿਰੁੱਧ ਸਭ ਕੈਸਿਟਾਂ ਭਰਕੇ ਸਿੱਖਾਂ ਨੂੰ ਗੁਰਮਤਿ ਸਿਧਾਂਤ ਤੋਂ ਵਿਹੂਣੇ ਕਰਨ ਵਾਸਤੇ, ਗੁਰੂ ਨਾਲੋਂ ਤੋੜਨ ਵਾਸਤੇ ਧੜਾ ਧੜ ਵੇਚ ਕੇ ਬਹੁਤ ਕਮਾਈ ਕਰ ਰਹੀਆਂ ਹਨ। ਐਸੀਆਂ ਕੰਪਨੀਆਂ ਹੀ ਇਹਨਾਂ ਬਾਬਿਆ ਨੂੰ ਵਿਦੇਸ਼ੀ ਕਾਰਾਂ ਦਿੰਦੀਆ ਹਨ। ਕਿਉਂਕਿ ਇਹਨਾਂ ਦਾ ਖਿਆਲ ਹੈ ਜਿਹੜੇ ਗੁੜ ਦਿੱਤਿਆਂ ਮਰਦੇ ਹਨ ਇਹਨਾਂ ਨੂੰ ਜ਼ਹਿਰ ਦੇਣ ਦੀ ਕੀ ਲੋੜ ? ਇਹ ਬਾਬਾ ਨਿਰਵੈਰ ਖਾਲਸਾ ਕਹਾਉਂਦਾ ਹੈ ਇਹਨੂੰ ਇਹ ਵੀ ਨਹੀਂ ਪਤਾ ਕਿ ਖਾਲਸਾ ਦੇ ਨਾਲ ਨਿਰਵੈਰ ਅੱਖਰ ਦੀ ਲੋੜ ਨਹੀਂ ਹੈ। ਮੈਂ ਪੁੱਛਿਆ ਸੀ ਕਿ ਇਤਨਾ ਹੀ ਦੱਸ ਦੇਹ ਕਿ ਖਾਲਸਾ ਕਿਹੜੀ ਭਾਸ਼ਾ ਦਾ ਸ਼ਬਦ ਹੈ ਪਰ ਕੋਈ ਜਵਾਬ ਨਹੀਂ ਆਇਆ।

ਕਨੇਡਾ ਵਿਖੇ ਪੰਜਾਬ ਰੇਡੀਓ ਤੇ ਹੋਈ ਇਸ ਸਾਧ ਦੀ ਗੱਲਬਾਤ ਜੋ ਕਿ ਪ੍ਰੋ: ਦਰਸ਼ਨ ਸਿੰਘ ਨਾਲ ਹੋਈ ਹੈ ਕੈਸਿਟ ਮੇਰੇ ਕੋਲ ਹੈ ਇਹਨੇ ਖੁਦ ਮੰਨਿਆ ਹੈ ਕਿ ਜਿਸ ਵੀਡੀਉ ਵਿਚ ਸ਼ਰੇਆਮ ਇਹ ਪੈਰਾਂ ਤੇ ਮੱਥਾ ਟਿਕਾ ਰਿਹਾ ਹੈ ਉਹ ਇਸੇ ਦੀ ਹੈ। ਕਈ ਇਹਦੇ ਸ਼ਰਧਾਲੂ ਇਹ ਵੀ ਝੂਠ ਬੋਲ ਰਹੇ ਹਨ ਕਿ ਇਹ ਵੀਡੀਉ ਕੰਪਿਊਟਰ ਨਾਲ ਬਣਾਈ ਹੈ, ਬਾਬੇ ਨੂੰ ਬਦਨਾਮ ਕਰਨ ਵਾਸਤੇ। ਜਦੋਂ ਕਿ ਬਾਬਾ ਖੁਦ ਮੰਨ ਰਿਹਾ ਹੈ ਕਿ ਮੇਰੀ ਹੈ, ਮੈਂ ਹੀ ਬਣਾਈ ਹੈ। ਇਹਨਾਂ ਸ਼ਰਧਾਲੂਆਂ ਨੂੰ ਮੈਂ ਕਹਿੰਨਾ ਕਿਤੇ ਇਹ ਨਾ ਕਹਿ ਦਿਉ ਕਿ ਗੁਰੂ ਗ੍ਰੰਥ ਸਾਹਿਬ ਵੀ ਕੰਪਿਊਟਰ ਨਾਲ ਬਣਾਏ ਗਏ ਹਨ। ਤੁਸੀਂ ਇਹਨਾਂ ਬਾਬਿਆ ਨੂੰ ਹੀ ਖੁਦਾ ਮੰਨੀ ਜਾ ਰਹੇ ਹੋ ਗੁਰੂ ਨੇ ਤਾਂ ਕਿਹਾ ਗੁਰੂ ਮਾਨਿਉਂ ਗਰੰਥ। ਕੀ ਇਹ ਕਦੇ ਵੀ ਤੁਹਾਡੇ ਧਿਆਨ ਵਿਚ ਨਹੀਂ ਆਇਆ ਸਿੱਖ ਕੌਮ ਅੰਦਰ 375 ਸਾਲ ਤਾਂ ਇਕ ਵੀ ਬੰਦੇ ਨੇ ਸਾਧ ਸੰਤ ਬਾਬਾ ਨਹੀਂ ਕਹਾਇਆ ਸਾਰੇ ਭਾਈ ਸਨ। ਭਾਈ ਦਾ ਅਰਥ ਭਰਾ। ਇਹ ਸੰਤ ਕਿਥੋਂ ਜੰਮ ਪਏ ? ਕੀ ਉਦੋਂ ਸਿੰਘ ਕੀਰਤਨ ਨਹੀਂ ਸੀ ਕਰਦੇ ? ਸੋ ਪ੍ਰੋ: ਦਰਸ਼ਨ ਸਿੰਘ ਨੇ ਰੇਡੀਓ ਤੇ ਇਸ ਸਾਧ ਨੂੰ ਕਿਹਾ ਕਿ ਕੋਈ ਵੀ ਸੰਤ ਨਹੀਂ ਕਹਾ ਸਕਦਾ।

ਇਹ ਕਹਿੰਦਾ ਮੈਂ ਕਿਨੂੰ ਕਿਹਾ ਮੈਨੂੰ ਸੰਤ ਆਖੋ। ਕੀ ਇਹਦੇ ਡੇਰੇ ਲੱਗੇ ਬੋਰਡਾਂ ਤੇ ਇਹਨੇ ਸੰਤ ਨਹੀਂ ਲਿਖਵਾਇਆ ? ਕੀ ਇਹਦੀਆਂ ਵਿਕਦੀਆਂ ਕੈਸਿਟਾਂ ਤੇ ਸੰਤ ਨਹੀਂ ਲਿਖਿਆ ? ਕੀ ਦੀਵਾਨਾ ਵਿਚ ਇਹ ਆਪਣੇ ਆਪ ਨੂੰ ਸੰਤ ਨਹੀਂ ਸ਼ੋਅ ਕਰਦਾ ? ਹੋਰ ਇਹਨੇ ਚੁਬਾਰੇ ਤੇ ਚੜ੍ਹਕੇ ਕਹਿਣਾ ਮੈਂ ਸੰਤ ਹਾਂ। ਜਿਹੜੇ ਬੰਦੇ ਪਿੰਡਾਂ ਵਿਚ ਸ਼ਹਿਰਾਂ ਵਿਚ ਦੇਸੀ ਸ਼ਰਾਬ ਵੇਚਦੇ ਹਨ ਕੀ ਉਹਨਾਂ ਲਿਖਕੇ ਲਾਇਆ ਹੈ ਕਿ ਇਥੇ ਸ਼ਰਾਬ ਮਿਲਦੀ ਹੈ। ਉਹ ਸ਼ਰਾਬ ਨਾਂ ਪੁਲਿਸ ਫੜਦੀ ਹੈ ਲੋਕ ਉਥੇ ਆਪਣੇ ਆਪ ਟਿਕਾਣੇ ਤੇ ਸ਼ਰਾਬ ਲੈਣ ਜਾਂਦੇ ਹਨ, ਜਿਸਨੇ ਵੀ ਖੰਡ ਚਾਹ ਦੀ ਦੁਕਾਨ ਪਾਈ ਹੈ ਉਸੇ ਕੋਲ ਲੋਕ ਸੌਦਾ ਲੈਣ ਜਾਂਦੇ ਹਨ, ਜਿਹੋ ਜਿਹਾ ਸੌਦਾ ਉਹੋ ਜਿਹੀ ਦੁਕਾਨ। ਇਸੇ ਤਰ੍ਹਾਂ ਸੰਤ ਪੁਣੇ ਦੀਆਂ ਵੀ ਦੁਕਾਨਾਂ ਚੱਲ ਰਹੀਆਂ ਹਨ ਉਹੋ ਦਿਖਾਵਾ ਲੋਕਾਂ ਸਾਹਮਣੇ ਕੀਤਾ ਜਾ ਰਿਹਾ ਹੈ ਇਹਨਾਂ ਨੂੰ ਪਤਾ ਹੈ ਲੋਕ ਭੋਲੇ ਹਨ, ਦੁਕਾਨਾਂ ਚੱਲਦੀਆਂ ਹਨ ਲੋਕਾਂ ਨੂੰ ਅੰਧ ਵਿਸ਼ਵਾਸ਼ੀ ਬਣਾ ਕੇ, ਇਹ ਸਾਧ ਆਪਣਾ ਸੰਤਪੁਣਾ ਚਮਕਾਅ ਰਹੇ ਹਨ। ਹੋਰ ਕੋਈ ਮੁਨਾਦੀ ਕਰਾਉਣੀ ਹੈ ਕਿ ਮੈਂ ਸੰਤ ਹਾਂ। ਭੇਖ ਆਦਿ ਸਭ ਕੁਝ ਉਹੋ ਜਿਹਾ ਬਣਾਇਆ ਹੈ। ਕੁਝ ਐਸੇ ਨੁਕਤੇ ਹੁੰਦੇ ਹਨ ਜੋ ਬਿਨ ਬੋਲਿਆਂ ਹੀ ਸਮਝੇ ਅਤੇ ਸਮਝਾਏ ਜਾਂਦੇ ਹਨ। ਵੱਢੀਆਂ ਟੱਕੀਆਂ ਰਿਸ਼ਵਤਾਂ ਬੋਲ ਕੇ ਨਹੀਂ ਚੁੱਪ ਚੁਪੀਤੇ ਹੀ ਅਗਲੇ ਜੇਬਾਂ ਭਰ ਦਿੰਦੇ ਹਨ। ਕੀ ਕਦੇ ਰਿਸ਼ਵਤ ਦੀ ਕਿਸੇ ਨੇ ਰਸੀਦ ਦਿੱਤੀ ਜਾਂ ਲਈ ਹੈ ? ਇਸੇ ਤਰ੍ਹਾਂ ਸੰਤਪੁਣਾ ਵੀ ਅੰਨਿਆਂ ਵਿਚ ਕਾਣਾ ਰਾਜਾ ਦੀ ਕਹਾਵਤ ਅਨੁਸਾਰ ਚੱਲ ਰਿਹਾ ਹੈ। ਪ੍ਰੋ: ਦਰਸ਼ਨ ਸਿੰਘ ਕਹਿੰਦੇ ਰਣਜੀਤ ਸਿੰਘ ਤੁਸੀਂ ਅੱਜ ਹੀ ਦੀਵਾਨ ਵਿਚ ਜਾ ਕੇ ਕਹੋਗੇ ਕਿ ਅੱਜ ਤੋਂ ਮੈਂ ਕੋਈ ਸੰਤ ਨਹੀਂ ਹਾਂ ਮੈਂ ਰਣਜੀਤ ਸਿੰਘ ਹਾਂ ਜਿਥੇ ਕੋਈ ਮੈਨੂੰ ਸੰਤ ਰਣਜੀਤ ਸਿੰਘ ਕਹੇਗਾ ਮੈਂ ਉਥੇ ਦੀਵਾਨ ਤੇ ਨਹੀਂ ਜਾਵਾਂਗਾ। ਜੋ ਵੀਰ ਦੋਹਾਂ ਦੇ ਵਿਚਕਾਰ ਇੰਟਰਵਿਊ ਕਰਵਾ ਰਹੇ ਸੀ ਉਹਨਾਂ ਵੀ ਇਹੀ ਕਿਹਾ ਪਰ ਇਹ ਸਾਧ ਉਸ ਗੱਲ ਵੱਲ ਨਹੀਂ ਆਇਆ। ਸਵਾਲ ਉਹ ਕੋਈ ਕਰਦੇ ਸੀ ਜਵਾਬ ਇਹ ਹੋਰ ਦਿੰਦਾ ਸੀ। ਸੋ ਮੇਰਾ ਕਹਿਣ ਤੋਂ ਭਾਵ ਇਹਨਾਂ ਦੀਆਂ ਨੀਅਤਾਂ ਦੇਹਧਾਰੀ ਗੁਰੂ ਬਣਨਦੀਆਂ ਹਨ। ਇਸਦਾ ਬਹੁਤ ਵੱਡਾ ਸਬੂਤ ਇਸਦੇ ਪਟਿਆਲੇ ਡੇਰੇ ਜਨਮ ਦਿਨ ਤੇ ਬਣੀ ਹੋਈ ਵੀਡੀਓ ਕੈਸਿਟ ਤੇ ਕੁਝ ਅੰਸ਼ ਤੁਹਾਡੇ ਸਮਸਤ ਪੇਸ਼ ਕਰ ਰਿਹਾ ਹਾਂ। ਪੂਰੀ ਕੈਸਿਟ ਸਾਡੇ ਕੋਲ ਹੈ ਹਜ਼ਾਰਾਂ ਕੈਸਿਟਾਂ ਅਸੀਂ ਲੋਕਾਂ ਵਿਚ ਵੰਡ ਚੁੱਕੇ ਹਾਂ।

ਓਹਿ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ ॥

(ਪੰਨਾ ੪੭੬)

ਢੱਡਰੀਆਂ ਵਾਲੇ ਸਾਧ ਰਣਜੀਤ ਸਿੰਘ ਦੀ ਵੀਡੀਓ ਚਰਚਾ ਦਾ ਵਿਸ਼ਾ ਬਣੀ



ਸਰੀ (ਚੜ੍ਹਦੀ ਕਲਾ ਬਿਊਰੋ) ਦੇਸ ਵਿਦੇਸ਼ ਵਿਚ ਆਪਣੇ ਦੀਵਾਨਾਂ ਅੰਦਰ ਬਹੁਤ ਵੱਡੀ ਗਿਣਤੀ ਵਿਚ ਲੋਕਾਂ ਦਾ ਇਕੱਠ ਕਰਨ ਦੇ ਸਮਰੱਥ ਹੋਣ ਕਾਰਨ ਦਿਨਾਂ ਵਿਚ ਹੀ ਮਸ਼ਹੂਰ ਹੋਏ ਨੌਜਵਾਨ ਸਾਧ ਰਣਜੀਤ ਸਿੰਘ ਢੱਡਰੀਆਂ ਵਾਲੇ ਦੀ ਇਕ ਵੀਡੀਓ ਅੱਜ ਕਲ੍ਹ ਚਰਚਾ ਦਾ ਵਿਸ਼ਾ ਬਣੀ ਹੋਈ ਹੈ।

ਇਸ ਵੀਡੀਓ ਵਿਚ ਸਾਧ ਰਣਜੀਤ ਸਿੰਘ ਢੱਡਰੀਆਂ ਵਾਲੇ ਨੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਨਕਲ ਕਰਦਿਆਂ ਆਪਣੇ ਸਿਰ ਤੇ ਕਲਗੀ ਸਜਾ ਰੱਖੀ ਹੈ ਅਤੇ ਰੇਸ਼ਮੀ ਪੁਸ਼ਾਕ ਪਾ ਕੇ ਸੂਰਵੰਸ਼ੀ ਗੱਦੀ ਤੇ ਬੈਠਾ ਆਪਣਾ ਜਨਮ ਦਿਨ ਮਨਾ ਰਿਹਾ ਹੈ।

ਸਟੇਜ ਤੇ ਵੱਡੇ ਵੱਡੇ ਉਪਦੇਸ਼ ਦੇਣ ਵਾਲਾ ਇਹ ਸਾਧ ਆਪਣੇ ਮੂਹਰੇ ਗੋਲਕ ਦੀ ਜਗ੍ਹਾ ਟੋਕਰੀ ਰੱਖ ਕੇ ਬੈਠਾ ਹੈ। ਵੱਡੀ ਗਿਣਤੀ ਵਿਚ ਸੰਗਤ ਲਾਈਨਾਂ ਬਣਾ

ਕੇ ਮੱਥਾ ਟੇਕਣ ਲਈ ਵਾਰੀ ਦੀ ਉਡੀਕ ਵਿਚ ਖੜ੍ਹੀ ਹੈ। ਹਾਲਾਂ ਕਿ ਗੁਰੂ ਦਾ ਸਿੱਖ ਮੱਥਾ ਸਿਰਫ ਤੇ ਸਿਰਫ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਟੇਕਦਾ ਹੈ ਪਰ ਇਸ ਵੀਡੀਓ ਵਿਚ ਸਾਫ ਦਿਖਾਈ ਦਿੰਦਾ ਹੈ ਕਿ ਆਮ ਲੋਕਾਂ ਤੋਂ ਇਲਾਵਾ ਅੰਮ੍ਰਿਤਧਾਰੀ ਬੀਬੀਆਂ ਅਤੇ ਭਰਾ ਪੂਰੀ ਤਰ੍ਹਾਂ ਬਾਬੇ ਦੇ ਚਰਨਾਂ ਤੇ ਝੁਕ ਕੇ ਮੱਥਾ ਟੇਕਦੇ ਹਨ। ਮੱਥਾ ਟੇਕ ਰਹੀਆਂ ਬੀਬੀਆਂ ਦੇ ਸਿਰਾਂ ਤੇ ਇਹ ਸਾਧ ਹੱਥ ਵੀ ਫੇਰਦਾ ਹੈ ਅਤੇ ਕਦੇ ਨਾਲ ਨਾਲ ਆਪਣੀਆਂ ਮੁੱਛਾਂ ਤੇ ਵੀ ਹੱਥ ਫੇਰਦਾ ਹੈ।

ਮੱਥਾ ਟੇਕਣ ਆਏ ਲੋਕ ਲਿਫਾਫਿਆਂ ਵਿਚ ਸਾਧ ਵਾਸਤੇ ਲਿਆਂਦੇ ਤੋਹਫੇ ਉਸ ਨੂੰ ਫੜਾ ਰਹੇ ਹਨ ਅਤੇ ਸਾਧ ਇਹ ਤੋਹਫੇ ਫੜ ਫੜ ਰੱਖੀ ਜਾ ਰਿਹਾ ਹੈ। ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਐਕਸ਼ਨ ਇਸ ਵੀਡੀਓ ਵਿਚ ਬੰਦ ਹਨ, ਜਿਨ੍ਹਾਂ ਨੂੰ ਵੇਖ ਕੇ ਮਾੜੀ-ਮੋਟੀ ਸੂਝ ਬੂਝ ਰੱਖਣ ਵਾਲੇ ਹਰ ਸਿੱਖ ਦਾ ਸਿਰ ਸ਼ਰਮ ਨਾਲ ਝੁਕਦਾ ਹੈ।

ਨਾਲ ਦਿੱਤੀਆਂ ਤਸਵੀਰਾਂ ਇਸ ਵੀਡੀਓ ਵਿਚੋਂ ਲਈਆਂ ਗਈਆਂ ਹਨ, ਜਿਨ੍ਹਾਂ ਦੀ ਕੁਆਲਿਟੀ ਬਹੁਤੀ ਵਧੀਆ ਨਹੀਂ ਹੈ। ਇਸ ਸਮਾਗਮ ਦੀ ਪੂਰੀ ਵੀਡੀਓ ਦੀਆਂ ਸੀਡੀਆਂ ਵੰਡੀਆਂ ਹਨ ਤਾਂ ਕਿ ਸੰਗਤਾਂ ਨੂੰ ਭੇਡਾਂ ਸਮਝਕੇ ਠੱਗਣ ਵਾਲੇ ਅਜਿਹੇ ਬਨਾਰਸ ਦੇ ਠੱਗਾਂ ਨੂੰ ਬੇਨਕਾਬ ਕੀਤਾ ਜਾ ਸਕੇ।

ਟਰਾਂਟੋ ਅਤੇ ਕੈਲਗਿਰੀ ਦੇ ਉੱਦਮੀ ਸਿੱਖ ਇਸ ਵੀਡੀਓ ਨੂੰ ਗੁਰੂ ਘਰਾਂ 'ਚ ਦਿਖਾ ਕੇ ਸੰਗਤਾਂ ਨੂੰ ਜਾਗਰਕ ਕਰਨ ਲਈ ਹੰਭਲੇ ਮਾਰ ਰਹੇ ਹਨ। ਉਮੀਦ ਹੈ ਕਿ ਯੂ ਕੇ ਦੇ ਸਥਾਨਕ ਗੁਰੂ ਘਰ ਵੀ ਢੱਡਰੀਆਂ ਵਾਲੇ ਸਾਧ ਨੂੰ ਬੇਨਕਾਬ ਕਰਦੀ ਇਹ ਵੀਡੀਓ ਸੰਗਤਾਂ ਨੂੰ ਵਿਖਾਉਣ ਲਈ ਅੱਗੇ ਆਉਣਗੇ। ਇੰਟਰਨੈਟ 'ਤੇ ਇਸ ਵੀਡੀਓ ਦਾ ਕੁਝ ਹਿੱਸਾ ਵੇਖਣ ਲਈ ਲਿੰਕ ਹੈ।

WWW. Save\file. com/ files/4069888

ਇਸ ਇੰਟਰਨੈਟ ਐਡਰੇਸ ਤੇ ਜਾ ਕੇ ਰਣਜੀਤ ਸਿੰਘ ਨਾਂ ਦੀ ਫਾਈਲ ਡਾਊਨ ਲੋਡ ਕਰ ਲਵੋ। ਵਿੰਡੋਜ ਮੀਡੀਆ ਪਲੇਅਰ ਦੀ ਮਦਦ ਨਾਲ ਇਹ ਫਿਲਮ ਕੰਪਿਊਟਰ ਤੇ ਵੇਖੀ ਜਾ ਸਕਦੀ ਹੈ ਜਾਂ cknewsgrpup@ yahoo.com 'ਤੇ ਚੜ੍ਹਦੀ ਕਲਾ ਅਖਬਾਰ ਨਾਲ ਸੰਪਰਕ ਕਰਕੇ ਈ ਮੇਲ ਰਾਹੀਂ ਮੰਗਵਾਈ ਜਾ ਸਕਦੀ ਹੈ, ਜਿਸ ਦਾ ਸਾਈਜ਼ 30 MB ਦੇ ਕਰੀਬ ਹੈ।

ਇਕ ਕੈਸਿਟ ਵਿਚ ਇਹ ਸਾਧ ਕਥਾ ਕਰ ਰਿਹਾ ਹੈ, ਲੋਕੀਂ ਸਾਨੂੰ ਕੜਾਹ ਖਾਣੇ ਕਹਿੰਦੇ ਹਨ, ਕੀ ਕਰੀਏ ਸੰਗਤ ਪ੍ਰੇਮ ਨਾਲ ਬਣਾ ਕੇ ਲਿਆਉਂਦੀ ਹੈ ਅਸੀਂ ਖਾਂਦੇ ਹਾਂ। ਇਹ ਜੋ ਪਹਿਲੀ ਕਾਰ ਸਾਨੂੰ ਸੰਗਤਿ ਨੇ ਦਿੱਤੀ ਸੀ, ਹੁਣ ਸੰਗਤਾਂ ਕਹਿਣ ਲੱਗੀਆਂ ਇਹ ਕਾਰ ਪੁਰਾਣੀ ਹੋ ਗਈ ਹੈ, ਇਕ ਹੋਰ ਬੜੀ ਮਹਿੰਗੀ ਕਾਰ ਸੰਗਤਾਂ ਨੇ ਦਿੱਤੀ, ਅਸੀਂ ਚੜ੍ਹੇ ਫਿਰਦੇ ਹਾਂ। ਕੋਈ ਸੇਵਕ ਆਪਣੇ ਬੱਚੇ ਬੱਚੀਆਂ ਵੀ ਪ੍ਰੇਮ ਨਾਲ ਸਾਡੇ ਸੇਵਕ ਬਣਾ ਦਿੰਦਾ ਹੈ। ਅਸੀਂ ਕਿਸੇ ਦਾ ਦਿਲ ਤਾਂ ਨਹੀਂ ਦੁਖਾ ਸਕਦੇ।

ਵਿਚਾਰ- ਮੈਂ ਇਹਨੂੰ ਸਾਧ ਨੂੰ ਪੁੱਛਦਾ ਹਾਂ ਕਿ ਕੀ ਮਲਕ ਭਾਗੋ ਦਾ ਦਿਲ ਦੁਖਾਇਆ ਸੀ ਗੁਰੂ ਨਾਨਕ ਸਾਹਿਬ ਜੀ ਨੇ ? ਜਿਨ੍ਹਾਂ ਕਾਰਾਂ ਚੜ੍ਹਾਈਆਂ ਬੜੀ ਹੱਕ ਦੀ ਕਮਾਈ ਹੋਣੀ ਉਹਨਾਂ ਦੀ, ਤੁਸੀਂ ਜਹਿਰ ਨੂੰ ਮਿੱਠਾ ਕਰਕੇ ਖਾ ਰਹੇ ਹੋ ਨਤੀਜਾ ਠੀਕ ਨਹੀਂ ਹੋਵੇਗਾ ? ਮਲਕ ਭਾਗੋ ਦੀ ਕਮਾਈ ਠੀਕ ਨਹੀਂ ਸ਼ੀ। ਗੁਰੂ ਨੇ ਜ਼ਹਿਰ ਸਮਝ ਕੇ ਮਾਲ ਪੂੜੇ ਨਹੀਂ ਸੀ ਖਾਧੇ। ਭਾਈ ਲਾਲੋ ਦਾ ਰੁੱਖਾ ਮਿੱਸਾ ਪਰਛਾਦਾ ਛਕਿਆ ਸੀ। ਆਪਣੀ ਜ਼ਮੀਰ ਤੋਂ ਪੁੱਛ ਕੇ ਉਤਰ ਦਿਉ। ਅਜੀਤ ਅਖਬਾਰ ਦੀ 10-9-05 ਦੀ ਖਬਰ ਦੀ ਟੂਕ ਇਥੇ ਦੇ ਰਿਹਾ ਹਾਂ। ਮਾਨ ਹਾਈਮ- "ਸ੍ਰੀ ਗੁਰੂ ਗਰੰਥ ਸਾਹਿਬ" ਦਾ ਓਟ ਆਸਰਾ ਲੈ ਕੇ ਅੱਜ ਕੱਲ੍ਹ ਅਖੌਤੀ ਸਿੱਖ ਬਾਬੇ ਸਿੱਖ ਸੰਗਤਾਂ ਨੂੰ ਗੁਮਿਰਾਹ ਕਰ ਰਹੇ ਹਨ। ਗੁਰਬਾਣੀ ਦੇ ਅਰਥ ਆਪਣੇ ਆਪਣੇ ਢੰਗ ਅਨੁਸਾਰ ਕਰਕੇ ਸਿੱਖ ਸੰਗਤਾਂ ਨੂੰ ਸ੍ਰੀ ਗੁਰੂ ਗਰੰਥ ਸਾਹਿਬ ਨਾਲ ਜੋੜਨ ਦੀ ਥਾਂ ਆਪਣੇ ਡੇਰਿਆਂ ਦੀ ਮਰਯਾਦਾ ਨਾਲ ਜੋੜ ਰਹੇ ਹਨ। ਗੁਰਦਵਾਰਾ ਸਿੰਘ ਸਭਾ ਪੈਰਿਸ (ਫਰਾਂਸ) ਦੀ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਭਾਈ ਚੈਨ ਸਿੰਘ, ਭਾਈ ਰਘਬੀਰ ਸਿੰਘ ਕੁਹਾੜ, ਭਾਈ ਗੁਰਦਿਆਲ ਸਿੰਘ, ਭਾਈ ਸ਼ਿੰਗਾਰਾ ਸਿੰਘ, ਭਾਈ ਨਰਿੰਦਰ ਸਿੰਘ, ਭਾਈ ਦਵਿੰਦਰ ਸਿੰਘ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਨੂੰ ਲਿਖੇ ਪੱਤਰ 'ਚ ਉਕਤ ਸ਼ਬਦ ਆਖੇ ਪ੍ਰਬੰਧਕਾਂ ਨੇ ਵਿਸ਼ੇਸ਼ ਕਰਕੇ ਪਟਿਆਲਾ ਨੇੜੇ ਦੇ ਇਕ ਬਾਬੇ ਦਾ ਜ਼ਿਕਰ ਕਰਦਿਆਂ ਆਖਿਆ ਕਿ ਉਸਨੇ (ਢੱਡਰੀਆਂ ਵਾਲੇ) ਆਪਣਾ ਜਨਮ ਦਿਨ ਮਨਾਉਂਦਿਆਂ ਅੰਮ੍ਰਿਤਧਾਰੀ ਸਿੱਖਾਂ ਤੋਂ ਮੱਥੇ ਟਿਕਵਾਏ। ਅਸ਼ੀਰਵਾਦਾਂ ਦਿੱਤੀਆਂ। ਪੰਜਾਂ ਪਿਆਰਿਆ ਤੋਂ ਵੀ ਮੱਥਾ ਟਿਕਵਾਇਆ ਇਸ ਵੀਡੀਉ ਫਿਲਮ ਵਿਚ ਦੇਖੇ ਜਾ ਸਕਦੇ ਹਨ। ਪ੍ਰਬੰਧਕ ਕਮੇਟੀ ਨੇ ਜਥੇਦਾਰ ਨੂੰ ਸਨਿਮਰ ਬੇਨਤੀ ਕਰਦਿਆਂ ਅਜਿਹੀਆਂ ਸਿੱਖ ਸਿਧਾਂਤ ਵਿਰੋਧੀ ਕਾਰਵਾਈਆਂ ਰੋਕਣ ਲਈ ਕਿਹਾ।

ਅਜੀਤ ਵਿਚੋਂ ਧੰਨਵਾਦ ਸਾਹਿਤ।

ਸੋ ਜਦੋਂ ਇਹ ਕੈਸਿਟ ਵੀਡੀਉ ਅਸੀਂ ਲੋਕਾਂ ਵਿਚ ਵੰਡੀ ਤਾਂ ਸਾਰੇ contact ਨੰਬਰਾਂ ਤੇ ਫੋਨ ਆਏ ਕਿ ਇਹ ਕੀ ਪਾਖੰਡ ਕਰ ਰਿਹਾ ਹੈ ਸਾਧ ? ਇਹ ਤਾਂ ਗੁਰੂ ਬਣ ਬੈਠਾ ਅਸੀਂ ਇਹਦੀਆਂ ਕੀਰਤਨ ਦੀਆਂ ਕੈਸਿਟਾਂ ਭੰਨ ਦਿਤੀਆਂ ਹਨ ਅਤੇ ਇਹਦੇ ਦੀਵਾਨਾਂ ਵਿਚ ਕਦੇ ਨਾ ਜਾਣ ਦਾ ਫੈਸਲਾ ਕੀਤਾ ਹੈ। ਸੋ ਇਸ ਬਹੁਤ ਚਲਾਕ ਬਣਨ ਵਾਲੇ ਸਾਧ ਦਾ ਜਲਦੀ ਹੀ ਪਾਜ ਉਘੜ ਗਿਆ। ਗੁਰ ਫੁਰਮਾਨ ਹੈ "ਉਘੜ ਗਇਆ ਜੈਸੇ ਖੋਟਾ ਢਬੂਆਂ ਜਬ ਨਦਰਿ ਸਰਾਫਾਂ ਆਇਆ ॥"

ਇਥੇ ਮੈਨੂੰ ਇਕ ਘਟਨਾ ਯਾਦ ਆ ਗਈ ਚੋਹਲੇ ਇਕ ਸਾਧ ਨੇ ਕਿਹਾ ਹੋਇਆ ਸੀ ਕਿ ਉਹ ਕੁਝ ਵੀ ਖਾਂਦਾ ਨਹੀਂ ਹੈ ਤਿਆਗੀ ਹੈ। ਪਰ ਅੰਦਰ ਵੜ੍ਹ ਕੇ ਚੋਰੀ ਰੋਟੀਆਂ ਦਾ ਥੱਬਾ ਖਾਂਦਾ ਸੀ ਅਤੇ ਜੰਗਲ ਪਾਣੀ ਵੀ ਚੋਰੀ ਹੀ ਇਕ ਪਾਣੀ ਨਾਲ ਭਰੇ ਛੱਪੜ ਵਿਚ ਜਾ ਆਉਂਦਾ ਇਕ ਦਿਨ ਕਿਸੇ ਨੇ ਰੌਲਾ ਪਾ ਦਿੱਤਾ ਕਿ ਸਾਧ ਦੀ ਨੇਨੀ ਛੱਪੜ ਵਿਚ ਤਰ ਰਹੀ ਹੈ ਇਹ ਤਾਂ ਰੋਟੀਆਂ ਖਾਂਦਾ ਹੈ ਅਜੇ ਤੱਕ ਉਥੇ

ਇਹ ਗੱਲ ਮਸ਼ਹੂਰ ਹੈ ਕਿ ਚੋਹਲੇ ਵਾਲੇ ਸਾਧ ਦੀ ਨੇਨੀ ਤਰ ਗਈ। ਸੋ ਐਸ ਤਰ੍ਹਾਂ ਤਰਦੀਆਂ ਹਨ ਨੇਨੀਆਂ ਇਹਨਾਂ ਸਾਧਾਂ ਦੀਆਂ। ਹੰਸ ਬਿਰਤੀ ਵਾਲੇ ਗੁਰੂ ਦੇ ਸਿੱਖ ਝੂਠ ਸੱਚ ਨਿਤਾਰ ਦਿੰਦੇ ਹਨ ਉਹ ਜਾਣਦੇ ਹਨ ਕਿ ਧਰਮ ਦੇ ਨਾਂ ਤੇ ਪਾਖੰਡ ਠੱਗੀ ਇਹ ਸੰਤ ਕਿਵੇਂ ਚਲਾ ਰਹੇ ਹਨ।

ਇਸ ਚਰਚਿਤ ਵੀਡੀਉ ਵਿਚ ਇਸ ਸਾਧ ਨੇ ਸੋਨੇ ਦੀਆਂ ਚੈਨੀਆਂ ਅਤੇ ਛਾਪਾਂ ਪੁਆਈਆਂ ਅਤੇ ਚੈਨੀਆਂ ਨੂੰ ਹੱਥਾਂ ਵਿਚ ਬਾਰ ਬਾਰ ਫੜ ਕੇ ਦੇਖ ਰਿਹਾ ਹੈ ਸਟੇਜਾਂ ਤੇ ਕੂੜ ਸੋਇਨਾ ਕੂੜ ਰੂਪਾ ਸੁਣਾਉਂਦਾ ਹੈ। ਛੋਟੇ ਸਾਹਿਬਜ਼ਾਦੇ ਜੋ 7-8 ਸਾਲ ਦੇ ਸਨ। ਉਹਨਾਂ ਦੀ ਸ਼ਹਾਦਤ ਇਹ ਸਟੇਜ ਤੇ ਸੁਣਾਉਂਦਾ ਹੈ ਪਰ ਇਸ ਤੇ ਉਸ ਸ਼ਹਦਾਤ ਦਾ ਰਤਾ ਵੀ ਅਸਰ ਨਹੀਂ ਹੈ ਉਹਨਾਂ ਸਾਹਿਬਜ਼ਾਦਿਆਂ ਨੂੰ 7-8 ਸਾਲ ਦੀ ਉਮਰ ਵਿਚ ਮੌਤ ਯਾਦ ਆ ਗਈ ਇਹਨੂੰ 22-23 ਸਾਲ ਦੀ ਉਮਰ ਵਿਚ ਵੀ ਜਨਮ ਦਿਨ ਚੇਤੇ ਆ ਰਿਹਾ ਹੈ ਇਥੋਂ ਸਿੱਧ ਹੁੰਦਾ ਜੋ ਇਹ ਲੋਕਾਂ ਨੂੰ ਸੁਣਾਉਂਦਾ ਹੈ ਇਸਦੇ ਜੀਵਨ ਵਿਚ ਕੋਈ ਅਸਰ ਨਹੀਂ ਹੈ ਕੇਵਲ ਚੁੰਚ ਗਿਆਨੀ ਹੈ।

ਇਸਦੇ ਇਕ ਚੇਲੇ ਨੇ ਮੈਨੂੰ ਫੋਨ ਕੀਤਾ ਕਹਿੰਦਾ ਇਹ ਤਾਂ ਪੁੱਜਿਆ ਸੰਤ ਹੈ ਇਹਨੇ ਤਾਂ ਪਹਿਲਾਂ ਹੀ ਭਵਿੱਖ ਵਾਕ ਕਹਿ ਦਿੱਤੇ ਹਨ ਕਿ ਮੇਰੀ (ਢੱਡਰੀਆਂ ਵਾਲੇ ਦੀ) 2007 ਵਿਚ ਮੌਤ ਹੋ ਜਾਣੀ ਹੈ। ਮੈਂ ਕਿਹਾ ਹੁਣ ਭੱਜਦਾ ਕਿਧਰ ਹੈਂ ਇਸਨੂੰ ਕਹੋ ਮੈਦਾਨ ਵਿਚ ਰਹਿ। ਦੂਸਰੀ ਗੱਲ ਇਹ ਇਕ ਸ਼ੋਸ਼ਾ ਹੈ 2007 ਵਿਚ ਇਕ ਸ਼ੋਸ਼ਾ ਹੋਰ ਛੱਡਣਾ ਪਵੇਗਾ ਕਿ ਕਿਸੇ ਗੈਬੀ ਸ਼ਕਤੀ ਨੇ ਇਹਨੂੰ ਕਿਹਾ ਹੈ ਕਿ ਤੈਥੋਂ ਬਿਨਾ ਇਥੇ ਕੰਮ ਨਹੀਂ ਚੱਲਣਾ ਤੇਰੀ ਉਮਰ ਵੱਧ ਗਈ ਹੈ। ਇਸ ਤਰ੍ਹਾ ਸਾਧ ਵਾਧ ਦੀ ਦੁਨੀਆਂ ਵਿਚ ਇਹ ਸ਼ੋਸ਼ੇਬਾਜੀ ਆਮ ਚਲਦੀ ਹੈ। ਕਨੇਡਾ ਵਿਚ ਜੋ ਇਸਦੀ ਪ੍ਰੋ: ਦਰਸ਼ਨ ਸਿੰਘ ਨਾਲ ਪੰਜਾਬ ਰੇਡੀਓ ਤੇ ਗੱਲ ਬਾਤ ਹੋਈ। ਰਣਜੀਤ ਸਿੰਘ ਕਹਿੰਦਾ ਦੂਜੇ ਕੀਰਤਨੀਆਂ ਨੇ ਜਾਇਦਾਦ ਬਣਾਈ ਹੈ ਮੈਂ ਕਿਹੜੀ ਜਾਇਦਾਦ ਬਣਾਈ ਹੈ। ਪਰ ਮੈਂ ਇਹਨੂੰ ਪੁੱਛਦਾਂ ਜੋ ਤੇਰੇ ਕੋਲ ਗੱਡੀਆਂ ਹਨ ਕੀ ਇਹ ਤੇਰੇ ਨਾਮ ਨਹੀਂ ? ਜੋ ਗੁਰਦੁਆਰੇ ਦੀ ਜ਼ਮੀਨ, ਡੇਰਾ, ਡੇਰੇ ਵਿਚ ਉਹ ਕੋਠੀ ਜਿਥੇ ਤੇਰੀ ਰਿਹਾਇਸ਼ ਹੈ ਕੀ ਉਹ ਤੇਰੇ ਨਾਮ ਨਹੀਂ ? ਕੀ ਇਹ ਤੇਰੀ ਜਾਇਦਾਦ ਨਹੀਂ ? ਹੁਣ ਤਾਂ ਰੋਜ ਅਖਬਾਰਾਂ ਵਿਚ ਆ ਰਿਹਾ ਹੈ ਕਿ 178 ਡੇਰੇ ਸ਼ੱਕ ਦੇ ਘੇਰੇ ਵਿਚ, ਆਈ ਬੀ ਵੱਲੋਂ ਜਾਂਚ ਹੋਵੇਗੀ ਕਿ ਇਹ ਪੈਸਾ ਕਿਥੋਂ ਆਇਆ ? ਇਹਨਾਂ ਡੇਰਿਆਂ ਵਿਚ ਨਸ਼ੱਈ ਅਤੇ ਅਪਰਾਧੀ ਲੋਕ ਰਹਿੰਦੇ ਹਨ ਇਹਨਾਂ ਨੂੰ ਡੇਰਿਆਂ ਵਿਚੋਂ ਕੱਢ ਕੇ ਇਹਨਾਂ ਤੇ ਮੁਕੱਦਮੇ ਚਲਾਏ ਜਾਣਗੇ। ਡੇਰੇਦਾਰ ਸਾਧਾਂ ਦੇ ਕਾਲੇ ਧਨ ਦੀ ਜਾਂਚ ਹੋਵੇਗੀ। ਹੁਣ ਤਾਂ ਸਾਧ ਆਪਣੇ ਜੀਉਂਦਿਆਂ ਹੀ ਆਪਣੇ ਪੁੱਤਰਾਂ ਦੇ ਨਾਂ ਵਸੀਅਤ ਕਰ ਦਿੰਦੇ ਹਨ ਇਸਦੇ ਸਬੂਤ ਸਾਡੇ ਕੋਲ ਹਨ ਜਿਸ ਤਰ੍ਹਾਂ ਬਾਬਾ ਦਰਸ਼ਨ ਸਿੰਘ ਬੀੜ ਸਾਹਿਬ ਅਤੇ ਹੋਰ ਕਈ ਸਾਧ ਐਸਾ ਕਰ ਰਹੇ ਹਨ। ਯਾਦ ਰੱਖੋ ਜਿਹੜੀ ਵੀ ਜਾਇਦਾਦ ਗੁਰੂ ਗ੍ਰੰਥ ਸਾਹਿਬ ਜਾਂ ਲੋਹ ਲੰਗਰ ਦੇ ਨਾਂ ਨਾਹ ਹੋਵੇ ਉਹ ਸਾਧ ਦੀ

ਆਪਣੀ ਜਾਇਦਾਦ ਹੈ ਉਸ ਡੇਰੇ ਨੂੰ ਗੁਰੂ ਘਰ ਕਹਿਣਾ ਪਾਪ ਹੈ ਅਤੇ ਉਸ ਸਾਧ ਨੂੰ ਸੰਤ ਕਹਿਣਾ ਪਾਖੰਡ ਹੈ ? ਡੇਰੇ ਬਣਾ ਕੇ ਗੇਟ ਤੇ ਵੱਡੇ ਵੱਡੇ ਬੋਰਡ ਲਾਉਣੇ (ਸੰਤ ਬਾਬਾ ਰਣਜੀਤ ਸਿੰਘ ਮਹਾਰਾਜ ਢੱਡਰੀਆਂ ਵਾਲੇ) ਕੀ ਇਹ ਅਡਵਰਟੀਈਜ਼ਮੈਂਟ ਨਹੀਂ ? ਕੀ ਇਹ ਪਾਖੰਡ ਨਹੀਂ, ਗੁਰਮਤਿ ਤੋਂ ਉਲਟ ਮਨਮੱਤੀ ਕਹਾਣੀਆਂ ਸੁਣਾ ਕੇ ਸੰਗਤ ਦਾ ਧਿਆਨ ਆਪਣੇ ਵੱਲ ਖਿੱਚਣਾ, ਇਹ ਪਾਖੰਡ ਨਹੀਂ, ਵਾਜੇ 2-2 ਢੋਲਕੀਆਂ 8-10 ਚਿਮਟੇ ਇਹ ਕੀ ਹੈ ? ਇਕ ਵਾਜਾ ਇਕ ਢੋਲਕੀ 2 ਚਿਮਟੇ ਨਾਲ ਕੀਰਤਨ ਨਹੀਂ ਹੋ ਸਕਦਾ ? ਕਦੇ ਕਾਲਾ ਚੋਲਾ ਕਾਲੀ ਪੱਗ, ਕਦੇ ਗੋਟੇ ਵਾਲਾ ਚੋਲਾ, ਕਦੇ ਗੋਟੇ ਵਾਲੀ ਪੱਗ, ਧਾਰੀਆਂ ਵੰਨ ਸੁਵੰਨੇ ਇਹ ਭੇਖ ਕੀ ਇਹ ਪਾਖੰਡ ਨਹੀਂ ? ਜਦੋਂ ਕਿ 8 ਲੱਖ ਦੀ ਕਾਰ ਵਿਚ ਵੀ ਸਫਰ ਹੋ ਸਕਦਾ ਹੈ ਪਰ 50 ਲੱਖ ਕਾਰ ਇਹ ਪ੍ਰਦਰਸ਼ਨੀ ਕਿਸ ਵਾਸਤੇ ? ਕੀ ਦਿਮਾਗ ਕੰਮ ਨਹੀਂ ਕਰਦਾ। ਐਸੇ ਵੀ ਗੁਰੂ ਦੇ ਸਿੱਖ ਹਨ ਪੰਜਾਬ ਵਿਚ ਰਹਿੰਦੇ ਜਿੰਨਾ ਕੋਲ ਕਛਿਹਰੇ ਵਾਸਤੇ ਪੈਸੇ ਨਹੀ ਹਨ ਤੁਸੀਂ ਇਹ 50-50 ਲੱਖ ਦੀਆਂ ਕਾਰਾਂ ਕਿਸ ਨੂੰ ਦਿਖਾਉਂਦੇ ਹੋ ? ਦੁਕਾਨਾਂ ਤੇ "ਗੁਰੂ ਗਰੰਥ ਸਾਹਿਬ" ਦੇ ਸੌਦੇ ਹੋ ਰਹੇ ਹਨ ਇਹ 500 ਦਾ, ਇਹ 1000 ਦਾ, ਇਹ 2000 ਦਾ ਸ਼ਰਮ ਨਾਲ ਡੁੱਬ ਕੇ ਮਰਨ ਦੀ ਬਜਾਏ ਤੁਸੀਂ 50-50 ਲੱਖ ਦੀਆਂ ਕਾਰਾਂ ਕਿਸ ਨੂੰ ਦਿਖਾਉਂਦੇ ਹੋ ? ਕੀ ਇਹ ਪਾਖੰਡ ਨਹੀਂ ? ਇਹ ਪ੍ਰਦਰਸ਼ਨੀ ਨਹੀਂ ? ਇਕ ਥਾਂ ਦੀਵਾਨ ਵਿਚ ਢੱਡਰੀਆਂ ਵਾਲਾ ਸਾਧ ਕਹਿੰਦਾ ਮੇਰੀਆਂ ਕਾਰਾਂ ਦੇਖ ਕੇ ਜਰਦੇ ਨਹੀਂ, ਕਹਿੰਦਾ ਰਿਕਸ਼ੇ ਲੈ ਦਿਉ। ਤੂੰ ਰਿਕਸ਼ਿਆਂ ਦੀ ਗੱਲ ਕਰਦਾ ਹੈਂ ਯਾਦ ਰੱਖ ਸਮਾਂ ਕਿਸੇ ਦਾ ਲਿਹਾਜ ਨਹੀਂ ਕਰਦਾ ਸਮਾਂ ਨੇੜੇ ਆ ਰਿਹਾ ਹੈ ਤੁਹਾਨੂੰ ਸਾਈਕਲ ਵੀ ਨਹੀਂ ਮਿਲਣਾ ਤੁਸੀਂ ਰਿਕਸ਼ਿਆਂ ਦੀਆਂ ਗੱਲਾਂ ਕਰਦੇ ਹੋ ? ਇਹ ਭਾਦਰੋਂ ਦੀਆਂ ਖੁੰਬਾਂ ਵਾਂਗ ਜਲਦੀ ਜਲਦੀ ਉੱਗੇ ਸਾਧ ਬਹੁਤੀ ਦੇਰ ਸਿੱਖਾਂ ਦੀਆਂ ਅੱਖਾਂ ਵਿਚ ਘੱਟਾ ਨਹੀਂ ਪਾ ਸਕਣਗੇ। ਭਾਦਰੋਂ ਦੀਆਂ ਖੁੰਬਾਂ ਰੂਪੀ ਸਾਧਵਾਦ ਉਪਰ ਗੁਰਬਾਣੀ ਗੁਰਮਤਿ ਪ੍ਰਚਾਰ ਪਾਸਾਰ ਰੂਪੀ ਸਪਰੇਅ ਕਰਕੇ ਹੇਠਾ ਬਿਠਾ ਰਹੇ ਹਾਂ। ਸਿੱਖਾਂ ਨੂੰ ਜਾਗਰਿਤ ਕਰਨ ਵਾਸਤੇ ਇਹ ਲਿਖਤਾਂ ਇਹ ਤਹਿਰੀਰ ਦਾ ਗੁਲੂਕੋਜ਼ ਲਾ ਰਹੇ ਹਾਂ। ਇਹ ਕਹਿੰਦਾ ਮੈਂ ਅੰਮ੍ਰਿਤ ਛਕਾਉਨਾ। ਕਈ ਸ਼ਰਾਬੀ ਬੰਦਿਆਂ ਨੇ ਜਦੋਂ ਸ਼੍ਰੋਮਣੀ ਕਮੇਟੀ ਦੀ ਚੋਣ ਲੜਨੀ ਹੋਵੇ ਉਹ ਰਾਤੋ ਰਾਤ ਅੰਮ੍ਰਿਤ ਛਕ ਲੈਂਦੇ ਹਨ, ਕੇਵਲ ਦਿਖਾਵੇ ਵਾਸਤੇ, ਮਤਲਬ ਵਾਸਤੇ, ਲਾਲਚ ਵਾਸਤੇ ਅੰਮ੍ਰਿਤ ਛਕੇ ਛਕਾਏ ਜਾ ਰਹੇ ਹਨ ਬਹੁਤ ਥਾਂਈ ਅੰਮ੍ਰਿਤ ਦਾ ਮਾਖੌਲ ਉਡਾਇਆ ਜਾ ਰਿਹਾ ਹੈ। ਸਿੱਖਾਂ ਦੇ ਭੇਖ ਵਿਚ R. S. S (ਆਰ ਐਸ ਐਸ) ਵੀ ਅੰਮ੍ਰਿਤ ਛਕਾ ਰਹੀ ਹੈ। ਜੋ ਸਿੱਖਾਂ ਨੂੰ ਕੇਸਾਧਾਰੀ ਹਿੰਦੂ ਵੇਖਣਾ ਚਾਹੁੰਦੀ ਹੈ। ਇਹ ਸਾਧ ਵੀ ਬਹੁਤੇ ਬੁੱਢਿਆਂ ਨੂੰ ਅੰਮ੍ਰਿਤ ਛਕਾਉਂਦੇ ਹਨ। ਗੁਰੂ ਦਾ ਅੰਮ੍ਰਿਤ ਪਾਸੇ ਕਰਕੇ ਇਹਨਾਂ ਸਾਧਾਂ ਨੇ ਆਪਣੇ ਹੀ ਅੰਮ੍ਰਿਤ, ਆਪਣੇ ਹੀ ਪੰਥ, ਆਪਣੀਆਂ ਵੱਖਰੀਆਂ ਵੱਖਰੀਆਂ ਹਜ਼ਾਰਾਂ ਮਰਯਾਦਾ ਬਣਾ ਕੇ ਸਿੱਖਾਂ ਨੂ ਵੱਖ ਵੱਖ ਧੜਿਆਂ ਵਿਚ ਵੰਡਣ, ਸਿੱਖਾਂ ਦੀ ਏਕਤਾ ਨੂੰ ਖੇਰੂੰ-ਖੇਰੂੰ ਕਰਨ ਵਾਸਤੇ ਵੱਡਾ ਰੋਲ ਨਿਭਾਇਆ ਹੈ ਇਹਨਾਂ ਸਾਧਾਂ

ਨੇ ਕਦੇ ਵੀ ਆਪਣੇ ਆਪ ਨੂੰ ਗੁਰੂ ਪੰਥ ਦਾ ਅੰਗ ਨਹੀਂ ਮੰਨਿਆਂ ਹਰ ਸਾਧ ਆਪਣੀ ਢਾਈ ਪਾ ਖਿਚੜੀ ਵੱਖ-ਵੱਖ ਥਾਂ ਪਕਾਈ ਬੈਠਾ ਹੈ। ਕੋਈ ਕਹਿੰਦਾ ਟਕਸਾਲ ਦਾ ਸਿੰਘ ਹਾਂ ਕੋਈ ਕਹਿੰਦਾ ਮੈਂ ਰਣਧੀਰ ਸਿੰਘ ਦਾ ਸਿੰਘ ਹਾਂ ਕੋਈ ਕਹਿੰਦਾ ਮੈਂ ਕਰਮ ਸਿੰਘ ਹੋਤੀ ਮਰਦਾਨ ਦਾ ਚੇਲਾ ਹਾਂ ਕੋਈ ਕਹਿੰਦਾ ਮੈਂ ਬਿਆਸ ਵਾਲਿਆਂ ਦਾ ਹਾਂ, ਕੋਈ ਕਹਿੰਦਾ ਮੈਂ ਨੂਰਮਹਿਲੀਆਂ ਦਾ ਸਿੰਘ ਹਾਂ, ਕੋਈ ਨਿਰੰਕਾਰੀਆਂ ਦਾ ਕੋਈ ਭਨਿਆਰੀਆਂ ਦਾ ਕੋਈ ਕਹਿੰਦਾ ਹੈ ਬਾਬਾ ਢੱਡਰੀਆਂ ਵਾਲੇ ਦਾ ਅੰਮ੍ਰਿਤ ਛਕਿਆ ਮੈਂ ਉਸਦਾ ਸਿੰਘ ਹਾਂ, ਕੋਈ ਹੰਨੇ ਦੀ ਕੋਈ ਬੰਨੇ ਦੀ ਕੋਈ ਪਹਾੜਾਂ ਵਾਲੀ ਰੰਨੇ ਦੀ ਢੋਲ ਢਮੱਕਾ ਸਰਵਰ ਦਾ। ਪਰ ਮੈਂ ਪੁੱਛਦਾ ਹਾਂ ਗੁਰੂ ਦਾ ਸਿੰਘ ਕੌਣ ਹੋਇਆ ? ਗੁਰੂ ਦਾ ਅੰਮ੍ਰਿਤ ਕਿਸ ਨੇ ਛਕਿਆ ਹੈ ? ਸਾਧਾਂ ਦੇ ਡੇਰਿਆਂ ਵਿਚ ਬੋਰਡਾਂ ਤੇ ਗਿਣਤੀਆਂ ਲਿਖੀਆਂ ਹਨ ਇਸ ਸਾਧ ਨੇ 2 ਲੱਖ ਨੂੰ ਅੰਮ੍ਰਿਤ ਛਕਾਇਆ। ਇਸ ਸਾਧ ਨੇ ਤਿੰਨ ਲੱਖ ਨੂੰ ਅੰਮ੍ਰਿਤ ਛਕਾਇਆ, ਇਹਨਾਂ ਸਾਰਿਆਂ ਦਾ ਟੋਟਲ ਕਰੀਏ ਤਾਂ ਇਤਨੀ ਸਿੱਖ ਕੌਮ ਦੀ ਗਿਣਤੀ ਵੀ ਨਹੀਂ ਬਣਦੀ ਜਿੰਨਿਆਂ ਨੂੰ ਇਹਨਾਂ ਅੰਮ੍ਰਿਤ ਛਕਾ ਦਿੱਤਾ ਹੈ। ਪਰ ਮੈਂ ਪੁੱਛਦਾ ਹਾਂ ਉਹ ਅੰਮ੍ਰਿਤਧਾਰੀ ਕਿਥੇ ਹਨ ? ਕੀ ਉਹ ਧਰਤੀ ਦੇ ਥੱਲੇ ਗਿਠ ਮੁਠੀਆਂ ਕੋਲ ਰਹਿੰਦੇ ਹਨ ? ਸੋ ਅੰਮ੍ਰਿਤ ਛਕਾਉਣਾ, ਲੜਕੀਆਂ ਦੇ ਵਿਆਹ ਕਰਨੇ ਵੀ ਗੁਰਸਿੱਖੀ ਨੂੰ ਮੁੱਖ ਰੱਖਕੇ ਨਹੀਂ ਕੇਵਲ ਇਹਨਾਂ ਸਾਧਾਂ ਦੀ ਅਡਵਰਟਾਈਜ਼ਮੈਂਟ ਹੀ ਹੈ। ਹਰ ਸਾਧ, ਗੁਰੂ ਦਾ ਸਿੱਖ ਬਣਨ ਦੀ ਬਜਾਏ ਜਗਤ ਦਾ ਮਸੀਹਾ ਬਣਨਾ ਚਾਹੁੰਦਾ ਹੈ ਇਹਨਾਂ ਦੇ ਸਾਰੇ ਕੰਮ ਦੇਹਧਾਰੀ ਗੁਰੂ ਵਾਲੇ ਹੀ ਹਨ। ਜਿਸ ਵੀਡੀਉ ਕੈਸਿਟ ਨੂੰ ਅਸੀਂ ਹਜ਼ਾਰਾਂ ਦੀ ਗਿਣਤੀ ਵਿਚ ਵੰਡਿਆ ਉਸ ਵਿਚ ਰਣਜੀਤ ਸਿੰਘ ਢੱਡਰੀਆਂ ਵਾਲਾ ਸ਼ਰੇ ਆਮ ਸੂਰਜਵੰਸ਼ੀ ਗੱਦੀ ਲਾ ਕੇ ਅੰਮ੍ਰਿਤਧਾਰੀਆਂ ਤੋਂ ਮੱਥੇ ਟਿਕਾ ਕੇ ਸਿਰ ਤੇ ਹੱਥ ਧਰ ਕੇ ਅਸ਼ੀਰਵਾਦਾਂ ਦੇ ਰਿਹਾ ਹੈ ਇਹ ਪਾਖੰਡ ਨਹੀਂ ਹੈ ? ਨੌਜਵਾਨ ਬੱਚੇ ਬੱਚੀਆਂ ਨੂੰ ਬੇਨਤੀ ਕਰਦਾ ਤੁਹਾਡੇ ਸਾਧ ਸੰਤ ਬੇਈਮਾਨ ਹੋ ਗਏ ਹਨ ਤੁਸੀਂ ਆਪ ਗੁਰਬਾਣੀ ਪੜ੍ਹੋ, ਵਿਚਾਰੋ, ਸਮਝੋ, ਮੰਨੋ ਤੁਹਾਡਾ ਹਲਤ ਪਲਤ ਆਪਣੇ ਆਪ ਸਵਰ ਜਾਵੇਗਾ। ਇਹਨਾਂ ਭੇਖੀਆਂ ਨੂੰ ਮੂੰਹ ਨਾ ਲਾਉ।

ਅੱਜ-ਨਾਮਾ

ਸੁੱਚਾ ਸਿੰਘ ਨੇ ਉੱਠ ਕੇ ਮੂੰਹ ਸੁੱਚੇ,
ਸੱਚੇ ਦਿਲੋਂ ਸੀ ਯਾਦ ਭਗਵਾਨ ਕੀਤਾ।
ਕੌਲਾ ਦਹੀਂ ਦਾ ਪਲਟ ਕੇ ਸਿਰ ਉਤੇ,
ਸਣੇ ਕੇਸੀਂ ਸੀ ਫੇਰ ਇਸ਼ਨਾਨ ਕੀਤਾ।
ਤੁਰਿਆ ਉਧਰ ਨੂੰ ਜਿੱਥੇ ਸੀ ਸੰਤ ਆਉਣੇ,
ਪਿਛਲੀ ਵਾਰ ਸੀ ਜਿੱਥੇ ਦੀਵਾਨ ਕੀਤਾ।
ਲੱਗੇ ਹੋਏ ਤਾਂ ਉਥੇ ਸੀ ਸ਼ਾਮਿਆਨੇ,
ਉਦਾਂ ਜਾਪਦਾ ਸੀ ਸੁੰਨ ਸਾਨ੍ਹ ਕੀਤਾ।

ਪੁਛਿਆ ਕਿਸੇ ਤੋਂ ਦੱਸਿਆ ਉਸ ਅੱਗੋਂ,
ਥਾਣੇ ਰਾਤ ਦੇ ਸੰਤ ਜੀ ਤੜੇ ਪਏ ਨੇ।
ਕੀਤੀ ਸੰਤ ਨੇ ਰਾਤੀਂ ਕਰਤੂਤਿ ਐਸੀ,
ਚੇਲੇ ਸ਼ਰਮ ਨਾਲ ਅੰਦਰੀਂ ਵੜੇ ਪਏ ਨੇ।
ਚੇਲੇ ਸ਼ਰਮ ਨਾਲ ਅੰਦਰੀਂ ਵੜੇ ਪਏ ਨੇ।
ਤੀਸ ਮਾਰ ਖਾਂ

ਪਿਆਰੇ ਬੀਬੀਉ, ਭੈਣੋ, ਮਾਤਾਉ, ਸੁਣ ਲਉ, ਜੀਵਨ ਜੇਕਰ ਆਪਣਾ ਸੰਵਾਰਨਾ ਹੈ। ਭੇਖੀ ਸਾਧੂਆਂ ਵਿਹਲੜ ਪਾਖੰਡੀਆਂ ਨੂੰ, ਵਾਹ ਲੱਗਦੀ ਤੁਸੀਂ ਦੁਰਕਾਰਨਾ ਹੈ। ਕਦੇ ਭੁੱਲ ਕੇ ਇਹਨਾਂ ਨੂੰ ਪੂਜਣਾ ਨਹੀਂ, ਸ਼ਬਦ ਗੁਰੂ ਹੀ ਹਿਰਦੇ ਵਿਚ ਧਾਰਨਾ ਹੈ। ਕੌਮ ਵਿਚੋਂ ਇਹ ਭਰਮ ਪਾਖੰਡ ਕੱਢਣੇ, ਮਿਲਕੇ ਤੁਸਾਂ ਇਹ ਹੰਭਲਾ ਮਾਰਨਾ ਹੈ। ਗੁਰੂ ਬੀਬੀਆਂ ਦਾ ਭੁੱਖਾ ਨਹੀਂ ਮਰਦਾ, ਏਸ ਬਾਤ ਨੂੰ ਤੁਸੀਂ ਝੁਠਲਾ ਦਿਉ ਹੁਣ। ਕੇਵਲ ਗੁਰੂ ਗਰੰਥ ਸਾਹਿਬ ਜੀ ਦੀ ਓਟ ਲੈ ਕੇ, ਨਕਲੀ ਗੁਰੂਆਂ ਦੀ ਅਲਖ ਮੁਕਾ ਦਿਉ ਹੁਣ।

ਅਨੂਪ ਸਿੰਘ ਨੂਰੀ

ਸੰਤ ਸੁੱਖਾ ਸਿੰਘ ਹਾਕਮ ਸਿੰਘ ਸਰਹਾਲੀ

ਇਹਨਾਂ ਬਾਰੇ ਪੁਸਤਕ 'ਸੰਤਾਂ ਦੇ ਕੌਤਕ' ਵਿਚ ਪਹਿਲਾਂ ਵੀ ਬੜਾ ਕੁਝ ਲਿਖਿਆ ਜਾ ਚੁਕਾ ਹੈ। ਬੜੀਆਂ ਬੜੀਆਂ ਬਰਸੀਆਂ ਮਨਾ ਰਹੇ ਹਨ, ਗੱਡੀਆਂ ਵਾਲੇ ਸੇਠ ਜਿਨ੍ਹਾਂ ਬਾਰੇ ਅਸੀਂ ਪਤਾ ਕੀਤਾ ਹੈ ਕਿ ਆਪਣੇ ਰੱਖੇ ਹੋਏ ਕਿਰਤੀ ਡਰਾਈਵਰਾਂ ਨੂੰ ਪੂਰੀਆਂ ਤਨਖਾਹਾਂ ਵੀ ਨਹੀਂ ਦਿੰਦੇ ਉਹ ਬਰਸੀਆਂ ਤੇ ਖੰਡ ਦਾ ਟਰੱਕ ਦਾਨ ਕਰ ਰਹੇ ਹਨ, ਘਿਉ ਦਾ ਟਰੱਕ ਦਾਨ ਵਿਚ ਦੇ ਰਹੇ ਹਨ, ਦੋ ਨੰਬਰ ਦਾ ਧੰਦਾ ਕਰਨ ਵਾਲੇ ਕਾਲੇ ਧਨ ਵਿਚੋਂ ਇਹ ਦਾਨ ਕੀਤੇ ਜਾ ਰਹੇ ਹਨ, ਸੌਦੇ ਦੇ ਟਰੱਕ ਦਾਨ ਹੋ ਰਹੇ ਹਨ। ਮੈਂ ਪਹਿਲਾਂ ਵੀ ਕਈ ਵਾਰੀਂ ਕਿਹਾ ਕਿ ਜਿਨ੍ਹਾਂ ਗੁਰਦੁਆਰਿਆਂ ਉਪਰ ਬਲੈਕ ਮਾਲ ਪੈਸਾ ਲੱਗਾ ਹੈ, ਉਸ ਪੈਸੇ ਨਾਲ ਡੇਰੇ ਬਣੇ ਹਨ, ਇਹਨਾਂ ਗੁਰਦੁਆਰਿਆਂ, ਡੇਰਿਆਂ ਨੇ ਸੱਚੇ ਸੁੱਚੇ ਗੁਰਸਿੱਖ, ਗੁਰਬਾਣੀ ਨੂੰ ਮੰਨਣ ਵਾਲੇ ਪੈਦਾ ਨਹੀਂ ਸੀ ਕਰਨੇ, ਇਹਨਾਂ ਤਾਂ ਅਫੀਮੀ ਨਸ਼ੱਈ, ਭੰਗੀ, ਪੋਸਤੀ, ਠੱਗ ਚੋਰ ਪੈਦਾ ਕਰਨੇ ਹਨ।

ਇਕ ਰਾਜਨੀਤਕ ਕਾਂਗਰਸੀ ਆਗੂ ਦੀ ਚੋਣ ਵਿਚ ਐਸੀ ਮਦਦ ਇਹਨਾਂ ਕੀਤੀ ਕਿ ਆਟਾ ਅਤੇ ਪਿੰਡਾਂ ਵਿਚ ਸ਼ਰਾਬ ਕੱਢਣ ਵਾਸਤੇ ਗੁੜ ਵੀ ਸਪਲਾਈ ਕੀਤਾ। ਜਿੱਤ ਵਾਸਤੇ ਸੰਪਟ ਅਖੰਡ ਪਾਠ ਕੀਤੇ, ਜਦੋਂ ਕਿ ਸੰਪਟ ਪਾਠ ਗੁਰਮਤਿ ਵਿਚ ਨਹੀਂ ਹੈ। ਗੁਰਪੁਰੀ ਅਤੇ ਬਾਬਾ ਰਾਮ ਸਿੰਘ ਦੇ ਡੇਰੇ ਰੋਜ਼ ਕੜਾਹ ਪ੍ਰਸ਼ਾਦ ਦੀ ਦੇਗ ਕਰਕੇ ਕਾਂਗਰਸੀ ਐਮ ਐਲ ਏ ਦੀ ਜਿੱਤ ਵਾਸਤੇ "ਗੁਰੂ ਗਰੰਥ ਸਾਹਿਬ"

ਤੇ ਅੱਗੇ ਰੋਜ਼ ਅਰਦਾਸਾਂ ਹੁੰਦੀਆਂ ਰਹੀਆਂ ਵੋਟਾਂ ਤੋਂ ਕੁਝ ਦਿਨ ਪਹਿਲਾਂ ਹੀ ਇਹਨਾਂ ਸਾਧਾਂ ਨੇ ਉਸਦੀ ਜਿੱਤ ਦੇ ਲੱਡੂ ਵੰਡ ਦਿੱਤੇ ਉਸਦੇ ਗਲ ਜਿੱਤ ਦੇ ਹਾਰ ਪਾ ਦਿੱਤੇ। ਪਰ ਉਹ ਚੋਣਾ ਵਿਚ ਬੁਰੀ ਤਰ੍ਹਾਂ ਹਾਰਿਆ ਦੁਨੀਆਂ ਨੇ ਦੇਖਿਆ ਹੈ। ਡੇਰਿਆਂ ਵਿਚ ਇਸ ਤਰ੍ਹਾਂ ਰਾਜਨੀਤਕਾਂ ਦੀਆਂ ਫੋਕੀਆਂ ਖੁਸ਼ਾਮਦਾ ਹੋ ਰਹੀਆਂ ਹਨ ਅਤੇ ਗੁਰੂ ਨੂੰ ਵੀ ਰਾਜਨੀਤੀ ਸੁਆਰਥਾਂ ਵਾਸਤੇ ਵਰਤਿਆਂ ਜਾ ਰਿਹਾ ਹੈ। ਜਦੋਂ ਕਿ ਪੈਸਾ ਲੋਕਾਂ ਨੇ ਧਰਮ ਅਰਥ ਖਰਚਣ ਵਾਸਤੇ ਦਿੱਤਾ ਹੈ। ਬਰਸੀਆਂ ਦੀ ਗੱਲ ਮੈਂ ਕਰ ਰਿਹਾ ਸੀ। ਸੇਠਾਂ ਤੋਂ ਟਰੱਕ ਸੌਦੇ ਦੇ ਮਿਲਣ ਤੋਂ ਬਾਅਦ ਵੀ ਇਲਾਕਿਆਂ ਪਿੰਡਾਂ ਵਿਚ ਜਾ ਕੇ ਖੰਡਾਂ ਦੀਆ ਬੋਰੀਆਂ, ਘਿਉ ਦੇ ਪੀਪੇ, ਨਕਦ ਮਾਇਆ ਦਾਲਾਂ ਦੀਆਂ ਬੋਰੀਆਂ ਦੀ ਉਗਰਾਹੀ ਘਰਾਂ ਵਿਚ ਜਾ ਜਾ ਕੇ ਕੀਤੀ ਜਾਂਦੀ ਹੈ ਜੋ ਡੇਰਿਆਂ ਵਿਚ ਜਮ੍ਹਾਂ ਕਰ ਲਈ ਜਾਂਦੀ ਹੈ ਹੋਰ ਕਈ ਥਾਵਾਂ ਤੇ ਵਰਤੀ ਜਾਂਦੀ ਹੈ। ਇਹਨਾਂ ਨੇ ਕਦੇ ਵੀ ਗੁਰੂਆਂ, ਸਾਹਿਬਜ਼ਾਦਿਆਂ, ਜਿਨ੍ਹਾਂ ਬੰਦ-ਬੰਦ ਕਟਵਾਏ, ਚਰਖੜੀਆਂ ਤੇ ਚੜ੍ਹੇ ਉਬਲਦੀਆਂ ਦੇਗਾਂ ਵਿਚ ਉਬਾਲੇ ਗਏ ਕਦੇ ਕਿਸੇ ਦਾ ਇਹਨਾਂ ਨੇ ਕੋਈ ਦਿਨ ਨਹੀਂ ਮਨਾਇਆ, ਕੇਵਲ ਬਾਬਿਆਂ ਦੇ ਦਿਨ ਮਨਾਉਂਦੇ ਹਨ, ਗੁਰੂ ਨਾਲ ਇਹਨਾਂ ਦਾ ਦੂਰ ਦਾ ਵੀ ਸਬੰਧ ਨਹੀਂ ਹੈ। ਇਹਨਾਂ ਬਰਸੀਆਂ ਤੇ ਲੱਖਾਂ ਰੁਪਏ ਖਰਚ ਕੇ ਕਈ ਵਾਧੂ ਖਰਚੇ ਕਰਨੇ ਕੇਵਲ ਇਹਨਾਂ ਦੀ ਅਡਵਰਟਾਈਜ਼ਮੈਂਟ ਹੀ ਹੈ।

ਲਾਲਚ ਵੱਸ ਇਹ ਪੱਗਾਂ (ਗੱਦੀਆਂ) ਘਰ ਵਿਚ ਹੀ ਆਪਣੇ ਪੁੱਤਾਂ ਪੋਤਰਿਆਂ ਨੂੰ ਦਿੰਦੇ ਹਨ, ਯੋਗਤਾ ਪਰਖਣ ਵਾਲੀ ਗੱਲ ਇਥੋਂ ਖੰਭ ਲਾ ਕੇ ਉਡ ਗਈ ਹੈ। ਗੁਰ ਫੁਰਮਾਨ ਹੈ "ਕੁਲਹਾ ਦੇਂਦੇ ਬਾਵਲੇ ਲੈਂਦੇ ਵੱਡੇ ਨਿਲਜ ॥" "ਚੂਹਾ ਖਡ ਨ ਮਾਵਈ ਤਿਕਲ ਬੰਨੈ ਛਜੁ ॥"

ਸਤਿਗੁਰ ਕਹਿੰਦੇ ਗੱਦੀਆਂ ਦੇਣ ਵਾਲੇ ਵੀ ਲੈਣ ਵਾਲੇ ਵੀ ਬਿਸ਼ਰਮ ਹਨ ਜਿਵੇਂ ਚੂਹੇ ਦੇ ਲੱਕ ਨਾਲ ਕੋਈ ਛੱਜ ਬੰਨ ਦੇਵੇ ਤਾਂ ਉਹ ਖੁੱਡ ਵਿਚ ਨਹੀਂ ਵੜ ਸਕਦਾ ਇਸ ਤਰ੍ਹਾਂ ਇਹਨਾਂ ਸਾਧਾਂ ਨੂੰ ਇਹ ਗੱਦੀ ਵਾਲਾ ਛੱਜ ਕਿਸੇ ਪਾਸੇ ਨਹੀਂ ਲੱਗਣ ਦਿੰਦਾ। ਇਹਨਾਂ ਦਾ ਧਿਆਨ ਸਦਾ ਪੱਗਾਂ (ਗੱਦੀਆਂ) ਵਿਚ ਰਹਿੰਦਾ ਹੈ। ਯਾਦ ਰਹੇ ਔਰੰਗਜੇਬ ਨੂੰ ਰਾਜ ਲੈਣ ਵਾਸਤੇ ਆਪਣੇ ਸਕੇ ਪਿਉ ਨੂੰ ਜੇਲ੍ਹ ਵਿਚ ਸੁੱਟਣਾ ਪਿਆ ਭਰਾਂਵਾਂ ਦੇ ਕਤਲ ਕਰਨੇ ਪਏ। ਗੁਰੂ ਨਾਲ ਵੈਰ ਕਮਾਇਆ।

ਸੋ ਇਹ ਡੇਰੇ ਨਿੱਜੀ ਜਾਇਦਾਦ ਬਣ ਗਏ ਹਨ ਇਥੇ ਗੁਰੂ ਘਰ ਵਾਲੀ ਕੋਈ ਗੱਲ ਨਹੀਂ ਰਹੀ, ਇਹਨਾਂ ਦੇ ਬੱਚੇ ਦਿੱਲੀ ਵੱਡੇ ਵੱਡੇ ਸਕੂਲਾਂ ਵਿਚ ਪੜ੍ਹਦੇ ਹਨ ਪਰ ਗਰੀਬਾਂ ਦੇ ਬੱਚਿਆਂ ਨੂੰ ਡੇਰਿਆਂ ਵਿਚ ਗੋਹਾ ਸੁੱਟਣ ਤੇ ਲਾ ਕੇ ਇਹ ਉਹਨਾਂ ਬੱਚਿਆਂ ਦੇ ਭਵਿੱਖ ਤਬਾਹ ਕਰ ਰਹੇ ਹਨ। ਇਹ ਦੂਜਿਆਂ ਨੂੰ ਸੇਵਾ ਕਰਨ ਵਾਸਤੇ ਨਾਨਕ ਸ਼ਾਹੀ ਟੋਕਰੀ ਢੋਵਾ ਕੇ ਸਵਰਗ ਦੀ ਪ੍ਰਾਪਤੀ ਦੇ ਸਰਟੀਫਿਕੇਟ ਵੰਡਦੇ ਹਨ ਪਰ ਇਹਨਾਂ ਅਤੇ ਇਹਨਾਂ ਦੇ ਬੱਚਿਆਂ ਨੇ ਹੱਥੀਂ ਕਦੇ ਵੀ ਕੋਈ ਸੇਵਾ ਨਹੀਂ ਕੀਤੀ। ਇਹਨਾਂ ਦੀ ਰਿਹਾਇਸ਼ ਅੰਮ੍ਰਿਤਸਰ ਹੈ ਰੋਜ ਚਾਰ ਗੱਡੀਆਂ ਅੰਮ੍ਰਿਤਸਰ ਆਉਣ ਜਾਣ ਤੇਲ ਖਾਂਦੀਆਂ ਹਨ ਤਿੰਨ ਗੱਡੀਆਂ ਪਹਿਲਾਂ ਆਉਂਦੀਆਂ ਹਨ ਚੌਥੀ ਮਗਰ ਰੋਟੀ

ਲੈ ਕੇ ਆਉਂਦੀ ਹੈ। ਸ਼ਾਇਦ ਡੇਰੇ ਦੀ ਰੋਟੀ ਇਹਨਾਂ ਨੂੰ ਮੁਆਫਕ ਨਾ ਹੋਵੇ ਇਕ ਗੱਡੀ ਸਪੈਸ਼ਲ ਇਹਨਾਂ ਦੀ ਰੋਟੀ ਲੈ ਕੇ ਰੋਜ਼ ਅੰਮ੍ਰਿਤਸਰੋਂ ਆਉਂਦੀ ਹੈ। ਇਹ ਕਿਹੜੀ ਸੇਵਾ ਹੈ ?

ਵੰਨ ਸੁਵੰਨੇ ਸ਼ੋਸ਼ੇ ਇਹਨਾਂ ਦੇ ਚੇਲੇ ਲੋਕਾਂ ਨੂੰ ਸੁਣਾਉਂਦੇ ਹਨ, ਇਕ ਵਾਰੀ ਇਹਨਾਂ ਦੇ ਸੰਗੀਆਂ ਨੇ ਕਿਸੇ ਵਿਆਹ ਤੇ ਬਕਰੇ ਵੱਢਣੇ ਸੀ ਤਾਂ ਬਾਬਾ ਚਰਨ ਸਿੰਘ ਨੇ ਰੋਕ ਦਿੱਤਾ ਕਿ ਬੱਕਰੇ ਵੱਢਣੇ ਪਾਪ ਹੈ ਇਹ ਨਹੀਂ ਕਰਨਾ ਤਾਂ ਉਹ ਬੱਕਰੇ ਇਹਨਾਂ ਆਨੰਦਪੁਰ ਸਾਹਿਬ ਡੇਰੇ ਭੇਜ ਦਿੱਤੇ। ਤਾਂ ਬਾਬਾ ਚਰਨ ਸਿੰਘ ਉਥੇ ਗਏ ਤਾਂ ਬੱਕਰੇ ਧੁੱਪੇ ਬੱਧੇ ਸੀ ਬਾਬੇ ਨੇ ਆਖਿਆ ਇਹ ਬੱਕਰੇ ਧੁੱਪੇ ਕਿਉਂ ਬੱਧੇ ਹਨ ਸੇਵਾਦਾਰ ਨੇ ਕਿਹਾ ਕਿ ਇਹਨਾਂ ਦਾ ਕਿਹੜਾ ਦੁੱਧ ਸੁਕ ਚੱਲਿਆ ਬਾਬੇ, ਨੇ ਕਿਹਾ ? ਜੇ ਇਹ ਗੱਲ ਹੈ ਤਾਂ ਇਹ ਬੱਕਰੇ ਦੁੱਧ ਦੇਣਗੇ। ਉਹਨਾਂ ਵਿਚੋਂ ਇਕ ਬੱਕਰਾ ਦੁੱਧ ਦੇਣ ਲੱਗ ਪਿਆ ਪਰ ਦੂਜੇ ਬੱਕਰੇ ਤੇ ਇਸ ਵਰ ਦਾ ਕੋਈ ਅਸਰ ਨਾ ਹੋਇਆ ਪਤਾ ਨਹੀਂ ਕਿਉਂ ਐਸ ਤਰ੍ਹਾਂ ਇਹਨਾਂ ਨੇ ਸਿੱਖੀ ਨੂੰ ਜਾਦੂ ਦਾ ਖੇਡ ਅਤੇ ਮਾਖੌਲ ਬਣਾਇਆ ਹੋਇਆ ਹੈ। ਅੱਜ ਤੱਕ ਇਕ ਵੀ ਸਾਧ ਬਚਨ ਕਰਕੇ ਸਿੱਖ ਕੌਮ ਦੀ ਏਕਤਾ ਨਹੀਂ ਕਰਾ ਸਕਿਆ। ਝੋਟੇ ਤੇ ਬੱਕਰੇ ਚੋਣ ਤੇ ਇਹਨਾਂ ਦਾ ਸਾਰਾ ਜੋਰ ਲੱਗੀ ਜਾ ਰਿਹਾ ਹੈ। ਇਹ ਮੱਥੇ ਟਿਕਾਉਣ ਅਤੇ ਸਿਰੋਪੇ ਲੈਣ ਦੇ ਵੀ ਬਹੁਤ ਸ਼ੌਕੀਨ ਹਨ। 1 ਜਨਵਰੀ 2006 ਨੂੰ ਮਨਾਈ ਬਰਸੀ ਤੇ ਇਹਨਾਂ ਵੱਲੋਂ ਕੀਤੀਆਂ ਮਨਮੱਤੀ ਕਾਰਵਾਈਆਂ ਪੁਸਤਕ ਦੇ ਅਗਲੇ ਭਾਗ ਵਿਚ ਦੇਵਾਂਗਾ।

ਸੰਤ ਬਾਬਾ ਬਲਕਾਰ ਸਿੰਘ ਰਾੜੇ ਵਾਲਾ

ਇਸ ਨਾਲ ਇਕ ਜਥੇਦਾਰ ਪਰਮਜੀਤ ਸਿੰਘ ਬਿੱਲਾ ਵੀ ਹੈ। ਇਸਦਾ ਡੇਰਾ ਫਤਹਿਗੜ੍ਹ ਪੰਜ ਗਰਾਈਆਂ ਸੰਗਰੂਰ ਮਲੇਰਕੋਟਲਾ ਹੈ। ਮੁੰਡੇ ਬਾਹਰ ਭੇਜਣ ਦੇ ਨਾਂ ਤੇ ਵੀ ਇਹ ਕਾਫੀ ਪੈਸਾ ਕਮਾ ਰਹੇ ਹਨ ਗੁਰਮਤਿ ਦੇ ਉਲਟ ਸੰਪਟ ਪਾਠ ਉਥੇ ਹੋ ਰਹੇ ਹਨ ਇਕ ਸੰਪਟ ਪਾਠ ਦਾ 18-20 ਹਜਾਰ ਰੁਪਏ ਲਏ ਜਾ ਰਹੇ ਹਨ ਗੁਰਮਤਿ ਦੇ ਉਲਟ ਇਹ ਜੰਤਰ ਮੰਤਰ ਪਾਣੀ ਕਰ ਕੇ ਵੀ ਦਿੰਦੇ ਹਨ ਇਹ ਦਾਵਾ ਕਰ ਰਿਹਾ ਹੈ ਕਿ ਇਸਦੇ ਕੋਲ ਕਾਲਾ ਇਲਮ ਵੀ ਹੈ। ਮੈਂ ਕਈ ਵਾਰ ਸੋਚਦਾ ਇਹ ਕਾਲਾ ਇਲਮ। ਇਲਮ ਮਤਲਬ ਗਿਆਨ, ਕਾਲਾ ਗਿਆਨ ਭਾਵ ਅੰਧ ਵਿਸ਼ਵਾਸ਼ ਹਾਂ ਇਹ ਅੰਧ ਵਿਸ਼ਵਾਸ਼ ਰੂਪੀ ਕਾਲਾ ਇਲਮ ਤਾਂ ਇਹਨਾਂ ਸਾਰੇ ਠੇਕੇਦਾਰਾਂ ਕੋਲ ਬੜਾ ਹੈ। **ਕਾਲਾ ਇਲਮ ਮਤਲਬ ਅੰਧ ਵਿਸ਼ਵਾਸ਼।** ਹੋਰ ਕੋਈ ਕਾਲਾ ਇਲਮ ਨਹੀਂ ਹੁੰਦਾ। ਕਦੇ ਚੱਕਰਾਂ ਵਿਚ ਨਾ ਪੈਣਾ। ਇਹ ਵੰਨ ਸੁਵੰਨੀਆ ਸਮੱਗਰੀਆਂ ਬਣਾ ਕੇ ਦਿੰਦਾ ਹੈ। ਖੁਆਜਾ ਪੀਰ ਦੀ ਗੱਲ ਵੀ ਕਰਦਾ ਹੈ। ਇੰਦਰ ਜਾਲ (ਭਰਮ ਜਾਲ) ਆਦਿ ਵਿਚ ਪਾ ਰਿਹਾ ਹੈ। ਗੁਰਮਤਿ ਦੇ ਉਲਟ, ਭੂਤਾਂ, ਪ੍ਰੇਤਾਂ ਦੇ ਗਰੰਥ ਵੀ ਉਥੇ ਰੱਖੇ ਹੋਏ ਹਨ। ਇਹ ਗੁਪਤ ਰੋਗਾਂ ਦਾ ਵੀ ਮਾਹਰ ਹੈ ਦਵਾਈ ਬੂਟੀ ਕਰਦਾ ਹੈ। ਭਾਈ ਅਜੀਤ ਸਿੰਘ ਨੂੰ ਉਥੋਂ ਕੱਢਿਆ ਗਿਆ ਫੋਟੋ ਲੈ ਲਈ ਅਤੇ ਕੋਰੇ ਕਾਗਜ ਤੇ

ਸਾਈਨ ਵੀ ਕਰਵਾਏ ਗਏ। ਇਹਨਾਂ ਡੇਰਿਆਂ ਵਿਚ ਭੁੱਕੀ ਡੋਡੇ ਵੀ ਚਲਦੇ ਹਨ। ਆਪ ਦੇਖੋ ਇਹ ਕਿਹੜੀ ਸਿੱਖੀ ਦੀ ਸੇਵਾ ਹੋ ਰਹੀ ਹੈ ?

ਭੁੱਖ ਦੇ ਦੁੱਖੋਂ ਗੁਰੂ ਨਾਨਕ ਦਾ ਰੂਪ ਬਣਿਆ 14 ਸਾਲ ਦਾ ਮੰਨਣਾ ਵਾਲਾ ਬਾਬਾ

ਕੁਝ ਚਿਰ ਪਹਿਲਾਂ ਮੁਆਮਲਾ ਸਾਹਮਣੇ ਆਇਆ ਇਕ 14 ਸਾਲ ਦਾ ਬੱਚਾ ਆਪਣੇ ਆਪ ਵਿਚ ਗੁਰੂ ਨਾਨਕ ਦੀ ਜੋਤ ਆਉਂਦੀ ਦੱਸ ਕੇ ਦੁਕਾਨਦਾਰੀ ਚਲਾਉਣ ਲੱਗ ਪਿਆ ਇਸ ਵਿਚ ਇਕ ਸ਼੍ਰੋਮਣੀ ਕਮੇਟੀ ਦੇ ਇੰਸਪੈਕਟਰ ਦਾ ਵੀ ਹੱਥ ਹੈ ਉਹ ਵੀ ਇਹੀ ਪ੍ਰਚਾਰ ਕਰਦੇ ਰਹੇ ਕਿ ਇਹ ਬਾਬਾ ਪੂਰਾ ਹੈ ਇਸਦੀਆਂ ਆਖੀਆਂ ਪੂਰੀਆਂ ਹੁੰਦੀਆਂ ਹਨ । 'ਉਲਟੀ ਵਾੜ ਖੇਤ ਕਉ ਖਾਈ' ਭਾਈ ਗੁਰਦਾਸ ਜੀ ਦਾ ਕਥਨ ਹੈ। ਇਹ ਬੱਚਾ ਕੋਰਾ ਅਨਪੜ੍ਹ ਹੈ ਇਸਦਾ ਪਿਤਾ ਬਾਬਾ ਬੁੱਢਾ ਸਾਹਿਬ ਫਰਸ਼ ਆਦਿ ਧੋਣ ਦੀ ਸੇਵਾ ਕਰਦਾ ਹੈ ਉਸਨੇ ਸੋਚਿਆਂ ਕਿ ਸੇਵਾ ਦਾ ਫਲ ਤਾਂ ਮਿਲਣਾ ਹੀ ਚਾਹੀਦਾ ਹੈ ਘਰੇ ਇਕ ਜੋਤ ਜਗਾ ਕੇ ਮੁੰਡਾ ਹੀ ਗੁਰੂ ਨਾਨਕ ਬਣਾ ਦਿੱਤਾ ਮੁੰਡੇ ਨੇ ਲੋਕਾਂ ਦੀਆਂ ਬਿਮਾਰੀਆਂ ਦੇ ਇਲਾਜ ਕਰਨੇ ਸ਼ੁਰੂ ਕਰ ਦਿਤੇ ਧਰਮ ਦੇ ਨਾਂ ਤੇ ਪਾਖੰਡ ਚੱਲ ਪਿਆ, ਲੱਗਾ ਲੋਕਾਂ ਦੇ ਝੂਠੇ ਮੁਕੱਦਮੇ ਜਿਤਾਉਣ, ਮੁੰਡੇ ਦੇਣ ਪਤਾ ਲੱਗਣ ਤੇ ਪੜਤਾਲ ਕੀਤੀ ਵਾਕਿਆ ਹੀ ਇਹ ਸਾਰਾ ਕੁਝ ਹੋ ਰਿਹਾ ਸੀ ਪਤਾ ਲੱਗਾ ਕਿ ਤੜਕੇ ਆਪਣੇ ਪਿਉ ਨਾਲ ਇਹ ਬੱਚਾ ਬਾਬਾ ਬੁੱਢਾ ਸਾਹਿਬ ਆ ਰਿਹਾ ਹੈ ਵੱਖ ਵੱਖ ਜਥੇਬੰਦੀਆਂ ਦੇ ਸਿੰਘ ਸਮੇਤ ਗਿਆਨੀ ਕੇਵਲ ਸਿੰਘ ਸਾਬਕਾ ਜਥੇਦਾਰ ਤੜਕਸਾਰ ਬਾਬਾ ਬੁੱਢਾ ਸਾਹਿਬ ਪੁੱਜ ਗਏ । ਪਰ ਇਹ ਬਾਬਾ ਉਥੇ ਨਾ ਆਇਆ ਇਸਦੇ ਪਿਤਾ ਨੇ ਦੱਸਿਆ ਕਿ ਉਸਦੀ ਸਿਹਤ ਠੀਕ ਨਹੀਂ ਹੈ ਉਹ ਪਿੰਡ ਹੀ ਹੈ ਉਥੇ ਪਿੰਡ ਦੇ ਗੁਰਦੁਆਰੇ ਪਹੁੰਚ ਗਏ ਉਥੇ ਇਸ ਬਾਬੇ ਨੂੰ ਬੁਲਾਇਆ ਗਿਆ। ਗੁਰੂ ਦੀ ਹਜ਼ੂਰੀ ਵਿਚ ਹੀ ਪੁੱਛਿਆ ਕਿ ਤੂੰ ਕਦੇ ਗੁਰੂ ਨਾਨਕ ਦੀ ਜੋਤ ਹੋਣ ਦੇ ਦਾਅਵੇ ਕਦੇ, 40 ਮੁਕਤਿਆਂ ਦੀ ਜੋਤ ਦੇ ਦਾਅਵੇ ਕਰਦਾ ਹੈ । 40 ਮੁਕਤਿਆਂ ਵਿਚੋਂ ਕਿਸੇ ਇਕ ਦਾ ਨਾਂ ਦੱਸ । ਕਹਿੰਦਾ ਮੈਨੂੰ ਨਹੀਂ ਪਤਾ । ਫਿਰ ਕਿਹਾ ਚਾਰ ਸਾਹਿਬਜ਼ਾਦਿਆਂ ਦੇ ਵਿਚੋਂ ਕਿਸੇ ਇਕ ਦਾ ਨਾਂ ਦੱਸੋ। ਕਹਿੰਦਾ ਮੈਨੂੰ ਨਹੀਂ ਪਤਾ। ਫਿਰ ਕਿਹਾ ਕਿ ਮੂਲ ਮੰਤਰ ਸੁਣਾ, ੳ, ਅ ਸੁਣਾ ਪਰ ਕੱਖ ਵੀ ਇਹਨੂੰ ਨਹੀਂ ਆਇਆ ਕਿਹਾ ਫਿਰ ਲੋਕਾਂ ਨੂੰ ਕੀ ਦੱਸੇਂਗਾ, ਤੈਨੂੰ ਆਪ ਨੂੰ ਕੁਝ ਵੀ ਪਤਾ ਨਹੀਂ ਹੈ । ਅਸੀਂ ਕਿਹਾ ਕੋਈ ਸ਼ਕਤੀ ਦਿਖਾ, ਕਹਿੰਦਾ, ਕੋਈ ਸ਼ਕਤੀ ਨਹੀਂ ਹੈ । ਬਾਂਹ ਤੇ ਹੱਥ ਮਾਰ ਕੇ ਕਹਿੰਦਾ ਸਿੱਖੀ ਨਹੀਂ ਛੱਡਣੀ ਅਸੀਂ ਕਿਹਾ ਉਹ ਤਾਂ ਸਾਨੂੰ ਪਤਾ ਹੀ ਹੈ ਬਾਬਾ ਵਾਧ ਸਿੱਖੀ ਦਾ ਵੈਰੀ ਹੈ ਇਹਨਾਂ ਨਹੀਂ ਛੱਡਣੀ ਪਰ ਅਸੀਂ ਸਾਧਾਂ ਦੇ ਇਹ ਪਾਖੰਡ ਨਹੀਂ ਚੱਲਣ ਦੇਵਾਂਗੇ । ਉਸ ਬਾਬੇ ਨੂੰ ਅਤੇ ਉਹਦੇ ਮਾਂ ਪਿਉ ਨੂੰ ਪਾਖੰਡ ਛੱਡਣ ਵਾਸਤੇ ਕਿਹਾ ਉਹਨਾਂ ਮੰਨ ਲਿਆ ਇਹ ਵੀ ਕਿਹਾ ਕਿ ਇਸ ਬੱਚੇ ਨੂੰ ਪੜਾਉ ਲਿਖਾਉ । ਉਹ ਮੰਨ ਗਏ ਇਸ ਤਰ੍ਹਾਂ ਇਹਨਾਂ ਧਾਰਮਿਕ ਜਥੇਬੰਦੀਆਂ ਗੁਰਮਤਿ

ਪ੍ਰਚਾਰ ਕੇਂਦਰ ਡੱਲ, ਸਿੱਖ ਮਿਸ਼ਨਰੀ ਕਾਲਜ, ਖਾਲਸਾ ਪੰਚਾਇਤ ਅਤੇ ਹੋਰ ਗੁਰਸਿੱਖ ਵੀਰਾਂ ਨੇ ਪਰਦਾ ਫਾਸ਼ ਕੀਤਾ। ਇਹ ਉਠ ਰਹੀ ਨਵੀਂ ਦੁਕਾਨਦਾਰੀ (ਪਾਖੰਡ ਦੀ ਦੁਕਾਨ) ਬੰਦ ਕਰਵਾਈ।

ਸੰਤ ਰਾਮ ਸਿੰਘ ਦਮਦਮੀ ਟਕਸਾਲ

ਇਹਨਾਂ ਨੂੰ ਕਈ ਵਾਰੀ ਪਹਿਲਾਂ ਕਥਾਵਾਚਕ ਦੇ ਰੂਪ ਵਿਚ ਸੁਣਿਆ ਸੀ ਇਕ ਵਾਰੀ ਮਹਿਤੇ ਸੰਤਾਂ ਦੀ ਬਰਸੀ ਤੇ ਮੈਂ ਖੁਦ ਕਥਾ ਸੁਣੀ। ਬਹੁਤ ਵੱਡੀ ਸਟੇਜ ਤੇ ਕਥਾ ਕਰਦਿਆਂ ਇਹਨਾਂ ਰਤਾ ਵੀ ਧਿਆਨ ਗੁਰੂ ਆਸ਼ੇ ਦਾ ਨਹੀ ਰੱਖਿਆ। ਗੁਰ ਬਚਨ "ਕਰਿ ਇਸ਼ਨਾਨ ਗ੍ਰਿਹਿ ਆਏ "॥ ਅਨਦ ਮੰਗਲ ਸੁਖ ਪਏ (ਪੰਨਾ ੬੨)॥" ਹੁਕਮਨਾਮੇ ਦੀ ਕਥਾ ਕਰਦਿਆਂ ਇਹ ਅਰਥ ਕੀਤੇ ਕਿ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਹਰੀਮੰਦਰ ਵਾਲੇ ਸਰੋਵਰ ਵਿਚੋਂ ਪਾਣੀ ਨਾਲ ਇਸ਼ਨਾਨ ਕਰਕੇ ਆਪਣੇ ਘਰ ਨੂੰ ਚਲੇ ਗਏ, ਉਹ ਕਿਹੜਾ ਸਰੋਵਰ ਹੈ ? ਕਿਹੜਾ ਇਸ਼ਨਾਨ ਹੈ ? ਮਨ ਦਾ ਇਸ਼ਨਾਨ ਹੋਰ ਹੈ, ਤਨ ਦਾ ਇਸ਼ਨਾਨ ਹੋਰ ਹੈ, ਇਹ ਖੋਲਣ ਦੀ ਇਹਨਾਂ ਰਤਾ ਵੀ ਕੋਸ਼ਿਸ਼ ਨਾਂ ਕੀਤੀ ਇਹ ਟਕਸਾਲੀ ਸੰਪਰਦਾਈ ਗਿਆਨੀ ਹੋਣ ਦੇ ਨਾਤੇ ਕਦੇ ਵੀ ਇਕ ਅਰਥ ਦੇ ਹਾਮੀ ਨਹੀਂ ਰਹੇ। ਇਹ ਗੁਰਬਾਣੀ ਵਿਆਕਰਣ ਨੂੰ ਲਾਂਭੇ ਕਰਕੇ ਇਕ ਇਕ ਸ਼ਬਦ ਦੇ ਕਈ ਕਈ ਅਰਥ ਵੀ ਕਰ ਰਹੇ ਹਨ ਅਤੇ ਇਕ ਇਕ ਸ਼ਬਦ ਦੇ ਕਈ ਕਈ ਉਚਾਰਣ ਵੀ ਇਹ ਕਰਦੇ ਹਨ। ਜੋ ਹੈਰਾਨੀ ਵਾਲੀ ਗੱਲ ਹੈ। ਕੁਝ ਚਿਰ ਪਹਿਲਾਂ ਅਖਬਾਰਾਂ ਵਿਚ ਆਪ ਨੇ ਸਭ ਕੁਝ ਪੜਿਆ ਹੈ ਪੱਗਾਂ ਦਾ ਰੌਲਾ ਪੈ ਗਿਆ, ਇਹ ਸੰਗਰਾਇ ਬੈਠ ਕੇ ਆਪਣੇ ਆਪ ਨੂੰ ਟਕਸਾਲੀ ਮੁਖੀ ਬਿਆਨ ਕਰ ਰਹੇ ਸਨ ਇਹਨਾਂ ਕੁਝ ਫੋਟੋਆਂ ਵੀ ਸਾਂਭ ਕੇ ਰੱਖੀਆਂ ਹੋਈਆਂ ਹਨ ਦੂਜੇ ਪਾਸੇ ਮਹਿਤੇ ਬੈਠਾ ਹਰਨਾਮ ਸਿੰਘ ਧੁੰਮਾਂ ਆਪਣੇ ਆਪ ਨੂੰ ਟਕਸਾਲ ਦਾ ਅਸਲੀ ਮੁਖੀ ਦੱਸਣ ਲੱਗਾ (ਇਸ ਬਾਰੇ ਪਿਛੇ ਖੁੱਲੀ ਵਿਚਾਰ ਹੋ ਚੁਕੀ ਹੈ)। ਪਰ ਹੈਰਾਨਗੀ ਹੋਈ ਕਿ ਵੱਡੇ ਵੱਡੇ ਸੰਤ ਬ੍ਰਹਮ ਗਿਆਨੀ ਕਹਾਉਣ ਵਾਲੇ ਕਦੇ ਮਹਿਤੇ ਪੱਗ ਬਨਾਉਣ ਗਏ, ਉਥੇ ਬੰਨ੍ਹ ਆਏ, ਉਥੋਂ ਗੱਡੀਆਂ ਭਜਾਈਆਂ, ਸੰਗਰਾਇ ਪੱਗ ਬੰਨ੍ਹ ਆਏ। ਇਕ ਤੀਜਾ ਹੋਰ ਕੋਈ ਫਿਰੋਜਪੁਰ ਵਾਲੇ ਪਾਸੇ ਦੱਸਦੇ ਹਨ ਉਹ ਕਹਿੰਦਾ ਮੈਂ ਵੀ ਦਾਅਵੇਦਾਰ ਹਾਂ। ਹਰ ਦਾਅਵੇਦਾਰ ਨੂੰ ਕੋਈ ਨਾ ਕੋਈ ਅਖੌਤੀ ਬ੍ਰਹਮਗਿਆਨੀ ਪੱਗ ਬੰਨ੍ਹਣ ਵਾਸਤੇ ਮਿਲ ਹੀ ਜਾਂਦਾ ਰਿਹਾ ਕਿਸੇ ਬ੍ਰਹਮਗਿਆਨੀ ਦੇ ਮੂੰਹੋਂ ਇਕ ਲਫਜ ਨਾ ਨਿਕਲਿਆ ਕਿ ਇਹ ਕੀ ਕਰ ਰਹੇ ਹੋ ? ਕੋਈ ਏਕਤਾ ਦੀ ਗੱਲ, ਸਮਝਣ ਸਮਝਾਉਣ ਵਾਲੀ ਗੱਲ, ਕਿਸੇ ਦੇ ਮੂੰਹੋਂ ਨਾ ਨਿਕਲੀ ਅਤੇ ਪੁਰਾਤਨ ਸਿੰਘਾਂ ਵਾਂਗ ਰਤਾ ਮਾਤਰ ਵੀ ਤਿਆਗ ਦੀ ਭਾਵਨਾ ਕਿਸੇ ਇਕ ਵਿਚ ਵੀ ਨਾ ਦੇਖੀ ਗਈ। ਡੇਰਿਆਂ ਦੀ ਜਾਇਦਾਦ ਵੰਡਣ ਦੇ ਝਗੜੇ ਕਦੇ ਧੱਕੇ ਨਾਲ ਕਿਸੇ ਨੇ ਕਬਜਾ ਕਰ ਲਿਆ, ਕਦੇ ਕਿਸੇ ਨੇ। ਥਾਣਿਆਂ ਵਿਚ ਰਪਟਾਂ ਲਿਖਾਈਆਂ ਕਿ ਸਾਡਾ ਇਹ ਸਮਾਨ ਇਹ ਸੰਤ ਚੋਰੀ ਲੈ ਗਿਆ ਹੈ। ਮੈਂ ਆਪ ਜਾ ਕੇ ਦੇਖਿਆਂ ਇਹਨਾਂ ਦੇ ਗੁਰਦੁਆਰਿਆਂ

ਵਿਚ ਪੰਜਾਬ ਪੁਲੀਸ ਦੀਆਂ ਗਾਰਦਾਂ ਲੱਗੀਆਂ ਹੋਈਆਂ ਸਨ। ਕੀ ਇਹ ਸਿੱਖੀ ਦਾ ਜਲੂਸ ਨਹੀਂ ਹੈ ? ਹੁਣ ਵੀ ਇਹਨਾਂ ਨੂੰ ਆਪੋ ਆਪਣੀ ਪਈ ਹੋਈ ਹੈ। "ਗੁਰੂ ਗਰੰਥ ਸਾਹਿਬ ਜੀ" ਦੀ ਸੋਚ ਵਿਚਾਰਧਾਰਾ ਦੁਨੀਆਂ ਦੇ ਕੋਨੇ ਕੋਨੇ ਤਕ ਫੈਲਾਉਣ ਵਾਸਤੇ ਗੁਰੂ ਪੰਥ ਦੀ ਆਨ ਸ਼ਾਨ ਉੱਚੀ ਅਤੇ ਸਿੱਖੀ ਦੀਆਂ ਕਦਰਾਂ ਕੀਮਤਾਂ ਦੀ ਬਹਾਲੀ ਵਾਸਤੇ ਇਹਨਾਂ ਦਾ ਰੋਲ ਸਿਫਰ ਦੇ ਬਰਾਬਰ ਹੈ।

ਸੰਤ ਜਗਜੀਤ ਸਿੰਘ ਹਰਖੋਵਾਲੀਆ ਸੁਲਤਾਨਪੁਰ

ਇਸਦਾ ਡੇਰਾ ਸੁਲਤਾਨਪੁਰ ਹੈ ਇਹਨਾਂ ਦੀ ਸੋਚ ਜਿਆਦਾ ਵੇਦਾਂਤ ਮੱਤ ਨਾਲ ਰਲਦੀ ਹੈ। ਕਥਾ ਕਹਾਣੀਆਂ ਵੀ ਜਿਆਦਾ ਉਹੋ ਹੀ ਸੁਣਾਉਂਦੇ ਹਨ। ਸਾਧ ਮੱਤ ਦਾ ਇਹਨਾਂ ਉਪਰ ਬਹੁਤ ਪ੍ਰਭਾਵ ਹੈ। ਸਿੱਖ ਕੌਮ ਅੰਦਰ 300 ਸਾਲ ਤੱਕ ਗੁਰੂ ਨਾਲ ਰਹੇ ਸਾਰੇ ਸਿੰਘ 'ਭਾਈ' ਸਨ ਬੜੀ ਬੜੀ ਅਵਸਥਾ ਰੱਖਦੇ ਸਨ ਪਰ ਕਿਸੇ ਇਕ ਨੇ ਵੀ ਆਪਣੇ ਨਾਂ ਨਾਲ ਸੰਤ ਨਹੀਂ ਲਗਾਇਆ ਪਰ ਇਹ ਕਹਿ ਰਹੇ ਹਨ ਕਿ ਹਿੰਦੂ ਗਰੰਥਾਂ ਵਿਚ ਵੀ ਸੰਤ ਲਿਖੇ ਹੋਏ ਹਨ ਕੀ ਇਹ ਹਿੰਦੂ ਮੱਤ ਦੇ ? ਪ੍ਰਚਾਰਕ ਹਨ ਕਿ ਸਿੱਖ ਮੱਤ ਦੇ ਹਿੰਦੂ ਜਗਤ ਤਾਂ 33 ਕਰੋੜ ਦੇਵਤੇ ਦੇ ਵੀ ਚੱਕਰ ਵਿਚ ਪਿਆ ਹੋਇਆ ਹੈ। ਇਸ ਸਾਧ ਬਾਰੇ ਜਾਨਣ ਵਾਸਤੇ ਪੁਸਤਕ ਦੇ ਚੌਥੇ ਭਾਗ ਦੀ ਉਡੀਕ ਕਰੋ।

ਸੰਤ ਰਤਨ ਸਿੰਘ ਦਿਆਲਪੁਰ ਗਉਸਰ ਵਾਲਾ

ਇਸਦਾ ਡੇਰਾ ਦਿਆਲਪੁਰ ਹੈ ਗਊ ਸਰ ਬਹੁਤ ਵੱਡਾ ਗੁਰਦੁਆਰਾ ਹੈ ਕਿਸੇ ਨੇ ਪੁਛਿਆ ਇਸ ਗੁਰਦੁਆਰੇ ਦਾ ਇਤਿਹਾਸ ਕੀ ਹੈ ? ਤਾਂ ਉੱਤਰ ਮਿਲਿਆ ਕਿ ਇਥੇ ਗਾਂ ਨੇ ਨਲਕਾ ਗੇੜ ਕੇ ਪਾਣੀ ਪੀਤਾ ਸੀ। ਦੱਸਦੇ ਹਨ ਕਿ ਇਸ ਡੇਰੇ ਵਿਚ ਭੰਗਾਂ ਪੋਸਤ ਬਹੁਤ ਖਾਧੇ ਅਤੇ ਖੁਆਏ ਜਾਂਦੇ ਹਨ। ਦੇਖੋ ਕੀ ਕੁਝ ਇਹ ਡੇਰੇ ਦਾਰ ਸਿੱਖ ਕੌਮ ਅੰਦਰ ਕਰ ਰਹੇ ਹਨ ? ਇਸਦਾ ਵਿਸਥਾਰ ਵੀ ਚੌਥੇ ਭਾਗ ਵਿੱਚ ਕਰਾਂਗੇ।

ਸੰਤ ਜੋਗਾ ਸਿੰਘ ਭਲਵਾਨ ਕੇ ਦਰਾਜ ਕੇ

ਇਸਦਾ ਡੇਰਾ ਦਰਾਜਕੇ ਪਿੰਡ ਵਿੱਚ ਹੈ। ਕਾਫੀ ਡੰਗਰ ਵੱਛਾ ਰੱਖਿਆ ਹੈ ਹਿੰਦੂ ਮੱਤ ਵਾਲੀਆਂ ਅਖੰਡ ਪਾਠਾਂ ਦੀਆਂ ਲੜੀਆਂ ਮੰਤਰ ਰੂਪ ਵਿਚ ਪਾਠ ਇਥੇ ਕਰਦੇ ਰਹਿੰਦੇ ਹਨ ਇਕ ਵਾਰੀ ਇਥੇ ਬਹੁਤ ਜਿਆਦਾ ਅਖੰਡ ਪਾਠ ਰੱਖੇ ਹੋਏ ਸੀ ਸਾਡੇ ਭਾਈ ਅਮਰ ਸਿੰਘ ਵੀ ਇਥੇ ਅਖੰਡ ਪਾਠੀ ਲੱਗੇ ਹੋਏ ਸੀ ਇਹਨਾਂ ਦਾ ਪਾਠ ਕੁਝ ਲੇਟ ਹੋ ਗਿਆ ਇਕ ਸੇਵਾਦਾਰ ਜੋ ਪਾਠ ਦੇਖ ਰਿਹਾ ਸੀ ਜਦੋਂ ਉਹਨੇ ਦੇਖਿਆ ਇਹ ਪਾਠ ਲੇਟ ਹੈ ਤਾਂ ਇਕ ਦਮ ਉਹਨੇ ਸੇਵਾਦਾਰ ਨੇ ਕਾਫੀ ਅੰਗ ਪੱਤਰੇ ਇਕੱਠੇ ਚੁੱਕ ਕੇ ਥੱਲ ਦਿਤੇ। ਕੀ ਇਹ ਡੇਰੇਦਾਰ ਬਾਬੇ ਦੱਸਣਗੇ ਕਿ ਇਹ ਐਸੇ ਪਾਠਾਂ ਵਿਚੋਂ ਕੀ ਖੱਟਣਗੇ ਅਤੇ ਗੁਰਬਾਣੀ ਪ੍ਰਤੀ ਇਹਨਾਂ ਦੀ ਸ਼ਰਧਾ ਭਾਵਨਾ ਕਿਹੋ ਜਿਹੀ

ਹੈ। ਬਾਕੀ ਫੇਰ ਲਿਖਾਂਗਾ।

ਬਾਬਾ ਗੁਰਮੁਖ ਸਿੰਘ ਸੋਂਸਪੁਰ (ਜੋਤੀ ਸ਼ਾਹ ਸਭਰਾ)

ਇਸ ਬਾਬੇ ਦੀ ਕਹਾਣੀ ਵੀ ਬੜੀ ਅਜੀਬ ਹੈ ਇਸ ਬਾਰੇ ਪਤਾ ਲੱਗਾ ਹੈ ਕਿ ਇਹ ਕੁਝ ਸਮਾਂ ਰਾੜੇ ਵਾਲਿਆਂ ਨਾਲ ਅਤੇ ਕੁਝ ਸਮਾਂ ਟਕਸਾਲ ਨਾਲ ਰਿਹਾ ਹੈ ਕਰਮਕਾਂਡੀ ਬਹੁਤ ਹੈ ਕਿਉਂਕਿ ਟਕਸਾਲ ਦਾ ਪ੍ਰਭਾਵ ਹੈ। ਇਸ ਨੂੰ ਪਿੰਡ ਭੱਗੂਪੁਰਾ ਦੇ ਕੁਝ ਵਿਅਕਤੀ ਲਿਆਏ ਕਿ ਆਪਾ ਰਲ ਕੇ ਕਾਰੋਬਾਰ ਸ਼ੁਰੂ ਕਰੀਏ ਵਿਉਂਤ ਬਣਾਈ ਗਈ ਕਿ ਜੋਤੀਸ਼ਾਹ ਨੇੜੇ ਸਭਰਾ, ਇੱਕੋ ਜਗ੍ਹਾ ਹੈ ਜਿਥੇ ਆਪਾ ਡੇਰਾ ਬਣਾਈਏ ਇਹਨਾਂ ਨੇ ਪਹਿਲਾਂ ਗੱਲ ਟੁਕ ਲਈ ਕੇ ਜੇ ਕੰਮ ਚਲ ਜਾਵੇ ਤਾਂ ਪੈਸੇ ਅੱਧੋ ਅੱਧੀ ਹੋਣਗੇ ਬਾਬਾ ਮੰਨ ਗਿਆ ਬਣੀ ਸਕੀਮ ਮੁਤਾਬਿਕ ਇਹ ਆ ਗਿਆ ਅੰਤ ਉਸ ਜਗਾ ਤੇ ਭੋਰਾ ਪੁੱਟ ਕੇ ਵਿਚ ਬੈਠ ਗਿਆ ਦਿਨੇ ਭੋਰੇ ਵਿਚ ਰਹਿੰਦਾ ਸੀ ਰਾਤ ਜਿਹੜੇ ਵਿਅਕਤੀ ਲਿਆਏ ਸੀ ਉਹਨਾਂ ਦੇ ਘਰ ਰਹਿੰਦਾ ਸੀ ਉਹਨਾਂ ਵਿਅਕਤੀਆਂ ਨੇ ਇਸ ਦੇ ਬਾਰੇ ਪ੍ਰਚਾਰ ਕਰਨਾ ਸ਼ੁਰੂ ਕਰ ਦਿਤਾ ਕਿ ਇਕ ਬੜੇ ਪਹੁੰਚੇ ਹੋਏ ਮਹਾਂਪੁਰਸ਼ ਆਏ ਹਨ ਜੋ ਕਾਫੀ ਦਿਨਾਂ ਦੇ ਭੋਰੇ ਚਿ ਬੈਠੇ ਹਨ। ਕੁਝ ਖਾਂਦੇ ਪੀਂਦੇ ਨਹੀਂ ਉਹਨਾਂ ਨੇ ਫਲਾਣੇ ਦਿਨ ਬਾਹਰ ਅਉਣਾ ਹੈ ਅਤੇ ਬਚਨ ਕਰਨੇ ਹਨ ਸਾਰੇ ਸ਼ਰਧਾਲੂ ਉਸ ਦਿਨ ਦੀ ਉਡੀਕ ਵਿਚ ਸਨ, ਜਿਸ ਦਿਨ ਬਾਬਾ ਜੀ ਨੇ ਬਾਹਰ ਆਉਣਾ ਸੀ। ਆਖਰ ਉਹ ਦਿਨ ਆਇਆ ਬਾਬਾ ਜੀ ਭੋਰੇ ਵਿਚੋਂ ਬਾਹਰ ਨਿਕਲੇ ਸੰਗਤਾਂ ਨਾਲ ਬਚਨ ਕਰਨੇ ਸ਼ੁਰੂ ਕਰ ਦਿਤੇਕਿ ਭਾਈ ਸਾਨੂੰ ਜਗ੍ਹਾ ਵਾਲੇ ਫਕੀਰ ਲੈ ਕੇ ਆਏ ਹਨ ਜਿਨ੍ਹਾ ਦਾ ਨਾਮ ਕਾਂਸੀ ਰਾਮ ਹੈ ਅਸੀਂ ਹੁਣ ਇਸ ਅਸਥਾਨ ਦੀ ਸੇਵਾ ਕਰਾਂਗੇ ਤੁਹਾਡਾ ਸਹਿਯੋਗ ਚਾਹੀਦਾ ਹੈ ਉਸੇ ਵੇਲੇ ਸ਼ਰਧਾਲੂ ਮੱਥਾ ਟੇਕਣ ਲੱਗ ਪਏ ਤੇ ਬਾਬਾ ਜੀ ਨੇ ਕਲਪਣਾ ਦਾ ਕਾਂਸੀ ਰਾਮ ਪ੍ਰਗਟ ਕਰ ਦਿੱਤਾ। ਫਿਰ ਇਸ ਨੇ ਕੁਝ ਚਿਮਟਿਆਂ ਵਾਲੇ ਲਏ ਪਿੰਡਾਂ ਵਿਚ ਧਾਰਨਾ ਨਾਲ ਸ਼ਬਦ ਪੜ੍ਹਕੇ ਕੀਰਤਨ ਸ਼ੁਰੂ ਕਰ ਦਿਤਾ ਹੌਲੀ ਹੌਲੀ ਕਾਫੀ ਸ਼ਰਧਾਲੂ ਬਣ ਗਏ ਬਾਬਾ ਜੀ ਨੂੰ ਚੜ੍ਹਾਵਾ ਵੀ ਚੜ੍ਹਨ ਲੱਗ ਪਿਆ। ਪਹਿਲਾਂ ਪਹਿਲਾਂ ਇਹ ਮਾਇਆ ਅੱਧੋ ਅੱਧੀ ਹੁੰਦੀ ਰਹੀ ਪਰ ਸਿਆਣੇ ਕਹਿੰਦੇ ਹਨ ਕੇ ਮਾਇਆ ਦਾ ਮੋਹ ਸਕੇ ਭਰਾਵਾਂ ਵਿਚ ਵੀ ਦੁਫਾੜ ਪਾ ਦਿੰਦਾ ਹੈ ਇਹ ਕੁਝ ਇਹਨਾਂ ਨਾਲ ਹੋਇਆ ਹੁਣ ਬਾਬਾ ਜੀ ਇਕੱਲੇ ਹੀ ਸਾਰੇ ਪੈਸੇ ਰੱਖ ਲੈਂਦੇ, ਆਖਰ ਫੁੱਟ ਪੈ ਗਈ, ਜਿਹੜੇ ਵਿਅਕਤੀ ਲੈ ਕੇ ਆਏ ਉਹਨਾਂ ਨੇ ਹੀ ਧੱਕੇ ਮਾਰ ਕੇ ਕੱਢ ਦਿੱਤਾ। ਫਿਰ ਇਸ ਨੇ ਇਕ ਜੋਤੀ ਸ਼ਾਹ ਦਾ ਪ੍ਰੇਮੀ ਲਿਆ ਜਿਸ ਦਾ ਵਿਆਹ ਨਹੀਂ ਸੀ ਹੋਇਆ ਉਮਰ ਕਾਫੀ ਹੋ ਗਈ ਸੀ ਉਸ ਨੂੰ ਲਾਲਚ ਦੇ ਕੇ ਅੱਧਾ ਕਿਲਾ ਜ਼ਮੀਨ ਆਪਣੇ ਨਾਂ ਕਰਵਾ ਲਈ ਅਤੇ ਕਾਂਸੀ ਰਾਮ ਤੋਂ ਤਕਰੀਬਨ 10 ਕਿਲੇ ਹਟ ਕੇ ਨਾਨਕਪੁਰੀ ਡੇਰਾ ਦਾ ਨਾਮ ਰੱਖ ਲਿਆ ਉਥੇ "ਗੁਰੂ ਗ੍ਰੰਥ ਸਾਹਿਬ ਜੀ" ਪ੍ਰਕਾਸ਼ ਕਰ ਲਿਆ ਅਤੇ ਨਿਸ਼ਾਨ ਸਾਹਿਬ ਲਾ ਲਿਆ ਪਰ ਕੰਮ ਪੂਰਾ ਚੱਲਿਆ ਨਾ। ਆਖਰ ਇਸ ਨੂੰ ਇਕ ਬੀਬੀ ਨੇ ਸਲਾਹ ਦਿੱਤੀ

ਕਿ ਆਪਾਂ ਬੰਦੇ ਬਾਹਰ ਨੂੰ ਭੇਜਣ ਦੇ ਬਹਾਨੇ ਪੈਸੇ ਇਕੱਠੇ ਕਰ ਸਕਦੇ ਹਾਂ ਇਹਨਾਂ ਨੇ ਫਿਰ ਸਾਂਝਾ ਕੰਮ ਕਰ ਲਿਆ ਕੁਝ ਸ਼ਰਧਾਲੂਆਂ ਨੂੰ ਕਿਹਾ ਕਿ ਜੇ ਤੁਸੀਂ ਬਾਹਰ ਜਾਣਾ ਚਾਹੁੰਦੇ ਹੋ ਤਾਂ ਸਾਡੇ ਕੋਲ ਇਕ ਬੀਬੀ ਜੀ ਹਨ ਜੋ ਪੈਸੇ ਲੈ ਕੇ ਬੰਦੇ ਬਾਹਰ ਭੇਜਦੇ ਹਨ ਲੋਕ ਤਾਂ ਬਾਹਰ ਦੇ ਨਾਂ ਤੇ ਜਮੀਨਾਂ ਵੇਚਣ ਨੂੰ ਤਿਆਰ ਹੋ ਜਾਂਦੇ ਨੇ ਭਾਵੇਂ ਰਾਹ ਵਿਚ ਹੀ ਫਸੇ ਰਹਿਣ। ਆਖਰ ਕੁਝ ਸ਼ਰਧਾਲੂਆਂ ਨੇ ਪੈਸੇ ਦੇ ਦਿਤੇ ਜਿਹਨਾਂ ਪੈਸਿਆਂ ਨਾਲ ਸੰਤ ਜੀ ਹੋਣਾ ਨੇ ਸਕਾਰ ਪੀਓ ਗੱਡੀ ਨਵੀਂ ਕਢਾ ਲਈ ਅਤੇ ਵੱਡੇ ਸੰਤ ਬਣ ਗਏ ਪਰ ਕੁਦਰਤ ਨੇ ਕੁਝ ਹੋਰ ਹੀ ਕਰ ਵਿਖਾਇਆ ਸੰਤਾ ਜੀ ਵੱਡੇ ਬਣਦੇ ਬਣਦੇ ਛੋਟੇ ਵੀ ਨਾ ਰਹੇ ਕਿਉਂਕਿ ਜਿਹਨਾਂ ਤੋਂ ਪੈਸੇ ਲਏ ਸੀ ਉਹ ਬਾਹਰ ਨਹੀਂ ਗਏ ਉਹਨਾਂ ਨਾਲ ਧੋਖਾ ਹੋਇਆ ਸੀ ਆਖਰ ਉਹ ਸਾਰੇ ਇਕੱਠੇ ਹੋਏ ਤਾਂ ਬਾਬਾ ਜੀ ਨੂੰ ਕਹਿਣ ਲੱਗੇ ਜਾਂ ਸਾਨੂੰ ਬਾਹਰ ਭੇਜੋ ਜਾਂ ਪੈਸੇ ਦੇਵੋ ਹੁਣ ਪੈਸੇ ਕਿਥੋਂ ਆਉਣ ਕਿਉਂਕਿ ਉਹਨਾਂ ਪੈਸਿਆਂ ਦੀ ਤਾਂ ਗੱਡੀ ਆ ਚੁਕੀ ਸੀ ਕੁਝ ਪੈਸੇ ਬੀਬੀ ਜੀ ਲੈ ਕੇ ਫਰਾਰ ਹੋ ਗਏ। ਪਰ ਬਿਪਤਾ ਪੈ ਗਈ ਬਾਬੇ ਦੇ ਗਲ। ਜਿਸਨੂੰ ਪੈਸੇ ਦਿਤੇ ਸੀ ਆਖਰ ਬਾਬੇ ਨੂੰ ਡੇਰੇ ਵਿਚੋਂ ਭੱਜਣ ਤੋਂ ਬਿਨਾਂ ਹੋਰ ਕੋਈ ਰਾਹ ਨਾ ਲੱਭਾ ਜਿਹੜਾ ਨਿਗੁਰੇ ਦੇ ਹੱਥੋਂ ਪਾਣੀ ਨਹੀਂ ਸੀ ਪੀਂਦਾ ਉਸ ਨੂੰ ਸਮੈਕੀਆਂ ਦੇ ਘਰੋਂ ਰੋਟੀ ਪਾਣੀ ਖਾਣਾ ਪਿਆ ਸੰਤ ਦਾ ਸੁਪਨਾ ਉਸਦਾ ਪੂਰਾ ਨਾ ਹੋਇਆ ਕਿਉਂਕਿ ਝੂਠ, ਠੱਗੀਆਂ, ਹੇਰਾ ਫੇਰੀਆਂ ਇਹ ਬਹੁਤਾ ਸਮਾਂ ਨਹੀਂ ਚਲਦੀਆਂ ਕਈ ਵਾਰ ਮਨੁੱਖ ਆਪੇ ਜਾਲ ਬੁਣ ਕੇ ਆਪ ਹੀ ਫਸ ਜਾਂਦਾ ਹੈ ਇਹੀ ਹਾਲ ਹੋਇਆ ਬਾਬਾ ਗੁਰਮੁਖ ਸਿੰਘ ਦਾ। ਅਸੀਂ ਤਾਂ ਹੁਣ ਵੀ ਸੁਝਾ ਦੇਵਾਂਗੇ ਕੇ ਵੀ ਸਮਝਣ ਦੀ ਲੋੜ ਹੈ ਆਖਰ ਸੱਚ ਦੀ ਜਿੱਤ ਹੋਣੀ ਹੈ ਇਹ ਝੂਠ ਫਰੇਬ ਹੁਣ ਬਹੁਤਾ ਸਮਾਂ ਨਹੀਂ ਚਲਣੇ ਕਿਉਂਕਿ ਸਿੱਖ ਕੌਮ ਹੁਣ ਸੁਚੇਤ ਹੋ ਰਹੀ ਹੈ ਇਹਨਾਂ ਸਾਧਾਂ ਤੋਂ ਜੁਆਬ ਮੰਗਣ ਲਈ ਕੁਝ ਵੀਰ ਮੈਦਾਨ ਵਿਚ ਨਿਤਰੇ ਹਨ।

ਬਾਬਾ ਗੁਰਬਚਨ ਸਿੰਘ ਦਸਮੇਸ਼ ਪ੍ਰਵਾਰ ਅੰਮ੍ਰਿਤਸਰ ਵਾਲਾ

ਇਹ ਸਾਧ ਕਿੱਤੇ ਵਜੋਂ ਵੈਟਨਰੀ ਡਾਕਟਰ ਹੈ ਇਸ ਨੇ ਸ਼ੁਰੂ ਸ਼ੁਰੂ ਵਿਚ ਅਮਰਕੋਟ (ਤਹਿਸੀਲ ਪੱਟੀ) ਵਿਖੇ ਆਇਆ ਤਾਂ ਇਸ ਨੇ ਇਥੇ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਬਣਾਈ ਅਤੇ ਘਰਾਂ ਵਿਚ ਸੁਖਮਨੀ ਸਾਹਿਬ ਪਾਠ ਸ਼ੁਰੂ ਕੀਤੇ ਫਿਰ ਹੌਲੀ ਹੌਲੀ ਸੁਖਮਨੀ ਸਾਹਿਬ ਦੇ ਪਾਠਾਂ ਦੀ ਲੜੀ ਸ਼ੁਰੂ ਕਰ ਦਿਤੀ ਅਤੇ ਸੰਗਤਾਂ ਨੂੰ ਹੌਲੀ ਹੌਲੀ ਮਗਰ ਲਾਉਣ ਲਈ ਉਪਰਾਲੇ ਸ਼ੁਰੂ ਕਰ ਦਿਤੇ ਇਥੇ ਪੂਰੀ ਕਾਮਯਾਬੀ ਨਾ ਹੁੰਦੀ ਵੇਖ ਕੇ ਇਹ ਅੰਮ੍ਰਿਤਸਰ ਕਰਾਏ ਤੇ ਮਕਾਨ ਲੈ ਕੇ ਰਹਿਣ ਲੱਗ ਪਿਆ ਉਥੇ ਵੀ ਸੁਖਮਨੀ ਸਾਹਿਬ ਦੇ ਪਾਠਾਂ ਦੀ ਲੜੀ ਅਰੰਭ ਕਰ ਦਿਤੀ ਅਤੇ ਕਿਹਾ ਕੇ ਇਹ ਸਰਬੱਤ ਦੇ ਭਲੇ ਲਈ ਹਨ। ਇਥੇ ਰਹਿੰਦਿਆਂ ਇਹ ਗਿਰਵਾਲੀ ਵਾਲੇ ਇਕ ਸਾਧ ਕੋਲ ਜਾਣ ਲੱਗ ਪਿਆ ਜਿਸ ਕੋਲੋਂ ਇਸ ਨੇ ਕੁਝ ਢੰਗ ਤਰੀਕੇ ਸਿੱਖ ਲਏ ਸੰਗਤਾਂ ਨੂੰ ਮਗਰ ਲਾਉਣ ਦੇ ਫਿਰ ਇਸ ਨੇ ਆਪਣਾ ਮਕਾਨ ਬਣਾ ਲਿਆ ਬਾਬੇ ਸ਼ਹੀਦਾਂ

ਵਿਖੇ ਅੱਜ ਵੀ ਉਥੇ ਹੀ ਰਹਿੰਦਾ ਹੈ ਇਸ ਨੇ ਘਰ ਵਿਚ "ਗੁਰੂ ਗ੍ਰੰਥ ਸਾਹਿਬ" ਜੀ ਦਾ ਪ੍ਰਕਾਸ਼ ਕਰ ਲਿਆ ਅਤੇ ਅਖੰਡ ਪਾਠਾਂ ਦੀ ਲੜੀ ਅਰੰਭ ਕਰ ਦਿਤੀ ਅਤੇ ਸੰਗਤਾਂ ਨੂੰ ਕਿਹਾ ਕਿ ਇਹ ਲੜੀ ਸਰਬੱਤ ਦੇ ਭਲੇ ਲਈ ਹੈ ਇਸ ਕਰਕੇ ਆਪਣਾ ਯੋਗਦਾਨ ਪਾਓ। ਇਥੇ ਇਸਨੂੰ ਕਾਫੀ ਸ਼ਰਧਾਲੂ ਮਿਲ ਗਏ ਜਿਹੜੇ ਫਰੀ ਪਾਠ ਕਰਦੇ ਸਨ ਕੁਝ ਪਾਠੀ ਪੈਸੇ ਵੀ ਲੈਂਦੇ ਸੀ ਤੇ ਕਈਆਂ ਨੂੰ ਇਸ ਨੇ ਇਸ ਲਾਲਚ ਤੇ ਰੱਖਿਆ ਸੀ ਕੇ ਮੈਂ ਤੁਹਾਨੂੰ ਸ਼੍ਰੋਮਣੀ ਕਮੇਟੀ ਵਿਚ ਲਵਾ ਦੇਵਾਂਗਾ ਕਿਉਂਕਿ ਇਸ ਦਾ ਕੁੜਮ ਸ਼੍ਰੋਮਣੀ ਕਮੇਟੀ ਵਿਚ ਚੰਗੀ ਪੋਸਟ ਤੇ ਸੀ। ਅਖੰਡ ਪਾਠ ਲਈ ਸ਼ਰਧਾਲੂ ਪੈਸੇ ਜਮ੍ਹਾ ਕਰਵਾਉਂਦੇ ਰਹੇ ਪਰ ਪਤਾ ਲੱਗਾ ਹੈ ਕਿ ਉਹ ਅਖੰਡ ਪਾਠ ਇਹ ਨਾਨਕਸਰ ਤੋਂ ਲੈ ਕੇ ਆਉਂਦਾ ਸੀ ਉਨ੍ਹਾਂ ਕੋਲੋਂ ਵੀ ਭੇਟਾ ਲੈਂਦਾ ਸੀ। ਰਲ ਕੇ ਕਮਾਈ ਕਰਦੇ ਸਨ। ਪੂਰੀ ਜਾਣਕਾਰੀ ਪੁਸਤਕ ਦੇ ਚੌਥੇ ਬਾਗ ਵਿਚ ਦੇਵਾਂਗੇ। ਫਿਰ ਇਸ ਨੇ ਅੰਮ੍ਰਿਤ ਸੰਚਾਰ ਦੀ ਲਹਿਰ ਸ਼ੁਰੂ ਕੀਤੀ ਘਰ-ਘਰ ਜਾ ਕੇ ਬੇਨਤੀ ਕਰਨੀ ਕਿ ਭਾਈ ਗੁਰੂ ਵਾਲੇ ਬਣੋ ਕਈ ਥਾਂਈਂ ਧੱਕੇ ਨਾਲ ਵੀ ਸੰਗਤਾਂ ਨੂੰ ਤਿਆਰ ਕਰਦੇ ਰਹੇ ਸਨ। ਇਹ ਅੰਮ੍ਰਿਤ ਸੰਚਾਰ ਅਜਨਾਲਾ ਤਹਿਸੀਲ ਵਿਚ ਹੋਇਆ ਸੀ। ਇਸ ਦੀ ਡਾਕਟਰ ਰਤਨ ਸਿੰਘ ਅਜਨਾਲਾ ਨਾਲ ਵੀ ਲਗਦੀ ਸੀ। ਇਸਦੇ ਮਨ ਵਿਚ ਸੀ ਕਿ ਮੈਂ ਮੁੱਖ ਮੰਤਰੀ ਬਾਦਲ ਨੂੰ ਆਪਣੇ ਘਰ ਵਿਚ ਸੱਦਣਾ ਹੈ ਪਰ ਤਰੀਕਾ ਇਹੋ ਜਿਹਾ ਹੋਏ ਕਿ ਬਾਦਲ ਆਪ ਚੱਲ ਕੇ ਆਵੇ ਤਾਂ ਇਸ ਨੇ ਅੰਮ੍ਰਿਤ ਸੰਚਾਰ ਦੀ ਲਹਿਰ ਰਾਹੀਂ ਸੰਗਤਾਂ ਤੱਕ ਪਹੁੰਚ ਕੀਤੀ ਆਖਰ ਇਸ ਦਾ ਪਾਜ ਉਦੋਂ ਉਘੜਿਆ ਜਦੋਂ ਇਸ ਨੇ ਪੰਜ ਪਿਆਰਿਆਂ ਦੇ ਮੁਖੀ ਨੂੰ ਕਿਹਾ ਕੇ ਭਾਈ ਉਹ ਦਿਨ ਦੂਰ ਨਹੀਂ ਜਿਸ ਦਿਨ ਆਪਾ ਅਜਨਾਲਾ ਤਹਿਸੀਲ ਦੇ ਸਾਰੇ ਪਿੰਡਾਂ ਵਿਚ ਪਹੁੰਚ ਕਰ ਲਈ ਤਾਂ ਮੁੱਖ ਮੰਤਰੀ ਬਾਦਲ ਆਪਣੇ ਘਰ ਆਪ ਚੱਲ ਕੇ ਆਏਗਾ। ਇਸ ਨੂੰ ਕਹਿੰਦੇ ਹਨ (ਮਨ ਹੋਰ ਮੁਖ ਹੋਰ) ਇਹ ਸਾਧ ਬਾਹਰੋਂ ਤਾਂ ਇਸ ਤਰ੍ਹਾਂ ਲਗਦਾ ਹੈ ਜਿਵੇਂ ਸਿੱਖੀ ਦਾ ਬੜਾ ਦਰਦ ਰੱਖਦਾ ਹੋਵੇ ਪਰ ਅੰਦਰ ਤਾਂ ਰਾਜਨੀਤਕ ਲੋਕਾਂ ਦੀ ਖੁਸ਼ੀ ਲੈਣ ਲਈ ਮਨ ਉਬਾਲੇ ਖਾ ਰਿਹਾ ਹੈ ਕੀ ਇਹ ਸਾਧ ਅੰਮ੍ਰਿਤ ਸੰਚਾਰ ਰਾਹੀਂ ਸੰਗਤਾਂ ਨੂੰ ਗੁਰੂ ਦੇ ਲੜ ਲਾ ਕੇ ਗੁਰੂ ਦੀ ਖੁਸ਼ੀ ਚਾਹੁੰਦਾ ਸੀ ਜਾਂ ਝੂਠੇ ਮੰਤਰੀਆਂ ਦੀ ? ਇਥੋਂ ਪਾਠਕ ਆਪ ਅੰਦਾਜਾ ਲਾ ਸਕਦੇ ਹਨ ਇਹਨਾਂ ਸਾਧਾਂ ਦੇ ਧਾਰਮਿਕ ਕੰਮਾਂ ਦਾ ਇਹ ਸਾਧ ਤੇ ਇਸ ਦੇ ਚੇਲੇ ਇਕ ਪਿੰਡ ਵਿਚ ਅੰਮ੍ਰਿਤ ਬਾਰੇ ਕਹਿਣ ਗਏ ਇਹ ਆਪ ਤਾਂ ਇਕ ਕੋਠੀ ਵਿਚ ਠਹਿਰ ਗਿਆ ਬਾਕੀਆਂ ਨੂੰ ਘਰ ਘਰ ਭੇਜ ਦਿਤਾ ਜਦੋਂ ਇਸਦੇ ਚੇਲੇ ਵਾਪਸ ਆਏ ਤਾਂ ਇਹ ਸਾਧ ਕਹਿਣ ਲੱਗਾ ਅੱਜ ਅਜੀਬ ਹੀ ਕੌਤਕ ਵਰਤਿਆਂ ਹੈ ਤਾ ਇਸ ਦੇ ਚੇਲੇ ਕਹਿਣ ਲੱਗੇ ਦੱਸੋ ਜੀ ਕੀ ਕੌਤਕ ਵਰਤਿਆ ਹੈ ਤਾਂ ਸਾਧ ਕਹਿੰਦਾ ਇਸ ਘਰ ਦੇ ਇਕ ਛੋਟੇ ਜਹੇ ਬੱਚੇ ਨੂੰ ਕੋਠੀ ਦੇ ਆਲੇ ਦੁਆਲੇ ਪੁਲੀਸ ਨਜਰ ਅਈ ਹੈ ਜਿਸ ਨੇ ਘਰ ਜਾ ਕੇ ਪਰਵਾਰ ਨੂੰ ਦੱਸਿਆ ਤਾਂ ਇਕ ਮਾਤਾ ਆਣ ਕੇ ਕਹਿਣ ਲੱਗੀ ਬਾਬਾ ਜੀ ਇਹ ਬੱਚਾ ਕਹਿੰਦਾ ਹੈ ਕੇ ਕੋਠੀ ਦੇ ਆਲੇ ਦੁਆਲੇ ਬੜੀ ਪੁਲੀਸ ਆਈ ਹੈ ਪਰ ਮੈਨੂੰ

ਤਾਂ ਨਜ਼ਰ ਨਹੀਂ ਆ ਰਹੀ ਤੁਸੀਂ ਦੱਸੋ ਇਹ ਕੀ ਕੌਤਕ ਹੈ। ਹੁਣ ਸਾਧ ਕਹਿੰਦਾ ਮੈਂ ਉਸ ਮਾਤਾ ਨੂੰ ਕਿਹਾ ਮਾਤਾ ਜੀ ਇਹ ਪੁਲੀਸ ਨਹੀਂ ਸੀ ਇਹ ਦਸਵੇਂ ਪਾਤਸ਼ਾਹ ਦੇ ਸ਼ਹੀਦ ਸਿੰਘ ਸਨ ਜੋ ਪੁਲੀਸ ਦੀ ਵਰਦੀ ਵਿਚ ਆਏ ਤੇ ਉਹ ਚਲੇ ਗਏ ਹਨ । ਵੈਸੇ ਸਾਡੇ ਨਾਲ ਪੰਜ ਸੱਤ ਸ਼ਹੀਦ ਰਹਿੰਦੇ ਹਨ। ਇਹ ਗੱਲ ਸੁਣ ਕੇ ਚੇਲੇ ਕਹਿਣ ਲੱਗੇ ਧੰਨ ਹੋ ਧੰਨ ਹੋ ਪਰ ਇਹਨਾਂ ਸ਼ਰਧਾਲੂਆ ਵਿਚੋਂ ਇੱਕ ਸਿੰਘ ਉਹ ਸੀ ਜੋ ਇਹਨਾਂ ਗੱਲਾਂ ਵਿਚ ਵਿਸ਼ਵਾਸ਼ ਨਹੀਂ ਸੀ ਰੱਖਦਾ ਉਸ ਨੇ ਬਾਹਰ ਆ ਕੇ ਨਾਲਦੇ ਸਾਥੀਆਂ ਨੂੰ ਕਿਹਾ ਕਿ ਮੈਨੂੰ ਤਾਂ ਇਹ ਕਹਾਣੀ ਸਾਰੀ ਝੂਠੀ ਲੱਗਦੀ ਹੈ ਕਿਉਂਕਿ ਦਰਬਾਰ ਸਾਹਿਬ ਦੇ ਅਟੈਕ ਵੇਲੇ ਇਹ ਅਖੌਤੀ ਸ਼ਹੀਦ ਕਿਥੇ ਸੀ ? ਜਦੋਂ ਸਿੰਘਾਂ ਦੇ ਘਰ ਘਾਟ ਜਾਲਮ ਹਾਕਮਾਂ ਨੇ ਤਬਾਹ ਰਕ ਦਿਤੇ ਤਾਂ ਇਹ ਸ਼ਹੀਦ ਕਿਥੇ ਸੁੱਤੇ ਰਹੇ ਕੌਮ ਦੀ ਖਾਤਰ ਇਹ ਆਖੌਤੀ ਸ਼ਹੀਦਾਂ ਵਿਚ ਇਕ ਨੇ ਵੀ ਕੋਈ ਚਮਤਕਾਰ ਨਹੀਂ ਵਿਖਾਇਆ ਜਿਸ ਨਾਲ ਕੋਈ ਕੌਮ ਭਲਾ ਹੋਇਆ ਹੋਵੇ ਕੀ ਇਹ ਬਾਦਲ ਨੂੰ ਘਰ ਸੱਦਣ ਲਈ ਸ਼ਹੀਦਾਂ ਦੀਆਂ ਫੌਜਾਂ ਇਕੱਠੀਆਂ ਨਹੀਂ ਸੀ ਕਰ ਸਕਦਾ ? ਕਿਉਂ ਘਰ 2 ਜਾਕੇ ਪਾਖੰਡ ਕੀਤਾ ਹੈ ? ਹੁਣ ਪਾਠਕ ਸੋਚਣ ਕੇ ਇਹ ਸਾਧ ਹਰ ਗੱਲ ਨਾਲ ਧੋਖਾ ਕਰ ਰਹੇ ਹਨ ਭੋਲੀ ਭਾਲੀ ਸੰਗਤਾਂ ਨੂੰ ਲੁੱਟਣ ਲਈ ਇਹ ਸਾਧ ਹਰ ਤਰੀਕਾ ਵਰਤ ਰਹੇ ਹਨ। ਇਸ ਬਾਰੇ ਇਹ ਵੀ ਪਤਾ ਲੱਗਾ ਹੈ ਕਿ ਇਸ ਨੇ ਸਿੱਖ ਰਹਿਤ ਮਰਿਆਦਾ ਬਾਰੇ ਕਿਹਾ ਇਕ ਇਹ ਤਾਂ 4-5 ਬੰਦਿਆ ਦੀ ਬਣਾਈ ਹੋਈ ਹੈ ਅਸਲ ਮਰਯਾਦਾ ਤਾਂ ਟਕਸਾਲ ਦੀ ਹੈ। ਪਰ ਇਹ ਟਕਸਾਲ ਦੀ ਮਰਯਾਦਾ ਵੀ ਨਹੀਂ ਮਨਦਾ ਕਿਉਂਕਿ ਹਰ ਸਾਧ ਦੀ ਆਪਣੀ ਆਪਣੀ ਮਰਯਾਦਾ ਬਣਾਈ ਹੋਈ ਹੈ। ਕਦੀ ਇਹ ਕਹਿ ਦੇਂਦਾ ਹੈ ਕੇ ਮੇਰੇ ਘਰ ਦਸਵੇਂ ਪਾਤਸ਼ਾਹ ਦਾ ਬਾਜ ਆਉਂਦਾ ਹੈ ਕਦੀ ਕਹਿੰਦਾ ਹੈ ਕਿ ਮੈਂ ਗੁਰੂ ਨਾਨਕ ਸਾਹਿਬ ਨੂੰ ਪ੍ਰਸ਼ਾਦਾ ਛਕਾਇਆ ਹੈ ਕਦੀ ਇਹ ਅਕਾਲ ਤਖ਼ਤ ਦਾ ਜਥੇਦਾਰ ਬਨਣ ਲਈ ਤਰਲੋ ਮੱਛੀ ਹੁੰਦਾ ਹੈ ਇਹ ਸਾਧ ਗਿਰਗਟ ਵਾਂਗੂ ਰੰਗ ਬੜੇ ਬਦਲਦਾ ਹੈ ਇਹ ਕਦੀ ਵੀ ਸੱਚ ਨਹੀਂ ਬੋਲਦਾ ਹਰ ਬੰਦੇ ਨੂੰ ਵੱਖਰੀ ਵੱਖਰੀ ਬੋਲੀ ਬੋਲਦਾ ਹੈ। ਅਸਲ ਵਿਚ ਮੈਂ ਸਮਝਦਾ ਹਾਂ ਕਿ ਸਾਧ ਸੰਤ ਉਹ ਬਣ ਸਕਦਾ ਹੈ ਜਿਸ ਦੀ ਜਮੀਰ ਮਰੀ ਹੋਵੇ ਜਾ ਗਹਿਣੇ ਰੱਖੀ ਹੋਵੇ ਅਜੋਕੇ ਸਮੇਂ ਵਿਚ ਜਿਊਂਦੀ ਜਮੀਰ ਵਾਲਾ ਸੰਤ ਨਹੀਂ ਬਣ ਸਕਦਾ ਉਹ ਤਾਂ ਭਾਈ ਬਣ ਕੇ ਰਹੇਗਾ। ਇਸ ਸਾਧ ਬਾਰੇ ਹੋਰ ਜਾਣਕਾਰੀ ਇੱਕਤਰ ਕਰ ਰਹੇ ਹਾਂ । ਉਹ ਪੁਸਤਕ ਦੇ ਚੌਥੇ ਭਾਗ ਵਿਚ ਆਪ ਜੀ ਦੀ ਭੇਟ ਕਰਾਂਗੇ ਅਖੀਰ ਵਿਚ ਇਹੀ ਕਹਾਂਗੇ ਕਿ ਇਹਨਾਂ ਅਖੌਤੀ ਸਾਧਾਂ ਤੋਂ ਪਿਛਾ ਛੁਡਾ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਨੂੰ ਅਪਣਾਓ ਤੇ ਸੁਖੀ ਜੀਵਨ ਜੀਵੋ। ਇਸ ਸਾਧ ਬਾਰੇ ਸਾਨੂੰ ਜਾਣਕਾਰੀ ਅਜਨਾਲਾ ਹਲਕੇ ਅਤੇ ਅਮਰਕੋਟ ਤੋਂ ਮਿਲੀ ਸੀ ਅਜੇ ਹੋਰ ਬਹੁਤ ਕੁਝ ਇਸ ਬਾਰੇ ਮਿਲ ਰਿਹਾ ਹੈ ਜੋ ਪੁਸਤਕ ਦੇ ਚੌਥੇ ਭਾਗ ਵਿੱਚ ਦੇਵਾਂਗੇ।

ਨਾਨਕਸਰੀਏ ਸਾਧ

ਇਹਨਾਂ ਦੇ ਪੰਥ ਦੇ ਬਾਨੀ ਨੰਦ ਸਿੰਘ ਬਾਰੇ ਸੈਕੰਡ ਈਸ਼ਰ ਸਿੰਘ ਬਾਰੇ ਪੁਸਤਕ ਦੇ ਪਹਿਲੇ ਭਾਗਾਂ ਵਿਚ ਬਹੁਤ ਕੁਝ ਆਪ ਪੜ੍ਹ ਆਏ ਹੋ। ਇਹਨਾਂ ਦੇ ਹੁਣ ਵਾਲੇ ਚੇਲਿਆ ਨੇ ਵੱਡੇ ਵੱਡੇ ਠਾਠ ਬਣਾਏ ਹੋਏ ਹਨ, ਕੋਈ ਨਿਸ਼ਾਨ ਸਾਹਿਬ ਨਹੀਂ ਲੰਗਰ ਆਦਿ ਨਹੀਂ, ਪੱਥਰਾਂ ਦੇ ਬੁੱਤ ਇਹਨਾਂ ਬਣਾਏ ਹੋਏ ਹਨ ਗੁਰਬਾਣੀ ਦੇ ਉਲਟ ਇਹ ਤਸਵੀਰਾਂ ਦੀ ਪੂਜਾ ਕਰਦੇ ਹਨ। ਗੁਰੂ ਗ੍ਰੰਥ ਸਾਹਿਬ ਵਾਸਤੇ ਵੱਡੇ ਵੱਡੇ ਪੀੜੇ, ਵੱਡੇ ਵੱਡੇ ਚੌਰ, ਸਵੇਰੇ" ਗੁਰੂ ਗ੍ਰੰਥ ਸਾਹਿਬ ਨੂੰ ਚਾਹ ਦੇ ਨਾਲ ਬਿਸਕੁਟ ਬਰੇਕ ਫਾਸਟ ਕਰਾਉਂਦੇ ਹਨ, ਤੌਲੀਏ ਨਾਲ ਹੱਥ ਸਾਫ ਕਰਾਉਂਦੇ ਹਨ, ਦੁਪਹਿਰੇ ਖਾਣਾ ਖਵਾਉਂਦੇ ਹਨ ਨਾਲ ਵੱਡੇ ਵੱਡੇ ਕੂਲਰ ਅਤੇ ਰਜ਼ਾਈਆਂ ਦਿੰਦੇ ਹਨ, ਹਿੰਦੂ ਮੰਦਰਾਂ ਦੀ ਨਕਲ ਤੇ ਆਰਤੀਆਂ ਅਤੇ ਧਰਮ ਦੇ ਨਾਂ ਤੇ ਫੋਕਾ ਕਰਮ ਕਾਂਡ ਹਿੰਦੂ ਰੀਤੀਆਂ ਹੀ ਕਰਦੇ ਹਨ, ਗੁਰੂ ਤੇ ਫੁੱਲਾਂ ਦੀ ਵਰਖਾ ਕਰਦੇ ਹਨ, ਸੁਖਮਨੀ ਸਾਹਿਬ ਦੇ ਤੋਤਾ ਰਟਨ ਪਾਠ, 101 ਅਖੰਡ ਪਾਠਾਂ ਦੀਆਂ ਇਕੋਤਰੀਆਂ, ਗਿਣਤੀ ਦੀਆਂ ਮਾਲਾ (ਜ਼ਿਆਦਾ ਇਹ ਮਾਲਾ ਫੇਰਦੇ ਹਨ) ਸੁੱਚਮੁੱਚ ਭਿੱਟ ਵਹਿਮ ਭਰਮ ਬਾਹਮਣਾ ਵਾਲੇ ਅੱਖਾਂ ਮੀਟ ਕੇ ਸਮਾਧੀਆਂ ਲਾਉਂਦੇ ਹਨ ਪਰ ਗੁਰਬਾਣੀ ਗੁਰੂ ਦਾ ਹੁਕਮ ਬਚਨ ਇਹਨਾਂ ਇਕ ਵੀ ਨਹੀਂ ਮੰਨਿਆ ਗੁਰੂ ਦਾ ਬਚਨ ਮੰਨ ਕੇ ਜੀਵਨ ਬਤੀਤ ਕਰਨਾ ਹੀ ਸਿਮਰਨ ਹੈ ਮਾਲਾ ਦਾ ਕੋਈ ਮਤਲਬ ਨਹੀਂ ਹੈ। ਭਗਤ ਕਬੀਰ ਸਾਹਿਬ ਬਾਣੀ ਵਿਚ ਫੁਰਮਾਨ ਕਰ ਰਹੇ ਹਨ ਕਿ ਇਹ ਮਾਲਾ ਲੋਕਾਂ ਨੂੰ ਦਿਖਾਉਂਦਾ ਹੈ ਤੇਰੇ ਹਿਰਦੇ ਵਿਚ ਤਾਂ ਸੱਚ ਵਾਲੀ ਗੱਲ ਹੀ ਕੋਈ ਨਹੀਂ ਹੈ। ਗੁਰੂ ਨਾਨਕ ਸਾਹਿਬ ਤਾਂ ਭਾਈ ਲਾਲੋ ਕਿਰਤੀ ਸਿੱਖ ਦੇ ਘਰ ਨੂੰ ਭਗਤੀ ਦਾ ਘਰ ਕਹਿੰਦੇ ਹਨ ਪਰ ਇਹ ਨਾਨਕਸਰ ਨੂੰ ਭਗਤੀ ਦਾ ਘਰ ਕਹਿੰਦੇ ਹਨ ਜਿਥੇ ਵਿਹਲੜ ਕੇਵਲ ਮਾਲਾ ਫੜਕੇ ਬੈਠੇ ਹਨ।

ਜਦੋਂ ਬਾਬਾ ਈਸ਼ਰ ਸਿੰਘ ਦੇਹਰਾਦੂਨ ਵੱਲੋਂ ਆਇਆਂ ਤਾਂ ਇਸਦੇ ਨਾਲ ਤਿੰਨ ਚੇਲੇ ਸਨ ਸਾਧੂ ਸਿੰਘ, ਕੁੰਦਨ ਸਿੰਘ, ਨਰਾਇਣ ਸਿੰਘ ਇਹ ਨਾਲ ਰਹਿੰਦੇ ਸਨ ਇਹਨਾਂ ਦੀਆਂ ਵੱਖ ਵੱਖ ਡਿਊਟੀਆਂ ਲਗਾਈਆਂ ਹੋਈਆਂ ਸਨ ਇਕ ਨੇ ਤਿਆਰੀ ਕਰਨੀ, ਇਕ ਨੇ ਪ੍ਰਕਾਸ਼ ਕਰਨਾ, ਇਕ ਨੇ ਚੌਰ ਕਰਨਾ। ਗੁਰਬਾਣੀ ਸਮਝਣ ਮੰਨਣ ਦੀ ਡਿਊਟੀ ਕਿਸ ਦੀ ਸੀ ਇਹ ਜ਼ਿਕਰ ਕਿਤੇ ਵੀ ਨਹੀਂ ਆਇਆ ਜਦੋ ਬਾਬਾ ਈਸ਼ਰ ਸਿੰਘ ਚੜ੍ਹਾਈ ਕਰ ਗਿਆ ਤਾਂ ਇਹ ਪੱਗ ਦੇਣੀ ਭੁੱਲ ਗਿਆ। ਤਕੜਾ ਰੱਟਾ ਪੈ ਗਿਆ ਪੱਗ ਦੇ ਦਾਅਵੇਦਾਰ ਤਿੰਨ ਪਰ ਪੱਗ ਇਕੋ। ਕੋਈ ਆਖੇ ਮੇਰਾ ਹੱਕ ਕੋਈ ਆਖੇ ਮੇਰਾ ਹੱਕ। ਆਖਰ ਵਿਚ ਤਿੰਨੇ ਵੱਖ ਵੱਖ ਹੋ ਗਏ ਬਾਜ਼ਾਰ ਵਿਚੋਂ ਮੁੱਲ ਲੈ ਕੇ ਪੱਗਾਂ ਤਿੰਨਾ ਨੇ ਬੰਨ੍ਹ ਲਈਆ, ਜਿਦੋ ਜਿਦੀ ਲੱਗੇ ਮਹਿਲ ਮਾੜੀਆਂ ਠਾਠ ਖੜੇ ਕਰਨ, ਚੰਗੀਆ ਵਧੀਆ ਰਾਈਫਲਾਂ ਕੇਵਲ ਆਪਣੀ ਪੱਗ ਦੀ ਰਾਖੀ ਵਾਸਤੇ ਖਰੀਦ ਲਈਆ । ਇਕ ਦੂਜੇ ਤੇ ਚਲਾਉਣ ਵਾਸਤੇ, ਕਿਉਂਕਿ ਮਾਲਾ ਦੇ ਮਣਕਿਆਂ ਵਿਚੋਂ ਇਹੋ ਕੁਝ ਨਿਕਲਣਾ ਸੀ ਕੋਈ ਤਿਆਗ ਅਤੇ ਵੈਰਾਗ ਦੀ

ਭਾਵਨਾ ਤਾਂ ਨਹੀਂ ਸੀ ਪੈਦਾ ਹੋਈ ਹੋਣੀ।

ਇਥੇ ਵੀ ਅੱਖੀ ਦੇਖੀ ਘਟਨਾ ਦਾ ਜ਼ਿਕਰ ਕਰਨਾ ਜ਼ਰੂਰੀ ਸਮਝਦਾ ਹਾਂ। ਬਰਸੀ ਮਨਾਉਂਦਿਆ ਅਰਦਾਸ ਕਰਨੀ ਸੀ ਤਾਂ ਝਗੜਾ ਪੈ ਗਿਆ ਇਕ ਨੇ ਕਿਹਾ ਅਰਦਾਸ ਮੈਂ ਕਰਨੀ ਹੈ ਦੂਜੇ ਨੇ ਕਿਹਾ ਅਰਦਾਸ ਮੈਂ ਕਰਨੀ ਹੈ ਗੁਰੂ ਦੀ ਹਜ਼ੂਰੀ ਵਿਚ ਇੱਕ ਦੂਜੇ ਤੇ ਵਰ੍ਹਾਈਆਂ ਡਾਗਾਂ (ਇਹ ਕਹਿੰਦੇ ਅਸੀ ਗੁਰੂ ਦਾ ਸਤਿਕਾਰ ਬੜਾ ਕਰਦੇ ਹਾਂ ਦੇਖੋ ਸਤਿਕਾਰ ਕਰਦੇ ਇਹ ਉਥੇ ਹਜੂਰੀ ਵਿਚ ਇਹਨਾਂ ਨੇ ਇਕ ਦੂਜੇ ਨੂੰ ਲਹੂ ਲੁਹਾਨ ਕੀਤਾ ਇਹ ਹਸਪਤਾਲਾਂ ਵਿਚ ਦਾਖਲ ਰਹੇ।

ਇਹ ਗੁਰੂ ਗ੍ਰੰਥ ਸਾਹਿਬ ਅੱਗੇ ਪੈਸਾ ਨਹੀਂ ਚੜ੍ਹਨ ਦਿੰਦੇ ਪਰ ਹੋਰ ਕਈ ਬਹਾਨਿਆਂ ਨਾਲ ਇਹ ਲੱਖਾਂ ਰੁਪਏ ਇਕੱਠੇ ਕਰ ਲੈਂਦੇ ਹਨ। ਕੁਝ ਚਿਰ ਹੋਇਆ ਬਾਬਾ ਨਾਰਾਇਣ ਸਿੰਘ ਚੜ੍ਹਾਈ ਕਰ ਗਿਆ। ਇਹ ਦੀ ਪੱਗ ਘਾਲਾ ਸਿੰਘ ਨੂੰ ਬੱਝ ਗਈ ਹੈ। ਇਹ ਕੀਰਤਨ ਵੀ ਕਰਦਾ ਹੈ। ---ਪੈਲੀ ਬੰਨਾ ਇਹਨੇ ਬਹੁਤ ਬਣਾਇਆ ਹੈ ਕੀਰਤਨ ਵਿਚ ਇਹ ਕੇਵਲ ਬਾਬਿਆਂ ਦੀਆਂ ਧਾਰਨਾਂ, ਬਾਬਿਆਂ ਦੇ ਦਰਗਾਹੀ ਬਚਨ, ਬਾਬਿਆਂ ਦੀਆ ਸਿਫਤਾਂ ਕਰਦਾ ਹੈ ਇਹਨਾਂ ਦੇ ਕੀਰਤਨ ਵਿਚ ਗੁਰੂ ਦੀ ਗੁਰਮਤਿ ਦੀ ਕੋਈ ਗੱਲ ਨਹੀਂ ਹੁੰਦੀ। ਇਹ ਗੁਰਮਤਿ ਪ੍ਰਚਾਰ ਦੀ ਬਜਾਏ ਆਪਣੇ ਬਾਬਿਆਂ ਅਤੇ ਡੇਰਿਆਂ ਦਾ ਹੀ ਪ੍ਰਚਾਰ ਕਰਦੇ ਹਨ ਇਹਨਾਂ ਦਾ ਪ੍ਰਚਾਰ ਕੇਵਲ ਐਡਵਰਟਾਈਜ਼ਮੈਂਟ ਹੀ ਹੈ। ਇਹ ਮਾਲਾ ਵੀ ਬੜੀ ਫੇਰਦਾ ਹੈ।

ਕੁਝ ਚਿਰ ਬਾਅਦ ਬਾਬਾ ਕੁੰਦਨ ਸਿੰਘ ਚੜਾਈ ਕਰ ਗਿਆ ਇਸਦੀ ਪੱਗ ਭਜਨ ਸਿੰਘ ਨੂੰ ਬੱਝ ਗਈ। ਹਫਤੇ ਕੁ ਬਾਅਦ ਹੀ ਇਹ ਕਿਤਿਉ 101 ਅਖੰਡ ਪਾਠਾਂ ਦੀ ਇਕੋਤਰੀ ਕਰਕੇ ਆ ਰਿਹਾ ਸੀ ਤਾਂ ਰਸਤੇ ਵਿਚ ਐਕਸੀਡੈਂਟ ਹੋ ਗਿਆ ਇਸਦੀ ਮੌਤ ਹੋ ਗਈ ਫਿਰ ਇਸਦੀ ਪੱਗ ਇਕ ਹੋਰ ਭਜਨ ਸਿੰਘ ਨੂੰ ਬੱਝ ਗਈ। ਅਤੇ ਸਾਧੂ ਸਿੰਘ ਨੇ ਜੀਉਂਦਿਆਂ ਹੀ ਬਾਬਾ ਲੱਖਾਂ ਜੀ ਨੂੰ ਪੱਗ ਦਿੱਤੀ ਹੋਈ ਹੈ। ਇਹਨਾਂ ਨਾਨਕਸਰੀਆਂ ਦੇ ਦੇਸ਼ ਵਿਦੇਸ਼ ਵਿਚ ਬਹੁਤ ਡੇਰੇ ਹਨ ਇਹ ਡੇਰਾਵਾਦ ਸਿੱਖ ਕੌਮ ਵਾਸਤੇ ਖਤਰੇ ਦੀ ਘੰਟੀ ਹੈ। ਹੁਣ ਸਰਕਾਰ ਵੱਲੋਂ ਵੀ ਇਹਨਾਂ ਡੇਰਿਆਂ ਦੀ ਜਾਂਚ ਸ਼ੁਰੂ ਹੋ ਗਈ ਹੈ ਪਰ ਕੋਈ ਨਿਰਪੱਖ ਸਿੱਟੇ ਸਾਹਮਣੇ ਆਉਣ ਦੀ ਆਸ ਨਹੀਂ ਹੈ। ਨਿਰਪੱਖ ਸਹੀ ਸਿੱਟੇ ਉਦੋਂ ਨਿਕਲਣਗੇ ਜਦੋਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਰਪਿਤ ਖਾਲਸਾ ਪੰਥ ਨੇ ਆਪ ਜਾਂਚ ਕੀਤੀ। ਸਮਾਂ ਆ ਰਿਹਾ ਹੈ।

ਨੋਟ:- ਇਹ ਸਾਧ ਆਪਣੇ ਨਾਵਾਂ ਨਾਲੋ ਸਿੰਘ ਵੀ ਉਡਾ ਰਹੇ ਹਨ, ਕਿਰਪਾਨ ਵੀ ਦੂਰ ਕਰ ਰਹੇ ਹਨ ਇਹ ਕਹਿੰਦੇ ਬਾਬਾ ਲੱਖਾ ਜੀ, ਬਾਬਾ ਘਾਲਾ ਜੀ ਆਦਿ ਆਦਿ।

ਸੰਤ ਮਾਨ ਸਿੰਘ ਪਿਹੋਵਾ ਵਾਲਾ

ਇਸਦੇ ਬਾਰੇ ਪਹਿਲਾਂ ਵੀ ਬਹੁਤ ਕੁਖ ਲਿਖਿਆ ਜਾ ਚੁੱਕਾ ਹੈ ਇਸਦੇ ਨਾਮ ਨਾਲ 5-6 ਡਿਗਰੀਆਂ ਲੱਗੀਆਂ ਹੋਈਆਂ ਹਨ। ਇਕੋਤਰੀਆਂ ਅਖੰਡ ਪਾਠਾਂ ਦੀਆਂ

ਕਿਸੇ ਸਿੱਖ ਮਰਯਾਦਾ ਵਿਚ ਨਹੀਂ ਹਨ ਪਰ ਇਹ ਸਾਧ ਆਪਣੀ ਮਸ਼ਹੂਰੀ ਕਰਾਉਣ ਵਾਸਤੇ ਨਿੱਤ ਦਿਨ ਗੁਰਮਤਿ ਸਿਧਾਂਤਾਂ ਦੇ ਉਲਟ ਕਾਰਵਾਈਆਂ ਕਰ ਰਹੇ ਹਨ। ਇਹਨਾਂ ਨੇ ਸੰਤ ਬਾਬਾ ਮੋਹਨ ਸਿੰਘ ਦੇ ਕਹੇ ਤੇ ਪਿਹੋਵਾ ਵਿਖੇ 1313 ਅਖੰਡ ਪਾਠਾਂ ਦੀ ਲੜੀ ਸ਼ੁਰੂ ਕੀਤੀ ਹੈ ਅੰਦਾਜ਼ਾ ਲਾਉ ਇਹ ਕਿਹੜੀ ਗੁਰਮਤਿ ਹੈ 1313 ਅਖੰਡ ਪਾਠਾਂ ਵਾਸਤੇ ਕਿੰਨੇ ਅਖੰਡ ਪਾਠੀ ਚਾਹੀਦੇ ਹਨ ਕੀ ਇਹ ਪਾਠੀ ਸੰਥਿਆ ਪ੍ਰਾਪਤ ਹੋਣਗੇ। ਇਹ ਕਿਹੋ ਜਿਹੇ ਅਖੰਡ ਪਾਠ ਕਰ ਰਹੇ ਹਨ ਬਹੁਤੇ ਪਾਠੀ ਵਿਚੇ ਸੁੱਤੇ ਰਹਿਣਗੇ। ਇਹਨਾਂ ਬ੍ਰਹਮ ਗਿਆਨੀਆਂ ਨੂੰ ਕੌਣ ਸਮਝਾਵੇ ਕਿ ਗੁਰਬਾਣੀ ਪੜ੍ਹਨ, ਵਿਚਾਰਨ, ਸਮਝਣ, ਮੰਨਣ, ਜੀਵਨ ਵਿਚ ਢਾਲਣ ਵਾਸਤੇ ਹੈ ਇਹ ਇਕੱਤਰੀਆਂ, ਪ੍ਰਦਰਸ਼ਨੀ, ਦਿਖਾਵੇ ਕਰਨ ਵਾਸਤੇ ਨਹੀਂ ਹੈ। ਨਾਲ ਹੋਰ ਵੀ ਸੰਤ ਸ਼ਾਮਲ ਹੋਏ ਸੰਤ ਅਵਤਾਰ ਸਿੰਘ ਧੂਲਕੋਟ ਸੰਤ ਅਮਰੀਕ ਸਿੰਘ ਪੰਜ ਭੈਣੀਆਂ, ਸੰਤ ਬਾਬਾ ਦਰਬਾਰਾ ਸਿੰਘ, ਸੰਤ ਕਸ਼ਮੀਰਾ ਸਿੰਘ, ਸੰਤ ਜਗਦੀਪ ਸਿੰਘ ਜਗਾਦਰੀ, ਸੰਤ ਬਾਬਾ ਅਮਰੀਕ ਸਿੰਘ ਕਾਰ ਸੇਵਾ ਵਾਲੇ ਵੀ ਹਾਜ਼ਰ ਦੇਖੋ ਕਿਵੇਂ ਲਾਈਨਾ ਲੱਗੀਆਂ ਇਹਨਾਂ ਸਾਧਾਂ ਦੀਆਂ ।

ਕੁੱਝ ਹੱਡ ਬੀਤੀਆਂ
ਸੰਤ ਘੌਲਾ ਸਿੰਘ ਕਾਰ ਸੇਵਾ ਸਰਹਾਲੀ।

ਪੜ੍ਹਾਈ ਪੱਖੋਂ ਜ਼ੀਰੋ ਅਤੇ ਗੱਲਬਾਤ ਕਰਨ ਵਿਚ ਬਹੁਤ ਹੁਸ਼ਿਆਰ ਹੈ। ਇਹਨਾਂ ਬਾਰੇ ਪਹਿਲੀਆਂ ਕਿਤਾਬਾਂ ਵਿਚ ਵੀ ਕਾਫੀ ਕੁਝ ਲਿਖ ਚੁੱਕਾ ਹਾਂ। ਜਦੋਂ ਵੱਡੇ ਸੰਤ ਬਿਮਾਰ ਹੁੰਦੇ ਤਾਂ ਬਾਜ਼ਾਰ ਵਿਚੋਂ ਇਕ ਨਾਰੀਅਲ ਲਿਆ ਕੇ ਵੱਡੇ ਬਾਬਿਆਂ ਨੂੰ ਘੋਲਾ ਸਿੰਘ ਨੇ ਕਹਿਣਾ ਕਿ ਲਉ ਬਾਬਾ ਜੀ ਇਹਨੂੰ ਹੱਥ ਲਾ ਦਿਉ ਬਾਬਿਆਂ ਨੇ ਹੱਥ ਲਾ ਦੇਣਾ ਅਤੇ ਬਾਬਿਆਂ ਦੀ ਬਿਮਾਰੀ ਨਾਰੀਅਲ ਨੂੰ ਚਿੰਬੜ ਗਈ ਸਮਝ ਕੇ ਨਾਰੀਅਲ ਨਹਿਰ ਜਾਂ ਦਰਿਆ ਵਿਚ ਰੋੜ ਆਉਣਾ। ਪਰ ਬਾਬਿਆਂ ਦੀਆਂ ਦੁਆਈਆਂ ਟੀਕੇ ਉਸੇ ਤਰ੍ਹਾਂ ਜਾਰੀ ਰਹਿਣੇ ਆਖਰ ਇਹ ਕਹਿ ਕੇ ਦਿਲ ਨੂੰ ਧਰਵਾਸ ਦੇਂਦੇ ਰਹੇ ਕਿ ਬਾਬਿਆਂ ਨੇ ਆਪਣੇ ਆਪ ਨੂੰ ਆਪ ਹੀ ਬਿਮਾਰ ਕੀਤਾ ਹੈ ਇਹ ਆਪ ਹੀ ਭਾਣਾ ਵਰਤਾ ਰਹੇ ਹਨ । ਹੋਰ ਕਰਦੇ ਵੀ ਕੀ?

ਇਕ ਵਾਰੀ ਮੈਂ ਪਾਰਲੇ ਸਭਰਾ ਸ਼ਹੀਦ ਸ਼ਾਮ ਸਿੰਘ ਅਟਾਰੀ ਦੇ ਮੇਲੇ ਤੇ ਗਿਆ ਦੋ ਵੀਰ ਜੋ ਜਥੇਬੰਦੀ ਨਾਲ ਸੰਬੰਧਤ ਹਨ ਨਾਲ ਸਨ। ਬੜੇ ਚਿਰ ਬਾਅਦ ਬਾਬਾ ਘੋਲਾ ਸਿੰਘ ਨੂੰ ਮਿਲਣ ਵਾਸਤੇ ਕਮਰੇ ਵਿਚ ਨੇੜੇ ਬੈਠ ਗਏ।। ਮੇਰੇ ਬਾਰੇ ਮੇਰੇ ਪਿੰਡ ਦੇ ਜੋ ਬਾਬੇ ਦੇ ਸੇਵਾਦਾਰ (ਕੱਲ੍ਹ ਜੰਮੀ ਭੂਤਨੀ ਸਿਵਿਆਂ ਚ ਅੱਧ) ਹਨ ਉਹਨਾਂ ਨੇ ਮੇਰੇ ਖਿਲਾਫ ਪਹਿਲਾ ਹੀ ਬਾਬੇ ਦੇ ਕੰਨ ਭਰੇ ਹੋਏ ਸਨ ਅਸੀ ਫਤਹਿ ਬੁਲਾ ਕੇ ਬੈਠ ਗਏ ਮੈਨੂੰ ਦੇਖ ਕੇ ਬਾਬੇ ਨੇ ਆਪਣੇ ਭਾਸ਼ਨ ਨੂੰ ਕੁਝ ਹੋਰ ਰੂਪ ਦਿੰਦਿਆ ਤੇਜ ਕੀਤਾ, ਕਿ ਕਈ ਕਹਿੰਦੇ ਅਸੀ ਖ਼ਾਦੇ ਹਾਂ ਪਰ ਅਸੀ ਤਾਂ ਅਗਲੇ ਨੂੰ ਕਹਿੰਦੇ ਤੂੰ ਜਾ ਕੇ ਪੈਟਰੋਲ ਪੰਪ ਤੇ ਸਾਡੇ ਤੇਲ ਦੇ ਪੈਸੇ ਦੇ ਆ ਫਲਾਨੇ ਨੇ ਸਾਨੂੰ ਬੁਰਾ ਭਲਾ

ਆਖਿਆ ਉਹਦਾ ਮੁੰਡਾ ਮਰ ਗਿਆ ਫਲਾਨੇ ਨੇ ਸਾਨੂੰ ਮੰਨਿਆ ਉਹਦੇ ਚਾਰ ਮੁੰਡੇ ਹੋ ਗਏ ਉਹਦੀ ਜ਼ਮੀਨ ਬਣ ਗਈ, ਉਹਦਾ ਵਿਆਹ ਹੋ ਗਿਆ, ਬਾਬਾ ਜੀ ਕਹਿੰਦੇ ਸਨ ਅਸੀ ਗੁਰਦਵਾਰਿਆਂ ਦੀਆਂ ਪੌੜੀਆਂ ਲਾ ਕੇ ਸੱਚਖੰਡ ਜਾਣਾ ਹੈ, ਸੱਚਖੰਡ ਤੱਕ ਉਹਨਾਂ ਦੇ ਬਣਾਏ ਗੁਰਦਵਾਰਿਆਂ ਦੀ ਲਾਈਨ ਥੋੜੀ ਉਰੇ ਰਹਿ ਗਈ ਸੀ ਕੇਵਲ ਇਕ-ਦੋ ਗੁਰਦਵਾਰੇ ਹੀ ਘੱਟ ਸਨ ਉਹ ਅਸੀ ਪੂਰੀ ਕਰ ਦਿੱਤੀ ਹੈ।

ਮੈ ਸੁਣੀ ਗਿਆ ਕੋਈ ਜਵਾਬ ਨਾ ਦਿੱਤਾ ਅਤੇ ਉਠ ਕੇ ਕਮਰੇ ਤੋਂ ਬਾਹਰ ਆ ਗਿਆ। ਸਿੰਦਰ ਸਿੰਘ ਨੇ ਕਿਹਾ ਕਿ ਫਲਾਨੇ ਕਮਰੇ ਵਿਚ ਚਲੇ ਜਾਉ ਉਥੇ ਆਪਣਾ ਸਾਮਾਨ ਆਦਿ ਰੱਖ ਲਉ ਅਸੀ ਉਥੇ ਚਲੇ ਗਏ। ਰਾਤ ਦੀਵਾਨ ਲੱਗਣਾ ਸੀ ਅਸੀ ਦੀਵਾਨ ਵਿਚ ਬੈਠ ਕੇ ਦੀਵਾਨ ਸੁਣਦੇ ਰਹੇ ਪਰ ਗੁਰਦਵਾਰਿਆਂ ਦੀਆਂ ਪਾਉੜੀਆਂ ਲਾ ਕੇ ਸੱਚਖੰਡ ਅਪੜਨ ਵਾਲੇ ਉਸ ਦੀਵਾਨ ਵਿਚ ਘੱਟ ਹੀ ਨਜ਼ਰ ਆਏ। ਬਾਕੀ ਬਚਦੀ ਰਾਤ ਆਰਾਮ ਕੀਤਾ ਸਵੇਰੇ ਉੱਠੇ ਇਸ਼ਨਾਨ ਨਿੱਤਨੇਮ ਤੋਂ ਵਿਹਲੇ ਹੋ ਕੇ 'ਗੁਰੂ ਗ੍ਰੰਥ ਸਾਹਿਬ ਜੀ' ਦੀ ਹਜ਼ੂਰੀ ਵਿਚ ਜਾ ਕੇ ਕਥਾ ਕੀਰਤਨ ਸੁਣਿਆ ਭੋਗ ਪੈਣ ਉਪਰੰਤ ਕਮਰੇ ਵੱਲ ਨੂੰ ਜਾ ਰਹੇ ਸੀ ਤਾਂ ਬਾਬਾ ਘੋਲਾ ਸਿੰਘ ਰਸਤੇ ਵਿਚ ਮਿਲਿਆ ਮੈਨੂੰ ਕਹਿੰਦਾ ਤੂੰ ਜਦੋਂ ਸਾਡੇ ਕੋਲ ਆਇਆ ਤੇਰਾ ਕੇਸ ਦਾਹੜਾ ਨਹੀਂ ਸੀ ਮੈ ਕਿਹਾ ਕੇਸ ਮੈਂ ਰੱਖੇ ਸਨ ਦਾਹੜੀ ਤਾਂ ਆਈ ਹੀ ਨਹੀਂ ਸੀ। ਬਾਬਾ ਕਹਿੰਦਾ ਜੇ ਬਾਬਾ ਤਾਰਾ ਸਿੰਘ ਨਾ ਹੁੰਦਾ ਤਾਂ ਤੂੰ ਕੁਝ ਵੀ ਨਾ ਹੁੰਦੋ, ਮੈ ਕਿਹਾ ਜੇ 'ਗੁਰੂ ਗ੍ਰੰਥ ਸਾਹਿਬ' ਨਾ ਹੁੰਦਾ ਤਾਂ ਬਾਬਾ ਤਾਰਾ ਸਿੰਘ ਵੀ ਨਾ ਹੁੰਦੇ। ਬਾਬਾ ਕਹਿੰਦਾ ਤੂੰ ਬਾਬਿਆਂ ਨੂੰ ਨਹੀਂ ਮੰਨਦਾ ਮੈ ਕਿਹਾ ਤੁਸੀ ਕੀ ਮੰਨਿਆ? ਕੀ ਤੁਹਾਡੀ ਪੱਗਾਂ ਤੋਂ ਜੁੱਤੀ ਨਹੀਂ ਖੜਕੀ ਪੱਗ ਕਿਹਨੂੰ ਮਿਲੀ? ਕਿਵੇ ਝਗੜੇ ਪਏ ? ਕੀ ਹੋਇਆ? ਮੇਰੀਆਂ ਖਰੀਆ ਖਰੀਆ ਸੁਣ ਕੇ ਬਾਬ ਬਿੱਲਾ ਪੈ ਗਿਆ ਆਖਰ ਬਾਬੇ ਨੇ ਸੋਚਿਆ ਕਿ ਇਹ ਕੋਈ ਠਠਿਆਰਾਂ ਦੇ ਕਬੂਤਰ ਨਹੀਂ ਜੋ ਉਡ ਜਾਣਗੇ। ਲਾਗਿਉ ਹੋਰ ਸੱਜਣ ਬਾਬੇ ਨੂੰ ਕਹਿੰਦੇ ਆਉ ਜੀ ਆਉ ਆਪਾਂ ਕਮਰੇ ਵਿਚ ਬੈਠੀਆਂ ਅਸੀਂ ਵੀ ਆਪਣੇ ਕਮਰੇ ਵਿਚ ਆ ਗਏ ਸਾਰੇ ਕੀ ਹੋਇਆ ਕੀ ਹੋਇਆ ਕਹਿਣ ਲੱਗ ਪਏ।

ਹੁਣ ਮੈਂ ਇਹਨਾਂ ਲਿਖਤਾਂ ਰਾਹੀ ਇਹਨਾਂ ਨੂੰ ਪੁੱਛਦਾ ਹਾਂ ਕਿ ਸੱਚੇ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਪੁੱਤਰ (ਸ਼ਾਹਿਬਜ਼ਾਦੇ) ਸ਼ਹੀਦ ਹੋ ਗਏ। ਤੁਹਾਡੇ ਵਿਚੋਂ ਕਿਹੜਾ ਸਾਧ ਸਰਾਪ ਦੇਣ ਗਿਆ ਸੀ ਉਥੇ? ਬੇਬੇ ਨਾਨਕੀ ਭਾਈ ਗੁਰਦਾਸ ਜੀ ਦੇ ਕੋਈ ਔਲਾਦ ਨਹੀਂ ਸੀ ਤੁਹਾਡੇ ਕਿਹੜੇ ਸਾਧ ਦਾ ਸਰਾਪ ਸੀ? ਭਾਈ ਲਾਲੋ ਜੀ ਗੁਰੂ ਦੇ ਸਿੱਖ ਹੁੰਦੇ ਹੋਏ ਵੀ ਗਰੀਬ ਸੀ ਕਿਹੜੇ ਸਾਧ ਦਾ ਸਰਾਪ ਸੀ। ਕਈ ਵੱਡੇ ਵੱਡੇ ਧਨਾਡ ਬੰਦੇ ਕਿਸੇ ਸਾਧ ਦਾ ਨਾ ਸੁਣਨ ਨੂੰ ਵੀ ਤਿਆਰ ਨਹੀਂ ਕਿਹੜੇ ਸਾਧ ਦਾ ਵਰ ਉਥੇ। ਇਕ ਪਾਸੇ ਗੁਰਦਵਾਰਿਆਂ ਨੂੰ ਸੱਚਖੰਡ ਆਖੀ ਜਾਂਦੇ ਇਹ ਕਿਥੋਂ ਸਿੱਖੀ ਥਿਊਰੀ ਇਹੋ? ਮੈਂ ਇਹਨਾਂ ਨੂੰ ਕਹਿੰਦਾ ਕਿ ਜੇ ਸੱਚਖੰਡ ਦੇ ਦਰਸ਼ਨ ਕਰਨੇ, ਕੇਵਲ ਗੁਰਬਾਣੀ ਵਿਚੋਂ ਹੋ ਸਕਦੇ ਹਨ ਹੋਰ ਕਿਤੋਂ ਵੀ ਨਹੀਂ।

ਇਸ ਤੋਂ ਬਾਅਦ ਬਾਬੇ ਨੇ ਕੋਲ ਬਿਠਾ ਕੇ ਲੰਗਰ ਵੀ ਛਕਾਉਣ ਦੀ ਕੋਸ਼ਿਸ ਕੀਤੀ ਫਿਰ ਅਸੀ ਦੀਵਾਨ ਵਿਚ ਚਲੇ ਗਏ 3-4 ਘੰਟੇ ਦੀਵਾਨ ਵਿਚ ਬੈਠੇ ਰਹੇ ਇਹ ਸਾਧ ਸਰਕਾਰੀ ਵਜ਼ੀਰਾਂ ਨੂੰ ਸਟੇਜ਼ ਤੇ ਸਿਰੋਪੇ ਦੇਂਦੇ ਰਹੇ ਜਦੋਂ ਅਸੀ ਵਾਪਸ ਪਿੰਡ ਸਭਰਾ ਆ ਗਏ ਤਾਂ ਪਿੰਡ ਵਿਚ ਇਹਦੇ ਬਾਬੇ ਦੇ ਸ਼ਰਧਾਲੂ ਨੇ ਇਕ ਗੱਲ ਧੁੰਮਾਈ ਕਿ ਜੇ ਸੁਖਵਿੰਦਰ ਸਿੰਘ ਸਭਰਾ ਉਥੇ ਦੀਵਾਨ ਵਿਚ ਇੱਕ ਘੰਟਾ ਹੋਰ ਠਹਿਰ ਜਾਂਦਾ ਤਾਂ ਅਸੀ ਇਹਦੇ ਗਲ ਪੈ ਜਾਂਦੇ। ਮੈਂ ਕਿਹਾ ਕਿ 3-4 ਘੰਟੇ ਮੈਂ ਦੀਵਾਨ ਵਿਚ ਰਿਹਾ ਇਹ ਗਲ ਨਾ ਪਏ ਕੀ ਪੰਡਤ ਤੋਂ ਪੱਤਰੀ ਖੁਲਵਾਈ ਸੀ ਕਿ ਇਹਨਾਂ ਚੌਥੇ ਘੰਟੇ ਵਿਚ ਹੀ ਗਲ ਪੈਣਾ ਸੀ। ਪਰ ਇਹਨਾਂ ਦੇ ਵੱਸ ਦੀ ਬਾਤ ਨਹੀਂ ਹੈ ਇਹ ਉਸੇ ਟਾਹਣ ਤੇ ਬੈਠੇ ਉਸੇ ਨੂੰ ਆਰੀ ਫੇਰੀ ਜਾ ਰਹੇ ਹਨ। ਕਾਰ ਸੇਵਾ ਸਰਹਾਲੀ ਨਾਲ ਸੰਬੰਧਿਤ ਡੇਰਿਆਂ ਵਿਚ ਮੇਰੇ ਬਾਰੇ ਕਿਹਾ ਜਾ ਰਿਹਾ ਹੈ ਕਿ ਇਹਨੂੰ ਬਾਬਿਆਂ ਨੇ ਪੜ੍ਹਾਇਆਂ ਪਰ ਸੱਚ ਇਹ ਹੈ ਕਿ ਤਿੰਨ ਸਾਲ ਇਹਨਾਂ ਮੈਥੋਂ ਟੋਕਰੀ ਢੁਆਈ ਕੇਵਲ ਇਕ ਸਾਲ ਪੜ੍ਹਾਇਆਂ ਬਾਕੀ ਪੜ੍ਹਾਈ ਮੈ ਘਰੋਂ ਹੀ ਕਰਕੇ ਗਿਆ ਸੀ। ਫਿਰ ਇਹ ਕਹਿੰਦੇ ਇਹਨੂੰ ਬਾਬਿਆਂ ਨੇ ਨੌਕਰੀ ਤੇ ਲਵਾਇਆ। ਸੱਚ ਇਹ ਹੈ ਕਿ ਮੈਨੂੰ ਕਿਸੇ ਬਾਬੇ ਨੇ ਨੌਕਰੀ ਤੇ ਨਹੀ ਲਵਾਇਆ ਸੀ ਉਹ ਅੱਜ ਵੀ ਜਿਉਂਦੇ ਜਾਗਦੇ ਹਨ ਜਿਨ੍ਹਾਂ ਮੈਨੂੰ ਨੌਕਰੀ ਤੇ ਲਵਾਇਆ ਇਧਰ ਡੇਰਿਆਂ ਵਿਚ ਵੀ ਬੜੇ ਪੁਰਾਣੇ ਬੰਦੇ ਬੈਠੇ ਹਨ ਉਹ ਮੂੰਹ ਤੇ ਆ ਕੇ ਗੱਲ ਕਰਨ, ਮੇਰੇ ਹਾਣੀ ਬਾਬਿਆਂ ਦੇ ਭਣੇਵੇ ਬੁੱਢੇ ਹੋ ਗਏ ਹਨ ਉਹਨਾਂ ਨੂੰ ਕਿਉਂ ਨਾ ਇਹਨਾਂ ਨੌਕਰੀ ਤੇ ਲਵਾ ਲਿਆ। ਸੋ ਇਹ ਸਰਾਸਰ ਝੂਠ ਬੋਲ ਰਹੇ ਹਨ ਗੁਰ ਫੁਰਮਾਨ ਹੈ "ਕੂੜ ਨਿਖੁਟੇ ਨਾਨਕਾ ਉੜਕ ਸਚਿ ਰਹੀ"।

ਸੰਤ ਬਾਬਾ ਦਇਆ ਸਿੰਘ ਸੁਰ ਸਿੰਘ ਨੇੜੇ ਭਿੱਖੀ ਵਿੰਡ

ਇਹਨਾਂ ਬਾਰੇ ਪੁਸਤਕ 'ਸੰਤਾਂ ਦੇ ਕੌਤਕ' ਦੇ ਪਹਿਲੇ ਭਾਗਾਂ ਵਿਚ ਕਾਫੀ ਕੁਝ ਲਿਖਿਆ ਗਿਆ ਹੈ ਕਿਵੇਂ ਇਹਨਾਂ ਨੇ ਜਮੀਨਾਂ ਸਾਂਭਣ ਵਾਸਤੇ "ਧੰਨ ਗੁਰੂ ਗਰੰਥ ਸਾਹਿਬ ਜੀ" ਦੇ ਪ੍ਰਕਾਸ਼ ਮੁਸਲਮਾਨਾਂ ਦੀਆਂ ਕਬਰਾਂ ਤੇ ਕੀਤੇ ਹੋਏ ਹਨ ਉਥੇ ਕੋਈ ਗ੍ਰੰਥੀ ਵੀ ਨਹੀਂ ਹੈ ਹੁਣ ਪਤਾ ਲੱਗਾ ਹੈ ਉਥੇ ਗੁਰਦੁਆਰੇ ਬਣਾ ਰਹੇ ਹਨ, ਇਹ ਗੁਰਬਾਣੀ ਦੇ ਉਲਟ ਜਾਤ ਪਾਤ ਦੇ ਵੀ ਹਾਮੀ ਹਨ ਇਹ ਸਾਰਾ ਕੁਝ ਆਪ ਪੜ੍ਹ ਆਏ ਹੋ ਇਥੇ ਇਕ ਅੱਖੀਂ ਡਿੱਠੀ ਘਟਨਾ ਦਾ ਜਿਕਰ ਕਰਨਾ ਜਰੂਰੀ ਸਮਝਦਾ ਹਾਂ ਮੇਰੇ ਪਿੰਡ ਸਕਰਾ ਬਾਬਾ ਵੀਰ ਸਿੰਘ ਦਾ ਗੁਰਦੁਆਰਾ ਹੈ ਉਥੇ ਕਾਫੀ ਚਿਰ ਤੋਂ ਮੇਲਾ ਲੱਗਦਾ ਹੈ ਮੇਲੇ ਤੇ ਅਖੰਡ ਪਾਠ ਦੇ ਭੋਗ ਪਾਏ ਇਕ ਸਿੱਖ ਪ੍ਰਚਾਰਕ, ਗੁਰੂ ਦੀ ਹਜ਼ੂਰੀ ਵਿਚ ਕਥਾ ਕਰ ਰਿਹਾ ਸੀ ਸੰਗਤ ਬੈਠੀ ਸੀ ਉਧਰੋਂ ਬਾਬਾ ਦਇਆ ਸਿੰਘ ਆ ਗਏ ਜਦ ਪ੍ਰਚਾਰਕ ਨੇ ਬਾਬੇ ਨੂੰ ਦੇਖਿਆ ਤਾਂ ਕਥਾਵਾਚਕ ਨੇ ਪ੍ਰੇਮ ਨਾਲ ਬੇਨਤੀ ਕੀਤੀ ਕਿ ਬਾਬਾ ਜੀ ਆ ਰਹੇ ਹਨ ਆਪ ਗੁਰੂ ਦੀ ਹਜ਼ੂਰੀ ਵਿਚ ਇਸੇ ਤਰ੍ਹਾਂ ਬੈਠੇ ਰਹਿਣਾ ਕਿਉਂਕਿ ਸਿੱਖ ਸਿਧਾਂਤ ਦੇ ਮੁਤਾਬਿਕ "ਗੁਰੂ ਗਰੰਥ ਸਾਹਿਬ ਜੀ" ਦੀ ਹਜ਼ੂਰੀ ਵਿਚ ਕਿਸੇ ਮਨੁੱਖ ਨੂੰ, ਕਿਸੇ ਬਾਬੇ ਨੂੰ, ਕਿਸੇ ਸ਼ਖਸ਼ ਨੂੰ ਮੱਥਾ ਟੇਕਣ ਦਾ ਵਿਧਾਨ ਨਹੀਂ ਹੈ। ਪ੍ਰਚਾਰਕ ਨੂੰ ਸ਼ਾਬਾਸ ਦੇਣ ਦੀ ਬਜਾਏ ਬਾਬਾ ਬੜੀ ਜਲਦੀ ਉਥੋਂ ਉਠ ਕੇ ਬਿਨਾ ਕੋਈ ਜਲ ਪਾਣੀ ਛਕਿਆਂ ਵਾਪਸ ਚਲੇ ਗਿਆ। ਬਾਬੇ ਦੇ ਸ਼ਰਧਾਲੂ ਲੋਹੇ ਲਾਖੇ ਹੋ ਗਏ ਕਿ ਪ੍ਰਚਾਰਕ ਨੇ ਬਾਬਿਆਂ ਦੀ ਬੇਇੱਜਤੀ ਕੀਤੀ ਹੈ ਕਿਉਂਕਿ ਜੇ ਕੋਈ ਗੁਰੂ ਦੇ ਹੱਕ ਵਿਚ ਸੱਚੀ ਗੱਲ ਕਰੇ ਤਾਂ ਇਹਨਾਂ ਬਾਬਿਆ ਦੀ ਬੇਇੱਜਤੀ ਦੱਸਦੇ ਹਨ ਇਥੋਂ ਇਹ ਸਿੱਧ ਹੁੰਦਾ ਹੈ ਕਿ ਇਹਨਾਂ ਬਾਬਿਆਂ ਦੇ ਚੇਲੇ ਗੁਰਬਾਣੀ ਗੁਰੂ ਬਾਰੇ ਕੱਖ ਵੀ ਨਹੀਂ ਜਾਣਦੇ। ਉਦੋਂ ਅਸਾਲਟਾਂ ਵਾਲੇ ਫਿਰਦੇ ਸੀ ਉਸੇ ਰਾਤ ਉਸ ਪ੍ਰਚਾਰਕ ਦੇ ਘਰ ਉਸ ਨੂੰ ਮਾਰਨ ਵਾਸਤੇ ਬੰਦੇ ਪਹੁੰਚ ਗਏ ਕਹਿੰਦੇ ਤੂੰ ਬਾਬੇ ਦੀ ਨਿਰਾਦਰੀ ਕੀਤੀ ਹੈ ਅਸੀਂ ਜਾਨੋਂ ਮਾਰਨਾ ਹੈ ਪ੍ਰਚਾਰਕ ਦੇ ਪਿਤਾ ਨੇ ਉਹਨਾਂ ਦੇ ਪੈਰਾਂ ਤੇ ਪੱਗ ਰੱਖ ਕੇ ਮੁਆਫੀਆਂ ਮੰਗੀਆਂ ਕਿ ਅੱਗੇ ਤੋਂ ਸਾਡਾ ਮੁੰਡਾ ਸਟੇਜ ਤੇ ਸਾਰੀ ਗੱਲ ਹੀ ਸੰਤਾਂ ਦੇ ਹੱਕ ਵਿਚ ਕਰਿਆ ਕਰੇਗਾ ਇਹਨੂੰ ਕੀ ਲੋੜ, ਗੁਰੂ ਦੀ ਗੱਲ ਕਰਨ ਦੀ, ਗੁਰੂ ਦੇ ਸਤਿਕਾਰ ਦੀ ਗੱਲ ਇਹ ਕਦੇ ਵੀ ਨਹੀਂ ਕਰੇਗਾ ਸੋ ਸਿੱਖ ਪ੍ਰਚਾਰਕ ਦੀ ਮਸਾਂ ਜਾਨ ਬਚੀ। ਇਸ ਤੋਂ ਪਿੱਛੋਂ ਕੀ ਹੋਇਆ ਕਿ ਪਿੰਡ ਦੇ ਮੋਹਤਬਰ ਸਰਪੰਚ ਪੰਚ ਅਤੇ ਹੋਰ ਇਕ ਦਿਨ ਗੁਰਦੁਆਰੇ ਇਕੱਠੇ ਹੋ ਗਏ ਉਥੇ ਬਾਰ-ਬਾਰ ਇਹੀ ਗੱਲ ਕਰਨ ਕਿ ਸੰਤਾਂ ਦੀ ਬੇਇਜ਼ਤੀ ਕਿੰਨੇ ਕੀਤੀ ਹੈ। ਜਿਵੇਂ ਇਹ ਸਾਰੇ ਮੋਹਤਬਾਰ ਪਿਛਲੇ ਜਨਮ ਵਿਚ ਕਿਤੇ ਆਪ ਸੰਤ ਰਹੇ ਹੋਣ। ਇਹਨਾਂ ਨੇ ਚੁੱਕੀਆਂ ਗੁਰਦੁਆਰੇ ਦੀਆਂ ਚਾਬੀਆਂ ਅਤੇ ਪਹੁੰਚ ਗਏ ਸੁਰ ਸਿੰਘ ਬਾਬੇ ਕੋਲ। ਅੱਗੋਂ ਬਾਬਾ ਪੂਰੇ ਰਾਜਸੀ ਠਾਠ ਵਿਚ ਬੋਲਿਆ ਕਹਿੰਦਾ 'ਇਹ ਮੁੰਡੇ ਕਾਫੀ ਚਿਰ ਤੋਂ ਮੇਰੀ ਪੱਗ ਨੂੰ ਪੈਣ ਨੂੰ ਫਿਰਦੇ ਸੀ ਇਹਨਾਂ ਉਹੋ ਕਰ

ਵਿਖਾਈ। ਪਿੰਡ ਦੇ ਪਤਵੰਤੇ ਸੱਜਣਾਂ ਨੇ ਕਿਹਾ ਬਾਬਾ ਜੀ ਮੁਆਫੀ ਦੇ ਦਿਉ ਇਹ ਪ੍ਰਚਾਰਕ ਸਾਰੀ ਗੱਲ ਹੀ ਸੰਤਾਂ ਦੇ ਹੱਕ ਵਿਚ ਕਰਿਆ ਕਰੇਗਾ ਇਸਨੂੰ ਸਮਝਾ ਦਿੱਤਾ ਹੈ ਕਿ ਤੂੰ ਸੰਤਾਂ ਦੇ ਹੁੰਦਿਆਂ ਕਦੇ ਵੀ ਗੁਰੂ ਦੇ ਸਤਿਕਾਰ ਦੀ ਕੋਈ ਗੱਲ ਨਾਂ ਕਰੀਂ ਸਾਰਾ ਪ੍ਰਚਾਰ ਹੀ ਸੰਤਾਂ ਦੇ ਸਤਿਕਾਰ ਦਾ ਕਰਿਆ ਕਰ। ਸੋ ਇਹ ਮੰਨ ਗਿਆ ਹੈ। ਬਾਬੇ ਨੂੰ ਦਿੱਤੀਆਂ ਗੁਰਦੁਆਰੇ ਦੀਆਂ ਚਾਬੀਆਂ, ਅਨਪੜ੍ਹ ਨਿਹੰਗਾਂ ਨੇ ਆ ਕੇ ਗੁਰਦੁਆਰੇ ਤੇ ਕੀਤਾ ਕਬਜਾ। ਪਿੰਡ ਦੇ ਮੋਹਤਬਰਾਂ ਨੇ ਆਉਣ ਵਾਲੀਆ ਪੀੜ੍ਹੀਆਂ ਦੇ ਰਾਹ ਵਿਚ ਇਹ ਕੰਡੇ ਹੱਥੀਂ ਬੀਜੇ, ਇਸ ਗੁਰਦੁਆਰੇ ਵਿਚ ਸਾਰਾ ਕੁਝ ਸਿੱਖ ਰਹਿਤ ਮਰਯਾਦਾ ਦੇ ਉਲਟ ਹੋ ਰਿਹਾ, ਥਾਲੀ ਵਿਚ ਦੀਵੇ ਬਾਲ ਕੇ ਆਰਤੀਆਂ ਕਰ ਰਹੇ ਹਨ ਇਹ ਕਹਿੰਦੇ ਇਹ ਦਲ ਦੀ ਮਰਯਾਦਾ ਹੈ ਜਿਨ੍ਹਾਂ ਮਨਮੱਤਾਂ ਦਾ ਗੁਰਬਾਣੀ ਵਿਚ ਖੰਡਨ ਕੀਤਾ ਹੋਇਆ ਹੈ ਉਹ ਇਹਨਾਂ ਦਲ ਦੀ ਮਰਯਾਦਾ ਬਣਾਈ ਹੋਈ ਹੈ 16-17 ਸਾਲ ਵਿਚ ਇਥੇ ਨਾ ਕੋਈ ਗਰੰਥੀ ਦੇ ਸਕੇ, ਨਾ ਕੋਈ ਕੀਰਤਨੀਆਂ, ਨਾ ਕੋਈ ਕਥਾਵਾਚਕ ਸ਼ਾਇਦ ਇਹ ਵੀ ਦਲ ਦੀ ਮਰਯਾਦਾ ਹੈ ਨਾ ਗਰੰਥੀ, ਨਾ ਕੀਰਤਨੀਏ, ਨਾ ਕਥਾਵਾਚਕ। ਮੋਹਤਬਰਾਂ ਦੇ ਬੀਜੇ ਹੋਏ ਕੰਡੇ ਪੁੱਟਣ ਵਾਸਤੇ ਸਾਨੂੰ ਬੜਾਂ ਕੁਝ ਕਰਨ ਦੀ ਲੋੜ ਹੈ। ਗੁਰੂ ਪ੍ਰਤੀ ਆਪਣੇ ਫਰਜ ਸਮਝ ਕੇ ਇਹ ਕਰਦੇ ਰਹਾਂਗੇ। ਇਹ ਘਟਨਾ ਮੈਂ ਅੱਖੀਂ ਦੇਖੀ ਲਿਖੀ ਹੈ ਕੋਈ ਇਹ ਨਾ ਸਮਝੇ ਕਿ ਪਿੰਡ ਦੇ ਕਿਸੇ ਬੰਦੇ ਨੇ ਕਹਿ ਕੇ ਲਿਖਾਈ ਹੋਵੇਗੀ। ਇਹ ਮੈਂ ਆਪ ਲਿਖੀ ਹੈ ਤਾਂ ਕਿ ਲੋਕਾਂ ਨੂੰ ਸਮਝ ਆਏ ਇਹ ਸੰਤ ਬਾਬੇ ਆਪਣੇ ਆਪ ਨੂੰ ਗੁਰੂ ਨਾਲੋਂ ਕਿਤੇ ਵੱਡੇ ਸਮਝਦੇ ਹਨ "ਗੁਰੂ ਗਰੰਥ ਸਾਹਿਬ ਜੀ" ਦੇ ਸਤਿਕਾਰ ਦੀ ਕੋਈ ਵੀ ਗੱਲ ਇਹ ਕਦੇ ਵੀ ਬਰਦਾਸ਼ਤ ਨਹੀਂ ਕਰਦੇ।

ਕਨੇਡਾ ਵਿਚ ਇਕ ਬੂਬਨਾ ਸਾਧ ਆਇਆ, ਆਪਣੇ ਆਪ ਨੂੰ ਕਹੇ
ਅਵਤਾਰ ਹਾਂ ਮੈਂ! ਗੁਰੂ ਪੀਰ ਸਭ ਹੈਨ ਅਧੀਨ ਮੇਰੇ,
ਬਲਕਿ ਰਾਮ ਰਹੀਮ ਕਰਤਾਰ ਹਾਂ ਮੈਂ।
ਨਾਨਕ, ਹਰਿਗੋਬਿੰਦ, ਦਸਮੇਸ਼ ਕੀ ਨੇ ?
ਸਿਰਜਨਹਾਰ ਖੁਦ ਆਪੇ ਨਿਰੰਕਾਰ ਹਾਂ ਮੈਂ।

ਅਨੂਪ ਸਿੰਘ ਨੂਰੀ।

ਬਾਬਾ ਸਰੂਪ ਸਿੰਘ ਅਤੇ ਬਾਬਾ ਜਸਬੀਰ ਸਿੰਘ ਗੁ. ਭੱਠ ਸਾਹਿਬ ਪਟੀ

ਜਦੋਂ ਪਿੰਡਾ ਵਿਚੋਂ ਇਸ ਗੁ. ਵਿਚ ਵਿਆਹ-ਸ਼ਾਦੀਆਂ ਕਰਨ ਲਈ ਸੰਗਤ ਆਉਂਦੀ ਹੈ ਤਾਂ ਇਹ ਮੁੰਡੇ ਕੁੜੀ ਵਾਲਿਆਂ ਤੋਂ ਮੋਟੀਆਂ ਫੀਸਾਂ ਲੈਂਦੇ ਹਨ ਪਰ ਜੇ ਕੋਈ ਚਾਹ ਪਾਣੀ ਮੰਗਦਾ ਹੈ ਤਾਂ ਇਹ ਬਾਬੇ ਕਹਿੰਦੇ ਹਨ ਕੇ ਇਥੇ ਕੋਈ ਚਾਹ, ਮਿੱਠਾ 'ਤੇ ਦੁੱਧ ਵੀ ਨਹੀਂ ਹੈ। **ਵਿਸਥਾਰ ਲਈ ਪੁਸਤਕ ਦਾ ਚੋਥਾ ਭਾਗ ਦੇਖੋ!**

ਸੰਤ ਬਾਬਾ ਪਿਤਾ ਸ਼ਹੀਦ ਢਾਬਸਰੀਆ

ਇਸ ਬਾਰੇ ਪਹਿਲੀਆਂ ਕਿਤਾਬਾਂ ਵਿਚ ਬਹੁਤ ਕੁਝ ਲਿਖ ਆਇਆ ਹਾਂ ਕਿਵੇਂ ਇਹਨਾਂ ਨੇ ਦਲ ਬਣਾਏ ਹੋਏ ਹਨ, ਕਿਵੇਂ ਇਹ ਭੰਗ ਪੋਸਤ ਖੁਵਾ ਕੇ ਲੋਕਾਂ ਨੂੰ ਨਸ਼ਈ ਕਰ ਰਹੇ ਹਨ। ਇਸਦੇ ਸ਼ਰਧਾਲੂਆਂ ਤੋਂ ਪਤਾ ਲੱਗਾ ਹੈ ਕਿ ਜੋ ਇਸਦੀ ਆਪਣੀ ਕਿਤਾਬ 'ਗੁਰੂ ਗਰੀਬ ਨਿਵਾਜ' ਇਸਦੇ ਡੇਰੇ ਵਿਕਦੀ ਸੀ ਉਹ ਖਤਮ ਕਰ ਦਿਤੀ ਹੈ ਉਸ ਕਿਤਾਬ ਵਿਚ ਇਸ ਢਾਬਸਰੀਏ ਬਾਬੇ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਅਤੇ ਹੋਰ ਕਈ ਕੁਝ ਲਿਖਿਆ ਹੋਇਆ ਸੀ ਇਥੇ ਇਕ ਘਟਨਾ ਦਾ ਜ਼ਿਕਰ ਕਰਾਂਗਾ ਕਿਤੇ ਇਸ ਸਾਧ ਨੇ ਕਿਹਾ ਸੀ ਕਿ ਮੈਂ ਗੁਪਤ ਹਾਂ ਮੈਂ ਸਿੱਖ ਕੌਮ ਵਾਸਤੇ ਬੜਾ ਕੁਝ ਕਰਨਾ ਚਾਹੁੰਦਾ ਹਾਂ ਮੈਂ ਤਾਂ ਚੰਗੇ ਕੁਰਬਾਨੀ ਵਾਲੇ ਬੰਦਿਆਂ ਦੀ ਭਾਲ ਵਿਚ ਹਾਂ। ਅਸੀਂ ਪਿੰਡੋਂ ਜੀਪ ਲੈ ਕੇ 5-6 ਸਿੰਘ ਇਸਦੇ ਡੇਰੇ ਗਏ ਜਾ ਕੇ ਇਹਨੂੰ ਕਿਹਾ ਕਿ ਨੂਰਮਹਿਲੀਆਂ ਅਤੇ ਹੋਰ ਦੇਹਧਾਰੀ ਗੁਰੂ ਜੋ ਗੁਰਮਤਿ ਸਿਧਾਂਤ ਨੂੰ ਭੰਨ ਰਹੇ ਹਨ ਸਿੱਖਾਂ ਨੂੰ ਖੇਰੂੰ-ਖੇਰੂੰ ਕਰ ਰਹੇ ਹਨ ਉਸ ਸੰਬੰਧ ਵਿਚ ਇਕ ਸਿੰਘ ਨੇ ਕੁਰਬਾਨੀ ਕਰ ਦਿੱਤੀ ਹੈ ਉਹ ਇਸ ਵਕਤ ਜੇਲ੍ਹ ਵਿਚ ਹੈ ਉਹਦੀ ਮੁਲਾਕਾਤ ਹੀ ਕਰੋ ਜਾਂ ਉਹਦੇ ਬੱਚਿਆਂ ਨੂੰ ਫੋਕਾ ਪਿਆਰ ਹੀ ਦੇ ਆਉ ਇਹ ਢਾਬਸਰੀਆ ਸਾਧ ਅੱਗੋਂ ਕਹਿੰਦਾ ਮੈਂ ਕੀ ਕਰਾਂ ਜੇ ਉਹਨੇ ਕੁਰਬਾਨੀ ਕੀਤੀ ਹੈ ਤਾਂ ਮੈਂ ਕੀ ਕਰਾਂ ਮੈਂ ਤਾਂ ਆਪ ਅੰਦਰ ਵੜਿਆ ਬੈਠਾ ਹਾਂ ਇਸਤਰ੍ਹਾਂ ਤਾਂ ਹੋਰ ਕੋਈ ਫੇਰ ਆ ਜਾਵੇਗਾ ਕਿ ਫਲਾਨਾ ਸਿੰਘ ਕੁਰਬਾਨੀ ਕਰਕੇ ਜੇਲ੍ਹ ਚਿ ਹੈ, ਉਹਦੀ ਮੁਲਾਕਾਤ ਕਰ। ਸੋ ਇਹ ਸਾਧ ਜੋ ਬੜੀਆਂ ਬੜੀਆਂ ਡੀਗਾਂ ਮਾਰਦਾ ਸੀ ਕੱਖ ਵੀ ਨਾ ਕਰ ਸਕਿਆ। ਇਹਨਾਂ ਸਾਧਾਂ ਦਾ ਸਿੱਖ ਕੌਮ ਵਿਚ ਪੈਦਾ ਹੋ ਜਾਣਾ ਹੀ ਬਹੁਤ ਵੱਡੀ ਬਦਕਿਸਮਤੀ ਹੈ। ਗੱਲਾਂ ਕਰਦੇ ਇਹ ਅਸਮਾਨ ਨੂੰ ਟਾਕੀਆਂ ਲਾਉਂਦੇ ਹਨ ਪਰ ਪੱਲੇ ਇਹਨਾਂ ਦੇ ਕੱਖ ਵੀ ਨਹੀਂ ਹੈ।

ਜਦੋਂ ਪਿੰਡ ਸਭਰਾ ਗਰੰਥੀ ਸਿੰਘਾਂ ਨੇ ਸਿੱਖ ਰਹਿਤ ਮਰਯਾਦਾ ਤੇ ਸਖਤੀ ਨਾਲ ਪਹਿਰਾ ਦਿੱਤਾ।

ਸਿੱਖ ਰਹਿਤ ਮਰਯਾਦਾ ਬਾਰੇ ਪੜ੍ਹੋ ਪੁਸਤਕ ਦੇ ਦੂਜੇ ਭਾਗ ਵਿਚ ਇਥੇ ਤਾਂ ਇਕ ਘਟਨਾ ਦਾ ਜ਼ਿਕਰ ਕਰਾਂਗਾ। ਸਿੱਖ ਰਹਿਤ ਮਰਯਾਦਾ ਬਾਰੇ ਪਿੰਡ ਦੇ ਗਰੰਥੀਆਂ ਨਾਲ ਮੀਟਿੰਗਾਂ ਵੀ ਕੀਤੀਆਂ। ਗੁਰਦੁਆਰਾ ਕਿਲ੍ਹਾ ਸਾਹਿਬ ਤੇ ਸ਼ਹੀਦ ਸ਼ਾਮ ਸਿੰਘ ਅਟਾਰੀ ਦਾ ਸਾਲਾਨਾ ਜੋੜ ਮੇਲਾ ਆ ਗਿਆ 4 ਕੁ ਦਿਨ ਪਹਿਲਾਂ ਸਿੰਘਾ ਨੇ ਦੱਸਿਆ ਕਿ ਪਿੰਡ ਸਭਰਾ ਵਿਚ ਜੋ ਬਾਹਮਣੀ ਮਰਯਾਦਾ ਦੇ ਧਾਰਨੀ ਸੰਤਾਂ ਦੇ ਸ਼ਰਧਾਲੂ ਹਨ ਉਹ ਕਹਿੰਦੇ ਹਨ ਕਿ ਇਹ ਗੁਰਦੁਆਰਾ ਪਿੰਡ ਦਾ ਸਾਂਝਾ ਹੈ ਅਖੰਡਪਾਠ ਵਾਲੇ ਦਿਨ ਅਸੀਂ ਜੋਤਾਂ, ਘੜੇ, ਮੌਲੀ, ਨਾਰੀਅਲ ਲੈ ਕੇ ਆਵਾਂਗੇ ਅਤੇ ਅਖੰਡਪਾਠ ਨਾਲ ਰੱਖਾਂਗੇ। ਮੈਂ ਕਿਹਾ ਕੋਈ ਗੱਲ ਨਹੀਂ ਆਉਣ ਦਿਉ ਇਹਨਾਂ ਨੂੰ ਜਿਸ ਦਿਨ ਅਖੰਡ

ਪਾਠ ਅਰੰਭ ਕਰਨਾ ਸੀ ਅਸੀਂ ਰਾਤੋ ਰਾਤ ਸਾਰੇ ਪ੍ਰਬੰਧ ਕਰ ਲਏ। ਅਸੀਂ ਸਿਖ ਰਹਿਤ ਮਰਯਾਦਾ ਦੇ ਮੁਤਾਬਕ ਅਖੰਡ ਪਾਠ ਅਰੰਭ ਕਰ ਦਿੱਤਾ ਉਧਰ ਦੂਸਰੇ ਗੁਰਦੁਆਰੇ ਸਪੀਕਰ ਵਿਚ ਅਨਾਊਂਸਮੈਂਟਾਂ ਹੋ ਰਹੀਆਂ ਸਨ ਕਿ ਆਉ ਇਥੇ ਇਕੱਠੇ ਹੋਈਏ ਅਤੇ ਉਹਨਾਂ ਨੂੰ ਰੋਕਣ ਵਾਸਤੇ ਚੱਲੀਏ ਸਾਰਾ ਦਿਨ ਉਡੀਕਦੇ ਰਹੇ ਕੋਈ ਵੀ ਨਾ ਆਇਆ ਇਹ ਗੁਰਦੁਆਰਾ ਅੱਜ ਤੱਕ ਵੀ ਸਿੱਖ ਰਹਿਤ ਮਰਯਾਦਾ ਮਤਾਬਕ ਚੱਲ ਰਿਹਾ ਹੈ। ਇਸੇ ਗੁਰਦੁਆਰੇ ਵਿਚ 17 ਸਾਲ ਤੋਂ ਗੁਰਬਾਣੀ ਸੰਥਿਆ ਕਰਵਾਈ ਜਾ ਰਹੀ ਹੈ। ਗੁਰਬਾਣੀ ਗੁਰਮਤਿ ਸਿਧਾਂਤ ਦੇ ਮੁਤਾਬਕ ਕਥਾ ਵੀ ਇਸ ਗੁਰਦੁਆਰੇ ਹੋ ਰਹੀ ਹੈ।

ੴ ਸਤਿਗੁਰ ਪ੍ਰਸਾਦਿ ॥

ਗੁਰ ਪ੍ਰਸਾਦਿ ਭਰਮ ਕਾ ਨਾਸ

ਸਤਿਕਾਰਯੋਗ ਗੁਰੂ ਗਰੰਥ ਸਾਹਿਬ ਜੀ ਦੇ ਅਖੰਡ ਪਾਠ ਦੀ ਮਰਿਯਾਦਾ ਸਬੰਧੀ 23-12-2000 ਨੂੰ ਪਿੰਡ ਸਭਰਾ ਵਿਖੇ ਹੋਈ ਇਕੱਤਰਤਾ ਵਿਖੇ ਗੁਰੂ ਸਾਹਿਬ ਦਾ ਇਲਾਹੀ ਹੁਕਮ।

ਗੁਰਦੁਆਰਾ ਬਾਬਾ ਵੀਰ ਸਿੰਘ ਜੀ ਪਿੰਡ ਸਭਰਾ ਵਿਖੇ ਮਰਯਾਦਾ ਵਿਰੋਧੀਆਂ ਨੇ ਗੁਰੂ ਗਰੰਥ ਸਾਹਿਬ ਜੀ ਦੀ ਤਾਬਿਆ ਵਿਚ ਬੈਠ ਕੇ ਜੋ ਹੁਕਮ ਲਿਆ ਉਸ ਅਨੁਸਾਰ ਗੁਰੂ ਜੀ ਨੇ ਧੂਪ, ਦੀਪ, ਆਰਤੀ ਦਾ ਖੰਡਨ ਕਰਦਿਆਂ ਹੋਇਆ ਜੋ ਸਿੱਖ ਸੰਗਤਾਂ ਨੂੰ ਹੁਕਮ ਕੀਤਾ ਹੈ ਇਸ ਹੁਕਮ ਅਨੁਸਾਰ ਹੀ ਸਭ ਨੂੰ ਚੱਲਣਾ ਚਾਹੀਦਾ ਹੈ। ਅਖੰਡ ਪਾਠ, ਸਹਿਜ ਪਾਠ ਵੀ ਇਸ ਹੁਕਮ ਅਨੁਸਾਰ ਹੀ ਕਰਨੇ ਚਾਹੀਦੇ ਹਨ।

(ਮੁਖਵਾਕ) ਧਨਾਸਰੀ ਸ੍ਰੀ ਸੈਣ ॥

ਧੂਪ ਦੀਪ ਘ੍ਰਿਤ ਸਾਜਿ ਆਰਤੀ ॥ ਵਾਰਨੇ ਜਾਉ ਕਮਲਾਪਤੀ ॥
ਮੰਗਲਾ ਹਰਿ ਮੰਗਲਾ ॥ ਨਿਤ ਮੰਗਲ ਰਾਜਾ ਰਾਮ ਰਾਇ ਕੋ ॥੧॥ਰਹਾਉ॥
ਉਤਮ ਦੀਅਰਾ ਨਿਰਮਲ ਬਾਤੀ ॥ ਤੁਹੀਂ ਨਿਰੰਜਨ ਕਮਲਾਪਾਤੀ ॥੨॥
ਰਾਮਾ ਭਗਤਿ ਰਾਮਾਨੰਦ ਜਾਨੈ ॥ ਪੂਰਨ ਪਰਮਾਨੰਦੁ ਬਖਾਨੈ ॥੩॥
ਮਦਨ ਮੂਰਤਿ ਭੈ ਤਾਰਿ ਗੋਬਿੰਦੇ ॥ ਸੈਨ ਭਜੈ ਪਰਮਾਨੰਦੇ ॥੪॥

ਇਹ ਪਾਵਨ ਧਨਾਸਰੀ ਰਾਗ ਅੰਦਰ ਭਗਤੁ ਸ੍ਰੀ ਸੈਣ ਜੀ ਦਾ ਉਚਾਰਨ ਕੀਤਾ ਹੋਇਆ ਹੈ ਅੰਗ ਨੰ: 695 ਤੇ ਦਰਜ ਹੈ ਭਗਤ ਜੀ ਕਹਿੰਦੇ ਹਨ ਕਿ ਜੋ ਲੋਕ ਪ੍ਰਭੂ ਨੂੰ ਖੁਸ਼ ਕਰਨ ਵਾਸਤੇ ਧੂਪ, ਦੀਵੇ, ਘਿਉ ਆਰਤੀ ਵਾਸਤੇ ਫੁੱਲ ਆਦਿ ਰੱਖੀ ਫਿਰਦੇ ਹਨ। ਇਹ ਸਭ ਕੁਝ ਵਿਅਰਥ ਹੈ। ਭਗਤ ਜੀ ਸ਼ਬਦ ਰਾਹੀਂ ਦਸਦੇ ਹਨ ਕਿ ਪ੍ਰਭੂ ਦੇ ਨਾਮ ਦਾ ਹੀ ਧੂਪ, ਨਾਮ ਦਾ ਹੀ ਦੀਪ (ਦੀਵਾ) ਨਾਮ ਦੀ ਹੀ ਵੱਟੀ

ਨਾਮ ਦਾ ਹੀ ਘਿਉ ਚਾਹੀਦਾ ਹੈ ਹੋਰ ਕਿਸੇ ਧੂਪ ਦੀਪ, ਵੱਟੀ ਘਿਉ ਦੀ ਲੋੜ ਨਹੀਂ ਹੈ। ਰਹਾਉ ਵਾਲੇ ਬਚਨ ਵਿਚ ਕੇਂਦਰੀ ਭਾਵ ਹੈ, ਹੇ ਪ੍ਰਭੂ ਤੇਰੇ ਨਾਮ ਨਾਲ ਹੀ ਮੇਰੇ ਅੰਦਰ ਅਨੰਦ ਮੰਗਲ ਹੋ ਰਿਹਾ ਹੈ। ਹੇ ਰਾਜਨ, ਹੇ ਰਾਮ ਤੇਰੀ ਬਖਸ਼ਿਸ਼ ਨਾਲ ਹੀ ਤੇਰੇ ਨਾਮ ਰਾਹੀ ਨਿੱਤ ਅਨੰਦ ਮੰਗਲ ਹੈ। ਤੇਰਾ ਨਾਮ ਹੀ ਮੇਰੇ ਵਾਸਤੇ ਉਤਮ ਦੀਵਾ ਹੈ। ਤੇਰਾ ਨਾਮ ਹੀ ਨਿਰਮਲ ਵੱਟੀ ਹੈ। ਹੋਰ ਰੂੰਅ ਘਿਉ ਦੀ ਵੱਟੀ ਮੈਲ ਤੋਂ ਰਹਿਤ ਨਹੀਂ ਹੋ ਸਕਦੀ ਤੇਰਾ ਨਾਮ ਹੀ ਨਿਰਮਲ ਹੈ ਤੂੰ ਹੀ ਨਿਰਮਲ ਬੱਤੀ ਹੈ। ਤੇਰੀ ਨਾਮ ਭਗਤੀ ਰਾਹੀਂ ਹੀ ਤੈਨੂੰ ਜਾਣਿਆ ਜਾ ਸਕਦਾ ਹੈ। ਹੇ ਸੋਹਣੇ ਪ੍ਰਭੂ ਮੈਨੂੰ ਡਰਾਂ ਦੇ ਸਮੁੰਦਰ ਤੋਂ ਪਾਰ ਕਰ। ਸੈਣ ਜੀ ਕਹਿੰਦੇ ਹਨ ਮੈਂ ਤਾਂ ਹੋਰ ਸਭ ਕੁਝ ਛੱਡ ਕੇ ਪਰਮਾਨੰਦ ਪ੍ਰਮਾਤਮਾ ਨੂੰ ਹੀ ਸਿਮਰਦਾ ਰਹਾਂਗਾ।

ਸ਼ਬਦ ਦੀ ਵਿਆਖਿਆ—ਇਸ ਸ਼ਬਦ ਦੇ ਬਿਲਕੁਲ ਨੇੜੇ ਹੀ ਇਕ ਸ਼ਬਦ ਭਗਤ ਰਵਿਦਾਸ ਜੀ ਦਾ ਜੋ ਗੁਰੂ ਜੀ ਦੇ ਅੰਗ ਨੰ: 694 ਤੇ ਦਰਜ ਹੈ ਸੋਚ ਵਿਚਾਰ ਸਮਝਣ ਵਾਸਤੇ ਜਿਆਦਾ ਸਹਾਈ ਹੋਵੇਗਾ ਜੋ ਇਸਤਰ੍ਹਾਂ ਦਰਜ ਹੈ "ਨਾਮੁ ਤੇਰੋ ਆਰਤੀ ਮਜਨੁ ਮੁਰਾਰੇ। ਹਰਿ ਕੇ ਨਾਮੁ ਬਿਨੁ ਝੂਠੇ ਸਗਲ ਪਸਾਰੇ ॥ (੧) ਰਹਾਉ ॥

ਇਸ ਰਹਾਉ ਵਾਲੇ ਬਚਨ ਵਿਚ ਹੀ ਸ਼ਬਦ ਦਾ ਕੇਂਦਰੀ ਭਾਵ ਹੁੰਦਾ ਹੈ। ਭਗਤ ਜੀ ਕਹਿੰਦੇ ਹਨ ਹੇ ਮੇਰੇ ਮਾਲਕ ਪ੍ਰਭੂ ਕਈ ਨਾਸਮਝ ਮਨੁੱਖ ਦੀਵੇ ਬਾਲ ਕੇ ਤੇਰੀ ਆਰਤੀ ਕਰਦੇ ਹਨ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਜਗਨ ਨਾਥ ਪੁਰੀ ਵਿਖੇ ਗਏ। ਕੀ ਵੇਖਿਆ ਕਿ ਪੰਡਤ ਦੀਵੇ ਜਗਾ ਕੇ ਮੰਦਰ ਵਿਚ ਆਰਤੀ ਕਰ ਰਹੇ ਹਨ ਤਾਂ ਗੁਰੂ ਜੀ ਨੇ ਮਨਾਂ ਕਰ ਦਿਤਾ ਤੇ "ਗਗਨ ਮੈ ਥਾਲ....ਗੁਰਸ਼ਬਦ ਉਚਾਰ ਕੇ ਝੂਠੀਆਂ ਆਰਤੀਆਂ ਕਰਨ ਵਾਲਿਆਂ ਦੀਆਂ ਅੱਖਾਂ ਖੋਲ ਦਿਤੀਆਂ। ਗੁਰੂ ਜੀ ਨੇ ਸਮਝਾਇਆ ਕਿ ਇਹਨਾਂ ਦੀਵਿਆਂ, ਜੋਤਾਂ ਦੀ ਘਿਉ ਵੱਟੀ ਦੀਆਂ ਜੋਤਾਂ ਦੀ ਬਿਲਕੁਲ ਲੋੜ ਨਹੀਂ ਹੈ। ਅਕਾਸ਼, ਚੰਦ, ਸੂਰਜ, ਤਾਰੇ, ਹਵਾ, ਬਨਾਸਪਤੀ ਚੰਦਨ ਦੇ ਬੂਟਿਆਂ ਦੀ ਸੁਗੰਧੀ ਧੂਪ ਬਣਕੇ ਰਾਤ ਦਿਨ ਉਸ ਪ੍ਰਭੂ ਦੀ ਆਰਤੀ ਕਰ ਰਹੇ ਹਨ। ਕਿਸੇ ਮਨੁੱਖ ਨੂੰ ਕਿਸੇ ਗ੍ਰੰਥੀ ਨੂੰ ਧੂਪ ਦੀਪ ਜੋਤ ਜਗਾ ਕੇ ਆਰਤੀ ਕਰਨ ਦੀ ਬਿਲਕੁਲ ਲੋੜ ਨਹੀਂ ਹੈ। ਜਦੋਂ ਅਖੰਡ ਪਾਠ ਹੋ ਰਹੇ ਹੁੰਦੇ ਹਨ ਤਾਂ ਉਸ ਵੇਲੇ ਗੁਰੂ ਜੀ ਕਹਿੰਦੇ ਹਨ ਕਿ ਇਹਨਾਂ ਧੂਪਾਂ ਦੀਪਾਂ ਦੀ ਕੋਈ ਲੋੜ ਨਹੀਂ ਹੈ। ਉਸਦੀ ਆਰਤੀ ਤਾਂ ਰਾਤ ਦਿਨ ਆਪਣੇ ਆਪ ਸਦਾ ਹੋ ਰਹੀ ਹੈ। ਹੁਣ ਭਗਤ ਰਵਿਦਾਸ ਜੀ ਕਹਿ ਰਹੇ ਹਨ ਨਾਮੁ ਤੇਰੋ ਆਰਤੀ ਮਜਨੁ ਮੁਰਾਰੇ, ਹੇ ਪ੍ਰਭੂ ਹੇ ਗੁਰੂ ਜੀ ਤੇਰਾ ਨਾਮ ਹੀ ਮੇਰੇ ਵਾਸਤੇ ਆਰਤੀ ਹੈ। ਤੇਰਾ ਨਾਮ ਹੀ ਮੇਰੇ ਵਾਸਤੇ ਤੀਰਥ ਇਸ਼ਨਾਨ ਹੈ। ਪੰਜਵੇਂ ਪਾਤਸ਼ਾਹ ਦਾ ਸ਼ਬਦ, "ਤੀਰਥ ਨਾਵਣ ਜਾਉ ਤੀਰਥ ਨਾਮ ਹੈ ॥" ਭਾਵ ਤੇਰਾ ਨਾਮ ਹੀ ਮੇਰੇ ਵਾਸਤੇ ਤੀਰਥ ਇਸ਼ਨਾਨ ਹੈ। ਅੱਗੇ ਕਹਿੰਦੇ ਹਨ ਪ੍ਰਭੂ ਦੇ ਨਾਮ ਤੋਂ ਬਿਨਾ ਜੋ ਵੀ ਪਸਾਰੇ ਹਨ, ਅਡੰਬਰ ਹਨ ਸਾਰੇ ਦੇ ਸਾਰੇ ਝੂਠੇ ਹਨ। ਤੇਰਾ ਨਾਮ ਹੀ ਆਸਣ ਹੈ, ਤੇਰਾ ਨਾਮ ਹੀ ਚੰਦਨ ਰਗੜਨ ਵਾਲੀ ਸਿੱਲ ਹੈ, ਤੇਰਾ ਨਾਮ ਹੀ ਕੇਸਰ ਹੈ, ਪਾਣੀ ਹੈ, ਹੋਰ ਕਿਸੇ ਪਾਣੀ ਦੇ (ਕੁੰਭ) ਘੜੇ

ਦੀ ਲੋੜ ਨਹੀਂ ਹੈ। ਤੇਰਾ ਨਾਮ ਹੀ ਚੰਦਨ ਹੈ ਤੇਰਾ ਨਾਮ ਹੀ ਦੀਵਾ ਹੈ। ਹੋਰ ਕਿਸੇ ਦੀਵੇ ਜੋਤ ਦੀ ਲੋੜ ਨਹੀਂ ਹੈ। ਤੇਰਾ ਨਾਮ ਹੀ ਵਟੀ ਹੈ, ਹੋਰ ਕਿਸੇ ਵੱਟੀ ਦੀ ਲੋੜ ਨਹੀਂ। ਤੇਰਾ ਨਾਮ ਹੀ ਤੇਲ ਹੈ। ਜਗਦੀ ਜੋਤ ਤੇਰਾ ਨਾਮੁ ਗੁਰਬਾਣੀ ਹੀ ਹੈ, ਜਿਹੜੀ ਜਦੋਂ ਬੰਦੇ ਅੰਦਰ ਚਾਨਣ ਕਰਦੀ ਹੈ ਤਾਂ ਅੰਦਰ ਦੇ ਹਨੇਰੇ (ਅਗਿਆਨ) ਦੂਰ ਹੋ ਜਾਂਦੇ ਹਨ। ਧਾਗਾ, ਫੁੱਲ ਮਾਲਾ ਦੀ ਲੋੜ ਨਹੀਂ ਹੈ ਕਿਉਂਕਿ ਬਨਸਪਤੀ ਦੇ ਸਾਰੇ ਫੁੱਲ ਜੂਠੇ ਹਨ। ਇਹ ਜੂਠੇ ਫੁੱਲ ਤੇਰੀ ਪੂਜਾ ਵਾਸਤੇ ਨਹੀਂ ਚੜ੍ਹਾਏ ਜਾ ਸਕਦੇ। ਤੇਰਾ ਹੀ ਬਣਾਇਆ ਹੋਇਆ ਤੇਰੇ ਅੱਗੇ ਕੀ ਰੱਖਾਂ। ਤੇਰੇ ਨਾਮ ਦਾ ਹੀ ਚਵਰ ਤੇਰੇ ਉਪਰ ਝੁਲਾਵਾਂਗਾ। 18 ਪੁਰਾਣ ਅਤੇ 68 ਤੀਰਥ ਵੀ ਤੇਰੇ ਨਾਮ ਦੀ ਬਰਾਬਰੀ ਨਹੀਂ ਕਰ ਸਕਦੇ। ਅਖੀਰ ਵਿਚ ਬਚਨ ਕਰਦੇ ਹਨ ਤੇਰਾ ਨਾਮ ਬਾਣੀ ਹੀ ਤੇਰੀ ਆਰਤੀ ਹੈ। ਤੇਰੇ ਸਦਾ ਕਾਇਮ ਰਹਿਣ ਵਾਲੇ ਨਾਮ ਦਾ ਹੀ ਭੋਗ ਮੈਂ ਤੈਨੂੰ ਲਾਉਂਦਾ ਹਾਂ। ਹੋਰ ਕਿਸੇ ਦੀਵੇ, ਜੋਤ ਆਰਤੀ ਦੀ ਬਿਲਕੁੱਲ ਲੋੜ ਨਹੀਂ ਹੈ। (ਕੇਵਲ ਬਾਣੀ ਦੇ ਸ਼ਬਦ ਪੜ੍ਹੇ ਜਾ ਸਕਦੇ ਹਨ ਕੋਈ ਦੀਵਾ ਨਹੀਂ ਜਗਾਇਆ ਜਾ ਸਕਦਾ) ਆਉ ਜੀ ਹੁਣ ਭਗਤ ਸੈਣ ਜੀ ਦੇ ਸਬਦ ਨੂੰ ਸਮਝੀਏ ਅਤੇ ਅੱਗੇ ਵਾਸਤੇ ਇਹ ਹੁਕਮ ਮੰਨ ਕੇ ਹੀ ਮਰਿਯਾਦਾ ਵਿਚ ਰਹੀਏ। ਗੁਰੂ ਦਾ ਹੁਕਮ ਹੀ ਮਰਿਯਾਦਾ ਹੈ। ਸੋ ਵਿਚਾਰ ਕਰੀਏ ਇਥੇ ਭਗਤ ਸ੍ਰੀ ਸੈਣ ਜੀ ਫੁਰਮਾਉਂਦੇ ਹਨ ਧੂਪ, ਦੀਪ ਘ੍ਰਿਤ ਸਾਜਿ ਆਰਤੀ ॥ ਵਾਰਨੇ ਜਾਉ ਕਮਲਾਪਤੀ ॥ ਹੇ ਮਾਲਕ ਪ੍ਰਭੂ, ਹੇ ਗੁਰੂ ਜੀ ਮੈਂ ਤੇਰੇ ਤੋਂ ਬਲਹਾਰ ਜਾਵਾਂ. ਭਾਵ ਤੇਰੇ ਤੋਂ ਬਲਹਾਰ ਜਾਣਾ ਹੀ ਤੇਰੀ ਧੂਪ, ਦੀਪ, ਘਿਉ ਆਦਿ ਇਕਠੇ ਕਰਕੇ ਤੇਰੀ ਆਰਤੀ ਹੈ। ਹੋਰ ਕਿਸੇ ਧੂਪ ਦੀਵੇ, ਘਿਉ, ਵੱਟੀ ਦੀ ਲੋੜ ਬਿਲਕੁਲ ਨਹੀਂ ਹੈ। ਤੈਥੋਂ ਬਲਿਹਾਰ ਜਾਣਾ ਹੀ ਤੇਰੀ ਆਰਤੀ ਹੈ। **"ਮੰਗਲਾ ਹਰਿ ਮੰਗਲਾ ॥" ਨਿਤ ਮੰਗਲ ਰਾਜਾ ਰਾਮ ਰਾਇ ਕੋ ॥੧॥ ਰਹਾਉ॥** ਸ਼ਬਦ ਦਾ ਕੇਂਦਰੀ ਭਾਵ ਇਸ ਬਚਨ ਵਿਚ ਹੈ ॥ਰਹਾਉ॥ **ਉਤਮ ਦੀਅਰਾ ਨਿਰਮਲ ਬਾਤੀ ॥ ਤੂੰਹੀ ਨਿਰੰਜਨ ਕਮਲਾਪਾਤੀ ॥** ਹੇ ਪ੍ਰਭੂ ਹੇ ਗੁਰੂ ਤੂੰ ਹੀ ਮੇਰੇ ਅੰਦਰਲੇ ਹਨੇਰੇ ਖੂਹ ਵਿਚ ਚਾਨਣ ਕਰਨ ਵਾਲਾ ਉਤਮ ਸਰੇਸ਼ਟ ਦੀਵਾ ਹੈ। ਨਿਰਮਲ ਬੱਤੀ ਵੀ ਤੂੰ ਹੀ ਹੈ। ਜਿਹੜੀ ਬੱਤੀ ਰੂੰਅ ਘਿਉ ਦੀ ਬਣੀ ਹੈ ਉਹ ਮੈਲੀ ਹੈ ਕੀੜੀਆਂ ਵੀ ਚੰਬੜੀਆਂ ਹਨ। ਉਹ ਨਿਰਮਲ ਵੱਟੀ ਵੀ ਤੂੰ ਹੀ ਹੈ। ਹੋਰ ਕਿਸੇ ਘਿਉ ਵਾਲੇ ਦੀਵੇ ਅਤੇ ਰੂੰਅ ਵਾਲੀ ਵੱਟੀ ਦਾ ਇਥੇ ਭਗਤ ਜੀ ਨੇ ਕੋਈ ਜਿਕਰ ਨਹੀਂ ਕੀਤਾ ਕਿਉਂਕਿ ਇਸ ਘਿਉ ਵਾਲੇ ਦੀਵੇ ਅਤੇ ਰੂੰਅ ਵਾਲੀ ਵੱਟੀ ਦੀ ਗੁਰੂ ਜੀ ਦੀ ਹਜੂਰੀ ਵਿਚ ਕੋਈ ਲੋੜ ਨਹੀਂ ਹੈ। ਭਗਤ ਜੀ ਕਹਿੰਦੇ ਹਨ ਜੋ ਮਨੁੱਖ ਸਾਰੇ ਥਾਈ ਰਮੇ ਵਸਦੇ ਪ੍ਰਮਾਤਮਾ ਦਾ ਨਾਮ ਜਪਦਾ ਹੈ ਉਸਦੇ ਗੁਣ ਗਾਉਂਦਾ ਹੈ ਉਹ ਪ੍ਰਮਾਤਮਾ ਦੀ ਭਗਤੀ ਦੀ ਬਰਕਤ ਨਾਲ ਉਸਦੇ ਮਿਲਾਪ ਦਾ ਅਨੰਦ ਮਾਣਦਾ ਹੈ। ਭਗਤ ਸੈਣ ਜੀ ਆਖਦੇ ਹਨ, ਹੇ ਮਨਾ ਉਸ ਪਰਮਾਨੰਦ ਪਰਮਾਤਮਾ ਦਾ ਨਾਮ ਜਪ ਜੋ ਸੋਹਣੇ ਰੂਪ ਵਾਲਾ ਹੈ ਅਤੇ ਸੰਸਾਰ ਦੇ ਡਰਾਂ ਤੋਂ ਮੁਕਤ ਕਰ ਦਿੰਦਾ ਹੈ। ਜੋ ਸਾਰੀ ਸ੍ਰਿਸ਼ਟੀ ਦੀ ਪਾਲਣਾ ਕਰਨ ਵਾਲਾ ਹੈ। ਭਗਤ

ਜੀ ਆਖਦੇ ਹਨ (ਸੈਣ ਆਖਦਾ ਹੈ) ਮੈਂ ਤਾਂ ਹੋਰ ਸਭ ਕੁਝ ਛੱਡ ਕੇ ਪਰਮਾਨੰਦ (ਪ੍ਰਮਾਤਮਾ) ਨੂੰ ਹੀ ਸਿਮਰਦਾ ਰਹਾਂਗਾ।

ਹੁਣ ਗੁਰੂ ਜੀ ਨੂੰ ਹਾਜਰ ਨਾਜਰ ਜਾਣ ਕੇ ਸਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਭਗਤ ਸੈਣ ਜੀ ਦੇ ਇਸ ਸ਼ਬਦ ਵਿਚ ਬਿਲਕੁਲ ਸਪੱਸ਼ਟ ਹੈ ਕਿ **"ਗੁਰੂ ਗਰੰਥ ਸਾਹਿਬ ਜੀ"** ਦੇ ਪਾਠ ਸਮੇਂ ਕੋਈ ਜੋਤ ਨਹੀਂ ਰੱਖਣੀ. ਕੋਈ ਕੁੰਭ ਨਾਰੀਅਲ, ਮੌਲੀ ਆਦਿ ਦੀ ਬਿਲਕੁਲ ਕੋਈ ਲੋੜ ਨਹੀਂ।

ਸੋ ਸਤਿਕਾਰਯੋਗ ਜੀਓ, ਗੁਰਬਾਣੀ ਅਗਾਧ ਬੋਧ ਹੈ ਭਾਵ ਅਰਥ ਨੂੰ ਗੁਰਮਤਿ ਦੇ ਸਿਧਾਂਤ ਨੂੰ ਮੁੱਖ ਰੱਖਿਆਂ ਤੋਂ ਬਿਨਾਂ ਅਰਥ ਹੋ ਹੀ ਨਹੀਂ ਸਕਦੇ, ਨਾ ਹੀ ਕਰਨੇ ਚਾਹੀਦੇ ਹਨ। ਗੁਰ ਫੁਰਮਾਨ ਹੈ "ਪੜਿਐ ਨਾਹੀ ਭੇਦ ਬੁਝਿਆ ਪਾਵਣਾ"॥ ਕੇਵਲ ਪੜੀ ਜਾਣ ਨਾਲ ਕੁਝ ਨਹੀਂ ਹੋਣਾ, ਬੁੱਝਣਾ ਸਮਝਣਾ ਪੈਂਣਾ ਹੈ। ਗੁਰੂ ਸਾਹਿਬ ਮਿਹਰ ਕਰਨ ਤਾਂ ਹੀ ਸਮਝਿਆ ਜਾ ਸਕਦਾ ਹੈ।

ਕੁੰਭ, ਜੋਤ, ਨਾਲੀਏਰ,
ਮੌਲੀ ਸਬੰਧੀ ਪਾਏ ਜਾ ਰਹੇ ਭੁਲੇਖਿਆਂ ਦੇ ਉਤਰ:

1 ਪ੍ਰਸ਼ਨ : ਇਹ ਉਕਤ ਚੀਜਾਂ ਕਿਉਂ ਨਹੀਂ ਰੱਖੀਦੀਆਂ?

ਉਤਰ : ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿਚ ਕਰਤੇ ਦੇ ਸਾਹਮਣੇ ਕ੍ਰਿਤ (ਭਾਵ ਜੋਤ, ਨਲੀਏਰ, ਕੁੰਭ, ਮੌਲੀ) ਦੀ ਪੂਜਾ ਨਹੀਂ ਹੋ ਸਕਦੀ। ਜਿਹੜਾ ਧਿਆਨ ਜੋਤ, ਘਿਉ ਪਾਉਣ ਵਿਚ ਲਾਉਣਾ ਹੈ ਉਸ ਧਿਆਨ ਨਾਲ ਜਨਮਾਂ-ਜਨਮਾਂ ਦੇ ਪਾਪਾਂ ਦੀ ਮੈਲ ਧੋ ਦੇਣ ਵਾਲਾ ਨਾਮ ਗੁਰਬਾਣੀ ਸੁਨਣੀ ਚਾਹੀਦੀ ਹੈ।

ਪ੍ਰਸ਼ਨ : ਕੀ ਜਿਸ ਦਿਨ ਬਾਬਾ ਬੁੱਢਾ ਜੀ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ 2 ਤਲਵਾਰਾਂ ਮੀਰੀ ਦੀ ਤੇ ਪੀਰੀ ਦੀ ਪਹਿਨਾਈਆਂ ਸਨ ਨਾਲ ਨਲੀਏਰ ਨਹੀਂ ਸੀ ਦਿਤਾ ?

ਉਤਰ : ਵੀਰ ਜੀ ਇਸਦਾ ਹਵਾਲਾ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਹੈ। ਜੋ ਇਤਿਹਾਸ ਹੈ ਉਸ ਵਿਚ ਲਿਖਤਾਂ ਆਪਸ ਵਿਚ ਮੇਲ ਨਹੀਂ ਖਾਂਦੀਆਂ। ਪਰ ਸਿੰਘ ਦੀ ਰਹਿਤ ਬਾਰੇ ਰਹਿਤਨਾਮਿਆਂ ਵਿਚ ਬਚਨ ਮਿਲਦੇ ਹਨ ਕਿ ਪੰਜ ਕਕਾਰ ਅੰਮ੍ਰਿਤ ਛਕਾਉਣ ਵੇਲੇ ਗੁਰੂ ਦਸਵੇਂ ਪਾਤਸ਼ਾਹ ਨੇ ਸਾਰੇ ਸਿੰਘਾਂ ਨੂੰ ਬਖਸ਼ੇ ਕੇਸ, ਕਿਰਪਾਨ, ਕੰਘਾ ਕਛਿਹਰਾ ਤੇ ਕੜਾ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਬਖਸ਼ਿਸ਼ਾਂ ਕਰ ਦਿੱਤੀਆਂ। ਹੁਣ ਵਿਚਾਰ ਕਰੀਏ ਜੇ ਨਲੀਏਰ ਸਿੰਘਾਂ ਵਾਸਤੇ ਜਰੂਰੀ ਹੁੰਦਾ ਤਾਂ ਇਸ ਨੂੰ ਵੀ ਹਰ ਵੇਲੇ ਕਿਰਪਾਨ ਵਾਂਗੂੰ ਗਲ ਵਿਚ ਜਾਂ ਜੇਬ ਵ੍ਰਿਚ ਪਵਾਇਆ ਹੁੰਦਾ। ਪਰ ਸਤਿਗੁਰਾਂ ਨੇ ਨਲੀਏਰ ਰੱਖਣ ਵਾਸਤੇ ਕਿਤੇ ਨਹੀਂ ਕਿਹਾ। ਜਦੋਂ ਸਿੰਘ ਜੰਗ ਵਿਚ ਜਾਂਦੇ ਸੀ ਤਲਵਾਰਾਂ, ਭਾਲੇ ਖੰਡੇ ਬੂੰਦਕਾਂ ਲੈ ਕੇ ਜਾਂਦੇ ਸੀ ਕਦੇ ਕਿਸੇ ਸਿੰਘ ਨੇ ਨਲੀਏਰ ਲੈ ਕੇ ਲੜਾਈ ਨਹੀਂ ਕੀਤੀ ਜਾਂ ਕਿਸੇ ਨੂੰ ਨਲੀਏਰ ਮਾਰ ਕੇ ਮਾਰਿਆ ਨਹੀ। ਕਿਸੇ ਰਹਿਤਨਾਮੇ ਵਿਚ ਨਲੀਏਰ ਦਾ ਕੋਈ ਜਿਕਰ ਨਹੀਂ ਹੈ।

ਪ੍ਰਸ਼ਨ: ਕੀ ਜਦੋਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਵੇਲੇ ਨਲੀਏਰ ਨਹੀਂ ਸੀ ਦਿੱਤਾ ।

ਉਤਰ : ਇਸ ਬਾਰੇ ਵੀ ਪੁਰਾਤਨ ਲਿਖਤਾਂ ਆਪਸ ਵਿਚ ਮੇਲ ਨਹੀਂ ਖਾਂਦੀਆਂ। ਪਰ ਜੇ ਹੋਵੇ ਵੀ ਤਾਂ ਸਮਝੋ ਕਿ ਇਕ ਲੜਕੇ ਲੜਕੀ ਨੂੰ ਵਿਆਹ ਛੁਹਾਰੇ ਵਾਲੇ ਦਿਨ ਜੋ ਚੀਜਾਂ ਸ਼ਗਨ ਵਿਚ ਦਿੱਤੀਆਂ ਜਾਂਦੀਆਂ ਹਨ ਉਹ ਉਹਨਾਂ ਨੂੰ ਮੁੜ ਜਿੰਦਗੀ ਵਿਚ ਦੂਜੀ ਵਾਰ ਕਿਤੇ ਵੀ ਨਹੀਂ ਦਿੱਤੀਆਂ ਜਾਂਦੀਆਂ । ਇਸ ਕਰਕੇ ਵਾਰ ਵਾਰ ਗੁਰੂ ਦੇ ਅੱਗੇ ਨਲੀਏਰ ਰੱਖਣ ਦਾ ਕੋਈ ਮਤਲਬ ਨਹੀਂ ਹੈ । ਜੁਗੋ ਜੁੱਗ ਅਟੱਲ ਗੁਰੂ ਗਰੰਥ ਸਾਹਿਬ ਜੀ ਨੂੰ ਸਦਾ ਵਾਸਤੇ ਗੁਰਗੱਦੀ ਮਿਲੀ ਹੈ । ਹੁਣ ਭਲਾਂ ਜੇ ਨਾਰੀਅਲ ਹੋਣੋ ਹੀ ਹੱਟ ਜਾਣ ਤਾਂ ਕੀ ਫਿਰ ਨਲੀਏਰ ਦੀ ਫੋਟੋ ਰੱਖੋਗੇ ?

ਦੇਹਧਾਰੀ ਗੁਰੂ ਡੰਮ

ਭਾਦੋਂ ਮਹੀਨੇ ਦੀਆਂ ਖੁੰਭਾ ਦੀ ਤਰ੍ਹਾਂ ਫੈਲਿਆ ਗੁਰੂ ਡੰਮ ਅੱਜ ਸਿੱਖ ਕੌਮ ਦੇ ਸਾਹਮਣੇ ਬਹੁਤ ਵੱਡੀ ਚਣੌਤੀ ਹੈ। ਇਸ ਬਾਰੇ ਖੋਜ ਭਰਪੂਰ ਜਾਣਕਾਰੀ ਪੁਸਤਕ 'ਸੰਤਾਂ ਦੇ ਕੌਤਕ' ਦੇ ਦੂਸਰੇ ਭਾਗ ਵਿਚ ਪੜ੍ਹੋ। ਗੁਰੂ ਤਾਂ ਇਕ ਸਮੇ ਇਕ ਹੀ ਹੁੰਦਾ ਹੈ। "ਗੁਰੂ ਗਰੰਥ ਸਾਹਿਬ" ਜੀ ਨੂੰ ਸਦਾ ਵਾਸਤੇ ਗੁਰਗੱਦੀ ਦਸਮ ਪਾਤਸ਼ਾਹ ਨੇ ਸੌਂਪ ਦਿੱਤੀ। ਇਹ ਬਣਾਵਟੀ ਗੁਰੂ ਕੋਈ ਕਿਤੇ ਬਿਆਸਾ ਗੱਦੀ ਲਾਈ ਬੈਠਾ ਹੈ, ਕੋਈ ਆਰਾਰੇ, ਕੋਈ ਢੇਸੀਆਂ ਗੱਦੀ ਲਾਈ ਬੈਠਾ ਹੈ ਕੋਈ ਦਿੱਲੀ ਕੋਈ ਨੂਰਮਹਿਲ, ਕੋਈ ਭਨਿਆਰੇ, ਕੋਈ ਭੈਣੀ । ਜੇ ਗੁਰਗੱਦੀਆਂ ਢੇਰ ਸਾਰੀਆਂ ਹੁੰਦੀਆਂ ਤਾਂ ਦਸਮ ਪਾਤਸ਼ਾਹ ਨੂੰ ਲੋੜ ਨਹੀ ਸੀ ਧੀਰ ਮੱਲੀਆਂ, ਰਾਮ ਰਾਈਆਂ, ਵਡਭਾਗੂਆਂ, ਅੱਡਣਸ਼ਾਹੀਆਂ, ਨਿਰਮਲਿਆਂ, ਕੂਕਿਆ ਨੂੰ ਨਾਰਾਜ ਕਰਨ ਦੀ ਸਾਰਿਆਂ ਨੂੰ ਹੀ ਇੱਕ ਇੱਕ ਗੱਦੀ ਵੰਡ ਦਿੰਦੇ। ਸ਼ਖਸ਼ੀ ਪੂਜਾ ਸਦਾ ਵਾਸਤੇ ਬੰਦ ਕਰਕੇ ਗੁਰੂ ਨੇ ਗੁਰਬਾਣੀ ਗੁਰੂ ਦੇ ਲੜ ਲਾ ਦਿੱਤਾ ਇਹ ਬਚਨ ਕਹੇ, ਆਗਿਆ ਭਈ ਅਕਾਲ ਕੀ ਤਬੈ ਚਲਾ ਇਓ ਪੰਥ। ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗਰੰਥ। ਤੀਨ ਰੂਪ ਹੈਂ ਮੋਹਿ ਕੇ ਸੁਨਹੁ ਨੰਦ ਚਿਤ ਲਾਇ ।

ਨਿਰਗੁਣ ਸਰਗੁਣ ਗੁਰਸ਼ਬਦ ਕਹੂੰ ਤੋਹਿ ਸਮਝਾਇ ॥

ਸੁਲ੍ਹਾਕੁਲ ਜਲੰਧਰ ਵਾਲਾ ਮਹਾਂਰਾਜ

ਹੁਣ ਤਾਂ ਸਾਰੇ ਮਹਾਂਰਾਜ ਹੀ ਜੰਮਦੇ ਹਨ। ਇਹ ਆਪਣੇ ਆਪ ਨੂੰ ਤ੍ਰਿਲੋਕੀ ਦਾ ਮਾਲਕ ਮਹਾਂਰਾਜ ਦੱਸਦਾ ਹੈ । ਸਾਰਿਆਂ ਨਾਲ ਸੁਲ੍ਹਾ ਦਾ ਇਸਦਾ ਦਾਅਵਾ ਹੈ। ਨਸ਼ੇ ਸਿਗਰਟਾਂ ਦੀ ਕੋਈ ਮਨਾਹੀ ਨਹੀਂ ਹੈ । ਜਨਮ ਦਿਨ ਮਨਾਉਂਦੇ ਸਮੇ ਖੂਬ ਰੰਗ ਤਮਾਸ਼ੇ ਕਰ ਰਿਹਾ ਹੈ । ਇਸਦੀ ਇਕ ਕਿਤਾਬ (ਅਮਰ ਚੰਦਰਕਾ, ਹੈ ਉਹ ਮੇਰੇ ਕੋਲ ਨਹੀ ਆਈ ਇਕ ਡੇਰਾ ਰਾਮਪੁਰ ਝੀਤੇ ਕੋਲ ਹੈ ਇਕ ਡੇਰਾ ਤਰਨ ਤਾਰਨ ਵੀ ਹੈ ਐਤਵਾਰ ਵਾਲੇ ਦਿਨ ਇਥੇ ਲੋਕ ਆਉਂਦੇ ਹਨ ਇਸਦੀ ਪੂਰੀ ਡਿਟੇਲ

ਦੀ ਅਜੇ ਸਿੱਖ ਸੰਗਤਾਂ ਨੂੰ ਉਡੀਕ ਕਰਨੀ ਪਵੇਗੀ ।

ਨੋਟ-ਵਡਭਾਗ ਸਿੰਘੀਆ ਸੰਤ ਸਵਰਨਜੀਤ ਸਿੰਘੀਆ

ਬਾਰੇ ਵੀ ਬਹੁਤਾ ਵਿਸਥਾਰ ਨਹੀ ਦੇ ਸਕਿਆ, ਸੰਗਤ ਨਾਲ ਕੀਤਾ ਵਾਅਦਾ ਪੂਰਾ ਨਹੀ ਕਰ ਸਕਿਆ ਉਡੀਕ ਕਰੋ ਜੀ । ਸਾਰੀ ਡਿਟੇਲ ਤੁਹਾਡੇ ਸਮਸਤ ਪੇਸ਼ ਕਰ ਦਿਆਂਗੇ ।

ਸੰਤ ਲਬਰੀਰ ਸਿੰਘ ਰਤਵਾੜੇ ਵਾਲਾ

ਇਸਦਾ ਜ਼ਿਕਰ ਪਹਿਲੀਆਂ ਪੁਸਤਕਾਂ ਵਿਚ ਵੀ ਤੁਸੀਂ ਪੜ੍ਹ ਆਏ ਹੋ ਕਿ ਪਹਿਲਾਂ ਗੱਲਾਂ ਹੋਰ ਸੀ ਬਾਅਦ ਵਿਚ ਹੋਰ ਹੁੰਦੀਆਂ ਗਈਆਂ ਜਲਦੀ ਜਲਦੀ ਇਹਨਾਂ ਤਰੱਕੀ ਕੀਤੀ ਭਾਈ ਤੋਂ ਸੰਤ ਬਣ ਗਿਆ ਕਈ ਸਾਲ ਪਹਿਲਾਂ ਇਥੇ ਪਿੰਡ ਦੇ ਸਿੰਘਾਂ ਨੇ ਇਸਦਾ ਪੰਜ ਰੋਜ਼ਾ ਦੀਵਾਨ ਇਥੇ ਰਖਵਾਇਆ ਕਾਫੀ ਲੋਕ ਆਏ । ਸੰਗਤਿ ਹੋਰ ਹੁੰਦੀ ਹੈ ਲੋਕ ਹੋਰ ਹੁੰਦੇ ਹਨ ਸ਼ਾਇਦ ਆਪ ਸਮਝ ਗਏ ਹੋਵੋਗੇ ਜਿਥੇ ਕੇਵਲ ਸਟੇਜਾਂ ਤੇ ਸਾਧਾਂ ਦੀਆਂ ਸਿਫਤਾਂ ਸੰਤਾਂ ਦੇ ਸਤਿਕਾਰ ਦੀ ਗੱਲ ਹੋਵੇ ਉਥੇ ਲੋਕ ਕਹਿਣਾ ਚਾਹੀਦਾ ਹੈ । ਜਿਥੇ ਕੇਵਲ ਗੁਰਬਾਣੀ ਗੁਰੂ ਗੁਰਮਤਿ ਸਿਧਾਂਤ ਤੱਤ ਸੱਚ ਦੀ ਗੱਲ ਹੋ ਰਹੀ ਹੋਵੇ ਉਹ ਸੰਗਤਿ ਹੈ । ਬਹੁਤ ਵੱਡਾ ਪੰਡਾਲ ਲੱਗ ਗਿਆ । ਗੇਟ ਬਣ ਗਿਆ । ਗੇਟ ਦੇ ਇਕ ਪਾਸੇ ਬਾਬੇ ਦੀਆਂ ਕਿਤਾਬਾਂ ਦਾ ਸਟਾਲ ਲੱਗਾ ਹੋਇਆ ਸੀ ਗੇਟ ਦੇ ਦੂਜੇ ਪਾਸੇ ਸਿੱਖ ਮਿਸ਼ਨਰੀ ਕਾਲਜ ਦਾ ਸਟਾਲ ਲੱਗਾ ਹੋਇਆ ਸੀ । ਈਰਖਾ ਦਾ ਮਾਰਿਆ ਸਾਧ ਆਪਣੇ ਇਕ ਚੇਲੇ ਨੂੰ ਕਹਿੰਦਾ ਇਹ ਮਿਸ਼ਨਰੀ ਸਟਾਲ ਕਿਸਨੇ ਲਵਾਇਆ ਹੈ ? ਦੀਵਾਨ ਮੇਰਾ ਹੈ ਇਹ ਮਿਸ਼ਨਰੀ ਸਟਾਲ ਇਥੇਕੀ ਲੈਣ ਆ ਗਿਆ ? ਉਸੇ ਚੇਲੇ ਨੇ ਮੈਨੂੰ ਦੱਸ ਦਿਤਾ ਹੈ ਕਿ ਬਾਬਾ ਮਿਸ਼ਨਰੀ ਸਟਾਲ ਚੁੱਕਣ ਵਾਸਤੇ ਕਹਿ ਰਿਹਾ ਹੈ ਮੈਂ ਕਿਹਾ ਬਾਬੇ ਨੂੰ ਇਹ ਪੁੱਛੋ ਕਿ ਉਹ ਇਥੇ ਦੀਵਾਨ ਲਾਉਣ ਆਇਆ ਹੈ ਕਿ ਗੁਰਦੁਆਰਾ ਬੈਅ ਕਰਵਾ ਲਿਆ ਇਹਨੇ । ਜੇ ਅਸੀਂ ਬਾਬੇ ਦੇ ਸਟਾਲ ਤੇ ਕੋਈ ਇਤਰਾਜ ਨਹੀਂ ਕੀਤਾ ਤਾਂ ਬਾਬੇ ਨੂੰ ਮਿਸ਼ਨਰੀ ਸਟਾਲ ਤੇ ਇਤਰਾਜ ਕਿਉਂ ? ਕਹਿੰਦੇ ਨਹੀਂ । ਬਾਬਾ ਕਹਿੰਦਾ ਇਹ ਮਿਸ਼ਨਰੀ ਸਟਾਲ ਇਥੋਂ ਚੁਕਵਾ ਦਿਉ । ਮੈਂ ਕਿਹਾ ਫਿਰ ਮੈਂ ਮਿਸ਼ਨਰੀ ਸਟਾਲ ਤੇ ਜਾ ਕੇ ਬਹਿੰਦਾ ਹਾਂ ਜਿੰਨੇ ਚੁਕਵਾਉਣਾ ਉਥੇ ਆ ਜਾਵੇ । ਪਰ ਫਿਰ ਉਥੇ ਕਿਸੇ ਨੇ ਵੀ ਮਿਸ਼ਨਰੀ ਸਟਾਲ ਚੁਕਵਾਉਣ ਦਾ ਨਾਂ ਨਾਹ ਲਿਆ । ਫੋਕਾ ਸਾਧ ਵਾਧ ਜਿਹਨਾਂ ਦੀਆਂ ਕਿਤਾਬਾਂ ਵਿਚ ਮਨਘੜ੍ਹਤ ਝੂਠੀਆਂ ਕਹਾਣੀਆਂ ਲਿਖੀਆ ਹੋਈਆਂ ਹਨ ਜਿਨ੍ਹਾਂ ਸਾਧਾਂ ਨੇ ਆਪਣੀਆਂ ਸਿਫਤਾਂ ਲਿਖਣ ਅਤੇ ਲਿਖਵਾਉਣ ਤੇ ਸਾਰਾ ਜੋਰ ਲਾ ਦਿੱਤਾ ਸਿੱਖ ਕੌਮ ਦੀ ਬੇੜੀ ਇਹਨਾਂ ਮੰਝਧਾਰ ਵਿਚ ਡੋਬ ਦਿੱਤੀ । ਜਿਨ੍ਹਾਂ ਸਾਧਾਂ ਨੇ ਕਦੇ ਵੀ ਆਪਣੇ ਆਪ ਨੂੰ ਗੁਰੂ ਪੰਥ ਦਾ ਅੰਗ ਨਾ ਮੰਨਿਆਂ ਹਮੇਸ਼ਾਂ ਵੰਡੀਆਂ ਵਖਰੇਵੇਂ ਪਾਏ ਉਹਨਾਂ ਦੀਆਂ ਕਿਤਾਬਾਂ ਇਹ ਲਈ ਫਿਰਦੇ ਹਨ ਪਰ ਜਿਨ੍ਹਾਂ ਗੁਰਸਿੱਖਾਂ ਨੇ ਕਦੇ

ਵੀ ਗਿਆਨੀ ਅੱਖਰ ਵੀ ਆਪਣੇ ਨਾਮ ਨਾਲ ਨਾ ਲਾਇਆ ਸਦਾ ਗੁਰੂ ਪੰਥ ਦਾ ਅੰਗ ਬਣ ਕੇ ਰਹੇ ਗੁਰਮਤਿ ਵਿਚਾਰਧਾਰਾ ਲਿਖ ਬੋਲ ਕੇ ਪ੍ਰਚਾਰੀ ਉਹਨਾਂ ਨੂੰ ਇਹ ਸਾਧ ਵੇਖਣਾ ਨਹੀਂ ਮੰਗਦੇ ।

ਸਟੇਜ ਤੇ ਇਕ ਸਿੱਖ ਬੀਬੀ ਨੇ ਧਾਰਮਿਕ ਲੈਕਚਰ ਦੇਣ ਵਾਸਤੇ ਟਾਈਮ ਮੰਗਿਆ ਬਾਬਾ ਪਹਿਲਾਂ ਤਾਂ ਟਾਈਮ ਦੇਣ ਨੂੰ ਤਿਆਰ ਨਹੀਂ ਸੀ ਫਿਰ 10 ਮਿੰਟ ਦੇਣ ਵਾਸਤੇ ਮੰਨ ਗਿਆ । ਅਸੀਂ ਬੀਬੀ ਨੂੰ ਕਿਹਾ ਕਿ ਤੂੰ ਅੱਧਾ ਘੰਟਾ ਲਾਈਂ । ਇਹਨੇ ਸਾਧ ਨੇ ਸਟੇਜ ਬੈਅ ਤਾਂ ਨਹੀਂ ਕਰਵਾ ਲਈ । ਸੋ ਇਸ ਤਰ੍ਹਾਂ ਦੀ ਇਹਨਾਂ ਸਾਧਾਂ ਦੀ ਹਾਲਤ ਹੈ । ਸਮਝਣ ਦੀ ਲੋੜ ਹੈ । "ਜਾਗੋ ਜਾਗੋ ਸੂਤਿ ਹੋ".....॥

ਬਾਬਾ ਨਾਗਰ ਸਿੰਘ ਦਦੇਹਰ ਸਾਹਿਬ

ਜਦੋਂ ਅੰਮ੍ਰਿਤਧਾਰੀ ਗਰੰਥੀ ਸਿੰਘ ਵੀ ਜੋਤਸ਼ੀ ਬਣ ਗਏ । ਗੁਰੂ ਨੇ ਬੜੀਆਂ ਵੱਡੀਆਂ ਕੁਰਬਾਨੀਆਂ ਕਰਕੇ ਜਿਨ੍ਹਾਂ ਵਹਿਮਾਂ ਭਰਮਾਂ ਕਰਮ ਕਾਂਡਾਂ, ਭੁਲੇਖਿਆਂ, ਥਿਤੀਵਾਰਾਂ, ਜਾਦੂ ਮੰਤਰਾਂ, ਧਾਗੇ ਤਵੀਤਾਂ, ਟੇਵਿਆਂ, ਪੱਤਰੀਆਂ ਆਦਿ ਵਿਚੋਂ ਕੱਢਿਆ ਅੱਜ ਸਾਧ ਗਰੰਥੀ ਜੋਤਸ਼ੀ ਬਣ ਕੇ ਫਿਰ ਉਹੋ ਕੰਮ ਗੁਰਬਾਣੀ ਦੇ ਉਲਟ ਕਰ ਰਹੇ ਹਨ ਲੋਕਾਂ ਤੋਂ ਕਰਵਾ ਰਹੇ ਹਨ ਇਹ ਵਾਰਤਾ ਇਥੇ ਨੇੜੇ ਪਿੰਡ ਦਦੇਹਰ ਸਾਹਿਬ ਦੀ ਹੈ ਇਹ ਨਾਗਰ ਸਿੰਘ ਪਿੰਡ ਦਦੇਹਰ ਦਾ ਰਹਿਣ ਵਾਲਾ ਹੈ ਪਹਿਲਾਂ ਇਹ ਬੰਗਾਲ ਬਿਹਾਰ ਵੱਲ ਗੱਡੀਆਂ ਤੇ ਰਿਹਾ । ਗੱਡੀ ਸਿੱਖਣ ਦੇ ਨਾਲ ਨਾਲ ਇਹ ਜਾਦੂ ਮੰਤਰ ਵੀ ਸਿੱਖਦਾ ਰਿਹਾ । ਨਹਿਰ ਦੇ ਕੰਢੇ ਤੇ ਜਾ ਕੇ ਮੜ੍ਹੀਆਂ ਵਿਚ ਬੈਠਕੇ ਛਿਲੇ, ਚਾਲੀਸੇ ਕੱਢਦਾ ਰਿਹਾ । ਫਿਰ ਅਖੰਡਪਾਠੀ ਬਣ ਗਿਆ ਬਹੁਤ ਅਖੰਡ ਪਾਠ ਕੀਤੇ ਗੁਰਬਾਣੀ ਵਹਿਮਾਂ ਵਿਚੋਂ ਕੱਢਦੀ ਰਹੀਪਰ ਇਹ ਪਾਈ ਗਿਆ । ਇਸਦਾ ਇਕ ਲੜਕਾ ਟਹਿਲ ਸਿੰਘ ਟੋਪੀਧਾਰੀ ਹੈ ਮੋਹਾਲੀ ਪੰਡਤ ਬਣਿਆ ਹੋਇਆ ਹੈ ਇਹ ਦੋਵੇਂ ਪਿਉ ਪੁੱਤਰ ਟੇਵੇ ਪੱਤਰੀਆਂ ਖੋਲਣ ਦਾ ਕੰਮ ਕਰਕੇ ਚੰਗੀ ਕਮਾਈ ਕਰ ਰਹੇ ਹਨ । ਭੋਲੇ ਭਾਲੇ ਲੋਕਾਂ ਨੂੰ ਧਰਮ ਦੇ ਨਾਂ ਤੇ ਠੱਗਿਆ ਜਾ ਰਿਹਾ ਹੈ T.V. ਫਰਿੱਜਾਂ, ਮੋਟਸਾਈਕਲ ਆਦਿ ਦਾਨ ਕਰਨ ਵਾਸਤੇ ਕਿਹਾ ਜਾ ਰਿਹਾ ਹੈ । ਇਸੇ ਨੂੰ ਹੀ ਕਹਿੰਦੇ ਹਨ 'ਧਰਮ ਉਹਲੇ ਕੁਕਰਮ' ਅਤੇ 'ਉਲਟੀ ਵਾੜ ਖੇਤ ਕਉ ਖਾਈ।' ਜਿਹੜੀ ਵਾੜ ਖੇਤ ਨੂੰ ਖਾ ਰਹੀ ਹੈ । ਲੋਕਾਂ ਨੂੰ ਜਾਗ੍ਰਿਤ ਕਰਕੇ ਬਚਾਉਣ ਦੀ ਲੋੜ ਹੈ । ਕਈ ਹੋਰ ਵੀ ਐਸੇ ਹਨ ਜੋ ਘਰੇ "ਗੁਰੂ ਗਰੰਥ ਸਾਹਿਬ ਜੀ" ਦਾ ਪ੍ਰਕਾਸ਼ ਕਰਕੇ ਪੁੱਛਣਾ, ਦੱਸਣਾ ਦਾ ਕੰਮ ਕਰ ਰਹੇ ਹਨ ਜੋ ਸਰਾਸਰ ਗੁਰਮਤਿ ਦੇ ਉਲਟ ਹੈ ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਾਲੀ ਅਸਲੀ ਵੱਡੀ ਕਥਾ ਪੂਰਨਮਾਸ਼ੀ

ਇਹ ਉਪਰ ਲਿਖਿਆ ਸਿਰਲੇਖ ਆਪ ਨੇ ਪੜ੍ਹ ਲਿਆ ਹੈ । ਇਹ ਇਕ ਛੋਟਾ ਜਿਹਾ ਟਰੈਕਟ ਭਾ. ਜੀਵਨ ਸਿੰਘ ਚਤਰ ਸਿੰਘ ਬਜਾਰ ਮਾਈ ਸੇਵਾਂ ਅੰਮ੍ਰਿਤਸਰ

ਵਾਲਿਆਂ ਛਾਪੀ ਹੈ। ਬਾਹਮਣ ਦੀ ਨਕਲ ਕਰਕੇ ਇਹ ਸਾਰਾ ਕੁਝ ਗੁਰੂ ਗੋਬਿੰਦ ਜੀ ਦੇ ਮੂੰਹੋਂ ਕਢਵਾਇਆ ਗਿਆ ਹੈ ਹੋਰ ਇਸਦੇ ਲਿਖਾਰੀ ਦਾ ਕਿਧਰੇ ਕੋਈ ਨਾਮ ਨਹੀਂ ਹੈ। ਮਾਨੋ ਇਹ ਖੰਡ ਵਿਚ ਲਪੇਟ ਕੇ ਜ਼ਹਿਰ ਦੇਣ ਦਾ ਯਤਨ ਕੀਤਾ ਗਿਆ ਹੈ। ਕਿਹੜੀ ਪੂਰਨਮਾਸ਼ੀ ? ਗੁਰਬਾਣੀ ਫੁਰਮਾਣ ਹੈ **"ਚਉਦਸਿ ਅਮਾਵਸ ਰਚਿ ਰਚਿ ਮਾਗਹਿ ਹਾਥਿ ਦੀਪ ਲੈ ਕੂਏ ਪਰੈ"** ਸਤਿਗੁਰੂ ਕਹਿੰਦੇ ਤੂ ਚੌਦੇ, ਮੱਸਿਆ, ਪੂਰਨਮਾਸ਼ੀ ਆਦਿ ਮਨਾ ਕੇ ਕੇਵਲ ਮੰਗਣ (ਖਾਣ) ਦਾ ਬਹਾਨਾ ਬਣਾਇਆ ਹੈ ਤੂੰ ਤਾਂ ਹਥ ਵਿਚ ਦੀਵਾ ਹੁੰਦਿਆਂ ਹੋਇਆਂ ਵੀ ਖੂਹ ਵਿਚ ਡਿੱਗ ਰਿਹਾ ਹੈਂ। ਹੋਰ ਬਚਨ ਹੈ **"ਥਿਤੀ ਵਾਰ ਸੇਵਹਿ ਮੁਗਧ ਗਾਵਾਰ ॥"** ਥਿੱਤਾਂ ਵਾਰਾਂ ਦੀ ਪੂਜਾ ਕਰਨ ਵਾਲਾ ਮੂਰਖ ਗਾਵਾਰ ਹੈ। ਇਹ ਕਿਹੜੀ ਪੂਰਨਮਾਸ਼ੀ ਦੀ ਕਥਾ ਦਸਵੇਂ ਪਾਤਸ਼ਾਹ ਤੋਂ ਕਰਵਾ ਰਹੇ ਹਨ। ਐਸੀਆਂ ਹੋਰ ਵੀ ਕਈ ਲਿਖਤਾਂ ਛਪਦੀਆਂ ਤੁਰੀਆਂ ਆ ਰਹੀਆਂ ਹਨ ਕੋਈ ਇਹਨਾਂ ਨੂੰ ਪੁੱਛਣ ਵਾਲਾ ਨਹੀਂ ਹੈ। ਇਸ ਪੂਰਨਮਾਸ਼ੀ ਦੀ ਕਥਾ ਟਰੈਕਟ ਵਿਚ ਸਾਰਾ ਕੁਝ ਗੁਰਮਤਿ ਦੇ ਉਲਟ ਲਿਖਿਆ ਹੋਇਆ ਹੈ। ਜਿਹੜੀ ਬਾਣੀ ਪਹਿਲੇ ਪਾਤਸ਼ਾਹ ਜੀ ਦੀ ਉਚਾਰੀ ਹੋਈ ਹੈ ਉਹ ਇਹ ਦਸਮ ਪਾਤਸ਼ਾਹ ਜੀ ਉਚਾਰੀ ਦੱਸੀ ਜਾਂਦੇ ਹਨ। ਕਰਾਮਾਤੀ ਝੂਠੀਆਂ ਕਹਾਣੀਆਂ ਗੁਰੂ ਦੇ ਨਾਂ ਜੋੜੀਆਂ ਹੋਈਆਂ ਹਨ ਖੂਹ ਤੁਰੇ ਫਿਰਦੇ ਦਿਖਾਏ ਹਨ ਖੂਹ ਨੇ ਗੁਰੂ ਨਾਲ ਗੱਲਾਂ ਕੀਤੀਆ ਗੁਰੂ ਨੇ ਖੂਹ ਨੂੰ ਕਿਹਾ ਵਰ ਮੰਗ ਲੈ ਉਹ ਅੰਨੇ ਖੂਹ ਤੋਂ ਸੁਜਾਖਾ ਖੂਹ ਹੋ ਗਿਆ ਹੋਰ ਕਈ ਜਿਹੜੇ ਪਹਿਲਾਂ ਕਈ ਚਿਰ ਦੇ ਮਰੇ ਸੀ ਉਹਨਾਂ ਨੇ ਪਾਣੀ ਛਿੜਕਿਆ ਉਹ ਸਾਰੇ ਜਿੰਦੇ ਹੋ ਕੇ ਉਠ ਖੜੇ ਹੋਏ। ਇਹ ਮਨਘੜਤ ਲਿਖਤਾਂ ਕੇਵਲ ਇਹਨਾਂ ਨੇ ਗੁਰਮਤਿ ਸਿਧਾਂਤ ਨੂੰ ਖੰਡਨ ਕਰਨ ਵਾਸਤੇ ਬੇ-ਨਾਮ ਛਾਪੀਆਂ ਹਨ ਅਨਪੜ੍ਹ ਲੋਕ ਐਸਾ ਕੁਝ ਸੁਣ ਕੇ ਹੋਰ ਵੀ ਵਹਿਮਾਂ ਭਰਮਾਂ ਦਾ ਸ਼ਿਕਾਰ ਹੋ ਰਹੇ ਹਨ, ਐਸੀਆਂ ਲਿਖਤਾਂ ਕਲੰਕ ਹਨ।

ਇਕ ਸੰਤ ਦੋ ਚਿਹਰੇ

21 ਦਸੰਬਰ ਦੇ ਸਪੋਕਸਮੈਨ ਦੇ ਸਫ਼ਾ 3 ਉਤੇ ਲੱਗੀ ਖਬਰ "ਠੂਠਿਆਂ ਵਾਲੀ ਵਿਖੇ ਧਾਰਮਿਕ ਦੀਵਾਨ ਲੱਗੇ" ਪੜ੍ਹੀ ਤਾਂ ਲੱਗਾ ਕਿ ਸੰਤ ਬੇਅੰਤ ਸਿੰਘ ਬੇਰ ਕਲਾਂ ਵਾਲੇ ਨੇ ਲੋਕਾਂ ਅਤੇ ਨੌਜਵਾਨਾਂ ਨੂੰ ਵਧ ਰਹੇ ਨਸ਼ਿਆਂ ਤੋਂ ਮੁਕਤ ਹੋਣ, ਆਪਣੇ ਗੁਰੂਆਂ ਤੇ ਸ਼ਹੀਦਾਂ ਨੂੰ ਯਾਦ ਰੱਖਣ ਦੀ ਪ੍ਰੇਰਨਾ ਦਿੱਤੀ ਹੈ ਅਤੇ ਗਰੀਬ ਲੜਕੀਆਂ ਦੇ ਵਿਆਹ ਕਰਨ ਸਬੰਧੀ ਵੀ ਦੱਸਿਆ ਹੈ।

ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਵਲੋਂ ਰਿਲੀਜ਼ ਕੀਤੀ ਗਈ ਆਡੀਓ ਕੈਸਿਟ 'ਤਰਕਸ਼ੀਲ ਭਾਸ਼ਣ' ਵਿਚ ਸੁਸਾਇਟੀ ਦੇ ਸੂਬਾ ਪ੍ਰਧਾਨ ਸ੍ਰੀ ਰਜਿੰਦਰ ਭਦੌੜ ਜੀ ਇਸ ਸੰਤ ਬਾਰੇ ਦਸਦੇ ਹਨ 'ਸੰਤ ਬੇਅੰਤ ਸਿੰਘ, ਜੋ ਕਿ ਲੋਕਾਂ ਨੂੰ ਪੁੱਤ ਬਖਸ਼ਦਾ, ਮੁੰਡੇ ਹੋਣ ਦੀ ਕਾਮਨਾ ਪੂਰੀ ਕਰਦਾ ਹੈ ਪਰ ਇਹਨੇ ਆਪਣੀ ਘਰ ਵਾਲੀ ਨੂੰ ਨਹਿਰ 'ਚ ਧੱਕਾ ਇਸ ਲਈ ਦੇ ਦਿੱਤਾ ਕਿ "ਤੂੰ ਤਿੰਨ ਕੁੜੀਆਂ ਹੀ ਜੰਮੀਆਂ ਨੇ, ਮੁੰਡਾ

ਨਹੀਂ ਜੰਮਿਆਂ।" ਇਸੇ ਸੁਸਾਇਟੀ ਦੇ ਮੈਗਜ਼ੀਨ ਤਰਕਸ਼ੀਲ ਵਿਚ ਦੱਸਿਆ ਗਿਆ ਕਿ ਇਸ ਬੀਬੀ ਦੀ ਚੀਖ ਪੁਕਾਰ ਸੁਣ ਕੇ ਨੇੜੇ ਕੰਮ ਕਰਦੇ ਕਿਸਾਨਾਂ ਨੇ ਬੀਬੀ ਨੂੰ ਬਾਹਰ ਕੱਢਿਆ ਜਿਸ ਨੇ ਇਸ ਸੰਤ ਉਪਰ ਨਜਾਇਜ਼ ਸੰਬੰਧ ਬਨਾਉਣ ਜਿਹੇ ਦੋਸ਼ ਵੀ ਲਾਏ।

ਬੜੀ ਹੈਰਾਨੀ ਹੁੰਦੀ ਹੈ ਜਦੋਂ ਇਹੋ ਜਿਹੇ ਕਿਰਦਾਰ ਵਾਲੇ ਸੰਤ ਆਮ ਲੋਕਾਂ ਨੂੰ 'ਉੱਚੇ-ਸੁੱਚੇ' ਜੀਵਨ ਦੀ ਪ੍ਰੇਰਨਾ ਦਿੰਦੇ ਹਨ। ਹੋ ਸਕਦਾ ਹੈ ਦੂਰ-ਨੇੜਿਉਂ ਇਨ੍ਹਾ ਦਾ ਸਬੰਧ ਮਸ਼ਹੂਰ ਸ਼ਹਿਰ 'ਬਨਾਰਸ' ਨਾਲ ਹੋਵੇ

ਜਗਦੇਵ ਸਿੰਘ ਮਸੂਦੜਾ ਲੁਧਿਆਣਾ।

6 ਜਨਵਰੀ 2006 ਦੇ ਰੋਜਾਨਾ ਸਪੋਕਸਮੈਨ ਵਿਚ ਜੈਤੋ ਤੋਂ ਗੁਰੂ ਮਾਨਿਉ ਗਰੰਥ ਪ੍ਰਚਾਰ ਕੇਂਦਰ ਦੇ ਕੁਲਦੀਪ ਸਿੰਘ ਖਾਲਸਾ ਵੱਲੋਂ ਲੱਗੀ ਖਬਰ ਪੰਜਾਬ ਵਿਚ 16 ਹਜ਼ਾਰ ਅਖੌਤੀ ਬਾਬੇ ਸਿੱਖਾਂ ਨੂੰ ਮਾਨਸਿਕ ਤੌਰ 'ਤੇ ਬਿਮਾਰ ਕਰ ਰਹੇ ਹਨ ਪਰ ਸ਼੍ਰੋਮਣੀ ਕਮੇਟੀ ਘੂਕ ਸੁੱਤੀ ਪਈ ਹੈ। ਪੰਜਾਬ ਦਾ ਕੋਈ ਐਸਾ ਪਿੰਡ ਨਹੀਂ ਹੈ ਜਿਥੇ 3/4 ਬਾਬੇ ਨਾ ਹੋਣ ਅਨਪੜ੍ਹ ਅਤੇ ਪੜ੍ਹੇ ਲਿਖੇ ਲੋਗ ਵੀ ਪ੍ਰਮਾਤਮਾ ਨੂੰ ਭੁੱਲ ਕੇ ਇਹਨਾਂ ਸੰਤ ਬਾਬਿਆਂ ਨੂੰ ਰੱਬ ਸਮਝ ਰਹੇ ਹਨ। ਇਹ ਬਾਬੇ ਕਰਾਮਾਤੀ ਅੰਤਰਜ਼ਾਮੀ ਹੋਣ ਦੇ ਦਾਅਵੇ ਕਰਦੇ ਹਨ। ਧਰਮ ਦੇ ਨਾਂ ਤੇ ਲੁੱਟ ਹੋ ਰਹੀ ਹੈ। ਭੁਲੇਖੇ ਪਾ ਕੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ। ਉਹਨਾਂ ਨੇ ਸ਼੍ਰੋਮਣੀ ਕਮੇਟੀ ਨੂੰ ਕਿਹਾ ਕਿ ਜਲਦੀ ਤੋਂ ਜਲਦੀ ਸਿੱਖ ਸੰਗਤਾਂ ਨੂੰ ਜਾਗ੍ਰਿਤ ਕਰਨ ਵਾਸਤੇ ਠੋਸ ਕਦਮ ਚੁੱਕੇ ਜਾਣ ਜੋ ਇਹਨਾਂ ਸਾਧਾਂ ਸੰਤਾਂ ਨੂੰ ਨੱਥ ਪਾਈ ਜਾਵੇ।

ਗੁਰਧਾਮਾਂ ਦੀ ਯਾਤਰਾ ਦੇ ਨਾਂਅ 'ਤੇ ਲੋਕਾਂ ਨਾਲ ਠੱਗੀਆਂ ਮਾਰਦੇ ਅਖੌਤੀ ਬਾਬਿਆਂ ਨੂੰ ਨੱਥ ਪਾਈ ਜਾਵੇ

ਤਰਨ ਤਾਰਨ, 7 ਅਗਸਤ (ਪ੍ਰੀਤ, ਸੋਢੀ) ਨਜ਼ਦੀਕੀ ਪਿੰਡ ਜੌਹਲ ਰਾਜੂ ਸਿੰਘ ਦੇ ਵਸਨੀਕ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਸੀਨੀਅਰ ਆਗੂ ਸ: ਹਰਭਜਨ ਸਿੰਘ ਸਾਬਕਾ ਮੈਂਬਰ ਬਲਾਕ ਸੰਮਤੀ ਨੇ ਦੋਸ਼ ਲਾਇਆ ਹੈ ਕਿ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਅਤੇ ਪਵਿੱਤਰ ਗੁਰਧਾਮਾਂ ਦੀ ਯਾਤਰਾ ਦੇ ਨਾਂਅ 'ਤੇ ਅੰਮ੍ਰਿਤਸਰ ਦੇ ਕੁਝ ਅਖੌਤੀ ਬਾਬੇ ਲੋਕਾਂ ਨਾਲ ਠੱਗੀਆਂ ਮਾਰ ਰਹੇ ਹਨ, ਇਸ ਲਈ ਸ਼੍ਰੋਮਣੀ ਕਮੇਟੀ ਅਜਿਹੇ ਅਖੌਤੀ ਬਾਬਿਆਂ ਨੂੰ ਨੱਥ ਪਾਏ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਹਰਭਜਨ ਸਿੰਘ ਨੇ ਦੱਸਿਆਂ ਕਿ ਬੀਤੇ ਦਿਨੀਂ ਉਨ੍ਹਾਂ ਦੇ ਪਿੰਡ ਜੌਹਲ ਰਾਜੂ ਸਿੰਘ ਵਿਖੇ ਇਕ ਟਰੱਕ ਉਪਰ ਬਾਬੇ ਆਏ, ਇਨ੍ਹਾ ਬਾਬਿਆਂ ਨੇ ਦੱਸਿਆ ਕਿ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਗੁਰਦੁਆਰੇ ਲਈ ਉਹ ਆਟਾ ਅਤੇ ਦਾਲਾਂ ਲੈ ਕੇ ਜਾ ਰਹੇ ਹਨ। ਬਾਬਿਆਂ ਨੇ ਕਿਹਾ ਕਿ ਉਹ ਰੇਲ ਗੱਡੀ ਰਾਹੀਂ ਹਜ਼ੂਰ ਸਾਹਿਬ ਦੀ ਯਾਤਰਾ ਲਈ ਜਥਾ ਲੈ ਕੇ ਜਾ ਰਹੇ ਹਨ। ਉਨ੍ਹਾਂ ਨੇ ਯਾਤਰਾ ਲਈ 300 ਰੁਪਏ ਪ੍ਰਤੀ ਵਿਅਕਤੀ ਭੇਟਾ ਮੰਗੀ। ਜਿਸ 'ਤੇ ਹਰਭਜਨ ਸਿੰਘ ਸਮੇਤ ਅੱਠ ਆਦਮੀਆਂ ਨੇ ਮੌਕੇ 'ਤੇ

ਹੀ 2400 ਰੁਪਏ ਯਾਤਰਾ ਲਈ ਬਾਬਿਆਂ ਨੂੰ ਦੇ ਦਿੱਤੇ ਅਤੇ ਬਾਬਿਆ ਨੇ 25 ਜੁਲਾਈ 2005 ਨੂੰ ਰੇਲਵੇ ਸਟੇਸ਼ਨ ਅੰਮ੍ਰਿਤਸਰ ਆਉਣ ਲਈ ਕਿਹਾ। ਮਿਥੇ ਸਮੇਂ ਅਨੁਸਾਰ ਤਕਰੀਬਨ 250 ਯਾਤਰੀ ਰੇਲਵੇ ਸਟੇਸ਼ਨ 'ਤੇ ਪੁੱਜ ਗਏ। ਬਾਬਿਆਂ ਨੇ ਸਾਰੇ ਯਾਤਰੂਆਂ ਨੂੰ ਬੰਬੇ ਮੇਲ ਗੱਡੀ ਵਿਚ ਬਿਠਾ ਦਿਤਾ ਅਤੇ ਗੱਡੀ ਦੇ ਟੀ. ਟੀ. ਨਾਲ ਗਿਟ ਮਿਟ ਕਰ ਲਈ। ਇਕ ਦਿਨ ਅਤੇ ਦੋ ਰਾਤਾਂ ਭੁੱਖੇ ਤਿਹਾਏ ਰਹਿਣ ਤੋਂ ਬਾਅਦ ਇਹ ਯਾਤਰੂ ਗੱਡੀ ਦਾ ਸਫਰ ਕਰਕੇ ਹਜੂਰ ਸਾਹਿਬ ਪਹੁੰਚ ਗਏ ਅਤੇ ਉਥੇ ਜਾ ਕੇ ਯਾਤਰੂਆਂ ਨੇ ਲੰਗਰ ਪਾਣੀ ਛਕਿਆ। ਉਥੇ ਜਾ ਕੇ ਬਾਬਿਆਂ ਨੇ ਯਾਤਰੂਆਂ ਨੂੰ ਕਿਹਾ ਕਿ ਹਜ਼ੂਰ ਸਾਹਿਬ ਬਹੁਤ ਹੜ੍ਹ ਆਏ ਹੋਏ ਹਨ, ਇਸ ਕਰਕੇ ਸਾਰੇ ਯਾਤਰੂਆਂ ਨੂੰ ਫਿਰ ਰੇਲ ਗੱਡੀ ਰਾਹੀਂ ਅੰਮ੍ਰਿਤਸਰ ਲੈ ਆਏ। ਹਰਭਜਨ ਸਿੰਘ ਨੇ ਦੱਸਿਆ ਕਿ ਇਨ੍ਹਾਂ ਬਾਬਿਆਂ ਨੇ ਯਾਤਰੂਆਂ ਪਾਸੋਂ 70-80 ਹਜ਼ਾਰ ਰੁਪਏ ਕਿਰਾਏ ਵਜੋਂ ਇਕੱਠੇ ਕਰਕੇ ਕਿਸੇ ਵੀ ਯਾਤਰੂ ਦੀ ਟਿਕਟ ਨਹੀਂ ਲਈ ਅਤੇ ਨਾਂ ਹੀ ਰਸਤੇ ਵਿਚ ਕਿਸੇ ਨੂੰ ਚਾਹ ਪਾਣੀ ਛਕਾਇਆ ਅਤੇ ਨਾਂ ਹੀ ਹਜ਼ੂਰ ਸਾਹਿਬ ਦੀ ਯਾਤਰਾ ਕਰਵਾਈ। ਉਨ੍ਹਾਂ ਕਿਹਾ ਕਿ ਰੇਲਵੇ ਅਧਿਕਾਰੀ ਵੀ ਇਨ੍ਹਾਂ ਅਖੌਤੀ ਬਾਬਿਆਂ ਨਾਲ ਮਿਲੇ ਹੋਏ ਹਨ ਅਤੇ ਸਰਕਾਰ ਨੂੰ ਲੱਖਾਂ ਰੁਪਏ ਦਾ ਚੂਨਾ ਲਾ ਰਹੇ ਹਨ। ਇਸ ਲਈ ਇਸ ਘਟਨਾਕ੍ਰਮ ਦੀ ਜਾਂਚ ਹੋਣੀ ਚਾਹੀਦੀ ਹੈ।

ਸੰਤ ਹਰੀ ਸਿੰਘ ਰੰਧਾਵੇ ਵਾਲੇ

ਕਈ ਕਹਿੰਦੇ ਬੜੇ ਵਿਦਵਾਨ ਸੰਤ ਹਨ ਇਹ ਲਉ ਸੁਣੋ ਕਥਾ ਇਸ ਸੰਤ ਤੋਂ ਜਦੋਂ ਕ੍ਰਿਸ਼ਨ ਭਗਵਾਨ ਬਿੰਦਰਾਬਨ ਵਿਚ ਗੋਪੀਆਂ ਨਾਲ ਰੰਗ ਰਲੀਆਂ ਮਨਾ ਰਹੇ ਸਨ ਤਾਂ ਰਾਧਾ ਜਿਹੜੀ ਭਗਵਾਨ ਦੀ ਰਾਣੀ ਸੀ ਕਹਿੰਦੀ ਰਾਣੀ ਤਾਂ ਮੈਂ ਹਾਂ ਪਰ ਤੁਸੀਂ ਜੋ ਗੋਪੀਆਂ 3000 ਤੋਂ ਵੱਧ ਸੁਣੀਦੀਆਂ ਹਨ ਉਹਨਾਂ ਵੱਲ ਬੜਾ ਧਿਆਨ ਦਿੰਦੇ ਹੋ। ਤਾਂ ਭਗਵਾਨ ਨੇ ਕਿਹਾ ਰਾਧਾ ਲੈ ਵੇਖ ਮੈਂ ਤੈਨੂੰ ਛੱਡ ਕੇ ਕਿਤੇ ਨਹੀਂ ਜਾਵਾਂਗਾ ਜਦੋਂ ਰਾਧਾ ਦਾ ਧਿਆਨ ਦੂਜੇ ਪਾਸੇ ਗਿਆ ਤਾਂ ਕ੍ਰਿਸ਼ਨ ਗੋਪੀਆਂ ਨਾਲ ਨਾਚ ਕਰ ਰਹੇ ਸਨ ਤਾਂ ਰਾਧਾ ਕਹਿੰਦੀ ਧੰਨ ਭਗਵਾਨ ਤੁਸੀਂ ਤਾਂ ਸਰਬ ਵਿਆਪਕ ਹੋ। ਕਹਿੰਦਾ ਇਕ ਵਾਰੀ ਦੁਰਬਾਸ਼ਾ ਰਿਸ਼ੀ ਠਹਿਰੇ ਹੋਏ ਸਨ ਜਮਨਾ ਦੇ ਦੂਸਰੇ ਪਾਸੇ ਸਾਰੀਆਂ ਗੋਪੀਆਂ ਕਹਿੰਦੀਆਂ ਭਗਵਾਨ ਅਸੀਂ ਤਾਂ ਰਿਖੀ ਦੇ ਦਰਸ਼ਨਾਂ ਨੂੰ ਜਾਣਾ ਹੈ ਤਾਂ ਭਗਵਾਨ ਨੇ ਕਿਹਾ ਰਿਸ਼ੀ ਦੇ ਆਹਾਰ ਲਈ ਇਕ ਇਕ ਪਰੌਂਠਾ ਅਤੇ ਇਕ ਇਕ ਗੜਵੀ ਦੁੱਧ ਲਈ ਜਾਣਾ। ਗੋਪੀਆਂ ਨੇ ਇਸ ਤਰ੍ਹਾਂ ਹੀ ਕੀਤਾ ਕਹਿੰਦੇ ਤਿੰਨ ਹਜ਼ਾਰ ਸੱਠ ਪਰੌਂਠਾ ਅਤੇ ਤਿੰਨ ਹਜ਼ਾਰ ਸੱਠ ਗੜਵੀ ਦੁੱਧ ਦੀ ਹੋ ਗਈ ਜਦੋਂ ਗੋਪੀਆਂ ਜਮਨਾਂ ਦੇ ਕੰਡੇ ਪਹੁੰਚੀਆਂ ਤਾਂ ਦਰਿਆ ਬਹੁਤ ਚੜ੍ਹਿਆ ਹੋਇਆ ਸੀ। ਗੋਪੀਆਂ ਵਾਪਸ ਆ ਗਈਆਂ ਤਾਂ ਭਗਵਾਨ ਨੇ ਕਿਹਾ ਜਾਓ ਦਰਿਆ ਨੂੰ ਕਹੋ ਜੇ ਸਾਡਾ ਭਗਵਾਨ ਬਾਲ ਬ੍ਰਹਮਚਾਰੀ ਹੈ ਤਾਂ ਸਾਨੂੰ ਰਸਤਾ ਦਿਉ ਤਾਂ ਪਾਣੀ ਉਸੇ ਵੇਲੇ ਉਤਰ ਗਿਆ। ਜਦੋਂ ਦੁਰਬਾਸ਼ਾ ਰਿਖੀ ਨੂੰ ਸਾਰਾ ਖੜਿਆ ਰਾਸ਼ਨ ਖੁਵਾ ਕੇ ਵਾਪਸ ਆਈਆਂ

ਤਾਂ ਦਰਿਆ ਫਿਰ ਚੜ੍ਹਿਆ ਹੋਇਆ ਸੀ। ਤਾਂ ਗੋਪੀਆਂ ਰਿਸ਼ੀ ਕੋਲ ਗਈਆਂ ਰਿਸ਼ੀ ਕਹਿੰਦਾ ਜਾਉ ਦਰਿਆ ਨੂੰ ਕਹੋ ਕਿ ਜੇ ਦੁਰਬਾਸ਼ਾ ਰਿਸ਼ੀ ਪਵਨ ਆਹਾਰੀ ਹੈ ਤਾਂ ਸਾਨੂੰ ਰਾਹ ਦੇ ਦਿਉ, ਇਹੋ ਗੱਲ ਦਰਿਆ ਨੂੰ ਗੋਪੀਆਂ ਨੇ ਆਖੀ ਦਰਿਆ ਫੱਟ ਉਤਰ ਗਿਆ। ਗੋਪੀਆਂ ਵਾਪਸ ਆ ਕੇ ਭਗਵਾਨ ਕ੍ਰਿਸ਼ਨ ਨੂੰ ਪੁੱਛਣ ਲੱਗੀਆਂ ਕਿ ਇਹ ਕੀ ਗੱਲ ਹੋਈ ਤੁਸੀਂ ਇੰਨੀਆਂ ਗੋਪੀਆਂ ਦੇ ਹੁੰਦੇ ਹੋਏ ਬ੍ਰਹਮਚਾਰੀ ਕਿਵੇਂ ਹੋਏ ? ਅਤੇ ਇਹ ਦੁਰਬਾਸ਼ਾ ਰਿਸ਼ੀ ਬਹੁਤ ਜਿਆਦਾ ਰਾਸ਼ਨ ਖਾ ਕੇ ਵੀ ਪਵਨ ਆਹਾਰੀ ! ਕ੍ਰਿਸ਼ਨ ਭਗਵਾਨ ਹੱਸ ਕੇ ਕਹਿਣ ਲੱਗੇ ਇਹ ਸੰਤ ਮਹਾਤਮਾਂ ਹੁੰਦੇ ਹਨ, ਇਹਨਾਂ ਦੀ ਆਪਣੀ ਕੋਈ ਇੱਛਾ ਨਹੀਂ ਹੁੰਦੀ ਇਹ ਤਾਂ ਸਿਰਫ ਆਪਣੇ ਸੇਵਕਾਂ ਦਾ ਦਿਲ ਰੱਖਣ ਨੂੰ ਕਰਦੇ ਹਨ।

ਵਿਚਾਰ—ਇਹ ਕਿਹੜੀ ਕਥਾ ਹੋਈ ? ਕੀ ਇਹ ਸੰਤ ਲੋਕਾਂ ਦੀ ਕਈ ਕਿਸਮ ਦੀ ਕਮਾਈ ਦਿਲ ਰੱਖਣ ਨੂੰ ਖਾਂਦੇ ਹਨ ? ਕਿਵੇਂ ਇਹ ਬ੍ਰਾਹਮਣਵਾਦੀ ਰੰਗਤ ਦੇ ਕੇ ਮਨਘੜਤ ਕਹਾਣੀਆਂ ਸਿੱਖਾਂ ਨੂੰ ਸੁਣਾਈ ਜਾ ਰਹੇ ਹਨ ਗੁਰੂ ਨਾਨਕ ਸਾਹਿਬ ਜੀ ਨੇ ਮਲਕ ਭਾਗੋ ਦਾ ਦਿਲ ਦੁਖਾਇਆ ਸੀ ਕਿਹਾ ਮੈਂ ਤੇਰੇ ਘਰ ਨਹੀਂ ਆਵਾਂਗਾ। ਤੇਰੀ ਕਮਾਈ ਠੀਕ ਨਹੀਂ ਹੈ। ਕੀ ਗੁਰਬਾਣੀ ਵਿਚੋਂ ਇਹਨਾਂ ਸੰਤਾਂ ਨੇ ਐਹੋ ਕੁਝ ਸਿੱਖਿਆ ਹੈ। ਇਹੀ ਕਾਰਨ ਹੈ ਕਿ ਇਹ ਸਾਧ, ਸਿੱਖੀ ਨੂੰ ਜਾਦੂ ਦੀ ਖੇਡ ਬਣਾਉਣ ਵਾਸਤੇ ਸਾਰਾ ਜੋਰ ਲਾ ਰਹੇ ਹਨ।

ਖਬਰਦਾਰ ! ਹੋਸ਼ੀਆਰ ! ਸਾਵਧਾਨ !

ਦਸੰਬਰ 2004 ਵਿੱਚ ਸਿੱਖ ਫੁਲਵਾੜੀ ਦੇ 36 ਨੰ: ਪੰਨੇ ਤੇ ਇਕ ਲੇਖ "ਤ੍ਰਿਸ਼ੂਲਾਂ ਤੋਂ ਖਬਰਦਾਰ" ਛਪਿਆ ਸੀ ਜਿਸ ਵਿਚ ਲੇਖਕ ਨੇ ਹਿੰਦੂਤਵੀ ਲੋਕਾਂ ਵੱਲੋਂ ਘੱਟ ਗਿਣਤੀਆਂ (ਸਿੱਖਾਂ) ਤੇ ਜੋਰਾਂ ਜਬਰੀ ਅਤੇ ਖਾਤਮਾ ਕਰਨ ਦੀ ਚਾਲਾਂ ਬਾਰੇ ਸੱਚ ਭਰਪੂਰ ਚਾਨਣਾਂ ਪਾਇਆ ਹੈ ਇਸ ਦੇ ਜਵਾਬ ਵਿਚ ਕੁਝ ਹਿੰਦੂਤਵੀ ਲੋਕਾਂ ਨੇ ਆਪਣੇ ਮਨ ਦੇ ਭੈੜੇ ਮਨਸੂਬੇ ਤਹਿਤ ਇੱਕ ਚਿੱਠੀ ਭੇਜੀ ਹੈ ਜੋ ਉਹਨਾਂ ਦੀਆ ਕੁਟਿਲ ਚਾਲਾਂ ਅਤੇ ਸਾਰੇ ਘੋਰ ਅਵੇਸਲੇਪਣ ਦੀ ਤਸਵੀਰ ਖਿੱਚਦੀ ਹੈ। ਇਸ ਨੂੰ ਪੜ੍ਹ ਸੁਣ ਕੇ ਵੀ ਅਸੀਂ ਅਵੇਸਲੇ ਅਤੇ ਆਲਸੀ ਹੀ ਰਹੇ ਤਾਂ ਸਾਡੀ ਅਣਖ ਦਾ ਦਿਵਾਲਾ ਨਿਕਲਿਆ ਹੀ, ਸਮਝਿਆ ਜਾਵੇਗਾ ਲੋੜ ਹੈ ਸੁਚੇਤ ਹੋਣ ਦੀ। ਇਸ ਚਿੱਠੀ ਦਾ ਪੰਜਾਬੀ ਉਲੱਥਾ ਦੇ ਕੇ ਨਾਲ ਮੂਲ ਹਿੰਦੀ ਚਿੱਠੀ ਦੀ ਕਾਪੀ ਨੱਥੀ ਹੈ। ਆਪ ਪੜ੍ਹੋ ਅਤੇ ਅਗਾਂਹ ਪੜ੍ਹਾਉਣ ਦੀ ਖੇਚਲ ਕਰੋ ਜੀ।

ਸਿੱਖ ਫੁਲਵਾੜੀ ਕੋ ਚੇਤਾਵਨੀ ਪਹਿਲੀ ਔਰ ਆਖਰੀ

ਹਮ ਬਿਨਤੀ ਸੇ ਨਹੀਂ ਬਲਕਿ ਆਪ ਕੋ ਸੁਚੇਤ ਕਰਤੇ ਹੈਂ ਕਿ ਪੰਜਾਬ, ਭਾਰਤ ਕੀ ਧਰਤੀ, ਕਸ਼ਮੀਰ ਭਾਰਤ ਕੀ ਧਰਤੀ ਹੈ। ਆਜ ਤੱਕ ਔਰ ਕੋਈ ਕੌਮ ਕਾਬਜ ਨਹੀਂ ਰਹੀ। ਹਮਾਰੇ ਹਿੰਦੀ ਭਾਈਉਂ ਨੇ 90% ਆਜਾਦੀ ਮੇਂ ਹਿੱਸਾ ਲੀਏ। ਮੁਸਲਮਾਨੋਂ ਕਾ ਪੱਤਾ ਸਾਫ ਕੀਆ ਠੀਕ ਵਹੀ ਹਸ਼ਰ ਸਿੱਖੋਂ ਕਾ ਹੋਗਾ। ਪੰਜਾਬ ਛੋੜ ਕਰ ਅਨਯ ਮੁਲਕੋਂ ਮੇਂ ਭਾਗਨਾ ਪੜੇਗਾ ਪੰਜਾਬ ਮੇਂ ਅਨਯ ਰਾਜੋਂ ਸੇ ਆਨੇ ਮੇਂ ਰੋਕਨਾ

ਪੰਜਾਬੀਓਂ ਕੇ ਬਸ ਸੇ ਬਾਹਰ ਹੈ। ਹਮਾਰੇ 3-4 ਹਜਾਰ ਭਾਈ ਹਰ ਰੋਜ ਦੂਸਰੇ ਰਾਜੋਂ ਸੇ ਇਧਰ ਆ ਰਹੇ ਹੈਂ। ਜੈਸੇ ਪੰਜਾਬੀ ਅਮਰੀਕਾ, ਇੰਗਲੈਂਡ ਮੇਂ ਪ੍ਰਾਪਰਟੀ ਬਣਾ ਰਹੇ ਹੈਂ। ਇਧਰ ਪ੍ਰਵਾਸੀ ਆਦਮੀ ਕੇ ਪੰਜਾਬ ਆਣੇ ਸੇ ਪਹਿਲੇ ਯਹੀ ਸੁਚੇਤ ਕੀਆ ਜਾਤਾ ਹੈ ਕਿ ਅਪਨੀ ਪ੍ਰਾਪਰਟੀ, ਰਾਸ਼ਨ ਕਾਰਡ ਵੋਟ ਤਥਾ ਸਥਾਈ ਰਹਨੇ ਕਾ ਪ੍ਰਬੰਧ ਤੁਰੰਤ ਕਰੇਂ। ਕਿਆ ਪਤਾ ਪੰਜਾਬੀ ਲੋਕ ਜਾਂ ਸਰਕਾਰ ਕਬ ਹਿੰਦੂਤਵ ਕੇ ਖਿਲਾਫ ਬਕ ਉਠੇ। ਤੋ ਭੀ ਪ੍ਰਵਾਸੀਓ ਕਾ ਕੁਛ ਨਹੀਂ ਬਿਗੜ ਜਾਏਗਾ। ਕਿਉਂਕਿ ਹਮਾਰੀ ਵੋਟੇਂ ਪੰਜਾਬ ਮੇਂ 5200000 ਸੇ ਭੀ ਉਪਰ ਹੈ। ਔਰ ਯਹਾਂ ਪੱਕੇ ਤੌਰ, ਸਥਾਈ ਰਹਨੇ ਕਾ ਅਮਲ ਭੀ ਜਾਰੀ ਹੈ ਜੋ ਕਿ ਪੰਜਾਬੀਓ ਕੇ ਲਿਏ ਫੰਦੇ ਕਾ ਕਾਮ ਕਰੇਗਾ। ਪੰਜਾਬ ਮੇਂ ਤਰਕੀਬਨ 18% ਪ੍ਰਾਪਰਟੀ ਪਰ ਹਮਾਰੇ ਲੋਗ ਕਾਬਜ ਹੈ। ਸਿੱਖੋਂ ਸੇ ਸ਼ਾਦੀ ਕੋ ਪਹਿਲ ਦੇਤੀਂ ਹੈ। ਐਸੀ ਹਾਲਤ ਮੇਂ ਡੂਬ ਮਰਨਾ ਚਾਹੀਏ। ਬੜੇ-2 ਜ਼ਿਮੀਂਦਾਰੋਂ, ਕਿਸਾਨੋਂ ਔਰ ਸਰਦਾਰੋਂ ਕੇ ਲੌਂਡੇ (ਲੜਕੇ) ਜੋ ਹਿੰਦੂਤਵ ਮੇ ਸ਼ਾਮਿਲ ਹੋ ਰਹੇ ਹੈ ਜੈਸੇ ਆਪ ਭੀ ਦੇਖਤੇ ਹੋਂਗੇ ਕਿ ਪ੍ਰਵਾਸੀਓ ਕੇ ਸਾਥ ਪੰਜਾਬੀ ਲੜਕੀਆਂ ਭਾਗਨਾ ਆਮ ਬਾਤ ਹੈ। ਕਹਾ ਹੈ ਤੁਮਹਾਰਾ ਸੱਭਿਆਚਾਰ, ਵਿਰਸਾ। ਹਮਾਰੇ ਮਜਦੂਰ ਭਾਈ ਪੰਜਾਬ ਮੇਂ ਝੁੱਗੀ, ਝੌਪੜੀ ਸੇ ਲੇ ਕੇ ਬੜੇ-2 ਕੋਨਟਰੈਕਟਰ, ਫੈਕਟਰੀ ਮੈਨੇਜਰ, ਐਮ ਸੀ. ਠੇਕੇਦਾਰ, ਚੇਅਰਮੈਨ, ਐਮ. ਐਲ. ਏ. ਆਦਿ ਕਹਾਂ ਤੱਕ ਨਹੀਂ ਪਹੁੰਚੇ ਜਹਾਂ ਨਹੀਂ ਭੀ ਪਹੁੰਚੇ, ਥੋੜਾ ਇੰਤਜਾਰ ਕਰੇ, ਕਿ ਯਹਾਂ ਰਾਜਯ ਹੀ ਹਮਾਰਾ ਔਰ ਪੰਜਾਬੀ ਨੌਕਰੀਆਂ ਕਰੇਗੇ। ਕਈ ਜਗਾਂ ਅਬ ਭੀ ਐਸਾ ਹੈ।

ਡਾ: ਜਨਾਰਧਨ ਮਿਸ਼ਰਾ ਲੁਧਿਆਣੇ ਸੇ ਜਿਸ ਕੇ ਬਾਰੇ ਆਪ ਨੇ ਸਿੱਖ ਫੁਲਵਾੜੀ ਕੇ ਦਸੰਬਰ 2004 ਮੇਂ ਲਿਖਾ ਉਨਹੋ ਨੇ ਹੀ ਹਮਾਰੇ ਲੋਗੋਂ ਕੋ ਰੋਜਗਾਰ ਪਰ ਖੜੇ ਕੀਆ, ਵੇ ਹਮਾਰੇ ਮਸੀਹਾ ਹੈ। ਕਿਉਂਕਿ ਪੰਜਾਬੀ ਕਾਮਚੋਰ, ਆਲਸੀ, ਗਵਾਰ, ਬੁੱਧੂ, ਅਨਪੜ੍ਹ ਲੋਗ ਹੈ। ਪੰਜਾਬ ਕਾ ਖੁਸ਼ਹਾਲ ਹੋਣਾ ਹਮਾਰੀ ਹੀ ਬਦੌਲਤ ਹੈ।

ਸ: ਜਗਦੀਪ ਸਿੰਘ ਫਰੀਦਕੋਟ ਕਾ "ਤ੍ਰਸ਼ੂਲਾਂ ਤੋਂ ਖਬਰਦਾਰ" ਸੁਣਾ ਥਾ ਤਭੀ ਆਪ ਕੋ ਜਵਾਬ ਦੀਆ ਹੈ। ਜਬ ਤੱਕ ਪੰਜਾਬੀ ਲੋਕ ਪੰਜਾਬੀ ਸਰਕਾਰ ਸਤੱਰਕ (ਸੁਚੇਤ) ਹੋਗੀ ਬਹੁਤ ਦੇਰ ਹੋ ਗਈ ਹੋਗੀ।

ਰਾਮ ਵਿਲਾਸ ਯਾਦਵ
ਰਾਮ ਪ੍ਰਸਾਦ ਮਹਾਜਨ
ਦਿਨੇਸ਼ ਕੁਮਾਰ-ਨਜਦੀਕ ਆਰਤੀ
ਸਟੀਲ ਰੇਲਵੇ ਰੋਡ, ਫੋਕਲ ਪੁਆਇੰਟ, ਲੁਧਿਆਣਾ।

ਨੋਟ :

ਅਗੋ ਦੇ ਜੇ ਚੇਤੀਐ, ਤਾਂ ਕਾਇਤੁ ਮਿਲੈ ਸਜਾਇ ॥

(ਪੰਨਾ ਨੰ: 417)

ਯੋਗਸਲਾਹ:

ਗੁਰੂ ਸਾਹਿਬ ਜੀ ਦੁਆਰਾ ਬਖਸ਼ੀ ਮੱਤ ਅਨੁਸਾਰ ਸਮੇਂ ਦੀ ਨਜਾਕਤ ਨੂੰ ਪਛਾਣਦੇ ਹੋਏ ਸਮੂਹ ਸੰਗਤਾਂ ਨੂੰ ਸਰਕਲ ਗੁਰਮਤਿ ਪ੍ਰਚਾਰ ਕੇਂਦਰ ਗੋਇੰਦਵਾਲ ਸਾਹਿਬ ਵੱਲੋਂ ਇਕ ਨਿਮਾਣੀ ਜਿਹੀ ਸਲਾਹ ਹੈ ਕਿ ਇਸ ਚਿੱਠੀ ਨੂੰ ਪੜ੍ਹ ਕੇ ਜਜਬਾਤੀ ਹੋਣ ਦੀ ਜਗ੍ਹਾ ਆਪਣੀਆਂ ਕਮੀਆਂ ਨੂੰ ਦੂਰ ਕਰਨ ਅਤੇ ਰਲ ਮਿਲ ਕੇ ਆਉਣ ਵਾਲੇ ਭਵਿੱਖ ਬਾਰੇ ਸੋਚਣ ਦੀ ਲੋੜ ਹੈ।

ਜੇਕਰ ਅਸੀਂ ਆਪਣੇ ਕੇਸ ਕਤਲ ਕਰਵਾਉਂਦੇ ਹਾਂ ਤਾਂ ਆਉ ਅੱਜ ਹੀ ਪ੍ਰਣ ਕਰੀਏ ਕਿ ਅੱਜ ਤੋਂ ਬਾਅਦ ਅਸੀਂ ਨਾਂ ਹੀ ਕੇਸ ਕਟਵਾਂਵਾਗੇ ਅਤੇ ਨਾਂ ਹੀ ਨਸ਼ਾ ਕਰਾਂਗੇ, ਜੇਕਰ ਇਸ ਖਤ ਪੜਨ ਤੋਂ ਬਾਅਦ ਵੀ ਇਹ ਪਾਪ ਕਰ ਰਹੇ ਹਾਂ ਤਾਂ ਇਹ ਸਮਝ ਲੈਣਾ ਕਿ ਅਸੀਂ ਮਨਮੁੱਖਾ ਦੀ ਗਿਣਤੀ ਵਿੱਚ ਵਾਧਾ ਕਰ ਰਹੇ ਹਾਂ, ਭਈਆਂ ਦੀ ਗਿਣਤੀ ਵਧਾ ਰਹੇ ਹਾਂ ਅਤੇ ਸਿੱਖਾਂ ਦੀ ਗਿਣਤੀ ਘਟਾ ਰਹੇ ਹਾਂ ਆਉ ਆਪ ਅਤੇ ਆਪਣੇ ਬੱਚਿਆਂ ਨੂੰ ਪਤਿਤ ਪੁਣੇ ਅਤੇ ਨਸ਼ਿਆਂ ਤੋਂ ਬਚਾਈਏ ਇਸ ਖਤ ਦਾ ਜੁਆਬ ਦੇਈਏ, ਇਸ ਖਤ ਦੇ ਸਬੰਧ ਵਿਚ ਪਿੰਡਾਂ ਅਤੇ ਸ਼ਹਿਰਾਂ ਦੇ ਨੌਜਵਾਨਾਂ ਨੂੰ ਸੁਚੇਤ ਕਰਨ ਲਈ ਗੁਰਮਤਿ ਸਮਾਗਮ ਕਰੀਏ। ਗੁਰਮਤਿ ਪ੍ਰੋਗਰਾਮ ਕਰਨ ਲਈ ਵਡਮੁੱਲਾ ਯੋਗਦਾਨ ਦੇ ਕੇ ਸਾਨੂੰ ਸੇਵਾ ਦਾ ਮੌਕਾ ਬਖਸ਼ੋ

ਬਾਬਾ ਸੁਖਚੈਨ ਸਿੰਘ ਭਾਈ ਲੱਧੂ ਵਾਲਾ

ਇਹ ਸਾਧ ਬਾਰੇ ਭਾਵੇਂ ਪਹਿਲੇ ਵੀ ਕੁਝ ਲਿਖਿਆ ਪਰ ਸੰਗਤਾਂ ਦੀ ਮੰਗ ਸੀ ਕੇ ਹੋਰ ਵੀ ਲਿਖਿਆ ਜਾਏ ਤਾਂ ਅਸੀਂ ਹੋਰ ਜਿਨੀ ਕੁ ਜਾਣਕਾਰੀ ਇਕੱਤਰ ਕਰ ਸਕੇ ਹਾਂ ਉਹ ਪਾਠਕਾਂ ਦੇ ਧਿਆਨ ਵਿਚ ਲਿਆ ਰਹੇ ਹਾਂ। ਇਹ ਸਾਧ ਕੋਰਾ ਅਨਪੜ੍ਹ ਹੈ ਸ਼ੁਰੂ ਸ਼ੁਰੂ ਵਿਚ ਇਹ ਬਾਬਾ ਜੋਗਾ ਸਿੰਘ ਅਤੇ ਬਾਬਾ ਖੁਸ਼ਾ ਸਿੰਘ ਦੇ ਨਾਲ ਰਿਹਾ ਸੀ ਬਾਬਾ ਜੋਗਾ ਸਿੰਘ ਨੇ ਇਸ ਨੂੰ ਭਾਈ ਲੱਧੂ ਭੇਜ ਦਿੱਤਾ ਕੇ ਉਥੇ ਜਾ ਕੇ ਸੇਵਾ ਕਰ ਪਰ ਇਹ ਸੇਵਾ ਕਰਨ ਦੇ ਨਾਲ ਨਾਲ ਅੰਦਰ ਅੰਦਰ ਇਹ ਬਾਬਾ ਜੋਗਾ ਸਿੰਘ ਵਾਂਗ ਸਾਧ ਬਨਣ ਲਈ ਉਪਰਾਲੇ ਕਰਨ ਲੱਗ ਪਿਆ ਆਟੇ ਦੇ ਪੇੜੇ ਨੂੰ ਫੂਕਾਂ ਮਾਰਨੀਆਂ ਘੜੇ ਦਾ ਜਲ ਦੇਣਾ ਸ਼ੁਰੂ ਕਰ ਦਿਤਾ ਅਤੇ ਛੇਤੀ ਹੀ ਇਸ ਦੀਆਂ ਹਰਕਤਾਂ ਦਾ ਪਤਾ ਬਾਬਾ ਜੋਗਾ ਸਿੰਘ ਦਰਾਜ ਕੇ ਵਾਲਿਆਂ ਨੂੰ ਪਤਾ ਲੱਗ ਗਿਆ ਅਤੇ ਇਹਨਾਂ ਦੀ ਵਿਗੜ ਗਈ ਇੱਕ ਦੂਜੇ ਉਤੇ ਅੱਤ ਨਿੰਦਨ ਯੋਗ ਇਲਜਾਮ ਲਾਉਣੇ ਸ਼ੁਰੂ ਕਰ ਦਿਤੇ ਆਖਰ ਆਪੋ ਧਾਪ ਪੈ ਗਈ ਇਸ ਨੇ ਭਾਈ ਲੱਧੂ ਪੱਕਾ ਡੇਰਾ ਜਮਾ ਲਿਆ ਅਤੇ ਜੋਗਾ ਸਿੰਘ ਨੇ ਦਰਾਜ ਕੇ ਪੱਕਾ ਡੇਰਾ ਬਣਾ ਲਿਆ ਹੁਣ ਇਸ ਸਾਧ ਨੇ ਇਕ ਤਰੀਕਾ ਸੋਚਿਆ ਸੰਗਤਾਂ ਨੂੰ ਮਗਰ ਲਾਉਣ ਦਾ ਉਹ ਸੀ ਕੇ ਇਸ ਨੇ ਇਥੇ ਇਕ ਛੱਪੜੀ ਦੇ ਪਾਣੀ ਨੂੰ ਇਹ ਕਹਿਣਾ ਸ਼ੁਰੂ ਕਰ ਦਿਤਾ ਕੇ ਜਿਹੜੇ ਵੀ ਬੱਚੇ ਇਸ ਵਿਚ ਇਸ਼ਨਾਨ ਕਰਨਗੇ ਉਹ ਸੁਕਿਆ ਤੋਂ ਹਰੇ ਹੋ ਜਾਣਗੇ ਭਾਵ ਮੋਟੇ ਹੋਣਗੇ ਪਰ ਐਸਾ ਹੋਇਆ ਨਹੀਂ। ਫਿਰ ਇਸ ਨੇ ਉਥੇ ਸਰੋਵਰ

ਬਣਾ ਦਿੱਤਾ ਜਿਸ ਤੇ ਇਸ ਸਾਧ ਦੇ ਕਹਿਣ ਮੁਤਾਬਕ 40 ਲੱਖ ਖਰਚ ਆਇਆ ਕੀ ਇਸ ਸਾਧ ਨੂੰ ਇਹ ਨਾ ਸੁੱਝੀ ਕਿ ਮੈਂ ਕੋਈ ਸਕੂਲ ਜਾਂ ਹਸਪਤਾਲ ਬਣਾ ਦੇਵਾਂ ਤਾਂ ਜੋ ਲੋਕਾਂ ਨੂੰ ਸਹੂਲਤ ਮਿਲ ਸਕੇ ਪਰ ਇਹ ਸਾਧ ਬੜੇ ਚਲਾਕ ਹਨ ਇਹ ਨਹੀਂ ਚਾਹੁੰਦੇ ਕੇ ਲੋਕ ਪੜ੍ਹ ਲਿਖ ਜਾਣ ਕਿਉਂਕਿ ਇਹਨਾਂ ਦੀ ਦੁਕਾਨਦਾਰੀ ਬੰਦ ਹੋਣ ਦਾ ਖਤਰਾ ਹੈ। ਇਹ ਕਹਿਣ ਨੂੰ ਤਾਂ ਕਹਿੰਦਾ ਹੈ ਕਿ ਮੈਂ ਕਬਰਾਂ ਦੇ ਵਿਰੁੱਧ ਹਾਂ ਪਰ ਇਹ ਕਬਰਾਂ ਤੋਂ ਬਹੁਤ ਡਰਦਾ ਹੈ ਇਸ ਨੇ ਇਕ ਵਾਰੀ ਇਕ ਪ੍ਰਚਾਰਕ ਨੂੰ ਕਿਹਾ ਸੀ ਕਿ ਇਹ ਮੰਜਾ ਕਬਰ ਤੋਂ ਲਿਆਂਦਾ ਹੈ ਪਰ ਇਸ ਉਤੇ ਕੋਈ ਅਰਾਮ ਨਹੀਂ ਕਰ ਸਕਦਾ ਕਿਉਂਕਿ ਉਹ ਫੱਕਰ ਬੜਾ ਜ਼ਾਹਰਾ ਹੈ ਜਿਸ ਦਾ ਇਹ ਮੰਜਾ ਹੈ ਤਾਂ ਅੱਗੋਂ ਪ੍ਰਚਾਰਕ ਸਿੰਘ ਨੇ ਕਿਹਾ ਕੇ ਮੈਂ ਅੱਜ ਇਸ ਮੰਜੇ ਤੇ ਹੀ ਆਰਾਮ ਕਰਾਂਗਾ ਇਸ ਨੇ ਬੜਾ ਰੋਕਿਆ ਪਰ ਉਹ ਸਿੰਘ ਸਾਰੀ ਰਾਤ ਉਸ ਮੰਜੇ ਤੇ ਸੁੱਤਾ ਰਿਹਾ ਦਿਨ ਚੜੇ ਉਸ ਨੇ ਉਠ ਕੇ ਕਿਹਾ ਬਾਬਾ ਜੀ ਮੈਨੂੰ ਤਾਂ ਫੱਕਰ ਨਹੀਂ ਮਿਲਿਆ ਤਾਂ ਅੱਗੋਂ ਸ਼ਰਮਿੰਦਾ ਜਿਹਾ ਹੋ ਕੇ ਕਹਿਣ ਲੱਗਾ ਤੂੰ ਬਾਣੀ ਪੜ੍ਹਦਾ ਹੈਂ ਤਾਂ ਤੈਨੂੰ ਉਸ ਨੇ ਕੁਝ ਨਹੀਂ ਕਿਹਾ ਇਹ ਕੁਝ ਸੰਗਤਾਂ ਦੇ ਸਾਹਮਣੇ ਕਰਨੇ ਤੇ ਵੀ ਸ਼ਰਧਾਲੂ ਨਹੀਂ ਸਮਝਦੇ ਫਿਰ ਇਹਨਾਂ ਆਖੌਤੀ ਸਾਧਾਂ ਦੀ ਹੀ ਗੱਲ ਕਰਦੇ ਹਨ ਕਿ ਸਾਡੇ ਬਾਬੇ ਬੜੇ ਪਹੁੰਚੇ ਹਨ। ਇਸ ਸਾਧ ਨੇ ਇੱਕ ਸਿੰਘ ਨੂੰ ਕਿਹਾ ਜੇ ਤੂੰ ਡੇਰਾ ਬਣਾਉਣਾ ਹੈ ਤਾਂ ਕੁਝ ਨੁਕਤੇ ਮੈਂ ਤੈਨੂੰ ਦੱਸ ਦੇਂਦਾ ਹਾਂ ਪਹਿਲਾਂ ਕਦੀ ਵੀ ਸੱਚ ਨਹੀਂ ਬੋਲਣਾ ਅਤੇ ਹਮੇਸ਼ਾਂ ਲੋਕਾਂ ਨੂੰ ਪੁੱਠੀ ਗੱਲ ਦੱਸਣੀ ਕਿਉਂਕਿ ਸਿੱਧੀ ਗੱਲ ਇਹ ਸਮਝਦੇ ਨਹੀਂ ਭਾਵ ਸੱਚ ਨਹੀਂ ਸਮਝਦੇ ਝੂਠ ਤੋਂ ਛੇਤੀ ਪ੍ਰਭਾਵਤ ਹੁੰਦੇ ਹਨ ਇਹਨਾਂ ਨੂੰ ਵਰਾਂ ਸਰਾਪਾਂ ਅਤੇ ਡਰ ਵਾਲੀਆਂ ਹੀ ਗੱਲਾਂ ਸੁਣਾਉਣੀਆਂ ਹਨ। ਫਿਰ ਜਦ ਸਾਡੇ ਕੋਲ ਆਉਣ ਤਾਂ ਕਹਿਣਾ ਗੁਰਦੁਆਰੇ ਸੇਵਾ ਕਰੋ ਅਤੇ ਚੌਪਈ ਦਾ ਪਾਠ ਕਰੋ ਇਸ ਤਰ੍ਹਾਂ ਲੋਕ ਜਦੋਂ ਆਉਣੇ ਸ਼ੁਰੂ ਹੋ ਜਾਣ ਤਾਂ ਫਿਰ ਸੰਗਤ ਬੈਠੀ ਵਿਚ ਕਹਿਣਾ ਕੇ ਭਾਈ ਫਲਾਨੇ ਸਿੰਘ ਨੇ 10 ਹਜਾਰ ਇੱਟਾਂ ਦੀ ਸੇਵਾ ਕੀਤੀ ਪਰ ਜਿਸ ਦਾ ਨਾਮ ਲਿਆ ਜਾਏ ਉਹ ਵਿੱਚ ਨਾ ਬੈਠਾ ਹੋਵੇ ਕਿਉਂਕਿ ਬੋਲਣਾ ਤਾਂ ਝੂਠ ਹੈ। ਇਸ ਤਰ੍ਹਾਂ ਕਹਿ ਦੇਣ ਕੇ ਕਿਸੇ ਨੇ 50 ਬੋਰੀਆਂ ਸੀਮੇਂਟ ਦਿਤਾ ਹੈ ਬੱਸ ਫਿਰ ਆਪੇ ਸੰਗਤਾਂ ਵਿਚੋਂ ਉਠਣੇ ਸ਼ੁਰੂ ਹੋ ਜਾਣਗੇ ਕਿ ਬਾਬਾ ਜੀ ਸਾਨੂੰ ਵੀ ਸੇਵਾ ਲਾਉ ਤਾਂ ਸਮਝੋ ਕੰਮ ਸ਼ੁਰੂ ਹੋ ਗਿਆ। ਹੁਣ ਪਾਠਕ ਜਨ ਆਪ ਹੀ ਸੋਚਣ ਕਿ ਇਹਨਾਂ ਸਾਧਾਂ ਤੋਂ ਤੁਸੀਂ ਕੀ ਉਮੀਦ ਰਖਦੇ ਹੋ ? ਜਿਹੜੇ ਝੂਠ ਦਾ ਆਸਰਾ ਲੈ ਕੇ ਚਲਦੇ ਹਨ। ਇਹ ਸਾਧ ਕਦੇ ਵੀ ਕੌਮ ਦੀ ਚੜ੍ਹਦੀ ਕਲਾ ਲਈ ਉਪਰਾਲਾ ਨਹੀਂ ਕਰਨਗੇ ਇਹਨਾਂ ਨੂੰ ਤਾਂ ਇਕ ਹੀ ਗੱਲ ਹੈ ਕਿ ਸਾਡਾ ਡੇਰਾ ਕਿਵੇਂ ਵੱਡਾ ਹੋਏ ਵੱਡੀਆਂ ਵੱਡੀਆਂ ਗੱਡੀਆਂ ਕਿਵੇਂ ਆਉਣ ਅਤੇ ਸੰਗਤਾਂ ਦਾ ਸਰੀਰਕ ਤੇ ਮਾਨਸਿਕ ਸ਼ੋਸ਼ਣ ਕਿਵੇਂ ਹੋਵੇ ਇਹ ਦਿਨ ਰਾਤ ਇਹੀ ਸੋਚਦੇ ਰਹਿੰਦੇ ਹਨ। ਹੁਣ ਤੁਸੀਂ ਪੜ੍ਹ ਕੇ ਆਪ ਹੀ ਸਮਝੋ ਕਿ ਅਸੀਂ ਇਹਨਾਂ ਦੇ ਜਾਲ ਵਿਚੋਂ ਕਿਵੇਂ ਨਿਕਲਣਾ ਹੈ ? ਅਤੇ ਹੋਰਨਾਂ ਨੂੰ ਕਿਵੇਂ ਇਹਨਾਂ ਦੇ ਜਾਲ ਵਿਚੋਂ ਕੱਢਣਾ ਹੈ ? ਇਹ ਤੁਹਾਡੇ ਸੋਚਣ ਵਾਸਤੇ ਛੱਡ ਦੇਂਦੇ ਹਾਂ। ਇਸ ਬਾਰੇ ਹੋਰ ਵੀ

ਜਾਣਕਾਰੀ ਇਕੱਤਰ ਕਰ ਰਹੇ ਹਾਂ ਪੁਸਤਕ ਦੇ ਚੌਥੇ ਭਾਗ ਵਿਚ ਆਪ ਜੀ ਦੇ ਧਿਆਨ ਹਿਤ ਲਿਆਵਾਂਗੇ।

ਅੱਜ ਕੱਲ ਦੇ ਸੰਤ

1. ਅੱਜ ਕੱਲ ਦੇ ਬਾਬੇ ਵੇਖ ਲਉ। ਇਹ ਬਣ-ਬਣ ਬਹਿੰਦੇ ਮਹੰਤ। ਜਿਹਨੂੰ ਘਰੇ ਕੋਈ ਨਹੀਂ ਪੁੱਛਦਾ ਹੈ, ਉਹ ਬਣ ਜਾਂਦਾ ਹੈ ਸੰਤ।
2. ਵਿੱਚ ਕਨੇਡਾ ਵਸਦੇ ਨੇ ਇਹਨਾਂ ਸੰਤਾਂ ਦੇ ਪਰਿਵਾਰ ਇਹਨਾਂ ਦੇ ਥੱਲੇ ਹੁੰਦੀ, 50-60 ਲੱਖ ਦੀ ਕਾਰ।
3. ਗੁਰੂ ਗਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਇਹ ਲੋਕਾਂ ਤੋਂ ਮੱਥੇ ਟਿਕਾਉਂਦੇ ਨੇ, ਭਾੜੇ ਤੇ ਖ੍ਰੀਦੇ ਬੰਦਿਆਂ ਤੋਂ ਆਪਣੀ ਹੀ ਸਿਫਤ ਕਰਾਉਂਦੇ ਨੇ।
4. ਕੋਈ ਨੂਰਮਹਿਲੀਆ ਬਣਿਆ ਹੈ, ਕੋਈ ਬਣਿਆ ਹੈ ਭਨਿਆਰਾ ਅੱਜ ਸਤਿਗੁਰੂ ਅਖਵਾਉਂਦਾ ਹੈ, 15 ਸਾਲਾ ਕੁਆਰਾ
5. ਕੋਈ ਬਾਬਾ ਪੁੱਤਰ ਵੰਡਦਾ ਹੈ। ਕੋਈ ਕਰਦਾ ਬੇੜੇ ਪਾਰ। ਜੋ ਇਹਨਾਂ ਪਿਛੇ ਲੱਗਦਾ ਹੈ ਉਹ ਡੁੱਬੇ ਅੱਧ ਵਿਚਕਾਰ।
6. ਕੋਈ ਸੰਤ ਚਾਲੀਸਾ ਕੱਟਦਾ ਹੈ, ਇਹ ਕਰਦੇ ਬੜੇ ਪਖੰਡ। ਲੋਕਾਂ ਨੂੰ ਲੁੱਟਣ ਵਾਲੇ ਇਹਨਾਂ ਲੱਭੇ ਅਨੋਖੇ ਢੰਗ।
7. ਗੁਰਮਤਿ ਦੀ ਗੱਲ ਕੋਈ ਆਉਂਦੀ ਨਹੀਂ, ਨਾ ਜਾਣਦੇ ਇਹ ਗੁਰਬਾਣੀ, ਸੰਤ ਮਾਨ ਸਿੰਘ ਦਾ ਸੁਣ ਕੇ ਮੈਂ ਸ਼ਰਮ ਨਾਲ ਹੋ ਗਿਆ ਪਾਣੀ।
8. ਅਫੀਮ, ਭੰਗ ਪੋਸਤ ਇਹ ਡੇਰਿਆ ਵਿੱਚ ਵਰਤਾਉਂਦੇ ਨੇ, ਗੁਰੂ ਗੋਬਿੰਦ ਸਿੰਘ ਜੀ ਨੂੰ ਛੱਡ ਕੇ ਆਪਣਾ ਹੀ ਅੰਮ੍ਰਿਤ ਛਕਾਉਂਦੇ ਨੇ।
9. ਇਹ ਸੰਤ ਬਣੇ ਜੋ ਠੱਗ, ਜਾਇਦਾਦਾਂ ਖਾਤਰ ਮਰਦੇ ਨੇ, ਡੇਰਿਆਂ ਤੇ ਕਬਜੇ ਕਰ ਲੈਂਦੇ, ਇਹ ਪੱਗਾਂ ਪਿਛੇ ਲੜਦੇ ਨੇ।
10. ਕੋਈ ਵਿੱਚ ਬਿਆਸੀ ਬੈਠਾ ਹੈ, ਆਪਣੇ ਹੀ ਡੇਰੇ ਖੋਲ, ਗੁਮਰਾਹ ਕਰਦੇ ਆ ਲੋਕਾਂ ਨੂੰ, ਇਹ ਉਲਟੀ ਬਾਣੀ ਬੋਲ।
11. ਕੀ ਦੱਸਾਂ ਕਾਰ ਸੇਵਾ ਦਾ ਇਹਨਾਂ ਦੇ ਕੰਮ ਨਿਆਰੇ, ਪੈਸੇ ਖਾਤਰ ਇਹਨਾਂ ਨੇ ਕਈ ਬਣਾ ਲਏ ਗੁਰਦੁਆਰੇ।
12. ਕੋਈ ਬਾਬਾ ਧਾਗੇ ਕਰਦਾ ਹੈ, ਕੋਈ ਬਾਬਾ ਕਰੇ ਤਵੀਤ, ਇਹ ਭੋਲੇ ਭਾਲੇ ਦਿਸਦੇ ਨੇ, ਪਰ ਵਿਚੋਂ ਖੋਟੀ ਨੀਤ।
13. ਕੋਈ ਬਾਬਾ ਵੇਖੇ ਪੱਤਰੀਆਂ, ਕੋਈ ਦੱਸਦਾ ਸੰਤ ਭਵਿੱਖ, ਜੋ ਮੰਨਦਾ ਇਨ੍ਹਾਂ ਗੱਲਾਂ ਨੂੰ ਉਹ ਹੋ ਸਕਦਾ ਨਹੀਂ ਸਿੱਖ।
14. ਕੋਈ ਬਣਿਆ ਹੈ ਵਡਭਾਗ ਸਿੰਘ ਤੇ ਨਹਾਵੇ ਧੌਲੀ ਧਾਰ। ਕੀ ਕਿਸੇ ਨੂੰ ਤਾਰੇਗਾ, ਜਿਹੜਾ ਖਾਲਸੇ ਦਾ ਗਦਾਰ।
15. ਕੋਈ ਬੀਬੀ ਖੇਡਾਂ ਦਿੰਦੀ ਹੈ, ਕੋਈ ਬੀਬੀ ਬਣੀ ਪੰਜ ਪੀਰ, ਅਨਪੜ ਪੇਂਡੂ

ਲੋਕ ਸਭ, ਬਣੇ ਲਕੀਰ ਦੇ ਫਕੀਰ ।

16. ਕੁਲਦੀਪ ਪ੍ਰਿੰਗੜੀ ਵਾਂਗੂੰ ਸਭ ਤਿਆਗੋ ਸਾਧੂ ਸੰਤ । ਗੁਰੂ ਗੋਬਿੰਦ ਸਿੰਘ ਜੀ ਕਹਿ ਗਏ, ਗੁਰੂ ਮਾਨਿਉ ਗ੍ਰੰਥ ।

ਕੁਲਦੀਪ ਸਿੰਘ ਪਿੰਡ ਪ੍ਰਿੰਗੜੀ
ਤਹਿ: ਪੱਟੀ ਜਿਲ੍ਹਾ ਅੰਮ੍ਰਿਤਸਰ, ਪੰਜਾਬ।

ਭਾਈ ਰਾਮ ਸਿੰਘ

(ਪਿੰਡ ਮਾਜਰੀ ਜਿਲ੍ਹਾ ਰੋਪੜ)

ਕੰਧਾਂ ਉਤੇ ਆਮ ਇਸ਼ਤਿਹਾਰ ਬਾਜ਼ੀ ਅਤੇ ਅਖੌਤੀ ਸਾਧਾਂ-ਸੰਤਾਂ ਦੇ ਪੋਸਟਰ ਨਿਰੇ ਹੀ ਮੱਛਰ ਪਾਲਣ ਦੇ ਟੈਂਟ ।

ਵਿਹਲੜ ਸੰਤਾਂ ਦੀ ਜਬਾਨੀ

ਗੁਰਮੁੱਖ : ਬਾਬਾ ਜੀ ਏਨੀ ਬੁੱਢੀ ਉਮਰ ਵਿੱਚ ਪੜ੍ਹਨ ਲੱਗ ਪਏ ਓ।

ਸੰਤ-ਗੁਰਮੁੱਖਾ ! ਤੈਨੂੰ ਕੀ ਦੀਂਹਦਾ ਹੈ । ਗੁਰਮੁੱਖ : ਬਾਬਾ ਜੀ, ਇਹ ਲੱਕੜ ਦੀਆਂ ਗੋਲੀਆਂ ਜਿਹੀਆਂ ਕੀ ਗਿੱਣਦੇ ਪਏ ਓ ?

ਸੰਤ: ਇਹ ਮਾਲ੍ਹਾ ਹੈ ਮਾਲ੍ਹਾ, ਇਸੇ ਨਾਲ ਤਾਂ ਅਸੀਂ ਰੱਬ ਦੇ ਵੱਡੇ ਭਗਤ ਦਿਸਦੇ ਹਾਂ, ਇਸ ਨਾਲ ਹੀ ਅਨਪੜ੍ਹ ਅਤੇ ਪੜ੍ਹੇ ਲਿੱਖੇ ਲੋਕਾਂ ਨੂੰ ਮਗਰ ਲਾਉਨੇ ਆ,

ਸੰਤ ਜੀ ਰੁਕਦੇ ਹੀ ਨਹੀ ਆਪਣੀ ਜੀਵਨ ਵਿੱਖਿਆ ਸੁਣਾ ਰਹੇ ਨੇ ।

ਸੰਤ: ਦੇਖ ਗੁਰਮੁੱਖਾ ! ਇਹ ਸੱਚ ਹੈ ਕਿ ਗੁਰੂ ਸਾਹਿਬਾਨ ਜੀ ਨੇ ਇਹ ਕਹਿ ਕੇ "ਆਤਮਾ ਗ੍ਰੰਥ" ਵਿਚ ਸਰੀਰ ਪੰਥ ਵਿੱਚ ਭਾਵ ਗੁਰੂ ਗ੍ਰੰਥ ਅਤੇ ਗੁਰੂ ਪੰਥ ਨੂੰ ਗੁਰਗੱਦੀ ਸੌਂਪ ਦਿੱਤੀ । ਸਾਰੇ ਗੁਰਸਿੱਖਾਂ ਨੂੰ ਬਾਣੀ ਦੇ ਲੜ ਲਾ ਦਿੱਤਾ । ਅਸਾਨੂੰ ਤਾਂ, (ਵੋਟ ਵਟੋਰੂ) ਲੀਡਰਾਂ ਨੇ ਸਿਆਸੀ ਲਾਭ ਲੈਣ ਲਈ ਹੀ ਸੰਤ ਜੀ ਥਾਪੇ ਹੋਏ ਨੇ ਤੇ ਆਪਣੇ ਸੰਤ ਹੋਣਾ ਦੱਸਣ ਲਈ ਸਬੂਤਾਂ ਵਜੋਂ ਸੁੱਖਮਣੀ ਸਾਹਿਬ ਦਾ ਪਾਠ ਪੜ੍ਹਨ ਲਈ ਕਹਿ ਦਿੰਦੇ ਹਾਂ ।

ਅਸੀਂ ਬੰਨ੍ਹਦੇ ਗੋਲ ਟੋਪੀ ਜਿਹੀ ਚਿੱਟੀ ਪੱਗ, ਪਾ ਕੇ ਮਾਲ੍ਹਾ ਚੋਲਾ, ਲੁੱਟਦੇ ਖ਼ੂਨ ਪਸ਼ੀਨੇ ਦੀ ਸੰਗਤਾਂ ਦੀ ਕਮਾਈ, ਵਿਹਲੇ ਰਹਿਣ ਬਣ ਕੇ ਰੱਬ ਦੇ ਕਸਾਈ, ਉਹ ਕੋਈ ਸਿੱਖ ਹੈ, ਜਿਹੜਾ ਚੁੱਣਕੇ ਬੰਨ੍ਹਦੇ ਪੱਗ, ਗਲ੍ਹ ਕਮੀਜ਼ ਤੇ ਪਾਉਂਦੇ ਨੇ ਪਾਜਾਮਾ ਜਾ ਪੈਂਟ । ਜਿਹੜੇ ਰਹਿੰਦੇ ਸੀ ਕੱਚੇ ਮਕਾਨਾਂ ਦੀਆ ਖੁੰਦਰਾਂ ਵਿਚ ਉਹ ਸਾਡੇ ਭਾਈ, ਖ਼ੂਨ ਚੂਸ ਮੱਛਰ, ਵਿਚਾਰੇ ਪੱਕੀਆਂ ਕੰਧਾਂ ਕਾਰਣ ਰੁਲ ਗਏ ਹਨ। ਉਹਨਾਂ ਦੇ ਵੱਧਣ ਫੁੱਲਣ ਵਾਸਤੇ ਅਸੀਂ ਆਪਣੀ ਮਸ਼ਹੂਰੀ ਲਈ ਕੰਧਾਂ ਉੱਤੇ ਲਾਉਂਦੇ ਹਾਂ, ਪੋਸਟਰ । ਆਪਣੇ ਭਾਈਆਂ ਨੂੰ ਲਾ ਕੇ ਦਿੰਦੇ ਹਾਂ ਟੈਂਟ ।

ਸੰਤ: ਸੁਣ, ਪਹਿਲਾਂ ਅਸੀਂ ਪੋਸਟਰ ਲਾ ਦਿੰਨੇ ਹਾਂ, ਮੀਂਹ ਪੈ ਜਾਂਦਾ ਹੈ, ਫਿਰ ਮਗਰੋਂ ਧੁੱਪ ਨਿਕਲ ਆਉਂਦੀ ਹੈ ਸਾਡਾ ਪੋਸਟਰ ਵਿਚਕਾਰੋ ਬਾਹਰ ਨੂੰ ਆ ਜਾਂਦਾ

ਹੈ ਤੇ ਸਾਡਾ ਪੋਸਟਰ ਮੱਛਰਾਂ ਲਈ ਟੈਂਟ ਬਣ ਜਾਂਦਾ ਹੈ। ਤੁਹਾਨੂੰ ਪਤਾ ਹੀ ਹੈ, ਕਿ ਜੇ ਸਫਾਈ ਹੋਵੇਗੀ ਤਾਂ ਲੋਕ ਬਿਮਾਰ ਕਿਵੇਂ ਹੋਣਗੇ ? ਇਸੇ ਲਈ ਤਾਂ ਅਸੀ ਸੋਹਣੀਆਂ-ਸੋਹਣੀਆਂ ਕੰਧਾਂ ਦੀ ਸ਼ਕਲ ਵਿਗਾੜ ਦਿੰਦੇ ਹਾਂ।

ਇਹ ਸਾਡੇ ਮੱਛਰ ਭਾਈ, ਸਾਡੇ ਡੇਰੇ ਦੀ ਰੌਣਕ-ਵਧਾਉਣ ਲਈ ਸਾਡੀ ਮਦਦ ਕਰਦੇ ਹਨ। ਹਸਪਤਾਲਾਂ ਦੇ ਇਲਾਜ ਮਹਿੰਗੇ ਨੇ, ਤੇ ਸੰਗਤਾਂ ਨੂੰ ਹਰ ਬਿਮਾਰੀ ਦਾ ਇਲਾਜ਼, ਸੁੱਖ ਆਰਾਮ, ਧੰਨ ਦੌਲਤ ਦੇ ਭੰਡਾਰ ਸੰਤਾਂ ਕੋਲ ਹੀ ਦੱਸ ਕੇ ਭਰਮ ਜਾਲ ਵਿਚ ਫਸਾਇਆ ਹੁੰਦਾ ਹੈ।

ਸਾਡੇ ਕੋਲੋਂ ਲੋਕੀ ਸੁਆਹ, ਪਾਣੀ, ਇਲਾਚੀਆਂ ਜੋ ਕੁਦਰਤੀ ਹਨ ਬੋਤਲਾਂ ਕੈਨੀਆਂ ਵਿਚ ਭਰਕੇ ਲੈ ਜਾਂਦੇ ਹਨ।

ਸਰਕਾਰ ਭਾਵੇ ਸਵੱਛ ਪਾਣੀ ਸਪਲਾਈ ਕਰਦੀ ਹੈ, ਪਰ ਅਸੀਂ ਪੈਰ ਧੋਤੇ ਹੋਏ, ਟਿੱਡੀਆਂ, ਭੂੰਣਖੀਆਂ, ਮੱਖੀਆਂ, ਮੱਛਰਾਂ ਛਿੱਪਕਲੀਆਂ ਵਾਲਾ ਗੰਦਾ ਪਾਣੀ, ਪੀਣ ਲਈ ਆਖਦੇ ਹਾਂ, ਅਸੀਂ ਪੜ੍ਹੇ ਲਿਖੇ ਲੋਕਾਂ ਦੀ ਪੜ੍ਹਾਈ ਖੂਹ ਵਿਚ ਸੁੱਟ ਦਿੰਦੇ ਹਾਂ ਤੇ ਚੰਗੀ ਤਰ੍ਹਾਂ ਉੱਲੂ ਬਣਾ ਦਿੰਦੇ ਹਾਂ। ਮਾਇਆ ਦੇ ਮੋਟੇ ਗੱਫੇ ਵੀ ਬੈਠੇ ਬੈਠਾਇਆਂ ਨੂੰ ਮਿੱਲ ਜਾਂਦੇ ਹਨ ਮੁਬਾਇਲ ਫੋਨ ਵੀ ਕੰਨਾ ਨਾਲ ਲੱਗਾ ਕੇ ਰੱਖਦੇ ਹਾਂ ਕਿ ਕਿਤੇ ਦੀਵਾਨਾ ਦਾ ਪ੍ਰੋਗਰਾਮ ਲਿਖਣ ਤੋਂ ਹੀ ਨਾ ਰਹਿ ਜਾਵੇ। ਸਾਡੀ ਹਿੰਗ ਲੱਗੇ ਨਾ ਫਟਕੜੀ ਰੰਗ ਆਉਂਦਾ ਚੋਖਾ। ਕਾਰਾਂ ਖਰੀਦਣਾ ਸਾਡਾ ਮੁੱਖ ਕੰਮ ਹੈ, ਤੇ ਜਹਾਜ਼ ਖਰੀਦਣ ਦੀ ਰੱਖਦੇ ਹਾਂ ਤੰਮਨਾਂ।

ਕੱਟੇ ਵਾਂਗੂੰ ਡ਼ਿੰਗਣਾ ਸਾਡਾ ਪੱਕਾ ਰਾਗ ਹੈ। ਮੀਲਾਂ ਤਾਈਂ ਧੂਣੇ ਲਾਕੇ ਮਨ ਘੱੜਤ ਧਾਰਨਾ ਬੋਲ ਕੇ ਖੌਰੂ ਪਾਉਣਾ ਕਾਨੂੰਨ ਦੀਆਂ ਧੱਜੀਆਂ ਉਡਾਉਂਣਾ ਸਾਡੇ ਚੰਗੇ ਭਾਗ ਨੇ। ਬੱਚਿਆਂ ਦੀ ਪੜ੍ਹਾਈ ਦਾ, ਤੇ ਰੋਗੀ ਲੋਕਾਂ ਦੀ ਸਾਂਤੀ ਦਾ ਅਸੀਂ ਕੋਈ ਠੇਕਾ ਨਹੀ ਲਿਆ ਹੋਇਆ। ਇਨ੍ਹਾਂ ਬਾਰੇ ਸੋਚਣ ਲੱਗੇ ਤਾਂ ਫੇਰ ਅਸੀਂ ਬਣਾ ਲਏ ਕਾਰਾਂ ਅਤੇ ਭੋਰੇ। ਸਾਨੂੰ ਭੇਖੀਆਂ ਨੂੰ ਮੁੱਢਲੇ ਉਪਦੇਸ਼ਾਂ ਦੀ ਵੀ ਕੋਈ ਪ੍ਰਵਾਹ ਨਹੀ। ਓਹੀ ! ਹੱਥੀ ਸੇਵਾ ਕਰਨੀ, ਹੱਥੀਂ ਕਿਰਤ ਕਰਨੀ, ਗ੍ਰਹਿਸਥੀ ਜੀਵਨ ਵੰਡ ਛੱਕਣਾ, ਨਾਮ ਜੱਪਣਾ। ਤਹਾਨੂੰ ਪਤਾ ਹੀ ਹੈ, ਕਿ ਭਾਈ ਮੰਝ ਜੀ, ਇਨ੍ਹਾਂ ਸਭ ਕਾਸੇ ਤੋਂ ਢਿੱਲ ਮੰਗਦੇ ਸੀ, ਪਰ ਪੰਚਮ ਪਾਤਸ਼ਾਹ, ਗੁਰੂ ਅਰਜਨ ਦੇਵ ਜੀ ਨੇ ਨਹੀਂ ਦਿੱਤੀ ਢਿੱਲ, ਸਿੱਖੀ ਵਿੱਚ। ਅਸੀਂ ਕਿਹੜੇ ਨਾਲੇ ਅਸਲੀ ਐ ਕਾਕਾ। ਸਾਡੇ ਕੋਲ ਤਾਂ ਨਿਰਾ ਭੇਖ ਹੀ ਹੈ, ਗੁਰੂਆਂ ਵਾਲਾ, ਬਾਣੀ ਭਾਵੇਂ ਸਾਡੇ ਪੈਟਰੋਲ ਨਾਲ ਭਿਓਂ-ਭਿਓਂ ਕੇ ਛਿੱਤਰ ਪਈ ਏ ਮਾਰਦੀ ਹੈ ਰੱਬ ਦੀ,..... ਪਰ ਲੋਕਾਂ ਨੂੰ ਬਾਣੀ ਬਾਰੇ ਦੱਸਣਾ ਹੈ, ਆਪਣੇ ਉੱਤੇ ਢੁਕਾਅ ਕੇ।

"ਭਾਈ", ਸ਼ਬਦ ਨੂੰ, ਪਾਸੇ ਰੱਖ ਕੇ, ਪੋਸਟਰ ਛਪਵਾਉਣ ਲਈ ੧੦੮ ਸੰ: ਬ੍ਰਹਮ ਗਿਆਨੀ ੧੦੦੮ ਪੂਰਨ ਬ੍ਰਹਮ ਗਿਆਨੀ, ਮਹਾਨ ਤੱਪਸਵੀ, ਮਹਾਨ ਤਿਆਗੀ, ਮਹਾਰਾਜ ਆਪੇ ਪ੍ਰੈਸ ਵਿਚ ਦੇਣੇ ਆ ਲਿਖਾ ਕੇ, ਟੁੱਕੜ ਬੋਚ, ਤਨਖਾਹ ਉੱਤੇ ਰੱਖੇ ਹੁੰਦੇ ਹਨ ਉਪਰੋਕਤ ਸਿਫਤ ਸਲਾਹ ਵਾਲੇ। ੩੦੦ ਸਾਲਾ, ੮੦੦ ਸਾਲਾ

ਦੇ ਸਮਾਗਮਾਂ ਦੇ ਨਾਂ ਤੇ ਅਸੀ, ਮਾਇਆ ਦੀਆ ਪੰਡਾ ਬੰਨ ਕੇ ਭੱਜ ਜਾਦੇ ਹਾਂ। ਤੁਹਾਨੂੰ ਪਤਾ ਹੀ ਹੈ ਕਿ ਤੁਸੀ ਜਦੋ ਅੰਮ੍ਰਿਤ ਛੱਕਿਆ ਸੀ, ਤਾਂ ਇਹ ਔਹਦੇ ਪੰਜਾਂ ਪਿਆਰਿਆ ਨੇ ਨਹੀ ਨਾ ਵੰਡੇ, ਤੇ ਨਾ ਹੀ ਅਕਾਲ ਤਖਤ ਸਾਹਿਬ ਤੋ ਵੰਡੇ ਜਾਂਦੇ ਐ, ਪਰ ਫੇਰ ਵੀ ਅਸੀ ਆਪਣੇ ਸਮਾਗਮਾਂ ਦੇ ਪੋਸਟਰਾਂ ਵਿਚ ਲਿੱਖ ਕੇ ਸੱਦਾ ਦੇ ਦਿੰਦੇ ਆਂ ਕਿ ਅਕਾਲ ਤਖਤ ਸਾਹਿਬ ਤੋ ਜਥੇਦਾਰ ਵੀ ਪਹੁੰਚ ਰਹੇ ਨੇ, ਪ੍ਰਧਾਨ ਵੀ, ਤਾਂ ਕਿ ਸਾਡੇ ਸੰਤ ਹੋਣ ਦਾ ਭਰਮ, ਲੋਕਾ ਨੂੰ ਪਿਆ ਰਹੇ, ਤੇ ਜਥੇਦਾਰਾਂ ਨੂੰ ਵੀ ਇਹ ਭਰਮ ਪਿਆ ਰਹੇ, ਕਿ ਮੇਰੇ ਵੱਲ ਵੀ ਸਾਧ-ਸੰਤ ਤੇ ਸੰਗ੍ਰਤਾਂ ਕਾਫੀ ਹਨ, ਜੇ ਕਿੱਤੇ ਮੇਰਾ ਔਹਦਾ ਖੁੱਸਦਾ ਦਿੱਸੇ ਤਾ ਇਹ ਆਪੇ ਸਾਰੇ ਮੇਰੇ ਵੱਲ ਦੀਆਂ ਆਵਾਜ਼ਾਂ ਉੱਠਾਉਣਗੇ। ਨਾਮ ਦਿੱਤੀ ਜਾਂਦਾ ਏ ਸ਼ਬਦ ਗੁਰੂ ਦੇ ਲੱੜ ਲਾ ਕੇ, ਬਾਣੀ-ਬਾਣੇ ਨੂੰ ਵੀ ਅਸੀ ਸਿੱਖਾਂ ਨੂੰ ਆਪਣੇ ਮਗਰ ਲਾਉਣ ਲਈ ਹੀ ਵਰਤਦੇ ਹਾਂ, ਪਰ ਜਿਆਦਾ ਪ੍ਰਚਾਰ ਤਾਂ ਸਾਡਾ ਜਿਸ ਨੂੰ ਗੁਰਮਤਿ ਨਹੀਂ ਮੰਨਦੀ, ਕਾਲਪਨਿਕ ਕਥਾ ਕਹਾਣੀਆਂ, ਤੇ ਮਨੁੱਖ ਨੂੰ ਭਗਵਾਨ ਕਰਕੇ ਹੀ ਦੱਸਣ ਦੀਆਂ ਹੁੰਦੀਆਂ ਹਨ।

ਗੁਰਮੁੱਖਾ ! ਕਦੇ ਸਾਨੂੰ ਕੌਮ ਉੱਤੇ ਭੀੜ ਪੈਣ ਤੇ ਤਲਵਾਰ ਲਹਿਰਾਉਂਦੇ ਵੇਖਿਆ ਹੈ ? ਅਸੀਂ ਤਾਂ ਉਨੀ ਦੇਰ ਸਮਾਗਮ ਵੀ ਨਹੀਂ ਰਚਦੇ ਜਦੋਂ ਸ਼ਾਂਤੀ ਹੋ ਜਾਂਦੀ ਹੈ ਫੇਰ ਹੀ ਘੁਰਨਿਆ ਤੋਂ ਬਾਹਰ ਆ ਜਾਂਦੇ ਹਾਂ, ਦੂਨੀ ਚੰਦ ਵਾਂਗ। ਭਾਈ ਡੱਲ੍ਹੇ ਵਾਂਗ।

ਅਸੀਂ ਰੌਲਾ ਤਾਂ ਪਾਉਂਦੇ ਹਾਂ 'ਗੁਰੂ ਗ੍ਰੰਥ ਜੀ ਮਾਨਿਓ' ਦਾ ਪਰ ਫੋਟੋਆਂ, ਸੰਗਤਾਂ ਦੇ ਘਰੀਂ ਆਪਣੀਆਂ ਟੰਗਾਈ ਜਾਂਦੇ ਹਾਂ। ਜਿੰਨੇ ਸੰਤ ਅਸੀਂ ਗਿਣਤੀ ਵਿੱਚ, ਉੱਨੇ ਹੀ ਸਾਡੇ ਧੜ੍ਹੇ। ਪਿਆਰਿਆ ! ਅਸੀਂ ਗੁਰੂ ਦੇ ਸਰੀਰ ਦਾ ਤੂੰਬਾਂ-ਤੂੰਬਾਂ ਕੀਤਾ ਪਿਆ ਹੈ। ਪਾੜੋ, ਰਾਜ ਕਰੋ ਕਾਂਗਰਸ ਨੀਤੀ ਅਨੁਸਾਰ ਪਾੜੋ ਗੱਦੀਆਂ ਕਾਇਮ ਰੱਖੋ। ਜਿੱਦਣ ਅਸੀਂ ਭੱਜਗੇ, ਉਦੋਂ ਹੀ ਗੁਰੂ ਦਾ ਸਰੀਰ ਸਾਬਤ ਹੋ ਜਾਣਾ, ਤੇ ਕੌਮ ਦੀ ਚੜ੍ਹਦੀ ਕਲਾ ਹੋ ਜਾਣੀ ਹੈ, ਪਰ ਅਸੀਂ ਹੋਣ ਹੀ ਨਹੀ ਦੇਣੀ ਚੜ੍ਹਦੀ ਕਲਾ।

ਅਸੀਂ ਸਰਦੀਆਂ ਦੇ ਮੌਸਮ ਵਿੱਚ ਬੱਚਿਆਂ ਦੇ ਪੇਪਰ ਨੇੜੇ ਹੋਣ, ਤਾਂ ਸਮਾਗਮਾਂ ਦੇ ਨਾਂ ਤੇ ਆਪਣੇ ਬਜ਼ੁਰਗਾਂ ਜਿਨ੍ਹਾਂ ਨੇ ਸਾਨੂੰ ਕੱਚੀਆਂ ਧਾਰਨਾ ਗਾ ਕੇ ਪੈਸੇ ਕਮਾਉਣ ਦਾ ਢੰਗ ਸਿਖਾਇਆ ਹੁੰਦਾ ਹੈ ਉਨ੍ਹਾਂ ਦੀਆਂ ਬਰਸੀਆਂ ਮਨਾਉਣ ਬਹਾਨੇ ਬੱਚਿਆ ਦੇ ਦਿਮਾਗ ਦਾ ਸੰਤੁਲਨ ਵਿਗਾੜ ਕੇ, ਪੜ੍ਹਾਈ ਵਿਚ ਫੇਲ੍ਹ ਕਰਨ ਦਾ ਠੇਕਾ ਲਿਆ ਹੋਇਆ ਹੈ, ਤਾਂਕਿ ਮਾਂ-ਬਾਪ ਦੇ ਨਾਲ-ਨਾਲ ਬੱਚੇ ਵੀ ਸਾਡੇ ਚੇਲੇ ਬਣਨ ਤੇ ਮਾਇਆ ਚੜ੍ਹਾਉਣ ਵਾਲੇ ਚੇਲਿਆ ਵਿਚ ਕਮੀ ਨਾ ਆਵੇ। ਜ਼ਮੀਨਾਂ ਵੀ ਅਸੀਂ ਆਪਣੇ ਚੇਲੇ ਨੂੰ ਸੰਗਤਾ ਵਿੱਚ ਬਿਠਾ ਕੇ ਐਲਾਨ ਕਰਵਾ ਲੈਨੇ ਆ ਕਿ ਬਾਬਾ ਜੀ ਮੇਰੇ 2 ਕਿੱਲ੍ਹੇ ਜ਼ਮੀਨ ਡੇਰੇ ਨੂੰ ਦਾਨ ਐ। ਬੱਸ ਫੇਰ ਕੀ, ਡੇਰੇ ਦੇ ਨਾਲ ਲੱਗਦੀ ਜ਼ਮੀਨ ਵਾਲੇ ਚੇਲੇ ਵੀ ਆਪਣੇ ਬੱਚਿਆ ਦਾ ਢਿੱਡ ਭਰਨ ਵਾਲੀ ਜ਼ਮੀਨ ਦਾਨ ਕਰ ਛੱਡਦੇ ਹਨ। ਤੇ ਫਿਰ ਬਹੁਤ ਪਛਤਾਉਂਦੇ ਹਨ। ਜ਼ਮੀਨ ਵੀ ਅਸੀਂ ਆਪਣੇ ਟੁੱਕੜ ਬੋਝ ਚੇਲਿਆਂ ਰਾਹੀ ਗੁੰਮਰਾਹ ਕਰਕੇ ਲੁੱਟੀ ਹੈ।

. ਗੁਰਮੁੱਖਾ। ਅਸੀਂ ਹੁਣ ਸਕੂਲ ਵੀ ਤਾਂ ਖੋਲ੍ਹ ਲਏ ਨੇ ਗੁਰੂਆਂ ਦੇ ਨਾਵਾਂ ਥੱਲ੍ਹੇ, ਕਿਉਂ ਕਿ ਹੁਣ ਸੰਗਤਾਂ, ਜਾਗਣ ਲੱਗੀਆਂ ਹਨ। ਹੌਲੀ-ਹੌਲੀ ਪਤਾ ਨਹੀ ਸਾਡੇ ਕੱਚੇ ਰਾਗ ਦਾ ਤੇ ਚਿਮਟੇ ਤੋੜ ਪਾਖੰਡ ਦਾ ਕਦੋਂ ਭੋਗ ਪੈ ਜਾਵੇ। ਬੱਚੇ, ਜੋ ਸਾਡੇ ਥੌਰੂ ਨਾਲ ਪੜ੍ਹਾਈ ਵਿਚ ਫੇਲ੍ਹ ਹੋਣਗੇ ਤਾਂ ਹੀ ਸਾਡੇ ਕੋਲ ਮੋਟੀ ਦਾਖਲਾ ਫੀਸ ਦੇ ਕੇ ਦਾਖਲ ਹੋਣਗੇ। ਤੇ ਫਿਰ ਅਸੀਂ ਮੋਟੀ ਛਿੱਲ ਲਾਉਣੀ ਹੀ ਲਾਉਣੀ ਹੈ ਸੰਗਤਾਂ ਹੀ ਪਾਠਾਂ ਦੀਆਂ ਲੜੀਆਂ ਵੀ ਤਾਂ ਚਲਾਈਆਂ ਹੋਈਆਂ ਨੇ, ਪਾਠੀ ਮੂੰਹਾਂ ਉੱਤੇ ਛਾਠੇ ਮਾਰ ਕੇ ਪੜ੍ਹਨ ਲਾਏ ਹੋਏ ਹਨ। ਗੁਰਮਤਿ ਸਿਧਾਂਤਾ ਨੂੰ, ਕਿ ਕਿੱਤੇ ਗੁੱਝੇ ਉਪਦੇਸਾਂ ਨੂੰ ਸੰਗਤਾਂ ਸਮਝ ਨਾ ਲੈਣ। ਸੰਗਤਾਂ ਲੁਟਾਈ ਕਰਵਾ ਕੇ ਖੁਸ਼ ਅਸੀ ਲੁੱਟ ਕੇ ਖੁਸ਼-ਖੁਸ਼।

ਬਾਹਰਲੇ ਮੁਲਕਾਂ ਵਿਚ ਵੀ ਗੁਰਮਤਿ ਸਮਾਗਮ ਕਰਨ ਨਹੀ ਜਾਂਦੇ। ਗੁਰਮੁਖਾ! ਸਾਨੂੰ ਘਰੋਂ ਵਿਹਲੜ ਰਹਿਣ ਕਰਕੇ ਭੈੜੀਆਂ-ਭੈੜੀਆਂ ਜਿਵੇਂ, ਸ਼ੂਗਰ, ਏਡਜ਼ , ਕੈਂਸਰ, ਟੀ.ਬੀ. ਵਰਗੀਆਂ ਬਿਮਾਰੀਆਂ ਸਾਨੂੰ ਚਿੰਬੜੀਆਂ ਹੋਈਆਂ ਹਨ। ਤੁਸੀਂ ਪੜਦੇ ਨਹੀ? ਅਖਬਾਰਾਂ ਵਿਚ ਕਿ ਬਾਬਾ ਜੀ ਲੰਮੀ ਬਿਮਾਰੀ ਕਾਰਨ ਹਸਪਤਾਲ ਵਿਚ ਸਰੀਰ ਛੱਡ ਗਏ। ਪੰਜਾਬ ਵਿਚੋਂ ਪੈਸਾ ਇਕੱਠਾ ਕਰਕੇ ਅਮਰੀਕਾ, ਕੈਨੇਡਾ, ਇਟੱਲੀ, ਇੰਗਲੈਂਡ ਜਿਥੇ ਹਰ ਬਿਮਾਰੀ ਦਾ ਸਹੀ ਇਲਾਜ ਹੁੰਦਾ ਹੈ। ਸਮਾਗਮ ਕਰਨ ਦੇ ਬਹਾਨੇ ਬਣਾ ਕੇ ਹਸਪਤਾਲਾਂ ਵਿਚ ਚੈੱਕ-ਅੱਪ ਕਰਵਾਉਂਦੇ ਹਾਂ ਤੇ ਸੰਗਤਾਂ ਸਾਡੇ ਵਾਪਸ ਮੁੜਨ ਦੀ ਬੇ-ਸਬਰੀ ਨਾਲ ਉਡੀਕ ਕਰਦੀਆਂ ਨੇ।

ਤੁਹਾਨੂੰ ਪਤਾ ਹੀ ਹੈ ਕਿ ਕਬੀਰ ਜੀ ਸਾਡੀ ਇਨ੍ਹਾਂ ਪੰਗਤੀਆਂ ਵਿੱਚ ਚੰਗੀ ਖੱਲ੍ਹੜੀ ਉਧੇੜਦੇ ਦੇ ਹਨ।

ਸੁਣ !

ਗਜਿ ਸਾਢੇ ਤੈ ਤੈ ਧੋਤੀਆਂ ਤਿਹਰੇ ਪਾਇਨਿ ਤਗ ॥
ਗਲੀ ਜਿਨਾ ਜਪਮਾਲੀਆਂ ਲੋਟੇ ਹਥਿ ਨਿਬਗ ॥
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ ॥

(ਪੰਨਾ ੪੭੬ ਰਾਗੁ ਆਸਾ)

ਦੇਖ ਗੁਰਮੁਖਾ! ਅਸੀਂ ਕਬੀਰ ਸਾਹਿਬ ਜੀ ਵਲੋਂ ਪਾਜ ਉਘੇੜੇ ਜਾਣ ਤੋ ਬਚਣ ਲਈ। ਇਹ ਭੇਖ ਸਿੱਖ ਕੌਮ 'ਚ, ਘੁਸੱੜ ਕੇ ਬਣਾ ਧਰਿਆ। ਸਾਢੇ ਸਤ-ਸਤ ਮੀਟਰ ਦੇ ਚੋਲੇ, ਗਲ੍ਹ ਵਿਚ ਮਾਲਾ, ਗੋਲ ਚਿੱਟੀ ਟੋਪੀ ਜਿੰਨੀ ਪੱਗ।

ਅੰਮ੍ਰਿਤਧਾਰੀ ਹੋਣ ਦਾ ਬਣਾ ਕੇ ਭੇਖ, ਘੁਸੜੇ, ਸਿੱਖਾਂ 'ਚ, ਬਨਾਰਸ ਛੱਡਿਆ ਹੁਣ ਕਹਾਉਂਦੇ ਪੰਜਾਬ ਦੇ ਠੱਗ। ਲੈ ਹੁਣ ਵਾਜਾ ਮੈਂ ਵਜਾਉਂਦਾ ਹਾਂ ਤੇ ਧਾਰਨਾ ਸੁਣ !

ਧਾਰਨਾ:-

ਪਹਿਲਾ ਅਸਾਂ ਨੇ ਬਨਾਰਸ ਲੁੱਟਿਆ 2 ਪਿਆਰੇ ਜੀ ਪਹਿਲਾ ਅਸਾਂ ਨੇ ਬਨਾਰਸ ਲੁੱਟਿਆ..............

ਹੁਣ ਆਣ ਵੜੇ ਵਿੱਚ ਪੰਜਾਬ, ਪਿਆਰੇ ਜੀ ਹੁਣ ਆਣ ਵੜੇ ਵਿੱਚ ਪੰਜਾਬ.........ਬੋਲੋ ਬੀਬੀਓ.........ਵਾਹਿਗੁਰੂ ਭੱਜ ਭੱਜ ਕੇ ਮੁੰਡਿਆਂ ਸੇਵਾ ਕੀਤੀ, ਥੱਕ ਕੇ ਕੇਸ਼ ਕੱਟਾ ਲਏ। ਕੋਈ ਖਾਵੇ ਜਰਦਾ, ਭੁੱਕੀ, ਕੋਈ ਅਫੀਮ ਤਤੇ ਡੋਬ ਦਿੱਤੇ ਵਿਚ ਸ਼ਰਾਬ! ਪਿਆਰੇ ਜੀ ਕਈ ਡੋਬ ਦਿੱਤੇ ਵਿੱਚ ਸ਼ਰਾਬ। ਪਹਿਲਾ ਅਸਾਂ ਨੇ ਬਨਾਰਸ ਲੁੱਟਿਆ ਹੁਣ ਆਣ ਵੜੇ ਵਿਚ ਪੰਜਾਬ, ਪਿਆਰੇ ਜੀ-ਸੁੱਤੇ ਰਹੋ-ਵਾਹਿਗੁਰੂ.........

ਰੁੱਖਾ ਸੁੱਖਾ ਤੇ ਸਾਦਾ ਪ੍ਰਸ਼ਾਦਾ ਸਾਨੂੰ ਪਚਦਾ ਨਹੀ,

ਜਲੇਬੀਆਂ, ਪਕੌੜੇ ਬਰਫ਼ੀਆਂ, ਫਲ ਫਰੂਟ, ਦੁੱਧ ਘਿਓ, ਸ਼ਰਾਬ ਸ਼ਬਾਬ ਅਤੇ ਨਾਲੇ ਖ਼ਬਾਬ ਪਿਆਰੇ ਜੀ, ਸਗਧ, ਮੁਬਧ ਤੇ ਨਾਲੇ ਖਬਾਬ

ਪਹਿਲਾਂ ਅਸਾਂ ਨੇ ਬਾਨਾਰਸ ਲੁੱਟਿਆਂ ਹੁਣ ਆਣ ਵੜੇ ਵਿੱਚ ਪੰਜਾਬ। ਪਿਆਰੇ ਜੀ........

ਦਿਖਾਵੇ ਲਈ ਪੰਚਕਕਾਰ, ਹੱਥ ਵਿਚ ਮਾਲ੍ਹਾਂ ਗਲ ਵਿਚ ਮਾਲਾ ਚਿੱਟਾ ਭਗਵਾਂ ਭੇਸ਼, ਅੱਗੇ ਦੜਾਵਾ ਚੱੜ੍ਹਿਆਂ ਲੈ ਕੇ ਹੁੰਦੇ ਅੜੰਤ। ਭੋਰਿਆਂ 'ਚ ਕਰਤੂਤਾਂ ਪਸ਼ੂਆਂ ਵਾਲੀਆਂ ਲੋਕੀ ਕਹਿਣ ਸਾਨੂੰ, ਮਹਾਨ ਸੰਤ।

ਸਾਧ ਸੰਗਤ ਜੀ ਰਾਵਣ ਨੇ ਤਾਂ ਇੱਕ ਗਲਤੀ ਕੀਤੀ ਸੀ। ਹਿੰਦੂ ਉਨ੍ਹਾਂ ਦਾ ਬੁੱਤ ਬਣਾ ਕੇ ਸਾਲ ਬਾਅਦ ਅੱਗ ਲਾ ਦਿੰਦੇ ਹਨ। ਇੱਧਰ ਆਪਣੇ ਮਹਾਨ ਗੁਰੂਆਂ ਨੇ, ਉਨ੍ਹਾਂ ਦੇ ਬੱਚਿਆ ਨੇ, ਤੇ ਸ਼ਹੀਦਾਂ ਨੇ, ਐਸੀ ਕਿਹੜੀ ਬਜ਼ਰ ਗਲਤੀ ਕੀਤੀ ਹੈ, ਕਿ ਹਰ ਰੋਜ ਇਹ ਅਖੌਤੀ ਬਾਬੇ, ਸੰਤ ਬ੍ਰਹਮਗਿਆਨੀ, ਉਨ੍ਹਾਂ ਦੀਆਂ ਪੋਸਟਰਾਂ ਉਤੇ ਫੋਟੋਆਂ ਛਾਪ ਛਾਪ ਕੇ ਗੰਦੀਆਂ ਨਾਲੀਆਂ ਵਿਚ, ਤੇ ਪੈਰਾਂ ਵਿਚ ਰੋਲ ਰਹੇ ਨੇ। ਸਿੱਖੀ ਨੂੰ ਪੁੱਠਾਂ ਗੇੜਾ ਦੇਣ ਵਾਲੇ, ਪਾਖੰਡੀਆਂ ਨੂੰ ਜੋ ਗੁਰਮਤਿ ਦੇ ਨਾਂ ਹੇਠ ਆਪਣੇ ਸੰਤ ਹੋਣ ਦਾ ਭਰਮ ਹਿਰਦਿਆਂ ਅੰਦਰ ਭਰਨ ਵਾਲਿਆ ਨੂੰ ਮੂੰਹ ਨਾ ਲਾਓ।

ਖਾਲਸਾ ਜੀ, ਸੰਤ ਸ਼ਬਦ, ਕਿਸੇ ਵਿਅਕਤੀ ਲਈ ਨਹੀਂ ਹੈ ਸਿੱਖ ਧਰਮ ਅੰਦਰ ਗੁਰੂ ਵਾਸਤੇ ਪ੍ਰਮਾਤਮਾ ਵਾਸਤੇ ਜਾਂ ਸਿੱਖਾਂ ਵਾਸਤੇ ਹੈ।

"ਸੰਤਹੁ, ਸ਼ਵਦ ਵੀ ਗੁਰਸਿੱਖਾਂ ਦੇ ਇਕੱਠ ਲਈ ਹੀ ਹੈ।

ਜਾਗੋ ! ਜਾਗੋ ! ਜਾਗੋ

ਸਿੱਖ ਧਰਮ ਵਿਚ ਇਸਤਰੀ-ਪੁਰਸ਼ ਵਿਚ ਲਿੰਗ ਦੇ ਭੇਦਭਾਵ ਕਾਰਨ ਕੋਈ ਫਰਕ ਨਹੀ। ਕੀ ਇਹ ਸੰਤ-ਬਾਬੇ ਇਹ ਦੱਸਣ ਦੀ ਖੇਚਲ ਕਰਨਗੇ ? ਕਿ ਇਹ ਸਿਧੇ ਅਸਮਾਨ ਤੋਂ ਡਿੱਗੇ ਹਨ, ਜਾਂ ਕਿਸ ਮਾਂ ਨੇ ਇਨ੍ਹਾਂ ਨੂੰ ਜਨਮ ਦਿੱਤਾ ਹੈ।

ਜੇ ਇਹ ਅਸਮਾਨ ਤੋਂ ਡਿੱਗੇ ਹਨ ਤਾਂ ਇਨ੍ਹਾਂ ਨੂੰ ਇਹ ਨਹੀ ਪਤਾ ਕਿ ਬੀਬੀਆਂ ਕੀ ਹੁੰਦੀਆਂ ਹਨ ਤੇ ਨਾ ਹੀ ਗੁਰੂ ਨਾਨਕ ਦੇਵ ਜੀ ਦੇ ਘਰ ਦੇ ਸਿਧਾਂਤਾਂ ਦੀ ਇੰਨਾਂ ਨੂੰ ਕੋਈ ਜਾਣਕਾਰੀ ਹੈ। ਜੋ ਇਨ੍ਹਾਂ ਨੂੰ ਕਿਸੀ ਮਾਂ ਨੇ ਜਨਮ ਦਿੱਤਾ ਹੈ, ਤਾਂ ਇਨ੍ਹਾਂ ਵਲੋਂ ਬੀਬੀਆਂ ਦੇ ਖਿਲਾਫ਼ ਵਿਰੋਧ ਕਰਨਾ ਗ਼ਲਤ ਹੈ। ਖਾਲਸਾ ਪੰਥ

ਕਿਉਂ ਕਿ ਪਾਖੰਡੀ ਸੰਤ, ਗੁਰੂ ਘਰ ਦੇ, ਹਰ ਗੁਰਮਤਿ ਦੇ ਸਿਧਾਂਤ ਦਾ ਵਿਰੋਧ ਕਰਦੇ ਹਨ। ਗੁਰੂ ਸਾਹਿਬਾਨ ਜੀ ਨੇ ਗ੍ਰੰਥ ਅਥੇ ਪੰਥ ਨੂੰ ਗੁਰਗੱਦੀ ਸੌਂਪ ਕੇ ਇਹ ਨਹੀ, ਲਿਖ ਕੇ ਜਾਂ ਹੁਕਮ ਕਰਕੇ ਗਏ ਕਿ ਇਹ ਕੋਈ ਵੀ ਫੈਸਲਾ ਨਹੀ ਲਵੇਗਾ ਜਾਂ ਗੁਰਮਤਿ ਨੂੰ ਸੰਗਤਾਂ ਵਿਚ ਲਾਗੂ ਨਹੀ ਕਰੇਗਾ। ਅੱਜ ਗ੍ਰੰਥ ਦੇ ਰੂਪ ਵਿਚ ਗੁਰੂ ਜਿਉਂਦਾ ਜਾਗਦਾ ਹੈ।

ਇਨ੍ਹਾਂ ਪਾਖੰਡੀ ਡੇਰੇਦਾਰਾਂ ਨੇ, ਅਖੌਤੀ ਜਥੇਦਾਰਾਂ ਰਾਹੀ ਅਕਾਲ ਤਖਤ ਸਾਹਿਬ ਉੱਤੇ ਕਬਜ਼ਾ ਕੀਤਾ ਹੋਇਆ ਹੈ। ਮੰਸਦਾਂ ਨੂੰ ਗੁਰੂ ਘਰਾਂ ਤੋਂ ਬਾਹਰ ਕੱਢਣ ਲਈ ਕੀਤੀਆਂ ਕੁਰਬਾਨੀਆਂ ਅਜਾਈ ਹੀ ਗੁਆ ਦਿੱਤੀਆਂ ਹਨ। ਹੁਣ ਪਤਾ ਲੱਗਦਾ ਹੈ ਕਿ ਪਾਖੰਡੀ ਮਸੰਦ ਡੇਰੇਦਾਰ ਇਤਿਹਾਸਕ ਅਸਥਾਨਾਂ ਤੋਂ ਬਾਹਰ ਹੁੰਦੇ ਹੋਏ ਵੀ ਅਕਾਲ ਤਖਤ ਉਤੇ ਕਬਜ਼ਾ ਕਰੀਂ ਬੈਠੇ ਹਨ। ਇਹ ਜਥੇਦਾਰ, ਭੇਖੀਆਂ ਦੀ ਜਿਆਦਾ ਗਿਣਤੀ ਵੇਖ ਕੇ ਉਨਾਂ ਦੀ ਗੱਲ (ਮਨ ਮੱਤ) ਨੂੰ ਸਿਰ ਝੁਕਾ ਰਹੇ ਹਨ।

ਪਰ ਗੁਰੂ ਨਾਨਕ ਦੇਵ ਜੀ, ਜਗਨਾਥ ਪੁਰੀ ਗਏ, ਉਥੇ ਪੰਡਤਾਂ ਵਲੋਂ ਕੀਤੀ ਜਾ ਰਹੀ ਆਰਤੀ ਵਿੱਚ ਸ਼ਾਮਲ ਨਹੀ ਹੋਏ, ਸਗੋਂ ਅਸਲ ਵਿਚ ਆਪਣੇ-ਆਪ ਹੋ ਰਹੀ ਆਰਤੀ ਨੂੰ ਪ੍ਰਤੱਖ ਦੇਖਣ-ਸੁਣਨ ਲਈ ਕਿਹਾ। ਖੁਲ੍ਹੇ ਆਸਮਾਨ ਥੱਲ੍ਹੇ ਖੜ੍ਹ ਕੇ।

ਗੁਰਬਾਣੀ ਫੁਰਮਾਨ:

ਗਗਨ ਮੈ ਥਾਲੁ ਰਵਿ ਚੰਦ ਦੀਪਕ ਬਨੇ

ਤਾਰਿਕਾ ਮੰਡਲ ਜਨਕ ਮੋਤੀ ॥ ੮ ॥ ਪੂਰਾ ਸ਼ਬਦ ਪੜ੍ਹੋ।

ਸੋਹਿਲਾ ਸਾਹਿਬ (ਧਨਾਸਰੀ)

ਇਨ੍ਹਾਂ ਭੇਖੀਆਂ ਨੇ ਥਾਲੀ ਵਿਚ ਜੋਤਾਂ ਜਗਾ ਕੇ, ਗੁਰੂ ਉਪਦੇਸ਼ਾਂ ਦੀ ਆਰਤੀ ਉਤਾਰਨੀ ਸ਼ੁਰੂ ਕਰ ਦਿੱਤੀ। ਉਪਦੇਸ ਨਹੀ ਮੰਨਿਆ ਕਿਸੇ ਇਕਲੇ ਪੁਰਸ਼ ਨੂੰ ਮਾਰ ਪੈਂਦੀ ਏ ਠਾਣੇਦਾਰਾਂ ਵਾਂਗ ਖੜ੍ਹੇ ਵੇਖੀ ਜਾਂਦੇ ਹਨ। ਇਹ ਜਥੇਦਾਰ, ਕਦੇ ਅਖਬਾਰ ਨਹੀ ਪੜ੍ਹਦੇ ? ਕਿ ਇਹ ਡੇਰੇਦਾਰ ਕੀ ਸੁਆਹ ਉੂਡਾ ਰਹੇ ਨੇ, ਅਖੇ ਇਨਾਂ ਦੀ ਰਿਪੋਟ ਵਿਖਾਓ, ਅਤੇ ਅੱਜ ਕੱਲ੍ਹ। ਲੋੜ ਹੈ ਜੁਅਰਤ ਕਰਨ ਵਾਲੇ ਜਥੇਦਾਰ ਦੀ ਹੈ ਸਿੱਖ ਕੌਮ ਨੂੰ। ਅਸਲ ਵਿਚ ਸੁਗੰਧੀਆਂ ਫੈਲਾਉਣ ਵਾਲੇ ਦੱਰਖਤਾਂ ਨੂੰ ਵੱਢ-ਛਾਂਗ ਕੇ ਧੂਏ ਦਾ ਪ੍ਰਦੂਸ਼ਣ ਫੈਲਾਇਆ ਜਾ ਰਿਹਾ ਸੀ। ਅੱਜ ਵੀ ਇਹ ਲੋਕ ਉਹ ਹੀ ਕ੍ਰਿਆ ਕਰ ਰਹੇ ਨੇ।

2. ਸਿਖਾਂ ਜੋਗੀਆਂ ਕੋਲ ਜਾ ਕੇ ਗੁਰੂ ਨਾਨਕ ਦੇਵ ਜੀ ਨੇ ਗੋਸ਼ਟੀ ਕੀਤੀ। ਸਿੱਧਾਂ ਜੋਗੀਆਂ ਨੂੰ ਦੱਸਿਆਂ ਕਿ ਤੁਸੀਂ ਮਾਤਾ ਦੇ ਜਨਮ ਲੈ ਕੇ ਫਿਰ ਵਿਆਹ ਸ਼ਾਦੀਆਂ ਕਰਵਾ ਕੇ ਬੱਚੇ ਭੁੱਖੇ ਮਰਨ ਲਈ ਰੋਂਦੇ ਕਰਲਾਉਂਦੇ, ਘਰ-ਬਾਰ ਛੱਡ ਕੇ ਜੰਗਲਾਂ ਨੂੰ ਭੱਜ ਆਏ। ਤੇ ਫਿਰ ਉਹਨਾਂ ਹੀ ਬੀਬੀਆਂ ਦੇ ਘਰੀਂ ਮੰਗਣ ਤੁਰ ਪੈਂਦੇ ਹਨ ਜਿਨ੍ਹਾਂ ਨੂੰ ਤੁਸੀਂ ਭਗਤੀ ਵਿਚ ਬਿਘਨ ਪਾਉਣ ਵਾਲੀਆਂ ਦੱਸਦੇ ਹੋ ਗੁਰੂ ਨਾਨਕ ਦੇਵ ਜੀ ਸਿੱਧਾਂ ਜੋਗੀਆਂ ਦੀਆ ਗੱਲਾਂ ਵਿਚ ਫੱਸਕੇ ਕਿਤੇ ਵੀ ਸਿਧ

ਜੋਗੀ ਬਣੇ ਨਜ਼ਰ ਨਹੀ ਆਏ। ਸਗੋਂ ਜੋਗੀਆਂ ਨੂੰ ਗ੍ਰਹਿਸਥੀ ਜੀਵਨ ਜਿਉਣ ਦੀ ਸਿੱਖਿਆ ਦਿੱਤੀ।

3. ਸਜਣ ਠੱਗ ਕੋਲ, ਨਾਨਕ ਜੀ ਗਏ, ਸਜਣ ਨਾਂ ਦੇ ਵਿਅਕਤੀ ਨੂੰ ਜੋ ਠੱਗੀਆਂ ਮਾਰ ਕੇ ਲੁੱਟ ਰਿਹਾ ਸੀ। ਅਸਲੀ ਸੱਜਣ ਬਣਕੇ ਮਨੁੱਖਤਾ ਦੀ ਸੇਵਾ ਕਰਨ ਦੀ ਜਾਚ ਸਿਖਾਈ, ਪਰ ਗੁਰੂ ਨਾਨਕ ਦੇਵ ਜੀ, ਸਜਣ ਵਾਂਗ ਫੱਸੀ ਵਾਲੇ ਕੰਮਾਂ ਵਿੱਚ ਨਹੀ ਫੱਸੇ।

ਹੋਰ ਵੀ ਬਹੁਤ ਸਾਰੇ ਪ੍ਰਮਾਣ ਦਿੱਤੇ ਜਾ ਸਕਦੇ ਹਨ। ਇਹ ਅਖੌਤੀ ਜਥੇਦਾਰ, ਅਖੌਤੀ ਡੇਰੇਦਾਰਾਂ ਦੇ ਕੁਫਰ, ਝੂਠ, ਪਾਖੰਡ ਅੱਗੇ ਗੋਡੇ ਟੇਕ ਰਹੇ ਹਨ ਤੇ ਗੁਰਮਤਿ ਨੂੰ ਲਾਗੂ ਕਰਨ ਤੋ ਹੀ ਭੱਜ ਰਹੇ ਹਨ। ਸਗੋ ਚਾਹੀਦਾ ਤਾਂ ਇਹ ਸੀ। ਜਥੇਦਾਰ, ਗੁਰੂ ਸਿਧਾਤਾਂ ਦੇ ਪ੍ਰਮਾਣ ਦੇਕੇ ਇਨ੍ਹਾਂ ਪਾਖੰਡੀ ਡੇਰੇਦਾਰਾਂ ਨੂੰ ਸਮਝਾਉਂਦੇ। ਲੱਗਦਾ ਤਾਂ ਇਉਂ ਹੈ ਕਿ ਇਕ ਭਾਈ ਸਾਹਿਬ ਨੂੰ ਛੱਡ ਕੇ ਬਾਕੀਆਂ ਨੂੰ ਗੁਰਮਤਿ ਦਾਓ ਨਹੀ ਆਉਂਦਾ ਹੋਣਾ। ਇਸਾਰਾ (ਭਾਈ ਬਲਦੇਵ ਸਿੰਘ ਤਖਤ ਦਮਦਮਾ ਸਾਹਿਬ ਅੱਗੇ ਸਾਬੋ ਕੀ ਤਲਵੰਡੀ) ਪਰ ਇਹ ਭਾਈ ਸਾਹਿਬ ਜੀਵੀਦਾਰਾਂ ਅੱਗੇ ਬੇਬਸ ਹਨ।

ਫਿਰ ਵੇਖਣਾ ਬਣਦਾ ਹੈ ਕਿ ਇਹ ਡੇਰੇਦਾਰ ਅਕਾਲ ਤਖਤ ਸਾਹਿਬ ਜੀ ਤੋਂ ਰੱਬੀ ਹੁਕਮ (ਗੁਰਮਤਿ) ਕਿਹੜਾ ਮੰਨਦੇ ਹਨ ? ਸੱਚ ਤਾਂ ਇਹ ਹੈ ਅਨਪੜ੍ਹ ਗਵਾਰ ਲੋਕ ਬਿਪਰਾ ਦੇ ਪਾਖੰਡ, ਕਰਮਕਾਂਡਾਂ ਨੂੰ ਠੋਸ ਰਹੇ ਹਨ। ਏਧਰ ਡੇਰੇਦਾਰਾਂ ਦੀ ਨਿੱਤ ਦੀ ਕਰਨੀ ਬਿਪਰਾਂ ਵਾਲੀ ਹੈ। ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰਕੇ, ਅਖੌਤੀ ਸਾਧ, ਅੰਮ੍ਰਿਤਧਾਰੀ ਹੋਣ ਦਾ ਪਾਖੰਡ ਰਚ ਕੇ ਆਮ ਲੋਕਾਂ ਨਾਲ, ਸਿਖਾਂ ਨਾਲ, ਕੌਮ ਨਾਲ ਸਰਾਸਰ ਠੱਗੀ ਕਰ ਰਹੇ ਹਨ।

ਜਿਥੇ ਤੱਕ ਬੀਬੀਆਂ ਦੇ ਪਵਿੱਤਰ ਹੋਣ ਦਾ ਗੁਰੂ ਸਿਧਾਤਾਂ ਨਾਲ ਸਬੰਧ ਹੈ ਉਹ ਇਸ ਤਰਾਂ ਹੈ:-

॥ ਮਃ ॥ ਜਿਉ ਜੋਰੂ ਸਿਰਨਾਵਣੀ ਆਵੈ ਵਾਰੋਵਾਰ ॥
ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰ ॥
ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥
ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥ ੨ ॥

(ਆਸਾ ਦੀ ਵਾਰ)

ਇਹ ਪਾਖੰਡੀ ਡੇਰੇਦਾਰ, ਅਖੌਤੀ ਸੰਤ ਬਾਬੇ, ਬਾਹਰੋ ਹੀ ਸਰੀਰ ਨੂੰ ਸੁੱਚੇ ਹੋ ਹੋ ਕੇ ਦੱਸਦੇ ਹਨ। ਇਹ ਸੰਤ ਗੁਰੂ ਸਿਧਾਤਾਂ ਦੇ ਖ਼ਿਲਾਫ, ਕਾਲੇ ਸਿਆਹ ਤਵੇ ਦੀ ਕਾਲਖ਼ ਵਰਗੇ ਹਨ। ਇਹ ਵੱਡੇ-ਵੱਡੇ ਫੱਟੇ ਤਾਂ ਗੁਰਮਤਿ ਪ੍ਰਚਾਰ ਵਾਲੇ ਲਗਾਉਂਦੇ ਹਨ ਪਰ ਕੰਮ ਸਾਰੇ, ਗੁਰਮਤਿ ਤੋਂ ਉਲਟੇ। ਇਹ ਕੋਈ ਦੱਸੇ ਤਾਂ ਸਹੀ ਕਿਹੜੇ ਗੁਰਮਤਿ ਦਾ ਪ੍ਰਚਾਰ ਕਰਦੇ ਹਨ ?

ਇਨ੍ਹਾਂ ਦਾ ਤਾਂ ਹਰ ਕਦਮ, ਗੁਰਮਤਿ ਦੇ ਖਿਲਾਫ ਹੁੰਦਾ ਹੈ ਇਸ ਨੂੰ ਅਸੀਂ ਨਹੀ ਮੰਨਾਂਗੇ। ਇਹ ਅਸੀਂ ਲਾਗੂ ਨਹੀ ਹੋਣ ਦੇਵਾਂਗੇ। ਜਦੋਂ ਮਰਜ਼ੀ ਇਨ੍ਹਾਂ ਦੇ

ਇਕੱਠਾਂ ਚੋ ਇਹ ਆਵਾਜਾਂ ਸੁਣ ਸਕਦੇ ਹੋ।

ਜਥੇਦਾਰ, ਭੇਡਾਂ ਬਕੱਰੀਆਂ, ਖੋਤਿਆਂ ਦੀ ਜ਼ਿਆਦਾ ਗਿਣਤੀ ਵੇਖ ਕੇ ਉਨ੍ਹਾਂ ਅੱਗੇ ਸ਼ੀਸ਼ ਨਿਵਾ ਰਹੇ ਹਨ ਜਦ ਕਿ ਗੁਰੂ ਨਾਨਕ ਸਾਹਿਬ ਜੀ, ਬਹੁ ਗਿਣਤੀ ਕਰਮਕਾਂਡੀ, ਬਿਪਰਾਂ, ਮੁੱਲਾਂ ਮੁਲਾਂਣੇ, ਸਿਧਾਂ ਜੋਗੀਆਂ ਅੱਗੇ ਨਹੀਂ ਸਨ ਝੁੱਕੇ ਅੱਜ ਗੁਰੂ ਪੰਥ ਨੂੰ ਪਾਖੰਡੀਆਂ ਦੇ ਪੈਰਾਂ 'ਚ ਰੋਲ ਕੇ ਰੱਖ ਦਿੱਤਾ ਹੈ।

ਸ਼ਬਦ ਦਾ ਭਾਵ ਅਰਥ:- ਇਸ ਸਲੋਕ ਵਿੱਚ ਅਸਲ ਅਰਥਾਂ ਵਿਚ ਸੁੱਚਾ ਜਾਂ ਪਵਿੱਤਰ ਮਨੁੱਖ ਦਰਸ਼ਾਇਆ ਗਿਆ ਹੈ। ਕੇਵਲ ਮਾਤਰ ਸਰੀਰਕ ਸੁੱਚਮ ਜਾਂ ਪਵਿੱਤਰਤਾ, ਧਾਰਮਿਕ ਜਗਤ ਵਿੱਚ ਕੋਈ ਵਕਤ ਨਹੀ ਰੱਖਦੀ। ਪਵਿੱਤਰ ਬਣਨ ਲਈ ਮਨ ਦੀ ਪਾਕੀਜ਼ਗੀ ਅਤੀ ਜ਼ਰੂਰੀ ਹੈ। ਗੁਰਦੇਵ, ਕਥਨ ਕਰਦੇ ਹਨ ਕਿ ਸੁੱਚੇ ਜਾਂ ਪਵਿੱਤਰ ਮਨੁੱਖ ਓਹ ਨਹੀ ਆਖੇ ਜਾ ਸਕਦੇ, ਜੋ ਕੇਵਲ ਸਰੀਰ ਧੋ ਕੇਂ ਆਪਣੀ ਜਾਂਚੇ ਪਵਿੱਤਰ ਬਣ ਕੇ ਬੈਠ ਜਾਂਦੇ ਹਨ। ਅਸਲ ਵਿੱਚ ਪਵਿਤੱਰ ਉਹੀ ਹਨ। ਜਿਨ੍ਹਾਂ ਦੇ ਮਨ ਵਿੱਚ ਪਵਿਤਰਤਾ ਦਾ ਪੁੰਜ, ਸੱਚਾ ਪ੍ਰਭੂ ਵੱਸਦਾ ਹੈ। ਮਨ ਕਰਕੇ ਅਪਵਿਤੱਰ ਬੰਦੇ ਦੀ ਹਾਲਤ ਤਾਂ ਇਹ ਹੈ ਕਿ ਅਜਿਹੇ ਬੰਦੇ ਦੇ ਮੁੱਖ ਵਿੱਚ ਹਰ ਸਮੇਂ ਨਿੰਦਿਆਂ ਚੁਗਲੀ, ਝੂਠ ਵਿਰੋਧ, ਪਾਖੰਡ, ਕਰਮਕਾਂਡ ਆਦਿ ਅਪਵਿੱਤਰਤਾਵਾਂ, ਵੱਸਦੀਆਂ ਹਨ। ਜਿਸ ਨਾਲ ਉਹ ਨਿੱਤ ਹੀ ਖੁਆਰ ਤੇ ਦੁਖੀ ਹੁੰਦਾ ਹੈ। ਉਪਰੋਕਤ ਨਿੰਦਿਆ, ਚੁਗਲੀ ਝੂਠ, ਵਿਰੋਧ, ਪਾਖੰਡ, ਕਰਮਕਾਂਡ ਆਦਿ ਅਪਵਿਤਰਤਾਵਾਂ ਬਾਹਰੋ ਧੋਤੇ ਹੋਏ, ਉਸ ਬੰਦੇ ਅੰਦਰੋਂ, ਇਸ ਤਰ੍ਹਾਂ ਨਿਕਲਦੀਆਂ ਹਨ। ਜਿਵੇਂ, ਇਸਤ੍ਰੀ ਦੇ ਅੰਦਰੋਂ ਸਿਰਨਾਵਣੀ (ਮਹਾਵਾਰੀ) ਗੰਦਾਂ ਖੂਨ ਆਪੇ ਮੁੜ-ਮੁੜ ਨਿਕਲਦਾ ਹੈ। ਇਹ ਹੈ ਪਾਜ ਉਘੇੜਿਆਂ ਹੋਇਆ, ਉਨਾ ਲੋਕਾ ਦਾ। ਅੱਜ ਇਹ ਪਵਿੱਤਰ ਕਹਾਉਣ ਵਾਲੇ ਲੋਕ, ਡੇਰੇ ਬਣਾ ਕੇ ਹਰ ਗੁਰਮਤਿ ਦਾ ਵਿਰੋਧ ਕਰ ਦੇ ਹਨ ਇਨ੍ਹਾਂ ਪਿਛੇ ਲੱਗਣ ਵਾਲੇ ਲੋਕਾਂ, ਲੀਡਰਾਂ, ਜਥੇਦਾਰਾਂ ਬਾਰੇ ਵੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਲਿਖਿਆ ਮਿਲਦਾ ਹੈ।

ਅੰਧੀ ਰਈਅਤ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰ ॥

ਗਿਆਨ ਤੋ ਅੰਨੀ ਦੁਨੀਆਂ ਮੁਰਦੇ, ਵਿਹਲੜ ਕੋਹੜੀਆਂ ਦਾ ਪਾਣੀ ਭੱਰਦਾ ਫਿਰਦਾ ਹੈ। ਅੱਜ ਜੋ ਕੁਝ ਵੀ ਵਾਪਰ ਰਿਹਾ ਹੈ ਇਸ ਦੀ ਅਸਲੀਅਤ ਜਾਨਣ ਵਾਸਤੇ ਗੁਰਬਾਣੀ, ਗੁਰਮਤਿ ਸਮਝਣੀ ਜ਼ਰੂਰੀ ਹੈ। ਗੁਰਮਤਿ ਵਿੱਚ ਸਿਖਾਂ ਨੂੰ ਡੇਰੇ ਬਣਾਉਣ ਤੋਂ ਵਰਜਿਆ ਹੋਇਆ ਹੈ। ਗ੍ਰਿਹਸਥ ਜੀਵਨ ਪ੍ਰਧਾਨ ਹੈ।

ਅਖੌਤੀ ਸੰਤ ਸਮਾਜ ਵਲੋਂ ਨਾਨਕਸ਼ਾਹੀ ਕੈਲੰਡਰ ਦਾ ਵਿਰੋਧ ? ਅਸਲ ਵਿਚ ਇਹ ਭੇਖੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੀ ਵਿਰੋਧ ਕਰਦੇ ਹਨ। ਹੁਣ ਤੱਕ ਸਾਰੀਆਂ ਸਿੱਖ ਸੰਗਤਾਂ ਪਹਿਲਾਂ ਬਿੱਪਰਾਂ ਅਨੁਸਾਰ ਤੇ ਉਨ੍ਹਾਂ ਵਲੋਂ ਬਣਾਈ ਗਈ ਜੰਤਰੀ ਅਨੁਸਾਰ ਗੁਰਪੁਰਬ, ਸੰਗਰਾਦਾਂ ਦੇ ਦਿਨ ਇਕੱਠਿਆ ਹੋ ਰਹੀਆਂ ਸਨ। ਗੁਰਮਤਿ ਨੂੰ ਪੜਕੇ ਵਿਚਾਰਨ ਵਾਲਿਆ ਭਲੇ ਪੁਰਸ਼ਾਂ ਨੇ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਦੇਸੀ ਮਹੀਨੇ, ਚੇਤ, ਵੈਸਾਖ, ਜੇਠ ਅਹਾੜ, ਸਾਵਣ, ਭਾਦੋਂ, ਅੱਸੂ, ਕਤਕ, ਮੱਘਰ,

ਪੋਹ, ਮਾਘ, ਫੱਗਣ ਆਦਿ ਦੀਆਂ ਤਰੀਕਾਂ ਕਿਨਾ ਅਨੁਸਾਰ, ਸਹੀ ਮਾਇਨਿਆ ਵਿਚ ਦੇਸੀ ਮਹੀਨੇ ਦੇ ਸਿਧਾਂਤ ਵਾਰੇ ਅਸਲ ਜਾਣਕਾਰੀ ਪ੍ਰਾਪਤ ਕਰਨ ਦਾ ਕੀ ਹੁਕਮ ਹੈ? ਕਿਸ ਮਹੀਨੇ ਵਿੱਚ ਸਿੱਖ ਨੇ ਕੀ ਕਰਨਾ ਹੈ, ਵਿਸਥਾਰ ਪੂਰਵਕ ਸਮਝਾਇਆ ਹੋਇਆ ਹੈ, ਅੰਗਰੇਜ਼ੀ ਮਹੀਨੇ ਦਾ ਤਾਂ ਕੋਈ ਜ਼ਿਕਰ ਨਹੀ ਹੈ। ਜਨਵਰੀ, ਫਰਵਰੀ ਆਦਿ ਮਹੀਨੇ ਕਿਤੇ ਭਾਲਣ ਤੇ ਵੀ ਨਹੀ ਲੱਭੇ, ਗੁਰੂ ਗ੍ਰੰਥ ਸਾਹਿਬ ਜੀ ਵਿੱਚ।

ਅਸਲ ਵਿਚ ਸੱਚ ਤਾਂ ਇਹ ਹੈ ਕਿ ਇਨ੍ਹਾਂ ਗੁਰਮਤਿ ਤੋਂ ਭਗੌੜਿਆਂ ਦੀਆਂ ਬਰਸੀਆਂ ਦੀਆ ਤਰੀਕਾਂ ਨਾਨਕਸ਼ਾਹੀ ਕੈਲੰਡਰ ਵਿਚ ਨਹੀ ਪਾਈਆ ਗਈਆਂ ਇਹ, ਤਾਂ ਪਾਈਆਂ ਜਾਂਦੀਆਂ ਜੇ ਸਿੱਖ ਕੌਮ ਵਿਚ ਵਿਹਲੜਾਂ ਦਾ ਕੋਈ ਇਤਿਹਾਸ ਹੁੰਦਾ। ਇਹ ਡੇਰੇਦਾਰ, ਬਿਪਰ ਜਾਲ ਵਿਚ ਫਸੇ ਹੋਏ ਹਨ। ਇਹਨਾਂ ਨੇ ਤਾਂ ਅਸਲ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਸਿੱਖ ਸੰਗਤਾਂ ਨੂੰ ਭਰਮਾਉਣ ਲਈ ਹੀ ਕੀਤਾ ਹੁੰਦਾ ਹੈ। ਬੀਬੀਆਂ ਨਾਲ ਛੇੜ-ਛਾੜ ਵੀ ਜ਼ਿਆਦਾਤਰ ਡੇਰੇਦਾਰਾਂ ਵਲੋਂ ਕੀਤੀ ਜਾਂਦੀ ਹੈ। ਹਰ ਅਖ਼ਬਾਰ ਵਿੱਚ ਇਨ੍ਹਾਂ ਦੀਆ ਬੇਸ਼ਰਮੀ ਵਾਲੀਆਂ ਕਰਤੂਤਾਂ ਦਾ ਪਰਦਾ ਫਾਸ ਹੋਣ ਦੀ ਖਬਰ ਮੋਟੀ ਸੁਰਖੀ ਦੇ ਕੇ ਲਿਖੀ ਹੁੰਦੀ ਹੈ।

*ਬੀਬੀਆਂ ਨੂੰ ਅਪੀਲ:- ਇਹ ਆਮ ਹੀ ਵੇਖਿਆ ਜਾਂਦਾ ਹੈ ਕਿ ਇਨਾਂ ਅਖੌਤੀ ਸੰਤਾਂ ਬਾਬਿਆਂ ਦੇ ਡੇਰਿਆਂ 'ਚ ਬੀਬੀਆਂ ਦੀ ਭੀੜ ਕੁਝ ਜ਼ਿਆਦਾ ਹੀ ਹੁੰਦੀ ਹੈ।

ਇਹ ਕਿਉਂ?

ਕਿਉਂ ਕਿ ਨੰਬਰ:

1. ਘਰ ਵਿੱਚ ਨਾ ਬਰਾਬਰੀ ਦਾ ਸਿਲਸਿੱਲਾ ਚਲਣਾ।
2. ਪਤੀ ਨੂੰ ਵੱਸ 'ਚ ਰੱਖਣਾ।
3. ਸੱਸ ਸੌਹਰੇ ਨੂੰ ਵੱਸ ਵਿੱਚ ਕਰਨਾ।
4. ਵਹਿਮਾਂ ਭਰਮਾਂ 'ਚ ਫੱਸੇ ਹੋਣਾ।
5. ਲਾਈਲੱਗਤਾਂ ਦੇਖਾ ਦੇਖੀ ਕਿਸੇ ਪਿੱਛੇ ਲੱਗ ਜਾਣਾ।
6. ਅਗਿਆਨਤਾ ਕਾਰਨ।
7. ਕੁਦਰਤੀ ਆਫਤਾਂ ਤੋਂ ਬਚਾਅ ਲਈ ਇਨ੍ਹਾਂ ਭੇਖੀਆਂ ਦਾ ਆਸਰਾ ਤੱਕਣਾ।
8. ਭੇਖੀਆਂ ਵਲੋਂ ਸੁਖਮਣੀ ਸਾਹਿਬ ਜੀ ਵਿਚ ਆਏ, ਸੰਤ, ਸਾਧ ਸ਼ਬਦਾਂ ਦਾ ਸੰਗਤਾਂ ਵਿਚ ਆਪਣੇ ਸੰਤ ਹੋਣ ਦੇ ਪਾਵੇ ਭੁਲੇਖੇ।

ਅੱਜ ਸਾਡੇ ਪੰਜਾਬ 'ਚ ਡੇਰੇ ਤੇ ਡੇਰੇ ਉਸਰੇ ਨਜ਼ਰ ਆ ਰਹੇ ਨੇ। ਇਹ ਸਭ ਦੇਣ, ਬੀਬੀਆਂ ਦੀ ਹੈ। ਇਹ ਡੇਰੇ ਬੀਬੀਆਂ ਦੇ ਸਿਰ ਤੇ ਚੱਲ ਰਹੇ ਹਨ। ਇਨ੍ਹਾਂ ਭੇਖੀਆਂ ਦੀ ਸੇਵਾ ਕਰਕੇ, ਕੌਮ ਨੂੰ ਕੀ ਮਿਲਿਆ, ਅਮਲੀਆਂ ਦੀ ਫੌਜ਼। ਸਿੱਖਾਂ ਦੇ ਅੱਜ ਹਰ ਘਰ ਵਿੱਚ, ਬੱਚਾ ਸਿਰ ਤੋਂ ਮੋਨਾਂ ਹੈ। ਨਸ਼ੇ ਖਾਣ ਵਾਲਾ ਹੈ। ਕਾਰਣ ਬੀਬੀਆਂ ਵਲੋਂ ਆਪਣੇ ਬੱਚਿਆਂ ਦੀ ਵਧੀਆਂ ਖੁਰਾਕ:- ਦੁੱਧ, ਦੁੱਧ ਤੋਂ ਬਣੇ ਪਦਾਰਥ, ਫੱਲ ਫਰੂਟ, ਅਨਾਜ, ਸਬਜੀਆਂ, ਸਲਾਦ ਘਿਓ। ਸਭ ਵਿਹਲੜ ਡੇਰਿਆਂ

ਦੇ ਅਖੌਤੀ ਸੰਤਾਂ, ਸਾਧਾਂ ਬਾਬਿਆਂ ਦੀ ਗੋਗੜ ਵਿਚ ਪਾਇਆ ਜਾਂਦਾ ਹੈ। ਆਪਣੇ ਬੱਚੇ ਸ਼ਰੀਰਕ ਪੱਖੋਂ ਤੇ ਦਿਮਾਗੀ ਪੱਖੋਂ ਕਮਜ਼ੋਰ ਹੋ ਚੁੱਕੇ ਹਨ। ਹੁਣ ਤੋਂ ਹੀ ਬੀਬੀਆਂ, ਗੁਰਬਾਣੀ ਦੇ ਮਹਾਂਵਾਕ ਨੂੰ ਸਮਝਣ ਦੀ ਕੋਸ਼ਿਸ਼ ਕਰਨ,

ਸਰਬ ਰੋਗ ਕਾ ਅਉਖਧ ਨਾਮ ॥

ਭਾਵ ਗੁਰਮਤਿ ਅਨੁਸਾਰ ਜ਼ਿੰਦਗੀ ਬਤੀਤ ਕਰਨੀ। ਗੁਰਮਤਿ ਅਨੁਸਾਰ ਜੀਵਨ ਨੂੰ ਢਾਲਣ ਦੀ ਕੋਸ਼ਿਸ਼ ਸ਼ੁਰੂ ਕਰ ਦੇਣੀ ਚਾਹੀਦੀ ਹੈ ਤੇ ਇਨ੍ਹਾਂ ਪਾਖੰਡੀਆਂ ਬਾਬਿਆਂ ਸੰਤਾਂ ਸਾਧਾਂ, ਨੂੰ ਤਿਆਗਣ ਦੀ ਖੇਚਲ ਕਰਨ, ਤੇ ਚੰਗੀ ਖ਼ੁਰਾਕ ਆਪਣੇ ਬੱਚਿਆ ਨੂੰ ਖੁਵਾਉਣ, ਪਿਲਾਉਣ। ਜੇ ਕਰ ਕਿਸੇ ਨੂੰ ਕੁਝ ਦੇਣਾ ਹੀ ਹੈ ਤਾਂ, ਗੁਰੂ ਹੁਕਮਾਂ ਨੂੰ ਮੰਨ "ਕਿ ਗਰੀਬ ਦਾ ਮੂੰਹ ਗੁਰੂ ਦੀ ਗੋਲਕ ਹੈ", ਕੁਝ ਦੇਣ, ਜੇ ਅੱਜ ਸਾਰੀ ਸਿੱਖ ਕੌਮ ਇਕੱਠੇ ਹੋ ਕੇ ਆਪਣੀ-ਆਪਣੀ ਜੇਬ ਤੋਂ। ਰੁਪਏ ਤੋ ਲੈ ਕੇ 10-10 ਰੁਪਏ ਇਕੱਠੇ ਕਰੀਏ ਤਾਂ ਬਹੁਤ ਸਾਰੀ ਮਾਇਆ ਇਕੱਠੀ ਹੋ ਸਕਦੀ ਹੈ ਤੇ ਕਿੰਨੇ ਹੀ ਨੌਜਵਾਨ ਜੋ ਬੇਰੁਜਗਾਰ ਹਨ ਕੰਮ ਖੋਲ੍ਹ ਕੇ ਦਿੱਤੇ ਜਾ ਸਕਦੇ ਹਨ ਤੇ ਫਿਰ ਉਨ੍ਹਾਂ ਨੌਜਵਾਨਾਂ ਤੋ ਵੀ 10-10 ਰੁਪਏ ਇਕੱਠੇ ਕਰੀਏ ਤਾਂ ਸਾਰੀ ਸਿੱਖ ਕੌਮ ਆਰਥਿਕ ਪਖੋਂ ਅਮੀਰ ਹੋ ਸਕਦੀ ਹੈ ਤੇ ਇੱਕ ਤੱਕੜੀ ਨਿਰੋਈ ਜਵਾਨੀ ਪੱਖੋਂ ਵੀ।

ਇਧਰ ਲੋਕ, ਬੀਬੀਆਂ ਨੂੰ ਪੈਰਾਂ ਦੀ ਜੁੱਤੀ ਸਮਝਦੇ ਸਨ, ਪਸੂ ਢੋਰ ਗਵਾਰ ਦਾ ਦਰਜਾ ਦਿੰਦੇ ਸਨ, ਪਰ ਨਾਨਕ ਜੀ ਨੇ ਅਸਲ ਤਸਵੀਰ ਖਿੱਚਦਿਆ ਹੋਇਆ, ਬੀਬੀਆਂ ਨੂੰ ਅਧਿਆਤਮਿਕ ਦੇ ਤੌਰ ਤੇ ਪੁਰਸ਼ਾ ਦੇ ਬਰਾਬਰ ਹੀ ਦਸਿਆ ਜੋ ਗੁਰੂ ਨਾਨਕ ਦੇਵ ਜੀ ਦਸਵੇਂ ਰੂਪ ਵਿੱਚ ਗੁਰੂ ਗੋਬਿੰਦ ਸਿੰਘ ਵਲੋ ਇਹ "ਫਤਹਿ", ਬਖਸ਼ ਕੇ ਲਿੰਗ ਦਾ ਭੇਤ ਭਾਵ ਮਿਟਾ ਦਿਤਾ ਭਾਵੇਂ ਇਸਤਰੀ ਹੈ ਭਾਵੇਂ ਪੁਰਸ਼ ਹੈ ਅੰਮ੍ਰਿਤਧਾਰੀ ਹੋਣ ਤੇ ਆਪਸ ਵਿੱਚ ਮਿਲਣ ਤੇ ਇਹ ਫ਼ਤਹਿ ਬੁਲਾਣੀ ਹੈ।

ਵਾਹਿਗੁਰੂ ਜੀ ਕਾ ਖਾਲਸਾ,
ਵਾਹਿਗੁਰੂ ਜੀ ਕੀ ਫ਼ਤਹਿ ॥

ਪਰ ਕਦੇ ਵੀ ਬੋਲਦੇ ਜਾਂ ਲਿਖਿਆਂ ਹੋਇਆ ਨਹੀ ਲੱਭਿਆ

ਵਾਹਿਗੁਰੂ ਜੀ ਕੀ ਖਾਲਸੀ,
ਵਾਹਿਗੁਰੂ ਜੀ ਕੀ ਫ਼ਤਹਿ ॥

ਜਿਵੇਂ ਗੁਰੂ ਘਰਾਂ ਅੰਦਰ ਕੀਰਤਨ, ਸੇਵਾ, ਅੰਮ੍ਰਿਤਧਾਰੀ ਸੰਚਾਰ ਕਰਨ ਸਮੇਂ ਬੀਬੀਆਂ ਹਿੱਸਾ ਲੈ ਸਕਦੀਆ ਹਨ। ਇਹ ਅਖੌਤੀ ਸੰਤ, ਬਾਬੇ, ਬੀਬੀਓ ! ਤੁਹਾਡੀ ਵਿਰੋਧਤਾ ਕਰਦੇ ਹਨ, ਇਹ ਚਾਹੁੰਦੇ ਹਨ ਕਿ ਇਹ ਬੀਬੀਆਂ ਵਹਿਮਾਂ-ਭਰਮਾਂ, ਅਗਿਅਨਤਾ ਦੇ ਵੱਸ ਤੇ ਪਈਆਂ ਰਹਿਣ ਤੇ ਸਾਡੇ ਡੇਰਿਆਂ ਵਿੱਚ ਭਟਕਦੀਆ ਰਹਿਣ।

ਖਸਮ ਛੋਡਿ ਦੂਜੇ ਲਗੇ ਡੁਬੇ ਸੇ ਵਣਜਾਰਿਆ ॥

(ਪੰਨਾ ੪੭੦) (ਆਸਾ ਦੀ ਵਾਰ)

ਅਨੁਸਾਰ ਆਪਣੇ ਪਤੀ ਦੀ ਆਗਿਆ ਮੰਨਣੀ ਚਾਹੀਦੀ ਹੈ। ਅਨੰਦ ਕਾਰਜ ਦੇ ਸਮੇਂ ਵੀ ਇਹ ਸਿੱਖਿਆਂ ਦਿੱਤੀ ਜਾਂਦੀ ਹੈ ਕਿ ਆਪਣੇ ਪਤੀ ਦੀ ਆਗਿਆ ਤੋਂ ਬਗੈਰ ਆਪਣੀ ਮਨ-ਮਰਜ਼ੀ ਨਾਲ ਕਿੱਤੇ ਨਹੀ ਜਾਣਾ, ਗੁਰਦੁਆਰਾ ਛੱਡ, ਸਿਆਣੇ ਬਾਬੇ ਸੰਤਾਂ, ਮੜੀਆਂ ਨੂੰ ਨਹੀ ਪੂਜਣਾ। ਅੱਜ ਜਿਆਦਾਤਰ ਪਤੀਆਂ ਦੀ ਆਗਿਆਂ ਤੋਂ ਬਗੈਰ ਹੀ ਪਤਨੀਆਂ ਡੇਰਿਆਂ ਵਿੱਚ ਭਟਕ ਰਹੀਆਂ ਹਨ ਤੇ ਧਾਗੇ, ਤਵੀਤ, ਸੁਆਹ, ਇਲੈਚੀਆਂ, ਡੇਰਿਆਂ ਦਾ ਗੰਦਾਂ ਪਾਣੀ, ਆਦਿ ਵਾਸਤੇ ਆਪਣੇ ਘਰਾਂ ਦੀ ਹਰ ਵਸਤੂ ਡੇਰਿਆਂ ਵੱਲ ਢੋਅ ਰਹੀਆਂ ਹਨ, ਤੇ ਗਰੀਬੀ ਦੀਆਂ ਅਤੇ ਦੁੱਖਾਂ ਦੀਆ ਪੰਡਾਂ ਆਪਣੇ ਘਰ ਨੂੰ ਲੈ ਆਉਂਦੀਆਂ ਹਨ। ਇਹ ਸਿਲਸਿਲਾ ਕਦੋਂ ਤੱਕ ਚਲਦਾ ਰਹੇਗਾ ? ਇਹ ਸਿਲਸਿਲਾ ਉਦੋਂ ਤਕ ਲਗਾਤਾਰ ਚੱਲਦਾ ਰਹੇਗਾ ਜਦ ਤਕ ਬੀਬੀਆਂ ਸਿੱਖ ਇਤਿਹਾਸ ਨੂੰ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖੀ ਗੁਰਬਾਣੀ ਨੂੰ ਚੰਗੀ ਤਰ੍ਹਾਂ ਪੜ੍ਹ, ਬੁੱਝ ਕੇ, ਸਮਝ ਨਹੀਂ ਲੈਂਦੀਆਂ।

ਹੁਣ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀ ਵਿਗੜਿਆ, ਸੰਭਲੋ, ਬੀਬੀਓ ! ਸੰਭਲੋ ! ਅੱਜ ਬਹੁਤ ਸਾਰੇ ਡੇਰਿਆਂ ਵਿਚ ਸੇਵਾ ਕਰਨ ਵਾਲੇ ਨਸ਼ਿਆ ਦੇ ਆਦੀ ਹੋ ਚੁੱਕੇ ਹਨ। ਬਹੁਤੇ ਸੰਤ ਤਾਂ ਕੁਕੱਰਮ ਕਰਨ ਤੇ ਉਤਰ ਆਏ ਹਨ। ਆਪਣੀ ਇਜ਼ਤ ਨੂੰ ਆਪ ਡੇਰਿਆਂ 'ਚ ਰੋਲਣ ਵਾਲੀ ਕਹਾਵਤ ਸਹੀ ਹੋਣ ਜਾ ਰਹੀ ਹੈ। ਹੋਸ਼ ਕਰੋ। ਸੰਭਲੋ ! ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਹੋ ਕੇ ਗਿਆਨ ਪ੍ਰਾਪਤ ਕਰੋ ਜੀ। ਕਰਮਕਾਂਡਾਂ ਲਈ ਅਕਾਲ ਪੁਰਖ ਵਲੋਂ ਬਖਸੀ ਸਿੱਖੀ ਵਿੱਚ ਕੋਈ ਥਾਂ ਨਹੀਂ। ਪਾਖੰਡੀ ਡੇਰੇਦਾਰਾਂ ਨੂੰ ਇਹ ਵੀ ਦੱਸ ਦੇਣਿਆਂ ਕਿ ਗੁਰੂ ਨਾਨਕ ਦੇਵ ਜੀ ਦੇ ਘਰ ਵਿਚ, ਸਿੱਧ ਜੋਗੀਆਂ ਲਈ ਕੋਈ ਥਾਂ ਨਹੀ, ਇਸ ਵਿਚ ਤਾਂ ਕਰਮਕਾਂਡ, ਪਾਖੰਡ ਛੱਡ ਕੇ ਗੁਰਮਤਿ ਅਨੁਸਾਰ ਚੱਲਣਾ ਪਊ। ਹਰਿਮੰਦਰ ਸਾਹਿਬ, ਅਤੇ ਅਕਾਲ ਤਖਤ, ਸਿੱਧ ਜੋਗੀਆਂ ਦਾ ਡੇਰਾ ਨਹੀਂ, ਜਿਥੇ ਇਹ ਕੇਵਲ ਆਪਣੀ ਚੌਧਰ ਚਲਾ ਰਹੇ ਨੇ ਇਹ ਸਿੱਖੀ ਦਾ ਕੇਂਦਰ ਉਨ੍ਹਾਂ ਸਿੱਖਾਂ ਦਾ ਹੈ ਜੋ ਨਾਮ ਜੱਪਦੇ ਹਨ, ਹੱਥੀਂ ਕਿਰਤ ਕਰਦੇ ਹਨ, ਵੰਡ ਕੇ ਛੱਕਦੇ ਹਨ, ਗ੍ਰਹਿਸਥੀ ਜੀਵਨ ਬਤੀਤ ਕਰਦੇ ਹਨ ਤੇ ਕੇਵਲ ਅਕਾਲ ਪੁਰਖ ਨੂੰ ਹਿਰਦੇ ਵਿੱਚ ਵਸਾ ਕੇ ਸੰਸਾਰਿਕ ਜੀਵਨ ਗੁਰੂ ਸਿਧਾਤਾਂ ਅਨੁਸਾਰ ਢਾਲ ਕੇ ਚਲਾਉਂਦੇ ਹਨ। ਹੱਥੀਂ ਸੇਵਾ ਕਰਦੇ ਨੇ ਜਾਂ ਫਿਰ ਇਨਾਂ, ਸਿੱਖਿਆਂਵਾ ਨੂੰ ਪ੍ਰਾਪਤ ਕਰਨ ਲਈ ਸਾਰੇ ਕਰਮਕਾਂਡਾਂ, ਪਾਖੰਡਾਂ ਨੂੰ ਤਿਆਗ ਕੇ ਸਿੱਖ ਧਰਮ ਵਿੱਚ ਸ਼ਾਮਲ ਹੋਣ ਲਈ ਤਿਆਰ ਹੋਣ। ਇਨ੍ਹਾਂ ਮੁੱਢਲੇ ਉਪਦੇਸ਼ਾਂ ਨੂੰ ਤਿਆਗਣ ਵਾਲਾ ਤਾਂ 10 ਨੰਬਰ ਦਾ ਪਾਖੰਡੀ ਹੈ ਜੋ ਕੇਵਲ ਚਿੱਟਾ ਚੋਲਾ ਪਹਿਨ ਕੇ, ਸੰਤ, ਬਾਬਾ, ਬ੍ਰਹਮਗਿਆਨੀ ਕਹਾਵੇ।

ਭਾਈ ਰਾਮ ਸਿੰਘ
ਪਿੰਡ ਮਾਜਰੀ ਡਾਕ: ਸਿਆਲਬਾ
ਜਿਲਾ ਰੋਪੜ

ਵੱਡੇ-ਵੱਡੇ ਗੁਰਮਤਿ ਸਮਾਗਮਾਂ ਦੇ ਫੱਟੇ ਲਾ ਕੇ ਗੁਰਮਤਿ ਪ੍ਰਚਾਰ ਦੇ ਨਾਂ ਸਿੱਖ ਫੱਟੇ ਲਾ ਕੇ ਗੁਰਮਤਿ ਪ੍ਰਚਾਰ ਦੇ ਨਾਂ ਤੇ ਸਿੱਖ ਸੰਗਤਾਂ ਨੂੰ ਲੁੱਟਣ ਵਾਲੇ ਇਹ ਅਖੌਤੀ ਸੰਤ ਬਾਬੇ ਦੱਸ ਸਕਦੇ ਨੇ, ਇਹ ਕਿਹੜੇ ਗੁਰਮਤਿ ਦਾ ਪ੍ਰਚਾਰ ਕਰਦੇ ਨੇ ਤੇ ਆਪ ਅਮਲ ਕਰਦੇ ਨੇ ?

1. ਇਸ ਜਰੁ ਕਾਰਣਿ ਘਣੀ ਵਿਗੁਤੀ ਇਨਿ ਜ਼ਰ ਘਣੀ ਖੁਆਈ ॥
ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥ ਨ ਜਾਈ ॥
ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ ॥

ਇਹ ਬਾਬੇ ਅੱਜ ਜਿਸ ਢੰਗ ਨਾਲ ਮਾਇਆ ਇਕੱਠੀ ਕਰਕੇ ਐਸ਼ ਇਸ਼ਰਤ ਕਰ ਰਹੇ ਹਨ ਉਹ ਕਿਹੜੀ ਚੰਗਿਆਈ ਹੈ ?

2. ਜੇ ਰਤ ਲਗੈ ਕਪੜੇ ਜਾਮਾ ਹੋਇ ਪਲੀਤ ॥
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲ ਚੀਤ

ਲੋਕਾਂ ਦੀ ਖ਼ੂਨ ਪਸੀਨੇ ਦੀ ਕਮਾਈ ਤੇ ਆਪਣੀ ਹੱਕ ਜਮਾਉਣ ਵਾਲੇ ਅਖੌਤੀ ਬਾਬਿਆਂ ਦਾ ਚਿੱਤ ਨਿਰਮਲ ਹੋ ਹੀ ਨਹੀ ਸਕਦਾ

3. ਸੋ ਜੀਵਿਆ ਜਿਸ ਮਨਿ ਵਸਿਆ ਸੋਇ ॥ ਨਾਨਕ ਅਵਰ ਨ ਜੀਵੈ ਕੋਇ ॥
ਜੇ ਜੀਵੈ ਪਤਿ ਲਥੀ ਜਾਇ ॥ ਸਭ ਹਰਾਮ ਜੇਤਾ ਕਿਛੁ ਖਾਇ ॥
4. ਨਾਮਾ ਕਹੈ ਤਿਲੋਚਨਾ, ਮੁੱਖ ਤੇ ਰਾਮ ਸਮਾਲ ॥
ਹਾਥ ਪਾਉ ਕਰਿ ਕਾਮ ਸਭੁ ਚੀਤ ਨਿਰੰਜਨ ਨਾਲਿ ।

(ਸਲੋਕ ਫ਼ਰੀਦ ਜੀ)

5. ਖਸਮ ਛੋਡਿ ਦੂਜੈ ਲਗੈ ਡੁਬੇ ਸੇ ਵਣਜਾਰਿਆ
6. ਭੈਰਉ ਭੂਤ ਸੀਤਲਾ ਧਾਵੈ ਖਰ ਬਾਹਨੁ ਉਹ ਛਾਰ ਉਡਾਵੈ ॥ ੧ ॥
ਹਉ ਤਉ ਏਕੁ ਰਮਈਆਂ ਲੈਹਉ ॥
ਅਨ ਦੇਵ ਬਦਲਾਵਨ ਦੈਹਉ ॥ ੧ ॥ ਰਹਾਓ ॥
ਸਿਵ ਸਿਵ ਕਰਤੇ ਜੋ ਨਰੁ ਧਿਆਵੈ ॥
ਬਲਦ ਚਢੇ ਡਉਰੂ ਡਮਕਾਵੈ ॥ ੨ ॥
ਮਹਾ ਮਾਈ ਕੀ ਪੂਜਾ ਕਰੈ ॥ ਨਰ ਸੈ ਨਾਰਿ ਹੋਇ ਅਉਤਰੈ ॥ ੩ ॥
ਤੂ ਕਹੀਅਤ ਹੀ ਆਦਿ ਭਵਾਨੀ ॥ ਮੁਕਤਿ ਕੀ ਬਰੀਆ ਕਹਾਂ ਛਪਾਨੀ ॥
ਗੁਰਮਤਿ ਰਾਮ ਨਾਮ ਗਹੁ ਮੀਤਾ ॥ ਪ੍ਰਣਵੈ ਨਾਮਾ ਇਉਂ ਕਹੈ ਗੀਤਾ ॥

(ਪੰਨਾ ੮੭੪)

ਇਹ ਮਨੁੱਖ ਨੂੰ ਭਗਵਾਨ ਦੱਸਦੇ ਥੱਕ ਦੇ ਨਹੀ ।

7. ਦੁਬਿਧਾ ਨ ਪੜਉ ਹਰਿ ਬਿਨੁ ਹੋਰ ਨਾ ਪੂਜਉ
ਮੜੈ ਮਸਾਣਿ ਨ ਜਾਈ ॥ ਤ੍ਰਿਸ਼ਨਾ ਰਾਚਿ ਨ ਪਰ
ਘਰ ਜਾਵਾ, ਤ੍ਰਿਸਨਾ ਨਾਮਿ ਬੁਝਾਈ

(ਪੰਨਾ ੬੩੪)

8. ਛੋਡਹਿ ਅੰਨੁ ਕਰਹਿ ਪਾਖੰਡ ॥
ਨਾ ਸੋਹਾਗਨਿ ਨਾ ਓਹਿ ਰੰਡ ॥
ਜਗ ਮਹਿ ਬਕਤੇ ਦੂਧਾਧਾਰੀ ॥
ਗੁਪਤੀ ਖਾਵਹਿ ਵਟਿਕਾ ਸਾਰੀ ॥
ਅੰਨੈ ਬਿਨਾ ਨ ਮਿਲੈ ਸੁਕਾਲ ॥
ਤਜਿਐ ਅੰਨ ਨ ਮਿਲੈ ਸੁਕਾਲ ॥
ਤਜਿਐ ਅੰਨ ਨ ਮਿਲੇ ਗੁਪਾਲ ॥
ਕਹੁ ਕਬੀਰ ਹਮ ਜੈਸੇ ਜਾਨਿਆ ॥
ਧੰਨ ਅਨਾਦਿ ਠਾਕੁਰ ਮਨ ਮਾਨਿਆ ॥

(ਪੰਨਾ ੮੭੩)

ਇਹ ਬਾਹਮਣਾ ਜੋਗੀਆਂ ਵਾਗੂੰ ਖਤਾਂ (ਭੋਰਿਆ) 'ਚ ਵੜ ਕੇ ਚਾਲੀਸੇ ਬਿਪਰਾ ਦੀ ਮਨ ਮੱਤ ਅਨੁਸਾਰ ਅੰਨ ਛੱਡਣ ਦਾ ਪਾਖੰਡ ਰੱਚਦੇ ਹਨ।

9. ਕਾਹੂ ਲੈ ਪਾਹਨ ਪੂਜ ਧਰਯੋ ਸਿਰ ਕਾਹੂ ਲੈ ਲਿੰਗ ਗਰੇ ਲਟਕਾਇਓ॥
ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ ਕਾਹੂ ਪਛਾਹ ਕੋ ਸੀਸੁ ਨਿਵਾਇਓ॥
ਕੋਊ ਬੁਤਾਨ ਕੋ ਪੂਜਤ ਹੈ ਪਸੁ ਕੋਊ ਮ੍ਰਿਤਾਨ ਕੋ ਪੂਜਨ ਧਾਇਓ ॥
ਕੂਰ ਕ੍ਰਿਆ ਉਰਝਿਓ ਸਭ ਹੀ ਜੱਗ ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ॥ ੧੦ ॥
ਸਵੈਯੇ ॥

10. ਕਬੀਰ ਹਰਿ ਕਾ ਸਿਮਰਨ ਛਾਡਿ ਕੈ
ਅਹੋਈ ਰਾਖੈ ਨਾਰਿ ॥ ਗਦਹੀ ਹੋਇ ਕੈ ਅਉਤਰੈ ਭਾਰ ਸਹੈ ਮਨ ਚਾਰਿ॥
ਕਬੀਰ ਹਰਿ ਕਾ ਸਿਮਰਨ ਛਾਡਿ ਕੈ ਰਾਤਿ ਜਗਾਵਨਿ ਜਾਇ ॥
ਸਰਪਨਿ ਹੋਇ ਕੈ ਅਉਤਰੈ ਜਾਇ ਅਖਨੇ ਖਾਇ ॥ (ਪੰਨਾ ੧੩੭੦)
ਦੁਨੀਆਂ ਨ ਸਲਾਹਿ ਜੋ ਮਰਿ ਵੰਞਸੀ, ਲੋਕਾ ਨਾ ਸਲਾਹਿ ਜੋ ਮਰਿ ਖਾਕੁਥੀ॥

ਉਪਰੋਕਤ ਗੁਰਬਾਣੀ ਦੇ ਸ਼ਬਦ ਇਨ੍ਹਾਂ ਪਾਖੰਡੀ ਸਾਧਾਂ ਸੰਤਾਂ ਦੇ ਪਾਜ ਉਘੇੜਦੇ ਹਨ। ਇਹ ਆਪ ਹੀ ਦਸ ਦੇਣ ਇਨ੍ਹਾਂ ਦਾ ਹਰ ਕਦਮ ਗੁਰਮਤਿ ਦੇ ਖਿਲਾਫ਼ ਹੈ ਇਨ੍ਹਾਂ ਦੇ ਪਿੱਛੇ ਲੱਗਣ ਵਾਲੇ ਲੋਕ ਵੀ ਮਨਮਤਾਂ ਕਰਦੇ ਜੀਵਨ ਵਿਅਰਥ ਗਵਾ ਕੇ ਚਲੇ ਜਾਂਦੇ ਹਨ। ਆਪ ਤਾਂ ਡੁੱਬੇ ਬਾਮਣਾ ਜਜਮਾਨ ਵੀ ਗਾਲੇ ਦਾ ਮੁਹਾਵਰਾ ਸਹੀ ਸਿੱਧ ਹੁੰਦਾ ਹੈ। ਕੀ ਇਨ੍ਹਾਂ ਸੰਤਾ ਬਾਬਿਆ ਨੇ ਆਪਣੇ ਚਿੱਟੇ ਕਪੜਿਆ ਬਾਰੇ ਵੀ ਪੁੱਛਿਆ "ਸਬਦ ਗੁਰੂ" ਜੀ ਨੂੰ। ਇਉ ਲਿਖਿਆ ਹੋਇਆ ਹੈ:-

ਚਿਟੇ ਜਿਨ ਕੇ ਕਪੜੇ ਮੈਲੇ ਚਿਤ ਕਠੋਰ ਜੀਉ ॥
ਜਿਤੁ ਤਨਿ ਨਾਮ ਨ ਉਪਜੈ ਦੂਜੈ ਵਿਆਪਨ ਚੋਰੁ ਜੀਉ ॥
ਮੂਲਿ ਨ ਬੁਝਹਿ ਆਪਣਾ ਸੇ ਪਸੂਆ ਸੇ ਢੋਰ ਜੀਉ
ਮਾਨੁਖ ਕੀ ਟੇਕੁ ਬਿਰਥੀ ਸਭ ਜਾਨੁ ॥ ਦੇਵਨੁ ਕੋ ਏਕੈ ਭਗਵਾਨ ॥

(ਸੁਖਮਨੀ ਸਾਹਿਬ)

ਕੀ ਸਾਨੂੰ ਆਪਣੇ ਖਸਮ ਤੇ ਭਰੋਸਾ ਨਹੀ ਰਿਹਾ ? ਕੀ ਸਾਡੀ ਆਪਣੇ ਗੁਰੂ ਘਰ ਵਿਚ ਤ੍ਰਿਪਤੀ ਨਹੀ ਹੋ ਰਹੀ ? ਕੀ ਸਾਡੀਆਂ ਲੋੜਾਂ ਆਪਣੇ ਘਰ ਵਿਚ ਪੂਰੀਆਂ ਨਹੀ ਹੋ ਰਹੀਆਂ ? ਜ਼ਰਾ ਗਹੁ ਨਾਲ ਵਾਚਣ ਨਾਲ ਗੱਲ ਸਾਫ ਮਾਲੂਮ ਹੁੰਦੀ ਹੈ। ਘਰ ਵਿਚ ਹੀਰੇ, ਲਾਲ, ਜਵਾਹਰਾਤ ਮੋਤੀਆਂ ਵਰਗੇ ਗੁਰਮਤਾਂ ਦੀ ਸਾਨੂੰ ਸੋਝੀ ਨਹੀ। ਹੀਰੇ ਜਵਾਹਰਾਤ ਛੱਡ ਕੇ ਕੌਡੀਆਂ (ਮਨਮੱਤਾਂ) ਪਿੱਛੇ ਉੱਠ ਤੁਰੇ ਜਿਨ੍ਹਾ ਦਾ ਕੋਈ ਮੁੱਲ ਨਹੀਂ ਪੈਣਾ, ਪੈਸੇ ਬਟੋਰਨ ਵਾਲੇ ਇਹ ਅਖੌਤੀ ਸਾਧ, ਸੰਤ, ਡੇਰਿਆਂ ਵਾਲੇ ਬਾਬੇ ਚਫੇਰਗੜੀਏ, ਗੰਗਾ ਗਏ ਗੰਗਾ ਦਾਸ ਯਮੁਨਾ ਗਏ ਯੁਮਨਾ ਦਾਸ ਬਣਨ ਵਾਲੇ, ਮੁਸਲਮਾਨਾਂ ਦੀਆਂ ਕਬਰਾਂ ਕੋਲ ਜਾਂਦੇ ਹੋਏ, ਹਰੇ ਚੋਲੇ ਪਾ ਲੈਂਦੇ ਨੇ। ਹਿੰਦੂਆਂ ਦੇ ਮੰਦਰਾਂ ਜਾਂਦੇ ਹੋਏ ਭਗਵੇਂ ਪਾ ਲੈਂਦੇ ਹਨ। ਆਪਣੇ ਅਸਥਾਨ ਤੇ ਵਿਹੜੇ ਜਾਂਦੇ ਨੇ, ਚਿੱਟੇ ਚਿਲਕਣੇ ਚੋਲੇ ਪਾ ਲੈਂਦੇ ਹਨ। ਆਪਣੇ ਅਸਥਾਨ ਤੇ ਚਿਮਟੇ ਧੂਣੇ "ਗੁਰੂ ਗ੍ਰੰਥ ਸਾਹਿਬ ਜੀ" ਦੀ ਹਜੂਰੀ ਵਿਚ ਹੀ ਗੱਡ ਕੇ ਸੁਆਹ ਲੋਕਾਂ ਨੂੰ ਵੰਡ ਰਹੇ ਨੇ। ਸ਼ਹੀਦਾਂ ਦੇ ਨਾਂ ਤੇ ਘਰ ਘਰ ਇਨ੍ਹਾਂ ਸਮਾਧੀਆਂ ਬਣਵਾ ਦਿੱਤੀਆਂ ਹਨ। ਗਰੀਬ ਨੂੰ ਸਿਰ ਤੇ ਬੰਨ੍ਹਣ ਲਈ 2.5 ਮੀਟਰ ਦੀ ਦਸਤਾਰ ਨਹੀ ਜੁੜਦੀ, ਪੱਥਰਾਂ ਦੇ ਬੁੱਤਾਂ ਉੱਤੇ ਇਨ੍ਹਾਂ ਨੇ 7-7 ਮੀਟਰ ਦੇ ਮੀਧੈੜ ਮਰਵਾ ਦਿੱਤੇ ਹਨ, ਪੱਗਾਂ ਦੇ।

(ਰਾਮ ਸਿੰਘ ਰੋਪੜ)

ਭਲੇ ਮਾਣੋਗੇ। ਕਿਤੇ ਆਪਾਂ ਗੁਰੂ ਦਾ ਦੱਸਿਆ ਰਸਤਾ ਤਾਂ ਨਹੀ ਭੁੱਲ ਗਏ ? ਵੇਖ ਲਵੋ ਪੁੱਠੇ ਤਾਂ ਨਹੀ ਤੁਰ ਪਏ ?

ਖਾਲਸਾ-ਪੰਥ ਦੇ ਨਿਰਮਲ ਤੇ ਸ਼੍ਰੇਸਟ-ਸਿਧਾਂਤ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਪੰਚ ਪਰਵਾਣ' (ਉਤਮ ਪੁਰਖਾਂ) ਦੀ ਸਰਦਾਰੀ ਦਾ ਸਿਧਾਂਤ ਬਖਸ਼ਿਆ ਅਤੇ ਵਿਅਕਤੀ ਪੂਜਾ ਸਮਾਪਤ ਕਰਕੇ ੧ਓ ਇਕ ਓਅੰਕਾਰ (ਅਕਾਲ ਪੁਰਖ) ਜੋ ਕਿ

॥ ਰੂਪ ਨ ਰੇਖ ਨ ਰੰਗੁ ਕਿਛੁ ਤ੍ਰਿਹ ਗੁਣ ਤੇ ਪ੍ਰਭ ਭਿੰਨ ॥ ਹੈ।

ਦੇ ਲੜ ਲਾਇਆ ਅਤੇ ਇਕੋ ਨੂੰ ਸਿਮਰਨ ਦਾ ਉਪਦੇਸ ਦ੍ਰਿੜ ਕਰਵਾਇਆ ਹੈ। ਗੁਰੂ ਨਾਨਕ ਦੇਵ ਜੀ ਦੇ 'ਪੰਚ ਪਰਵਾਣ' ਸਿਧਾਂਤ ਦਾ ਸਾਕਾਰ ਰੂਪ ਪ੍ਰਗਟ ਹੀ ਤਾਂ ਕੀਤਾ ਹੈ, ਸ੍ਰੀ ਦਸ਼ਮੇਸ਼ ਪਿਤਾ ਜੀ ਨੇ ਪੰਜ ਪਿਆਰਿਆਂ ਨੂੰ ਸਾਜਕੇ ਸਖਸੀ ਪੂਜਾ ਕੀ ਪ੍ਰਪਾਟੀ ਹਮੇਸ਼ਾਂ ਲਈ ਸਮਾਪਤ ਕਰ ਦਿਤੀ। ਸਿੱਖਾਂ ਲਈ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਪੰਥ ਹੀ ਪ੍ਰਤੱਖ ਗੁਰੂ ਹਨ। ਇਨਾਂ ਦੋਵਾਂ ਵਿਚੋਂ ਹੀ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਦੇ ਰੂਹਾਨੀ ਤੇ ਜਿਸਮਾਨੀ ਦੀਦਾਰ ਹੁੰਦੇ ਹਨ। ਪ੍ਰੰਤੂ ਅਜੋਕੇ ਸਮੇ ਵਿਚ ਜਦੋਂ ਕਿ ਸਿੱਖ ਕੌਮ ਆਪਣੇ ਸਹੀ ਗੁਰਮਤਿ ਪ੍ਰਚਾਰ ਵਿਚ ਪੱਛੜ ਗਈ। ਸਿਆਸੀ ਲੀਡਰਾਂ ਵਲੋਂ ਵੋਟਾਂ ਖਾਤਰ ਭੇਖੀਆਂ ਦੇ ਡੇਰੇ ਜਾ ਕੇ ਬੂਬਨਿਆਂ ਦੇ ਗੋਡੀ ਹੱਥ ਲਾਉਣਾ ਸੁਰੂ ਕਰ ਦਿਤਾ ਤਾਂ ਸ਼ਖਸ਼ੀ-ਪੂਜਾ (ਵਿਅਕਤੀ-ਪੂਜਾ) ਵੱਲ ਬਹੁਤਾ ਰੁਝਾਨ ਵੱਧ ਗਿਆ ਹੈ ਤਾਂ ਹੀ ਲੋਕੀਂ ਅਖੌਤੀ ਬ੍ਰਹਮ ਗਿਆਨੀ ਬਾਬਿਆਂ ਦੇ ਪੈਰੀਂ ਮੱਥੇ ਟੇਕ ਕੇ ਮਨ ਦੀਆਂ ਮੁਰਾਦਾਂ ਪੂਰੀਆਂ ਕਰਨੀਆਂ ਲੋਚਦੇ ਹਨ, ਜਿਨ੍ਹਾਂ ਕੁਰਹਿਤਾਂ ਤੋਂ ਗੁਰੂ ਸਾਹਿਬਾਂ ਨੇ ਆਪਣੇ ਸਿੱਖਾਂ ਨੂੰ ਰੋਕਿਆ ਸੀ, ਉਸੇ ਹੀ ਵਹਿਮ ਵਿੱਚ ਆਪਾਂ

ਫਿਰ ਤੋਂ ਵਹਿ ਤੁਰੇ ਹਾਂ।

ਆਪਾਂ ਗੁਰੂ ਗ੍ਰੰਥ ਤੇ ਗੁਰੂ ਪੰਥ ਦੀ ਅਗਵਾਈ ਨੂੰ ਭੁੱਲਾ ਕੇ, ਅਖੌਤੀ ਬ੍ਰਹਮ ਬੂਬਨਿਆਂ ਨੂੰ 'ਪਰਮੇਸ਼ਰ' ਦਾ ਰੂਪ ਜਾਣਨ ਤੇ ਜਣਾਉਣ ਲੱਗ ਪਏ। ਇਸ ਮਨ ਮੱਤ ਤੇ ਤਰਕ (ਬਿਬੇਕ) ਪੁਣ-ਛਾਣ; ਪਹਿਚਾਣ ਕਰਨ ਵਾਲਿਆ ਨੂੰ ਨਿੰਦਕ ਆਖ ਕੇ ਡਰਾਉਣਾ ਧਮਕਾਉਣਾ ਸੁਰੂ ਕਰ ਦਿੱਤਾ ਹੈ, ਜਿਵੇਂ ਕਿ ਪ੍ਰਾਚੀਨ ਸਮੇਂ ਵਿਚ ਬ੍ਰਾਹਮਣ ਲੋਕ ਵਹਿਮਾਂ ਦੁਆਰਾ ਡਰਾ ਦਿਆ ਕਰਦੇ ਸਨ ਤਾਂ ਕਿ ਉਹਨਾਂ ਦੀ ਕੋਈ ਕਿਸੇ ਪਾਸਿਓ ਨੁਕਤਾਚੀਨੀ ਕਰੇ ਹੀ ਨਾ, ਉਹ ਭਾਵੇਂ ਜੋ ਮਨ-ਮਾਨੀਆਂ ਕਰਦੇ ਰਹਿਣ। ਗੁਰਮਤਿ ਪਵੇ ਢੱਠੇ ਖੂਹ ਖਾਤੇ ਵਿੱਚ ਇਹਨਾਂ ਨੂੰ ਕੀ ?

ਐਸ ਵੇਲੇ ਪੂਰਾ ਤਾਣ ਲਾਇਆ ਜਾ ਰਿਹਾ ਏ ਕਿ ਸਿੱਖ ਸੰਗਤਾਂ ਨੂੰ ਗੁਰ-ਇਤਿਹਾਸਕ ਧਾਮਾਂ ਤੋਂ ਤੋੜ ਕੇ ਆਪਣੇ ਨਾਵਾਂ ਥੱਲ੍ਹੇ ਉਸਾਰੇ ਜਾ ਰਹੇ ਨਿੱਜੀ ਅਸਥਾਨਾਂ ਨਾਲ ਜੋੜ ਲਿਆ ਜਾਵੇ। ਗੁਰੂ ਸਾਹਿਬਾਨਾਂ ਨਾਲ ਸੰਬੰਧਤ ਅਸਥਾਨਾਂ ਦੀ ਜਾਣ-ਬੁੱਝ ਕੇ ਮਹਾਨਤਾ ਘਟਾਈ ਜਾ ਰਹੀ ਹੈ ਅਤੇ ਉਹਨਾਂ ਦੇ ਮੁਕਾਬਲੇ ਆਪਣੇ 'ਨਿੱਜੀ ਕੇਂਦਰ ਖੋਲ੍ਹੇ ਜਾ ਰਹੇ ਹਨ। ਓਟ ਆਸਰੇ ਲਈ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਰੱਖੇ ਹਨ। ਤਾਂ ਕਿ ਕੋਈ ਕਿੰਤੂ ਪ੍ਰੰਤੂ ਨਾ ਕਰ ਸਕੇ ਇਹੋ ਕੰਮ ਤਾਂ ਅਖੌਤੀ ਗੁਰੂ ਦੇਹਧਾਰੀ ਵੀ ਕਰ ਰਹੇ ਹਨ ਗੁਰਬਾਣੀ ਨੂੰ ਚੋਰੀ ਕਰਕੇ। ਆਮ ਗੁਰਸਿੱਖ ਵੀ ਗੁੰਮਰਾਹ ਹੋ ਜਾਂਦਾ ਹੈ ਕਿ ਉਹ ਵੀ ਤਾਂ ਗੁਰਬਾਣੀ ਨੂੰ ਮੰਨਦੇ ਹਨ। ਇਹ ਬੂਬਨੇਆਪਣੇ ਛਪਾਏ ਹੋਏ ਰੰਗ ਦਾਰ ਪੋਸਟਰ ਇਤਿਹਾਸਕ ਗੁਰਦੁਆਰਿਆ ਦੀਆਂ ਕੰਧਾਂ, ਬੋਰਡਾਂ ਜਿਹੜੇ ਕਿ ਇਸ ਵੇਲੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਨੂੰ ਵਰਤ ਕੇ ਸੰਗਤਾਂ ਨੂੰ ਗੁਰਮਤਿ ਦੇ ਸਮਾਗਮਾਂ ਦੇ ਨਾਂ ਤੇ ਵਰਗ ਲਾ ਰਹੇ ਹਨ ਸ਼੍ਰੋਮਣੀ ਕਮੇਟੀ ਸਿੱਖ ਪੰਥ ਦੀ ਇਸ ਦੁਰਦਸ਼ਾ ਲਈ ਮਹਾਨ ਦੋਸ਼ੀ ਹੈ ਤੇ ਦੋਸ਼ੀ ਅਖੌਤੀ ਜਥੇਦਾਰ ਵੀ ਹਨ ਜੋ ਮਰ ਚੁੱਕੇ ਗੱਦੀਦਾਰਾਂ ਦੀ ਥਾਂ ਕਿਸੇ ਹੋਰ ਨੂੰ ਗੱਦੀ ਦੇ ਵਾਰਿਸ ਥਾਪਣ ਲਈ ਦਸਤਾਰ ਬੰਦੀ ਕਰਦੇ ਹਨ।

ਕਿਉਂ ਜੀ। ਅਗੇ ਗੁਰਦੁਆਰੇ ਘੱਟ ਬਣੇ ਹੋਏ ਹਨ ? ਹਰ ਸੜਕ, ਹਰ ਮੋੜ ਤੇ, ਹਰ ਮੁਹੱਲੇ, ਹਰ ਜਾਤੀ ਦੇ ਨਾਵਾਂ ਭਗਤਾਂ ਦੀਆਂ ਵੰਡੀਆਂ ਪਾਉਣ ਦੇ ਨਾਤੇ, ਹਰ ਇਤਿਹਾਸਕ ਗੁਰਧਾਮਾਂ ਦੇ ਨੇੜੇ ਗੁਰਦੁਆਰੇ, ਡੇਰੇ, ਠਾਠ ਬਣਾਈ ਜਾਣ ਦਾ ਕੀ ਮੰਤਵ ਹੈ ? ਇਹ ਨਾਨਕਸਰ ਹੈ, ਰੋੜੀਸਰ ਹੈ, ਕਿੱਕਰ ਸਰ ਹੈ, ਜੰਡਸਰ, ਟਾਹਲੀਸਰ ਹੈ, ਦੌਲਤਸਰ ਹੈ, ਗਿਆਨਸਰ ਹੈ, ਇਹ ਪਿਆਰਾਸਰ ਹੈ, ਇੱਧਰ ਜਾਂ ਏਧਰ ਸਿੰਗਰਸ਼ਰ ਹੈ ਥੱਲੇ ਝਾਕੋ ਇਹ ਘੁੰਰਨਾਸਰ (ਭੋਰਾ) ਹੈ। ਇਹ ਭਰਮ ਸਰ ਹੈ, ਪਿੱਛੇ ਦੇਖੋ ਬ੍ਰਹਮਸਰ ਹੈ। ਚਾਰੇ ਪਾਸੇ ਦੇਖੋ ਤਾਂ ਸਹੀ ਸਾਰੇ ਹੀ ਲੁੱਟ-ਸਰ ਹੈ। ਸਮਝ ਤੋਂ ਪਰ੍ਹੇ ਹੈ, ਕੌਣ ਜ਼ਿੰਮੇਵਾਰ ਹੈ ?

ਦੂਜੀ ਰਹੀ ਗੱਲ ਸ਼ਬਦ ਗੁਰੂ ਦੀ, ਆਪਾਂ ਸਾਰਿਆਂ ਲਈ ਸ਼ਬਦ ਹੀ ਗੁਰੂ ਦੀ ਮੂਰਤਿ ਹੈ, ਸ਼ਬਦ ਦੇ ਪਾਠ ਦੀਦਾਰ ਕਰਨੇ ਹਨ ਤੇ ਸਰੀਰਕ ਤੌਰ ਤੇ ਗੁਰੂ ਖਾਲਸੇ ਦੇ ਦੀਦਾਰ ਤਸਵੀਰਾਂ ਦੀ ਪੂਜਾ ਕਰਨੀ ਕਿੱਧਰ ਦੀ ਗੁਰਮੁਖਤਾਈ ਏ ?

ਘਰਾਂ ਵਿੱਚ ਗੁਰੂ ਸਾਹਿਬਨਾਂ ਦੀਆਂ ਤਸਵੀਰਾਂ ਜਾਂ ਸਿੱਖ ਇਤਿਹਾਸ ਨੂੰ ਪ੍ਰਗਟ ਕਰਦੀਆਂ ਤਸਵੀਰਾਂ ਲਗਾਉਣੀਆਂ, ਚਲੋ, ਜੇਕਰ ਠੀਕ ਵੀ ਮੰਨ ਲਈਏ ਤਾਂ ਵੀ ਅਖੌਤੀ ਡੇਰੇਦਾਰ ਬੂਬਨਿਆ, ਬ੍ਰਹਮ ਗਿਆਨੀਆਂ ਭਗਵੇਂ ਪੀਲੇ, ਚਿੱਟੇ, ਕਾਲੇ ਭੇਖ ਵਾਲਿਆ ਮਨੁੱਖਾਂ ਦੀਆਂ ਫੋਟੋਆਂ ਘਰੇ ਟੰਗ ਕੇ ਅਲਮਾਰੀਆਂ ਵਿੱਚ ਸਜਾਕੇ ਉਨ੍ਹਾਂ ਅੱਗੇ ਅਰਦਾਸੇ ਕਰਨੇ, ਧੂਫਾਂ ਧੁਖਾਉਣੀਆਂ ਕੀ ਹੋਛੀ ਮੱਤ ਦੀਆਂ ਨਿਸ਼ਾਨੀਆਂ ਨਹੀ ? ਗੁਰਮਤਿ ਤਾਂ ਇਸ ਨੂੰ ਅਸੀਂ ਆਖ ਨਹੀਂ ਸਕਦੇ। ਜਿਹੜਾ ਜਿਸ ਸਗੀਰ ਦਾ ਸ਼ਰਧਾਲੂ ਉਸੇ ਦੀ ਘਰੇ ਫੋਟੋ ਟੰਗ ਲਈ, ਟੈਲੀਵਿਜਨਾਂ ਦੀ ਟਰਾਲੀ ਉਤੇ ਰੱਖ ਲਈ, ਸਿੱਖਾਂ ਦੇ ਵੇਖ ਲਵੋਂ, ਘਰ-ਘਰ ਝਾਤੀ ਮਾਰੀ ਸਾਰੇ ਕਮਰੇ ਘਰ ਵਿਚ ਕਿਸੇ ਨਾ ਕਿਸੇ ਮਨੁੱਖ ਦੀ ਫੋਟੋ, ਕੋਈ ਗੱਦਾ ਲਾਈ ਬੈਠਾ, ਹੈ ਕੋਈ ਨੈਡ, ਕੋਈ ਸੋਫਾ ਕੋਈ ਚੋਕੜਾ ਮਾਰ ਕੇ ਆਪਣੇ ਉਪਰ ਰੁਮਾਲਾ ਸਜਾਈ ਬੈਠਾ ਹੈ। ਕੋਈ ਮਾਲਾ ਫੇਰ ਰਿਹਾ ਹੈ। ਕੋਈ ਬਗਲੇ ਵਾਂਗ ਅੱਖਾਂ ਮੀਟੀ ਬੈਠਾ ਹੈ ਯਾਨੀ ਕਿ ਫਿਲਮੀ ਐਕਟਰਾਂ ਵਾਂਗ ਆਪਣੀ ਮਸ਼ਹੂਰੀ ਕਰ ਰਹੇ ਹਨ। ਗੁਰਮਤਿ ਦੀ ਸੋਝੀ ਰੱਖਣ ਵਾਲੇ ਹੀ ਇਨ੍ਹਾਂ ਤੋ ਬਚੇ ਹਨ। ਕੀ ਇੰਝ ਕਰਨ ਨਾਲ 'ਗੁਰਮਤਿ ਏਕਤਾ ਭੰਗ ਨਹੀ ਹੋਵੇਗੀ।

ਅਸੀ ਫਲਾਣਿਆਂ ਦੇ ਸ਼ਰਧਾਲੂ ਹਾਂ ਜੀ, ਅਸੀ ਢਿਮਕਾਣਿਆਂ ਦੇ, ਜੇ ਕਹੋ ਕਿ ਭਾਈ ! ਇਕ ਨੂੰ ਸਿਮਰੋ, ਤਾਂ ਜੁਆਬ ਮਿਲਦਾ ਹੈ ਅਸੀ ਤਾਂ ਇਕੋ ਬਾਬੇ ਦੇ ਡੇਰੇ ਜਾਂਦੇ ਹਨ ਹੋਰ ਦੇ ਨਹੀ, ਗੁਰੂ ਦਾ ਇਸ਼ਾਰਾ ਤਾਂ ਇਕ ਅਕਾਲ ਪੁਰਖ ਨੂੰ ਸਿਮਰਨ ਵੱਲ ਹੈ। ਇਕ ਮਨੁੱਖ ਵੱਲ ਨਹੀ।

ਮਾਨੁਖ ਕੀ ਟੇਕ ਬਿਰਥੀ ਸਭ ਜਾਨ ॥
ਦੇਵਨੁ ਕਉ ਏਕੈ ਭਗਵਾਨ,
ਮਾਨੁਖ ਕੀ ਤੂੰ ਪ੍ਰੀਤ ਤਿਆਗ ਮਾਨੁਖ ਕੈ ਕਿਛੁ ਨਾਹੀ ਹਾਥੁ ॥

ਹੋ ਕੇ ਢਿਮਕਾਣੇ ਦਾ। ਨਾ ਗੁਰੂ ਦਾ ਦਰਬਾਰ ਰਿਹਾ, ਨਾ ਗੁਰੂ ਦੇ ਸ਼ਰਧਾਲੂ। ਮੁੱਢ ਨੂੰ ਛੱਡ ਕੇ ਟਾਹਣੀਆਂ ਨੂੰ ਲੱਗੇ ਪੱਤਿਆਂ ਦੀ ਪੂਜਾ ? ਜੋ ਇਕ ਦਿਨ ਮਰਕੇ ਮਿੱਟੀ ਵਿਚ ਰੁਲਣਗੇ। ਮੂਲ ਨੂੰ ਭੁੱਲ ਗਏ। ਏਕਤਾ ਕਿਵੇਂ ਹੋਵੇ ? ਜਦ ਦ੍ਵੈਸ਼ ਭਾਵਨਾ ਦਾ ਹੀ ਬੋਲ ਬਾਲਾ ਹੋ ਗਿਆ। ਬੇਸ਼ਰਮੀ ਦੀ ਹੱਦ, ਕਲਗੀਆਂ ਲਾ-ਲਾ ਬਹਿੰਦੇ ਨੇ। ਅੰਮ੍ਰਿਤ ਛਕਾਉਣ ਵਿੱਚ ਵੀ ਮੁਕਾਬਲੇਬਾਜ਼ੀ। ਅਸੀਂ ਤਾਂ ਜੀ, ਹੁਣ ਤਕ ਸਾਢੇ ਤਿੰਨ ਲੱਖ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਚੁੱਕੇ ਹਨ ਤੇ ਐਧਰ ਅਸੀਂ ਸਾਢੇ ਚਾਰ ਲੱਖ ਨੂੰ। ਅੰਮ੍ਰਿਤ ਛਕਾਉਣ ਸਮੇ, ਨਾ ਤਾਂ ਅਨੰਦਪੁਰ ਸਾਹਿਬ ਦਾ ਵਾਸੀ ਹੋਣਾ ਦੱਸਣਾ, ਨਾ ਅਕਾਲ ਤਖਤ ਸਾਹਿਬ ਦਾ ਜ਼ਿਕਰ ਕਰਨਾ। ਬੱਸ ਇੱਕੋ ਗਲ ਦੱਸ ਦੇਣੀ। ਸ਼ਰਧਾਲੂ ਜਨੋਂ ! ਹਰ ਦਸਵੀਂ ਨੂੰ ਹਰ ਪੂਰਨਮਾਸ਼ੀ ਨੂੰ, ਹਰ ਮੱਸਿਆ ਨੂੰ ਹਰ ਸੰਗਰਾਂਦ ਨੂੰ ਹਰ ਗੁਰਪੁਰਬ ਨੂੰ ਹਰ ਬਾਬੇ ਦੀ ਬਰਸੀ ਨੂੰ ਸਾਡੇ ਡੇਰੇ ਵੱਲ ਨੂੰ ਮੂੰਹ ਚੱਕ ਕੇ ਤੁਰੇ ਰਿਹਾ ਕਰੋ। ਬਾਬਿਆ ਦਾ ਹੁਕਮ ਹੈ। ਨਾ ਧਾਰਮਿਕ ਪਿਤਾ ਦੱਸਣਾਂ ਨਾ ਧਾਰਮਿਕ ਮਾਤਾ ਦੱਸਣਾ ਕੀ ਆਪੋ ਆਪਣੀਆਂ ਵੋਟਾਂ ਤਿਆਰ ਕੀਤੀਆਂ ਜਾ ਰਹੀਆਂ ਹਨ ? ਜਾਂ ਗੁਰੂ ਪੰਥ ਨਾਲ ਜੋੜਿਆ ਜਾ ਰਿਹਾ ਏ ?

ਭਲੇ ਮਾਣਸੋ ! ਕਿਤੇ ਆਪਾਂ ਗੁਰੂ ਜੀ ਦਾ ਦੱਸਿਆ ਰਸਤਾ ਤਾਂ ਨਹੀ ਭੁੱਲ ਗਏ ? ਵੇਖ ਵੀ ਲਵੋ ਪੁੱਠੇ ਤਾਂ ਨਹੀ ਤੁਰ ਪਏ ? ਬੂਬੀਨਓ ! ਸਿੱਖ ਆਪਣੇ ਨਹੀ, ਗੁਰੂ ਜੀ ਦੇ ਬਣਾਓ । ਆਪਣੇ ਡੇਰੇ ਬੁਲਾਉਣ ਦੀ ਥਾਂ, "ਸਿੱਖੀ ਦੇ ਕੇਂਦਰ, ਸ੍ਰੀ ਹਰਿਮੰਦਰ ਸਾਹਿਬ ਅਕਾਲ ਤਖਤ ਸਾਹਿਬ, ਅੰਮ੍ਰਿਤਸਰ ਵਲ ਦਾ ਰਾਹ ਵਿਖਾਓ। ਇਸੇ ਵਿੱਚ ਹੀ ਪੰਥ ਦੀ ਚੜ੍ਹਦੀ ਕਲਾ ਦਾ ਰਾਜ ਛੁੱਪਿਆ ਹੋਇਆ ਹੈ ।

ਭਾਈ ਰਾਮ ਸਿੰਘ

ਪਿੰਡ ਮਾਜਰੀ ਡਾਕ ਸਿਆਲਬਾ, ਜ਼ਿਲਾ ਰੋਪੜ ।

ਅਖੌਤੀ ਪੀਰਾਂ, ਪੰਡਤਾਂ, ਸਾਈਆਂ ਤੇ ਬਾਬਿਆਂ ਦੇ ਵਿਛਏ ਜਾਲ ਮੀਡੀਏ ਵੱਲੋਂ ਠੱਗਾਂ ਦੀ ਇਸ਼ਤਿਹਾਰਬਾਜ਼ੀ ਕਿਉਂ ?

ਗਿਆਨੀ ਗੁਰਦਿੱਤ ਸਿੰਘ ਨੇ ਆਪਣੀ ਪੁਸਤਕ 'ਮੇਰਾ ਪਿੰਡ' ਵਿਚ ਸਾਧਾਂ ਸੰਤਾਂ ਦਾ ਜ਼ਿਕਰ ਕਰਦਿਆ ਲਿਖਿਆ ਸੀ-ਕੀਹਦੇ -ਕੀਹਦੇ ਪੈਰੀਂ ਹੱਥ ਲਾਈਏ ਸੰਤਾਂ ਦੇ ਵੱਗ ਫਿਰਦੇ। ਉਸ ਦਾ ਇਸ਼ਾਰਾ ਅਖੌਤੀ ਸੰਤਾਂ ਵੱਲ ਸੀ ਜਿਨਾਂਨੂੰ ਕਈ ਬੂਬਨੇ ਸਾਧ ਵੀ ਕਹਿੰਦੇ ਹਨ । ਹੁਣ ਤਾਂ ਉਨਾਂ ਬੂਬਨੇ ਸਾਧਾਂ ਵਿਚ ਕਈ ਤਰਾਂ ਦੇ ਪੀਰ, ਪੰਡਤ, ਜੋਗੀ, ਸਾਂਈ, ਮਾਸਟਰ ਤੇ ਬਾਬੇ ਵੀ ਸ਼ਾਮਲ ਹੋ ਗਏ ਹਨ ਜਿਨਾਂ ਨੇ ਜਨ- ਸਾਧਾਰਨ ਦੀ ਲੁੱਟਮਾਰ ਕਰਨ ਵਿਚ ਅੰਨੀ ਪਾ ਰੱਖੀ ਹੈ ।

ਮੀਡੀਆ ਅਤੇ ਝੂਠਾ ਪ੍ਰਚਾਰ

ਹੈਰਾਨੀ ਹੁੰਦੀ ਹੈ ਕਿ ਗਿਆਨ- ਵਿਗਿਆਨ ਦੀ ਇੱਕੀਵੀਂ ਸਦੀ ਵਿਚ ਵੀ ਅਗਿਆਨ ਤੇ ਅੰਧਵਿਸ਼ਵਾਸ ਦਾ ਸੌਦਾ ਵੇਚਣ ਵਾਲੀਆ ਹੱਟੀਆਂ ਦਾ ਕਾਰੋਬਾਰ ਬੜੇ ਜ਼ੋਰਾਂ-ਸ਼ੋਰਾਂ ਨਾਲ ਚੱਲੀ ਜਾ ਰਿਹਾ । ਉਨਾਂ ਦੇ ਨੰਗੇ - ਚਿੱਟੇ ਝੂਠ-ਪ੍ਰਚਾਰ ਨੂੰ ਵੇਖ ਕੇ ਸੂਝਵਾਨ ਬੰਦਿਆਂ ਨੂੰ ਅਲਕਤ ਆਉਦੀ ਹੈ । ਉਨਾਂ ਲੁਟੇਰਿਆਂ ਦੀ ਕੋਈ ਰੋਕ ਨਹੀ ਕੋਈ ਟੋਕ ਨਹੀ। ਉਹ ਨਾਵਾਂ ਦਿੰਦੇ ਹਨ ਅਤੇ ਰੇਡੀਓ, ਟੈਲੀਵੀਜ਼ਨ, ਇੰਟਰਨੈੱਟ ਤੇ ਅਖ਼ਬਾਰਾਂ ਰਾਹੀ ਸ਼ਰੇਆਮ ਇਸ਼ਤਿਹਾਰਬਾਜ਼ੀ ਕਰਦੇ ਹਨ । ਕਈ ਮੀਡੀਆਂ ਵਾਲੇ ਵੀ ਚੁੰਗੀ ਲੈ ਕੇ ਉਨਾਂ ਦੇ ਗਲਤ ਪ੍ਰਚਾਰ ਵਿਚ ਸਹਾਇਕ ਬਣ ਜਾਦੇ ਹਨ। ਉਨਾਂ ਦੇ ਇਸ਼ਤਿਹਾਰਾਂ ਦੀ ਭਾਸ਼ਾਂ ਅਜਿਹੀ ਲੁਭਾਉਣੀ ਹੁੰਦੀ ਹੈ ਕਿ ਆਮ ਬੰਦਾ ਆਸਾਨੀ ਨਾਲ ਹੀ ਭਰਮਾਇਆ ਤੇ ਠੱਗਿਆਂ ਜਾਦਾ ਹੈ ।

ਪਾਖੰਡੀਆਂ ਦੇ ਦਾਅਵੇ

ਇਕ 'ਬਾਬਾ' ਐਲਾਨ ਕਰਦਾ ਹੈ ਕਿ ਸਿਰਫ ਇਕ ਰਾਤ ਅਮਲ ਕਰਨ ਨਾਲ, ਆਪਣੇ ਦੁਸ਼ਮਣਾਂ ਦੇ ਕੀਤੇ ਹੋਏ ਜਾਦੂ-ਟੂਣੇ, ਆਪਣੀਆਂ ਅੱਖਾਂ ਨਾਲ ਖ਼ੁਦ ਦੇਖੋ। ਆਪਣੀ ਹਰ ਖਾਹਿਸ਼ ਪੂਰੀ ਕਰੋ ਤੇ ਖੁਸ਼ੀਆਂ ਮਨਾਓ । ਮੇਰਾ ਸਭ ਨੂੰ ਚੈਲਿੰਜ ਹੈ। ਇਕ ਵਾਰ ਅਜਮਾਓ । ਤੁਹਾਡੀਆਂ ਸਾਰੀਆਂ ਪ੍ਰੇਸ਼ਾਨੀਆਂ, ਜਿਵੇਂ ਪੱਥਰ ਦਿਲ ਇਨਸਾਨ ਨੂੰ ਆਪਣੇ ਕਬਜ਼ੇ 'ਚ ਕਰਨਾ, ਮਨਪਸੰਦ ਦੀ ਵਿਆਹ ਸ਼ਾਦੀ, ਕਾਰੋਬਾਰ

ਦੀਆ ਮੁਸ਼ਕਲਾਂ, ਗੱਲ ਕੀ ਹਜ਼ਾਰਾਂ ਪ੍ਰੇਸ਼ਾਨੀਆਂ ਦੂਰ ਕਰਨ ਵਾਲਾ ਕਰਾਮਾਤੀ ਤਾਵੀਤ ਹਾਸਲ ਕਰੋ। ਤੁਹਾਡੇ ਤਮਾਮ ਦੁੱਖ ਅਤੇ ਪ੍ਰੇਸ਼ਾਨੀਆਂ ਤਿੰਨ ਦਿਨਾਂ ਵਿਚ ਹੀ ਖ਼ਤਮ ਹੋ ਜਾਣਗੀਆਂ। ਨਾਲ ਲਿਖਿਆ ਹੁੰਦਾ ਹੈ ਕਿ ਤੁਹਾਡਾ ਪਤਾ ਟਿਕਾਣਾ ਸਭ ਕੁਝ ਗੁਪਤ ਰੱਖਿਆ ਜਾਵੇਗਾ ਅਤੇ ਸਾਡੇ ਕੰਮ ਦੀ ਪੂਰੀ ਗਰੰਟੀ ਹੈ।

ਅਜਿਹੇ ਗਰੰਟੀਸ਼ੁਦਾ ਬਾਬੇ ਤੋਂ ਫਿਰ 'ਕੱਲੇ ਦੁਕੱਲੇ ਨੂੰ ਗਰੰਟੀ ਲੈਣ ਦੀ ਥਾਂ ਯੂ. ਐਨ. ਓ. ਨੂੰ ਹੀ ਸਾਰੀ ਦੁਨੀਆ ਦੇ ਦੁੱਖ-ਦਰਦ ਤਿੰਨਾਂ ਦਿਨਾਂ ਵਿਚ ਦੂਰ ਕਰਨ ਦੀ ਗਰੰਟੀ ਲੈ ਲੈਣੀ ਚਾਹੀਦੀ ਹੈ। ਇਕ 'ਪੰਡਿਤ' ਬਾਬੇ ਨੂੰ ਵੀ ਮਾਤ ਪਾਉਂਦਾ ਦਾਅਵਾ ਕਰਦਾ ਹੈ ਕਿ 1952 ਤੋਂ ਲੈ ਕੇ ਹੁਣ ਤੱਕ ਉਹਦਾ ਕੋਈ ਮੁਕਾਬਲਾ ਹੀ ਨਹੀ। ਉਹ ਸਿਰਫ਼ 72 ਘੰਟਿਆਂ ਵਿਚ ਕਾਲੇ ਜਾਦੂ, ਟੂਣੇ ਜਾਂ ਕਰੇ-ਕਰਾਏ ਦਾ ਮੁਕੰਮਲ ਖ਼ਾਤਮਾ ਕਰਦਾ ਹੈ। ਉਹਦਾ ਪ੍ਰਚਾਰ ਹੈ ਕਿ ਜੇਕਰ ਕਿਸੇ ਨੇ ਤੁਹਾਡੇ ਜਾਂ ਤੁਹਾਡੇ ਘਰ ਵਾਲੀਆਂ ਉਤੇ ਕਿਸੇ ਕਿਸਮ ਦਾ ਧਾਗਾ ਤਵੀਤ ਕਰ ਦਿੱਤਾ ਹੈ ਤਾਂ ਪੰਡਿਤ ਜੀ ਸੌ ਫੀਸਦੀ ਗਰੰਟੀ ਨਾਲ ਇਸ ਦਾ ਮੁਕੰਮਲ 'ਤੋੜ' ਸਿਰਫ਼ 72 ਘੰਟਿਆਂ ਵਿਚ ਕਰ ਦੇਣਗੇ। ਪੰਡਿਤ ਜੀ ਇਸ ਕੀਤੇ-ਕਰਾਏ ਦੀ ਪਲਟ, ਕਾਲੀ ਕਰਤੂਤ ਕਰਨ ਵਾਲੇ ਉਤੇ ਵਾਪਸ ਕਰ ਦੇਣਗੇ। ਜਿਹੜੇ ਭੈਣ-ਭਰਾ ਕਿਸੇ ਕਾਰਨ ਆਪ ਨਹੀਂ ਆ ਸਕਦੇ, ਉਹ ਫੋਨ ਜਾਂ ਚਿੱਠੀ ਪੱਤਰ ਰਾਹੀ ਗੁਪਤ ਤਰੀਕੇ ਨਾਲ ਘਰ ਬੈਠਿਆਂ ਆਪਣੇ ਸਾਰੇ ਦੁੱਖ ਹੇਮਸ਼ਾਂ ਲਈ ਦੂਰ ਕਰਵਾ ਸਕਦੇ ਹਨ।

ਭਰਮਾਉਣ ਦੇ ਤਰੀਕੇ

ਜਿਹੜੇ ਪਹਿਲਾਂ ਹੀ ਕਿਸੇ 'ਸਿਆਣੇ' ਤੋਂ ਉੱਨ ਲੁਹਾਈ ਬੈਠੇ ਹੋਣ ਉਨਾਂ ਨੂੰ ਭਰਮਾਉਣ ਲਈ ਲਿਖਿਆ ਹੰਦਾ ਹੈ, ਜੇਕਰ ਤੁਹਾਡਾ ਕੰਮ ਕਿਸੇ ਹੋਰ ਕੋਲੋਂ ਨਹੀ ਹੋ ਸਕਿਆ ਜਾਂ ਅਧੂਰਾ ਰਹਿ ਗਿਆ ਹੈ ਤੇ ਤੁਸੀ ਹਿੰਮਤ ਹਾਰ ਕੇ ਢੇਰੀ ਢਾਹ ਬੈਠੇ ਹੋ ਤਾਂ ਪੰਡਿਤ ਜੀ ਥੋੜੇ ਦਿਨਾਂ ਵਿਚ ਹੀ ਤੁਹਾਡੀਆਂ ਸਾਰੀਆਂ ਮਨੋਕਾਮਨਾਵਾਂ ਪੂਰੀਆਂ ਕਰ ਦੇਣਗੇ। ਕੋਈ 'ਪੀਰ' ਫ਼ਰਮਾਉਂਦਾ ਹੈ ਕਿ ਹੁਣ ਚਿੰਤਾ ਕਰਨ ਦੀ ਲੋੜ ਨਹੀ, 'ਮੈਨੂੰ ਆਪਣੀਆਂ ਚਿੰਤਾਂਵਾਂ ਸਦਾ ਲਈ ਖ਼ਤਮ ਕਰਨ ਦਾ ਮੌਕਾ ਦਿਓ।

ਉਹ ਸਵਾਲ ਕਰਦਾ ਹੈ, ਕੀ ਤੁਹਾਡਾ ਪਤੀ-ਪਤਨੀ ਦਾ ਕੋਈ ਘਰੇਲੂ ਝਗੜਾ ਹੈ ? ਕੀ ਤੁਹਾਡਾ ਪਿਆਰਾ ਕਿਸੇ ਕਾਰਨ ਤੁਹਾਥੋਂ ਵਿਛੜ ਗਿਆ ਹੈ? ਕੀ ਤੁਸੀ ਆਪਣੀ ਮਰਜ਼ੀ ਨਾਲ ਵਿਆਹ ਕਰਵਾਉਣਾ ਚਾਹੁੰਦੇ ਹੋ? ਕੀ ਤੁਸੀ ਆਪਣਾ ਕਹਿਣਾ ਨਾ ਮੰਨਣ ਵਾਲੇ ਬੱਚਿਆਂ ਜਾਂ ਘਰੋਂ ਦੌੜ ਗਏ ਬੱਚਿਆਂ ਦਾ ਹੱਲ ਚਾਹੁੰਦੇ ਹੋ? ਕੀ ਤੁਹਾਡੇ ਬਿਜ਼ਨਸ'ਚ ਔਕੜਾਂ ਹਨ? ਕੀ ਤੁਹਾਡੇ ਜਾਂ ਪਰਿਵਾਰ ਦੇ ਕਿਸੇ ਮੈਂਬਰ'ਤੇ ਕਾਲਾ ਜਾਦੂ ਕੀਤਾ ਹੋਇਆ ਹੈ ਤੇ ਤੁਸੀ ਉਸ ਤੋਂ 48 ਘੰਟਿਆਂ ਵਿਚ ਹੀ ਛੁਟਕਾਰਾ ਪਾਉਣਾ ਚਾਹੁੰਦੇ ਹੋ ? ਯਕੀਨ ਬੰਨ੍ਹਾਉਣ ਲਈ ਉਹ ਪ੍ਰਚਾਰਦਾ ਹੈ ਕਿ ਇਸ ਸਮੇਂ ਹਜ਼ਾਰਾਂ ਹੀ ਦੁਖੀ ਭੈਣ- ਭਰਾ ਪੀਰ ਦੀਆ ਦੁਆਵਾਂ ਅਤੇ ਜਾਦੂ ਦਾ ਅਸਰ ਕਰਨ ਵਾਲੇ ਤਾਵੀਜ਼ ਨਾਲ ਖੁਸ਼ੀ ਖੁਸ਼ੀ ਵਧੀਆ ਜੀਵਨ ਬਤੀਤ ਕਰ ਰਹੇ ਹਨ।

ਭਲਾ ਖੁਸ਼ ਜੀਵਨ ਬਤੀਤ ਕਰਨ ਦਾ ਲਾਲਚ ਕੀਹਨੂੰ ਨਹੀ ਹੁੰਦਾ ? ਸੋ ਸਿੱਧੇ-ਸਾਦੇ ਲੋਕ ਉਨਾਂ ਦੀ ਲੁੱਟ ਦਾ ਮਾਲ ਬਣੀ ਜਾਦੇ ਹਨ। ਇਕ 'ਬਾਬਾ'ਇਸ਼ਤਿਹਾਰ ਦਿੰਦਾ ਹੈ -ਧੋਖੇ ਤੋਂ ਬਚੋ ਅਤੇ ਬਾਬਾ ਜੀ ਦੀ ਦੁਵਾਈ ਲਵੋ। ਉਹ ਮੁੰਡਾ ਹੋਣ ਦਾ ਨੁਸਖਾ ਦੱਸਦਿਆਂ ਕਹਿੰਦਾ ਹੈ ਕਿ ਕੁੱਖ ਵਿਚ ਪਲ ਰਿਹਾ ਬੱਚਾ ਮੁੰਡਾ ਬਣ ਜਾਣ ਦੇ ਉਪਾਅ ਬਾਬਾ ਜੀ ਕੋਲੋਂ ਕਰਾਓ। ਇਥੇ ਹੀ ਬੱਸ ਨਹੀ ਉਹ ਕਿਸੇ ਵੀ ਲੜਾਈ ਕਲੇਸ਼ ਨੂੰ ਹਮੇਸ਼ਾ ਲਈ ਖ਼ਤਮ ਕਰਨ ਦਾ ਨੁਸਖ਼ਾ ਦਿੰਦਾ ਹੈ। ਭਾਰਤ ਤੇ ਪਾਕਿਸਤਾਨ ਦੇ ਰਹਿਬਰਾਂ ਨੂੰ ਉਸ ਬਾਬੇ ਦਾ ਨੁਸਖ਼ਾਂ ਲੈ ਲੈਣਾ ਚਾਹੀਦਾ ਹੈ। ਹੋ ਸਕਦੇ ਬਾਬਾ ਘਰ ਦਾ ਹੋਣ ਕਰ ਕੇ ਫੀਸ ਵੀ ਘੱਟ ਲਵੇ।

ਜਿਹੜੇ ਤਾਂਤਰਿਕ ਕੁਝ ਤਿੱਖੇ ਹਨ ਉਹ ਆਪਣਾ ਪ੍ਰਚਾਰ 'ਪ੍ਰਤੱਖ ਨੂੰ ਪ੍ਰਮਾਣ ਦੀ ਕੋਈ ਲੋੜ ਨਹੀ ਕਹਿ ਕੇ ਕਰਦੇ ਹਨ। ਉਹ ਕਹਾਣੀ ਲਿਖਦੇ ਹਨ ਕਿ ਕੈਲੀਫੋਰਨੀਆ 'ਚ ਕੰਮ ਕਰਦੇ ਪਤੀ-ਪਤਨੀ ਵਿਚ ਏਨੀ ਤ੍ਰੇੜ ਪੈ ਗਈ ਸੀ ਕਿ ਮੁੜ ਇਕੱਠੇ ਹੋਣ ਦੀ ਕੋਈ ਗੱਲ ਨਜ਼ਰ ਨਹੀ ਸੀ ਆ ਰਹੀ। ਪਰ 'ਮਾਸਟਰ' ਜੀ ਦੀ ਕਿਰਪਾ ਨਾਲ ਤ੍ਰੇੜ ਮਿਟ ਗਈ ਤੇ ਪਰਿਵਾਰ ਖੇਰੂੰ ਖੇਰੂੰ ਹੋਣੋਂ ਬਚ ਗਿਆ। ਹੁਣ ਉਹ ਮਾਸਟਰ ਇਸ਼ਤਿਹਾਰ ਦਿੰਦਾ ਹੈ ਕਿ ਜਿਨ੍ਹਾਂ ਦੇ ਘਰ ਤ੍ਰੇੜ ਪਈ ਹੋਵੇ ਉਥੇ ਉਹ ਰੱਬ ਬਣ ਕੇ ਬਹੁੜ ਸਕਦਾ ਹੈ।

ਕੋਈ 'ਯੋਗੀ' ਪੁੱਤਰ ਦੀ ਦਾਤ ਦਿੰਦਾ ਹੈ। ਇਸ਼ਤਿਹਾਰ ਵਿਚ ਲਿਖਿਆ ਹੁੰਦਾ ਹੈ ਕਿ ਯੋਗੀ ਦਾ ਰੂਹਾਨੀ ਤਾਕਤਾਂ ਅਤੇ ਸ਼ਕਤੀਆਂ ਨਾਲ ਸੰਪਰਕ ਹੈ। ਇਹ ਸ਼ਕਤੀਆਂ ਦੁਨੀਆ ਭਰ ਦੇ ਕਰੋੜਾਂ ਲੋਕਾਂ ਦੇ ਦੁੱਖ ਦੂਰ ਕਰਨ ਵਿਚ ਮਦਦ ਕਰ ਚੁੱਕੀਆਂ ਹਨ। ਉਹ ਲੋਕ ਯੋਗੀ ਜੀ ਦੀ ਸਲਾਹ ਦੇ ਬਗੈਰ ਇਕ ਕਦਮ ਵੀ ਨਹੀ ਚਲਦੇ ਅਤੇ ਸਫਲਤਾ ਉਨਾਂ ਦੇ ਕਦਮ ਚੁੰਮਦੀ ਹੈ।

ਯੋਗੀ ਜੀ ਨੂੰ ਬੇਨਤੀ ਹੈ ਕਿ ਕਰੋੜਾਂ ਲੋਕ ਤਾਂ ਉਨਾਂ ਨੇ ਤਾਰ ਹੀ ਦਿੱਤੇ ਹਨ, ਤਾਂਤਰਿਕ ਸ਼ਕਤੀਆਂ ਨੂੰ ਥੋੜਾ ਜਿਹਾ ਕਸ਼ਟ ਹੋਰ ਦੇ ਲੈਣ ਤੇ ਧਰਤੀ'ਤੇ ਵਸਦੇ ਬਾਕੀ ਕਰੋੜਾਂ ਲੋਕਾਂ ਦਾ ਵੀ ਕਲਿਆਣ ਕਰ ਦੇਣ। ਫਿਰ ਤਾਂ ਯੋਗੀ ਜੀ ਲਈ ਨੋਬਲ ਪ੍ਰਾਈਜ਼ ਵੀ ਵੱਟ' ਤੇ ਪਿਆ ਹੈ। ਇਕ 'ਸਿਆਣਾ' ਦੁਖੀ ਤੇ ਪ੍ਰੇਸ਼ਾਨ ਭੈਣਾ-ਭਰਾਵਾਂ ਲਈ ਖੁਸ਼ਖ਼ਬਰੀ ਦਿੰਦਿਆਂ ਦਸ ਹਜ਼ਾਰ ਡਾਲਰ ਦੇ ਨਕਦ ਇਨਾਮ ਜਿੱਤਣ ਦਾ ਐਲਾਨ ਕਰਦਾ ਹੈ। ਪਰ ਸ਼ਰਤ ਅਜਿਹੀ ਹੈ ਕਿ ਕੋਈ ਇਨਾਮ ਜਿੱਤ ਹੀ ਨਹੀ ਸਕਦਾ। ਕਹਿੰਦਾ ਹੈ ਕਿ ਕੋਈ ਮਾਈ ਦਾ ਲਾਲ ਇਹ ਸਾਬਤ ਕਰ ਕੇ ਵਿਖਾਵੇ ਕਿ ਉਹਦਾ ਸਬਜੈਕਟ ਕਿਸੇ ਧਰਮ, ਜਾਤ, ਮੱਨੁਖ ਜਾਂ ਕਿਸੇ ਸ਼ਹਿਰ ਦੇ ਖ਼ਿਲਾਫ਼ ਹੈ। ਉਹ ਕਹਿੰਦਾ ਹੈ ਕਿ ਉਹਦੇ ਕੋਲ ਛੇਤੀ ਤੇ ਤੇਜ਼ ਅਸਰ ਕਰਨ ਵਾਲੀ ਦੁਨੀਆਂ ਦੀ ਮਸ਼ਹੂਰ ਗਿੱਦੜਸਿੰਗੀ ਹੈ। ਜਿਹੜੀ ਚੌਵੀ ਘੰਟਿਆਂ ਵਿਚ ਹੀ। ਸਾਰੇ ਦੁੱਖ ਦੂਰ ਕਰ ਦਿੰਦੀ ਹੈ। ਉਹਦੇ ਨਾਲ ਦੁਨੀਆਂ ਦੀ ਹਰ ਸ਼ੈਅ ਪ੍ਰਾਪਤ ਕੀਤੀ ਜਾਂ ਸਕਦੀ ਹੈ।

ਕੋਈ 'ਸ਼ਾਹ' ਮੂੰਹੋਂ ਬੋਲਦੇ ਜਾਦੂ ਦਾ ਕ੍ਰਿਸ਼ਮਾ ਵ੍ਰਿਖਾਉਂਦਾ ਸਾਰੇ ਜਾਦੂਗਰਾਂ

ਨੂੰ ਚਣੌਤੀ ਦਿੰਦਾ ਹੈ ਕਿ ਜੇ ਮੇਰੇ ਕੀਤੇ ਕੰਮ ਉਤੇ ਕੋਈ ਜਾਦੂਗਰ ਜਾਂ ਜੋਤਸ਼ੀ ਦੁਬਾਰਾ ਆਪਣਾ ਜਾਦੂ ਕਰਨ ਦੀ ਕੋਸ਼ਿਸ਼ ਕਰੇ ਤਾਂ ਉਹਨੂੰ ਪੰਜ ਹਜ਼ਾਰ ਪੌਂਡ ਇਨਾਮ ਦਿੱਤਾ ਜਾਵੇਗਾ। ਉਸ ਦਾ ਇਸ਼ਤਿਹਾਰੀ ਦਾਅਵਾ ਹੈ ਕਿ ਹਲ ਪ੍ਰੇਸ਼ਾਨੀ ਦੇ ਹੱਲ ਲਈ ਅੱਜ ਹੀ ਸ਼ਾਹ ਨਾਲ ਸੰਪਰਕ ਕਰੋ। ਹਰ ਸਫ਼ਲਤਾ ਤੁਹਾਡੇ ਕਦਮ ਚੁੰਮੇਗੀ। ਹਰ ਕੰਮ ਸੌ ਫੀਸਦੀ ਗਰੰਟੀ ਨਾਲ ਕੀਤਾ ਜਾਦਾ ਹੈ।

ਠੱਗੇ ਜਾਂਦੇ ਹਨ ਲੋਕ

ਅਜਿਹੀਆਂ ਮਸ਼ਹੂਰੀਆਂ ਦਾ ਕੋਈ ਅੰਤ ਨਹੀ। ਭਾਰਤ ਦੇ ਅਖ਼ਬਾਰਾਂ ਵਿਚ ਮੈਨੂੰ ਅਜਿਹੇ ਇਸ਼ਤਿਹਾਰ ਪੜ੍ਹਨ ਨੂੰ ਨਹੀ ਸਨ ਮਿਲੇ ਜਾਂ ਇਉ ਸਮਝ ਲਓ ਕਿ ਜਿਹੜੇ ਅਖ਼ਬਾਰ ਮੈਂ ਪੜ੍ਹਦਾ ਸਾਂ ਉਨਾਂ' ਚ ਇਹੋ ਜਿਹੀ ਸੱਮਗਰੀ ਨਹੀ ਸੀ ਛਪਦੀ। ਪਰ ਇਧਰ ਕੈਨੇਡਾ ਅਮਰੀਕਾ ਤੇ ਇੰਗਲੈਂਡ ਦੇ ਕੁਝ ਅਖ਼ਬਾਰਾਂ ਤੇ ਰਸਾਲਿਆਂ ਵਿਚ ਇਸ਼ਤਿਹਾਰ ਰੂਪ' ਬੜਾ ਗੁਮਰਾਹਕੁਨ ਮਸਾਲਾ ਛਪ ਰਿਹੈ। ਇਹ ਮਸਾਲਾ ਕਈਆਂ ਦੀ ਲੁੱਟ ਦਾ ਕਾਰਨ ਬਣ ਰਿਹਾ। ਵਿਚਾਰੇ ਭੋਲੇ ਭਾਲੇ ਲੋਕ ਠੱਗੇ ਜਾ ਰਹੇ ਹਨ ਜਿਨ੍ਹਾਂ ਨੂੰ ਸੁਚੇਤ ਕਰਨਾ ਮੀਡੀਏ ਦਾ ਫ਼ਰਜ ਹੈ ਦੁੱਖ ਤੇ ਸੁਖ ਕੁਦਰਤ ਦੀ ਦੇਣ ਹਨ। ਸ਼ਾਇਦ ਹੀ ਕੋਈ ਮਨੁੱਖ ਹੋਵੇ ਜੀਹਨੂੰ ਕਦੇ ਨਿੱਕੇ ਵੱਡੇ ਦੁੱਖ ਨਿੱਕੇ ਵੱਡੇ ਦੁੱਖ ਦਾ ਸਾਹਮਣਾ ਨਾ ਕਰਨਾ ਪਿਆ ਹੋਵੇ। ਜੀਊਂਦੇ ਜਾਗਦੇ ਬੰਦੇ ਦੁੱਖਾ ਦਾ ਕਾਰਨ ਲੱਭਦੇ ਹਨ ਅਤੇ ਸੂਝ ਸਿਆਣਪ ਤੇ ਹਿੰਮਤ ਨਾਲ ਦੁੱਖਾਂ ਨੂੰ ਦੂਰ ਕਰਦੇ ਹਨ। ਜਿਹੜੇ ਦੁੱਖਾ ਦਾ ਕਾਰਨ ਖੋਜਣ ਦੀ ਥਾਂ ਨਿਸਲ ਹੋਏ ਐਵੇ ਅੱਕੀ ਪਲਾਈ ਹੱਥ ਮਾਰਦੇ ਹਨ ਉਹ ਅਖੌਤੀ ਪੀਰਾਂ-ਪੰਡਿਤਾਂ ਤੇ ਯੋਗੀ- ਬਾਬਿਆ ਦੇ ਜਾਲਾਂ ਵਿਚ ਫਸ ਜਾਦੇ ਹਨ। ਤਵੀਤਾਂ ਤੇ ਗਿੱਦੜਸਿੰਗੀਆਂ 'ਚ ਕੋਈ ਕਰਾਮਾਤ ਹੁੰਦੀ ਤਾਂ ਦੁਨੀਆਂ ਕਦੋਂ ਦੀ ਤਰ ਗਈ ਹੁੰਦੀ।

ਤਰਕਸ਼ੀਲਤਾ ਚੁਣੌਤੀ

ਤਰਕਸ਼ੀਲ ਸੁਸਾਇਟੀ ਵੱਲੋਂ ਐਲਾਨ ਕੀਤਾ ਗਿਆ ਹੈ ਕਿ ਜੇ ਕੋਈ ਗ਼ੈਬੀ ਸ਼ਕਤੀ ਜਾਂ ਚਮਤਕਾਰ ਸੱਚਮੁੱਚ ਹੀ ਸਹੀ ਸਿੱਧ ਕਰ ਦੇਵੇ ਤਾਂ ਸੁਸਾਇਟੀ ਉਸ ਨੂੰ ਵੀਹ ਲੱਖ ਰੁਪਏ ਦਾ ਇਨਾਮ ਦੇਵੇਗੀ। ਕਵੀਸ਼ਰ ਕਰਨੈਲ ਸਿੰਘ ਰਾਮੂਵਾਲੀਏ ਨੇ ਕਿਹਾ ਹੈ ਕਿ ਜੇ ਕੋਈ ਦੇਵ ਪੁਰਸ਼ ਕਹਾਉਦਾ ਵਿਅਕਤੀ ਬਿਨਾਂ ਕਿਸੇ ਯੰਤਰ ਦੇ ਕਾਰ ਦੀ ਹਵਾ ਕੱਢ ਦੇਵੇ ਤੇ ਦੁਬਾਰਾ ਭਰ ਦੇਵੇ ਤਾਂ ਉਹ ਆਪਣੀ ਵੀਹ ਲੱਖ ਤੋਂ ਉਪਰ ਦੀ ਜਾਇਦਾਦ ਹੀ ਉਸ ਦੇ ਨਾਂਅ ਕਰਾ ਦੇਵੇਗਾ। ਤਰਕਸ਼ੀਲ ਸੁਸਾਇਟੀ ਆਫ਼ ਕੈਨੇਡਾ ਦੀ ਟੋਰਾਂਟੋ ਇਕਾਈ ਨੇ ਗ਼ੈਬੀ ਸ਼ਕਤੀਆਂ ਦੇ ਬਲਵਾਨਾਂ ਨੂੰ ਤੇਈ ਸ਼ਰਤਾਂ 'ਚੋਂ ਕੋਈ ਇਕ ਸ਼ਰਤ ਪੂਰੀ ਕਰਨ ਉਤੇ ਹੀ ਲੱਖ ਡਾਲਰ ਇਨਾਮ ਜਿੱਤਣ ਦੀ ਚਣੌਤੀ ਦਿੱਤੀ ਹੈ।

ਉਨ੍ਹਾਂ ਸ਼ਰਤਾਂ ਵਿਚ ਸੀਲਬੰਦ ਕਰੰਸੀ ਨੋਟ ਦਾ ਨੰਬਰ ਪੜ੍ਹਨਾ, ਕਰੰਸੀ ਨੋਟ ਦੀ ਠੀਕ ਨਕਲ ਪੈਦਾ ਕਰਨੀ, ਹਵਾ ਵਿਚੋਂ ਮੰਗੀ ਚੀਜ਼ ਪੈਦਾ ਕਰਨਾ, ਹਵਾ ਵਿਚ

ਉਡਣਾਂ ਜਾਂ ਪਾਣੀ ਉਤੇ ਪੈਦਲ ਤੁਰਨਾ, ਬਲਦੀ ਅੱਗ 'ਚ ਬਿਨਾਂ ਸੜੇ ਅੱਧਾ ਮਿੰਟ ਖੜ੍ਹਨਾ, ਦਸ ਮਿੰਟ ਨਬਜ਼ ਰੋਕਣੀ ਜਾਂ ਵੀਹ ਮਿੰਟ ਸਾਹ ਰੋਕਣਾ, ਘਰਾਂ 'ਚ ਇੱਟਾਂ ਰੋੜੇ ਜਾਂ ਅੱਗਾਂ ਲੱਗਣ ਦੀਆਂ ਘਟਨਾਵਾਂ ਵਿਚ ਗ਼ੈਬੀ ਸ਼ਕਤੀਆਂ ਦਾ ਹੱਥ ਸਾਬਤ ਕਰਨਾ ਆਦਿ ਸ਼ਾਮਲ ਹਨ ।

ਜੇ ਕਿਸੇ ਕਥਿਤ ਪੀਰ, ਪੰਡਤ, ਸਾਂਈਂ, ਯੋਗੀ, ਸਿਆਣੇ, ਸ਼ਾਹ, ਤਾਂਤਰਿਕ ਬਾਬੇ ਜਾਂ ਕਿਸੇ ਅਖੌਤੀ ਦੇਵ ਪੁਰਸ਼ ਵਿਚ ਕੋਈ ਕਰਾਮਾਤੀ ਸ਼ਕਤੀ ਹੈ ਤਾਂ ਉਹ ਤਰਕਸ਼ੀਲਾਂ ਦੇ ਚੈਲੰਜ ਨੂੰ ਕਬੂਲ ਕਰੇ । ਨਹੀਂ ਤਾਂ ਕਾਹਦੇ ਲਈ ਝੂਠਾ ਪ੍ਰਚਾਰ ਕਰਦੇ ਕਰਾਉਂਦੇ ਹਨ ? ਤੇ ਜਨ ਸਾਧਾਰਨ ਵੀ ਅੱਖਾਂ ਖੋਲ੍ਹਣ ਕਿ ਉਨ੍ਹਾਂ ਨੇ ਕਿਉਂ ਲੁੱਟੇ-ਪੁੱਟੇ ਜਾਣ ਦੀ ਸਹੁੰ ਖਾ ਰੱਖੀ ਹੈ ? ਮੀਡੀਆਕਾਰਾਂ ਨੂੰ ਵੀ ਚਾਹੀਦੇ ਕਿ ਆਮ ਲੋਕਾਂ ਨੂੰ ਲੁਟੇਰਿਆਂ ਤੋਂ ਬਚਣ ਲਈ ਸਾਵਧਾਨ ਕਰਨ ਨਾ ਕਿ ਉਨ੍ਹਾਂ ਦੇ ਪ੍ਰਚਾਰ ਵਿਚ ਸਹਾਇਕ ਬਣਨ ਜਾਂ ਉਹ ਲੋਕਾਂ ਨੂੰ ਦੱਸਣ ਕਿ ਠੱਗਾਂ ਦੀ ਇਸ਼ਤਿਹਾਰਬਾਜ਼ੀ ਕਰਨ ਵਿਚ ਉਨ੍ਹਾਂ ਦੀ ਕੀ ਮਜਬੂਰੀ ਹੈ ।

ਝੂਠੁ ਨ ਬੋਲਿ ਪਾਂਡੇ ਸਚੁ ਕਹੀਐ...

ਗੁਰਸ਼ਰਨ ਸਿੰਘ ਕਸੇਲ ਕਨੇਡਾ

ਕਾਫੀ ਸਾਲਾਂ ਤੋਂ ਇਕ ਅਖਬਾਰ ਵਿਚ ਅਜਿਹੇ ਜੋਤਸ਼ੀਆਂ ਦੀਆਂ ਪੂਰੇ ਪੂਰੇ ਸਫ਼ੇ ਦੀਆਂ ਮਸ਼ਹੂਰੀਆਂ ਵੇਖਦਾ ਆ ਰਿਹਾ ਹਾਂ, ਜਿੰਨ੍ਹਾਂ ਵਿਚ ਲਿਖਿਆ ਹੁੰਦਾ ਹੈ ਕਿ ਜ਼ਿੰਦਗੀ ਦੀ ਹਰ ਖੁਸ਼ੀ ਕੁਝ ਹੀ ਦਿਨਾਂ ਵਿਚ ਪੂਰੀ ਹੋਵੇਗੀ ਤੇ ਸਿਰ ਪਈ ਮੁਸੀਬਤ ਇਕ ਹੀ ਰਾਤ ਵਿਚ ਖਤਮ ਹੋ ਜਾਵੇਗੀ ਆਦਿ। 'ਸਾਮੀਆਂ ਨੂੰ ਫਸਾਉਣ ਲਈ ਹੋਰ ਵੀ ਬਹੁਤ ਸਾਰੇ ਸਬਜ਼ਬਾਗ ਵਿਖਾਏ ਹੁੰਦੇ ਹਨ। ਪਿਛਲੇ ਦਿਨੀਂ ਇੰਟਰਨੈੱਟ ਰਾਹੀਂ ਪੰਜਾਬ ਤੋਂ ਛਪਣ ਵਾਲੀ ਇਕ ਅਖਬਾਰ ਪੜ੍ਹ ਰਿਹਾ ਸਾਂ ਤਾਂ ਉਸੇ ਅਖਬਾਰ ਉਤੇ ਪੁਲਸ ਵੱਲੋਂ ਕੇਸ ਦਰਜ ਕਰਨ ਦੀ ਖਬਰ ਪੜ੍ਹੀ । ਮੈਂ ਸੋਚ ਰਿਹਾ ਸਾਂ ਕਿ ਕੀ ਜਿਹੜੇ ਜੋਤਸ਼ੀਆਂ, ਬਾਬਿਆਂ ਜਾਂ ਪੀਰਾਂ ਦੀ ਮਸ਼ਹੂਰੀਆਂ ਲੋਕਾਂ ਵਾਸਤੇ ਇਸ ਅਖਬਾਰ ਵਿਚ ਲਾਈਆਂ ਹੁੰਦੀਆਂ ਹਨ, ਉਹ ਜੋਤਿਸ਼ ਜਾਂ ਜਾਦੂ ਟੂਣੇ ਇਸ ਅਖਬਾਰ ਵਾਲੇ ਨੂੰ ਬਿਪਤਾ ਪੈਣ ਤੋਂ ਕਿਉਂ ਨਾ ਬਚਾ ਸਕੇ ? ਕੀ ਉਹ ਲੋਕ, ਜੋ ਅਜਿਹੇ ਜੋਤਸ਼ੀਆਂ, ਅਖੌਤੀ ਸੰਤਾਂ-ਸਾਧਾਂ, ਪੀਰਾਂ ਜਾਂ ਪੁਜਾਰੀਆਂ ਆਦਿ ਦੀਆਂ 'ਸਾਮੀਆਂ ਬਣੇ ਹੋਏ ਹਨ, ਉਨ੍ਹਾਂ ਨੂੰ ਕੁਝ ਸਬਕ ਮਿਲੇਗਾ ? ਕਾਸ਼! ਦੋ-ਚਾਰ ਹੀ ਇਨ੍ਹਾਂ ਦੇ ਵਿਛਾਏ ਅੰਧਵਿਸ਼ਵਾਸ ਦੇ ਜਾਲ ਵਿਚੋਂ ਨਿਕਲ ਆਉਣ ।

ਜਿਥੇ ਅਸੀਂ ਵੱਖ ਵੱਖ ਨਾਵਾਂ ਹੇਠ ਕਰਾਮਾਤ ਜਾਂ ਚਮਤਕਾਰ ਵਿਖਾ ਕੇ ਲੋਕਾਂ ਨੂੰ ਲੁੱਟਣ ਵਾਲਿਆਂ ਦੀਆਂ ਅਖਬਾਰਾਂ ਵਿਚ ਮਸ਼ਹੂਰੀਆਂ ਵੇਖਦੇ ਹਾਂ, ਉਥੇ ਇਸ ਸਮੇਂ ਸਿੱਖ ਧਰਮ ਦੇ ਪੇਸ਼ਾਵਰ ਪ੍ਰਚਾਰਕ (ਭਾਈ) ਤੇ ਡੇਰੇਦਾਰ ਅਖੌਤੀ ਸੰਤ ਬਾਬੇ ਵੀ ਇਸ ਕੰਮ ਵਿਚ ਪਿੱਛੇ ਨਹੀਂ ਹਨ। ਫਰਕ ਸਿਰਫ ਇਹ ਹੈ ਕਿ ਕਿਸੇ ਨੇ ਪੱਤਰੀ, ਟੇਵਾ ਜਾਂ ਹੱਥ ਵੇਖ ਕੇ ਆਪਣੀ ਦਫਤਰ ਵਿਚ ਸੱਦ ਕੇ ਕਿਸੇ ਨੂੰ ਠੱਗ ਲਿਆ

ਅਤੇ ਕਿਸੇ ਨੇ ਸਟੇਜ 'ਤੇ ਬੈਠ ਕੇ ਮਨਘੜ੍ਹਤ ਕਰਾਮਾਤੀ ਕਥਾ ਕਹਾਣੀਆਂ ਸੁਣਾ ਕੇ ਠੱਗ ਲਿਆ। ਆਖਰ ਠੱਗੀ ਤਾਂ ਜਨਤਾ ਹੀ ਗਈ। ਸਿਰਫ ਪਹਿਰਾਵਾ ਹੀ ਬਦਲਿਆ।

ਸਿੱਖੀ ਪਹਿਰਾਵੇ ਵਿਚ ਦਿਸਣ ਵਾਲੇ ਇਹ ਲੋਕ ਵੀ ਗੁਰਬਾਣੀ ਨੂੰ ਮੰਤਰਾਂ ਵਾਂਗ ਪੜ੍ਹਦੇ ਹੋਣ ਕਰਕੇ ਇਕ ਹੀ ਹਾਲ ਵਿਚ 31, 51 ਜਾਂ 101 ਇਕੱਠੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਆਰੰਭ ਕਰਦੇ ਹਨ ਤੇ ਕਈ ਤਰੀਕਿਆਂ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਵਾਉਣਾ ਦੱਸਦੇ ਹਨ। ਜਿਵੇਂ ਕਿਸੇ ਤਰੀਕੇ ਨੂੰ ਸੰਪਟ ਪਾਠ ਆਖਦੇ ਹਨ, ਜਿਹੜਾ ਵੀ ਪਾਠੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆਂ ਵਿਚ ਬੈਠੇ ਉਹ ਹਰੇਕ ਵਾਰੀ ਸਣੇ ਕੇਸੀਂ ਇਸ਼ਨਾਨ ਕਰੇ ਆਦਿ। ਇਹ ਪੇਸ਼ਾਵਰ ਪ੍ਰਚਾਰਕ ਲੋਕ ਇਹ ਵੀ ਨਹੀ ਦੱਸਦੇ ਕਿ ਇਹ ਤਰੀਕੇ ਉਨ੍ਹਾਂ ਨੇ ਗੁਰਬਾਣੀ ਵਿਚੋਂ ਸਿੱਖੇ ਹਨ, ਪੰਥਕ ਰਹਿਤ ਮਰਿਆਦਾ ਵਿਚੋਂ ਲਏ ਹਨ ਜਾਂ ਕਿ ਇਹ ਮਨਮੱਤ ਹਨ? ਗੁਰੂ ਨਾਨਕ ਸਾਹਿਬ ਨੇ ਵਿਖਾਵੇ ਵਾਲੇ ਕੰਮਾਂ ਤੋਂ ਲੋਕਾਈ ਨੂੰ ਬਚਾਉਣ ਵਾਸਤੇ ਹੀ ਤਾਂ ਸਿੱਖ ਧਰਮ ਦੀ ਨੀਹ ਰੱਖੀ ਸੀ ਪਰ ਸਿੱਖੀ ਪਹਿਰਾਵੇ ਵਿਚ ਸਾਡੇ ਭਾਈਆਂ-ਸਾਧਾਂ ਨੇ ਸੁੱਚ ਭਿੱਟ ਤੇ ਕਰਮਕਾਂਡਾਂ ਕਰਨ ਵਿਚ ਹਿੰਦੂ ਧਰਮ ਦੇ ਪੰਡਤਾਂ ਨੂੰ ਵੀ ਮਾਤ ਪਾ ਦਿੱਤੀ ਹੈ। ਅਜਿਹੇ ਵਿਖਾਵੇ ਵਾਲੇ ਕਰਮਕਾਂਡ ਕਰਨ ਵਾਲਿਆਂ ਦਾ ਗੁਰੂ ਸਾਹਿਬ ਨੇ ਜ਼ੋਰਦਾਰ ਖੰਡਨ ਕੀਤਾ ਹੈ:

ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥
ਨਿਰਬਾਣ ਕੀਰਬਾਣ ਕੀਰਤਨੁ ਗਾਵਹੁ ਕਰਤੇ ਕਾ
ਨਿਮਖ ਸਿਮਰਤ ਜਿਤੁ ਛੂਟੈ ॥

(ਮਹਲਾ ੫, ਪੰਨਾ ੭੪੭)

ਸਰੀਰ ਦੀ ਸਫਾਈ ਵਾਸਤੇ ਇਸ਼ਨਾਨ ਕਰਨਾ ਜਾਂ ਹੱਥ ਪੈਰ ਧੋਣੇ ਵੱਖਰੀ ਗੱਲ ਹੈ ਪਰ ਇਸ਼ਨਾਨ ਕਰਕੇ ਸਰੀਰ ਨੂੰ ਸੁੱਚਾ ਸਮਝਣਾ ਅਗਿਆਨਤਾ ਦੀ ਨਿਸ਼ਾਨੀ ਹੈ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਜੇ ਮੈਂ ਲੱਖ ਵਾਰੀ ਇਸ਼ਨਾਨ ਕਰਨ ਨਾਲ ਮਨ ਦੀ ਸੁੱਚ ਰੱਖਾਂ ਤਾਂ ਵੀ ਮਨ ਦੀ ਸੁੱਚ ਨਹੀ ਰਹਿ ਸਕਦੀ।

ਆਨੀਲੇ ਕੁੰਭ, ਭਰਾਈਲੇ ਊਦਕ ਠਾਕੁਰ ਕਉ ਇਸ਼ਨਾਨ ਕਰਉ ॥ ਬਇਆਲੀਸ ਲਖ ਜੀ ਜਲ ਮਹਿ ਹੋਤੇ ਬੀਠੁਲ ਭੈਲਾ ਕਾਇ ਕਰਉ ॥

(ਭਗਤ ਨਾਮਦੇਵ, ਪੰਨਾ ੪੮੫)

ਜਿਉ ਜੋਰੂ ਸਿਰਨਾਵਣੀ ਆਵੈ ਵਾਰੋ ਵਾਰ ॥
ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰ ॥
ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥
ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥

(ਮਹਲਾ ੧, ਪੰਨਾ ੪੭੨)

ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ ॥

ਨਾਵ੍ਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ ॥ ੬ ॥

(ਮਹਲਾ ੧, ਪੰਨਾ ੯੦੩)

ਮਨਮੁਖਿ ਹੁਕਮੁ ਨ ਬੁਝੇ ਬਪੁੜੀ
ਨਿਤ ਹਉਮੈ ਕਰਮ ਕਮਾਇ ॥
ਵਰਤ ਨੇਮੁ ਸੁਚ ਸੰਜਮੁ ਪੂਜਾ
ਪਾਖੰਡਿ ਭਰਮੁ ਨ ਜਾਇ ॥
ਅੰਤਰਹੁ ਕੁਸੁਧੁ ਮਾਇਆ ਮੋਹਿ ਬੇਧੇ
ਜਿਉ ਹਸਤੀ ਛਾਰੁ ਉਡਾਏ ॥
ਜਿਨਿ ਉਪਾਏ ਤਿਸੈ ਨ ਚੇਤਹਿ
ਬਿਨੁ ਚੇਤੇ ਕਿਉ ਸੁਖੁ ਪਾਏ ॥
ਨਾਨਕ ਪਰਪੰਚੁ ਕੀਆ ਧੁਰਿ ਕਰਤੇ ਪੂਰਬਿ ਲਿਖਿਆ ਕਮਾਏ ॥

(ਮਹਲਾ ੪, ਪੰਨਾ ੧੪੨੩)

ਕੀ ਸਾਡੇ ਪੇਸ਼ਾਵਰ ਪ੍ਰਚਾਰਕ ਤੇ ਅਖੌਤੀ ਸੰਤ ਬਾਬੇ ਗੁਰਬਾਣੀ ਬਾਰੇ ਨਹੀ ਜਾਣਦੇ ਜਾਂ ਸਿੱਖਾਂ ਨੂੰ ਜਾਣਬੁੱਝ ਕੇ ਅੰਧਵਿਸ਼ਵਾਸਾਂ ਤੇ ਕਰਮਕਾਂਡਾਂ ਵਿਚ ਪਾ ਰਹੇ ਹਨ ? ਪਰ ਸਿੱਖ ਅਜਿਹੇ ਭਾਈਆਂ ਬਾਬਿਆਂ ਨੂੰ ਚੜ੍ਹਦੀਕਲਾ ਵਾਲੇ ਤੇ ਅਕਾਲਪੁਰਖ ਨੂੰ ਪਹੁੰਚੇ ਹੋਏ ਸਮਝਦੇ ਹਨ। ਜਿਹੜਾ ਮਨੁੱਖ ਆਪ ਵਹਿਮਾਂ ਭਰਮਾਂ ਵਿਚ ਫਸਿਆ ਹੋਇਆ ਹੈ ਅਤੇ ਸਿੱਖਾਂ ਨੂੰ ਗੁਰਮਤਿ ਦੇ ਗਿਆਨ ਤੋਂ ਵਾਂਝਾ ਰੱਖਦਾ ਹੈ ਕੀ ਉਹ ਬੰਦਾ ਚੜ੍ਹਦੀਕਲਾ ਵਾਲਾ ਹੋ ਸਕਦਾ ਹੈ।

ਇਕ ਹੋਰ ਗੱਲ ਵੀ ਆਮ ਹੀ ਵੇਖਣ ਵਿਚ ਆਉਂਦੀ ਹੈ ਕਿ ਜਿਸ ਪੇਸ਼ਾਵਰ ਭਾਈ (ਕੁਝ ਨੂੰ ਛੱਡ ਕੇ) ਦੇ ਹੱਥ ਵਿਚ ਮਾਈਕ ਹੁੰਦਾ ਹੈ, ਉਹ ਆਪਣੀ ਹੀ ਮਰਿਆਦਾ ਲਾਗੂ ਕਰਨ ਦੀ ਕੋਸ਼ਿਸ਼ ਕਰਦਾ ਹੈ। ਅਜਿਹੀ ਇਕ ਉਦਾਹਰਣ ਪੇਸ਼ ਕਰਦਾ ਹਾਂ। ਪਿਛਲੇ ਦਿਨੀ ਇਕ ਜਾਣਕਾਰ ਦੇ ਘਰ ਪਾਠ ਦਾ ਭੋਗ ਸੀ, ਉਥੇ ਜਦੋਂ ਪ੍ਰਸ਼ਾਦ ਵਰਤਾਉਣ ਲੱਗੇ ਤਾਂ ਸ੍ਰੀ ਗੁਰੂ ਗਰੰਥ ਸਾਹਿਬ ਦੀ ਤਾਬਿਆ 'ਤੇ ਬੈਠਾ ਭਾਈ ਬੋਲਿਆ, ਕਿਸੇ ਨੇ ਓਨਾ ਚਿਰ ਪ੍ਰਸ਼ਾਦਿ ਮੂੰਹ ਵਿਚ ਨਹੀਂ ਪਾਉਣਾ ਜਿਨ੍ਹਾਂ ਚਿਰ ਸਾਰਿਆਂ ਨੂੰ ਵੰਡਿਆ ਨਾ ਜਾਵੇ। ਇਹ ਸੁਣ ਕੇ ਹੈਰਾਨੀ ਹੋਈ ਕਿ ਕੀ ਘਰ ਵਿਚ ਪ੍ਰਸ਼ਾਦ ਖਾਣ ਦੀ ਮਰਿਆਦਾ ਹੋਰ ਹੈ ਅਤੇ ਗੁਰਦੁਆਰੇ ਜਾਂ ਕਿਸੇ ਵੱਡੇ ਇੱਕਠ ਵਿਚ ਹੋਰ ਹੈ ?

ਇਕ ਹੋਰ ਵੀ ਹੈਰਾਨੀ ਵਾਲੀ ਗੱਲ ਹੈ। ਅਸੀਂ ਬੜੇ ਹੀ ਫਖਰ ਨਾਲ 'ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਿਹ ॥' ਆਖਦੇ ਹਾਂ ਆਖਣਾ ਵੀ ਚਾਹੀਦਾ ਹੈ ਪਰ ਕੀ ਸਾਨੂੰ ਇਹ ਵੀ ਪਤਾ ਨਹੀਂ ਹੋਣਾ ਚਾਹੀਦਾ ਕੀ ਇਸ ਦਾ ਮਤਲਬ ਕੀ ਹੈ ? ਜਿਸ ਸਿੱਖ ਨੂੰ ਇਸ ਦੇ ਮਤਲਬ ਦਾ ਪਤਾ ਹੋਵੇਗਾ, ਉਹ ਕਦੇ ਵੀ ਅਕਾਲਪੁਰਖ ਦੀ ਉਪਾਸਨਾ ਕਰਨ ਦੀ ਬਜਾਏ ਅੱਗ (ਜੋਤ), ਨਾਰੀਅਲ, ਲਾਲ ਕਪੜਾ, ਮੌਲੀ ਆਦਿ ਦੀ ਪੂਜਾ ਨਹੀ ਕਰੇਗਾ ਅਤੇ ਨਾ ਹੀ ਉਹ ਸਿੱਖ ਕਦੇ ਦਿਨ

ਨੂੰ ਸ਼ੁਭ ਤੇ ਕਿਸੇ ਨੂੰ ਅਸ਼ੁਭ ਸਮਝੇਗਾ। ਅਜਿਹਾ ਕੁਝ ਸਾਡੇ ਵਿਚ ਧਰਮ ਬਾਰੇ ਅਗਿਆਨਤਾ ਹੋਣ ਦੇ ਕਾਰਨ ਹੀ ਹੋ ਰਿਹਾ ਹੈ। ਇਸੇ ਲਈ ਸਿੱਖ ਕੌਮ ਅੰਧਵਿਸ਼ਵਾਸਾਂ ਤੇ ਵਿਖਾਵੇ ਵਾਲੇ ਕਰਮਕਾਂਡਾਂ ਵਿਚ ਫਸੀ ਹੋਈ ਹੈ। ਜਿਸ ਦੀ ਬਹੁਤੀ ਜ਼ਿੰਮੇਵਾਰ ਸਾਡੀ ਪੇਸ਼ਾਵਰ ਪ੍ਰਚਾਰਕ ਜਮਾਤ ਹੈ। ਕਿਉਂਕਿ ਗੁਰਦੁਆਰੇ ਸਾਡੇ ਧਰਮ ਪ੍ਰਚਾਰ ਦੇ ਮੁੱਖ ਕੇਂਦਰ ਹਨ ਉਥੇ ਸਿੱਖ ਸੰਗਤ ਇਨ੍ਹਾਂ ਦੀ ਹੀ ਗੱਲ ਸੁਣਦੀ ਹੈ।

ਸਾਡੇ ਬਹੁਤੇ ਪੇਸ਼ਾਵਰ ਪ੍ਰਚਾਰਕ ਕਿਸੇ ਦੇ ਘਰ ਜਦ ਕੀਰਤਨ ਕਰ ਰਹੇ ਹੁੰਦੇ ਹਨ ਤਾਂ ਘਰ ਵਾਲਿਆਂ ਨੂੰ ਖੁਸ਼ ਕਰਨ ਲਈ ਗੁਰਬਾਣੀ ਦਾ ਇਹ ਸ਼ਬਦ ਆਮ ਹੀ ਪੜ੍ਹਦੇ ਹਨ :

ਜਿਥੈ ਜਾਇ ਬਹੈ ਮੇਰਾ ਸਤਿਗੁਰੂ ॥
ਸੋ ਥਾਨੁ ਸੁਹਾਵਾ ਰਾਮ ਰਾਜੇ ॥
ਗੁਰਸਿਖੀ ਸੋ ਥਾਨੁ ਭਾਲਿਆ
ਲੈ ਧੂਰਿ ਮੁਖਿ ਲਾਵਾ ॥
ਗੁਰਸਿਖਾਂ ਕੀ ਘਾਲ ਥਾਇ ਪਈ
ਜਿਨ ਹਰਿ ਨਾਮੁ ਧਿਆਵਾ ॥
ਜਿਨੑ ਨਾਨਕੁ ਸਤਿਗੁਰੁ ਪੂਜਿਆ
ਤਿਨ ਹਰਿ ਪੂਜ ਕਰਾਵਾ ॥

(ਮਹਲਾ ੪, ਪੰਨਾ ੪੫੧)

ਪਰ ਜਦੋਂ ਗੁਰੂ ਸਾਹਿਬ ਦੀ ਸਵਾਰੀ ਲੈ ਕੇ ਜਾਣੀ ਹੁੰਦੀ ਹੈ ਤਾਂ ਸਹਿਜੇ ਜਿਹੇ ਆਖ ਦੇਦੇ ਹਨ, "ਗਿਲਾਸ ਵਿਚ ਪਾਣੀ ਲੈ ਆਓ।" ਉਸ ਸਮੇਂ ਹੈਰਾਨੀ ਹੁੰਦੀ ਹੈ ਕਿ ਕੀ ਸਾਰੀ ਦੁਨੀਆਂ ਦੇ ਮਨਾਂ ਨੂੰ ਪਵਿੱਤਰ ਕਰਨ ਦੀ ਸ਼ਕਤੀ ਰੱਖਣ ਵਾਲੇ ਸਾਡੇ 'ਸ਼ਬਦ ਗੁਰੂ' ਵਾਸਤੇ ਪਾਣੀ ਦੀਆਂ ਚਾਰ ਬੂੰਦਾਂ ਰਸਤਾ ਪਵਿੱਤਰ ਜਾਂ ਸਾਫ਼ ਕਰਨਗੀਆਂ ? ਇਹ ਨਿਰੋਲ ਬ੍ਰਾਹਮਣ ਮੱਤ ਹੈ ਤੇ ਪੰਥਕ ਰਹਿਤ ਮਰਿਆਦਾ ਦੀ ਵੀ ਉਲੰਘਣਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ ਤੇ ਸਾਰੇ ਗੁਰਬਾਣੀ ਸੁਣਨ, ਪੜ੍ਹਨ ਜਾਂ ਵਿਚਾਰ ਕਰ ਰਹੇ ਹੁੰਦੇ ਹਨ ਤਾਂ ਉਹ ਜਗ੍ਹਾ ਪਵਿੱਤਰ ਹੁੰਦੀ ਹੈ ਪਰ ਕੋਈ ਮੇਰਾ ਵੀ ਇਸ ਭੁਲੇਖੇ ਵਿਚ ਨਾ ਰਹੇ ਕਿ ਗੁਰੂ ਸਾਹਿਬ ਨੇ ਉਥੋਂ ਜਾਣ ਮਗਰੋਂ ਉਹ ਘਰ ਵਿਚ ਗੁਰਮਤਿ ਦੇ ਉਲਟ ਜੋ ਮਰਜ਼ੀ ਕਰੇ ਪਰ ਤਾਂ ਵੀ ਉਸ ਦਾ ਘਰ ਪਵਿੱਤਰ ਰਹੇਗਾ। ਇਸ ਬਾਰੇ ਗੁਰੂ ਸਾਹਿਬ ਦਾ ਸਪੱਸ਼ਟ ਫੁਰਮਾਨ ਹੈ :

ਜਿਥੈ ਨਾਮੁ ਜਪੀਐ ਪ੍ਰਭ ਪਿਆਰੇ ॥
ਸੇ ਅਸਥਲ ਸੋਇਨ ਚਉਬਾਰੇ ॥
ਜਿਥੈ ਨਾਮੁ ਨ ਜਪੀਐ ਮੇਰੇ ਗੋਇੰਦਾ
ਸੇਈ ਨਗਰ ਉਜਾੜੀ ਜੀਉ ॥੧॥ (ਮ: ੫, ਪੰਨਾ ੧੦੫)

ਜਿਹੜੇ ਕੁਝ ਲਾਲਚੀ ਪੇਸ਼ਾਵਰ ਪ੍ਰਚਾਰਕ ਹਨ, ਉਹ ਸਿੱਖਾਂ ਨੂੰ ਗੁਰਬਾਣੀ

ਵਿਚਾਰ ਕੇ ਆਪਣੇ ਜੀਵਨ ਵਿਚ ਢਾਲਣ ਬਾਰੇ ਨਹੀਂ ਆਖਦੇ ਸਗੋਂ ਉਹ ਗੁਰਬਾਣੀ ਨੂੰ ਸਿਰਫ ਪੜ੍ਹਨ ਜਾਂ ਸੁਣਨ ਤੀਕ ਹੀ ਆਖਦੇ ਹਨ। ਬਹੁਤੇ ਇਹ ਹੀ ਕਹਿੰਦੇ ਸੁਣੀਦੇ ਹਾਂ ਕਿ 'ਭਾਈ ਨਾਮ ਜਪਿਆ ਕਰੋ'। ਹੈਰਾਨੀ ਉਸ ਵੇਲੇ ਹੁੰਦੀ ਹੈ ਜਦੋਂ ਕਈ ਕੀਰਤਨ੍ਹ ਕਰਨ ਵਾਲੇ ਗੁਰਬਾਣੀ ਦਾ ਕੀਰਤਨ ਕਰ ਰਹੇ ਹੁੰਦੇ ਹਨ ਪਰ ਜਿਥੇ ਸ਼ਬਦ ਵਿਚ ਨਾਮ ਆਉਂਦਾ ਹੈ ਉਥੇ ਹੀ ਕੀਰਤਨ ਤੋਂ ਹਟ ਕੇ 'ਵਾਹਿਗੁਰੂ ਵਾਹਿਗੁਰੂ' ਦਸ ਪੰਦਰਾਂ ਮਿੰਟ ਕਰਨ ਲੱਗ ਪੈਂਦੇ ਹਨ। ਪਰ ਕੀ ਸਾਰੀ ਗੁਰਬਾਣੀ ਨਾਮ ਨਹੀਂ ਹੈ ? ਇਹ ਵੀ ਨਹੀਂ ਦੱਸਦੇ ਕੀ ਨਾਮ ਕੀ ਹੈ ਇਸ ਦੀ ਜਗਿਆਸੂ ਦੇ ਅੰਦਰ ਵੱਸਣ ਦੀ ਕੀ ਪਛਾਣ ਹੈ ਤਾਂ ਉਸਦੀ ਜੀਵਨ ਅਵਸਥਾ ਵਿਚ ਕੀ ਤਬਦੀਲੀ ਆਉਂਦੀ ਹੈ। ਗੁਰੂ ਸਾਹਿਬ ਉਸ ਚੜ੍ਹਦੀਕਲਾ ਵਾਲੇ ਜਗਿਆਸੂ ਦੀ ਜੀਵਨ ਜਾਚ ਇਸ ਤਰ੍ਹਾਂ ਦੀ ਦੱਸਦੇ ਹਨ :

ਮਨ ਹਠ ਬੁਧੀ ਕੇਤੀਆ ਕੇਤੇ ਬੇਦ ਵਿਚਾਰ ॥
ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰੁ ॥
ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥

(ਮਹਲਾ ੧, ਪੰਨਾ ੬੨)

ਜਾ ਕੈ ਅੰਤਰਿ ਵਸੈ ਪ੍ਰਭੁ ਆਪਿ ॥
ਤਾ ਕੈ ਹਿਰਦੈ ਹੋਇ ਪ੍ਰਗਾਸੁ ॥
ਭਗਤਿ ਭਾਇ ਹਰਿ ਕੀਰਤਨੁ ਕਰੀਐ ॥
ਜਪਿ ਪਾਰਬ੍ਰਹਮ ਨਾਨਕ ਨਿਸਤਰੀਐ ॥

(ਮਹਲਾ ੫, ਪੰਨਾ ੮੬੫)

ਇਹ ਲੋਕ ਤਾਂ ਚਾਹੁੰਣਗੇ ਹੀ ਕਿ ਹੋਰ ਕੌਮਾਂ ਦੇ ਪੁਜਾਰੀਆਂ ਵਾਂਗ ਸਿੱਖ ਵੀ ਉਨ੍ਹਾਂ ਨੂੰ ਹੀ ਬੁਲਾ ਕੇ ਪੂਜਾ ਪਾਠ ਕਰਵਾਉਂਦੇ ਰਹਿਣ। ਇਸ ਸਮੇਂ ਸਿੱਖ ਕੌਮ ਪੇਸ਼ਾਵਰ ਧਾਰਮਿਕ ਜਮਾਤ ਦੀ ਪੂਰੀ ਤਰ੍ਹਾਂ ਗ੍ਰਿਫਤ ਵਿਚ ਹੈ ਜਿੰਨਾਂ ਚਿਰ ਕੌਮ ਇਨ੍ਹਾਂ ਦੀ ਗ੍ਰਿਫਤ ਵਿਚੋਂ ਨਿਕਲ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਕਹੇ ਉਨ੍ਹਾਂ ਪਵਿੱਤਰ ਬਚਨਾ ਵੱਲ ਨਹੀਂ ਪਰਤਦੀ, ਓਨਾ ਚਿਰ ਅੰਧਵਿਸ਼ਵਾਸਾਂ ਤੇ ਕਰਮਕਾਂਡਾਂ ਦੀ ਘੁੰਮਣਘੇਰੀ ਵਿਚ ਫਸੀ ਰਹੇਗੀ। ਗੁਰੂ ਸਾਹਿਬ ਨੇ ਸਿੱਖਾ ਨੂੰ ਹੁਕਮ ਕੀਤਾ ਸੀ, ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖਾਲਸੇ ਕਾ। ਅਤੇ ਸਿੱਖ ਧਰਮ ਦੇ ਤਿੰਨ ਮੁੱਖ ਥੰਮ੍ਹ ਹਨ, ਕਿਰਤ ਕਰੋ, ਨਾਮ ਜਪੋ, ਵੰਡ ਛਕੋ।

ਕੀ ਅੱਜ ਆਪਣੇ ਆਪ ਨੂੰ ਸਿੱਖ ਅਖਵਾਉਣ ਵਾਲੇ ਪ੍ਰਚਾਰਕ ਵਾਕਿਆ ਹੀ ਇਨ੍ਹਾਂ ਗੱਲਾਂ ਦੇ ਧਾਰਨੀ ਹਨ ? ਸਤਿਕਾਰਯੋਗ ਹਨ ਉਹ ਪੇਸ਼ਵਾਰ ਪ੍ਰਚਾਰਕ ਸਿੰਘ ਜਿਹੜੇ ਪ੍ਰਚਾਰ ਕਰਦੇ ਸਮੇਂ ਸਿੱਖੀ ਸਿਧਾਂਤ ਨੂੰ ਆਪਣੀ ਜੇਬ ਨਾਲੋਂ ਪਹਿਲ ਦੇਂਦੇ ਹਨ ਜਿਹੜੇ ਪੇਸ਼ਾਵਰ ਪ੍ਰਚਾਰਕ ਆਪਣੀ ਜੇਬ ਨੂੰ ਭਰਨ ਖਾਤਰ ਗੁਰਮਤਿ ਸਿਧਾਂਤਾਂ ਨੂੰ ਬਿਪਰਨਵਾਦੀ ਸੋਚ ਵਿਚ ਮਿਲਗੋਭਾ ਕਰਦੇ ਹਨ, ਉਨ੍ਹਾਂ ਨੂੰ ਪੁਜਾਰੀ ਲਿਖਣ ਤੋਂ ਕੋਈ ਹਿਚਕਚਾਹਟ ਨਹੀਂ ਹੋਣੀ ਚਾਹੀਦੀ ਭਾਵੇਂ ਉਹ ਵਿਅਕਤੀ ਰਾਗੀ, ਪਾਠੀ

ਜਾਂ ਕਿਸੇ ਤਖ਼ਤ ਦਾ ਜਥੇਦਾਰ ਵੀ ਕਿਉਂ ਨਾ ਹੋਵੇ।

ਆਪਣੇ ਆਪ ਨੂੰ ਗੁਰੂ ਸਾਹਿਬ ਦੇ ਵਜ਼ੀਰ ਅਖਵਾਉਣ ਦੇ ਚਾਹਵਾਨ ਇਹ ਵੀ ਖਿਆਲ ਰੱਖਣ ਕਿ ਲੋਕਾਈ ਨੂੰ ਜਿਸ ਗੁਰੂ ਦੇ ਪ੍ਰਚਾਰਕ ਦੱਸ ਕੇ ਉਹ ਆਪਣੀ ਰੋਜ਼ੀ-ਰੋਟੀ ਚਲਾਉਂਦੇ ਹਨ, ਪ੍ਰਚਾਰ ਵੀ ਉਸੇ ਦੇ ਸਿਧਾਂਤ ਅਨੁਸਾਰ ਕਰਨ ਨਾ ਕਿ ਕਿਸੇ ਹੋਰ ਮੱਤ ਦਾ। ਰੱਬ ਨਾ ਕਰੇ! ਗੁਰਬਾਣੀ ਦਾ ਇਹ ਸ਼ਬਦ ਇਨ੍ਹਾਂ ਨੂੰ ਆਪਣੇ 'ਤੇ ਢੁੱਕਦਾ ਜਾਪੇ :

ਅੰਮ੍ਰਿਤੁ ਰਸੁ ਖਾਵਹਿ ਖਾਨ ਪਾਨ ॥
ਜਿਨਿ ਦੀਏ ਤਿਸਹਿ ਨ ਜਾਨਹਿ ਸੁਆਨ ॥
ਕਹੁ ਨਾਨਕ ਹਮ ਲੂਣ ਹਰਾਮੀ ॥
ਬਖਸਿ ਲੇਹੁ ਪ੍ਰਭ ਅੰਤਰਜਾਮੀ ॥

(ਮਹਲਾ ੫, ਪੰਨਾ ੧੯੫)

ਗੁਰੂ ਨਾਨਕ ਦੇਵ ਜੀ ਨੇ ਲੋਕਾਂ ਨੂੰ ਵਹਿਮਾਂ-ਭਰਮਾਂ ਵਿਚ ਪਾਉਣ ਵਾਲਿਆਂ ਲਈ ਹੀ 'ਸ਼ਬਦ' ਪਾਂਡੇ ਵਰਤਿਆ ਹੈ। ਉਹ ਲੋਕ ਕਿਸੇ ਵੀ ਧਰਮ ਨਾਲ ਸਬੰਧਤ ਹੋ ਸਕਦੇ ਹਨ। ਗੁਰੂ ਸਾਹਿਬ ਵੱਲੋਂ ਭੇਖੀਆਂ ਬਾਰੇ ਉਚਾਰੀਆਂ ਇਹ ਪਵਿੱਤਰ ਪੰਗਤੀਆਂ ਇਸ ਤਰ੍ਹਾਂ ਦੇ ਪੇਸ਼ਾਵਰ ਪ੍ਰਚਾਰਕਾਂ, ਡੇਰੇਦਾਰਾਂ ਅਤੇ ਅਖੌਤੀ ਸੰਤਾਂ ਬਾਬਿਆਂ 'ਤੇ ਪੂਰੀਆ ਢੁਕਦੀਆਂ ਹਨ :

ਝੂਠ ਨ ਬੋਲਿ ਪਾਂਡੇ ਸਚੁ ਕਹੀਐ ॥
ਹਉਮੈ ਜਾਇ ਸਬਦਿ ਘਰੁ ਲਹੀਐ ॥ਰਹਾਉ ॥

(ਮਹਲਾ ੧, ਪੰਨਾ ੯੦੪)

ਸਿੱਖੀ ਵਿਚ ਆ ਚੁੱਕੇ ਨਿਘਾਰ ਨੂੰ ਰੋਕਣ ਵਾਸਤੇ ਅਤੀ ਜ਼ਰੂਰੀ ਹੈ ਕਿ ਸਿੱਖੀ ਪਹਿਰਾਵੇ ਦੀ ਆੜ ਵਿਚ ਲੁਕੇ ਪਾਖੰਡੀ ਤੇ ਗੁਰਮਤਿ ਸਿਧਾਂਤ ਦੇ ਵਿਰੋਧੀ ਪ੍ਰਚਾਰ ਕਰਨ ਵਾਲੇ ਪ੍ਰਚਾਰਕਾਂ ਨੂੰ ਨੰਗਿਆਂ ਕੀਤਾ ਜਾਵੇ। ਇਹ ਕੰਮ ਹਰ ਸਿੱਖ ਨੂੰ ਕਰਨਾ ਚਾਹੀਦਾ ਹੈ। ਇਹ ਵੀ ਬੇਨਤੀ ਹੈ ਕੀ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪ੍ਰਵਾਨਤ ਪੰਥਕ ਰਹਿਤ ਮਰਿਆਦਾ ਜ਼ਰੂਰ ਪੜ੍ਹੀਏ ਅਤੇ ਉਸ ਅਨੁਸਾਰ ਆਪਣੇ ਧਾਰਮਕ ਅਤੇ ਸਮਾਜਕ ਕਾਰਜ ਕਰੀਏ।

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ (ਅਨੰਦ)

ਕੱਚੀਆ ਧਾਰਨਾਂ ਲਾ ਕੇ ਗੁਰਬਾਣੀ ਗਾਉਣ ਵਾਲਿਓ ਜ਼ਰਾ ਸ਼ਰਮ ਕਰੋ।

ਜਗਜੀਤ ਸਿੰਘ ਦੋਦੇ

ਇਸ ਵਿਚ ਜੇ ਵਾਚੀਏ ਤਾਂ ਕਸੂਰ ਸਾਡਾ ਆਪਣਾ ਹੀ ਜਾਪਦਾ ਹੈ। ਗੁਰੂ ਸਾਹਿਬਾਨ ਨੇ ਸਾਨੂੰ ਸੱਚ ਦੇ ਮਾਰਗ ਤੇ ਤੋਰਿਆ, ਸਰਬੰਸ ਵਾਰਨ ਤੱਕ ਦੀਆਂ ਕੁਰਬਾਨੀਆਂ ਕੀਤੀਆਂ ਚੂਕ ਤਾਂ ਸਾਡੇ ਵਿਚ ਹੈ। ਅਸੀਂ ਆਪਣੇ ਆਪ ਨੂੰ ਸਿੱਖ ਤਾਂ ਅਖਵਾਉਂਦੇ ਹਾਂ ਪਰ ਗੁਰਮਤਿ ਦੇ ਸਿਧਾਤਾਂ ਤੇ ਪਹਿਰਾ ਨਹੀ ਦਿੰਦੇ। ਜੁਗੋ-

ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਕੋਈ ਹੇਰ ਫੇਰ ਕਰਦਾ ਹੈ, ਅਸੀਂ ਉਸ ਨੂੰ ਵੰਗਾਰਨ ਦੀ ਥਾਂ ਮੂਕ ਦਰਸ਼ਕ ਬਣ ਕੇ ਤੱਕਦੇ ਰਹਿੰਦੇ ਹਾਂ। ਗੁਰਬਾਣੀ ਦਾ ਘੋਰ ਨਿਰਾਦਰ ਹੁੰਦਾ ਵੇਖ ਕੇ ਸਾਡਾ ਹਿਰਦਾ ਤੜਪਦਾ ਨਹੀਂ। ਇਹੋ ਹੀ ਕਾਰਣ ਹੈ ਕਿ ਅੱਜ ਸਾਡੇ ਵਿਚ ਵੰਡੀਆ ਪਈਆਂ ਹਨ। ਅੱਜ ਅਸੀਂ ਗੁਰੂ ਗ੍ਰੰਥ ਸਾਹਿਬ ਦੇ ਸਿੱਖ ਨਾ ਹੋ ਕੇ ਭੇਖੀਆਂ ਦੇ ਚੇਲੇ ਬਣਦੇ ਜਾ ਰਹੇ ਹਾਂ। ਭੇਖੀਆਂ ਦੀ ਬਦੌਲਤ ਹੀ ਸਾਡੇ ਵਿਚੋਂ ਇਕ ਪੰਥ, ਇਕ ਗ੍ਰੰਥ ਇਕ ਰਹਿਤ, ਇਕ ਮਰਿਯਾਦਾ ਇਕ ਨਿਸ਼ਾਨ ਵਾਲਾ ਸਿਧਾਂਤ ਨਹੀਂ ਦਿੱਸਦਾ।

ਗੁਰਬਾਣੀ ਉਹ ਰੱਬੀ ਗਿਆਨ ਹੈ ਜਿਹੜਾ ਸਤਿਗੁਰੂ ਅਤੇ ਅਕਾਲ ਪੁਰਖ ਦੀ ਅਭੇਦਤਾ ਤੋਂ ਉਪਜਦਾ ਹੈ। ਜਦੋਂ ਗੁਰੂ, ਅਕਾਲ ਪੁਰਖ ਵਿਚ ਲੀਨ ਹੋ ਜਾਂਦਾ ਹੈ, ਫਿਰ ਸਤਿਗੁਰੂ ਤੇ ਅਕਾਲ ਪੁਰਖ ਵਿਚ ਭੇਦ-ਭਾਵ ਖ਼ਤਮ ਹੋ ਜਾਂਦਾ ਹੈ। ਦੋਵੇਂ ਇਕ ਰੂਪ ਹੋ ਜਾਂਦੇ ਹਨ। ਐਸੀ ਅਵਸਥਾ ਵਿਚ ਸਤਿਗੁਰਾਂ ਦੇ ਮੂੰਹ ਤੋਂ ਉਚਾਰਨ ਕੀਤੇ ਹੋਏ ਬਚਨ ਹੀ ਬਾਣੀ ਗੁਰੂ ਦੀ ਆਪਣੀ ਸਮਝ ਸੋਚ ਜਾਂ ਅਕਾਲ ਪੁਰਖ ਦੀ ਉਪਜ ਨਹੀਂ ਹੁੰਦੀ ਸਗੋਂ ਅਕਾਲ ਪੁਰਖ ਦੀ ਆਪਣੀ ਬਾਣੀ ਹੁੰਦੀ ਹੈ, ਜਿਸ ਦੀ ਸੋਝੀ ਅਕਾਲ ਪੁਰਖ ਗੁਰੂ ਨੂੰ ਕਰਵਾਉਂਦਾ ਹੈ। ਗੁਰੂ ਨਾਨਕ ਸਾਹਿਬ ਜੀ ਨੇ ਬਾਣੀ ਅੰਦਰ ਵੀ ਦਰਜ ਕੀਤਾ, ਕਿ ਮੈਂ ਉਹੀ ਕੁਝ ਕਿਹਾ ਹੈ, ਜੋ ਅਕਾਲ ਪੁਰਖ ਨੇ ਮੇਰੇ ਕੋਲੋਂ ਕਹਾਇਆ ਹੈ। ਗੁਰਬਾਣੀ ਦਾ ਫੁਰਮਾਣ ਹੈ:-

ਤਾਂ ਮੈਂ ਕਹਿਆ ਕਹਣੁ, ਜਾ ਤੁਝੈ ਕਹਾਇਆ ॥

(ਵਡਹੰਸ ਮ: ੧ ਪੰ: ੫੬੬)

ਗੁਰੂ ਨਾਨਕ ਸਾਹਿਬ ਜੀ ਨੇ ਆਪਣੀ ਉਚਾਰੀ ਗੁਰਬਾਣੀ ਤੇ ਆਪਣੀਆਂ ਯਾਤਰਾਵਾਂ ਦੌਰਾਨ ਇਕੱਤਰ ਕੀਤੀ ਭਗਤ ਬਾਣੀ ਵਾਲੀ ਪੋਥੀ ਜੋਤੀ ਜੋਤਿ ਸਮਾਉਣ ਸਮੇਂ ਗੁਰੂ ਅੰਗਦ ਸਾਹਿਬ ਜੀ ਦੇ ਹਵਾਲੇ ਕਰ ਦਿੱਤੀ। ਇਸੇ ਬਾਣੀ ਵਿਚ ਗੁਰੂ ਅੰਗਦ ਸਾਹਿਬ ਜੀ ਨੇ ਧੁਰੋਂ ਪ੍ਰਾਪਤ ਹੋਈ ਬਾਣੀ ਨੂੰ ਦਰਜ ਕਰਕੇ ਪੋਥੀ ਗੁਰੂ ਅਮਰਦਾਸ ਜੀ ਨੂੰ ਸੌਂਪ ਦਿੱਤੀ। ਗੁਰੂ ਅਮਰਦਾਸ ਜੀ ਨੇ ਇਸ ਬਾਣੀ ਨੂੰ ਮਿਲਾਵਟ ਰਹਿਤ ਰੱਖਣ ਲਈ ਗੁਰਸਿੱਖਾਂ ਨੂੰ ਸੱਚੀ ਗੁਰਬਾਣੀ ਗਾਉਣ ਲਈ ਫੁਰਮਾਣ ਕੀਤਾ:-

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ
ਗਾਵਹੁ ਸਚੀ ਬਾਣੀ ॥
ਬਾਣੀ ਤ ਗਾਵਹੁ ਗੁਰੂ ਕੇਰੀ
ਬਾਣੀਆ ਸਿਰਿ ਬਾਣੀ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ ੯੨੦)

ਇਸ ਦੇ ਉਲ ਕੱਚੀ ਬਾਣੀ ਗਾਇਨ ਕਰਨ ਵਾਲਿਆਂ ਨੂੰ ਪਾਤਸ਼ਾਹ ਨੇ ਤਾੜਨਾ ਭਰੇ ਲਹਿਜੇ ਵਿਚ ਫੁਰਮਾਣ ਕੀਤਾ:-

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥

ਬਾਣੀ ਤ ਕਚੀ ਸਤਿਗੁਰ ਬਾਝਹੁ ਹੋਰ ਕਚੀ ਬਾਣੀ ॥
ਕਹਦੇ ਸੁਣਦੇ ਕਚੀ ਆਖਿ ਵਖਾਣੀ ॥

(ਪੰ: ੯੨੦)

ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਨ ਮਗਰੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਹਿਲਾ ਪ੍ਰਕਾਸ਼ ਕੀਤਾ। ਬਾਬਾ ਬੁੱਢਾ ਜੀ ਨੂੰ ਪਹਿਲਾ ਗ੍ਰੰਥੀ ਥਾਪਿਆ ਅਤੇ ਆਪ ਸੰਗਤ ਵਿਚ ਲਾਂਭੇ ਹੋ ਕੇ ਬੈਠੇ। ਰਾਤ ਨੂੰ ਸ੍ਰੀ ਗ੍ਰੰਥ ਸਾਹਿਬ ਜੀ ਦਾ ਸੁੱਖਆਸਨ ਪਲੰਘ 'ਤੇ ਕਰਦੇ ਅਤੇ ਆਪ ਹੇਠਾਂ ਜ਼ਮੀਨ ਤੇ ਵਿਸ਼ਰਾਮ ਕਰਦੇ। ਇਸੇ ਗੁਰਬਾਣੀ ਦੀ ਪੋਥੀ ਨੂੰ ਮਹਾਨਤਾ ਪ੍ਰਦਾਨ ਕਰਦਾ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਦਰਜ ਹੈ:-

ਪੋਥੀ ਪਰਮੇਸਰ ਕਾ ਥਾਨੁ ॥

(ਪੰ: ੧੨੨੬)

ਇਤਿਹਾਸ ਵਿਚ ਇਕ ਸਾਖੀ ਕਾਫੀ ਪ੍ਰਚੱਲਤ ਹੈ ਜਿਸ ਤੋਂ ਗੁਰਬਾਣੀ ਦੇ ਸਤਿਕਾਰ ਦੀ ਝਲਕ ਡੁੱਲ-ਡੁੱਲ ਪੈਂਦੀ ਹੈ। ਸਾਖੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨਾਲ ਸੰਬੰਧਿਤ ਹੈ ਕਿ ਛੇਵੇਂ ਪਾਤਸ਼ਾਹ ਨੇ ਜਪਜੀ ਸਾਹਿਬ ਦਾ ਸ਼ੁੱਧ ਪਾਠ ਸੁਣਾਉਣ ਵਾਲੇ ਗੁਰਸਿੱਖ ਭਾਈ ਗੋਪਾਲਾ ਜੀ ਨੂੰ ਆਪਣਾ ਬਹੁਤ ਜੀ ਸੁੰਦਰ ਕੀਮਤੀ ਘੋੜਾ ਤੋਹਫੇ ਵਜੋਂ ਭੇਟ ਕਰ ਦਿੱਤਾ।

ਸੱਤਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਦੇ ਵੱਡੇ ਸਪੁੱਤਰ ਰਾਮਰਾਏ ਨੇ ਜਦੋਂ ਔਰੰਗਜ਼ੇਬ ਦੇ ਪ੍ਰਭਾਵ ਅਧੀਨ ਗੁਰੂ ਨਾਨਕ ਸਾਹਿਬ ਜੀ ਦੇ ਉਚਾਰਨ ਕੀਤੇ ਸ਼ਬਦ ਦੀ ਪੰਕਤੀ "ਮਿੱਟੀ ਮੁਸ਼ਲਮਾਨ ਕੀ" (ਆਸਾ ਕੀ ਵਾਰ) ਨੂੰ ਬਦਲ ਕੇ 'ਮਿੱਟੀ ਬੇਈਮਾਨ ਕੀ' ਕਰ ਦਿੱਤਾ ਤਾਂ ਪਾਤਸ਼ਾਹ ਨੇ ਉਸ ਨੂੰ ਸਦਾ ਲਈ ਘਰੋਂ ਖਾਰਜ ਕਰ ਦਿੱਤਾ।

ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤ ਸਮਾਉਣ ਸਮੇਂ ਖਾਲਸਾ ਪੰਥ ਨੂੰ 'ਗੁਰੂ ਮਾਨਿਉ ਗ੍ਰੰਥ' ਦਾ ਫੁਰਮਾਨ ਜਾਰੀ ਕਰਕੇ, ਗੁਰੂ ਨਾਨਕ ਸਾਹਿਬ ਜੀ ਦੁਆਰਾ ਅਰੰਭੇ ਮਿਸ਼ਨ ਨੂੰ ਸੰਪੂਰਨਤਾ ਪ੍ਰਦਾਨ ਕਰ ਦਿੱਤੀ। ਇਹ ਸੀ ਦਸ ਗੁਰੂ ਸਾਹਿਬਾਨ ਵੱਲੋਂ ਗੁਰਬਾਣੀ ਲਈ ਕੀਤੇ ਗਏ ਉਪਰਾਲੇ। ਉਪਰ ਆਈਆਂ ਘਟਨਾਵਾਂ ਤੋਂ ਸ਼ੱਕ ਦੀ ਰੱਤੀ ਭਰ ਵੀ ਗੁੰਜਾਇਸ਼ ਨਹੀ ਰਹਿੰਦੀ ਕਿ ਕਿਸੇ ਵਿਅਕਤੀ ਨੂੰ ਚਾਹੇ ਕੋਈ ਵੀ ਮਹਾਨ ਕਿਉਂ ਨਾ ਹੋਵੇ, ਨੂੰ ਗੁਰਬਾਣੀ ਉਲਟਾਉਣ, ਬਦਲਾਉਣ ਜਾਂ ਇਸ ਵਿਚ ਮਿਲਾਵਟ ਕਰਨ ਦੀ ਆਗਿਆ ਨਹੀ ਦਿੱਤੀ ਜਾ ਸਕਦੀ ਪਰ ਅਫ਼ਸੋਸ ਕਿ ਅੱਜ ਅਖੌਤੀ ਦੇਹਧਾਰੀ ਗੁਰੂ ਬਣ ਬੈਠੇ ਲੁਟੇਰੇ ਜਿਸ ਤਰ੍ਹਾਂ ਗੁਰਬਾਣੀ ਦੀ ਬੇਅਦਬੀ ਮੌਜੂਦਾ ਸਮੇਂ ਕਰ ਰਹੇ ਹਨ ਉਸ ਦੀਆਂ ਕੁਝ ਉਦਾਹਰਨਾਂ ਹੇਠਾਂ ਆਪ ਜੀ ਲਈ ਪੇਸ਼ ਹਨ:-

ਧਾਰਨਾ:- ਸਭ ਦੇ ਦਿਲਾਂ ਦੀਆਂ ਜਾਣੈ ਰਾਮ ਕੋਈ ਨਿਆਣਾ ਨਹੀਂ.....2

(ਗੁਰਮਤਿ ਪ੍ਰਕਾਸ਼ ਫਰਵਰੀ 2002)

ਅਸਲ ਬਾਣੀ:- ਲੋਕ ਪਤੀਣੇ ਕਛੂ ਨਾ ਹੋਵੈ ਨਾਹੀ ਰਾਮੁ ਅਯਾਣਾ ॥

ਧਾਰਨਾ:- ਜੇ ਯਾਰ ਦੀ ਗਲੀ ਵਿਚੋਂ ਲੰਘਣਾ ਤਲੀ ਉੱਤੇ ਸਿਰ ਰੱਖ ਲੈ

(ਗੁਰਮਤਿ ਪ੍ਰਕਾਸ਼ ਫਰਵਰੀ 2002)

ਅਸਲੀ ਬਾਣੀ:- ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥

(ਪੰ: ੧੪੧੨)

ਧਾਰਨਾ :- ਜੇ ਰੱਤ ਡਿੱਗੇ ਕੱਪੜੇ ਜਾਮਾ ਹੋਇ ਪਲੀਤ ॥

(ਮਾਨ ਸਿੰਘ ਪਿਹੋਵਾ)

ਅਸਲ ਬਾਣੀ:- ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥

ਧਾਰਨਾ:- ਮੰਨ ਲੈ ਪਿਆਰਿਆ, ਇਹੋ ਬਾਣੀ ਗੁਰੂ ਰੂਪ ਹੈ ।

(ਸੰਤ ਵਰਿਆਮ ਸਿੰਘ ਆਤਮ ਮਾਰਗ ਜਨਵਰੀ 2002)

ਅਸਲ ਬਾਣੀ:- ਬਾਣੀ ਗੁਰੂ ਗੁਰੂ ਹੈ ਬਾਣੀ, ਵਿਚ ਬਾਣੀ ਅੰਮ੍ਰਿਤ ਸਾਰੇ ॥
ਗੁਰਬਾਣੀ ਕਹੈ ਸੇਵਕ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥

(ਪੰਨਾ ੯੮੨)

ਧਾਰਨਾ:- ਕਰਤਾ ਭਵਨੁ ਪੁਨੀਤਾ, ਹਰੀ ਦਿਆ ਸੰਤਾਂ ਨੇ.....2, 211

(ਪੰਨਾ ੯੮੨)

ਬਾਣੀ:- ਨਾਨਕੁ ਧਰਮ ਐਸੇ ਚਵਹਿ ਕੀਤੋ ਭਵਨੁ ਪੁਨੀਤ ॥

(ਪੰਨਾ ੧੪੨੫)

ਇਸ ਤਰ੍ਹਾਂ ਧਾਰਨਾ ਲਗਾ ਕੇ ਗੁਰਬਾਣੀ ਪੜ੍ਹਨ ਦਾ ਕਾਰਨ ਜਦੋਂ ਕਿਸੇ ਭੇਖੀ ਸੰਤ ਨੂੰ ਪੁਛੀਏ ਤਾਂ ਸੰਤ ਦਾ ਉੱਤਰ ਹੁੰਦਾ ਹੈ ਕਿ ਇਸ ਤਰ੍ਹਾਂ ਗੁਰਬਾਣੀ ਗਾਉਣ ਨਾਲ ਗੁਰਬਾਣੀ ਦੀ ਸਮਝ ਸੌਖੀ ਪੈ ਜਾਂਦੀ ਹੈ ਕਈ ਤਾਂ ਖਾਸ ਕਰ ਮਾਲਵੇ ਦੇ ਪਿੰਡਾਂ ਦੀ ਉਦਾਹਰਣ ਵੀ ਦਿੰਦੇ ਹਨ ਕਿ ਪੁਰਾਣੇ ਸਮਿਆਂ ਵਿਚ ਪਿੰਡਾਂ ਵਿਚ ਗੰਦੀਆਂ ਬੋਲੀਆਂ ਪਾ ਕੇ, ਅਸ਼ਲੀਲ ਪ੍ਰਚਾਰ ਕਰਦੇ ਸਨ। ਉਹਨਾਂ ਦੇ ਮੁਕਾਬਲੇ, ਗੁਰਬਾਣੀ ਦਾ ਸਹਾਰਾ ਲੈ ਕੇ ਇਹੋ ਜਿਹੀਆਂ ਧਾਰਨਾਵਾਂ ਘੜੀਆਂ ਗਈਆਂ ਹਨ। ਸ਼ਾਇਦ ਉਸ ਸਮੇਂ ਇਹ ਵਿਚਾਰ ਠੀਕ ਹੋਵੇ। ਪਰ ਹੁਣ ਤਾਂ ਪੰਜਾਬ ਵਿਚ ਉਸ ਤਰ੍ਹਾਂ ਦੇ ਅਖਾੜਚੀ ਨਹੀਂ ਰਹੇ। ਉਹਨਾਂ ਦੀ ਥਾਂ ਅਸ਼ਲੀਲ ਗੀਤਾਂ, ਫਿਲਮਾਂ ਆਦਿ ਨੇ ਲੈ ਲਈ ਹੈ। ਇਸ ਦਾ ਇਹ ਹੱਲ ਤਾਂ ਨਹੀਂ ਕਿ ਗੁਰਬਾਣੀ ਨੂੰ ਤੋੜ ਮਰੋੜ ਕੇ ਫਿਲਮੀ ਤਰਜਾਂ ਜਾਂ ਧਾਰਨਾ ਲਾ ਕੇ ਪੜ੍ਹਏ ਤੇ ਕਹੀਏ ਕਿ ਇਸ ਨਾਲ ਗੁਰਬਾਣੀ ਦੀ ਸਮਝ ਪੈ ਜਾਵੇਗੀ। ਇਹ ਤਾਂ ਇਸ ਤਰ੍ਹਾਂ ਹੋਵੇਗਾ:- "ਤੁਰਿਆ ਨਾ ਜਾਵੇ, ਫਿੱਟੇ ਮੂੰਹ ਗੋਡਿਆ ਦਾ" ਕੱਲ੍ਹ ਨੂੰ ਕੋਈ ਆਖੇਗਾ ਕਿ ਸਾਰੀ ਗੁਰਬਾਣੀ ਨੂੰ "ਸੁਖੈਣ ਕਵਿਤਾ" ਦੇ ਰੂਪ ਵਿਚ ਲਿਖ ਦਿੱਤਾ ਜਾਵੇ। ਇਹ ਇਸਤਰ੍ਹਾਂ ਹੋਵੇਗਾ ਕਿ ਚੁਬਾਰੇ ਤੇ ਚੜ੍ਹਿਆ ਨਾ ਜਾਵੇ ਤਾਂ ਕੰਧਾਂ ਡੇਗ ਕੇ ਛੱਤ ਨੀਵੀਂ ਕਰ ਲਈ ਜਾਵੇ ਤਾਂ ਆਪਣੀ ਕਾਮਯਾਬੀ ਤੇ ਪ੍ਰਸੰਨਤਾ ਮਹਿਸੂਸ ਕੀਤੀ ਜਾਵੇ।

ਅਗਿਆਨਤਾ ਵੱਸ ਨਿਰੋਲ ਕਰਨ ਤੇ ਗੁਰਬਾਣੀ ਪੜ੍ਹਨ ਦੀ ਸਮਰੱਥਾ ਸਾਡੇ ਵਿਚ ਨਾ ਹੋਵੇ ਤਾਂ ਗੁਰਬਾਣੀ ਦੇ ਵਿਗਾੜਨ ਨੂੰ ਸੁਖੈਨ ਤਰੀਕਾ ਕਹਿਣਾ ਕਿਧੱਰ ਦੀ ਸਿਆਣਪ ਹੈ ? ਗੁਰਬਾਣੀ ਨਾਲ ਮਿਲਾ ਕੇ ਗਾਈਆਂ, ਕੱਚੀਆਂ ਧਾਰਨਾਵਾਂ ਵਾਲੀਆਂ ਕੈਸਟਾਂ, ਸਮਾਗਮ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੂਲ ਪਾਠ ਨੂੰ ਵਿਗਾੜਨ ਵਿਚ ਜਿਥੇ ਸਹਾਇਕ ਹੋ ਸਕਦੀਆਂ ਹਨ, ਉਥੇ ਗੁਰਬਾਣੀ ਦੇ ਉਚੇ ਮਿਆਰ ਨੂੰ ਘਟਾਉਣ ਵਿਚ ਵੀ ਭਾਗੀ ਹੋ ਸਕਦੀਆਂ ਹਨ। ਇਹਨਾਂ ਗੱਲਾਂ ਨੂੰ, ਨਾ ਛੱਡਣਾ ਕਲ੍ਹ ਲਈ ਕੰਡੇ ਬੀਜਣ ਦੇ ਤੁਲ ਹੈ।

ਗੁਰਬਾਣੀ ਵਿਚ ਹੇਰ ਫੇਰ, ਵਾਧੇ ਘਾਟੇ ਦੀ ਇਜਾਜਤ ਕਿਸੇ ਨੂੰ ਨਹੀਂ ਗੁਰੂ ਸਾਹਿਬ ਨੇ ਆਪ ਇਸ ਨੂੰ ਬਰਦਾਸ਼ਤ ਨਹੀ ਕੀਤਾ ਤਾਂ ਫਿਰ ਅੱਜ ਦੇ ਪਖੰਡੀ ਸਾਧ, ਸੰਤ, ਡੇਰੇਦਾਰ, ਨਾਨਕਸਰ ਵਾਲੇ ਰਤਵਾੜੇ ਵਾਲੇ ਇਨ੍ਹਾਂ ਦੇ ਚੇਲੇ ਚਾਟੜੇ ਕਿਸਦੇ ਪਾਣੀਹਾਰ ਹਨ ? ਕੀ ਉਹ ਭੇਖੀ, ਗੁਰੂ ਅਰਜਨ ਸਾਹਿਬ ਜੀ, ਗੁਰੂ ਹਰਿ ਰਾਏ ਸਾਹਿਬ ਨਾਲੋਂ ਵੀ ਉੱਪਰ ਹਨ ? ਇਸ ਵਿਚ ਜੇ ਵਾਚੀਏ ਤਾਂ ਕਸੂਰ ਸਾਡਾ ਆਪਣਾ ਹੀ ਜਾਪਦਾ ਹੈ। ਗੁਰੂ ਸਾਹਿਬਾਨ ਨੇ ਸਾਨੂੰ ਸੱਚ ਦੇ ਮਾਰਗ ਤੋਰਿਆ, ਸਰਬੰਸ ਵਾਰਨ ਤੱਕ ਦੀਆ ਕੁਰਬਾਨੀ ਕੀਤੀਆਂ ਚੂਕ ਤਾਂ ਸਾਡੇ ਹੈ। ਅਸੀਂ ਆਪਣੇ ਆਪ ਨੂੰ ਸਿੱਖ ਤਾਂ ਅਖਵਾਉਂਦੇ ਹਾਂ ਪਰ ਗੁਰਮਤਿ ਦੇ ਸਿਧਾਤਾਂ ਤੇ ਪਹਿਰਾ ਨਹੀਂ ਦਿੰਦੇ। ਜੁਗੋ-ਜੁਗੋ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਕੋਈ ਹੇਰ ਫੇਰ ਕਰਦਾ ਹੈ, ਅਸੀਂ ਉਸ ਨੂੰ ਵੰਗਾਰਨ ਦੀ ਥਾਂ ਮੂਕ ਦਰਸ਼ਕ ਬਣ ਕੇ ਤੱਕਦੇ ਰਹਿੰਦੇ ਹਨ। ਗੁਰਬਾਣੀ ਦਾ ਘੋਰ ਨਿਰਾਦਰ ਹੁੰਦਾ ਵੇਖ ਸਾਡਾ ਹਿਰਦਾ ਤੜਪਦਾ ਨਹੀਂ ਇਹੋ ਹੀ ਕਾਰਣ ਹੈ ਕਿ ਅੱਜ ਸਾਡੇ ਵਿਚ ਵੰਡੀਆਂ ਪਈਆਂ ਹਨ। ਅੱਜ ਅਸੀਂ ਸਾਡੇ ਗੁਰੂ ਗ੍ਰੰਥ ਸਾਹਿਬ ਦੇ ਸਿੱਖ ਨਾ ਹੋ ਕੇ ਭੇਖੀਆਂ ਦੀ ਬਦੌਲਤ ਹੀ ਸਾਡੇ ਵਿਚੋਂ ਇਕ ਪੰਥ, ਇਕ ਗ੍ਰੰਥ ਇਕ ਰਹਿਤ, ਇਕ ਮਰਯਾਦਾ ਇਕ ਨਿਸ਼ਾਨ ਵਾਲਾ ਸਿਧਾਂਤ ਨਹੀਂ ਦਿੱਸਦਾ।

ਗੁਰਸਿੱਖੋ ਜ਼ਰਾ ਵਿਚਾਰ ਕਰੋ:- ਕੁਰਾਨ ਸ਼ਰੀਫ ਵਿਚ ਭਲਾ ਕੋਈ ਲਫ਼ਜ਼ ਵੀ ਬਦਲ ਕੇ ਵਿਖਾਵੇ। ਮੱਕਾ ਮਦੀਨਾ ਦੀ ਸ਼ਾਨ ਦੇ ਖਿਲਾਫ਼ ਕੋਈ ਗੱਲ ਵੀ ਤਾਂ ਕਰੇ ਉਸ ਵੇਲੇ ਫਤਵੇ ਲੱਗਦੇ ਹਨ। ਮੁਸਲਿਮ ਜਗਤ ਦਾ ਇਕੱਲਾ-2 ਮੋਮਨ ਉਸ ਨੂੰ ਸੋਧਣ ਲਈ ਤੱਤਪਰ ਹੁੰਦਾ ਹੈ। ਪਰ ਸਾਡੇ ਤਾਂ ਇਸਟ ਖਿਲਾਫ ਕੋਈ ਜੋ ਮਰਜ਼ੀ ਦਲੀਲਾਂ ਘੜੀ ਜਾਵੇ ਅਸੀਂ ਕੋਈ ਐਕਸ਼ਨ ਨਹੀਂ ਲੈਣਾ ਚਾਹੁੰਦੇ। ਕੀ ਅੱਜ ਸਾਡੀ ਅਣਖ ਮੁਰਦਾ ਹੋ ਚੁੱਕੀ ਹੈ ?

ਖਾਲਸਾ ਜੀ ਸਿਆਣੇ ਕਹਿੰਦੇ ਹਨ ਬੀਮਾਰੀ ਤੇ ਬੁਰਾਈ ਨੂੰ ਜੰਮਦਿਆਂ ਹੀ ਰੋਕਣ ਦੇ ਉਪਾਅ ਆਰੰਭ ਕਰਨੇ ਚਾਹੀਏ ਹਨ, ਪਰ ਅਸੀਂ ਨਹੀਂ ਕੀਤੇ, ਬਿਮਾਰੀ ਗੰਭੀਰ ਹੋ ਗਈ ਧਾਰਨਾਵਾਂ ਲਾ ਕੇ ਗੁਰਬਾਣੀ ਗਾਉਣ ਵਾਲੀ। ਇਸ ਨੂੰ ਰੋਕਣ ਲਈ ਗੁਰੂ ਪੰਥ ਤੇ ਅਮਰਵੇਲ ਵਾਂਗ ਫੈਲ ਰਹੀ ਸਾਧਾਂ ਦੀ ਵੇਲ ਨੂੰ ਖਤਮ ਕਰਨਾ ਪਵੇਗਾ ਨਹੀ ਤਾਂ ਇਹ ਸਾਧ ਸਾਡਾ ਸਾਰਾ ਇਤਿਹਾਸ ਜਿਸ ਤੇ ਸਾਨੂੰ ਮਾਣ ਹੈ

ਵਿਗਾੜ ਦੇਣਗੇ।

ਧੰਨਤਾ ਅਤੇ ਸ਼ੋਭਾ ਪਿੱਛੇ ਭੱਜਦੇ ਭੇਖੀਆਂ ਨੂੰ, ਮੇਰੇ ਵੱਲੋਂ ਅਪੀਲ ਹੈ ਕਿ ਆਪਣੀਆਂ ਆਪਣੀਆਂ ਚਤੁਰਾਈਆਂ ਨੂੰ ਤਿਆਗ ਕੇ ਗੁਰੂ ਪੰਥ ਦੇ ਵਿਚ ਸ਼ਾਮਿਲ ਹੋ ਕੇ "ਗੁਰੂ ਗ੍ਰੰਥ ਸਾਹਿਬ ਜੀ" ਦੇ ਲੜ ਲੱਗ ਜਾਈਏ। ਫਿਰ ਧੰਨਤਾ ਅਤੇ ਸ਼ੋਭਾ ਸਾਡੇ ਪੈਰ ਚੁੰਮਣਗੀਆਂ। ਪੰਥ ਦਰਦੀਓ ਤੁਸੀਂ ਵੀ ਚੌਂਕੀਦਾਰ ਬਣ ਕੇ ਗੁਰਮਤਿ ਸਿਧਾਤਾਂ ਦੀ ਰਾਖੀ ਲਈ ਆਪਣਾ ਵੱਡਮੁੱਲਾ ਯੋਗਦਾਨ ਪਾਓ ਤੇ ਕੱਚੀਆਂ ਧਾਰਨਾਂ ਲਾ ਕੇ ਗੁਰਬਾਣੀ ਗਾਉਣ ਵਾਲਿਆਂ ਨੂੰ ਸਾਹਿਬਾਂ ਦੇ ਫੁਰਮਾਣ ਅਨੁਸਾਰ ਗੁਰਬਾਣੀ ਰੂਪੀ ਸੱਚੀ ਸੱਚੀ ਬਾਣੀ ਪੜ੍ਹਨ ਲਈ ਪ੍ਰੇਰੋ।

ਫੁਰਮਾਨ ਹੈ:-

ਹੁਕਮੁ ਮੰਨਿਹੁ ਗੁਰੂ ਕੇਰਾ ॥
ਗਾਵਹੁ ਸਚੀ ਬਾਣੀ ॥

(ਅਨੰਦ ਸਾਹਿਬ)

ਅਖੌਤੀ ਡੇਰਿਆਂ
'ਤੇ ਸੰਪਰਦਾਵਾਂ ਵਿਰੁੱਧ ਢੁੱਕਵੀਂ ਕਾਰਵਾਈ ਦੀ ਮੰਗ

ਬਾਬਾ ਬਕਾਲਾ, 30 ਸਤੰਬਰ (ਪ.ਪ.)-ਸ੍ਰੀ ਅਕਾਲ ਤਖਤ ਸਾਹਿਬ ਤੋਂ ਜਾਰੀ ਹੁਕਮਨਾਮਿਆਂ ਦੀ ਪੰਥ ਮਾਰੂ ਸ਼ਕਤੀਆਂ, ਅਖੌਤੀ ਡੇਰਿਆਂ ਸੰਪਰਦਾਵਾਂ ਦੇ ਪ੍ਰਬੰਧਕਾਂ ਵੱਲੋਂ ਹੋ ਰਹੀ ਉਲੰਘਣਾ ਅਤੇ ਸਿੱਖ ਕੌਮ ਨੂੰ ਗੁੰਮਰਾਹ ਕਰਨ ਵਾਲੀਆਂ ਕੁਝ ਸੰਸਥਾਵਾਂ ਸਿੱਖ ਕੌਮ ਵਿਚ ਘੁਸਪੈਠ ਕਰ ਚੁੱਕੀਆਂ ਹਨ, ਨੂੰ ਜੜ੍ਹੋਂ ਖਤਮ ਕਰਨ ਵਾਸਤੇ ਇਤਿਹਾਸਕ ਗੁ: ਨੌਵੀ ਪਾਤਸ਼ਾਹੀ ਬਾਬਾ ਬਕਾਲਾ ਵਿਖੇ ਵਰਲਡ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਇਕ ਜ਼ਰੂਰੀ ਮੀਟਿੰਗ ਪ੍ਰਧਾਨ ਸ: ਗੁਰਚਰਨ ਸਿੰਘ ਧਰਦਿਓ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਜਨਰਲ ਸਕੱਤਰ ਇੰਦਰਜੀਤ ਸਿੰਘ ਭਰੋਸ਼ੀ, ਦਰਤਰ ਸਕੱਤਰ ਸੰਜੀਵ ਕੁਮਾਰ, ਜ਼ਿਲ੍ਹਾ ਅੰਮ੍ਰਿਤਸਰ ਦੇ ਪ੍ਰਧਾਨ ਸਤਿਨਾਮ ਸਿੰਘ ਔਜਲਾ, ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਕੁਲਵੰਤਬੀਰ ਸਿੰਘ, ਮੀਤ ਪ੍ਰਧਾਨ ਹਰਦੀਪ ਸਿੰਘ ਕੰਗ, ਪੱਛਮੀ ਬੰਗਾਲ ਸਟੇਟ ਦੇ ਪ੍ਰਧਾਨ ਰਾਜਪਾਲ ਸਿੰਘ ਵਿਰਕ, ਗੁਰਬਖਸ਼ ਸਿੰਘ ਜੱਗਾ, ਹਰਬੰਸ ਸਿੰਘ ਭੱਟੀਕੇ, ਸਵਿੰਦਰ ਸਿੰਘ ਸੋਢੀ ਅਤੇ ਫੈਡਰੇਸ਼ਨ ਦੇ ਸੀ: ਮੀਤ ਪ੍ਰਧਾਨ ਸੁਰਜੀਤ ਸਿੰਘ ਬਿੱਟੂ ਕੌਂਕੇ ਸ਼ਾਮਿਲ ਹੋਏ। ਅੱਜ ਦੀ ਮੀਟਿੰਗ 'ਚ ਕੁਝ ਅਹਿਮ ਮਤੇ ਸ਼੍ਰੋਮਣੀ ਕਮੇਟੀ ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿ: ਜੋਗਿੰਦਰ ਸਿੰਘ ਵੇਦਾਂਤੀ ਦੇ ਧਿਆਨ ਹਿੱਤ ਲਿਆਂਦੇ ਗਏ। ਪਹਿਲੇ ਮਤੇ ਵਿਚ ਸਰੀ ਅਕਾਲ ਤਖਤ ਦੇ ਜਥੇ: ਜੋਗਿੰਦਰ ਸਿੰਘ ਵੇਦਾਂਤੀ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੂੰ ਅਪੀਲ ਕੀਤੀ ਗਈ ਕਿ ਉਹ ਗੁਰਦੁਆਰਿਆ ਦੀ ਸਰਵ ਉੱਚ ਪਵਿੱਤਰਤਾ ਨੂੰ ਧਿਆਨ 'ਚ ਰੱਖਦਿਆ ਆਪਣੇ ਸ਼੍ਰੋਮਣੀ ਕਮੇਟੀ ਦੇ ਅਮਲੇ ਦੇ ਸੀਨੀਅਰ ਮੈਨੇਜਰਾਂ ਨੂੰ ਹਦਾਇਤਾਂ ਕਰਨ ਕਿ

ਗੁਰਦੁਆਰਿਆਂ ਦੇ ਆਸ ਪਾਸ ਘੱਟ ਤੋਂ ਘਟ 500 ਗਜ਼ ਦੀ ਦੂਰੀ ਤੇ ਕਿਸੇ ਵੀ ਦੁਕਾਨ ਤੇ ਨਸ਼ੀਲੀਆਂ ਵਸਤਾਂ ਵੇਚਣ ਵਾਲਿਆਂ ਤੇ ਤੁਰੰਤ ਪਾਬੰਦੀ ਲਾਈ ਜਾਵੇ। ਦੂਸਰੇ ਮਤੇ ਰਾਹੀਂ ਕੇਂਦਰੀ ਰਿਜ਼ਰਵ ਪੁਲਿਸ ਫੋਰਸ ਦੇ ਇਕ ਅਕ੍ਰਿਤਘਣ ਵਿਅਕਤੀ ਕਮਾਂਡੈਂਟ ਵੱਲੋਂ ਬੀਤੇ ਦਿਨੀਂ ਇਕ ਸਿੱਖ ਨੌਜਵਾਨ ਦਾ ਪਟਕਾ ਪਾੜ ਕੇ ਸ਼ਰੇਆਮ ਸਾੜਨ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਭਾਰਤ ਸਰਕਾਰ ਤੋਂ ਅਪੀਲ ਕੀਤੀ ਗਈ ਕਿ ਉਕਤ ਕਮਾਂਡੈਂਟ ਵਿਰੁੱਧ ਕਾਰਵਾਈ ਕਰਕੇ ਨੌਕਰੀ ਤੋਂ ਹਮੇਸ਼ਾਂ ਬਰਤਰਫ ਕੀਤਾ ਜਾਵੇ।

ਡੇਰਾਵਾਦ ਨੂੰ ਰੋਕਣ ਲਈ ਸਿੱਖ ਸੰਗਤਾਂ ਅੱਗੇ ਆਉਣ-ਕਰਮੂਵਾਲਾ

ਗੋਇੰਦਵਾਲ ਸਾਹਿਬ, 12 ਅਗਸਤ (ਵਰਿੰਦਰ ਸਿੰਘ ਰੰਧਾਵਾ)-ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸੀਨੀਅਰ ਆਗੂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਥੇਦਾਰ ਗੁਰਬਚਨ ਸਿੰਘ ਕਮਰੂਵਾਲਾ ਨੇ ਸਥਾਨਕ ਗੁਰਦੁਆਰਾ, ਬਾਉਲੀ ਸਾਹਿਬ ਦੇ ਸੂਚਨਾ ਕੇਂਦਰ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਕਿਹਾ ਕਿ ਦੇਹਧਾਰੀ ਗੁਰੂਆਂ ਦੀ ਭਰਮਾਰ ਅਤੇ ਵੱਧ ਰਹੇ ਡੇਰਾਵਾਦ ਇਕ ਚਿੰਤਾ ਦਾ ਵਿਸ਼ਾ ਹੈ ਅਤੇ ਇਸ ਨੂੰ ਰੋਕਣ ਲਈ ਸਿੱਖ ਸੰਗਤ ਨੂੰ ਅੱਗੇ ਆਉਣ ਦੀ ਲੋੜ ਹੈ। ਸ੍ਰੀ ਕਰਮੂਵਾਲਾ ਨੇ ਕਿਹਾ ਕਿ ਉਹ ਚੋਣਾਂ ਜਿੱਤਣ ਬਾਅਦ ਵੋਟਰਾਂ ਦਾ ਧੰਨਵਾਦ ਕਰਨ ਲਈ ਵੱਖ-ਵੱਖ ਪਿੰਡਾਂ ਵਿਚ ਜਾ ਰਹੇ ਹਨ ਜਿਸ ਦੀ ਸ਼ੁਰੂਆਤ 13 ਅਗਸਤ ਨੂੰ ਗੋਇੰਦਵਾਲ ਸਾਹਿਬ ਤੋਂ ਕਰਨਗੇ। ਇਸ ਮੌਕੇ 'ਤੇ ਉਨ੍ਹਾਂ ਨਾਲ ਹੋਰਨਾਂ ਤੋਂ ਇਲਾਵਾ ਆਲ ਇੰਡੀਆ ਯੂਥ ਅਕਾਲੀ ਦਲ ਬਾਦਲ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਸ: ਕੁਲਦੀਪ ਸਿੰਘ ਔਲਖ, ਸ. ਲਖਵੀਰ ਸਿੰਘ ਪੰਨੂੰ, ਸ: ਪ੍ਰੇਮ ਸਿੰਘ ਸਰਪੰਚ ਗੋਇੰਦਵਾਲ ਸਾਹਿਬ, ਸ: ਬਲਦੇਵ ਸਿੰਘ ਕੋਟ ਮੁਹੰਮਦ, ਸ: ਪਰਮਜੀਤ ਸਿੰਘ ਅਤੇ ਹੋਰ ਅਕਾਲੀ ਵਰਕਰ ਹਾਜ਼ਰ ਸਨ।

ਤਾਂਤਰਿਕ ਦਾ ਪਰਦਾਫਾਸ਼ ਕਰਨ ਵਾਲੇ ਸਿੱਖ ਆਗੂਆਂ 'ਤੇ ਪਰਚਾ ਦਰਜ ਕਰਨ ਦਾ ਵਿਰੋਧ

ਖਾਲੜਾ/ਭਿੱਖੀਵਿੰਡ, 2 ਦਸੰਬਰ (ਪਿਸ਼ੌਰਾ ਸਿੰਘ ਪੰਨੂੰ)- ਬੀਤੇ ਦਿਨ ਕਸਬਾ ਗੋਇੰਦਵਾਲ ਨੇੜਲੇ ਪਿੰਡ ਧੂੰਦਾ ਵਿਖੇ ਲੋਕਾਂ ਨੂੰ ਗੈਬੀ ਸ਼ਕਤੀ ਦਾ ਡਰਾਵਾ ਦੇ ਕੇ ਲੁੱਟਣ ਵਾਲੇ ਤਾਂਤਰਿਕ ਦਾ ਗੱਲਬਾਤ ਰਾਹੀ ਪਰਦਾਫਾਸ਼ ਕਰਨ ਵਾਲੇ ਸਿੱਖ ਜਥੇਬੰਦੀਆ ਦੇ ਨੁਮਾਇੰਦਿਆਂ ਖਿਲਾਫ ਪੁਲਿਸ ਵੱਲੋਂ ਉਲਟਾ ਕੇਸ ਦਰਜ ਕਰਨ ਦੇ ਰੋਸ ਵਜੋਂ ਸਿੱਖ ਜਥੇਬੰਦੀਆਂ ਦੇ ਆਗੂ ਅੱਜ ਜ਼ਿਲ੍ਹਾ ਪੁਲਿਸ ਮੁਖੀ ਤਰਨ ਤਾਰਨ ਸ: ਪਰਮਜੀਤ ਸਿੰਘ ਗਰੇਵਾਲ ਨੂੰ ਇਕ ਵਫਦ ਦੇ ਰੂਪ ਵਿਚ ਮਿਲੇ ਹਨ। ਜਿਨ੍ਹਾਂ ਨੇ ਪੁਲਿਸ ਮੁਖੀ ਨੂੰ ਅਸਲੀਅਤ ਤੋਂ ਜਾਣੂ ਕਰਵਾਉਂਦਿਆ ਤਾਂਤਰਿਕ ਦੁਆਰਾ ਠੱਗੇ ਲੋਕਾਂ ਵੱਲੋਂ ਜਥੇਬੰਦੀਆਂ ਨੂੰ ਦਿੱਤੇ ਤਸਦੀਕਸ਼ੁਦਾ ਹਲਫੀਆਂ ਬਿਆਨਾਂ ਦੀਆਂ

ਨਕਲਾਂ ਪੇਸ਼ ਕੀਤੀਆਂ। ਜ਼ਿਲ੍ਹਾਂ ਪੁਲਿਸ ਮੁਖੀ ਨੂੰ ਮਿਲ ਕੇ ਬਾਹਰ ਨਿਕਲੇ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਦਫਤਰ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਦੱਸਿਆਂ ਕਿ ਸੁਖਜਿੰਦਰ ਕੌਰ ਪਤਨੀ ਦਲਜੀਤ ਸਿੰਘ ਵਾਸੀ ਮੀਆਂਵਿੰਡ ਸਾਡੇ ਸੱਤ ਹਜ਼ਾਰ, ਰਣਜੀਤ ਸਿੰਘ ਪੁੱਤਰ ਤਰਲੋਕ ਸਿੰਘ ਵਾਸੀ ਪਿੰਡ ਧੂੰਦਾ ਦੁਆਰਾ ਇੱਕਤਰ ਸੌ ਰੁਪਏ, ਅਮਰਜੀਤ ਕੌਰ ਪਤਨੀ ਵਰਿਆਮ ਸਿੰਘ ਦੁਆਰਾ ਸੱਤ ਹਜ਼ਾਰ, ਜੋਰਾਵਰ ਸਿੰਘ ਪੁੱਤਰ ਸੁਖਦਿਆਲ ਸਿੰਘ ਦੁਆਰਾ ਛੇ ਹਜ਼ਾਰ ਚਾਰ ਸੌ ਰੁਪਏ, ਪਾਲ ਸਿੰਘ ਪੁੱਤਰ ਅਰਜਨ ਸਿੰਘ ਪਿੰਡ ਧੂੰਦਾ ਦੁਆਰਾ 5 ਹਜ਼ਾਰ ਰੁਪਏ, ਨਰਿੰਦਰ ਕੌਰ ਪਤਨੀ ਕੁਲਵਿੰਦਰ ਸਿੰਘ ਦੁਆਰਾ 13 ਹਜ਼ਾਰ ਰੁਪਏ ਦੇ ਹਲਫੀਆਂ ਬਿਆਨਾਂ ਦੀਆਂ ਨਕਲਾਂ ਤੋਂ ਇਲਾਵਾ ਸੰਗਤਾਂ ਤਾਂਤਰਿਕ ਵੱਲੋਂ ਲੁੱਟਣ ਦੇ ਸੂਬਤ ਅਸੀਂ ਪੇਸ਼ ਕਰ ਦਿੱਤੇ ਹਨ, ਕਿਉਂਕਿ ਸੰਗਤਾਂ ਦੀ ਜ਼ੋਰਦਾਰ ਮੰਗ 'ਤੇ ਹੀ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਦਲਜੀਤ ਸਿੰਘ ਉਰਫ ਦੇਵਾ ਜੋਤੀ ਨਾਮੀਂ ਤਾਂਤਰਿਕ ਨੂੰ ਗੱਲਬਾਤ ਰਾਹੀਂ ਆਪਣੇ ਵਿਚ ਗੈਬੀ ਸ਼ਕਤੀ ਦਾ ਪ੍ਰਗਟਾਵਾ ਕਰਕੇ 5 ਲੱਖ ਰੁਪਏ ਦਾ ਇਨਾਮ ਹਾਸਲ ਕਰਨ ਦੀ ਚੁਣੌਤੀ ਦਿੱਤੀ ਸੀ ਜਿਸ ਕਰਕੇ ਉਸ ਨੇ ਗੱਲਬਾਤ ਦੌਰਾਨ ਆਪਣੀ ਗਲਤੀ ਮੰਨ ਕੇ ਸੰਗਤ 'ਚ ਮੁਆਫੀਨਾਮਾ ਲਿਖ ਕੇ ਅੱਗੇ ਤੋਂ ਲੋਕਾਂ ਨੂੰ ਲੁੱਟਣ ਦੀ ਤੌਬਾ ਕੀਤੀ ਸੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਖਾਲਸਾ ਪੰਚਾਇਤ ਆਗੂ ਡਾ: ਰਜਿੰਦਰ ਸਿੰਘ ਰਾਣਾ, ਨੌਜਵਾਨ ਵਿਕਾਸ ਸਭਾ ਗੋਇੰਦਵਾਲ, ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਤਰਨ ਤਾਰਨ, ਲੋਕ ਬਚਾਓ ਕਮੇਟੀ ਪੰਜਾਬ ਦੇ ਬਖਸ਼ੀਸ਼ ਸਿੰਘ ਜੌੜਾ, ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਧੂਲਕਾਂ, ਗੁਰਮਤਿ ਗਿਆਨ ਮਿਸ਼ਨਰੀ ਕਾਲਜ ਡੱਲ ਦੇ ਸੰਦੀਪ ਸਿੰਘ ਖਾਲੜਾ, ਭਾਈ ਬਲਬੀਰ ਸਿੰਘ ਮੁੱਛਲ, ਭਾਈ ਗੁਰਚਰਨ ਸਿੰਘ ਗ੍ਰੰਥੀ, ਕੈਪਟਨ ਕਾਲੇਕੇ, ਗਿਆਨੀ ਚਰਨ ਸਿੰਘ ਆਦਿ ਹਾਜ਼ਰ ਸਨ। 'ਸਰਕਾਰ ਵੀ ਪਾਖੰਡੀ ਬਾਬਿਆ ਦੀ ਪਿੱਠ' ਤੇ ਜਦੋ ਪੁਲੀਸ ਨੇ ਉਹਨਾਂ ਸਿੰਘਾਂ ਤੇ ਪਰਚੇ ਦਰਜ ਕੀਤੇ ਜਿਹੜੇ ਪਾਖੰਡੀ ਬਾਬਿਆ ਦੀ ਲੁੱਟ ਤੋਂ ਸਮਾਜ ਨੂੰ ਬਚਾ ਰਹੇ ਹਨ' ਉਹ ਝੂਠੇ ਪਰਚੇ ਬਾਅਦ ਵਿਚ ਵਾਪਸ ਲਏ ਗਏ।

ਗੁਰੂ ਦੀ ਵਿਚਾਰਧਾਰਾ ਅਤੇ ਸੰਤਾਂ ਦੀ ਵਿਚਾਰਧਾਰਾ ਵਿਚ ਬਹੁਤ ਅਮਤਰ ਹੈ ਸਮਝਣ ਦਾ ਯਤਨ ਕਰੋ ।

ਗੁਰੂ ਦੀ ਵਿਚਾਰਧਾਰਾ	ਸੰਤਾਂ ਦੀ ਵਿਚਾਰਧਾਰਾ
1. ਪ੍ਰਮਾਤਮਾ ਇਕ ਹੈ ।	1. ਇਹ ਆਪ ਹੀ ਰੱਬ ਅਤੇ ਇਹਨਾਂ ਦੇ ਚੇਲੇ ਮਿੰਨੀ ਰੱਬ। ਇਹ 33 ਕਰੋੜ ਦੇਵਤਿਆਂ ਦੀ ਕਥਾ ਕਰਦੇ ਹਨ ਅਤੇ ਕਬਰਾਂ ਵਾਲੇ ਫੱਕਰਾਂ ਨੂੰ ਵੀ ਰੱਬ ਮੰਨੀ ਬੈਠੇ ਹਨ ਆਲੇ ਬਣਾ ਕੇ ਸ਼ਹੀਦਾਂ ਦੇ ਦੀਵੇ ਜਗਾਉਣ ਵਾਸਤੇ ਵੀ ਕਹਿੰਦੇ ਰਹਿੰਦੇ ਹਨ ।
2. ਕੋਈ ਜਾਤ ਪਾਤ ਨਹੀ ਹੈ ।	2. ਇਹ ਨੀਵੀਂ ਜਾਤ ਵਾਲਿਆਂ (ਮਜਬੀ ਸਿੰਘਾਂ) ਨੂੰ ਆਪਣੇ ਲੰਗਰਾਂ ਵਿਚ ਨਹੀ ਵੜਨ ਦਿੰਦੇ ਅਤੇ ਅੰਮ੍ਰਿਤ ਵੀ ਵੱਖ ਛਕਾਉਂਦੇ ਹਨ ।
3. ਤੀਰਥ ਇਸ਼ਨਾਨਾਂ ਨਾਲ ਮਨ ਦੀ ਮੈਲ ਨਹੀ ਧੁਪਦੀ ।	3. ਇਹ ਆਪ ਤੀਰਥਾਂ ਤੇ ਇਸ਼ਨਾਨ ਕਰਦੇ ਹਨ ਇਹ ਛੱਪੜਾਂ ਦੇ ਪਾਣੀ ਨੂੰ ਇਸ਼ਨਾਨ ਕਰਨ ਅਤੇ ਉਥੋਂ ਚੁਲੇ ਲੈਣ ਲਈ ਕਹਿੰਦੇ ਹਨ ।
4. ਸਿੱਖਿਆ ਗੁਰਬਾਣੀ ਵਿਚੋਂ ਲੈਣੀ ਹੈ ।	4. ਇਹ ਮਨਘੜਤ ਝੂਠੀਆਂ ਕਰਾਮਾਤੀ ਕਹਾਣੀਆਂ ਵਿਚੋਂ ਸਿੱਖਿਆ ਲੈਂਦੇ ਹਨ ।
5. ਗੁਰੂ ਦਾ ਬਚਨ ਮੰਨਣਾ ਹੀ ਸਿਮਰਨ ਹੈ ।	5. ਸੰਤ ਦਾ ਹੁਕਮ, ਭੋਰਿਆ ਵਿਚ ਬੈਠ ਕੇ ਮਾਲਾ ਫੇਰਨੀਆਂ, ਬਾਣੀ ਨੂੰ ਵੀ ਜੰਤਰ ਮੰਤਰ, ਤੋਤਾ ਰਟਨ, ਅੱਖਾਂ ਮੀਟ ਕੇ ਸਮਾਧੀਆ, ਵਿਹਲੇ ਰਹਿਣਾ ਇਹ ਇਹਨਾਂ ਦਾ ਸਿਮਰਨ ਹੈ ।

6. ਸੇਵਾ ਦੁਨੀਆਂ ਦੀ, ਕੰਮਜੋਰ ਦੀ ਗਰੀਬ ਦਾ ਮੂੰਹ ਗੋਲਕ ਗੁਰੂ ਦੀ ।	6. ਸੇਵਾ ਸੋਨੇ ਚਾਂਦੀ ਦੀ ਇੱਟਾਂ ਪੱਥਰਾਂ ਸੰਗਮਰ ਮ਼ਰ, ਗੁਰਦੁਵਾਰਿਆ ਦੀਆਂ ਇਮਾਰਤਾਂ ਤੇ ਸਾਰਾ ਜੋਰ, ਲੇਬਰ ਫਰੀ ਮਾਲ ਮਾਲਕਾਂ ਦਾ ਮਸ਼ਹੂਰੀ ਕੰਪਨੀ ਦੀ।
7. ਗੁਰਮਤਿ ਅਨੁਸਾਰ ਗ੍ਰਿਹਸਤੀ ਜੀਵਨ ਜੀਊਣਾ ਹੈ ।	7. ਜਤੀ ਸਤੀ ਹੋਣ ਦਾ ਫੋਕਾ ਦਾਅਵਾ ਕਈ ਸੰਤ ਬਾਲ ਜਤੀ ਕਹਾਉਂਦੇ ਹਨ । ਜੋ ਸਰਾਸਰ ਝੂਠ ਹੈ।
8. ਕਿਰਤ ਕਰਨੀ ਦਸਵੰਧ ਦੇਣਾ	8. ਵਿਹਲੇ ਰਹਿ ਕੇ ਖਾਣਾ ਭੋਲੇ ਭਾਲੇ ਲੋਕਾਂ ਦੇ ਪੈਸੇ ਦੀ ਦੁਰਵਰਤੋਂ ਕਰਨੀ ।
9. ਕ੍ਰੋਧ ਦਾ ਬਦਲ, ਬੀਰ ਰਸ	9. ਇਹ ਬੀਰ ਰਸ ਦਾ ਤਿਆਗ ਕਰਦੇ ਹਨ ਨਿਮਰਤਾ (ਬੁਜਦਿਲੀ) ਇਹਨਾਂ ਅੰਦਰ ਹੈ ਇਹਨਾਂ ਸਬਰ ਸੰਤੋਖ ਦਾ ਤਿਆਗ ਕੀਤਾ ਹੋਇਆ ਹੈ ।
10. ਕਾਮ ਦਾ ਬਦਲ ਨਾਮ ਰਸ	10. ਪਰ ਇਹਨਾਂ ਦੀ ਹਾਲਤ ਸਾਰਿਆਂ ਦੇ ਸਾਹਮਣੇ ਹੈ ਕਈ ਸੰਤ ਬਲਾਤਕਾਰਾਂ ਦੇ ਕੇਸਾਂ ਵਿਚ ਜੇਲ੍ਹਾਂ ਅੰਦਰ ਡੱਕੇ ਹੋਏ ਹਨ।
11. ਹੰਕਾਰ ਦਾ ਬਦਲ ਨਿਮਰਤਾ	11. ਇਹਨਾਂ ਸੰਤਾਂ ਨੇ ਹੰਕਾਰ ਦਾ ਪ੍ਰਦਰਸ਼ਨ ਕਰਨ ਵਾਸਤੇ ਬਹੁਤ ਕੀਮਤੀ ਕਾਰਾਂ ਅਤੇ ਵੱਡੇ ਵੱਡੇ ਡੇਰੇ ਵੰਨ ਸੁਵੰਨੇ ਪਹਿਰਾਵੇ ਅਤੇ ਸੰਗਤਾਂ ਤੋਂ ਮੱਥੇ ਵੀ ਪੈਰਾਂ ਤੇ ਟਿਕਾ ਰਹੇ ਹਨ ।
12. ਮੋਹ ਦਾ ਬਦਲ ਪ੍ਰੇਮ,	12. ਇਹ ਸਾਰਾ ਜੋਰ ਡੇਰੇ ਵੱਡੇ ਵੱਡੇ ਕਰਨ, ਆਪਣੇ ਚੇਲੇ ਵਧਾਉਣ, ਜਾਇਦਾਦਾਂ ਬਣਾਉਣ ਅਤੇ ਪੱਗ

	ਵੀ ਆਪਣੇ ਪੁੱਤਾਂ ਜਾਂ ਨੇੜੇ ਰਹਿਣ ਵਾਲੇ ਖੁਸ਼ਾਮਦੀਆਂ ਨੂੰ ਦਿੰਦੇ ਹਨ।
13. ਕੋਈ ਕਰਾਮਾਤ ਨਹੀ ਹੈ।	13. ਇਹ ਸਦਾ ਹੀ ਕਰਾਮਾਤੀ ਕਹਾਣੀਆ ਸੁਣਾ ਸੁਣਾ ਕੇ ਲੋਕਾਂ ਨੂੰ ਵਹਿਮਾਂ ਭਰਮਾਂ ਵਿਚ ਪਾਉਂਦੇ ਰਹਿੰਦੇ ਹਨ।
14. ਸਿੱਖ ਗੁਰੂ ਦਾ ਹੋਕੇ ਰਹੇ	14. ਸਿੱਖ ਸਾਧ ਦਾ ਬਣੇ।
15. ਤਿਆਗ ਬੇਈਮਾਨੀ ਦਾ ਕਰਨਾ ਹੈ।	15. ਇਹ ਮਾਇਆਂ ਦੇ ਤਿਆਗ ਦੀਆਂ ਗੱਲਾਂ ਕਰਦੇ ਹਨ ਉਪਰੋਂ ਉਪਰੋਂ।
16. ਸੱਚ ਹੀ ਪ੍ਰਮਾਤਮਾ ਹੈ।	16. ਇਹ ਆਕਾਸ਼ ਵਿਚ ਪ੍ਰਮਾਤਮਾ ਮੰਨੀ ਬੈਠੇ ਹਨ।
17. ਸੱਚੋ ਸੱਚ ਫੈਸਲੇ ਆਪਣੇ ਆਪ ਹੁੰਦੇ ਹਨ।	17. ਇਹ ਕਹਿੰਦੇ ਫੈਸਲੇ ਧਰਮਰਾਜ ਕਰਦਾ ਹੈ।
18. ਪ੍ਰਮਾਤਮਾ ਬਹੁਤ ਨੇੜੇ ਹੈ ਹਰ ਜਗ੍ਹਾ ਵੱਸਦਾ ਹੈ। ਗੁਰਬਾਣੀ ਨਿਰੰਕਾਰ ਹੈ।	18. ਇਹ ਕਹਿੰਦੇ ਰੱਬ ਬਹੁਤ ਦੂਰ ਹੈ। ਸੰਤ ਦੀ ਵਿਚੋਲਗੀ ਬਿਨਾ ਉਸ ਤੱਕ ਪਹੁੰਚ ਨਹੀ ਹੋ ਸਕਦੀ।
19. ਕ੍ਰਿਤ ਦੀ ਪੂਜਾ ਨਹੀ ਕਰਨੀ	19. ਇਹ ਪੂਜਾ ਹੀ ਕ੍ਰਿਤ ਦੀ ਕਰਦੇ ਹਨ।
20. ਸਿੱਧ ਧਰਮ ਪਰੰਪਰਾਵਾਦੀ ਨਹੀ ਹੈ।	20. ਸਿੱਖ ਧਰਮ ਪਰੰਪਰਾਵਾਦੀ ਹੈ।
21. ਕੋਈ ਭੂਤ ਪ੍ਰੇਤ ਨਹੀ ਹੈ।	21. ਇਹ ਭੂਤਾਂ ਪ੍ਰੇਤਾਂ ਦੀਆਂ ਕਹਾਣੀਆਂ ਸੁਣਾਂ ਕੇ ਲੋਕਾਂ ਨੂੰ ਡਰਾ ਕੇ ਰੱਖਦੇ ਹਨ।
22. ਮੜ੍ਹੀ ਮਸਾਣਾ ਦੀ ਪੂਜਾ ਨਹੀ ਕਰਨੀ।	22. ਇਹ ਮੜ੍ਹੀਆ ਮਸਾਣਾ ਦੀ ਪੂਜਾ ਕਰਵਾ ਰਹੇ ਹਨ। ਅਤੇ ਮਰੇ ਸਾਧਾਂ

	ਦੀਆਂ ਮੜੀਆਂ ਬਣਾ ਰਹੇ ਹਨ ।
23. ਵਰਤ ਆਦਿ ਨਹੀ ਰੱਖਣੇ	23. ਇਹ ਵਰਤ ਰਖਵਾ ਰਹੇ ਹਨ । ਭੁੱਖੇ ਰਹਿਣ ਦਾ ਡਰਾਮਾਂ ਰਚਕੇ ਚਾਲੀਸੇ ਕੱਟ ਰਹੇ ਹਨ।
24. ਧਰਮ ਦੇ ਨਾਂ ਤੇ ਕਰਮਕਾਂਡ ਨਹੀ ਕਰਨੇ ।	24. ਇਹ ਕਰਮਕਾਂਡ ਨੂੰ ਹੀ ਧਰਮ ਮੰਨਦੇ ਹਨ।
25. ਸੁੱਚ ਭਿੱਟ ਕੋਈ ਵਹਿਮ ਭਰਮ ਨਹੀ ਹੈ ।	25. ਇਹ ਆਪਣੀ ਬਾਹਮਣ ਵਾਲੀ ਸੁੱਚ ਭਿੱਟ ਮੰਨਦੇ ਹਨ ਅਤੇ ਵਹਿਮਾਂ ਭਰਮਾਂ ਵਿਚ ਪਾ ਰਹੇ ਹਨ ।
26. ਸਿੱਖ ਗੁਰੂ ਦਾ ਹੈ ।	26. ਇਹ ਕਹਿੰਦੇ ਸਿੱਖ ਸੰਤ ਦਾ ਹੈ ।
27. ਅੰਮ੍ਰਿਤ ਗੁਰੂ ਦਾ ਹੈ ।	27. ਅੰਮ੍ਰਿਤ ਸੰਤ ਦਾ ਹੈ ਬਾਬੇ ਦਾ ਹੈ ।
28. ਲੰਗਰ ਗੁਰੂ ਦਾ ਹੈ ।	28. ਲੰਗਰ ਬਾਬੇ ਦਾ ਹੈ ।
29. ਗੁਰਦੁਵਾਰਾ ਗੁਰੂ ਦਾ ਹੈ ।	29. ਡੇਰਾ ਸੰਤ ਦਾ ਆਪਣਾ ਹੈ ।
30. ਮਰਯਾਦਾ ਗੁਰੂ ਦੀ ਹੈ ।	30. ਮਰਯਾਦਾ ਬਾਬੇ ਦੀ ਹੈ ।
31. ਸੇਵਾ ਗੁਰੂ ਦੀ ਹੈ ।	31. ਸੇਵਾ ਬਾਬੇ ਦੀ ਹੈ ।
32. ਬਚਨ ਗੁਰੂ ਦਾ ਹੈ ।	32. ਬਚਨ ਸਾਧ ਬਾਬੇ ਦਾ ਹੈ ।
33. ਤਨ ਮਨ ਧਨ ਗੁਰੂ ਦਾ ਹੈ ।	33. ਤਨ ਮਨ ਧਨ ਸੰਤ ਦਾ ਹੈ ।
34. ਬਾਣੀ ਗੁਰੂ ਦੀ ਹੈ ।	34. ਬਾਣੀ ਬਾਬੇ ਦੀ ਹੈ ।
35. ਕੀਰਤਨ ਗੁਰੂ ਦਾ ਹੈ ।	35. ਕੀਰਤਨ ਬਾਬੇ ਦਾ ਹੈ ।
36. ਕਥਾ ਗੁਰਬਾਣੀ ਦੀ ਹੈ ।	36. ਕਥਾ ਬਾਬੇ ਨਾਲ ਜੁੜੀਆਂ ਕਲਪਨਿਕ ਕਹਾਣੀਆਂ ਦੀ ਹੈ ।
37. ਕਕਾਰ ਗੁਰੂ ਦੇ ਹਨ ।	37. ਕਕਾਰ ਬਾਬੇ ਦੇ ਹਨ ।
38. ਗੁਰੂ ਸਮਰੱਥ ਹੈ ।	38. ਬਾਬਾ ਸਮਰੱਥ ਹੈ ।
39. ਗੁਰੂ ਦੁਬਿਧਾ ਈਰਖਾ ਖਤਮ ਕਰਦਾ ਹੈ ।	39. ਇਹ ਸੰਤ ਦੁਬਿਧਾ ਈਰਖਾ ਵਧਾਉਂਦੇ

	ਹਨ।
40. ਗੁਰੂ ਅਤੇ ਸਿੱਖ ਦਾ ਸਿੱਧਾ ਸਬੰਧ ਹੈ।	40. ਇਹ ਸੰਤ ਬਾਬੇ ਵਿਚੋਲਗੀ ਦੀ ਵਕਾਲਤ ਕਰਦੇ ਹਨ। ਅਤੇ ਆਪਸ ਵਿਚ ਈਰਖਾ ਬਹੁਤ ਰੱਖਦੇ ਹਨ।
41. ਗੁਰੂ ਅਤੇ ਸਿੱਖ ਦੀ ਦੋਹਰੀ ਪ੍ਰੀਤ ਹੈ।	41. ਇਹ ਸਭ ਸੁਆਰਥੀ ਹਨ।
42. ਗੁਰੂ ਦਾਤਾ ਹੈ।	42. ਇਹ ਸੰਤ ਬਾਬੇ ਦਾਤੇ ਕਹਾਉਂਦੇ ਹਨ ਅਤੇ ਘਰ ਘਰ ਮੰਗਦੇ ਹਨ।
43. ਗੁਰੂ ਸਮਦ੍ਰਿਸ਼ਟੀ ਹੈ।	43. ਇਹ ਸੰਤ ਬਾਬੇ ਉਤੋਂ ਹੋਰ ਵਿਚੋਂ ਹੋਰ ਸੰਤਾਂ ਵਾਸਤੇ ਲੰਗਰ ਹੋਰ ਗਰੀਬਾਂ ਵਾਸਤੇ ਹੋਰ।
44. ਗੁਰੂ ਨਿਰਵੈਰ ਹੈ।	44. ਇਹ ਸੰਤ ਬਾਬੇ ਆਪਸ ਵਿਚ ਵੀ ਗੋਲੀਆਂ ਚਲਾਉਂਦੇ ਹਨ।
45. ਗੁਰੂ ਨਿਰਭਉ ਹੈ।	45. ਇਹ ਅੰਦਰੋ ਬੜੇ ਡਰੇ ਰਹਿੰਦੇ ਹਨ। ਇਹ ਗੰਨਮੈਨ ਵੀ ਰੱਖਦੇ ਹਨ।
46. ਗੁਰੂ ਜ਼ੁਗੋ ਜੁਗੋ ਅਟੱਲ ਹੈ।	46. ਇਹਨਾਂ ਸੰਤ ਬਾਬਿਆ ਦੇ ਪੱਗਾਂ (ਗੱਦੀਆਂ) ਦੇ ਝਗੜੇ ਨਿਤਦਿਨ ਵੱਧ ਰਹੇ ਹਨ।
47. ਗੁਰਬਾਣੀ ਗੁਰੂ ਦੀ ਮਤਿ ਹੈ।	47. ਇਹ ਸੰਤ ਬਾਬੇ ਦੀ ਗੱਲ ਕਰਦੇ ਹਨ ਇਹ ਪੜ੍ਹੋ ਤੇ ਇਹ ਫਲ, ਇਹ ਪੜ੍ਹੋ ਤੇ ਇਹ ਫਲ।
48. ਗੁਰਬਾਣੀ ਮਨ ਦੇ ਰੋਗ ਦੂਰ ਕਰਦੀ ਹੈ।	48. ਇਹ ਸੰਤ ਬਾਬੇ ਪਾਣੀ ਵਿਚ ਫੂਕਾਂ ਮਾਰ-ਮਾਰ ਦਿੱਤੀ ਜਾਂਦੇ ਹਨ।
49. ਗੁਰੂ ਇਕ ਹੈ।	49. ਇਹਨਾਂ ਸੰਤਾਂ ਦੀ ਗਿਣਤੀ ਪੰਜਾਬ ਵਿਚ 16000 ਤੋਂ ਵੱਧ ਹੈ।
50. ਗੁਰਮਤਿ ਵਿਚਾਰ ਧਾਰਾ ਇਕ ਹੈ।	50. ਇਹਨਾਂ ਸੰਤ ਬਾਬਿਆਂ ਦੀਆ ਅਨੇਕਾਂ

	ਵਿਚਾਰਧਾਰਾਂ ਹਨ ।
51. ਗੁਰੂ ਸੱਚਾ ਹੈ ।	51. ਇਹ ਝੂਠੇ ਹਨ ।
52. ਤੇਰੇ ਭਾਣੇ ਸਰਬੱਤ ਦਾ ਭਲਾ ।	52. ਇਹਨਾਂ ਸੰਤਾਂ ਦੇ ਭਾਣੇ ਇਹਨਾਂ ਦੇ ਧੀਆਂ ਪੁੱਤਾਂ ਦਾ ਭਲਾ ਇਹਨਾਂ ਦੇ ਚੇਲਿਆਂ ਦਾ ਭਲਾ ਇਹਨਾਂ ਦਾ ਆਪਣਾ ਭਲਾ ।
53. ਵਰ ਸਰਾਪ ਕੋਈ ਨਹੀ ਹੈ ।	53. ਇਹ ਵਰਾਂ ਦੇ ਲਾਲਚ ਅਤੇ ਸਰਾਪ ਦਾ ਡਰ ਪਾ ਕੇ ਲੁੱਟਦੇ ਹਨ ।
54. ਸੱਚ ਸਵਰਗ ਅਤੇ ਝੂਠ ਨਰਕ ਹੈ ।	54. ਇਹਨਾਂ ਸੰਤਾਂ ਨੇ ਹਿੰਦੂ ਮੱਤ ਗਰੁੜ ਪੁਰਾਣ ਵਾਲੇ ਸਵਰਗ ਨਰਕ ਮੰਨੇ ਹੋਏ ਹਨ ।
55. ਕਰਮ (ਕੰਮ) ਹੀ ਚਿਤਰ ਗੁਪਤ ਹਨ ।	55. ਇਹਨਾਂ ਸੰਤਾਂ ਨੇ ਚਿਤਰ ਗੁਪਤ ਦੀ ਵਿਆਖਿਆਂ ਗਲਤ ਕੀਤੀ ਹੋਈ ਹੈ ।
56. ਆਵ ਗਵਣ ਦਾ ਚੱਕਰ ਜਨਮ ਮਰਨ ਦਾ ਚੱਕਰ ਹੀ ਸਜਾ ਹੈ ।	56. ਇਹ ਜਮਦੂਤਾਂ ਦੀਆਂ ਧਰਮਰਾਜ ਦੀਆਂ ਕਹਾਣੀਆਂ ਸੁਣਉਂਦੇ ਹਨ ਅਤੇ ਲੱਤਾਂ ਬਾਹਵਾਂ ਵੱਡੇ ਜਾਣਦੀ ਸਜਾ ਦੀ ਗੱਲ ਕਰਦੇ ਹਨ ।
57. ਸਾਰੇ ਵਾਰ ਪਵਿੱਤਰ ਹਨ	57 ਇਹ ਬਾਬੇ ਵਾਰਾਂ ਕਵਾਰਾਂ ਦੀ ਵਿਚਾਰ ਕਰਦੇ ਹਨ ।
58. ਔਰਤ ਅਪਵਿਤਰ ਨਹੀ ਮਹਾਨ ਹੈ ।	58. ਔਰਤ ਅਪਵਿਤਰ ਹੈ ਨਿਖਿੱਧ ਹੈ ।
59. ਇਹ ਸ਼ਬਦ ਗੁਰੂ ਦੇ ਚਰਨ ਹਨ ।	59. ਇਸ ਸੰਤਾਂ ਦੇ ਹੱਡ ਮਾਸ ਦੇ ਪੈਰਾਂ ਨੂੰ ਚਰਨ ਕਹਿੰਦੇ ਹਨ ।

60. ਗੁਰੂ ਦੇ ਸਿੱਖ ਗੁਰ ਸ਼ਬਦ ਨੂੰ ਹਿਰਦੇ ਰੂਪੀ ਘਰ ਵਿਚ ਸਾਭ ਕੇ ਰੱਖਦੇ ਹਨ ।	60. ਇਹ ਸੰਤ ਬਾਬੇ ਲੋਕਾਂ ਦੇ ਘਰੀਂ ਚਰਨ ਪਾਉਂਦੇ ਫਿਰਦੇ ਹਨ ।
61. ਧਰਤੀ ਕਦੇ ਸੌਂਦੀ ਨਹੀ ।	61. ਇਸ ਸੰਤ ਆਪਣੇ ਚੇਲਿਆ ਨੂੰ ਧਰਤੀ ਸੁੱਤੀ ਦੱਸੀ ਜਾਂਦੇ ਹਨ ।
62. ਧਾਗੇ ਤਵੀਤ ਜਾਦੂ ਮੰਤਰ ਟੂਣੇ ਟਪਾਣੇ ਉਪਰੀਆਂ ਸ਼ੈਆਂ ਕੋਈ ਨਹੀ ਹੁੰਦੀਆਂ।	62. ਇਹ ਸੰਤ ਬਾਬੇ ਇਹ ਸਾਰਾਂ ਕੁਝ ਹੈਗਾ ਦੱਸਦੇ ਹਨ ਅਤੇ ਲੋਕਾਂ ਨੂੰ ਡਰਾ ਕੇ ਲੁੱਟਦੇ ਹਨ।
63. ਗੁਰੂ ਪਰ ਉਪਕਾਰੀ ਹੈ ।	63. ਕਈ ਬਾਬੇ ਵਿਭਚਾਰੀ ਹਨ ।
64. ਜਨਮ ਮਰਨ, ਮੁੰਡੇ ਜੰਮਣੇ ਪ੍ਰਮਾਤਮਾ ਦੇ ਵੱਸ ਹੈ ।	64. ਇਹ ਸੰਤ ਬਾਬੇ ਕਿਸੇ ਨੂੰ ਜੀਵਾਈ ਜਾਂਦੇ ਹਨ ਕਿਸੇ ਨੂੰ ਮਾਰੀ ਜਾਂਦੇ ਕਿਸੇ ਨੂੰ ਮੁੰਡੇ ਦੇਈ ਜਾਂਦੇ । ਅਸਲ ਵਿਚ ਇਹਨਾਂ ਦੇ ਵੱਸ ਕੁਝ ਵੀ ਨਹੀ ਹੈ। ਇਹ ਝੂਠ ਦਾ ਆਸਰਾ ਲਈ ਬੈਠੇ ਹਨ ।
65. ਗੁਰੂ ਦਾ ਮੂਲ ਮੰਤਰ ਹੋਰ ਹੈ ।	65. ਇਹਨਾਂ ਸਾਧਾਂ ਦਾ ਮੂਲ ਮੰਤਰ ਹੋਰ ਹੈ ।
66. ਗੁਰੂ ਦੀ ਦੱਸੀ ਰਹਿਤ ਹੋਰ ਹੈ ।	66. ਇਹਨਾਂ ਸੰਤਾਂ ਦੀ ਰਹਿਤ ਹੋਰ ਹੈ ।
67. ਗੁਰੂ ਨੇ ਗੁਰਬਾਣੀ ਸਮਝਣ ਮੰਨਣ ਦਾ ਹੁਕਮ ਕੀਤਾ ਹੈ ।	67. ਇਹ ਸੰਤ ਕੇਵਲ ਤੋਤਾ ਰਟਨ ਪੜ੍ਹਨ ਅਤੇ ਫਲ ਲੈਣ ਦੇਣ ਦੀ ਗੱਲ ਕਰਦੇ ਹਨ ।
68. ਗੁਰੂ ਸਦੀਵੀ ਹੈ ।	68. ਇਹ ਸੰਤ ਜਨਮ ਮਰਨ ਦੇ ਗੇੜ 'ਚ ਪਏ ਹੋਏ ਹਨ ।

ਬਾਬਾ ਸੰਤਾ ਸਿੰਘ ਦੇ ਡੇਰੇ ਤੋਂ ਭਾਰੀ ਮਾਤਰਾ ਚ ਨਾਜਾਇਜ਼ ਅਸਲ੍ਹਾ ਬਰਾਮਦ

ਅੰਮ੍ਰਿਤਸਰ 20 ਜੁਲਾਈ (ਸੁਖਦੀਪ ਸਿੰਘ ਸਿੱਧੂ) ਅੰਮ੍ਰਿਤਸਰ ਪੁਲਿਸ ਨੇ ਅੱਜ ਇਕ ਅਚਨਚੇਤੀ ਕਾਰਵਾਈ ਕਰਦਿਆਂ ਵਿਵਾਦਗ੍ਰਸਤ ਨਿਹੰਗ ਮੁਖੀ ਬਾਬਾ ਸੰਤਾ ਸਿੰਘ ਨਾਲ ਸੰਬੰਧਿਤ ਨਿਹੰਗਾਂ ਦੇ ਡੇਰੇ ਬੁਰਜ ਅਕਾਲੀ ਫੂਲਾ ਸਿੰਘ ਵਿਚੋਂ ਭਾਰੀ ਮਾਤਰਾ ਵਿਚ ਨਾਜਾਇਜ਼ ਹਥਿਆਰ, ਗੋਲੀ-ਸਿੱਕਾ, ਤੋੜੇਦਾਰ ਬੰਦੂਕਾਂ, ਜਾਅਲੀ ਅਸਲ੍ਹਾ ਲਾਇਸੈਂਸ, ਅਫੀਮ ਅਤੇ ਹੋਰ ਸਾਮਾਨ ਬਰਾਮਦ ਕੀਤਾ ਹੈ ਅਤੇ ਡੇਰਾ ਮੁਖੀ ਸਮੇਤ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਸ ਸੰਬੰਧੀ ਅੱਜ ਕਾਹਲੀ ਨਾਲ ਸੱਦੀ ਇਕ ਪ੍ਰੈਸ ਕਾਨਫਰੰਸ ਵਿਚ ਨਿਹੰਗ ਮੁਖੀ ਬਾਬਾ ਸੰਤਾ ਸਿੰਘ ਨਾਲ ਸੰਬੰਧਿਤ ਨਿਹੰਗਾਂ ਦੇ ਡੇਰੇ ਬੁਰਜ ਅਕਾਲੀ ਫੂਲਾ ਸਿੰਘ ਵਿਚੋਂ ਭਾਰੀ ਮਾਤਰਾ ਵਿਚ ਬਰਾਮਦ ਕੀਤੇ ਗਏ ਨਾਜਾਇਜ਼ ਹਥਿਆਰ ਇਸ ਬਾਰੇ ਜਾਣਕਾਰੀ ਦਿੰਦੇ ਹੋਏ ਬਾਰਡਰ ਰੇਂਜ ਦੇ ਡੀ ਆਈ. ਜੀ. ਸ. ਪਰਮਜੀਤ ਸਿੰਘ ਗਿੱਲ। ਅਤੇ ਹਰਭਜਨ ਸਿੰਘ, ਭਾਣ ਸਿੰਘ ਅਤੇ ਜੋਗਿੰਦਰ ਸਿੰਘ ਜਿਨ੍ਹਾਂ ਕੋਲੋਂ ਹਥਿਆਰ ਬਰਾਮਦ ਕੀਤੇ ਗਏ ਹਥਿਆਰ। ਆਈ ਜੀ ਬਾਰਡਰ (ਰੇਂਜ) ਸ. ਪਰਮਜੀਤ ਸਿੰਘ ਗਿੱਲ ਨੇ ਅੱਜ ਸਵੇਰੇ ਪੁਲਿਸ ਦੁਆਰਾ ਕੀਤੀ ਗਈ ਕਾਰਵਾਈ ਦਾ ਖੁਲਾਸਾ ਕਰਦਿਆਂ ਦੱਸਿਆ ਕਿ ਅੰਮ੍ਰਿਤਸਰ ਪੁਲਿਸ ਨੂੰ ਕੁਝ ਦਿਨ ਪਹਿਲਾਂ ਤੋਂ ਹੀ ਇਕ ਵਿਸ਼ੇਸ਼ ਸੂਚਨਾ ਮਿਲੀ ਸੀ ਕਿ ਪੁਰਾਣਾ ਬੱਸ ਸਟੈਂਡ ਅੰਮ੍ਰਿਤਸਰ ਨੇੜੇ ਸਥਿਤ ਬੁਰਜ ਅਕਾਲੀ ਫੂਲਾ ਸਿੰਘ ਵਾਲੇ ਨਿਹੰਗਾਂ ਦੇ ਡੇਰੇ ਵਿਚ ਨਾਜਾਇਜ਼ ਹਥਿਆਰ ਜਮ੍ਹਾਂ ਕੀਤੇ ਗਏ ਹਨ ਅਤੇ ਇਥੇ ਅਫੀਮ ਵੇਚਣ ਦਾ ਧੰਦਾ ਚਲਾਇਆ ਜਾ ਰਿਹਾ ਹੈ।

ਪੁਲਿਸ ਨੇ ਅੱਜ ਸਵੇਰੇਂ ਅਚਾਨਕ ਡੇਰੇ ਵਿਚ ਸਥਿਤ ਡੇਰਾ ਹਰਭਜਨ ਸਿੰਘ ਦੀ ਰਿਹਾਇਸ਼ 'ਤੇ ਛਾਪਾ ਮਾਰਿਆ। ਐਸ. ਐਸ. ਪੀ. ਸ. ਕੁਲਤਾਰ ਸਿੰਘ ਦੀ ਹਦਾਇਤ 'ਤੇ ਛਾਪਾ ਮਾਰਨ ਵਾਲੀ ਇਸ ਪੁਲਿਸ ਪਾਰਟੀ ਵਿਚ ਐਸ. ਪੀ. ਸਿਟੀ 1- ਸ੍ਰੀ ਪਵਨ ਕੁਮਾਰ ਰਾਏ, ਐਸ ਪੀ. (ਡੀ) ਸ. ਸੋਹਣ ਸਿੰਘ, ਏ. ਐਸ. ਪੀ. ਸਿਟੀ-1 ਸ੍ਰੀ ਦਿਨੇਸ਼ ਪ੍ਰਤਾਪ ਸਿੰਘ, ਡੀ. ਐਸ. ਪੀ. (ਡੀ) ਸ੍ਰੀ ਅਸ਼ਵਨੀ ਕੁਮਾਰ ਤੇ ਥਾਣਾ ਰਾਮਬਾਗ ਅਤੇ ਬੀ ਡਵੀਜਨ ਦੇ ਐਸ. ਐਚ. ਓ. ਵੀ ਸ਼ਾਮਿਲ ਸਨ। ਡੀ. ਆਈ ਜੀ ਨੇ ਦੱਸਿਆ ਕਿ ਮੌਕੇ ਤੇ 8 ਅਣਪਛਾਤੇ ਵਿਅਕਤੀ ਫਰਾਰ ਹੋਣ 'ਚ ਕਾਮਯਾਬ ਹੋ ਗਏ, ਜਦਕਿ ਪੁਲਿਸ ਨੇ ਉਹਨਾਂ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ। ਇਨ੍ਹਾਂ ਦੀ ਪਛਾਣ ਡੇਰਾ ਮੁਖੀ ਨਿਹੰਗ ਹਰਭਜਨ ਸਿੰਘ ਪੁੱਤਰ ਕੇਹਰ ਸਿੰਘ, ਭਾਨ ਸਿੰਘ ਪੁੱਤਰ ਹੰਸਰਾਜ ਤੇ ਜੋਗਿੰਦਰ ਸਿੰਗ ਪੁੱਤਰ ਮਹਿੰਦਰ ਸਿੰਘ ਵੱਲੋਂ ਹੋਈ ਹੈ। ਤਲਾਸ਼ੀ ਦੌਰਾਨ ਪੁਲਿਸ ਨੂੰ ਡੇਰੇ ਦਾਰ ਹਰਭਜਨ ਸਿੰਘ ਦੀ ਰਿਹਾਇਸ਼ ਤੋਂ ਵੱਖ ਵੱਖ ਕਿਸਮਾਂ ਦੀਆਂ ਰਾਈਫਲਾਂ, ਤੋੜੇਦਾਰ ਬੰਦੂਕਾਂ ਅਤੇ ਪਿਸਤੌਲਾਂ ਸਮੇਤ 19 ਮਾਰੂ ਹਥਿਆਰ, 360 ਜਿੰਦਾ ਕਾਰਤੂਸ, 2.5 ਕਿਲੋਗ੍ਰਾਮ ਅਫੀਮ ਅਤੇ 2 ਜਾਅਲੀ

ਅਸਲ੍ਹਾ ਲਾਇਸੰਸ ਬਰਾਮਦ ਹੋਏ। ਡੀ. ਆਈ. ਜੀ. ਗਿੱਲ ਨੇ ਦੱਸਿਆ ਕਿ ਬਰਾਮਦ ਹੋਏ ਹਥਿਆਰਾਂ ਵਿਚ ਕੁਝ ਬਹੁਤ ਹੀ ਖਤਰਨਾਕ ਅਤੇ ਅਜੀਬੋ-ਗਰੀਬ ਕਿਸਮ ਦੇ ਹਨ, ਜੋ ਉਨ੍ਹਾਂ ਨੇ ਅੱਜ ਪਹਿਲੀ ਵਾਰ ਵੇਖੇ ਹਨ। ਇਨ੍ਹਾਂ ਵਿਚੋ 30 ਬੋਰ ਦੀਆਂ ਦੋ ਕਾਰਬਾਈਨਾਂ, 410 ਬੋਰ ਦੀ ਦੋਨਾਲੀ, 355 ਬੋਰ ਦੀ ਰਾਈਫਲ, 306 ਬੋਰ ਦੀ ਰਾਈਫਲ, 38 ਬੋਰ ਦਾ ਰਿਵਾਲਵਰ, 32 ਬੋਰ ਦਾ ਪਿਸਤੌਲ, 12 ਬੋਰ ਦੀਆਂ 4 ਦੋਨਾਲੀ ਰਾਈਫਲਾਂ, ਇਕ ਅਣਜਾਣੇ ਬੋਰ ਦੀ ਰਾਈਫਲ, 3 ਏਅਰਗੰਨਾਂ, 2 ਤੋੜੇਦਾਰ ਪੁਰਾਣੀਆਂ ਬੰਦੂਕਾਂ, ਬਦਲਣ ਵਾਸਤੇ ਡਾਈਆਂ, ਸੰਦ, 3 ਬੱਟ ਉਤੇ ਇਕ ਨਾਲੀ ਸ਼ਾਮਿਲ ਹੈ। ਸ. ਗਿੱਲ ਨੇ ਕਿਹਾ ਕਿ ਪੁਲਿਸ ਇਹ ਪਤਾ ਲਾਉਣ ਦਾ ਯਤਨ ਕਰ ਰਹੀ ਹੈ ਕਿ ਇਹ ਖਤਰਨਾਕ ਅਜੀਬੋ-ਗਰੀਬ ਹਥਿਆਰ ਆਏ ਕਿਥੋਂ ਹਨ। ਉਨ੍ਹਾਂ ਦੱਸਿਆ ਕਿ ਹਰਭਜਨ ਸਿੰਘ ਇਸ ਡੇਰੇ ਦਾ ਮੁਖੀ ਹੈ ਅਤੇ ਉਸ ਦੇ ਗੈਂਗ ਨਾਲ ਜੁੜੇ ਬਾਕੀ ਵਿਅਕਤੀਆਂ ਨੂੰ ਕਾਬੂ ਕਰਨ ਦੀ ਮੁਹਿੰਮ ਚਲਾਈ ਗਈ ਹੈ ਅੱਤਵਾਦ ਦੇ ਖਾਤਮੇ ਤੋਂ ਬਾਅਦ ਹੁਣ ਤੱਕ ਫੜੀ ਗਈ ਹਥਿਆਰਾਂ ਦੀ ਇਹ ਸਭ ਤੋਂ ਵੱਡੀ ਖੇਪ ਹੈ। ਇਹ ਵੀ ਘੋਖਿਆ ਜਾ ਰਿਹਾ ਹੈ ਕਿ ਇਸ ਨਿਹੰਗ ਵੱਲੋਂ ਏਨੀ ਵੱਡੀ ਮਾਤਰਾ ਵਿਚ ਹਥਿਆਰ ਜਮ੍ਹਾਂ ਕਰਨ ਦਾ ਮੰਤਵ ਕੀ ਹੈ। ਇਥੇ ਇਹ ਜ਼ਿਕਰਯੋਗ ਹੈ ਕਿ ਡੇਰਾ ਅਕਾਲੀ ਫੂਲਾ ਸਿੰਘ ਬੁਰਜ 1984 ਦੇ ਸਾਕਾ ਨੀਲਾ ਤਾਰਾ ਉਪਰੰਤ ਸ੍ਰੀ ਦਰਬਾਰ ਸਾਹਿਬ ਸਮੂਹ ਵਿਚ ਸ੍ਰੀ ਅਕਾਲ ਸਾਹਿਬ ਦੀ ਮੁਖੀ ਸੰਤਾ ਸਿੰਘ ਦੀ ਪੱਕੀ ਠਹਿਰ ਬਣਿਆ ਰਿਹਾ ਹੈ ਅਤੇ ਇਸ ਡੇਰੇ ਵਿਚ ਬਾਬਾ ਸੰਤਾ ਸਿੰਘ ਆਮ ਜਨਤਾ ਅਤੇ ਪੱਤਰਕਾਰਾਂ ਨੂੰ ਵੀ ਮਿਲਦੇ ਰਹੇ। ਬਾਬਾ ਸੰਤਾ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਸਰਕਾਰੀ ਛਤਰ-ਛਾਇਆ ਹਾਸਿਲ ਹੋਣ ਤੋਂ ਬਾਅਦ ਡੇਰੇ ਵਿਚ 20 ਸਾਲ ਤੱਕ ਕੀ ਹੁੰਦਾ ਰਿਹਾ, ਇਸ ਬਾਰੇ ਕਦੇ ਕਿਸੇ ਪੁਲਿਸ ਜਾਂ ਏਜੰਸੀ ਨੇ ਪਤਾ ਲਾਉਣ ਦਾ ਯਤਨ ਨਹੀਂ ਕੀਤਾ, ਪਰ ਅੱਜ ਅਚਾਨਕ ਹਥਿਆਰਾਂ ਦੀ ਵੱਡੀ ਖੇਪ ਫੜੇ ਜਾਣ ਦੀ ਪੁਲਿਸ ਕਾਰਵਾਈ ਨੇ ਕਈ ਸ਼ੰਕਿਆਂ ਨੂੰ ਜਨਮ ਦਿੱਤਾ ਹੈ। ਕੁਝ ਪੁਲਿਸ ਅਫਸਰਾਂ ਦਾ ਮੰਨਣਾ ਹੈ ਕਿ ਇਹ ਹਥਿਆਰ 1984 ਦੇ ਸਾਕਾ ਨੀਲਾ ਤਾਰਾ ਤੋ ਬਾਅਦ ਸ੍ਰੀ ਦਰਬਾਰ ਸਾਹਿਬ ਸਮੂਹ ਦੀ ਨਿਹੰਗਾਂ ਵੱਲੋਂ ਕੀਤੀ ਗਈ ਕਾਰ ਸੇਵਾ ਤੇ ਸਫਾਈ ਦੌਰਾਨ ਮਿਲੇ ਪਰ ਪੁਲਿਸ ਨੂੰ ਸੌਂਪਣ ਦੀ ਬਜਾਏ ਖਿਸਕਾ ਲਏ ਗਏ। ਪੁਲਿਸ ਨੇ ਅੱਜ ਇਸ ਸਬੰਧੀ ਥਾਣਾ ਰਾਮਬਾਗ ਅੰਮ੍ਰਿਤਸਰ ਵਿਖੇ ਵਿਚ ਐਸ. ਐਸ. ਪੀ. ਅੰਮ੍ਰਿਤਸਰ ਸ. ਕੁਲਤਾਰ ਸਿੰਘ ਤੇ ਹੋਰ ਅਧਿਕਾਰੀ ਵੀ ਮੌਜੂਦ ਸਨ।

ਨੋਟ–ਇਸਦੇ ਇਕ ਚੇਲੇ ਨੇ ਫੋਨ ਤੇ ਕਿਹਾ ਕਿ ਬਾਬੇ ਨੇ ਉਬਲਦੀ ਦੇਗ ਵਿਚ ਬਾਂਹ ਫੂਕ ਦਿੱਤੀ ਸੀ। ਕੀ ਇਹ ਸੰਤਪੁਣਾ ਹੈ ਜਾਂ ਬਦਮਾਸ਼ ਪੁਣ ?

ਹੈ ਕੋਈ ਇਹਨਾਂ ਸੰਤਾਂ ਨੂੰ ਮੱਨਮਤੀ ਪ੍ਰਚਾਰ ਤੋਂ ਰੋਕਣ ਵਾਲਾ ?

ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਸੰਤ ਹਰਦੇਵ ਸਿੰਘ ਲੂਲੋਂ ਦੇ ਵਿਖਿਆਨ 'ਚੋਂ ਗੁਰਮਤਿ ਦੀ ਇਕ ਸੱਤਰ ਤਾਂ ਲੱਭੋ !!

ਸੰਤ ਹਰਦੇਵ ਸਿੰਘ ਲੂਲੋਂ ਵਲੋਂ ਬਖੇਰੇ ਕੁਝ ਮੋਤੀ

1. ਅਖੰਡ ਪਾਠ ਸਮੇਂ ਨਾਰੀਅਲ ਰੱਖਣ ਵਿਚ ਕੀ ਮਾੜੀ ਗੱਲ ਹੈ ? ਨਾਰੀਅਲ ਬ੍ਰਾਹਮਣ ਨੂੰ ਦੇ ਦਿਉ, ਅੰਬ ਬਾਣੀਆਂ ਨੂੰ ਦੇ ਦਿਉ, ਖਜੂਰਾਂ ਮੁਸਲਮਾਨਾਂ ਨੇ ਲਈਆਂ ਹੋਈਐਂ। ਤੁਸੀਂ ਸਿੱਖ ਟੱਲੀਆਂ ਵਜਾਉਂਦੇ ਫਿਰਿਉ।

2. ਇਕ ਹੋਰ ਢਕੌਂਸ ਰਚਿਐ। ਕਹਿੰਦੇ ਅਸੀਂ ਬ੍ਰਾਹਮਣਾਂ ਤੇ ਜੁਦੀ (ਵੱਖਰੀ) ਜੰਤਰੀ (ਨਾਨਕਸ਼ਾਹੀ) ਬਨਾਉਣੀ ਹੈ। ਕਰੋੜਾਂ ਰੁਪਏ ਬਦੇਸ਼ੀਆਂ ਤੋਂ ਲੈ ਕੇ ਸਿੱਖਾਂ ਵਿਚ ਫੁੱਟ ਪਾਉਣ ਦੀ ਗੱਲ ਹੈ, ਜੰਤਰੀ ਦੀ ਨਹੀਂ।

3. ਗੁਰੂ ਨਾਨਕ ਦੇਵ ਜੀ ਦਾ ਜੋਤੀ ਜੋਤ ਪੁਰਬ, ਪਹਿਲੇ ਗੁਰੂ ਹਰਦੁਆਰ ਜਾ ਕੇ ਮਨਾਉਂਦੇ ਰਹੇ ਤੇ ਭੰਡਾਰਾ ਕਰਦੇ ਰਹੇ। ਹੁਣ ਤਕ ਹਰਿ ਕੀ ਪੌੜੀ ਤੇ ਯਾਦ ਬਣੀ ਹੋਈ ਹੈ।

4. ਗੁਰੂ ਨਾਨਕ ਦੇਵ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਮਿਲਦੀ। ਗੁਰੂ ਜੀ ਦੀ ਬਹੁਤ ਸਾਰੀ ਬਾਣੀ (ਗੁਰੂ ਗ੍ਰੰਥ ਸਾਹਿਬ ਤੋਂ) ਬਾਹਰ ਹੈ। ਉਸ ਪੋਥੀ ਦਾ ਨਾਂ 'ਗੋਹਜ ਗ੍ਰੰਥ' ਹੈ ਤੇ ਇਸ ਦੇ ਹਰ ਇਕ ਨੂੰ ਦਰਸ਼ਨ ਨਹੀਂ ਕਰਾਏ ਜਾਂਦੇ।

5. ਸਿੱਖ ਦਸਮੇਸ਼ ਪਿਤਾ ਦੇ ਚਰਨਾਂ ਤੇ ਮੱਥਾ ਟੇਕਣ ਤਾਂ ਮੱਥਾ ਧਰਤੀ ਤੇ ਜਾ ਲੱਗੇ। ਵਿਚਕਾਰੋਂ ਗੁਰੂ ਦੇ ਚਰਨ ਹੀ ਅਲੋਪ ਹੋ ਜਾਂਦੇ ਸਨ।

6. 'ਪ੍ਰਗਟ ਗੁਰਾਂ ਕੀ ਦੇਹ' ਦਾ ਅਰਥ ਦੱਸ ਗੁਰੂਆਂ ਦੇ ਦਰਸ਼ਨ ਹਨ। ਜੇ ਇਕ ਗੁਰੂ ਦੇ ਦਰਸ਼ਨ ਮਤਲਬ ਹੁੰਦਾ ਤਾਂ 'ਗੁਰਾਂ' ਸ਼ਬਦ ਨਾ ਲਿਖਿਆ ਹੁੰਦਾ।

ਕੀ ਇਹ ਸਾਧ (ਸੰਤ) ਗੁਰਮਤਿ ਉਤੇ ਇਸੇ ਤਰ੍ਹਾਂ ਹਮਲੇ ਕਰਦੇ ਰਹਿਣਗੇ ਜਿਸ ਤਰ੍ਹਾਂ ਕਾਫ਼ੀ ਸਮੇਂ ਤੋਂ ਲੈ ਕੇ ਅੱਜ ਤਕ ਕਰਦੇ ਆ ਰਹੇ ਹਨ ? ਸੰਤਾਂ ਦੇ ਦਿਵਾਨਾਂ ਵਿਚ ਕੱਚੀਆਂ ਧਾਰਣਾਂ, ਮਨਘੜਤ ਸਾਖੀਆਂ ਦਾ ਹੀ ਬੋਲਬਾਲਾ ਹੁੰਦਾ ਹੈ ਜਿਨ੍ਹਾਂ ਦਾ ਬਖਾਨ ਕਰੇ ਕੇ ਭੋਲੀ-ਭਾਲੀ ਜਨਤਾ ਨੂੰ ਗੁਰਮਤਿ ਤੋਂ ਬਹੁਤ ਦੂਰ ਲਿਜਾ ਰਹੇ ਹਨ ਅਤੇ ਪੰਥਕ ਮਰਯਾਦਾ ਦੇ ਵੀ ਉਲਟ ਬੋਲਦੇ ਹਨ। ਮੈਂ ਸੰਤ ਹਰਦੇਵ ਸਿੰਘ ਲੂਲੋ ਵਾਲੇ, ਜੋ ਸ਼੍ਰੋ: ਗੁਰ: ਪ੍ਰ: ਕਮੇਟੀ ਤੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਵੀ ਹਨ, ਦੇ ਇਕ ਦਿਵਾਨ ਦੀ ਕੈਸਿਟ ਸੁਣੀ ਜੋ ਹੇਠਾਂ ਹੂਬਹੂ ਪੇਸ਼ ਕਰ ਰਿਹਾ ਹਾਂ:

ਸੰਤ ਜੀ ਇਸ ਕੈਸਟ ਵਿਚ ਕਹਿੰਦੇ ਹਨ:

"ਅਸੀਂ ਅਖੰਡ ਪਾਠ ਰੱਖਿਆ ਅਮਰੀਕਾ 'ਚ। ਉਥੇ ਸਾਨੂੰ ਇਕ ਗਿਆਨਾ ਸੂੰ ਮਿਲਿਆ। ਕਹਿੰਦਾ 'ਬਾਬਾ ਜੀ ਐਹ ਨਾਰੀਅਲ ਕਿਉਂ ਰਖਿਆ ਹੈ ?' ਮੈਂ ਸਮਝ ਗਿਆ ਬਈ ਗਿਆਨਾ ਸੂੰ ਐ। ਗਿਆਨਾ ਸੂੰ ਉਹ ਹੁੰਦਾ ਹੈ ਜਿਹੜਾ ਪੜ੍ਹਿਆ ਨਾ ਹੋਵੇ, ਐਵੀਂ ਗਿਆਨ ਦੀ ਡਾਂਗ ਚੱਕੀ ਫਿਰਦਾ ਹੋਵੇ। ਮੈਂ ਕਿਹਾ, 'ਭਾਈ ਸਾਡੇ ਕੋਲ ਤਾਂ ਪਰਸੋਂ ਦਾ ਪਿਆ ਹੈ, ਤੈਨੂੰ ਕੀ ਕਹਿਤਾ ਇਹਨੇ ? ਤੈਨੂੰ ਕੀ ਤਕਲੀਫ ਹੋਈ ?' ਉਹ ਕਹਿੰਦਾ, 'ਤਕਲੀਫ ਨਹੀਂ ਬਾਬਾ ਜੀ, ਨਾਰੀਅਲ ਤਾਂ ਬ੍ਰਾਹਮਣਾਂ ਦਾ ਹੁੰਦਾ ਹੈ।' ਮੈਂ ਕਿਹਾ ਆਜਾ ਮੈਨੂੰ ਸਮਝਾਦੇ, ਮੈਂ ਵੀ ਮੰਨ ਜੂੰਗਾ। ਮੈਂ ਕਿਹਾ, 'ਨਾਰੀਅਲ ਕਿਥੇ ਪੈਦਾ ਹੁੰਦਾ ਹੈ ?' ਕਹਿੰਦਾ, 'ਦਰੱਖਤ ਨੂੰ ਲਗਦਾ ਹੈ।' ਮੈਂ ਕਿਹਾ ਨਾਰੀਅਲ

ਬ੍ਰਾਹਮਣਾਂ ਦੇ ਗਿੱਟਿਆਂ ਨੂੰ ਤਾਂ ਨਹੀਂ ਲੱਗਦੇ ? ਦੇਖੋ ਜੀ ਵਹਿਮ ਪਾਇਐ। ਕਹਿੰਦੇ ਨਾਰੀਅਲ ਬ੍ਰਾਹਮਣਾਂ ਦਾ ਹੈ। ਨਾਰੀਅਲ ਬ੍ਰਾਹਮਣਾਂ ਨੂੰ ਦੇ ਦਿਉ, ਅਮਰੂਦ ਖੱਤਰੀਆਂ ਨੂੰ ਦੇ ਦਿਉ, ਖਜੂਰਾਂ ਮੁਸਲਮਾਨਾਂ ਨੇ ਲਈਆ ਹੋਈਆਂ ਐ। ਤੁਸੀਂ ਸਿੱਖ ਟੱਲੀਆਂ ਵਜਾਉਂਦੇ ਫਿਰਿਉ। ਮੁੰਬਈ ਜਾਉ, ਕਲਕੱਤੇ ਜਾਉ, ਉਹ ਤੁਹਾਨੂੰ ਕੈਂਪਾਂ ਕੋਲਾ ਨਹੀਂ ਪਿਲਾਉਂਦੇ, ਉਹ ਨਾਰੀਅਲ ਭੰਨ ਕੇ ਪਿਲਾਉਂਦੇ ਐ। ਜਿਸ ਸਿੱਖ ਨੇ ਉਥੇ ਜਾ ਕੇ ਚਾਰ-ਪੰਜ ਗਲਾਸ ਪੀ ਲਏ, ਉਸ ਨੂੰ ਚਿੱਠੀ ਲਿਖ ਕੇ ਪਾ ਦਿਉ ਕਿ 'ਤੂੰ ਹੁਣ ਬ੍ਰਾਹਮਣ ਹੈਂ, ਪੰਜਾਬ 'ਚ ਨਾ ਆਈਂ........।'

ਅੱਗੇ ਫਿਰ ਇਹ ਸੰਤ ਇਉਂ ਬੋਲਦਾ ਹੈ :

'ਇਕ ਹੋਰ ਢੌਂਗ ਰਚਿਐ। ਕਹਿੰਦੇ ਅਸੀਂ ਬ੍ਰਾਹਮਣਾਂ ਤੇ ਜੁਦੀ (ਵੱਖਰੀ) ਜੰਤਰੀ ਬਣਾਉਂਦੀ ਹੈ। ਕਹਿੰਦੇ ਚੰਦਰਮਾ ਦੀ ਥਿਤ ਬ੍ਰਾਹਮਣ ਬਣਾਉਨਦੈ। ਇਹ ਤਾਂ ਸਾਰੇ ਸੰਸਾਰ ਵਾਸਤੇ ਹੀ ਸਾਂਝਾ ਹੈ। ਇਹ ਤਾਂ ਅਮਰੀਕਾ ਵਿਚ ਵੀ ਦਿਸਦੈ ਤੇ ਅਰਬ ਕੰਟਰੀ ਵਿਚ ਵੀ ਦਿਸਦਾ ਹੈ, ਜਿੱਥੇ ਬ੍ਰਾਹਮਣ ਦਾ ਨਾਉਂਵੀ ਨਹੀਂ ਹੈ। ਇਹ ਤਾਂ ਮੱਕੇ 'ਚ ਵੀ ਦਿਸਦੈ ਤੇ ਹਰਿਮੰਦਰ ਸਾਹਿਬ ਨੂੰ ਵੀ ਰੌਸ਼ਨੀ ਕਰ ਰਿਹਾ ਹੈ। ਅਖੈ ਚੰਦਰਮਾ ਦੀਆਂ ਥਿੱਤਾਂ ਬ੍ਰਾਹਮਣਾਂ ਦੀਐਂ। ਲਉ ਕੀਹਨੇ ਬਣਾਇਆ ਚੰਦਰਮਾ ? ਵਾਹਿਗੁਰੂ ਨੇ ਬਣਾਇਐ। ਬ੍ਰਾਹਮਣ ਇਹਦੇ ਕਿਥੋਂ ਠੇਕੇਦਾਰ ਬਣ ਗਏ ਬਈ ? ਸਾਨੂੰ ਨਹੀਂ ਪਤਾ ਕਿ ਸਾਡੇ ਸਤਿਗੁਰੂ ਨਾਨਕ ਦੇਵ ਜੀ ਦਾ ਜਨਮ ਦਿਨ ਸ੍ਰੀ ਗੁਰੂ ਅੰਗਦਦੇਵ ਜੀ ਮਨਾਉਂਦੇ ਰਹੇ ? ਜੋਤੀ ਜੋਤ ਗੁਰੂ ਨਾਨਕ ਦੇਵ ਜੀ ਦਾ, ਗੁਰੂ ਅੰਗਦ ਦੇਵ ਜੀ ਤੇ ਗੁਰੂ ਅਮਰਦਾਸ ਜੀ ਹਰਦੁਆਰ ਜਾ ਕੇ ਭੰਡਾਰਾ ਕਰਦੇ ਰਹੇ ਹਨ। ਹੁਣ ਤਕ ਹਰਿ ਕੀ ਪੌੜੀ ਤੇ ਯਾਦ ਬਣੀ ਹੋਈ ਹੈ ਤੇ ਦਸਵੇਂ ਪਾਤਸ਼ਾਹ ਤਕ ਨੌਂ ਪਾਤਸ਼ਾਹਾਂ ਦੇ ਗੁਰਪੁਰਬ ਨੌਂਏ ਗੁਰੂ ਮਨਾਉਂਦੇ ਰਹੇ ਹਨ ਜਾਂ ਕਿ ਉਹਨਾਂ ਨੇ ਮਨਾਏ ਨੇ ? ਦਸਮ ਪਾਤਸ਼ਾਹ ਤੋਂ ਬਾਅਦ ਭਾਈ ਮਨੀ ਸਿੰਘ, ਬਾਬਾ ਦੀਪ ਸਿੰਘ ਸ਼ਹੀਦ ਜਿਹੜੇ ਗੁਰੂ ਸਾਹਿਬ ਦੇ ਕੋਲ ਰਹਿ ਕੇ ਪੜ੍ਹੇ, ਕੀ ਉਹਨਾਂ ਨੂੰ ਪਤਾ ਹੀ ਨਹੀਂ ਲਗਿਆ ਗੁਰੂ ਨਾਨਕ ਦੇਵ ਜੀ ਦੇ ਜਨਮ ਦਾ ? ਕੀ ਉਹਨਾਂ ਨੂੰ ਦਸਮ ਪਾਤਸ਼ਾਹ ਦੇ ਅਵਤਾਰ ਦਾ ਪਤਾ ਹੀ ਨੀ ਲਗਿਆ ? ਨਾ ਭਾਈ ਸੰਤੋਖ ਸਿੰਘ ਜੀ ਨੂੰ ਪਤਾ ਲਗਿਆ ? ਇਹ ਜੰਤਰੀ ਦੀ ਗੱਲ ਨਹੀਂ, ਕਰੋੜਾਂ ਅਰਬਾਂ ਰੁਪਈਏ ਬਦੇਸੀਆਂ ਤੋਂ ਲੈ ਕੇ ਸਿੱਖਾਂ ਵਿਚ ਫੁੱਟ ਪਾਉਣ ਦੀਆਂ ਕੋਸ਼ਿਸ਼ਾਂ ਹਨ।

ਮਾਲਾ ਫੇਰਨ ਵਾਲੇ ਬਾਬੇ

ਸ਼ੇਰ ਸਿੰਘ ਸ਼ੇਰ

ਨਵੀਂ ਆਬਾਦੀ, ਅੰਮ੍ਰਿਤਸਰ

1. ਮਾਲਾ—ਮਹਾਨਕੋਸ਼ ਦੇ ਕਰਤਾ ਭਾਈ ਕਾਹਨ ਸਿੰਘ ਜੀ ਨਾਭਾ ਦੇ ਅਰਥ ਕਰਦੇ ਹੋਏ ਲਿਖਦੇ ਹਨ ਕਿ ਜਿਸ ਨਾਲ ਜਪ ਕੀਤਾ ਜਾਵੇ, ਸਿਮਰਨੀ, ਜਪਨੀ, ਸ਼੍ਰੇਣੀ, ਕਤਾਰ, ਜਪਮਾਲਾ, ਫੁੱਲ ਅਥਵਾ ਰਤਨਾਂ ਦਾ ਹਾਰ ਭਾਵ ਕਿ ਇਹ ਸਾਰੇ

ਨਾਮ ਗਿਣਤੀ ਮਿਣਤੀ ਦੇ ਪਾਠ ਕਰਨ ਲਈ ਵਰਤੀ ਜਾਣ ਵਾਲੀ ਮਾਲਾ ਦੇ ਹਨ । ਆਉ ਦੇਖੀਏ ਕਿ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਾਲਾ ਜਾਂ ਜਪਨੀ ਨੂੰ ਪ੍ਰਵਾਨ ਵੀ ਕਰਦੇ ਹਨ ਕਿ ਨਹੀਂ :-

ਗੁਰੂ ਸਾਹਿਬ ਜੀ ਸ੍ਰੀ ਗੁਰੂ ਸਾਹਿਬ ਜੀ ਦੇ ਪੰਨਾ ਨੰ: 888 ਤੇ ਅੰਕਿਤ ਸ਼ਬਦ ਦੁਆਰਾ ਸਪਸ਼ਟ ਸੇਧ ਦਿੰਦੇ ਹਨ ਕਿ ਬ੍ਰਾਹਮਣ ਆਪਣੇ ਜਜਮਾਨਾਂ ਦੇ ਘਰਾਂ ਵਿਚ ਅਨੇਕ ਕਰਮਕਾਂਡ ਕਰਦੇ ਹਨ ਮਾਲਾ ਫੇਰਦੇ ਹਨ - ਪਰ ਇਨ੍ਹਾਂ ਕਰਮ ਕਾਂਡਾਂ ਨਾਲ ਕਦੇ ਕੋਈ ਸੰਸਾਰ ਸਾਗਰ ਤੋਂ ਤਰਿਆ ਨਹੀਂ ।

ਖਟੁ ਕਰਮਾ ਅਰੁ ਆਸਣੁ ਧੋਤੀ ॥ ਭਾਗਠਿ ਗ੍ਰਿਹਿ ਪੜੈ ਨਿਤ ਪੋਥੀ ॥
ਮਾਲਾ ਫੇਰੈ ਮੰਗੈ ਬਿਭੂਤ ॥ ਇਹ ਬਿਧਿ ਕੋਇ ਨ ਤਰਿਓ ਮੀਤ ॥

(ਪੰਨਾ 888)

ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨਾ ਜਾਈ ॥
ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾ ਖਾਈ ॥
ਅੰਤਰਿ ਪੂਜਾ ਪੜਹਿ ਕਤੇਬਾਂ ਸੰਜਮੁ ਤੁਰਕਾ ਭਾਈ ॥
ਛੋਡੀਲੇ ਪਾਖੰਡਾ ॥ ਨਾਮਿ ਲਾਇਐ ਜਾਹਿ ਤਰੰਦਾ ॥ *(ਪੰਨਾ 471)*

ਇਸ ਸ਼ਬਦ ਵਿਚ ਵੀ ਧੋਤੀ ਟਿੱਕਾ ਆਦਿ ਸਮੇਤ ਜਪਮਾਲੀ ਅਰਥਾਤ ਮਾਲਾ ਨੂੰ ਪਾਖੰਡ ਦੀ ਸੂਚੀ ਵਿਚ ਹੀ ਸ਼ਾਮਲ ਕੀਤਾ ਗਿਆ ਹੈ ਅਤੇ ਇਸ ਪਾਖੰਡ ਨੂੰ ਛੱਡ ਕੇ ਕੇਵਲ ਨਾਮ ਨੂੰ ਹੀ ਮੁਕਤੀ ਦਾ ਸਾਧਨ, ਸਾਬਤ ਕੀਤਾ ਗਿਆ ਹੈ ।

ਕੋਈ ਪੜਤਾ ਸਹਸਾਕਿਰਤਾ ਕੋਈ ਪੜੈ ਪੁਰਾਨਾ ॥
ਕੋਈ ਨਾਮ ਜਪੈ ਜਪਮਾਲੀ ਲਾਗੈ ਤਿਸੈ ਧਿਆਨਾ ॥
ਅਬ ਹੀ ਕਬ ਹੀ ਕਿਛੂ ਨ ਜਾਨਾ ਤੇਰਾ ਏਕੋ ਨਾਮੁ ਵਖਾਨਾ ॥

(ਪੰਨਾ 876)

ਜਿਹੜੇ ਲੋਕ ਇਹ ਕਹਿੰਦੇ ਹਨ ਕਿ ਅਸੀਂ ਮਾਲਾ ਨਾਲ ਨਾਮ ਹੀ ਜਪਦੇ ਹਾਂ ਉਨ੍ਹਾਂ ਨੂੰ ਇਸ ਸ਼ਬਦ ਤੋਂ ਸੇਧ ਲੈਣੀ ਚਾਹੀਦੀ ਹੈ ਕਿ ਗੁਰੂ ਮਹਾਰਾਜ ਜੀ ਮਾਲਾ ਦੇ ਸਹਾਰੇ ਨੂੰ ਇਕਦਮ ਰੱਦ ਕਰਦੇ ਹੋਏ ਸਾਫ ਸ਼ਬਦਾਂ ਵਿਚ ਫੈਸਲਾ ਦਿੰਦੇ ਹਨ ਕਿ ਨਾਮ-ਜਪਣ ਲਈ ਕਿਸੇ ਅਜਿਹੇ ਕਰਮ ਕਾਂਡ ਦੀ ਉਕਾ ਹੀ ਲੋੜ ਨਹੀਂ ਹੁੰਦੀ।

ਬਾਬਾ ਰਾਮ ਸਿੰਘ ਜੀ ਜਿਨ੍ਹਾਂ ਨੇ ਆਪਣੇ ਜੀਵਨ ਵਿਚ ਕਦੀ ਵੀ ਆਪਣੇ ਆਪ ਨੂੰ ਗੁਰੂ ਨਹੀਂ ਅਖਵਾਇਆ ਸੀ ਅਤੇ ਨਾ ਹੀ ਅੱਜ ਵਰਗਾ ਮਾਲਾ ਦਾ ਭੇਖ ਹੀ ਕੀਤਾ ਸੀ । (ਨਾਮ ਧਾਰੀਆਂ ਵਲੋਂ ਪੰਜ ਕਕਾਰ ਨੂੰ ਤਿਲਾਂਜਲੀ ਦੇ ਕੇ ਸਿਰਫ ਮਾਲਾ ਨੂੰ ਗ੍ਰਹਿਣ ਕਰਨਾ ਹੀ ਪ੍ਰਭੂ ਪ੍ਰਾਪਤੀ ਸਮਝਿਆ ਜਾ ਰਿਹਾ ਹੈ) ਉਹ ਤਾਂ ਪੰਜ ਕਕਾਰ ਧਾਰੀ ਪੱਕੇ ਗੁਰਸਿੱਖ ਸਨ ।

ਕਬੀਰ ਜਪਨੀ ਕਾਠ ਕੀ ਕਿਆ ਦਿਖਲਾਵਹਿ ਲੋਇ ॥
ਹਿਰਦੇ ਰਾਮੁ ਨ ਚੇਤਈ ਇਹ ਜਪਨੀ ਕਿਆ ਹੋਇ ॥

(ਪੰਨਾ 1368)

ਇਸ ਸਲੋਕ ਵਿਚ ਕਬੀਰ ਸਾਹਿਬ ਜੀ ਗੱਜ ਵੱਜ ਕੇ ਮਾਲਾ ਦੇ ਪਾਖੰਡ ਦਾ ਖੰਡਨ ਕਰਦੇ ਹੋਏ ਆਖ ਰਹੇ ਨਿ ਕਿ ਲੱਕੜ ਦੀ ਮਾਲਾ ਕੀ ਰੋਸ਼ਨੀ ਦਿਖਾ ਸਕਦੀ ਹੈ। ਜਦੋਂ ਹਿਰਦਾ ਹੀ ਪ੍ਰਭੂ ਨਾਲ ਨਾ ਜੁੜਿਆਂ ਤਾਂ ਮਾਲਾ ਦੇ ਪਖੰਡ ਦਾ ਕੀ ਲਾਭ ਹੋ ਸਕਦਾ ਹੈ।

ਮਾਥੇ ਤਿਲਕੁ ਹਥਿ ਮਾਲਾ ਬਾਨਾ
ਲੋਗਨ ਰਾਮੁ ਖਿਲਾਉਨਾ ਜਾਨਾ ॥

(*ਪੰਨਾ 1158*)

ਇਸ ਤੁਕ ਵਿਚ ਵੀ ਤਿਲਕ ਅਤੇ ਮਾਲਾ ਨੂੰ ਪੂਰਨ ਤੌਰ ਤੇ ਰੱਦ ਕੀਤਾ ਗਿਆ ਹੈ ਕਿ ਇਹ ਸਭ ਕੁਝ ਪ੍ਰਭੂ ਨੂੰ ਮਜ਼ਾਕ ਕਰਨ ਦਾ ਹੀ ਵਸੀਲਾ ਹੈ।

ਕਬੀਰ ਬੈਸਨੋ ਹੂਆ ਕਿਆ ਭਇਆ ਮਾਲਾ ਮੇਲੀ ਚਾਰਿ ॥
ਬਾਹਰਿ ਕੰਚਨੁ ਬਾਰਹਾ ਭੀਤਰਿ ਭਰੀ ਭੰਗਾਰ ॥

(*ਪੰਨਾ 1372*)

ਇਥੇ ਵੀ ਬਾਬਾ ਕਬੀਰ ਜੀ ਪਖੰਡੀ ਸਾਧ ਬਾਰੇ ਗੱਲ ਕਰਦੇ ਹੋਏ ਫੁਰਮਾ ਰਹੇ ਹਨ ਕਿ ਕੀ ਹੋਇਆ ਜੇਕਰ ਵੈਸ਼ਨੋ ਅਖਵਾ ਲਿਆ ਚਾਰ ਮਾਲਾ ਪਹਿਨ ਲਈਆਂ। ਇਹ ਤਾਂ ਬਾਹਰੋਂ ਬਾਰਾਂ ਬੰਨੀ ਦਾ ਸ਼ੁਧ ਸੋਨਾ ਬਣ ਕੇ ਦਿਖਾਉਣ ਵਾਲੀ ਗੱਲ ਹੈ ਜਦ ਕਿ ਅੰਦਰ ਸੁਆਹ ਅਰਥਾਤ ਔਗੁਣ ਭਰੇ ਪਏ ਹਨ।

ਧੋਤੀ ਊਜਲ ਤਿਲਕੁ ਗਲਿ ਮਾਲਾ ॥
ਅੰਤਰਿ ਕ੍ਰੋਧੁ ਪੜਹਿ ਨਾਟਸਾਲਾ ॥
ਨਾਮੁ ਵਿਸਾਰਿ ਮਾਇਆ ਮਦੁ ਪੀਆ ॥
ਬਿਨੁ ਗੁਰ ਭਗਤਿ ਨਾਹੀ ਸੁਖੁ ਥੀਆ ॥

(*ਪੰਨਾ 832*)

ਇਥੇ ਧੋਤੀ ਤਿਲਕ ਮਾਲਾ ਆਦਿ ਅਡੰਬਰਾਂ ਦੀ ਨਿਖੇਧੀ ਕਰਦੇ ਹੋਏ ਸਮਝਾਇਆ ਗਿਆ ਹੈ ਕਿ ਨਾਮ ਨੂੰ ਛੱਡ ਕੇ ਮਾਇਆ ਦਾ ਨਸ਼ਾ ਪੀ ਕੇ ਸੁਖ ਨਹੀਂ ਸਗੋਂ ਗੁਰੂ ਨਾਲ ਮਨੋ ਜੁੜ ਕੇ ਸੁਖ ਦੀ ਪ੍ਰਾਪਤੀ ਹੋ ਸਕਦੀ ਹੈ।

ਮ੍ਰਿਗ ਆਸਣੁ ਤੁਲਸੀ ਮਾਲਾ ॥
ਕਰ ਊਜਲ ਤਿਲਕੁ ਕਪਾਲਾ ॥
ਰਿਦੈ ਕੂੜੁ ਕੰਠਿ ਰੁਦ੍ਰਾਖੰ ॥
ਰੇ ਲੰਪਟ ਕ੍ਰਿਸਨੁ ਅਭਾਖੰ ॥

(*ਪੰਨ 1351*)

ਭਗਤ ਬੇਣੀ ਜੀ ਇਨ੍ਹਾਂ ਤੁਕਾਂ ਵਿਚ ਪਖੰਡੀ ਸਾਧ ਨੂੰ ਸਮਝਾ ਰਹੇ ਹਨ ਕਿ ਤੂੰ ਮਿਰਗ ਦੀ ਖੱਲ ਦਾ ਆਸਣ ਵਿਛਾ ਕੇ ਤੁਲਸੀ ਦੀ ਮਾਲਾ ਫੜਕੇ ਸਾਫ ਹੱਥਾਂ ਨਾਲ ਮੱਥੇ ਤੇ ਤਿਲਕ ਲਗਾਉਣ ਦਾ ਪਾਖੰਡ ਕਰਦਾ ਹੈ। ਤੇਰੇ ਹਿਰਦੇ ਵਿਚ ਕੂੜ ਹੈ ਭਾਵ ਤੂੰ ਗੱਲ ਵਿਚ ਰੁਦ੍ਰਾਖ ਦੀ ਮਾਲਾ ਪਾਈ ਫਿਰਦਾ ਹੈ ਪਰ ਹੇ ਠੱਗ ਤੂੰ ਪ੍ਰਮਾਤਮਾ

ਨੂੰ ਯਾਦ ਨਹੀਂ ਕਰ ਰਿਹਾ ਸਗੋਂ ਦਿਖਾਵਾ ਹੀ ਕਰ ਰਿਹਾ ਹੈ ।

ਤੀਰਥ ਦੇਵ ਦੇਹੁਰਾ ਪੋਥੀ, ਮਾਲਾ ਤਿਲਕੁ ਸੋਚ ਪਾਕ ਹੋਤੀ ॥
ਧੋਤੀ ਡੰਡਉਤਿ ਪਰਦਾਸਨ ਭੋਗਾ ਗਵਨੁ ਕਰੈਗੋ ਸਗਲੋ ਲੋਗਾ ॥

(ਪੰਨਾ 237)

ਅਰਥਾਤ ਤੀਰਥ, ਦੇਵਤਾ, ਦੇਹੁਰਾ, ਧਰਮ ਪੁਸਤਕਾਂ, ਮਾਲਾ, ਤਿਲਕੁ, ਸੂਚੀ ਰਸੋਈ, ਭਵਨ ਆਦਿ ਸਭ ਪਖੰਡ ਹਨ। ਦੂਜੇ ਪਾਸੇ ਨੇਤੀ ਧੋਤੀ ਡੰਡਾਉਤ ਮਹਿਲਾਂ ਦੇ ਭੋਗ ਵਿਲਾਸ ਆਦਿ ਸਭ ਕਿਸਮ ਦੇ ਕਰਮ ਕਰਨ ਵਾਲਾ ਮਨੁੱਖ ਖਾਲੀ ਹੱਥ ਸੰਸਾਰ ਤੋਂ ਕੂਚ ਕਰ ਜਾਂਦਾ ਹੈ ।

ਕਾਜੀ ਹਇਕੈ ਬਹੈ ਨਿਆਇ
ਫੇਰੇ ਤਸਬੀ ਕਰੇ ਖੁਦਾਇ ॥
ਵਢੀ ਲੈ ਕੈ ਹਕੁ ਗਵਾਇ
ਜੇ ਕੋ ਪੁਛੈ ਤਾਂ ਪੜਿ ਸੁਣਾਇ ॥

(ਪੰਨਾ 951)

ਇਥੇ ਮੁਸਲਮਾਨ ਭਰਾਵਾਂ ਨੂੰ ਸਮਝਾਇਆ ਗਿਆ ਹੈ ਕਿ ਕਾਜ਼ੀ ਤੇਰੇ ਪਾਸ ਨਿਆਂ ਕਰਨ ਦਾ ਕੰਮ ਹੈ ਤੂੰ ਤਸਬੀ (ਮਾਲਾ) ਫੇਰਨ ਦੇ ਅਤੇ ਖੁਦਾ ਨੂੰ ਯਾਦ ਕਰਨ ਦਾ ਪਾਖੰਡ ਕਰਦਾ ਹੈ ਪਰ ਵੱਢੀ ਲੈਕੇ ਤੂੰ ਗਲਤ ਕੰਮ ਕਰਦਾ ਹੈ ਅਤੇ ਜੇ ਕੋਈ ਇਤਰਾਜ ਕਰੇ ਤਾਂ ਕੁਰਾਨ ਸ਼ਰੀਫ ਦੇ ਮਨਮਰਜ਼ੀ ਦੇ ਅਰਥ ਪੜ੍ਹ ਕੇ ਸੁਣਾ ਦਿੰਦਾ ਹੈ ।

ਇੰਨੇ ਗੁਰ ਫੁਰਮਾਣਾਂ ਦੇ ਹੁੰਦੇ ਹੋਏ ਵੀ ਅੱਜ ਹੋ ਕੀ ਰਿਹਾ ਹੈ ? ਅੱਜ ਦਾ ਅਖੌਤੀ ਭੇਖੀ ਸੰਤ ਸਮਾਜ ਦਾ ਹਰ ਮੈਂਬਰ ਹੱਥ ਵਿਚ ਸਿਮਰਨਾ (ਮਾਲਾ) ਫੜੀ ਦੇਖਿਆ ਜਾ ਸਕਦਾ ਹੈ। ਇਹ ਫੇਰ ਵੀ ਆਪਣੇ ਆਪ ਨੂੰ ਬ੍ਰਹਮਗਿਆਨੀ ਪੂਰਨ ਸੰਤ, ਰਾਜ ਯੋਗੀ, ਬ੍ਰਹਮ ਯੋਗੀ 1008 ਆਦਿ ਡਿਗਰੀਆਂ ਨਾਲ ਸ਼ੁਸ਼ੋਭਿਤ ਕਰ ਰਹੇ ਹਨ। ਬ੍ਰਹਮ ਗਿਆਨ ਵਿਚ ਤਾਂ ਸ਼੍ਰਿਸ਼ਟੀ ਦਾ ਕਿਣਕਾ ਕਿਣਕਾ ਆ ਜਾਂਦਾ ਹੈ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਰ ਹੁਕਮ ਦਾ ਗਿਆਨ ਕੀ ਸ੍ਰਿਸ਼ਟੀ ਤੋਂ ਕਿਧਰੇ ਬਾਹਰ ਹੈ ਜਿਸਦਾ ਇਨ੍ਹਾਂ ਨੂੰ ਪਤਾ ਨਹੀਂ ਲੱਗ ਰਿਹਾ। ਕੀ ਇਨ੍ਹਾਂ ਨੇ ਦੁਨਿਆਵੀ ਤੌਰ ਤੇ ਵੀ ਜਾਂ ਇਹ ਬ੍ਰਹਮ ਦਾ ਗਿਆਨ ਪ੍ਰਾਪਤ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਦੀ ਵੀ ਨਹੀਂ ਕੀਤਾ ? ਜਾਂ ਸੰਸਾਰ ਤੇ ਇਨ੍ਹਾਂ ਅਖੌਤੀ ਸਾਧਾਂ ਦੇ ਡੇਰਿਆਂ ਤੇ ਲਗਾਤਾਰ 10-10 ਸਾਲਾਂ ਤੋਂ ਲੜੀਵਾਰ ਪਾਠ ਜਾਂ ਸੰਪਟ ਪਾਠ ਆਦਿ ਨਹੀਂ ਚੱਲ ਰਹੇ ? ਕੀ ਉਪਰ ਲਿਖੇ ਹੁਕਮਾਂ ਦੇ ਆਉਣ ਸਮੇਂ ਇਹ ਲੋਕ ਆਪਣੇ ਕੰਨ ਅਤੇ ਅੱਖਾਂ ਬੰਦ ਕਰ ਲੈਂਦੇ ਹਨ (ਅੱਖਾਂ ਅਤੇ ਕੰਨ ਤਾਂ ਸੱਚਮੁੱਚ ਹੀ ਬੰਦ ਕਰ ਲੈਂਦੇ ਹਨ, ਜੇਕਰ ਖੁੱਲ੍ਹੇ ਰੱਖਦੇ ਤਾਂ ਇਨ੍ਹਾਂ ਹੁਕਮਾਂ ਦੀ ਉਲੰਘਣਾ ਨਾ ਕਰਦੇ) ਜੇਕਰ ਉਪਰੋਕਤ ਹੁਕਮਾਂ ਦੇ ਪੜ੍ਹਨ, ਸੁਣਨ ਉਪਰੰਤ ਵੀ ਕੋਈ ਮਾਲਾ ਜਾਂ ਸਿਮਰਨੇ ਦੀ ਵਰਤੋਂ ਕਰਦਾ ਹੈ ਤਾਂ ਕੀ ਉਸਨੂੰ ਭੇਖੀ ਨਹੀਂ ਕਿਹਾ ਜਾਵੇਗਾ ?

ਮਾਲਾ ਤਾਂ ਅੱਜ ਸਿੱਖ ਧਰਮ ਦਾ ਇਕ ਅੰਗ ਹੀ ਬਣਦਾ ਜਾ ਰਿਹਾ ਹੈ ਕਿ ਹੱਥ ਵਿਚ ਮਾਲਾ ਫੜ ਕੇ, ਉਸ ਨਾਲ ਗਿਣਤੀ ਦਾ ਨਾਮ ਜਪਣ ਨੂੰ ਹੀ ਸਿੱਖੀ ਸਮਝਿਆ ਜਾ ਰਿਹਾ ਹੈ। ਹਰ ਸਮੇਂ ਇਨ੍ਹਾਂ ਭੇਖੀਆ ਦੇ ਗਲ ਵਿਚ ਮਾਲਾ ਰਹਿੰਦੀ ਹੈ। ਇਨ੍ਹਾਂ ਨੂੰ ਦੇਖ ਦੇਖ ਕੇ ਵਪਾਰੀ ਕਿਸਮ ਦੇ ਲੋਕਾਂ ਨੇ ਗੁਰੂ ਸਾਹਿਬਾਨ ਦੀਆਂ ਅਜਿਹੀਆ ਤਸਵੀਰਾਂ ਬਣਾ ਛੱਡੀਆਂ ਹਨ ਜਿਨ੍ਹਾਂ ਵਿਚ ਗੁਰੂ ਸਾਹਿਬਾਨ ਦੇ ਹੱਥਾਂ ਵਿਚ ਹੀ ਨਹੀਂ ਸਗੋਂ ਗਲ ਵਿਚ ਅਤੇ ਦਸਤਾਰ ਦੇ ਉਪਰ ਵੀ ਮਾਲਾ ਪਹਿਨੀ ਹੋਈ ਦਿਖਾ ਦਿੱਤੀ ਹੈ ਅਤੇ ਭਰਮ ਹੋਰ ਪੱਕਾ ਹੋਈ ਜਾ ਰਿਹਾ ਹੈ। ਵਪਾਰੀਆਂ ਦਾ ਵੀ ਕੀ ਕਸੂਰ ਹੈ ? ਉਨ੍ਹਾਂ ਨੇ ਕਿਹੜਾ ਕਦੇ ਗੁਰਬਾਣੀ ਨੂੰ ਪੜ੍ਹਨਾ ਜਾਂ ਘੋਖਣਾ ਹੈ ਉਨ੍ਹਾਂ ਨੇ ਤਾਂ ਪੈਸਾ ਹੀ ਕਮਾਉਣਾ ਹੈ। ਅੱਜ ਸਿੱਖ ਦੀ ਅਗਿਆਨਤਾ ਵੀ ਇਸ ਹੱਦ ਤੱਕ ਪੁੱਜ ਚੁਕੀ ਹੈ ਕਿ ਅਜਿਹੀਆਂ ਤਸਵੀਰਾਂ ਖਰੀਦ ਕੇ ਆਪਣੇ ਘਰਾਂ ਦੀ ਸਜਾਵਟ ਹੀ ਨਹੀਂ ਬਣਾ ਰਹੇ ਬਲਕਿ ਉਨ੍ਹਾਂ ਦੀ ਪੂਜਾ ਵੀ ਕਰਨੀ ਸ਼ੁਰੂ ਕਰ ਦਿਤੀ ਗਈ ਹੈ। ਕੀ ਪੰਥ ਗੁਰੂ ਦੇ ਹੁਕਮਾਂ ਅਨੁਸਾਰ ਮਾਲਾ ਫੜਨ ਵਾਲਿਆਂ ਨੂੰ ਭੇਖੀ ਕਰਾਰ ਨਹੀਂ ਦੇ ਸਕਦਾ ? ਜੇ ਨਹੀਂ ਤਾਂ ਪੰਥ ਵੀ ਗੁਰੂ ਹੁਕਮਾਂ ਤੋਂ ਅਣਜਾਣ ਜਾਂ ਭੇਖੀ ਕਿਹਾ ਜਾ ਸਕਦਾ ਹੈ ਅਤੇ ਬੁਜ਼ਦਿਲ ਹੋ ਚੁੱਕਾ ਹੈ। ਪੰਥ ਨੂੰ ਤਾਂ ਚਾਹੀਦਾ ਹੈ ਕਿ ਜਿਸ ਵੀ ਅਖੌਤੀ ਸਾਧ ਸੰਤ ਨੇ ਕੋਈ ਭੇਖ ਧਾਰਿਆ ਹੋਵੇ ਉਸਨੂੰ ਭੇਖੀ ਅਤੇ ਗੁਰਮਤਿ ਤੋਂ ਉਕਾ ਹੀ ਅਣਜਾਣ ਸਮਝ ਕੇ ਦੁਰਕਾਰ ਦੇਣਾ ਚਾਹੀਦਾ ਹੈ ਅਤੇ ਮੂੰਹ ਨਹੀ ਲਾਉਣਾ ਚਾਹੀਦਾ ਪ੍ਰੰਤੂ ਇਨ੍ਹਾਂ ਦੇ ਚੇਲੇ ਇਨ੍ਹੇ ਹੀ ਖੁਸ਼ ਹੋਈ ਫਿਰਦੇ ਹਨ ਕਿ ਬਾਬਾ ਜੀ ਹੱਥ ਵਿਚ ਸਿਮਰਨਾ ਫੜ ਕੇ ਚਿੱਟੇ ਕਪੜੇ ਪਹਿਨ ਕੇ ਬਗਲੇ ਵਾਂਙ ਸਾਡੀ ਅਗਿਆਨੀ ਮੱਛੀਆਂ ਦੀ ਉਡੀਕ ਕਰ ਰਹੇ ਹੁੰਦੇ ਹਨ।

ਬਾਬਾ ਰਾਮ ਸਿੰਘ ਜੀ ਜਿਨ੍ਹਾਂ ਨੇ ਆਪਣੇ ਜੀਵਨ ਵਿਚ ਕਦੀ ਵੀ ਆਪਣੇ ਆਪ ਨੂੰ ਗੁਰੂ ਨਹੀਂ ਅਖਵਾਇਆ ਸੀ ਅਤੇ ਨਾ ਹੀ ਅੱਜ ਵਰਗਾ ਮਾਲਾ ਦਾ ਭੇਖ ਹੀ ਕੀਤਾ ਸੀ। (ਨਾਮ ਧਾਰੀਆਂ ਵਲੋਂ ਪੰਜ ਕਕਾਰ ਨੂੰ ਤਿਲਾਂਜਲੀ ਦੇ ਕੇ ਸਿਰਫ ਮਾਲਾ ਨੂੰ ਗ੍ਰਹਿਣ ਕਰਨਾ ਹੀ ਪ੍ਰਭੂ ਪ੍ਰਾਪਤੀ ਸਮਝਿਆ ਜਾ ਰਿਹਾ ਹੈ) ਉਹ ਤਾਂ ਪੰਜ ਕਕਾਰ ਧਾਰੀ ਪੱਕੇ ਗੁਰਸਿੱਖ ਸਨ। ਪਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਾਹਿਬ ਨੇ 300 ਸਾਲਾ ਖਾਲਸਾ ਸਾਜਨਾ ਦਿਵਸ ਤੇ ਬਾਬਾ ਰਾਮ ਸਿੰਘ ਜੀ ਦੇ ਅਖੌਤੀ ਪੈਰੋਕਾਰਾਂ ਨੂੰ ਸ੍ਰੀ ਕੇਸ ਗੜ੍ਹ ਸਾਹਿਬ ਵਿਖੇ ਬੋਲਾ ਕੇ ਸਿਰੋਪਾਓ ਦਿੱਤਾ। ਇਕ ਹੋਰ ਕੰਮ ਜਿਹੜਾ ਕਾਂਗਰਸ ਸਰਕਾਰ ਨੇ ਵੀ ਨਹੀਂ ਸੀ ਕੀਤਾ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਰਾਮ ਸਿੰਘ ਚੇਅਰ ਅਕਾਲੀ ਸਰਕਾਰ ਨੇ ਸਥਾਪਤ ਕੀਤੀ।

ਨਾਮਧਾਰੀ ਤਾਂ ਜੋ ਕਿ ਅੰਮ੍ਰਿਤ ਛਕਣ ਨੂੰ ਸਿੱਖ ਧਰਮ ਦਾ ਅੰਗ ਹੀ ਨਹੀਂ ਸਮਝਦੇ ਸਗੋਂ ਸਿਰਫ ਮਾਲਾ ਫੇਰਨ ਨੂੰ ਹੀ ਆਪਣੀ ਸਿੱਖੀ ਸਮਝ ਰਹੇ ਹਨ। ਸਾਡੇ ਐਸ. ਜੀ ਪੀ. ਸੀ. ਦੇ ਸੇਵਾਦਾਰਾਂ ਦੀ ਅਗਿਆਨਤਾ ਦੇ ਕਾਰਣ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਜੀ ਦੇ ਅੰਦਰ ਜਾ ਕੇ ਮਾਲਾ ਵੰਡਣ ਦੀ ਜੁਰਅਤ ਕਰਦੇ ਹੋਏ ਦੇਖੇ ਜਾ ਸਕਦੇ ਹਨ।

ਆਓ ਫੇਰ ਗੁਰੂ ਦੇ ਹੁਕਮਾਂ ਨੂੰ ਸਮਝਣ ਦੀ ਕੋਸ਼ਿਸ਼ ਕਰੀਏ ਕਿ ਬਾਬਾ ਨਾਨਕ ਨੇ ਕਿਸ ਤਰ੍ਹਾਂ ਦੀ ਮਾਲਾ ਨੂੰ ਪ੍ਰਵਾਨ ਕੀਤਾ ਹੈ ।

ਹਰਿ ਹਰਿ ਅਖਰ ਦੁਇ ਇਹ ਮਾਲਾ ॥
ਜਪਤ ਜਪਤ ਭਏ ਦੀਨ ਦਇਆਲਾ ॥੧॥
ਕਰਉ ਬੇਨਤੀ ਸਤਿਗੁਰ ਅਪਨੀ ॥
ਕਰਿ ਕਿਰਪਾ ਰਾਖਹੁ ਸਰਣਾਈ
ਮੋ ਕਉ ਦੇਹੁ ਹਰੇ ਹਰਿ ਜਪਨੀ ॥ ਰਹਾਉ॥
ਹਰਿਮਾਲਾ ਉਰ ਅੰਤਰ ਧਾਰੈ ॥
ਜਨਮ ਮਰਣ ਕਾ ਦੂਖੁ ਨਿਵਾਰੈ ॥੨॥
ਹਿਰਦੇ ਸਮਾਲੈ ਮੁਖਿ ਹਰਿ ਹਰਿ ਬੋਲੈ ॥
ਸੋ ਜਨੁ ਇਤ ਉਤ ਕਤਹਿ ਨ ਡੋਲੈ ॥੩॥
ਕਹੁ ਨਾਨਕ ਜੋ ਰਾਚੈ ਨਾਇ ॥
ਹਰਿ ਮਾਲਾ ਤਾ ਕੈ ਸੰਗਿ ਜਾਇ ॥

(ਪੰਨਾ 388)

ਭਾਵ ਹੇ ਸਤਿਗੁਰੂ ਮੈਂ ਬੇਨਤੀ ਕਰਦਾ ਹਾਂ ਕਿ ਮੈਨੂੰ ਆਪਣੀ ਸ਼ਰਨ ਵਿਚ ਰੱਖ ਕੇ ਮੈਨੂੰ ਹਰਿ ਨਾਮ ਰੂਪੀ ਮਾਲਾ ਦਿਉ । ਰਹਾਉ । ਹੇ ਭਾਈ ! ਮੇਰੇ ਪਾਸ ਤਾਂ ਹਰਿ ਹਰਿ ਇਹ ਦੋ ਲਫਜ਼ਾਂ ਦੀ ਹੀ ਮਾਲਾ ਹੈ । ਇਸ ਹਰਿ ਦੀ ਮਾਲਾ ਨੂੰ ਜਪਦਿਆਂ ਜਪਦਿਆਂ ਕੰਗਾਲਾਂ ਉੱਤੇ ਵੀ ਪ੍ਰਭੂ ਦਇਆਵਾਨ ਹੁੰਦੇ ਹਨ ।

ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਕਥਾ ਸੁਣੋ

ਅਕਾਲ ਤਖਤ ਸਾਹਿਬ ਦੇ ਮੁੱਖ ਸੇਵਾਦਾਰ ਗਿਆਨੀ ਪੂਰਨ ਸਿੰਘ ਜੀ ਦੁਆਰਾ ਅੰਮ੍ਰਿਤਸਰ – ਮਹਿਤਾ ਸੜਕ ਉਪਰ ਸਥਿਤ ਗੁ: ਬੇਰ ਸਾਹਿਬ ਵਿਖੇ ਦਸੰਬਰ 1999 ਨੂੰ ਸੰਗਤਾਂ ਦੀ ਹਾਜ਼ਰੀ ਵਿਚ ਕੀਤੀ ਗਈ ਗੁਰਬਾਣੀ ਕਥਾ ਦੇ ਹੂ-ਬ-ਹੂ ਕੁਝ ਅੰਸ਼ ਜੋ ਉਸ ਸਮੇਂ ਟੇਪ ਰਿਕਾਰਡ ਕੀਤੀ ਵੀਡੀਓ ਕੈਸਿਟ ਤੋਂ ਨੋਟ ਕਰਕੇ ਦੇ ਰਹੇ ਹਾਂ। (ਸਬੂਤ ਲਈ ਕੈਸਟ ਸਾਡੇ ਕੋਲ ਹੈ)

ਕੀ ਗਿਆਨੀ ਪੂਰਨ ਸਿੰਘ ਦੇ ਨਿੱਜੀ ਕਰਤੱਵ ਕੌਮ ਨੂੰ ਗੁਮਰਾਹ ਨਹੀਂ ਕਰ ਰਹੇ ?

ਡਾ; ਸੁਖਪ੍ਰੀਤ ਸਿੰਘ ਉਦੋਕੇ

ਅਕਾਲ ਤਖਤ ਸਾਹਿਬ ਅਕਾਲ ਪੁਰਖ ਦਾ ਤਖ਼ਤ ਹੈ । ਸੰਸਾਰ ਦੇ ਦੁਨਿਆਵੀ ਤਖ਼ਤਾਂ ਦੇ ਮੁਕਾਬਲੇ ਇਸ ਦੀ ਹਸਤੀ ਕਿਤੇ ਉਚੇਰੀ ਹੈ । ਸੰਸਾਰ ਦੇ ਕਿਸੇ ਵੀ ਕੋਨੇ ਵਿਚ ਬੈਠਾ ਕਿਸੇ ਵੀ ਧਰਮ ਨਾਲ ਸੰਬੰਧਿਤ ਮਨੁੱਖ ਜੋ ਸਰਬੱਤ ਦੇ ਭਲੇ ਦਾ ਸੰਕਲਪ ਮਨ ਵਿਚ ਲੈ ਕੇ ਅਕਾਲ ਪੁਰਖ ਦੇ ਸਨਮੁਖ ਮਨ ਵਿਚ ਲੈ ਕੇ ਅਕਾਲ

ਪੁਰਖ ਦੇ ਸਨਮੁਖ ਸੀਸ ਝੁਕਾ ਰਿਹਾ ਹੈ ਕਿਉਂਕਿ ਇਹ ਤਖ਼ਤ ਅੱਗੇ ਵੀ ਝੁਕਾ ਰਿਹਾ ਹੈ ਕਿਉਂਕਿ ਇਹ ਤਖ਼ਤ ਸੱਚੇ ਨੇ ਰਚਾਇਆ ਹੈ। ਮੁਖਵਾਕ ਹੈ :

ਸਚੈ ਤਖਤੁ ਰਚਾਇਆ........॥

ਅਕਾਲ ਪੁਰਖ ਦਾ ਰਚਾਇਆ ਤਖ਼ਤ ਜਿਸ ਦੇ ਸਨਮੁਖ ਹਰ ਪ੍ਰਾਣੀ ਸੀਸ ਝੁਕਾਈ ਖੜ੍ਹਾ ਹੈ ਗੁਰੂ ਹਰਿਗੋਬਿੰਦ ਸਾਹਿਬ ਨੇ ਪ੍ਰਗਟ ਕੀਤਾ ਪਰੰਤੂ ਉਹ ਆਪ ਇਸ ਤ੍ਰਖਤ ਦੇ ਮਾਲਕ ਨਾ ਬਣੇ।

ਡਾ. ਦਿਲਗੀਰ ਦੇ ਲਫਜਾਂ ਵਿਚ "ਗੁਰੂ ਹਰਿਗੋਬਿੰਦ ਸਾਹਿਬ ਖੁਦ ਇਸ ਤਖਤ ਸਾਹਿਬ ਦੇ ਮਾਲਕ ਨਹੀਂ ਬਣੇ ਸਨ। ਉਹ ਤਾਂ ਇਸ ਤਖਤ ਦੇ ਸਰਬਰਾਹ ਸਨ!"

ਗੁਰੂ ਹਰਿਗੋਬਿੰਦ ਸਾਹਿਬ ਨੇ ਤਖ਼ਤ ਦੀ ਸੇਵਾ ਸੰਭਾਲ ਦਾ ਕਾਰਜ ਭਾਈ ਗੁਰਦਾਸ ਜੀ ਨੂੰ ਪਹਿਲਾ ਸੇਵਾਦਾਰ ਥਾਪ ਕੇ ਬਖਸ਼ਿਆ।

ਅਕਾਲ ਤਖ਼ਤ ਸਾਹਿਬ ਸਿੱਖ ਕੌਮ ਦਾ ਜ਼ਿਹਨੀ ਮਰਕਜ਼ (ਞਰਵਣ ਛੲਨਟਰੲ) ਇਸ ਪਾਵਨ ਅਸਥਾਨ ਤੋਂ ਕੌਮ ਨੇ ਹਰ ਖੇਤਰ ਭਾਵੇਂ ਉਹ ਸਮਾਜਿਕ, ਧਾਰਮਿਕ, ਰਾਜਨੀਤਕ, ਫਲਸਫਾ ਜਾਂ ਕੌਮੀ ਗੈਰਤ ਉਰਪ ਹੋ ਰਹੇ ਮਾਰੂ ਹਮਲਿਆਂ ਪ੍ਰਤੀ ਹੈ-ਅਗਵਾਈ ਲੈਣੀ ਹੈ। ਪਰ ਕੁਝ ਸਮੇਂ ਤੋਂ ਸਮੁੱਚੀ ਕੌਮ ਬੜੇ ਮੰਦਭਾਗੇ ਦੌਰ ਵਿਚੋਂ ਗੁਜ਼ਰ ਰਹੀ ਹੈ। ਸਿਆਸੀ ਮਹਾਰਥੀਆਂ ਅਤੇ ਸਵਾਰਥ ਪੰਥੀਆਂ ਦੀ 'ਕਿਰਪਾ' ਨੇ ਅਕਾਲ ਤਖ਼ਤ ਸਾਹਿਬ ਜੀ ਦੀ ਮਰਿਆਦਾ ਦਾ ਘਾਣ ਕਰਕੇ ਰੱਖ ਦਿੱਤਾ ਹੈ। ਸੰਸਾਰ ਦੇ ਲੋਕ-ਮੰਚ ਉਪਰ ਇਕ ਤਮਾਸ਼ਾ ਬਣਾਇਆ ਜਾ ਰਿਹਾ ਹੈ। ਅਕਾਲ ਤਖਤ ਸਾਹਿਬ ਦੀ ਮਰਿਆਦਾ ਤੋਂ ਨਾਵਿਜ਼ ਲੋਕ ਤਖਤ ਉਪਰ ਤਾਨਾਸ਼ਾਹੀ ਦਾ ਬੁਰਕਾ ਪਾ ਕੇ ਬੈਠ ਜਾਂਦੇ ਹਨ। ਕੌਮ ਦੀ ਬਦਕਿਸਮਤੀ ਹੈ ਕਿ ਤਖਤ ਉਪਰ ਕਾਬਜ਼ ਸਵਾਰਥੀ ਲੋਕ ਜੋ ਪੰਥ ਵਿਰੋਧੀ ਤਾਕਤਾਂ ਦੀਆਂ ਕਠਪੁਤਲੀਆਂ ਹਨ ਨੇ ਆਪਣੇ ਆਪ ਨੂੰ ਅਕਾਲ ਤਖਤ ਸਮਝਣਾ ਸ਼ੁਰੂ ਕਰ ਦਿੱਤਾ ਹੈ।

ਸਿਆਸੀ ਮਹਾਰਥੀਆਂ ਵੱਲੋਂ ਸਵਾਰਥ ਅਤੇ ਰਾਜਨੀਤਕ ਸੱਤਾ ਦੇ ਨਸ਼ੇ ਵਸ ਲਏ ਗਏ ਫੈਸਲਿਆਂ ਨੇ ਕੌਮ ਨੂੰ ਝੰਜੋੜ ਕੇ ਰੱਖ ਦਿੱਤਾ ਹੈ, ਮਸੰਦਾਂ ਤੋਂ ਮਹੰਤਾਂ ਦੀਆਂ ਪੁਸ਼ਾਕਾਂ ਪਾ ਕੇ ਗੁਰਧਾਮਾਂ 'ਤੇ ਕਾਬਜ਼ ਲੋਕਾਂ ਤੋਂ ਬਾਅਦ ਹੁਣ ਅਖੌਤੀ 'ਸੰਤ' ਅਕਾਲ ਤਖਤ ਸਾਹਿਬ ਵਰਗੀਆਂ ਅਹਿਮ ਸੰਸਥਾਵਾਂ ਨੂੰ ਪੂਰੀ ਤਰ੍ਹਾਂ ਆਪਣੀ ਆਗੋਸ਼ ਵਿਚ ਲੈ ਚੁੱਕੇ ਹਨ।

ਗਿਆਨੀ ਪੂਰਨ ਸਿੰਘ ਜੋ ਅਕਾਲ ਤਖਤ ਦੇ ਮੁੱਖ ਸੇਵਾਦਾਰ ਦੀ ਸਨਮਾਨਯੋਗ ਪਦਵੀ ਉਪਰ ਬਿਰਾਜਮਾਨ ਹਨ, ਵੱਲੋਂ ਸੰਤ ਸਮਾਜੀਆਂ ਅਤੇ ਆਰ. ਐੱਸ. ਦੇ ਪ੍ਰਭਾਵ ਅਧੀਨ ਅਜਿਹੇ ਮਨਮਰਜ਼ੀ ਭਰਪੂਰ ਫੈਸਲੇ ਲਏ ਜਾ ਰਹੇ ਹਨ ਜਿਨ੍ਹਾਂ ਨਾਲ ਅਕਾਲ ਤਖਤ ਸਾਹਿਬ ਦੀ ਮਰਿਆਦਾ ਦਾ ਘਾਣ ਹੋਣ ਵਿਚ ਕੋਈ ਕਸਰ ਬਾਕੀ ਨਹੀਂ ਰਹਿ ਜਾਵੇਗੀ। ਗਿਆਨੀ ਜੀ ਦੂਸਰੇ ਤਖਤਾਂ ਦੇ ਜਥੇਦਾਰ ਸਾਹਿਬਾਂ ਨੂੰ ਨਜ਼ਰਅੰਦਾਜ ਕਰਕੇ ਸੰਤ ਸਮਾਜੀਏ, ਇਸ ਤਰ੍ਹਾਂ ਹਰ ਵੇਲੇ ਨਾਲ ਜੋੜੀ ਬੈਠੇ ਹਨ ਜਿਵੇਂ ਬਰਾਬਰ ਦੇ ਤਖਤਾਂ ਦੇ ਜਥੇਦਾਰ ਹੋਣ ਤੇ ਇਹ ਹੀ ਮਨਮਤੀਏ ਹਨ ਜੋ ਗਿਆਨੀ ਜੀ ਨੂੰ

ਗੁਮਰਾਹ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਦੀ ਪ੍ਰਚਲਤ ਮਾਨ ਮਰਯਾਦਾ ਭੰਗ ਕਰ ਕੇ ਡੇਰੇਦਾਰਾਂ ਵਰਗੀਆਂ ਵਿਅਕਤੀਗਤ ਕਾਰਵਾਈਆਂ ਕਰਵਾ ਰਹੇ ਹਨ ਤੇ ਸੰਤ ਸਮਾਜੀਆਂ ਨੂੰ ਪੂਰੇ ਅਧਿਕਾਰ ਦਿੱਤੇ ਹਨ ਕਿ ਅਕਾਲ ਤਖਤ ਵੱਲੋਂ ਬਿਆਨ ਦੇਈ ਜਾਣ ਜੋ ਸ੍ਰੀ ਅਕਾਲ ਤਖਤ ਸਾਹਿਬ ਦੇ ਸਤਿਕਾਰ 'ਤੇ ਸੱਟ ਮਾਰ ਰਹੇ ਹਨ।

ਗਿਆਨੀ ਪੂਰਨ ਸਿੰਘ ਜੀ ਵੱਲੋਂ ਕੀਤੀ ਕਥਾ

ਅਕਾਲ ਤਖਤ ਸਾਹਿਬ ਦੇ ਮੁੱਖ ਸੇਵਾਦਾਰ ਗਿਆਨੀ ਪੂਰਨ ਸਿੰਘ ਜੀ ਦੁਆਰਾ ਅੰਮ੍ਰਿਤਸਰ-ਮਹਿਤਾ ਸੜਕ ਉਪਰ ਸਥਿਤ ਗ: ਬੇਰ ਸਾਹਿਬ ਵਿਖੇ 1 ਦਸੰਬਰ 1999 ਨੂੰ ਸੰਗਤਾਂ ਦੀ ਹਾਜ਼ਰੀ ਵਿਚ ਕੀਤੀ ਗਈ ਗੁਰਬਾਣੀ ਕਥਾ ਦੇ ਹੂ-ਬ-ਹੂ ਕੁਝ ਅੰਸ਼ ਜੋ ਉਸ ਸਮੇਂ ਟੇਪ ਰਿਕਾਰਡ ਕੀਤੀ ਵੀਡੀਓ ਕੈਸਿਟ ਤੋਂ ਨੋਟ ਕਰਕੇ ਦੇ ਰਹੇ ਹਾਂ। (ਸਬੂਤ ਲਈ ਕੈਸਿਟ ਸਾਡੇ ਕੋਲ ਹੈ)

(ੳ) ੧ਓ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਜਪੁ ॥ ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥

(ਅ) ......ਵਿੱਦਿਆ ਜ਼ਿਆਦਾ ਪੜ੍ਹ ਲਈ ਜਾਵੇ.....ਤਾਂ ਮਨੁੱਖ......ਨਾਸਤਿਕ ਹੋ ਜਾਂਦਾ ਹੈ, ਆਸਤਿਕ ਨਹੀਂ ਰਹਿਦਾ......ਜਾਂ ਤੇ ਨਾਮ-ਬਾਣੀ ਨਾਲ ਜੁੜਿਆ ਰਹੇ ਗੁਰਬਾਣੀ ਵਿਚ ਸੱਚੇ ਪਾਤਸ਼ਾਹ ਨੇ ਹਰ ਗੱਲ ਦਾ ਫੈਸਲਾ ਰੱਖ ਦਿੱਤਾ ਹੈ ਕਿਤੇ ਗੁਰਬਾਣੀ ਵਿਚ ਇਹ ਪਦ ਰੱਖਿਆ, "ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥" ਪੜਿ ਪੜਿ ਪਾਵੈ ਮਾਨੁ ॥

ਕਿਤੇ ਪਦ ਰੱਖਿਆ ਹੈ (ਕੁਝ ਚਿਰ ਰੁਕ ਕੇ) ਵਿਦਿਆ ਦੇ ਪ੍ਰਥਾਏ,

ਜੇਤਾ ਪੜ੍ਹਿਆ ਤੇਤਾ ਕੜ੍ਹਿਆ

ਇਹ ਪਦ ਰੱਖਿਆ ਗੁਰੂ ਪਾਤਸ਼ਾਹ ਨੇ ਅਤੇ ਕੜ੍ਹੀ ਹੋਈ ਵਸਤੂ ਜਿਹੜੀ ਹੱਦ ਤੋਂ ਵੱਧ ਅੱਗ ਤੇ ਰੱਖੀ ਜਾਵੇ, ਕੌੜੀ ਹੋ ਜਾਂਦੀ ਹੈ। ਬਹੁਤੇ (ਵਿਦਵਾਨ) ਕੌੜੇ ਹੋ ਚੁੱਕੇ ਹਨ ਜਿਨ੍ਹਾਂ ਬਹੁਤ ਵਿਦਿਆ ਪ੍ਰਾਪਤ ਕੀਤੀ ਹੈ।

(ੲ)......"ਅਖਬਾਰਾਂ ਆਪ ਪੜ੍ਹਦੇ ਹੋ, ਥੋੜ੍ਹਾ ਜਿਹਾ ਸਮਾਂ ਹੋ ਗਿਆ ਇਕ ਬਜ਼ੁਰਗ ਦਾ ਚਿੱਤਰ ਸੀ ਅਖਬਾਰ ਦੇ ਵਿਚ......ਇਹ ਗੱਲ ਲਿਖੀ ਕਾਫੀ ਵਿਸਥਾਰ ਦੇ ਵਿਚ, ਕਿ ਸਾਹਿਬ ਸੱਚੇ ਪਾਤਸ਼ਾਹ ਗੁਰੂ ਅਰਜਨ ਦੇਵ ਜੀ, ਗੋਇੰਦਵਾਲ ਸਾਹਿਬ ਜੋ ਗੁਰਬਾਣੀ ਦੀਆਂ ਸੈਂਚੀਆਂ ਸਨ ਉਹ ਲੈਣ ਹੀ ਨਹੀਂ ਗਏ।

(ਸ) "ਇਕ ਵਿਦਵਾਨ......ਕਾਲਾ ਅਫਗਾਨਾ ਕਰਕੇ ਉਸ ਦਾ ਨਾਮ ਹੈ। ਦਸਮ ਗ੍ਰੰਥ ਜੀ ਨੂੰ ਸਤਿਗੁਰਾਂ ਦੀ ਬਾਣੀ ਮੰਨਣ ਨੂੰ ਤਿਆਰ ਨਹੀਂ ਹੈ......ਮੈਂ ਪਹਿਲਾਂ ਬੇਨਤੀ ਕਰ ਚੁੱਕਾ ਹਾਂ, "ਜੇਤਾ ਪੜ੍ਹਿਆ ਤੇਤਾ ਕੜ੍ਹਿਆ"

(ਹ) "ਥੋੜ੍ਹੀ ਜਿਹੀ ਜਾਗਰਤਾ ਵਿਚ ਆਉ ਤਾਂ ਆਪਣਾ ਗੁਜ਼ਾਰਾ ਹੋ ਸਕਦਾ ਹੈ। ਵਰਨਾ ਆਪਣਾ ਇਤਿਹਾਸ ਵੀ ਕਲੰਕਤ ਕੀਤਾ ਜਾ ਰਿਹਾ ਹੈ। ਦੀਨ ਦੁਨੀਆਂ

ਦੇ ਮਾਲਕ ਉਪਰ ਵੀ ਕਿੰਤੂ ਪਰੰਤੂ ਕਰ ਰਹੇ ਹਨ। ਸ਼ਕਲ ਸਿੱਖਾਂ ਵਾਲੀ ਹੈ ਮਗਰ ਪਤਾ ਨਹੀਂ ਕੀ ਐ।"

(ਕ) "ਦਾਸ ਨੇ ਇਕ ਦਿਨ ਬੇਨਤੀ ਕੀਤੀ ਸੀ ਇਕ ਰਸਾਲਾ ਚੰਡੀਗੜ੍ਹੋਂ" ਛਪਦਾ ਹੈ (ਸਪੋਕਸਮੈਨ) ਉਸ ਨੇ ਉਸ ਵਿਚ ਦਾਸ ਪ੍ਰਤੀ ਭੱਦੇ ਲਫਜ਼ ਵਰਤੇ।"

......ਉਹ ਰਸਾਲੇ ਵਾਲਾ (ਸੰਪਾਦਕ ਸਪੋਕਸਮੈਨ) ਇਸ ਗੱਲ ਤੋਂ ਮੁਨਕਰ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਬੇਦੀਆਂ ਦੀ ਕੁਲ ਵਿਚ ਅਵਤਾਰ ਨਹੀਂ ਹੋਇਆ ਗੁਰੂ ਗੋਬਿੰਦ ਸਿੰਘ ਜੀ ਦਾ ਸੋਢੀਆਂ ਦੀ ਕੁਲ ਵਿਚ ਅਵਤਾਰ ਨਹੀਂ ਹੋਇਆ।"

ਮੈਂ ਉਸ (ਸੰਪਾਕਦ ਸਪੋਕਦਮੈਨ) ਨੂੰ ਪੁੱਛਿਆ ਕਿ ਕੀ ਲਉ-ਕੁਸ਼ ਨਹੀਂ ਹੋਏ......ਤੇ ਲਉ ਤੇ ਕਸ਼ੁ ਨਹੀਂ ਹੋਏ ਤਾਂ ਬਾਲਮੀਕ ਜੀ ਵੀ ਨਹੀਂ ਹੋਏ ਤੇ ਤੂੰ ਰਸਾਲੇ ਵਿਚ ਲਿਖ ਦੇਹ ਹਾਂ ਕਿ ਬਾਲਮੀਕ ਨਾਮ ਦਾ ਕੋਈ ਗੁਰਮੁਖ ਪਿਆਰਾ ਹੋਇਆ ਹੀ ਨਹੀਂ ਤਾਂ ਤੇਰੇ ਘਰ ਦਾ ਕੋਈ ਦਰਵਾਜ਼ਾ ਰਹਿ ਜਾਊ ਤਾਂ ਮੈਨੂੰ ਆਖੀਂ......ਇੱਟੇ ਮਾਰ ਮਾਰ ਕੇ ਲੋਕ ਭੰਨ ਦੇਣਗੇ।"

(ਖ) "ਮੈਂ ਮਹਾਂਪੁਰਸ਼ ਸੰਤ ਬਾਬਾ ਜੀਤ ਸਿੰਘ ਦੇ ਦਰਸ਼ਨ ਕਰਕੇ ਤੁਰਨ ਲੱਗਾ ਤਾਂ ਮੈਨੂੰ ਕਹਿਣ ਲੱਗੇ, "ਸਤਿਗੁਰਾਂ ਦੇ ਚਰਨ ਕੰਵਲਾਂ ਪਾਸ ਅਰਦਾਸ ਕਰਿਉ ਜੇ ਜਾ ਕੇ।" ਮੈਂ ਕਿਹਾ, "ਮਹਾਂਪੁਰਸ਼ੋ ਦੱਸੋ, ਕਾਹਦੀ ਅਰਦਾਸ ਕਰਨੀ ਹੈ?"

ਕਹਿਣ ਲੱਗੇ, "ਗੁਰੂ ਜੀ ਦੇ ਉਲਟ ਕੁਝ ਲੋਕ ਪ੍ਰਚਾਰ ਕਰ ਰਹੇ ਹਨ, ਸੱਚੇ ਪਾਤਸ਼ਾਹ ਦੇ ਚਰਨ ਕੰਵਲਾਂ ਪਾਸ ਅਰਦਾਸ ਕਰਿਓ ਜੇ, ਪ੍ਰਮੇਸ਼ਰ ਇਨ੍ਹਾਂ ਦਾ ਫਾਹ ਹੀ ਵੱਢ ਦੇਵੇ।" ਭਾਵ ਇਹ ਖਤਮ ਹੀ ਹੋ ਜਾਣ, ਜਿਹੜਾ ਗੁਰੂ ਗ੍ਰੰਥ ਸਾਹਿਬ ਜੀ ਦੀ ਨਿੰਦਿਆ ਕਰਦੇ ਹਨ।

(ਗ) "......ਦਾਸ ਨੇ ਇਹ ਕੰਮ ਵੀ ਕੀਤਾ ਸੀ, ਗੁਰੂ ਪਾਤਸ਼ਾਹ ਨੇ ਕਰਵਾਇਆ ਹੈ। ਮਹਾਂਪੁਰਸ਼ਾਂ ਨੇ ਬੇਸ਼ੱਕ ਕੁਝ ਨੇ ਬਿਆਨ ਦਿੱਤੇ, ਕੁਝ ਨੇ ਨਹੀਂ ਦਿੱਤੇ, ਦਾਸ ਨੇ ਸੱਦੇ ਵੀ ਸੀ, ਸੱਦਣ ਉਤੇ ਵੀ ਕੁਝ ਨਹੀਂ ਆਏ ਪਰ ਬਹੁਤੇ ਆਏ......ਕੰਮ ਤੇ ਸੀ ਉਹ ਮਹਾਂਪੁਰਸ਼ਾਂ ਦਾ ਜਿਹੜੀ ਜੰਤਰੀ ਛਾਪੀ ਗਈ ਹੈ......ਦਾਸ ਨੇ ਰੋਕ ਲਾਈ (ਜੰਤਰੀ ਉਪਰ) ਅਖਬਾਰ ਵਿਚ ਵੀ ਦਿੱਤਾ, ਮਗਰੋਂ ਪੰਜਾਂ ਸਿੰਘ ਸਾਹਿਬਾਂ ਵੱਲੋਂ ਵੀ ਦਿੱਤਾ ਗਿਆ ਪਰ ਅਜੇ ਤਕ ਚਰਚਾ ਚੱਲ ਰਹੀ ਹੈ ਤੇ ਇਸ ਕਰਕੇ ਇਹ ਸਾਰਾ ਕੁਝ ਕਰਨ ਵਾਲਾ ਹੈ ਤੇ ਮਹਾਂ ਪੁਰਸ਼ਾਂ ਦੇ ਕਰਨ ਵਾਲਾ ਹੈ......ਦਾਸ ਨੇ ਤਾਂ ਪੜ੍ਹਨਾ ਕਰਕੇ ਵੇਖਿਆ ਕਿ ਇਹ ਜੰਤਰੀ ਗੁਰਸਿੱਖਾਂ ਵਿਚ ਪਾਟਕ ਪਾ ਦੇਵੇਗੀ।"......"ਘਰ ਘਰ ਜੰਤਰੀਆਂ ਛਪ ਜਾਣਗੀਆਂ।"

ਗਿਆਨੀ ਪੂਰਨ ਸਿੰਘ ਜੀ ਵੱਲੋਂ ਕੀਤੀ ਗੁਰਬਾਣੀ ਕਥਾ ਬਾਰੇ ਵਿਚਾਰ

(ੳ) ਗਿਆਨੀ ਪੂਰਨ ਸਿੰਘ ਨੇ ਆਪਣਾ 'ਗੁਰਮੱਤਿ ਵਿਖਿਆਨ' ਆਰੰਭ ਕਰਨ ਤੋਂ ਪਹਿਲਾ ਮੂਲ ਮੰਤਰ ਦਾ ਉਚਾਰਣ 'ਹੋਸੀ ਭੀ ਸਚੁ' ਤਕ ਕੀਤਾ। ਅਕਾਲ ਤਖਤ ਸਾਹਿਬ ਦੇ ਮੁੱਖ ਸੇਵਾਦਾਰ ਹੀ ਜੋ ਅਕਾਲ ਤਖਤ ਸਾਹਿਬ ਦੀ ਪਾਵਨ ਮਰਿਆਦਾ ਤੋਂ ਬਾਗੀ ਹਨ ਜਾਂ ਸੰਤ ਸਮਾਜ ਯੂਨੀਅਨ ਦੇ ਪ੍ਰਭਾਵ ਅਧੀਨ ਪਾਵਨ ਮਰਿਆਦਾ

ਦੀਆਂ ਧੱਜੀਆਂ ਉਡਾ ਰਹੇ ਹਨ ਤਾਂ ਜਨਤਾ ਕੀ ਸੇਧ ਲਵੇਗੀ। ਕੀ ਗਿਆਨੀ ਜੀ ਜੋ ਖੁਦ ਆਪਣੇ ਆਪ ਨੂੰ ਹੀ ਤਖਤ ਸਮਝ ਰਹੇ ਹਨ ਨੇ ਕਦੀ ਸਿੱਖ ਰਹਿਤ ਮਰਿਆਦਾ ਦਾ ਖਰੜਾ ਨਹੀਂ ਪੜ੍ਹਿਆ ? ਕੀ ਪ੍ਰਵਾਨਤ ਮਰਿਆਦਾ ਦੀ ਉਲੰਘਣਾ ਕਰ ਕੇ ਉਹ ਆਪ ਤਨਖਾਹੀਏ ਨਹੀਂ ਹੋ ਜਾਂਦੇ ?

ਸੱਚ ਕਹਿਣ ਵਾਲੇ ਨਿੰਦਕ ਨਹੀਂ ਹਨ ਨਿੰਦਕ ਤਾਂ ਝੂਠ ਬੋਲਣ ਵਾਲੇ ਹਨ।

ਅੱਜ ਕਈ ਸਿੱਖ ਅਜਿਹੇ ਵੀ ਹਨ ਜੋ ਡੇਰੇਦਾਰਾਂ ਦੀਆਂ ਕਾਲੀਆਂ ਕਰਤੂਤਾਂ ਬਾਰੇ ਚੰਗੀ ਤਰ੍ਹਾਂ ਜਾਣਦੇ ਹੋਏ ਵੀ ਸੱਚ ਬੋਲਣ ਤੋਂ ਡਰਦੇ ਹਨ। ਸਾਡੇ ਦਿਮਾਗ ਵਿੱਚ ਤਾਂ ਇਹ ਹੀ ਹੁੰਦਾ ਹੈ ਕਿ ਸੁਖਮਨੀ ਸਾਹਿਬ ਅੰਦਰ ਤਾਂ "ਗੁਰੂ ਸੰਤ" ਦੀ ਨਿੰਦਿਆ ਕਰਨ ਵਾਲੇ ਬਾਰੇ ਲਿਖਿਆ ਗਿਆ ਹੈ ਨਾ ਕਿ ਸੱਚ ਬੋਲਣ ਵਾਲੇ ਲਈ। ਕਿਸੇ ਪਾਖੰਡੀ ਜਾਂ ਭੇਖੀ ਦੀਆਂ ਕਾਲੀਆਂ ਕਰਤੂਤਾਂ ਨੂੰ ਸੰਗਤ ਸਾਹਮਣੇ ਲਿਆਉਣ ਨੂੰ ਨਿੰਦਿਆ ਨਹੀਂ ਬਲਕਿ ਸੱਚ ਬੋਲਣ ਦੀ ਜ਼ੁਰਅਤ ਕਿਹਾ ਜਾ ਸਕਦਾ ਹੈ। (ਜਿਵੇਂ ਗੁਰੂ ਨਾਨਕ ਸਾਹਿਬ ਜੀ ਮੰਦਰਾਂ ਅਤੇ ਮਸਜਿਦਾਂ ਅੰਦਰ ਜਾਕੇ ਵੀ ਸੱਚ ਬੋਲਦੇ ਰਹੇ)। ਅੱਜ ਸਿੱਖ ਕੌਮ ਦੇ ਅੰਦਰ ਅਨੇਕਾਂ ਸੁਖਮਨੀ ਸੁਸਾਇਟੀਆਂ ਹਨ, ਪਰ ਆਸਾ ਕੀ ਵਾਰ ਵਿੱਚ ਗੁਰੂ ਸਾਹਿਬ ਨੇ ਕਰਮ ਕਾਂਡਾਂ ਦੀ ਖਲੜੀ ਉਧੇੜੀ ਹੋਈ ਹੈ ਅਤੇ ਸੁਖਮਨੀ ਸਾਹਿਬ ਸੁਸਾਇਟੀਆਂ ਦੁਆਰਾ ਭੋਲੀ ਭਾਲੀ ਲੋਕਾਈ ਦੇ ਦਿਮਾਗ ਅੰਦਰ ਸੰਤ ਦੀ ਨਿੰਦਿਆ ਕਰਨ ਵਾਲੇ ਨੂੰ ਡਰਾ ਡਰਾ ਕੇ ਆਪਣੇ ਪੁਜਾਰੀ ਜੋ ਬਣਾਉਣਾ ਹੈ ?

ਅੱਜ ਆਮ ਤੌਰ ਤੇ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਵੀ ਇਨ੍ਹਾਂ ਪਾਖੰਡੀਆਂ ਦੇ ਪੈਰਾਂ ਵਿਚ ਲੰਮੇ ਪੈ ਕੇ ਨੱਕ ਰਗੜੀ ਜਾ ਰਹੇ ਹਾਂ। ਇਹਨਾਂ ਨੂੰ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਵੀ ਆਪਣੇ ਆਪ ਨੂੰ ਮੱਥਾ ਟਿਕਾਉਂਦਿਆਂ ਨੂੰ ਸ਼ਰਮ ਮਹਿਸੂਸ ਨਹੀਂ ਹੁੰਦੀ। ਇੱਕ ਸਮਾਗਮ ਵਿਚ ਬੀਬੀਆਂ ਨੇ ਵੀ ਬਾਬਾ ਜੀ ਦੇ ਚਰਨਾਂ ਵਿਚ ਡਿੱਗ ਡਿੱਗ ਕੇ ਅਰਦਾਸਾਂ ਕੀਤੀਆਂ। ਇਹਨਾਂ ਭੇਖੀਆਂ ਜਿੱਥੇ ਵੀ ਕਦਮ ਰੱਖਿਆ, ਉਸ ਕਸਬੇ ਜਾਂ ਪਿੰਡ ਦੇ ਨਾਮ ਨਾਲ ਸਾਹਿਬ ਸ਼ਬਦ ਲਾਉਣਾ ਸ਼ੁਰੂ ਕਰ ਦਿੱਤਾ ਹੈ ਜਦੋਂ ਕਿ ਗੁਰੂ ਸਾਹਿਬ ਵਲੋਂ ਵਸਾਏ ਸ਼ਹਿਰ, ਕਸਬੇ ਦੇ ਨਾਂ ਨਾਲ ਹੀ 'ਸਾਹਿਬ' ਸ਼ਬਦ ਲਾਇਆ ਜਾਂਦਾ ਹੈ। ਇਹਨਾਂ ਨੇ ਆਪਣੇ ਨਾਵਾਂ ਦੇ ਪਿੱਛੇ ਮਹਾਰਾਜ ਬੁਲਵਾਉਣਾ ਤੇ ਇਸ਼ਤਿਹਾਰਾਂ ਵਿੱਚ ਛਾਪਣਾ ਸ਼ੁਰੂ ਕਰ ਦਿੱਤਾ ਹੈ ਜਦੋਂ ਕਿ ਮਹਾਰਾਜ ਕੇਵਲ ਇੱਕ ਪ੍ਰਮਾਤਮਾ ਹੈ। ਜਾਂ ਦੁਨਿਆਵੀ ਤੌਰ ਤੇ ਰਾਜਿਆਂ ਤੇ ਰਾਜ ਕਰਨ ਵਾਲੇ ਨੂੰ ਮਹਾਰਾਜ ਕਿਹਾ ਜਾਂਦਾ ਸੀ ਪਰ ਇਹਨਾਂ ਨੂੰ ਤਾਂ ਦੁਨਿਆਵੀ ਤੌਰ ਤੇ ਅਗਿਆਨਤਾ ਵੱਸ, ਹਜ਼ਾਰ ਜਾਂ ਦੋ ਹਜ਼ਾਰ ਪ੍ਰਾਣੀ ਹੀ ਜਾਣਦੇ ਹੋਣਗੇ। ਬਾਣੀ ਮੁਤਾਬਕ ਅਸੀਂ ਪੜ੍ਹ ਕੇ ਆਏ ਹਾਂ ਕਿ ਸੰਤ, ਬ੍ਰਹਮਗਿਆਨੀ ਆਦਿ ਸ਼ਬਦ ਗੁਰੂ ਸਾਹਿਬਾਂ ਨੇ ਬਾਣੀ ਅੰਦਰ ਪ੍ਰਮਾਤਮਾ ਜਾਂ ਗੁਰੂ ਲਈ ਵਰਤੇ ਹਨ, ਪਰੰਤੂ ਇਹਨਾਂ

ਅਜੋਕੇ ਪਾਖੰਡੀਆਂ ਨੇ ਆਪਣੇ ਨਾਵਾਂ ਨਾਲ ਕੇਵਲ ਇੱਕ ਨਾਮ ਸੰਤ ਜਾਂ ਬ੍ਰਹਮਗਿਆਨੀ ਹੀ ਨਹੀਂ (ਪ੍ਰਮਾਤਮਾ ਦੀ ਬਰਾਬਰਤਾ ਕਰਨ ਲਈ) ਬਲਕਿ 10-10 ਹੋਰ ਡਿਗਰੀਆਂ ਲਾਉਣੀਆਂ ਸ਼ੁਰੂ ਕਰ ਦਿਤੀਆਂ ਹਨ (ਇਹ ਡਿਗਰੀਆਂ ਪੰਥ ਜਾਂ ਅਕਾਲ ਤਖ਼ਤ ਵੱਲੋਂ ਨਾ ਤਾਂ ਪ੍ਰਾਪਤ ਹੀ ਹੋਈਆਂ ਹਨ ਅਤੇ ਨਾ ਹੀ ਪੰਥਕ ਤੌਰ ਤੇ ਪ੍ਰਵਾਨ ਹਨ)। ਇਸ ਤਰ੍ਹਾਂ ਇਹ ਪਾਖੰਡੀ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੀ ਉੱਚਾ ਦਰਜਾ ਦੇਣ ਲਈ ਉਤਸੁਕ ਹਨ, ਜਿਵੇਂ ਕਿ ਇਸ਼ਤਿਹਾਰਾਂ ਵਿੱਚ ਆਮ ਤੌਰ ਤੇ ਹੇਠ ਲਿਖੇ ਅਨੁਸਾਰ ਪੜ੍ਹਨ ਨੂੰ ਮਿਲਦਾ ਹੈ : ਬ੍ਰਹਮਯੋਗੀ, ਮਹਾਨ ਤਪੱਸਵੀ, ਰਾਜ ਜੋਗੀ, ਮਹਾਨ ਤਿਆਗੀ, ਪੂਰਨ ਬ੍ਰਹਮਗਿਆਨੀ, ਪਰਮ ਪੂਜਨੀਕ, ਸ੍ਰੀ ਮਾਨ 1008, ਸੰਤ ਬਾਬਾ.....ਸਿੰਘ ਜੀ ਮਹਾਰਾਜ......। ਇਸ ਤਰ੍ਹਾਂ ਦੇ ਇਸ਼ਤਿਹਾਰ ਆਮ ਤੌਰ ਤੇ ਪਾਖੰਡੀ, ਆਪੇ ਬਣੇ ਸੰਤ ਲੋਗ, ਆਪੇ ਛਪਵਾ ਕੇ, ਆਪਣਾ ਰੁਤਬਾ ਉੱਚਾ ਕਰਨ ਦਾ ਢੌਂਗ ਕਰਦੇ ਹੀ ਰਹਿੰਦੇ ਹਨ। ਇਸ ਤਰ੍ਹਾਂ ਇਹ ਪਤਾ ਨਹੀਂ, ਕਿਸ ਪ੍ਰਮਾਤਮਾ ਦੀ ਬਰਾਬਰੀ ਕਰਨਾ ਚਾਹੁੰਦੇ ਹਨ। ਜਦੋਂ ਕਿ ਗੁਰਬਾਣੀ ਮੁਤਾਬਕ ਜੋ ਮਨੁੱਖ ਪ੍ਰਮਾਤਮਾ ਦੇ ਨੇੜੇ ਹੋ ਜਾਂਦੇ ਹਨ ਉਹ ਇਨ੍ਹਾਂ ਭੇਖੀਆਂ ਵਾਂਗ ਪ੍ਰਭੂ ਨੇੜੇ ਹੋਣ ਦੀ ਦੁਹਾਈ ਨਹੀਂ ਦਿੰਦੇ। ਫੁਰਮਾਨ ਹੈ :

ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ ॥

(ਪੰ: 1384)

ਅੱਜ ਤਾਂ ਇਹ ਆਪਣੇ ਆਪ ਨੂੰ ਬ੍ਰਹਮਚਾਰੀ ਵੀ ਆਖਣ ਲੱਗ ਪਏ ਹਨ ਪਰੰਤੂ ਗੁਰੂ ਦੇ ਹੁਕਮਾਂ ਨੂੰ ਭੁੱਲ ਗਏ ਹਨ। ਗੁਰਬਾਣੀ ਅਜਿਹੇ ਮਨੁੱਖ ਨੂੰ ਖੁਸਰੇ ਦੀ ਬਰਾਬਰਤਾ ਦਿੰਦੀ ਹੈ :

ਬਿੰਦੁ ਰਾਖਿ ਜੌ ਤਰੀਐ ਭਾਈ ॥
ਖੁਸਰੇ ਕਿਉ ਨ ਪਰਮ ਗਤਿ ਪਾਈ ॥

(ਪੰਨਾ 324)

ਗੁਰੂ ਗੋਬਿੰਦ ਸਿੰਘ ਜੀ ਗੁਰਿਆਈ ਗੁਰੂ ਗ੍ਰੰਥ ਸਾਹਿਬ ਨੂੰ ਦੇ ਗਏ ਸੀ (ਆਤਮਾ ਗ੍ਰੰਥ ਵਿੱਚ ਸਰੀਰ ਪੰਥ ਵਿਚ) ਪਰੰਤੂ ਅੱਜ ਕਾਫੀ ਗਿਣਤੀ ਵਿਚ ਸਿੱਖਾਂ ਨੂੰ ਪੰਥ ਦੀ ਪਰਿਭਾਸ਼ਾ ਵੀ ਪਤਾ ਨਹੀਂ ਹੈ। ਅੱਜ ਡੇਰੇਦਾਰ, ਸੰਤ ਪੰਥਕ ਰਹਿਤ ਮਰਿਆਦਾ ਨੂੰ ਨਹੀਂ ਮੰਨਦੇ ਤੇ ਇਸਦਾ ਕਾਰਨ ਦੱਸਦੇ ਹਨ ਕਿ ਇਹ ਐਸ਼ ਜੀ. ਪੀ. ਸੀ. ਨੇ ਬਣਾਈ ਹੈ ਜਾਂ ਕੁਝ ਕਿਸੇ ਇਕੱ ਜਥੇਦਾਰ ਦੀ ਬਣਾਈ ਦੱਸੀ ਜਾਂਦੇ ਹਨ। ਜਦੋਂ ਕਿ ਪੰਥਕ ਰਹਿਤ ਮਰਿਯਾਦਾ ਪੂਰੇ ਪੰਥ ਨੇ ਰਲ ਕੇ 13 ਸਾਲ ਦੀ ਘਾਲਣਾ ਨਾਲ ਬਣਾਈ ਸੀ। ਗੁਰੂ ਗ੍ਰੰਥ ਸਾਹਿਬ ਜੀ ਨੂੰ ਵੀ ਇਹ ਮਜਬੂਰੀ ਵੱਸ ਹੀ ਗੁਰੂ ਮੰਨ ਕੇ ਇਹਨਾਂ ਦੀ ਆੜ ਵਿਚ ਲੁਕਾਈ ਨੂੰ ਆਪਣੇ ਪਿੱਛੇ ਲਾਈ ਫਿਰਦੇ ਹਨ। ਜੇਕਰ ਲੁਕਾਈ ਗੁਰੂ ਸਾਹਿਬ ਤੋਂ ਬਗੈਰ ਇਹਨਾਂ ਪਿਛੇ ਲੱਗ ਜਾਂਦੀ ਤਦ ਇਹ ਗੁਰੂ ਸਾਹਿਬ ਨੂੰ ਗੁਰੂ ਮੰਨਣ ਦਾ ਬਹਾਨਾ ਵੀ ਘੜ ਲੈਂਦੇ। ਜਿਹੜਾ ਸਿੱਖ ਗੁਰੂ ਗ੍ਰੰਥ ਸਾਹਿਬ ਨੂੰ ਲੋਕ ਵਿਖਾਵੇ ਲਈ ਗੁਰੂ ਮੰਨਦਾ ਹੋਏ ਪੰਥਕ ਰਹਿਤ ਮਰਿਯਾਦਾ ਅਤੇ ਪੰਥਕ

ਫੈਸਲੇ ਨਹੀਂ ਮੰਨਦਾ ਉਸ ਨੂੰ ਸਿੱਖ ਕਹਾਉਣ ਦਾ ਹੱਕ ਨਹੀਂ, ਸੰਤ ਤਾਂ ਬਹੁਤ ਦੂਰ ਦੀ ਗੱਲ ਹੈ। ਪੰਥਕ ਹੁਕਮ ਵੀ ਗੁਰੂ ਹੁਕਮ ਦੇ ਬਰਾਬਰ ਹਨ।

ਅੱਜ ਆਮ ਰਿਵਾਜ਼ ਪੈ ਗਿਆ ਹੈ ਕਿ ਬਾਬਾ ਬੁੱਢਾ ਜੀ ਦੀ ਸਤਾਰਵੀਂ ਗੱਦੀ ਤੇ ਸੰਤ, ਇਹ ਭਾਈ ਘਨ੍ਹਈਆ ਜੀ ਦੀ ਪੰਦਰਵੀਂ ਗੱਦੀ ਦੇ ਵਾਰਸ ਦੱਸਦੇ ਹਨ, ਪਰੰਤੂ ਗੁਰੂ ਨਾਨਕ ਦੇਵ ਜੀ ਦਾ ਹੁਕਮ ਭੁੱਲ ਜਾਂਦੇ ਹਨ ਕਿ ਚੂਹਾ ਆਪ ਤਾਂ ਖੁੱਡ ਵਿਚ ਨਹੀਂ ਸਮਾ ਸਕਦਾ ਉਤੋਂ ਲੱਕ ਨਾਲ ਛੱਜ ਬੰਨ ਲੈਂਦਾ ਹੈ, ਤੇ ਸਿਰਫ ਸੇਲ੍ਹੀ ਟੋਪੀ ਨਾਲ ਹੀ ਆਤਮਕ ਗਿਆਨ ਪ੍ਰਾਪਤ ਨਹੀਂ ਹੋ ਜਾਂਦਾ। ਗੁਰੂ ਸਾਹਿਬ ਸਾਫ ਸਮਝਾਉਂਦੇ ਹਨ ਕਿ ਅਜੇ ਆਪ ਵੀ ਪ੍ਰਮਾਤਮਾ ਦੇ ਨੇੜੇ ਨਹੀਂ ਹੋਏ ਪਰੰਤੂ ਦੂਜਿਆਂ ਨੂੰ ਸੰਸਾਰ ਸਾਗਰ ਤੋਂ ਪਾਰ ਕਰਨ ਦੀ ਗਰੰਟੀ ਕਰੀ ਜਾਂਦੇ ਹਨ। ਜੇਕਰ ਇਸ ਤਰ੍ਹਾਂ ਵਾਰਸਾਂ ਨੂੰ ਗੱਦੀ ਤੇ ਬਿਠਾਉਣਾ ਹੁੰਦਾ ਤਾਂ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਵੀ ਨਾਲ ਸਨ। ਅਸੀਂ ਸਿਰਫ ਇਸ ਕਰਕੇ ਹੀ ਇਹਨਾਂ ਪਿੱਛੇ ਲੱਗੇ ਹਾਂ ਕਿ ਇਹ ਕਿਸੇ ਨਾਮੀ ਸਿੱਖ ਜਾਂ ਕਿਸੇ ਗੁਰੂ ਸਾਹਿਬ ਦੀ ਸੰਤਾਨ ਦੀ ਚਲਦੀ ਆ ਰਹੀ ਗੱਦੀ ਤੇ ਬਿਰਾਜਮਾਨ ਹਨ। ਫੁਰਮਾਨ ਹੈ :

ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ ॥
ਚੂਹਾ ਖਡ ਨ ਮਾਵਈ ਤਿਕਲਿ ਬੰਨੈ ਛਜ ॥
ਦੇਨਿ ਦੁਆਈ ਸੇ ਮਰਹਿ ਜਿਨ ਕਉ ਦੇਨਿ ਸਿ ਜਾਹਿ ॥

ਇਤਹਾਸ ਗਵਾਹ ਹੈ - ਵਿਚਾਰੋ

ਗੁਰੂ ਗੋਬਿੰਦ ਸਿੰਘ ਜੀ ਨੇ ਮਸੰਦਾਂ ਨੂੰ ਗੁਰੂ ਘਰ ਦੀ ਬਰਾਬਰਤਾ ਕਰਨ ਅਤੇ ਗੁਰੂ ਘਰ ਲਈ ਇਕੱਠੀ ਕੀਤੀ ਹੋਈ ਮਾਇਆ ਵਿਚੋਂ ਕੁਝ ਹਿੱਸਾ ਹੜੱਪਣ ਕਾਰਨ ਸਖਤ ਸਜਾਵਾਂ ਦਿੱਤੀਆ ਸਨ

ਆਉ ਜ਼ਰਾ ਇਮਾਨਦਾਰੀ ਨਾਲ ਸੋਚੀਏ ਕਿ ਅੱਜ ਦੇ ਪਾਖੰਡੀ ਬਾਬਿਆਂ ਡੇਰੇਦਾਰਾਂ ਤੇ ਉਸ ਸਮੇਂ ਦੇ ਮਸੰਦਾਂ ਵਿਚ ਕੋਈ ਅੰਤਰ ਹੈ ? ਇਹ ਤਾਂ ਉਹਨਾਂ ਨੂੰ ਬਹੁਤ ਪਿਛੇ ਛੱਡ ਗਏ ਹਨ ਕਿਉਂਕਿ ਅੱਜ ਕੌਮ ਅੰਦਰ ਅਜਿਹੇ ਡੇਰੇਦਾਰ ਸੰਤ ਨਹੀਂ ਜੋ ਮਾਇਆ ਪੰਥਕ ਕਾਰਜਾਂ ਵਿਚ ਖਰਚ ਕਰਦਾ ਹੋਵੇ ਜਾ ਕਿਸੇ ਨੇ ਕਦੀ ਪੰਥ ਦੇ ਖਾਤੇ ਵਿਚ ਕੁਝ ਹਿਸਾ ਜਮ੍ਹਾਂ ਕਰਵਾਇਆ ਹੋਵੇ। ਦੂਜੀ ਗੱਲ ਸੀ ਗੁਰੂ ਦੀ ਬਰਾਬਰਤਾ ਕਰਨ ਦੀ। ਇਸ ਵਿੱਚ ਇਹਨਾਂ ਨੇ ਕੋਈ ਕਸਰ ਬਾਕੀ ਨਹੀਂ ਛੱਡੀ ਜਿਸ ਤੋਂ ਇਹ ਸਿੱਧ ਕਰ ਸਕਣ ਕਿ ਅਸੀਂ ਗੁਰੂ ਦੇ ਬਰਾਬਰ ਹੀ ਹਾਂ। ਉਦਾਹਰਣ ਦੇਣ ਦੀ ਲੋੜ ਤਾ ਮਹਿਸੂਸ ਨਹੀਂ ਹੁੰਦੀ ਪਰੰਤੂ ਜੇ ਦੇਖੀਏ ਤਾ ਗੁਰੂ ਗ੍ਰੰਥ ਸਾਹਿਬ ਅੰਦਰ ਜੇਕਰ ਭੱਟਾਂ ਨੇ ਗੁਰੂ ਸਾਹਿਬ ਦੀ ਉਸਤਤ ਕਰਦੇ ਹੋਏ "ਆਪ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ" (ਪੰਨਾ 1395) ਕਿਹਾ ਸੀ, ਅੱਜ ਇਹਨਾਂ ਪਾਖੰਡੀਆਂ ਨੇ ਆਪਣੇ ਮਰ ਚੁੱਕੇ ਗੱਦੀਦਾਰਾਂ ਦੀ ਉਸਤਤ ਇਸ਼ਤਿਹਾਰਾਂ ਅੰਦਰ ਇਸੀ ਤਰ੍ਹਾਂ ਕਰਨੀ ਸ਼ੁਰੂ ਕਰ ਦਿੱਤੀ ਹੈ। ਦੂਜੀ ਜੇਕਰ ਗੁਰੂ ਨਾਨਕ ਦੇਵ ਜੀ ਨੂੰ

ਕਲਯੁੱਗ ਮਿਲਿਆ ਸੀ ਤਾਂ ਇਹਨਾਂ ਨੇ ਵੀ ਬਾਬਿਆਂ ਦੀਆਂ ਸਾਖੀਆਂ ਵਿਚ ਇਹੀ ਕੁਝ ਲਿਖਣਾ ਸ਼ੁਰੂ ਕਰ ਦਿੱਤਾ ਹੈ (ਭਾਵੇਂ ਇਸ ਸਾਖੀ ਨਾਲ ਗੁਰਮਤਿ ਦਾ ਕੋਈ ਸੰਬੰਧ ਨਹੀਂ)। ਉਹ ਮਸੰਦ ਮਾਇਆ ਵਿਚੋਂ ਥੋੜ੍ਹਾ ਹਿੱਸਾ ਵੀ ਦੇਣ ਲਈ ਤਿਆਰ ਨਹੀਂ। ਇਹਨਾਂ ਦੀ ਸਜ਼ਾ ਦੀ ਅੰਦਾਜਾ ਪਾਠਕ ਖੁਦ ਲਗਾ ਲੈਣ (ਅਸੀਂ ਇਹਨਾਂ ਨੂੰ ਵੀ ਮਸੰਦ ਕਿਉਂ ਨਹੀਂ ਮੰਨਦੇ ?)॥ ਇਹ ਸਾਰਿਆਂ ਨੂੰ ਚੋਰ ਜਾਂ ਅਹੁਦੇਦਾਰਾਂ ਨੂੰ ਮਸੰਦ ਕਹਿੰਦੇ ਆਮ ਸੁਣੇ ਜਾ ਸਕਦੇ ਹਨ ਪਰੰਤੂ ਉਨ੍ਹਾ ਦਾ ਸਾਲ ਵਿੱਚ ਇੱਕ ਵਾਰ ਲੇਖਾ ਜੋਖਾ ਤਾਂ ਹੁੰਦਾ ਹੈ ਜਿਸ ਨਾਲ ਹੇਰਾ ਫੇਰੀ ਦੀ ਗੁੰਜਾਇਸ਼ ਘੱਟ ਜਾਂਦੀ ਹੈ, ਪਰ ਇਹਨਾਂ ਦਾ ਨਾ ਕੋਈ ਹਿਸਾਬ ਮੰਗ ਸਕਦਾ ਹੈ ਅਤੇ ਨਾ ਹੀ ਇਹ ਪੰਥ ਨੂੰ ਹਿਸਾਬ ਦੇਣਗੇ।

ਇਹ ਸਭ ਕੁਝ ਇਸ ਕਰਕੇ ਹੋ ਰਿਹਾ ਹੈ ਕਿਉਂਕਿ ਇਹਨਾਂ ਬਾਬਿਆਂ ਨੇ ਸੰਗਤ ਨੂੰ ਕਦੇ ਗੁਰਬਾਣੀ ਦੀ ਸੋਝੀ ਦੇਣ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਸਾਡਾ ਫਰਜ ਬਣਦਾ ਹੈ ਕਿ ਅਸ ਆਪਣੇ ਜੀਵਨ ਦੇ ਹਰ ਖੇਤਰ ਦੀ ਅਗਵਾਈ ਗੁਰੂ ਗ੍ਰੰਥ ਸਾਹਿਬ ਜੀ ਪਾਸੋਂ ਲਈਏ ਨਾ ਕਿ ਸਿਰਫ ਆਪਣੇ ਨਾਂ ਨਾਲ ਸੰਤ ਸਾਧ ਬ੍ਰਹਮਗਿਆਨੀ ਆਦਿ ਸ਼ਬਦ ਲਾਉਣ ਵਾਲਿਆਂ ਦੇ ਪਿਛੇ ਲੱਗ ਕੇ ਆਪਣਾ ਵੱਡਮੁੱਲਾ ਜੀਵਨ ਅਜਾਈਂ ਗਵਾ ਲਈਏ। ਜੇਕਰ ਸੰਤ ਸਮਾਜ ਦਾ ਪ੍ਰਚਾਰ ਪੰਥਕ ਰਹਿਤ ਮਰਿਯਾਦਾ ਵਿਰੁੱਧ ਗੁਰੂ ਹੁਕਮਾਂ ਦੇ ਉਲਟ ਅਤੇ ਅੱਜ ਦੇ ਸਮੇਂ ਵਾਂਗ ਹੁੰਦਾ ਰਿਹਾ ਤਾਂ ਉਹ ਦਿਨ ਦੂਰ ਨਹੀਂ ਜਦੋਂ ਸਿੱਖ ਕੌਮ ਦਾ ਹਾਲ ਵੀ ਬੁੱਧ ਧਰਮ ਵਾਂਗ ਹੋ ਜਾਇਗਾ। ਜਿਸ ਤਰ੍ਹਾਂ 'ਨਾਨਕ ਜੋਤਿ' ਨੇ ਪੰਡਿਤ ਅਤੇ ਕਾਜ਼ੀ ਨੂੰ ਸੰਬੋਧਨ ਕਰ ਕਰ ਕੇ ਕਰਮ ਕਾਂਡਾਂ ਤੋਂ ਵਰਜਿਆ ਹੈ, ਸਿੱਖ ਦਾ ਨਾਮ ਵੀ ਉਸੇ ਲੜੀ ਵਿੱਚ ਆ ਜਾਵੇਗਾ ਅਤੇ ਸਿੱਖ ਹਿੰਦੂ ਹੀ ਨਹੀਂ ਬਲਕਿ ਕਰਮ ਕਾਂਡਾਂ ਵਿੱਚ ਉਸ ਤੋਂ ਵੀ ਅੱਗੇ ਲੰਘ ਜਾਣਗੇ।

ਅਖੀਰ ਵਿੱਚ ਜੇਕਰ ਅਸੀਂ ਸੰਤ ਬ੍ਰਹਮਗਿਆਨੀ ਸਾਧ ਸੰਤਨ ਦੀ ਪਰਿਭਾਸ਼ਾ ਲੋਕਾਂ ਨੂੰ ਜਾਣੂ ਕਰਵਾਉਣ ਵਿੱਚ ਕਾਮਯਾਬ ਹੋ ਜਾਂਦੇ ਹਾਂ ਤਦ ਹੀ ਇਸ ਮਸੰਦ ਪ੍ਰਥਾ ਨੂੰ ਨੱਥ ਪਾਈ ਜਾ ਸਕਦੀ ਹੈ। ਗੁਰਮਤਿ ਤੋ ਜਾਣੂ ਸਿੱਖ ਕੌਮ ਨੂੰ ਪੁਰਜ਼ੋਰ ਬੇਨਤੀ ਹੈ ਕਿ ਸਭ ਰਲ ਕੇ ਇਹਨਾਂ ਗੁਰਮਤਿ ਤੋਂ ਅਣਜਾਣ, ਪੰਥਕ ਰਹਿਤ ਮਰਯਾਦਾ ਦਾ ਵਿਰੋਧ ਕਰਨ ਵਾਲੇ ਆਪੇ ਬਣੇ ਸੰਤ ਬ੍ਰਹਮਗਿਆਨੀ ਡੇਰੇਦਾਰਾਂ ਦੀਆਂ ਕਾਲੀਆਂ ਕਰਤੂਤਾਂ ਦਾ ਪਤਾ ਲੱਗਣ ਤੇ ਉਸ ਬਾਰੇ ਸਾਰੀ ਕੌਮ ਨੂੰ ਜਾਣੂੰ ਕਰਵਾਈਏ। ਆਉ, ਇਹਨਾਂ ਦੇ ਸਮਾਗਮਾਂ ਵਿੱਚ ਜਾ ਕੇ ਇਹਨਾਂ ਦੁਆਰਾ ਛਾਪਿਆ ਲਿਟਰੇਚਰ ਪੜ੍ਹ ਕੇ ਇਨ੍ਹਾਂ ਦੁਆਰਾ ਗੁਰਮਤਿ ਦੇ ਵਿਰੁੱਧ ਕੀਤੇ ਕਰਮ ਕਾਂਡਾਂ ਬਾਰੇ ਸਿੱਖ ਕੌਮ ਨੂੰ ਅਤੇ ਇਹਨਾਂ ਨੂੰ ਪੱਤਰ ਵਿਹਾਰ ਦੁਆਰਾ ਗੁਰਮਤਿ ਦੀ ਰੋਸ਼ਨੀ ਤੋਂ ਜਾਣੂ ਕਰਵਾਈਏ ਜਿਵੇਂ ਨਾਨਕ ਜੋਤ ਨੇ ਪੰਡਤ ਅਤੇ ਕਾਜ਼ੀ ਨੂੰ ਬਾਂਹ ਤੋਂ ਫੜ ਫੜ ਕੇ ਸੱਚ ਦੇ ਲੜ ਲਾਇਆ ਸੀ।

ਨੋਟ : ਵੇਖੋ ਨੇਰ੍ਹ ਸਾਈ ਦਾ :- ਜਿਨ੍ਹਾਂ ਬੰਦਿਆਂ (ਭੇਖੀਆਂ) ' ਇਤਨੀ ਯੋਗਤਾ ਵੀ ਨਹੀਂ ਕਿ ਕੋਈ ਕਿਰਤ ਕਰ ਕੇ ਆਪਣੇ ਲਈ ਦੋ ਰੋਟੀਆਂ ਹੀ ਕਮਾ ਸਕਣ,

ਉਹ ਦੂਸਰਿਆਂ ਦੀ ਜਨਮਾ ਜਨਮਾਂ ਦੀ ਭੁੱਖ ਮਿਟਾ ਰਹੇ ਹਨ। ਜਿਹੜੇ ਬੰਦੇ ਰਾਤ ਦਿਨ ਆਪ ਪ੍ਰੇਸ਼ਾਨ ਹਨ ਉਹ ਦੂਸਰਿਆਂ ਨੂੰ ਸ਼ਾਂਤੀ ਪ੍ਰਦਾਨ ਕਰ ਰਹੇ ਹਨ।

ਵਰਤ ਰੱਖਣੇ ਮਨਮੱਤ ਝੂਠੀਆਂ ਕਹਾਣੀਆਂ

ਹਿੰਦੂ ਸੁਹਾਗਣਾਂ ਵਾਂਙ ਕਈ ਸਿੱਖ ਬੀਬੀਆਂ ਵੀ ਕਰਵਾ ਚੌਥ ਦਾ ਵਰਤ ਰੱਖਦੀਆਂ ਹਨ, ਕਈਆਂ ਬੀਬੀਆਂ ਨੂੰ ਸਹੁਰੇ ਪਰਿਵਾਰ ਵੱਲੋਂ ਇਹ ਵਰਤ ਰੱਖਣ ਲਈ ਮਜ਼ਬੂਰ ਕੀਤਾ ਜਾਂਦਾ ਹੈ ਜਿਵੇਂ ਕਿ ਇੱਕ ਸਿੱਖ ਬੀਬੀ ਨੇ ਪੁੱਛਣ ਤੇ ਦੱਸਿਆ ਕਿ "ਮੈਨੂੰ ਪਤਾ ਹੈ ਗੁਰਮਤਿ ਵਰਤ ਰੱਖਣ ਵਰਗੇ ਕਰਮ ਕਾਂਡਾਂ ਦਾ ਖੰਡਣ ਕਰਦੀ ਹੈ, ਪਰ ਜੇ ਮੈਂ ਨਾ (ਕਰਵਾ ਚੌਥ ਦਾ) ਵਰਤ ਰੱਖਾਂ ਤਾਂ ਮੇਰੇ ਘਰ ਵਿਚ ਦਰਾਣੀਆਂ-ਜਠਾਣੀਆਂ ਸੱਸ ਤੇ ਨੰਨਦ ਕਲੇਸ਼ ਖੜ੍ਹਾ ਕਰ ਦਿੰਦੀਆਂ ਹਨ। ਇਸ ਲਈ ਮੈਂ ਪਤੀ ਦੀ ਮਾਰ ਤੋਂ ਡਰਦੀ ਤੇ ਘਰ ਵਿਚ ਕਲੇਸ਼ ਪੈਦਾ ਹੋਣ ਤੋਂ ਡਰਦੀ ਹੀ ਇਹ 'ਸਿਆਪਾ' ਕਰਦੀ ਹਾਂ।"

ਕਰਵੇ ਚੌਥ ਨਾਲ ਜੁੜੀ ਕਹਾਣੀ ਜੋ ਉਸ ਦਿਨ ਬ੍ਰਾਹਮਣੀ, ਵੰਨ-ਸੁਵੰਨੇ ਕੱਪੜੇ ਪਾ ਕੇ ਵਰਤ ਰੱਖਣ ਵਾਲੀਆਂ ਬੀਬੀਆਂ ਭੈਣਾਂ ਨੂੰ ਸੁਣਾਉਂਦੀ ਹੈ ਉਹ ਇਸ ਤਰ੍ਹਾ ਹੈ :-

ਵੀਰੋ ਸੱਤਾਂ ਭਰਾਵਾਂ ਦੀ ਲਾਡਲੀ ਭੈਣ ਇਕ ਰਾਹੇ ਦੀ ਪਤਨੀ ਹੁੰਦੀ ਹੈ, ਵਰਤ ਵਾਲੇ ਦਿਨ ਉਸ ਦੇ ਭਰਾਵਾਂ ਨੇ ਤਾਂ ਰੋਟੀ ਖਾ ਲਈ ਪਰ ਉਸ ਨੇ ਨਾ ਖਾਧੀ। ਉਸ ਨੂੰ ਰੋਟੀ ਖੁਆਉਣ ਲਈ ਭਰਾਵਾਂ ਨੇ ਇਕ ਚਾਲ ਚੱਲੀ। ਉਨ੍ਹਾਂ ਬੇਲੇ ਵਿਚ ਅੱਗ ਲਾ ਦਿੱਤੀ ਤੇ ਅੱਗੇ ਕੱਪੜਾ ਤਾਣ ਕੇ ਭੈਣ ਨੂੰ ਕਹਿਣ ਲੱਗੇ ਕਿ ਵੇਖ ਚੰਦਰਮਾ ਚੜ੍ਹ ਪਿਆ ਹੈ। ਉਹ ਚੰਦਰਮਾਂ ਦੀ ਕਿਤਨੀ ਰੋਸ਼ਨੀ (ਚਾਦਰੇ ਵਾਲੇ ਪਾਸੇ) ਪ੍ਰਤੀਤ ਹੋ ਰਹੀ ਹੈ। ਇਸ ਲਈ ਤੂੰ ਰੋਟੀ ਖਾ ਲੈ। ਵੀਰੋ ਨੇ ਰੋਟੀ ਖਾ ਲਈ। ਉਸ ਦਾ ਪਤੀ ਜੋ ਉਸ ਸਮੇਂ ਸ਼ਿਕਾਰ ਖੇਡਣ ਗਿਆ ਹੋਇਆ ਸੀ, ਤੜਫਦਾ-ਤੜਫਦਾ ਮਹੱਲ ਵਿਚ ਵਾਪਸ ਆਇਆ। ਉਸ ਦੇ ਰੋਮ ਰੋਮ ਵਿਚ ਸੂਈਆਂ ਖੁਭੀਆਂ ਹੋਈਆਂ ਸਨ, ਸਿਰ ਵਿਚ ਵੀ ਵੀਰੋ ਉਸ ਦਾ ਸਿਰ ਆਪਣੇ ਪੱਟਾਂ ਉਤੇ ਰੱਖ ਕੇ ਸੂਈਆਂ ਕੱਢਣ ਲੱਗੀ ਅਤੇ ਸਾਰਾ ਸਾਲ ਕੱਢਦੀ ਰਹੀ ਤੇ ਉਹ ਸਾਰਾ ਸਾਲ ਬੇਹੋਸ਼ ਪਿਆ ਰਿਹਾ। ਸਾਲ ਮਗਰੋਂ ਫਿਰ ਕਰਵੇ ਚੌਥ ਦਾ ਵਰਤ ਆ ਗਿਆ। ਜਦ ਰਾਜੇ ਦੇ ਸਿਰ ਵਿਚ ਇਕ ਸੂਈ ਰਹਿ ਗਈ ਤਾਂ ਬਾਹਰੋਂ ਕਰਵੇ ਵੇਚਣ ਵਾਲੇ ਦੀ ਆਵਾਜ ਸੁਣ ਕੇ ਵੀਰੋ ਆਪਣੀ ਗੋਲੀ ਨੂੰ ਸੂਈ ਕੱਢਣ ਲਈ ਕਹਿ ਕੇ ਆਪ ਕਰਵਾ ਲੈਣ ਬਾਹਰ ਚਲੀ ਗਈ। (ਕਰਵਾ ਮਿੱਟੀ ਦੇ ਕੁੱਜੇ ਦੀ ਸ਼ਕਲ ਦਾ ਹੁੰਦਾ ਹੈ) ਜਦ ਗੋਲੀ ਨੇ ਰਾਜੇ ਦੇ ਸਿਰ ਦੀ ਆਖਰੀ ਸੂਈ ਕੱਢੀ ਤਾਂ ਉਹ ਇਕ ਸਾਲ ਮਗਰੋਂ ਰਾਮ ਰਾਮ ਕਰਦਾ ਉੱਠ ਬੈਠਾ। ਉਸ ਦਿਨ ਤੋਂ ਰਾਜਾ ਗੋਲੀ ਨੂੰ ਰਾਣੀ ਤੇ ਰਾਣੀ ਨੂੰ ਗੋਲੀ ਸਮਝਣ ਲੱਗ ਪਿਆ।" (ਏਨੀ ਅੱਧੀ ਕਹਾਣੀ ਸੁਣਕੇ ਬ੍ਰਾਹਮਣੀ ਦੇ ਦੁਆਲੇ ਗੋਲ ਚੱਕਰ ਵਿਚ ਬੈਠੀਆਂ ਵਰਤ ਰੱਖਣ ਵਾਲੀਆਂ ਵਿਚ ਬ੍ਰਾਹਮਣੀ ਥਾਲੀ ਫੇਰਦੀ ਹੈ ਤੇ ਸਾਰੀਆਂ

ਤੀਵੀਆਂ ਪਦਾਰਥਾਂ ਅਤੇ ਪੈਸੇ ਆਦਿ ਥਾਲੀ ਵਿਚ ਪਾਉਂਦੀਆਂ ਹਨ। ਫਿਰ ਸਾਰੀਆਂ ਤੀਵੀਆਂ ਆਪੋ-ਆਪਣੇ ਸਿਰ ਚੁੰਨੀ ਨਾ ਘੁੱਟ ਲੈਂਦੀਆਂ ਹਨ ਤੇ ਬ੍ਰਾਹਮਣੀ ਅੱਗੋਂ ਕਹਾਣੀ ਸ਼ੁਰੂ ਕਰਦੀ ਹੈ) "ਲੈ ਵੀਰੋ ਕੁੜੀਏ ਕਰਵੜਾ। ਲੈ ਸਰਬ ਸੁਹਾਗਣ ਕਰਵੜਾ। ਲੈ

(ਸਾਡੇ ਇਲਾਕੇ ਵਿਚ ਮੰਨੇ ਪ੍ਰਸੰਨੇ ਜਾਣ ਵਾਲੇ ਪੰਡਿਤ ਕੋਲੋਂ ਵਰਤਾਂ ਦੀ ਜਾਣਕਾਰੀ ਲੈਣ ਲਈ ਸੰਪਰਕ ਕੀਤਾ ਗਿਆ ਤੇ ਉਸਨੂੰ ਪੁੱਛਿਆਂ ਗਿਆ ਕਿ ਸਾਨੂੰ ਦੱਸੋ ਕਿ ਕਿਸ ਇਤਿਹਾਸ/ਮਿਥਿਹਾਸ ਵਿਚ ਲਿਖਿਆ ਮਿਲਦਾ ਹੈ ਕਿ ਕੋਈ ਵੀ ਪਹਿਲਾ ਵਰਤ ਕਦੋਂ ਤੇ ਕਿਸ ਨੇ ਰੱਖਿਆ ਸੀ ? ਉਸ ਨੇ ਦੱਸਿਆ ਕਿ "ਅੱਜ ਤੱਕ ਮੈਂ ਕਾਫੀ ਕੁਝ ਪੜ੍ਹ ਚੁੱਕਿਆਂ ਹਾਂ, ਪਰ ਇਹ ਜਾਣਕਾਰੀ ਅਜੇ ਨਹੀਂ ਮਿਲੀ।")

ਭਾਈਆਂ ਦੀ ਭੈਣ ਕਰਵੜਾ। ਕੱਤੀਂ ਨਾ, ਅਟੇਰੀ ਨਾ। ਘੁੰਮ ਚਰਖੜਾ ਫੇਰੀਂ ਨਾ। ਵਾਹਣ ਪੈਰ ਪਾਈਂ ਨਾ। ਸੁੱਤੇ ਨੂੰ ਜਗਾਈਂ ਨਾ। ਰੁਸੇ ਨੂੰ ਮਨਾਈਂ ਨਾ। ਕਰਵੜਾ ਵਟਾਇਆ। ਜਵੰਦਾ ਝੋਲੀ ਪਾਇਆ।

ਰਾਜਾ ਜਦ ਇਕ ਵਾਰ ਬਾਹਰ ਗਿਆ ਤੇ ਰਾਣੀ ਦੀ ਮੰਗ ਅਨੁਸਾਰ ਉਸ ਲਈ ਹਾਰ ਸ਼ਿੰਗਾਰ ਦਾ ਸਮਾਨ ਲਿਆਇਆ ਤੇ ਗੋਲੀ ਦੀ ਮੰਗ ਅਨੁਸਾਰ ਪੱਟ-ਗੁੱਡੀਆਂ (ਗੁੱਡੀਆਂ ਪਟੋਲੇ)। ਰਾਜਾ ਰਾਣੀ ਆਪਣੇ ਕਮਰੇ ਵਿਚ ਹੁੰਦੇ, ਗੋਲੀ ਭਾਵ ਵੀਰੋ ਗੁੱਡੀਆਂ ਨਾਲ ਗੱਲਾਂ ਕਰਦੀ "ਸੁਣੋ ਨੀ ਭੈਣੋ ਗੁੱਡੜੀਓ। ਰਾਣੀ ਸੀ ਜੋ ਗੋਲੀ ਹੋਈ, ਗੋਲੀ ਸੀ ਜੋ ਰਾਣੀ ਹੋਈ" ਕਈ ਵਾਰ ਇਸ ਤਰ੍ਹਾਂ ਕਹਿੰਦੀ।

ਇਕ ਦਿਨ ਰਾਜੇ ਨੇ ਗੋਲੀ (ਜੋ ਅਸਲ ਵਿਚ ਰਾਣੀ ਸੀ) ਤੋਂ ਪੁੱਛ ਲਿਆ ਕਿ ਤੂੰ ਇਹ ਕੀ ਪੜਦੀ ਹੈ ? ਰਾਣੀ ਸੀ ਗੋਲੀ ਹੋਈ ਗੋਲੀ ਸੀ ਰਾਣੀ ਹੋਈ ਤਾਂ ਉਸ ਨੇ ਸਾਰੀ ਗੱਲ ਸੁਣਾਈ। ਰਾਜੇ ਨੇ ਮੁੜ ਉਸ ਨੂੰ ਰਾਣੀ ਬਣਾ ਲਿਆ।

ਵਰਤ ਰੱਖਣ ਵਾਲੀਆਂ ਬੀਬੀਆਂ-ਭੈਣਾਂ ਇਸ ਮਨਘੜਤ ਕਹਾਣੀ ਨੂੰ ਬੜੇ ਮਜੇ ਨਾਲ ਬ੍ਰਾਹਮਣੀ ਨੂੰ ਇਹ ਪੁੱਛਣਾ ਜ਼ਰੂਰੀ ਨਹੀਂ ਸਮਝਦੀ, ਕਿ ਵੀਰੋ ਕੁੜੀ ਦੇ ਪੇਕੇ ਕਿਥੇ ਸਨ ਤੇ ਕਿਥੋ ਦੇ ਰਾਜੇ ਦੀ ਰਾਣੀ ਸੀ ? ਪਿਤਾ ਤੇ ਪਤੀ ਨਾ ਨਾਮ ਜਾਨਣਾ ਵੀ ਜਰੂਰੀ ਹੈ), ਸੋਚਣ ਵਾਲੀ ਗੱਲ ਹੈ, ਕਿ ਬੇਲੇ ਵਿਚ ਲੱਗੀ ਅੱਗ ਚੰਦਰਮਾ ਦੀ ਰੋਸ਼ਨੀ ਦਾ ਭੁਲੇਖਾ ਪਾ ਸਕਦੀ ਹੈ ? ਉਹ ਕੌਣ ਸੀ ਜਿਸਨੇ ਵੀਰੋ ਕੁੜੀ ਦੇ ਵਰਤ ਤੋੜਣ ਕਰਕੇ ਉਸਦੇ ਪਤੀ (ਰਾਜੇ) ਦੇ ਰੋਮ ਰੋਮ ਵਿਚ ਸੂਈਆਂ ਚਭੋਈਆਂ ? ਇਕ ਸੂਈ ਸਰੀਰ ਵਿਚ ਵੱਜ ਜਾਵੇ ਤਾਂ ਉਹ ਸਰੀਰ ਵਿਚ ਤੁਰਦੀ ਤੁਰਦੀ ਕਿਤੇ ਜਾ ਨਿਕਲਦੀ ਹੈ, ਕੀ ਰੋਮ ਰੋਮ ਵਿਚ ਵੱਜੀਆਂ ਸੂਈਆਂ ਅੱਗੇ ਨਾ ਤੁਰੀਆਂ ? ਕੀ ਉਸ ਸਮੇਂ ਕੋਈ ਵੈਦ-ਹਕੀਮ ਨਹੀਂ ਸੀ ਹੈਗਾ ? ਕੀ ਵੀਰੋ ਕੁੜੀ ਖੁਦ ਵੈਦ ਸੀ ਜੋ ਆਪਣੇ ਪਤੀ ਦੇ ਸਰੀਰ ਵਿਚ ਵੱਜੀਆਂ ਸੂਈਆਂ ਆਪ ਕੱਢਦੀ ਰਹੀ ? ਕੀ ਰਾਜੇ ਦੇ ਮਾਂ-ਪਿਓ, ਭੈਣ-ਭਰਾਵਾਂ ਤੇ ਅਹਿਲਕਾਰਾਂ ਜਾਂ ਵੀਰੋ ਦੇ ਮਾਂ ਪਿਓ ਤੇ ਭਰਾਵਾਂ (ਜੋ ਆਪਣੀ ਭੈਣ ਨੂੰ ਭੁੱਖੀ ਨਹੀਂ ਸੀ ਜ਼ਰ ਸਕਦੇ) ਉਹਨਾਂ ਨੇ ਰਾਜੇ

ਦੇ ਸਰੀਰ ਵਿਚੋਂ ਸੂਈਆਂ ਪੁੱਟਣ ਲਈ ਵੀਰੋ ਨਾਲ ਹੱਥ ਨਾ ਵਟਾਇਆ ? ਇਕ ਸਾਲ ਸਰੀਰ ਵਿਚ (ਲੋਹੇ ਦੀਆਂ) ਸੂਈਆਂ ਚੁੱਭਣ ਨਾਲ ਸਰੀਰ ਵਿਚ ਬਹੁਤ ਲੋਹੇ ਦੀ ਵਿਸ ਹੋਈ ਹੋਵੇਗੀ। ਰਾਜਾ ਮੌਤ ਤੋਂ ਕਿਵੇਂ ਬਚ ਗਿਆ ? ਸਾਰਾ ਸਾਲ ਪਤੀ ਦਾ ਸਿਰ ਪੱਟ ਤੇ ਰੱਖਕੇ ਸੂਈਆਂ ਪੁੱਟਣ ਵਾਲੀ ਪਤਨੀ ਅਖ਼ੀਰਲੀ ਇਕ ਸੂਈ ਵਿਚ ਛੱਡਕੇ ਕਰਵਾ ਖਰੀਦਣ ਚਲੇ ਗਈ। ਕੀ ਉਸ ਨੂੰ ਜ਼ਿਆਦਾ ਪਤੀ ਦੀ ਲੋੜ ਸੀ ਜਾਂ ਕਰਵੇ ਦੀ ? ਰਹਿੰਦੀ ਸੂਈ ਰਾਜੇ ਦੀ ਗੋਲੀ ਨੇ ਪੁੱਟੀ ਤੇ ਰਾਜਾ ਹੋਸ਼ ਵਿਚ ਆ ਗਿਆ ਤੇ ਉਸ ਦਾ ਗੋਲੀ ਨੂੰ ਰਾਣੀ ਸਮਝ ਬੈਠਣਾ ਰਾਜ਼ੇ ਦੀ ਮੂਰਖਤਾ ਜਾਹਿਰ ਨਹੀਂ ਕਰਦੀ ? ਕੀ ਗੋਲੀ ਨੇ ਰਾਜੇ ਨੂੰ ਕਿਉਂ ਨਾ ਦੱਸਿਆ ਕਿ ਮੈਂ ਤੇਰੀ ਰਾਣੀ ਨਹੀਂ ? ਕੋਈ ਵੀ ਔਰਤ ਆਪਣੇ ਪਤੀ ਨਾਲ ਕਿਸੇ ਦੂਜੀ ਔਰਤ ਦੇ ਨਜ਼ਾਇਜ਼ ਸੰਬੰਧਾਂ ਨੂੰ ਵੇਖਕੇ ਬਰਦਾਸ਼ਤ ਨਹੀਂ ਕਰਦੀ, ਫਿਰ ਵੀਰੋ ਦੇ ਚੁੱਪ ਰਹਿਣ ਵਿਚ ਕੀ ਰਾਜ਼ ਸੀ ? ਰਾਜੇ ਦੇ ਮਾਪਿਆਂ ਤੇ ਵੀਰੋ ਦੇ ਪੇਕੇ-ਭਰਾਵਾਂ ਨੇ ਰਾਜੇ ਨੂੰ ਅਸਲੀਅਤ ਕਿਉਂ ਨਾ ਦੱਸੀ ? ਕਰਵਾ ਚੌਥ ਵਾਲੇ ਦਿਨ ਵਰਤ ਰੱਖਣ ਵਾਲੀ ਨੂੰ ਹੱਥ ਤੇ ਹੱਥ ਧਰਕੇ (ਵੇਹਲੀ) ਬੈਠਣ ਦੀ ਸਿੱਖਿਆ ਦਿੱਤੀ ਜਾਂਦੀ ਹੈ, ਉਸਨੂੰ ਸੁੱਤੇ ਹੋਏ ਪਤੀ ਨੂੰ ਨਾ ਜਗਾਉਣ ਦੀ ਤੇ ਰੁੱਸੇ ਪਤੀ ਨੂੰ ਨਾ ਮਨਾਉਣ ਦੀ ਸਿਖਿਆ ਦੇਣੀ ਕਿਥੋਂ ਤਕ ਉਚਿਤ ਹੈ ? ਅਗਰ ਵਰਤ ਰੱਖਣ ਵਾਲੀ ਬੀਬੀ ਦੀ ਉਮਰ ਵੀ ਵਡੇਰੀ ਹੋਵੇ, ਬੱਚੇ ਵੀ 10-12 ਹੋਣ ਉਸ ਨੂੰ ਬ੍ਰਾਹਮਣੀ ਵੱਲੋਂ 'ਜਵੰਦਾ ਝੋਲੀ ਪਾਇਆ' ਅਸੀਸ ਦੇਣੀ ਠੀਕ ਹੈ ?

ਇਕਾਦਸੀ ਦਾ ਵਰਤ ਅਰਥਾਤ ਗਿਆਰਵੀਂ ਥਿਤ ਦਾ ਵਰਤ, ਜਿਸ ਨੂੰ ਹਿੰਦੂ ਇਸਤਰੀ ਮਰਦ ਸ਼ਰਧਾ ਨਾਲ ਰੱਖਦੇ ਹਨ ਅਤੇ ਸਾਰਾ ਦਿਨ ਅੰਨ ਨਹੀਂ ਖਾਂਦੇ। ਗੁਰੂ ਅਰਜਨ ਦੇਵ ਜੀ ਉਪਦੇਸ਼ ਦਿੰਦੇ ਹਨ :-

ਏਕਾਦਸੀ ਨਿਕਟਿ ਪੇਖਹੁ ਹਰਿ ਰਾਮ ॥
ਇੰਦ੍ਰੀ ਬਸਿ ਕਰਿ ਸੁਣਹੁ ਹਰਿ ਨਾਮ ॥
ਮਨਿ ਸੰਤੋਖੁ ਸਰਬ ਜੀਅ ਦਇਆ ॥
ਇਨ ਬਿਧਿ ਬਰਤੁ ਸੰਪੂਰਨ ਭਇਆ ॥

(ਮ: 5, ਪੰਨਾ 299)

ਭਾਵ ਪ੍ਰਮਾਤਮਾ ਨੂੰ ਸਦਾ ਆਪਣੇ ਨੇੜੇ ਵੱਸਦਾ ਵੇਖੋ, ਆਪਣਿਆ ਇੰਦ੍ਰਿਆਂ ਨੂੰ ਕਾਬੂ ਵਿਚ ਰੱਖ ਕੇ ਪ੍ਰਮਾਤਮਾ ਦਾ ਨਾਮ ਸੁਣਿਆ ਕਰੋ। ਮਨ ਵਿਚ ਸੰਤੋਖ ਧਾਰ ਕੇ ਸਭ ਜੀਵਾਂ ਤੇ ਦਇਆ ਕਰਨ ਨਾਲ ਇਹ ਏਕਾਦਸੀ ਦਾ ਵਰਤ ਕਾਮਯਾਬ ਹੋ ਜਾਂਦਾ ਹੈ। (ਬਲਕਿ ਭੁੱਖੇ ਰਹਿਣ ਨਾਲ ਨਹੀਂ)

ਭਾਈ ਗੁਰਦਾਸ ਜੀ ਫੁਰਮਾਉਂਦੇ ਹਨ :-

ਇਕ ਮਨਿ ਹੋਇ ਇਕਾਦਸੀ,
ਗੁਰਮੁਖਿ ਵਰਤ ਪਤਿਬ੍ਰਤਿ ਭਾਇਆ ॥੧੧॥

ਭਾਵ ਇਕ ਮਨ ਨਾਲ ਪ੍ਰਭੂ-ਪਤੀ ਦੀ ਭਗਤੀ ਵਿਚ ਪਿਆਰ ਪਾਉਣਾ ਹੀ

ਗੁਰਮੁਖਾਂ ਲਈ ਇਕਾਦਸੀ ਦਾ ਵਰਤ ਹੈ।

ਭਾਵ ਇਕ ਮਨ ਨਾਲ ਪ੍ਰਭੂ-ਪਤੀ ਦੀ ਭਗਤੀ ਵਿਚ ਪਿਆਰ ਪਾਉਣਾ ਹੀ ਗੁਰਮੁਖਾਂ ਲਈ ਇਕਾਦਸੀ ਦਾ ਵਰਤ ਹੈ।

ਨਉਮੀ ਨੇਮੁ ਸਚੁ ਜੇ ਕਰੈ ॥
ਕਾਮ ਕ੍ਰੋਧੁ ਤ੍ਰਿਸਨਾ ਉਚਰੈ ॥
ਦਸਮੀ ਦਸੇ ਦੁਆਰ ਜੇ ਠਾਕੈ
ਏਕਾਦਸੀ ਏਕੁ ਕਰਿ ਜਾਣੈ ॥
ਦੁਆਦਸੀ ਪੰਚ ਵਸਗਤਿ ਕਰਿ ਰਾਖੈ
ਤਉ ਨਾਨਕ ਮਨੁ ਮਾਨੈ ॥
ਐਸਾ ਵਰਤੁ ਰਹੀਜੈ ਪਾਡੇ
ਹੋਰ ਬਹੁਤੁ ਸਿਖ ਕਿਆ ਦੀਜੈ ॥੨॥

(ਮ: 3, ਪੰਨਾ 1245)

ਜੇ ਮਨੁੱਖ ਸੱਚ ਧਾਰਨ ਦੇ ਨੇਮ ਨੂੰ ਨੌਮੀ ਦਾ ਵਰਤ ਬਣਾਏ, ਕਾਮ-ਕ੍ਰੋਧ ਤੇ ਲਾਲਚ ਨੂੰ ਚੰਗੀ ਤਰ੍ਹਾਂ ਦੂਰ ਕਰ ਲਏ, ਜੇ ਦਸ ਇੰਦ੍ਰਿਆ ਨੂੰ ਵਿਕਾਰਾਂ ਵਲੋਂ ਰੋਕ ਰੱਖੇ, ਇਸ ਉਦਮ ਨੂੰ ਦਸਮੀ ਦਾ ਵਰਤ ਬਣਾਏ, ਇਕ ਪ੍ਰਮਾਤਮਾ ਨੂੰ ਹਰ ਥਾਂ ਵਿਆਪਕ ਸਮਝੇ, ਇਹ ਉਸਦਾ ਇਕਾਦਸੀ ਦਾ ਵਰਤ ਹੋਵੇ। ਪੰਜ ਕਾਮਾਦਿਕਾਂ ਨੂੰ ਕਾਬੂ ਵਿਚ ਰੱਖੇ, ਜੇਕਰ ਇਹ ਉਸ ਦਾ ਦੁਆਦਸੀ ਦਾ ਵਰਤ ਬਣੇ ਤਾਂ ਮਨੁੱਖ ਦਾ ਮਨ ਪਤੀਜ ਜਾਂਦਾ ਹੈ। ਹੇ ਪੰਡਿਤ ! ਜੇ ਇਹੋ ਜਿਹਾ ਵਰਤ ਨਿਬਾਹ ਸਕੀਏ ਤਾਂ ਕਿਸੇ ਹੋਰ ਸਿਖਿਆ ਦੀ ਲੋੜ ਨਹੀਂ ਪੈਂਦੀ।

ਸਾਡੇ ਇਲਾਕੇ ਵਿਚ ਮੰਨੇ-ਪ੍ਰਮੰਨੇ ਜਾਣ ਵਾਲੇ ਪੰਡਿਤ ਕੋਲੋਂ ਵਾਰਤਾ ਦੀ ਜਾਣਕਾਰੀ ਲੈਣ ਲਈ ਸੰਪਰਕ ਕੀਤਾ ਗਿਆ ਤੇ ਉਸਨੂੰ ਪੁੱਛਿਆਂ ਗਿਆਂ ਕਿ ਸਾਨੂੰ ਦੱਸੋ ਕਿ ਕਿਸ ਇਤਿਹਾਸ/ਮਿਥਿਹਾਸ ਵਿਚ ਲਿਖਿਆ ਮਿਲਦਾ ਹੈ ਕਿ ਕੋਈ ਵੀ ਪਹਿਲਾ ਵਰਤ ਕਦੋਂ ਤੇ ਕਿਸ ਨੇ ਰੱਖਿਆ ਸੀ ? ਉਸ ਨੇ ਦੱਸਿਆ ਕਿ "ਅੱਜ ਤਕ ਮੈਂ ਕਾਫੀ ਕੁਝ ਪੜ੍ਹ ਚੁਕਿਆ ਹਾਂ, ਪਰ ਇਹ ਜਾਣਕਾਰੀ ਅਜੇ ਨਹੀਂ ਮਿਲੀ।"

ਅੱਜ ਤੱਕ ਜੋ ਮਾਈ-ਭਾਈ/ਬੀਬੀਆਂ ਭੈਣਾਂ ਅਨਪੜ੍ਹਤਾ ਜਾਂ ਅਗਿਆਨਤਾ ਦੇ ਚੁੰਗਲ ਵਿਚ ਫਸੇ, ਕਿਸੇ ਨਾ ਕਿਸੇ 'ਫਲ' ਦੀ ਪ੍ਰਾਪਤੀ ਦੀ ਆਸ ਨਾਲ ਵਰਤ ਰੱਖਦੇ ਆ ਰਹੇ ਹਨ, ਉਨੀ ਦੇਰ ਤੱਕ ਉਨ੍ਹਾਂ ਦਾ ਕਰਮਕਾਂਡਾਂ ਰੂਪੀ ਭਰਮ-ਜਾਲ ਤੋਂ ਛੁਟਕਾਰਾ ਨਹੀਂ ਹੋ ਸਕਦਾ ਜਿੰਨੀ ਦੇਰ ਤੱਕ ਉਹ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਹੇਠ ਆ ਕੇ ਆਪਣੇ ਅੰਦਰ ਗੁਰਮਤਿ ਦਾ ਪ੍ਰਕਾਸ਼ ਨਹੀਂ ਕਰਦੇ।

ਲਖ ਜਪ ਤਪ ਸੰਜਮਾਂ ਹੋਮ ਜਗ ਲਖ ਵਰਤ ਕਰੰਦੇ ॥....
ਗੁਰਸਿਖੀ ਸੁਖ ਤਿਲੁ ਨ ਲਹੁਦੇ ॥੧੮॥੨੮॥

(ਭਾਈ ਗੁਰਦਾਸ ਜੀ)

ਭਾਵ ਲੱਖਾਂ ਜਪੀਏ, ਲੱਖਾਂ ਹੀ ਤਪੀਏ ਹਨ, ਲੱਖਾਂ ਹੀ ਸੰਜਮ, ਲੱਖਾਂ ਹੀ ਵਰਤ

ਆਦਿ ਰੱਖਦੇ ਹਨ, ਪਰ ਇਹ ਸਾਰੇ ਅਡੰਬਰ ਗੁਰਸਿੱਖੀ ਦੇ 'ਫਲ' ਦੇ ਇਕ ਤਿਲ ਮਾਤਰ ਵੀ ਅਨੰਦ ਪ੍ਰਾਪਤ ਨਹੀਂ ਕਰ ਸਕਦੇ। ਆਓ, ਗੁਰੂ ਪਿਆਰੇ ਵਾਲਿਓ। ਗੁਰਮਤਿ ਮਾਰਗ ਤੇ ਚੱਲਦਿਆਂ ਹੋਇਆਂ ਬ੍ਰਾਹਮਣੀ ਕਰਮ ਕਾਂਡਾਂ ਦੇ ਜੂਲ੍ਹੇ ਨੂੰ ਆਪਣੇ ਗਲੋਂ ਲਾਹ ਕੇ ਦੂਰ ਸੁੱਟਣ ਦਾ ਪ੍ਰਣ ਕਰੀਏ। ਗੁਰੂ ਭਲੀ ਕਰੇਗਾ।

ਕਰਤੂਤਾਂ ਵਿਹਲੜ ਪਾਖੰਡੀ ਅਖੌਤੀ ਬਾਬਿਆ ਦੀਆਂ

ਅਜੀਤ ਸਿੰਘ ਖੜਗ ਗਿਆਨੀ
ਟਿਪਟਨ ਇੰਗਲੈਂਡ

ਚਿੱਟੇ ਚੋਲੇ ਪਾਂਦੇ ਬਾਬੇ, ਕਾਲੇ ਕਰਮ ਕਮਾਂਦੇ ਬਾਬੇ (ਅਖੌਤੀ)।
ਮਾਇਆ ਨੂੰ ਜੋ ਕਹਿੰਦੇ ਨਾਗਣ, ਸੁੰਦਰ ਡੇਰੇ ਬਣਾਉਂਦੇ ਬਾਬੇ।
ਦੁੱਧਾਧਾਰੀ ਨੇ ਜੋ ਅਖਵਾਂਦੇ, ਪਿਸਤਾ ਬਕਰੇ ਖਾਂਦੇ ਬਾਬੇ।
ਚਾਕੂ ਚੋਰਾਂ ਤੇ ਗੁੰਡਿਆਂ ਤੋਂ, ਹਰ ਸੇਵਾ ਕਰਵਾਂਦੇ ਬਾਬੇ।
ਰਿਸ਼ਵਤਖੋਰ ਸਮਗਲਰ ਵੱਡੇ, ਸੇਵਕ ਮੁਖੀ ਬਣਾਂਦੇ ਬਾਬੇ।
ਸੁੰਦਰ ਅਲ੍ਹੜ ਮੁਟਿਆਰਾਂ ਤੋਂ, ਆਪਣੇ ਚਰਨ ਘੁਟਾਂਦੇ ਬਾਬੇ।
ਜਾਦੂ ਟੂਣੇ ਦੇ ਚੱਕਰ ਵਿਚ, ਲੋਕਾਂ ਨੂੰ ਪਾਂਦੇ ਬਾਬੇ।
ਭੋਲੇ ਭਾਲੇ ਹਰ ਬੰਦੇ ਨੂੰ, ਜਾਲ ਵਿਚ ਰੋਜ਼ ਫਸਾਂਦੇ ਬਾਬੇ।
ਨਸ਼ਿਆਂ ਤੇ ਲਾ ਮੁੰਡੇ ਕੁੜੀਆਂ, ਚੰਦ ਨੇ ਰੋਜ਼ ਚੜ੍ਹਾਂਦੇ ਬਾਬੇ।
ਸੇਠ ਜਾ ਲੀਡਰਾਂ ਦੇ ਘਰ, ਆਪਣਾ ਡੇਰਾ ਲਾਂਦੇ ਬਾਬੇ।
ਕਹਿੰਦੇ ਨੇ ਜੋ ਕਰੋ ਸ਼ਾਂਤੀ, ਦੰਗੇ ਉਹ ਕਰਵਾਂਦੇ ਬਾਬੇ।
ਆਪਣੇ ਇਕ ਇਸ਼ਾਰੇ ਉੱਤੇ, ਲੀਡਰ ਕਈ ਨਚਾਂਦੇ ਬਾਬੇ।
ਕਿਸ ਦੇਸ਼ ਦੇ ਸ਼ਹਿਜ਼ਾਦੇ ਵਾਂਙੂ, ਆਪਣੇ ਤਾਈ ਸਜਾਂਦੇ ਬਾਬੇ।
ਖਾ ਹਲਵਾ ਪੂਰੀ ਮੁਰਗਾ ਮੱਛੀ, ਰਾਤੀ ਰੰਗ ਰਲੀਆਂ ਮਨਾਂਦੇ ਬਾਬੇ।
ਜ਼ਰੀ ਦੀ ਜੁੱਤ ਹਾਰ-ਨੌਂ ਲੱਖਾ, ਇਹ ਤਿਆਗੀ ਨੇ ਪਾਂਦੇ ਬਾਬੇ।
ਬਦਫੈਲੀ ਤੇ ਲੁੱਟ ਮਚਾਈ ਭਾਵੇਂ, ਫਿਰ ਵੀ ਨੇ ਅਖਵਾਂਦੇ ਬਾਬੇ (ਅਖੌਤੀ)।

ਭੂਤਾਂ ਪ੍ਰੇਤਾਂ ਦੇ ਪਾਖੰਡਵਾਦ ਬਾਰੇ ਪ੍ਰਚਾਰਕਾਂ ਦੇ ਫਰਜ਼

ਵੈਸੇ ਤਾਂ ਹਰ ਰੋਜ਼ ਪਾਖੰਡੀ ਤੇ ਚਿਮਟਾ-ਕੁੱਟ ਬਾਬਿਆਂ ਦੀਆਂ ਦਿਲ-ਕੰਬਾਊ ਖਬਰਾਂ ਪਾਠਕ ਵਰਗ ਦਾ ਧਿਆਨ ਖਿੱਚਦੀਆਂ ਹੀ ਰਹਿੰਦੀਆਂ ਹਨ। ਸਾਡਾ ਵਾਰ ਵਾਰ ਐਸੀਆਂ ਖਬਰਾਂ ਦੇਣ ਦਾ ਮਕਸਦ ਵੀ ਇਹ ਹੈ ਕਿ ਦੁਨੀਆਂ ਇਕ ਪਾਖੰਡਵਾਦ ਤੋਂ ਛੁਟਕਾਰਾ ਪਾ ਲਵੇ ਕਿਉਂਕਿ ਗੁਰਬਾਣੀ ਵਿਚ ਵੀ ਐਸੀ ਵਿਚਾਰਧਾਰਾ ਨੂੰ ਪਾਖੰਡ ਕਰਮ ਦੱਸਿਆ ਹੈ। ਪਰ ਇਹ ਪਾਖੰਡ ਖੰਡ ਬਣ ਕੇ ਵਹਿਮੀ ਲੋਕਾਂ ਦੀਆਂ ਅਕਲਾਂ ਨੂੰ ਭੂਰੀਆਂ ਕੀੜੀਆਂ ਵਾਂਗ ਚਿੰਬੜਿਆਂ ਹੋਇਆ ਹੈ। ਬੀਤੇ ਦਿਨੀਂ ਲੁਧਿਆਣਾ ਦੀ ਸ਼ਿਮਲਾ ਕਾਲੋਨੀ ਵਿਚ ਬਾਬਾ ਬਣੀ ਔਰਤ ਨੇ ਦਲਜੀਤ ਕੌਰ ਨੂੰ ਉਸ ਦੇ

ਪਤੀ, ਸਹੁਰੇ ਤੇ ਪਰਿਵਾਰ ਦੀ ਹਾਜ਼ਰੀ ਵਿਚ ਗਰਮ ਚਿਮਟਿਆਂ ਨਾਲ ਸਾਰੀ ਰਾਤ ਏਨਾ ਕੁਟਾਪਾ ਚਾੜ੍ਹਿਆ ਕਿ ਉਸ ਨੂੰ ਸ਼ਾਹਕੋਟ ਦੇ ਹਸਪਤਾਲ 'ਚ ਦਾਖਲ ਕਰਵਾਉਣਾ ਪਿਆ।

ਗੱਲਾਂ ਦੀ ਗੱਲ ਤਾਂ ਇਹ ਹੈ ਇਹ ਕਸਰ, ਓਪਰੀ ਸ਼ੈਅ, ਛਾਇਆ ਜਾਂ ਭੂਤ ਜ਼ਿਆਦਾਤਰ ਆਰਥਕ ਤੌਰ 'ਤੇ ਪਛੜੇ ਅਤੇ ਅਗਿਆਨੀ ਲੋਕਾਂ ਵਿਚ ਹੀ ਆਉਂਦੇ ਹਨ ਤੇ ਅਮੀਰ ਪਰਵਾਰਾਂ ਵਿਚ ਤੇ ਗਿਆਨਵਾਨ ਪਰਵਾਰਾਂ ਵਿਚ ਕਦੇ ਨਹੀਂ ਆਏ। ਮਾਨਸਿਕ ਰੋਗਾਂ ਤੋਂ ਅਨਜਾਣ ਲੋਕ ਅਜੇ ਤੱਕ ਇਹ ਨਹੀਂ ਸਮਝ ਸਕੇ ਕਿ ਸਾਡੀ ਅਗਿਆਨਤਾ ਹੀ ਭੂਤ ਹੈ। ਇਸੇ ਤਰ੍ਹਾ ਭੂਤਾਂ-ਪ੍ਰੇਤਾਂ ਦੇ ਸਪੈਸ਼ਲਿਸਟ ਬਾਬਿਆਂ ਤੋਂ ਗਲੀ-ਮੁਹੱਲੇ ਦੇ ਲੋਕ ਬਹੁਤ ਪ੍ਰੇਸ਼ਾਨ ਹੁੰਦੇ ਹਨ ਤੇ ਉਦੋਂ ਤਕ ਪ੍ਰੇਸ਼ਾਨ ਹੀ ਰਹਿਣਗੇ ਜਦੋਂ ਤਕ ਅਗਿਆਨਤਾ ਦੇ ਅੰਧ-ਵਿਸ਼ਵਾਸ਼ ਦੀਆਂ ਜੜ੍ਹਾਂ ਪੱਟੀਆਂ ਨਹੀਂ ਜਾਂਦੀਆਂ। ਇਸ ਪ੍ਰਤੀ ਸਮੁੱਚੇ ਸਮਾਜ ਨੂੰ ਹੰਭਲਾ ਮਾਰਨ ਦੀ ਲੋੜ ਹੈ। ਸਿੱਖ ਪੰਥ ਦੇ ਰਾਗੀਆਂ, ਢਾਡੀਆਂ, ਗ੍ਰੰਥੀ, ਕਥਾਵਾਚਕਾਂ ਤੇ ਪ੍ਰਚਾਰਕਾਂ ਨੂੰ ਇਹ ਗੱਲ ਜ਼ਰੂਰ ਕਰਦੇ ਰਹਿਣਾ ਚਾਹੀਦਾ ਹੈ ਕਿ ਇਹ ਸਭ ਪਾਖੰਡਵਾਦ ਹੈ। ਉਂਜ ਅੱਜਕਲ੍ਹ 'ਤਾਏ ਦੀ ਧੀ ਚੱਲੀ, ਮੈਂ ਕਿਉਂ ਰਹਾਂ ਕੱਲੀ' ਵਾਂਗੂੰ ਕੁਝ ਕੁ ਪਾਖੰਡਵਾਦੀ ਸਿੱਖ ਬੀਬੀਆਂ ਤੇ ਬਾਬਿਆਂ ਵਿਚ ਬਾਬਾ ਦੀਪ ਸਿੰਘ ਦੀ ਚੌਂਕੀ ਵੀ ਆਉਣ ਲੱਗ ਪਈ ਹੈ। ਵੈਸੇ ਬਾਬੇ ਦੀਪ ਸਿੰਘ ਜਿਹੀ ਸਤਿਕਾਰਤ ਸਿੱਖ ਸ਼ਖਸੀਅਤ ਨੂੰ ਇਸ ਪਾਖੰਡਵਾਦ ਨਾਲ ਜੋੜਨਾ ਸਿੱਖੀ ਦਾ ਘੋਰ ਨਿਰਾਦਰ ਹੈ ਪਰ ਸਿੱਖ ਪੰਥ ਨੂੰ ਇਸ ਸੰਬੰਧੀ ਪਾਖੰਡੀ ਬੀਬੀਆਂ ਤੇ ਬਾਬਿਆਂ ਤੋਂ ਸੁਚੇਤ ਹੋਣ ਦੀ ਵੱਡੀ ਜ਼ਰੂਰਤ ਹੈ ਕਿਉਂਕਿ ਹੁਣ ਤਾਂ ਘਰ ਦੇ ਦੀਵਿਆਂ ਤੋਂ ਹੀ ਘਰ ਨੂੰ ਅੱਗ ਲੱਗਣੀ ਸ਼ੁਰੂ ਹੋ ਗਈ ਹੈ।

ਇੰਡੀਆ ਅਵੇਅਰਨੈੱਸ

ਪ੍ਰੋ. ਦਰਸ਼ਨ ਸਿੰਘ

ਪ੍ਰੋ. ਦਰਸ਼ਨ ਸਿੰਘ ਵੱਲੋਂ ਵੇਦਾਂਤੀ ਦੇ ਨਾਂਅ ਖੁੱਲ੍ਹਾ ਪੱਤਰ

ਸਨਮਾਨਯੋਗ ਸਿੰਘ ਸਾਹਿਬ ਭਾਈ ਜੋਗਿੰਦਰ ਸਿੰਘ ਵੇਦਾਂਤੀ ਜੀਉ, ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ ॥

ਸਿੰਘ ਸਾਹਿਬ ਜੀਉ, ਆਪ ਜੀ ਜਾਣਦੇ ਹੋ ਕਿ ਜਦੋਂ ਵੀ ਸਿੱਖ ਧਰਮ ਸਥਾਨ ਜਾਂ ਧਾਰਮਿਕ ਪਦਵੀਆਂ ਦੀ ਗਲਤ ਵਰਤੋਂ ਕਰਕੇ ਧਰਮ ਦੇ ਸਿਧਾਂਤ ਨੂੰ ਨੁਕਸਾਨ ਪਹੁੰਚਾਇਆ ਜਾਂਦਾ ਹੈ, ਤਾਂ ਮੈਂ ਖਾਮੋਸ਼ ਦਰਸ਼ਕ ਬਣ ਕੇ ਨਹੀਂ ਰਹਿ ਸਕਦਾ। ਆਪਣੇ ਇਸ ਕੋਰੇ ਸੁਭਾਅ ਲਈ ਆਪ ਪਾਸੋਂ ਖਿਮਾ ਮੰਗਦਾ ਹੋਇਆ, ਤੁਹਾਨੂੰ ਕੁਝ ਲਿਖਣ ਲਈ ਮਜ਼ਬੂਰ ਹੋਇਆ ਹਾਂ।

ਸਿੰਘ ਸਾਹਿਬ ਜੀ, ਅੱਜ ਤੁਹਾਨੂੰ, ਮੈਨੂੰ ਅਤੇ ਸਾਰੇ ਸਿੱਖ ਸੰਸਾਰ ਨੂੰ ਪਤਾ ਹੈ ਕਿ ਸਿੱਖ ਸਿਆਸਤ ਵਿੱਚ ਵਾਹਦ ਆਗੂ ਹੋਣ ਦਾ ਦਾਅਵਾ ਕਰਨ ਵਾਲੇ ਕੁਝ

ਅਖੌਤੀ ਸਿੱਖ ਆਗੂ, ਜਿਨ੍ਹਾਂ ਦਾ ਕੋਈ ਦੀਨ, ਧਰਮ, ਇਮਾਨ ਨਹੀਂ, ਕੇਵਲ ਸਿਆਸੀ ਸ਼ਕਤੀ ਹਥਿਆਉਣ ਲਈ ਹੀ 'ਅੰਤਰ ਪੂਜਾ ਅਤੇ ਕਤੇਬਾ ਸੰਜਮ ਤੁਰਕਾ ਭਾਈ' ਦੇ ਗੁਰਵਾਕ ਅਨੁਸਾਰ ਹਰ ਦਰਵਾਜ਼ੇ 'ਤੇ ਮੱਥਾ ਰਗੜ ਆਉਂਦੇ ਹਨ ਅਤੇ ਸਿੱਖ ਧਰਮ ਦੀ ਸ਼ਕਤੀ ਨੂੰ ਮਲੀਆਮੇਟ ਕਰਕੇ, ਧਾਰਮਕ ਪਦਵੀਆਂ ਨੂੰ ਆਪਣੀਆ ਉਂਗਲਾਂ 'ਤੇ ਨਚਾ ਕੇ, ਸਿੱਖ-ਵਿਰੋਧੀ ਲੋਕਾਂ ਸਾਹਮਣੇ ਇਹ ਸਾਬਤ ਕਰਨਾ ਚਾਹੁੰਦੇ ਹਨ ਕਿ ਇਹ ਸਿੱਖ ਸ਼ਕਤੀ ਦੇ ਅਧੀਨ ਨਹੀਂ ਬਲਕਿ ਸਿੱਖ ਸ਼ਕਤੀਆਂ ਇਨ੍ਹਾਂ ਦੇ ਅਧੀਨ ਹਨ। ਇਸੇ ਲਈ ਉਹ ਆਪਣੇ ਆਪਣੇ ਅਧੀਨ ਚੱਲਣ ਵਾਲਾ ਜੱਥੇਦਾਰ ਹੀ ਚਾਹੁੰਦੇ ਹਨ। ਇਕ ਸਾਜਸ਼ ਅਧੀਨ, ਆਏ ਦਿਨ ਸ੍ਰੀ ਅਕਾਲ ਤਖਤ ਦੇ ਨਾਮ ਦੀ ਗਲਤ ਵਰਤੋਂ ਹੋ ਰਹੀ ਹੈ, ਜਿਸ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਮਾਨ ਸਨਮਾਨ ਘੱਟ ਰਿਹਾ ਹੈ। ਇਸ ਸਨਮਾਨ ਨੂੰ ਬੇਗਰਜ਼, ਬੇਪਰਵਾਹ ਅਤੇ ਬੇਮੁਹਤਾਜ ਹੋ ਕੇ ਬਹਾਲ ਰੱਖਣਾਂ, ਇਸ ਪਦਵੀ 'ਤੇ ਬੈਠੇ ਜਥੇਦਾਰ ਸਾਹਿਬ ਦਾ ਫ਼ਰਜ਼ ਹੈ।

ਸਿੰਘ ਸਾਹਿਬ ਜੀ, ਆਪਣੀ ਸਿਆਸਤ ਲਈ ਤੁਹਾਡੀ ਵਰਤੋਂ ਕਰਕੇ ਅੱਜ ਇਕ ਵਾਰ ਫਿਰ ਸ੍ਰੀ ਅਕਾਲ ਤਖ਼ਤ ਦੇ ਸਨਮਾਨ ਨੂੰ ਦਾਅ 'ਤੇ ਲਗਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਦਿੱਲੀ ਕਮੇਟੀ ਦੇ ਪ੍ਰਧਾਨ ਨੇ 15 ਨਵੰਬਰ ਨੂੰ ਭਰੇ ਦੀਵਾਨ ਵਿੱਚ 18 ਜਨਵਰੀ ਦੀ ਇਲੈਕਸ਼ਨ ਰੱਖਣ ਦਾ ਐਲਾਨ ਕਰ ਦਿੱਤਾ ਸੀ। ਉਸ ਤੋਂ ਬਾਅਦ, ਉਸ ਦੀ ਗੈਰ-ਹਾਜ਼ਰੀ ਵਿੱਚ, 28 ਨਵੰਬਰ ਨੂੰ ਵਿਰੋਧੀ ਧੜੇ ਦਾ ਸਕੱਤਰ 19 ਦਸੰਬਰ ਦੇ ਇਲੈਕਸ਼ਨ ਦਾ ਐਲਾਨ ਕਰਦਾ ਹੈ। ਜੇ ਤੁਹਾਨੂੰ ਇਨ੍ਹਾਂ ਦੋ ਤਰੀਕਾਂ ਦਾ ਟਕਰਾਉ ਦਿੱਸਦਾ ਸੀ, ਤਾਂ ਉਸੇ ਵਕਤ ਆਦੇਸ਼ ਭੇਜਣਾ ਚਾਹੀਦਾ ਸੀ, ਜੋ ਠੀਕ ਹੁੰਦਾ। ਅੱਜ ਹਰ ਸਮਝਦਾਰ ਸਿੱਖ ਸਮਝ ਸਕਦਾ ਹੈ ਕਿ ਇਹ ਆਦੇਸ਼ 17 ਦਸੰਬਰ ਤੱਕ ਕਿਉਂ ਰੁਕਿਆ ਰਿਹਾ ਅਤੇ 17 ਦਸੰਬਰ ਨੂੰ ਹੀ ਕਿਉਂ ਜਾਰੀ ਹੋਇਆ। ਆਉ ਸੰਭਲੋ, ਸੁਚੇਤ ਹੋਵੋ, ਅਪਣਾ ਫ਼ਰਜ਼ ਪਛਾਣੋ। ਇਨ੍ਹਾਂ ਪਦਵੀਆਂ ਜਾਂ ਇਨ੍ਹਾਂ ਸਿਆਸੀ ਲੀਡਰਾਂ ਦੇ ਨਾਲ ਨਹੀਂ ਜਾਣਾ। ਕਦੀ ਗੁਰੂ ਨੂੰ ਵੀ ਹਿਸਾਬ ਦੇਣਾ ਹੈ। ਤੁਸਾਂ ਦੇਖਿਆ ਹੀ ਹੈ ਕਿ ਤੁਹਾਡੇ ਤੋਂ ਪਹਿਲਾਂ ਕਿੰਨੇ ਜਥੇਦਾਰਾਂ ਨੂੰ ਇਨ੍ਹਾਂ ਨੇ ਵਰਤਿਆ ਅਤੇ ਫਿਰ ਪਲਾਂ ਵਿਚ ਵਗਾਹ ਸੁੱਟਿਆ।

ਆਪ ਜੀ ਨੂੰ ਯਾਦ ਹੋਵੇਗਾ ਕਿ ਜਥੇਦਾਰ ਭਾਈ ਰਣਜੀਤ ਸਿੰਘ ਨੇ ਏਸੇ ਹੀ ਸਿਆਸੀ ਆਗੂ ਨੂੰ, ਏਹੋ ਹੀ ਆਖਿਆ ਸੀ ਕਿ ਖ਼ਾਲਸੇ ਨੂੰ ਖ਼ਾਲਸੇ ਦੀ ਤੀਸਰੀ ਸ਼ਤਾਬਦੀ ਖੁਸ਼ੀ-ਖੁਸ਼ੀ ਮਨਾ ਲੈਣ ਦਿਉ ਤੇ ਪੰਦਰਾਂ ਅਪ੍ਰੈਲ ਤੱਕ ਮਿਲ ਬੈਠੋ। ਕੇਡਾ ਚੰਗਾ ਆਦੇਸ਼ ਸੀ, ਪਰ ਕੀ ਇਨ੍ਹਾਂ ਨੇ ਹੁਕਮ ਮੰਨਿਆ ? ਕੀ ਉਦੋਂ ਉਹ ਅਕਾਲ ਤਖਤ ਦੇ ਜਥੇਦਾਰ ਨਹੀਂ ਸਨ ? ਬਲਕਿ ਟੌਹੜੇ ਨੂੰ ਪ੍ਰਧਾਨਗੀ ਤੋਂ ਲਾਹੁਣਾ ਤਾਂ ਕਿਤੇ ਰਿਹਾ, ਜਥੇਦਾਰ ਨੂੰ ਵੀ ਰਾਤੋ-ਰਾਤ ਤੁਰਦਾ ਕਰ ਦਿੱਤਾ। ਅੱਜ ਉਹੀ ਲੋਕ ਕਿਸ ਮੂੰਹ ਨਾਲ ਕਹਿੰਦੇ ਹਨ ਕਿ ਜਥੇਦਾਰ ਦਾ ਆਦੇਸ਼ ਨਹੀਂ ਮੰਨਿਆ, ਇਸ ਲਈ ਛੇਕ ਦਿਉ। ਜਥੇਦਾਰ ਜੀ, ਇਹੋ ਜਿਹੀਆਂ ਖੇਡਾਂ ਖੇਡ ਕੇ ਧਾਰਮਿਕ ਪਦਵੀਆਂ ਦੀ ਦੁਰਵਰਤੋਂ ਕਰਨੀ, ਇਨ੍ਹਾਂ ਦੀ ਪੁਰਾਣੀ ਰੀਤ ਹੈ।

ਤੁਹਾਡੀ ਗਿਆਤ ਲਈ ਦੱਸ ਰਿਹਾ ਹਾਂ ਕਿ ਇਨ੍ਹਾਂ ਲੋਕਾਂ ਦੇ ਇਸ ਸੁਭਾਅ ਨੂੰ ਵੇਖ ਕੇ ਮਾਰਚ 1990 ਵਿੱਚ ਮੈਂ ਆਪੇ ਹੀ ਜਥੇਦਾਰੀ ਤੋਂ ਅਸਤੀਫਾ ਦੇ ਦਿੱਤਾ ਸੀ। ਮਾਰਚ ਤੋਂ ਜੂਨ ਚੜ੍ਹ ਪਈ। ਮੇਰਾ ਅਸਤੀਫਾ ਇਹ ਮਨਜ਼ੂਰ ਨਾ ਕਰ ਸਕੇ। ਜੂਨ ਵਿਚ ਦਿੱਲੀ ਕਮੇਟੀ ਦੀ ਇਲੈਕਸ਼ਨ ਆ ਗਈ ਸੀ। ਅਸਤੀਫਾ ਅਜੇ ਨਾ ਮਨਜ਼ੂਰ ਹੋਣ ਕਾਰਨ ਨਿਗਰਾਨ ਵਜੋਂ ਮੈਂ ਇਹ ਚੋਣ ਕੰਟਰੋਲ ਕਰਨੀ ਸੀ। ਮੈਨੂੰ ਵੱਡੇ-ਵੱਡੇ ਲਾਲਚ ਦਿੱਤੇ ਗਏ ਕਿ ਆਪਣੇ ਵੱਲੋਂ ਫੈਸਲਾ ਸੁਣਾ ਕੇ ਸਾਡਾ ਪ੍ਰਧਾਨ ਬਣਾ ਦਿਓ। ਜਦੋਂ ਇਨ੍ਹਾਂ ਨੇ ਵੇਖਿਆ ਕਿ ਇਹ ਵਿਕਾਊ ਮਾਲ ਨਹੀਂ ਤਾਂ ਰਾਤੋ ਰਾਤ ਵਾਪਸ ਪੰਜਾਬ ਜਾ ਕੇ ਇਨ੍ਹਾਂ ਵਿਚੋਂ ਮੁਖੀ ਲੀਡਰ ਨੇ ਦਿੱਲੀ ਇਲੈਕਸ਼ਨ ਤੋਂ ਦੋ ਦਿਨ ਪਹਿਲਾਂ, ਰਾਤ ਨੂੰ ਮੇਰਾ ਅਸਤੀਫਾ ਮਨਜ਼ੂਰ ਕਰਵਾ ਦਿੱਤਾ ਅਤੇ ਇਲੈਕਸ਼ਨ ਤੋਂ ਇਕ ਦਿਨ ਪਹਿਲਾਂ ਭਾਈ ਰਣਜੀਤ ਸਿੰਘ ਜੀ, ਜੋ ਉਸ ਵਕਤ ਜੇਲ੍ਹ ਵਿੱਚ ਸਨ, ਦਾ ਨਾਮ ਡਿਕਲੇਅਰ ਕਰ ਦਿੱਤਾ।

ਨੇਮ ਮੁਤਾਬਕ, ਇਕ ਦਿਨ ਪਹਿਲਾਂ ਮੈਂ ਆਪ ਹੀ ਵਕਤ ਦੇ ਗ੍ਰੰਥੀ ਗਿਆਨੀ ਜਗਤਾਰ ਸਿੰਘ ਜਾਚਕ ਜੀ ਨੂੰ ਚਿੱਠੀ ਜਾਰੀ ਕੀਤੀ ਕਿ ਸਵੇਰੇ ਇਲੈਕਸ਼ਨ ਸਮੇਂ ਤੁਸਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਅਤੇ ਕੜਾਹ ਪ੍ਰਸ਼ਾਦ ਦੀ ਦੇਗ ਦਾ ਇੰਤਜ਼ਾਮ ਕਰਨਾ ਹੈ। ਉਸ ਚਿੱਠੀ ਦੀ ਨਕਲ ਮੇਰੇ ਕੋਲ ਮੌਜੂਦ ਹੈ। ਗਿਆਨੀ ਜੀ ਨੇ ਸਮੇਂ ਸਿਰ ਸਾਰਾ ਇੰਤਜ਼ਾਮ ਕਰ ਲਿਆ। ਇਲੈਕਸ਼ਨ ਲਈ ਮੈਂਬਰ ਪੁੱਜ ਗਏ। ਇਕ ਪਾਸੇ ਅੰਦਰ ਇਲੈਕਸ਼ਨ ਹੋ ਗਿਆ, ਦੂਜੇ ਪਾਸੇ ਬਾਹਰ ਇਨ੍ਹਾਂ ਹੀ ਅੱਜ ਵਾਲੇ ਲੀਡਰਾਂ ਨੇ ਆਪਣੀ ਹਾਰ ਵੇਖ ਕੇ ਬੋਰਡ 'ਤੇ ਇਕ ਸਲਿਪ ਲਗਾ ਦਿੱਤੀ ਕਿ ਜੇਲ੍ਹ ਵਿਚੋਂ ਜਥੇਦਾਰ ਭਾਈ ਰਣਜੀਤ ਸਿੰਘ ਜੀ ਦਾ ਆਦੇਸ਼ ਆਇਆ ਹੈ ਕਿ ਅੱਜ ਇਲੈਕਸ਼ਨ ਨਾ ਕੀਤੀ ਜਾਵੇ। ਭਾਈ ਰਣਜੀਤ ਸਿੰਘ ਕੋਲੋਂ ਚਿੱਠੀ ਦੂਜੇ ਦਿਨ ਜੇਲ੍ਹ ਅੰਦਰੋਂ ਜਾ ਕੇ ਲਿਆਂਦੀ ਗਈ। ਅਜਿਹੀ ਗਲਤ ਗੱਲ ਕਰਦੇ ਵਕਤ ਇਹ ਵੀ ਨਾ ਸੋਚਿਆ ਕਿ ਮਰਯਾਦਾ ਮੁਤਾਬਿਕ ਭਾਈ ਰਣਜੀਤ ਸਿੰਘ ਨੂੰ ਅਜੇ ਦਰਬਾਰ ਸਾਹਿਬ ਸ੍ਰੀ ਅਕਾਲ ਤਖਤ ਤੇ ਅਰਦਾਸ ਕਰਕੇ ਸਿਰਪਾਉ ਦੀ ਰਸਮ ਨਾਲ ਸੇਵਾ ਸੰਭਾਲ ਸੌਂਪੀ ਨਹੀਂ ਸੀ ਗਈ। ਅਜੇ ਉਹ ਜੇਲ੍ਹ ਵਿਚ ਸਨ। ਪਰ ਮਰਿਆਦਾ ਛਿੱਕੇ 'ਤੇ ਟੰਗ ਕੇ, ਅੱਜ ਵਾਂਗੂੰ ਹੀ ਅਕਾਲ ਤਖ਼ਤ ਦੇ ਜਥੇਦਾਰ ਦੀ ਚਿੱਠੀ ਦੀ ਵਰਤੋਂ ਕੀਤੀ ਗਈ। ਜਥੇਦਾਰ ਜੀ, ਇਹ ਸਭ ਕੁਝ ਲਿਖਣ ਦੀ ਜਰੂਰਤ ਇਸ ਲਈ ਪਈ ਕਿਉਂਕਿ ਦਾਸ ਆਪ ਨੂੰ ਕਹਿਣਾ ਚਾਹੁੰਦਾ ਹੈ ਕਿ ਇਨ੍ਹਾਂ ਦੇ ਆਖੇ ਕੋਈ ਅਗਲਾ ਕਦਮ ਉਠਾਉਣ ਤੋਂ ਪਹਿਲਾਂ ਸਾਡੇ ਹਾਲਾਤ ਨੂੰ ਜਾਣ ਲਉ ਅਤੇ ਇਨ੍ਹਾਂ ਤੋਂ ਪ੍ਰਭਾਵ-ਮੁਕਤ ਹੋ ਕੇ ਆਪਣਾ ਫਰਜ਼ ਪਛਾਣਦਿਆ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ ਮਰਿਆਦਾ ਉੱਤੇ ਪਹਿਰਾ ਦਿਉ ਤਾਂ ਕਿ ਗੁਰੂ ਅੰਗ ਸੰਗ ਹੋਵੇ ਤੇ ਮੁਖ ਉਜਲਾ ਹੋਵੇ।

ਲਿਖਣ ਨੂੰ ਹੋਰ ਬਹੁਤ ਕੁਝ ਹੈ। ਬਹੁਤ ਸਾਰੇ ਐਸੇ ਕੌਮੀ ਮਸਲੇ ਤੁਹਾਡੀ ਵਿਹਲ ਅਤੇ ਧਿਆਨ ਦੇ ਮੁਥਾਜ, ਤੁਹਾਡੀ ਟੋਕਰੀ ਵਿੱਚ ਅਣਗੌਲੇ ਹੀ ਪਏ ਹਨ, ਜਿਸ

ਕਾਰਨ ਸਿੱਖੀ ਸਰੂਪ ਅਤੇ ਸਿੱਖੀ ਸਿਧਾਂਤ ਨਾਲ ਖਿਲਵਾੜ ਹੋ ਰਿਹਾ ਹੈ। ਆਉਣ ਵਾਲੇ ਸਮੇਂ ਵਿੱਚ ਕਿਸੇ ਵੇਲੇ ਤੁਹਾਡੇ ਧਿਆਨ ਗੋਚਰੇ ਕਰਾਂਗਾ। ਪਰ ਭੁੱਲ-ਚੁੱਕ ਦੀ ਖਿਮਾ ਮੰਗਦਾ, ਅੱਜ ਏਥੇ ਹੀ ਸਮਾਪਤ ਕਰਦਾ ਹਾਂ।

ਗੁਰੂ ਪੰਥ ਦਾ ਦਾਸ
ਦਰਸ਼ਨ ਸਿੰਘ ਖਾਲਸਾ
ਸਾਬਕਾ ਜਥੇਦਾਰ,
ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ
ਜਨਵਰੀ 2006

ਸੰਤ ਬਾਬਾ ਗੁਰਮੇਲ ਸਿੰਘ ਸਰਾਲੀਮੰਡ (ਤਹਿਸੀਲ ਪੱਟੀ)

ਇਸ ਬਾਬੇ ਦੀ ਮਾਤਾ ਖੇਡਾਂ ਦੇਂਦੀ ਸੀ ਭਾਵ ਡੋਲੀਆਂ ਖਡਾਉਂਦੀ ਹੁੰਦੀ ਸੀ ਜਿਸ ਨੇ ਘਰ ਵਿਚ ਕਬਰ ਬਣਾਈ ਹੈ ਜਿਥੇ ਲੋਕ ਆ ਕੇ ਮੱਥਾ ਟੇਕਦੇ ਹਨ। ਹੁਣ ਮਾਤਾ ਨੇ ਆਪਣੇ ਪੁਤਰ ਗੁਰਮੇਲ ਸਿੰਘ ਨੂੰ ਸਭ ਕੁਝ ਸਿਖਾ ਦਿੱਤਾ ਹੈ ਕਿ ਕਿਵੇਂ ਭੋਲੀ ਭਾਲੀ ਸੰਗਤ ਨੂੰ ਲੁੱਟਣਾ ਹੈ ਤੇ ਉਹਨਾਂ ਦਾ ਸਰੀਰਕ ਤੇ ਮਾਨਸਿਕ ਸ਼ੋਸ਼ਣ ਕਰਨਾ ਹੈ। ਪਰ ਇਹ ਸਾਧ ਬੜਾ ਚਲਾਕ ਨਿਕਲਿਆ ਆਪਣੀ ਮਾਂ ਤੋਂ ਵੀ ਦੱਸ ਗੁਣਾ ਅੱਗੇ ਹੈ। ਇਸ ਨੇ ਕਬਰ ਦੇ ਲਾਗੇ ਇਕ ਕਮਰਾ ਬਣਾ ਕੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਦਿੱਤਾ ਹੈ। ਗੁਰੂ ਜਿਹਨਾਂ ਦੇ ਟੱਪਣੇ ਚੇਲੇ ਜਾਣ ਛੜੱਪ ਵਾਲੀ ਕਹਾਵਤ ਇਸ ਬਾਬੇ ਤੇ ਢੁਕਦੀ ਹੈ। ਇਸ ਨੇ ਸਭ ਤੋਂ ਪਹਿਲਾਂ ਅਖੰਡ ਪਾਠਾਂ ਦੀਆਂ ਲੜੀਆਂ ਚਲਾਈਆਂ ਜਿਸ ਰਾਹੀ ਇਸ ਨੂੰ ਕਾਫੀ ਆਮਦਨ ਹੋਈ ਤੇ ਇਹ ਬਾਹਰਲੇ ਮੁਲਕ ਜਾ ਆਇਆ। ਕਦੀ ਇਹ ਭਗਵੇਂ ਕਪੜੇ ਪਾਉਂਦਾ ਹੈ ਕਦੀ ਚਿੱਟੇ ਚੋਲੇ ਵੱਖ ਵੱਖ ਭੇਸ ਬਦਲਦਾ ਹੈ ਭਾਵ ਗਿਰਗਟ ਵਾਂਗੂ ਰੰਗ ਬਦਲਦਾ ਹੈ। ਜਿਹੜੇ ਵੀ ਸ਼ਰਧਾਲੂ ਆਉਂਦੇ ਹਨ ਉਹਨਾਂ ਨੂੰ ਪਹਿਲਾ ਕਬਰ ਤੇ ਮੱਥਾ ਟੇਕਣ ਲਈ ਕਹਿੰਦਾ ਫਿਰ ਗੁਰੂ ਗ੍ਰੰਥ ਸਾਹਿਬ ਜੀ ਵਾਲੇ ਕਮਰੇ ਵਿਚ ਘੱਲਦਾ ਹੈ। ਇਥੇ ਵੀ ਚਲਾਕੀ ਖੇਡਦਾ ਹੈ ਕਿ ਪਹਿਲਾ ਸ਼ਰਧਾਲੂ ਕਬਰ ਤੇ ਪੈਸੇ ਚੜ੍ਹਾਉਂਦੇ ਹਨ ਫਿਰ ਗੁਰੂ ਸਾਹਿਬ ਨੂੰ ਪੈਸਿਆਂ ਦਾ ਮੱਥਾ ਟੇਕਦੇ ਹਨ। ਦੋਵਾਂ ਥਾਵਾਂ ਤੋਂ ਕਮਾਈ ਹੁੰਦੀ ਹੈ। ਹੁਣ ਇਸ ਨੇ ਹੋਰ ਵੀ ਸਾਧਾਂ ਸੰਤਾਂ ਨੂੰ ਆਪਣੇ ਕਲਾਵੇ ਵਿਚ ਲਿਆ ਹੈ ਤਰੀਕਾ ਬੜਾ ਵਧੀਆ ਬਣਾਇਆ ਕਿ ਸਮਾਗਮ ਰੱਖ ਕੇ ਸਾਧ ਸੰਤ ਬੁਲਾ ਲੈਂਦਾ ਹੈ ਜਿਹੜੇ ਇਸ ਦੀ ਰੱਜ ਕੇ ਉਸਤਤ ਕਰਦੇ ਹਨ ਤੇ ਇਹ ਉਹਨਾਂ ਨੂੰ ਰੱਬ ਕਹਿੰਦਾ ਹੈ। ਤੂੰ ਮੈਨੂੰ ਮੁੱਲਾਂ ਕਹਿ ਮੈਂ ਤੈਨੂੰ ਕਾਜੀ ਵਾਲੀ ਕਹਾਵਤ ਹੈ। ਪਿਛਲੇ ਸਾਲ ਤਾਂ ਅਖੀਰ ਹੀ ਹੋ ਗਈ ਜਦੋਂ ਇਸ ਨੇ 15 ਦਿਨ ਦਾ ਸਮਾਗਮ ਚਲਾਇਆ ਜਿਸ ਵਿਚ ਵੱਖ ਵੱਖ ਆਖੌਤੀ ਸਾਧ ਸੰਤ ਆਏ ਉਹਨਾਂ ਵਿਚ ਟਕਸਾਲ ਦਾ ਮੁਖੀ ਹਰਨਾਮ ਸਿੰਘ ਧੁੰਮਾਂ ਵੀ ਆਇਆ ਜਿਸ ਨੇ ਇਹ ਕਿਹਾ ਕਿ ਮੇਰਾ ਜੀਅ ਕਰਦਾ ਹੈ ਕਿ ਇਸ ਕਬਰ ਵਿਚ ਬੈਠਾ ਰਵਾਂ ਕਿਉਂਕਿ ਮੈਨੂੰ ਇਸ ਤੋਂ ਵੱਧ ਕੋਈ ਹੋਰ ਸੱਚਖੰਡ ਨਹੀਂ ਜਾਪਦਾ ਪਰ ਮੇਰੇ ਉਤੇ ਟਕਸਾਲ

ਦੀ ਜਿੰਮੇਵਾਰੀ ਹੈ ਇਸ ਕਰਕੇ ਮੈਂ ਇਥੇ ਰਹਿ ਨਹੀਂ ਸਕਦਾ ਜੇ ਕਿਤੇ ਜਿੰਮੇਵਾਰੀ ਨਾ ਹੁੰਦੀ ਤਾਂ ਮੈਂ ਇਥੇ ਬੈਠ ਕੇ ਭਗਤੀ ਕਰਨੀ ਸੀ ਭਾਵ ਚਾਲੀਸਾ ਕੱਟਣਾ ਸੀ। ਕਿਉਂਕਿ ਚਲੀਸਿਆਂ ਦਾ ਬੜਾ ਮਾਹਰ ਹੈ। ਬਾਬੇ ਧੁੰਮੇ ਵਾਲੇ ਬੋਲ ਗੁਰਮੇਲ ਸਿੰਘ ਨੇ ਅਗਲੇ ਦਿਨ ਸਪੀਕਰ ਵਿੱਚ ਸਾਰੇ ਪਿੰਡ ਨੂੰ ਸੁਣਾ ਦਿਤੇ। ਜਿਸ ਰਾਹੀਂ ਧੁੰਮੇ ਦਾ ਉਪਾਜ ਉਘੜ ਗਿਆ ਕਿਉਂਕਿ ਗੱਲ ਕਮਰੇ ਵਿੱਚ ਹੋਈ ਸੀ ਜੇ ਗੁਰਮੇਲ ਸਿੰਘ ਸਪੀਕਰ ਵਿੱਚ ਨਾ ਦੱਸਦਾ ਤਾਂ ਕਿਸੇ ਨੂੰ ਪਤਾ ਨਹੀਂ ਸੀ ਲੱਗਣਾ ਪਰ ਇਹਨਾਂ ਦੀਆਂ ਕਰਤੂਤਾਂ ਦਾ ਪਤਾ ਇਹਨਾਂ ਦੇ ਸ਼ਰਧਾਲੂਆਂ ਤੇ ਹੀ ਲੱਗ ਜਾਂਦਾ ਹੈ। ਜਦੋਂ ਪਿੰਡ ਦੇ ਕੁਝ ਸੋਝੀ ਵਾਲੇ ਗੁਰਸਿੱਖਾਂ ਨੇ ਅਗਲੇ ਦਿਨ ਟਕਸਾਲ ਦੇ ਪੰਜ ਪਿਆਰੇ ਜੋ ਅੰਮ੍ਰਿਤ ਛਕਾਉਣ ਆਏ ਸੀ ਉਹਨਾਂ ਕੋਲੋਂ ਪੁਛਿਆ ਕੇ ਕੱਲ ਬਾਬਾ ਧੁੰਮਾ ਜੋ ਇਥੇ ਕਹਿ ਕੇ ਗਿਆ ਉਹ ਬੋਲ ਅੱਜ ਸਵੇਰੇ ਬਾਬੇ ਗੁਰਮੇਲ ਨੇ ਸਪੀਕਰ ਵਿਚ ਕਹੇ ਹਨ। ਕੀ ਇਹ ਸੱਚ ਹੈ ਬਾਬੇ ਧੁੰਮੇ ਨੇ ਕਬਰ ਨੂੰ ਸੱਚ ਖੰਡ ਕਿਹਾ ਹੈ ਨਾਲੇ ਜਿਸ ਜਗ੍ਹਾ ਤੇ ਤੁਸੀਂ ਅੰਮ੍ਰਿਤ ਛਕਾਉਣ ਆਏ ਹੋ ਪਹਿਲਾ ਇਹ ਤਾਂ ਵੇਖੋ ਕਿ ਇਥੇ ਮਨਮਤਿ ਕਿਵੇਂ ਹੋ ਰਹੀ ਹੈ ਸੰਗਤਾਂ ਪਹਿਲਾਂ ਕਬਰ ਤੇ ਜਾ ਕੇ ਮੱਥਾ ਟੇਕਦੀ ਹੈ ਫਿਰ ਗੁਰੂ ਸਾਹਿਬ। ਨੂੰ ਤੁਸੀਂ ਸਭ ਕੁਝ ਅੱਖਾਂ ਨਾਲ ਵੇਖ ਰਹੇ ਹੋ ਪਰ ਇਸ ਨੂੰ ਰੋਕਦੇ ਕਿਉਂ ਨਹੀਂ। ਅੱਗੋਂ ਪੰਜ ਪਿਆਰਿਆ ਨੇ ਕਿਹਾ ਕੇ ਅਸੀਂ ਤੁਹਾਡੀ ਗੱਲ ਸੁਣ ਲਈ ਹੁਣ ਅਸੀਂ ਜਿਹਨਾਂ ਨੂੰ ਅੰਮ੍ਰਿਤ ਛਕਾ ਕੇ ਜਾਵਾਂਗਾ ਉਹਨਾਂ ਨੂੰ ਸਖਤੀ ਨਾਲ ਕਹਾਂਗੇ ਕਿ ਕਿਸੇ ਨੇ ਵੀ ਕਬਰ ਨੂੰ ਅਤੇ ਬੰਦੇ ਨੂੰ ਮੱਥਾ ਨਹੀਂ ਟੇਕਣਾ ਦੂਸਰੀ ਗੱਲ ਜਿਹੜੇ ਬਾਬੇ ਧੁੰਮੇ ਦੀ ਕਬਰ ਨੂੰ ਸੱਚ ਖੰਡ ਕਹਿਣ ਵਾਲੀ ਉਹ ਅਸੀਂ ਉਥੇ ਜਾ ਕੇ ਪਤਾ ਕਰਕੇ ਤੁਹਾਨੂੰ ਦੱਸਾਂਗੇ ਪਰ ਕਈ ਮਹੀਨੇ ਬੀਤ ਗਏ ਅਜੇ ਤੱਕ ਬਾਬੇ ਧੁੰਮੇ ਕਿ ਕੁਝ ਨਹੀਂ ਦੱਸਿਆ ਨੇ ਅਸੀਂ ਇਹ ਗੱਲ ਆਖੀ ਹੈ ਜਾਂ ਨਹੀਂ। ਪਰ ਇਹ ਸੱਚ ਹੈ ਕਿ ਧੁੰਮੇ ਨੇ ਕਬਰ ਨੂੰ ਸੱਚਖੰਡ ਕਿਹਾ ਹੋਵੇਗਾ ਕਿਉਂਕਿ ਉਸ ਦੇ ਸਾਰੇ ਕੰਮ ਗੁਰਮਤਿ ਤੋਂ ਉਲਟ ਹਨ। ਇਸ ਕਰਕੇ ਉਸ ਨੇ ਜਰੂਰ ਕਿਹਾ ਹੋਵੇਗਾ। ਹੁਣ ਜਦੋਂ ਟਕਸਾਲ ਦਾ ਮੁਖੀ ਕਬਰਾਂ ਨੂੰ ਮਨਾਉਣ ਤੇ ਤੁਰ ਪਿਆ ਹੈ ਤਾਂ ਆਮ ਲੋਕਾਂ ਦਾ ਕੀ ਹਾਲ ਹੋਵੇਗਾ ਇਸ ਤੋਂ ਆਪ ਹੀ ਸਭ ਅੰਦਾਜਾ ਲਾ ਲੈਣਾ ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਹੋਰ ਵੀ ਇਸ ਸਾਧ ਬਾਰੇ ਸਾਨੂੰ ਪਤਾ ਲੱਗੇ ਜੋ ਅਸੀਂ ਪੁਸਤਕ ਦੇ ਚੌਥੇ ਭਾਗ ਵਿਚ ਲਿਖ ਸਕੀਏ ਜਿਥੋਂ ਤੱਕ ਬਾਬੇ ਗੁਰਮੇਲ ਦੇ ਘਰੇਲੂ ਜੀਵਨ ਅਤੇ ਨਿੱਜੀ ਜੀਵਨ ਦੀ ਗੱਲ ਹੈ ਉਹ ਬੜੀ ਸ਼ਰਮਨਾਕ ਹੈ। ਜਿਸ ਬਾਰੇ ਖੁਲਕੇ ਨਹੀਂ ਲਿਖ ਸਕਦੇ। ਕਿਉਂਕਿ ਉਹ ਹਰਕਤਾਂ ਹੀ ਐਸੀਆਂ ਨੇ ਜਿਹੜੀਆਂ ਲਿਖਿਦਿਆਂ ਵੀ ਸ਼ਰਮ ਆਉਂਦੀ ਹੈ। ਜਿਵੇਂ ਉਦਾਹਰਣ ਵਜੋਂ ਪਹਿਲੀ ਪਤਨੀ ਨੂੰ ਕੁੱਟ ਮਾਰ ਕੇ ਘਰੋਂ ਕੱਢ ਦਿੱਤਾ ਦੂਜੀ ਫਿਰ ਲਿਆਂਦੀ ਉਸ ਨੂੰ ਕੁੱਟ ਮਾਰ ਕੇ ਕੱਢਣ ਦੀ ਤਿਆਰੀ ਹੈ ਅਤੇ ਤੀਜੀ ਬਾਰੇ ਸੋਚ ਰਿਹਾ ਹੈ। ਇਸ ਤੋਂ ਵੀ ਅੱਗੇ ਬਹੁਤ ਸ਼ਰਮਨਾਕ ਘਟਨਾ ਹਨ ਜਿਨ੍ਹਾਂ ਦੇ ਸਬੂਤ ਇਕੱਠੇ ਕਰਕੇ ਪੁਸਤਕ ਦੇ ਚੌਥੇ ਭਾਗ ਵਿਚ ਦੇਵਾਂਗੇ। ਅਖੀਰ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਸੰਗਤਾਂ ਨੂੰ ਸੁਚੇਤ ਹੋਣਾ ਪਵੇਗਾ ਤਾਂ ਹੀ

ਇਹ ਸਾਧ ਆਪਣੀਆਂ ਚਾਲਾਂ ਤੋਂ ਬਾਜ ਆਉਣਗੇ ਖਾਸ ਕਰਕੇ ਬੀਬੀਆਂ ਇਹਨਾਂ ਸਾਧਾਂ ਦੇ ਚੁਗਲ ਵਿਚੋਂ ਜਰੂਰ ਬਾਹਰ ਨਿਕਲਣ ਅਤੇ ਇਕ ਲਹਿਰ ਬਣਾ ਦੇਣ ਕਿ ਅਸੀਂ ਜਦ ਤਕ ਆਪਣੇ ਵੀਰਾਂ ਭੈਣਾਂ ਨੂੰ ਇਹਨਾਂ ਆਖੌਤੀ ਸਾਧਾਂ ਸੰਤਾਂ ਦੇ ਚੁਗਲ ਵਿਚੋਂ ਕੱਢ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਨਹੀਂ ਲਾ ਦੇਂਦੇ ਉਨਾਂ ਚਿਰ ਅਰਾਮ ਨਾਲ ਨਹੀਂ ਬੈਠਾਂਗੇ। ਫਿਰ ਦੇਖਿਉ ਦਿਨਾਂ ਵਿਚ ਹੀ ਸਿੱਖੀ ਵਿਚ ਨਿਖਾਰ ਆ ਜਾਏਗਾ ਅਤੇ ਨੌਜਵਾਨ ਆਪਣੇ ਵਿਰਸੇ ਦੀ ਸੰਭਾਲ ਕਰਨੀ ਸ਼ੁਰੂ ਕਰ ਦੇਣਗੇ ਲੋੜ ਸਿਰਫ ਉਦਮ ਦੀ ਹੈ ਅਤੇ ਸੱਚ ਤੇ ਪਹਿਰਾ ਦੇਣ ਦੀ ਹੈ ਬਖਸ਼ਿਸ਼ ਗੁਰੂ ਕਰੇਗਾ। ਕਿਉਂਕਿ ਸਾਡੀ ਨਿੱਜੀ ਲੜਾਈ ਨਹੀਂ ਸਿਧਾਂਤਕ ਹੈ।

ਬਾਬਾ ਕਰਤਾਰ ਸਿੰਘ ਕੈਰੋਂ (ਝਾੜ ਸਾਹਿਬ ਵਾਲਾ)

ਇਹ ਸਾਧ ਗੁਰੂ ਦਾ ਕਿੰਨਾਂ ਕੁ ਸਤਿਕਾਰ ਕਰਦੇ ਹਨ। ਸਾਡੇ ਪਿੰਡ ਸਰ੍ਹਾਲੀਮੰਡ ਤਹਿਸੀਲ ਪੱਟੀ (ਅੰਮ੍ਰਿਤਸਰ) ਦੀ ਹੱਡ ਬੀਤੀ ਆਪ ਪਾਠਕਾਂ ਨਾਲ ਸਾਂਝੀ ਕਰ ਰਿਹਾ ਹਾਂ ਤਾਂ ਕਿ ਪਤਾ ਲੱਗ ਸਕੇ ਕਿ ਇਹ ਸਾਧ-ਸੰਤ ਗੁਰੂ ਸਾਹਿਬ ਜੀ ਦਾ ਕਿੰਨਾ ਕੁ ਸਤਿਕਾਰ ਕਰਦੇ ਹਨ। ਜਿਹਨਾਂ ਬਾਰੇ ਆਮ ਕਿਹਾ ਜਾਂਦਾ ਹੈ ਕਿ ਗੁਰੂ ਦਾ ਸਤਿਕਾਰ ਸਾਧਾਂ ਸੰਤਾਂ ਤੋਂ ਬਿਨਾ ਕੋਈ ਕਰ ਨਹੀਂ ਸਕਦਾ। ਇਸ ਸਾਧ ਨੇ ਪਿੰਡ ਕੈਰੋਂ ਦੇ ਬਾਹਰ ਖਾਲੀ ਜਮੀਨ ਵੇਖ ਕੇ ਇਕ ਡੇਰਾ ਬਣਾ ਦਿੱਤਾ ਜਿਸ ਨੂੰ ਬਾਬਾ ਗੁਣੀਆਂ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਥੇ ਇਕ ਕਮਰਾ ਬਣਾ ਕੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਦਿੱਤਾ ਅਤੇ ਨਿਸ਼ਾਨ ਸਾਹਿਬ ਲਗਾ ਦਿੱਤਾ। ਕੈਰੋਂ ਪਿੰਡ ਦਾ ਗ੍ਰੰਥੀ ਬਿਠਾ ਦਿਤਾ ਜੋ ਸਵੇਰੇ ਪ੍ਰਕਾਸ਼ ਕਰ ਦਿੰਦਾ ਹੈ ਅਤੇ ਸ਼ਾਮ ਨੂੰ ਸੁਖ ਆਸਨ ਕਰ ਦਿੰਦਾ ਹੈ। ਬਾਕੀ ਸਾਰਾ ਦਿਨ ਜਿੰਦਰਾ ਵੱਜਾ ਰਹਿੰਦਾ ਹੈ। ਇਥੇ ਗੰਦਗੀ ਵੀ ਕਾਫੀ ਹੈ ਪਰ ਸਾਧ ਨੇ ਜਮੀਨ ਤੇ ਕਬਜ਼ਾ ਕਰਨ ਲਈ ਹੀ ਗੁਰੂ ਸਾਹਿਬ ਜੀ ਦਾ ਸਰੂਪ ਲਿਆਂਦਾ ਹੈ। ਇਕ ਦਿਨ ਸਾਡੇ ਪਿੰਡ ਦੇ ਵਿਅਕਤੀ ਨੇ ਜਿਸ ਦੀ ਦਿਮਾਗੀ ਹਾਲਤ ਠੀਕ ਨਹੀਂ ਹੈ। ਉਸ ਨੇ ਬਾਬੇ ਗੁਣੀਏ ਦੇ ਡੇਰਿਉਂ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਬੋਰੀ ਵਿਚ ਪਾ ਕੇ ਲੈ ਆਂਦਾ ਤੇ ਆਪਣੇ ਘਰ ਵਿਚ ਗੋਹੇ ਵਾਲੇ ਆਲ੍ਹੇ ਤੇ ਰੱਖ ਦਿੱਤਾ। ਉਪਰ ਗੰਦਗੀ ਨਾਲ ਭਰੇ ਕੱਪੜੇ ਦੇ ਦਿੱਤੇ। ਲਾਗੇ ਹੀ ਬੱਚੇ ਖੇਡ ਰਹੇ ਸਨ ਜਿਨ੍ਹਾਂ ਨੇ ਵੇਖਿਆ ਅਤੇ ਕੁਝ ਸਿੰਘਾਂ ਨੂੰ ਦੱਸਿਆ ਜਿਹਨਾਂ ਵਿਚ ਭਾਈ ਦਿਲਬਾਗ ਸਿੰਘ ਅਵਤਾਰ ਸਿੰਘ ਹਰਜਿੰਦਰ ਸਿੰਘ ਕੁਲਦੀਪ ਸਿੰਘ ਅਤੇ ਸਾਡੇ ਪਿੰਡ ਵਾਲੇ ਗੁਰਦੁਆਰੇ ਦਾ ਗ੍ਰੰਥੀ ਬਾਬਾ ਸ਼ਹੀਦ ਸਿੰਘ ਇਹਨਾਂ ਵੀਰਾਂ ਨੇ ਛੇਤੀ ਹੀ ਗੁਰਦੁਆਰੇ ਤੋਂ ਪੀੜ੍ਹਾ, ਰੁਮਾਲੇ ਤੇ ਚੌਰ ਲਿਆਕੇ ਗੁਰੂ ਸਾਹਿਬ ਜੀ ਦੇ ਸਰੂਪ ਨੂੰ ਗੁਰਦੁਆਰੇ ਲੈ ਗਏ ਜਿਥੇ ਜਾ ਕੇ ਗੁਰੂ ਸਾਹਿਬ ਜੀ ਦੇ ਸਰੂਪ ਨੂੰ ਲੱਗਾ ਹੋਇਆ ਗੋਹਾ ਮੈਲਾ ਭਾਈ ਕੁਲਦੀਪ ਸਿੰਘ ਨੇ ਆਪਣੇ ਹੱਥੀਂ ਸਾਫ ਕੀਤਾ। ਫਿਰ ਅਸੀਂ ਪਤਾ ਕੀਤਾ ਤੇ ਗੁਰੂ ਸਾਹਿਬ ਦਾ ਸਰੂਪ ਕਿਥੋਂ ਆਇਆ ਉਸ ਕਮਲੇ ਨੂੰ ਪੁਛਿਆ ਤਾਂ ਉਸ ਨੇ ਦੱਸਿਆ ਮੈਂ ਗੁਣੀਏ ਤੋਂ ਲਿਆਂਦਾ ਹੈ। ਅਸੀਂ

ਗੁਣੀਏ ਡੇਰੇ ਪਹੁੰਚੇ ਜਿਥੇ ਇਕ ਬਾਪੂ ਬੈਠਾ ਸੀ ਅਸੀਂ ਪੁਛਿਆ ਕੇ ਬਾਪੂ ਜੀ ਇਥੇ ਕੋਈ ਚੋਰੀ ਹੋਈ ਹੈ ਤਾਂ ਬਾਪੂ ਕਹਿਣ ਲੱਗਾ ਚੋਰੀ ਤਾਂ ਕੋਈ ਨਹੀਂ ਹੋਈ ਇਕ ਗੁਰੂ ਸਾਹਿਬ ਦਾ ਸਰੂਪ ਨਹੀਂ ਲੱਭਦਾ 3-4 ਦਿਨਾਂ ਤੋਂ। ਅਸੀਂ ਕਿਹਾ ਤੁਸੀਂ ਪੁਛ ਪੜਤਾਲ ਨਹੀਂ ਕੀਤੀ ਬਾਪੂ ਕਹਿੰਦਾ ਕਿ ਬਾਬਾ ਜੀ ਕਹਿੰਦੇ ਸਨ ਚੁਪ ਰਿਹੋ ਜੇ ਕਿਤੇ ਕਿਸੇ ਨੂੰ ਪਤਾ ਨਾ ਲੱਗ ਜਾਵੇ। ਫਿਰ ਅਸੀਂ ਬਾਬੇ ਕੋਲ ਕੈਰੋਂ ਆਏ ਬਾਬਾ ਸਾਨੂੰ ਮਿਲ ਪਿਆ ਅਸੀਂ ਕਿਹਾ ਜੀ ਤੁਹਾਡੇ ਪ੍ਰਬੰਧ ਵਿਚ ਹੈ ਡੇਰਾ ਗੁਣੀਆਂ ਉਥੋਂ ਗੁਰੂ ਸਾਹਿਬ ਜੀ ਦਾ ਸਰੂਪ 3-4 ਦਿਨਾਂ ਤੋਂ ਲੱਭ ਨਹੀਂ ਰਿਹਾ ਤੁਸੀਂ ਕੋਈ ਪੜਤਾਲ ਕੀਤੀ ਹੈ। ਬਾਬਾ ਕਹਿੰਦਾ ਮੈਂ ਗ੍ਰੰਥੀ ਸਿੰਘ ਨੂੰ ਕਿਹਾ ਸੀ ਕਿ ਉਹ ਪਤਾ ਕਰੇ ਲਾਗੇ ਘਰਾਂ ਵਾਲੇ ਤਾਂ ਨਹੀਂ ਲੈ ਗਏ। ਇਹ ਸੁਣ ਕੇ ਸਾਨੂੰ ਬੜਾ ਦੁਖ ਹੋਇਆ ਕਿ ਇਹ ਸਾਧ ਏਨਾ ਅਵੇਸਲਾ ਅਤੇ ਗੁਰੂ ਸਾਹਿਬ ਬਾਰੇ ਇਹ ਕਹਿ ਰਿਹਾ ਹੈ ਕਿ ਬਹਿਕਾਂ ਵਾਲਿਆ ਤੋਂ ਪੁਛਿਆ ਹੈ। ਕੀ ਘਰਾਂ ਵਾਲਿਆ ਨੇ ਆਪੇ ਸਰੂਪ ਲੈ ਜਾਣਾ ਸੀ? ਅਸੀਂ ਕੁਝ ਗੁੱਸੇ ਨਾਲ ਕਿਹਾ ਕੇ ਤੁਸੀਂ ਆਪਣੀ ਜ਼ੁੰਮੇਵਾਰੀ ਕਿਉਂ ਨਹੀਂ ਸਮਝੀ ਨਾਲੇ ਜਿਥੇ ਪ੍ਰਕਾਸ਼ ਕੀਤਾ ਹੈ ਪਹਿਲਾਂ ਇਹ ਤਾਂ ਵੇਖੋ ਉਹ ਜਗ੍ਹਾਂ ਪ੍ਰਕਾਸ਼ ਕਰਨ ਦੇ ਜੋਗ ਹੈ ਐਵੇਂ ਜ਼ਮੀਨਾਂ ਤੇ ਕਬਜ਼ੇ ਕਰਨ ਲਈ ਗੁਰੂ ਨੂੰ ਨਾ ਵਰਤੋ। ਫਿਰ ਅਸੀਂ ਦੱਸਿਆਂ ਕੇ ਗੁਰੂ ਸਾਹਿਬ ਜੀ ਦੇ ਸਰੂਪ ਮਿਲ ਗਏ ਹਨ। ਸਾਧ ਦਾ ਰੰਗ ਉੱਡ ਗਿਆ ਕਹਿੰਦਾ ਕਿਥੋ ਮਿਲੇ ਛੇਤੀ ਦੱਸੋ ਕੌਣ ਸੀ ਜਿਹੜਾ ਗੁਰੂ ਸਾਹਿਬ ਦਾ ਸਰੂਪ ਲੈ ਗਿਆ ਸੀ। ਅਸੀਂ ਕਿਹਾ ਕਿ ਸਾਡੇ ਪਿੰਡ ਦੇ ਕਮਲੇ ਬੰਦੇ ਨੇ ਖੜਿਆ ਸੀ। 3-4 ਦਿਨ ਗੁਰੂ ਸਾਹਿਬ ਜੀ ਸਰੂਪ ਬੋਰੀ ਵਿਚ ਪਾ ਕੇ ਉਹ ਫਿਰਦਾ ਰਿਹਾ ਹੁਣ ਅਸੀਂ ਪ੍ਰਾਪਤ ਕਰਕੇ ਪਿੰਡ ਵਾਲੇ ਗੁਰਦੁਆਰੇ ਸੇਵਾ ਕਰ ਦਿੱਤੀ ਹੈ। ਸਾਧ ਬੜੀ ਚਲਾਕੀ ਨਾਲ ਗੱਡੀ ਤਿਆਰ ਕਰਕੇ ਸਾਡੇ ਪਿੰਡ ਗੁਰੂ ਸਾਹਿਬ ਜੀ ਨੂੰ ਲੈਣਆ ਗਿਆ ਕੇ ਗੱਲ ਠੱਪੀ ਜਾਏ ਪਰ ਅੱਗੋਂ ਸਿੰਘਾਂ ਨੇ ਚੰਗੀ ਤਰ੍ਹਾਂ ਭਜਾਇਆ। ਫਿਰ ਅਸੀਂ ਅਗਲੀ ਕਾਰਵਾਈ ਲਈ ਭਾਈ ਗੁਰਮੀਤ ਸਿੰਘ ਪੱਟੀ, ਭਾਈ ਸੁਖਵਿੰਦਰ ਸਿੰਘ ਸਭਰਾ ਅਤੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਅਤੇ ਗੁਰੂ ਗ੍ਰੰਥ ਸਾਹਿਬ ਜੀ ਸਤਿਕਾਰ ਕਮੇਟੀ ਨੂੰ ਵੀ ਦੱਸਿਆ ਉਹਨਾਂ ਨੇ ਕਾਰਵਾਈ ਕਰਦਿਆਂ ਉਸ ਕਮਲੇ ਬੰਦੇ ਨੂੰ ਲੱਭ ਕੇ ਪੁਲੀਸ ਦੇ ਹਵਾਲੇ ਕੀਤਾ ਜਿਸ ਨੂੰ ਜੇਲ੍ਹ ਭੇਜਿਆ ਗਿਆ। ਅਸੀਂ ਵਿਚਾਰ ਕਰਕੇ ਪਿੰਡ ਵਾਲੇ ਗੁਰਦੁਆਰੇ ਸਮਾਗਮ ਰੱਖ ਦਿਤਾ ਜਿਸ ਵਿਚ ਕਾਫੀ ਜਥੇਬੰਦੀਆਂ ਆਈਆਂ ਅਤੇ ਗੁਰੂ ਸਾਹਿਬ ਜੀ ਦੇ ਸਤਿਕਾਰ ਪ੍ਰਤੀ ਵਿਚਾਰਾਂ ਹੋਈਆ। ਨਾਲ ਹੀ ਉਸ ਸਾਧ ਦੀ ਕਰਤੂਤ ਲੋਕਾਂ ਸਾਹਮਣੇ ਲਿਆਂਦੀ ਕਿ ਕਿਵੇਂ ਇਹ ਸਾਧ ਟੋਲਾ ਗੁਰੂ ਸਾਹਿਬ ਜੀ ਦਾ ਨਿਰਾਦਰ ਕਰ ਰਿਹਾ ਹੈ। ਜਿਸ ਗੁਰੂ ਜੀ ਦੇ ਨਾਂ ਤੇ ਇਹ ਮੰਗਦੇ ਅਤੇ ਆਪਣੀਆਂ ਗੱਡੀਆਂ, ਜਾਇਦਾਦਾਂ, ਬਣਾਉਂਦੇ ਹਨ ਉਸ ਗੁਰੂ ਬਾਰੇ ਇਹਨਾਂ ਨੂੰ ਕੋਈ ਵੀ ਫਿਕਰ ਨਹੀਂ ਹੈ। ਇਹ ਕਾਰ ਸੇਵਾ ਦੇ ਨਾਂ ਤੇ ਵਪਾਰ ਸੇਵਾ ਕਰ ਰਹੇ ਹਨ। ਇਹਨਾਂ ਨੂੰ ਪਤਾ ਲੱਗ ਜਾਏ ਕੇ ਫਲਾਣੇ ਪਿੰਡ ਜਾਂ ਸ਼ਹਿਰ ਵਿਹਲੀ ਜਗ੍ਹਾ ਪਈ ਹੈ ਉਥੇ ਜਾ ਕੇ ਕਮਰਾ ਬਣਾ ਕੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਨਿਸ਼ਾਨ ਸਾਹਿਬ ਲਾ ਕੇ ਕੋਈ

ਨਾ ਕੋਈ ਨਾਂ ਰੱਖ ਦੇਂਦੇ ਹਨ ਤੇ ਉਸ ਨਾਂ ਤੇ ਉਗਰਾਹੀ ਸ਼ੁਰੂ ਹੋ ਜਾਂਦੀ ਹੈ ਅਤੇ ਨਵੇਂ ਨਵੇਂ ਸ਼ਰਧਾਲੂ ਬਣ ਜਾਂਦੇ ਹਨ ਜੋ ਇਹਨਾਂ ਸਾਧਾਂ ਦੀ ਕਮਾਈ ਵਿੱਚ ਵਾਧਾ ਕਰਦੇ ਹਨ। ਸੋ ਅਸੀਂ ਸਾਰਿਆਂ ਨੂੰ ਇਹ ਬੇਨਤੀ ਕਰਾਂਗੇ ਕੇ ਆਪਣੇ-ਆਪਣੇ ਇਲਾਕੇ ਵਿੱਚ ਜਿਥੇ ਵੀ ਇਹਨਾਂ ਸੰਤ-ਬਾਬਿਆਂ ਵੱਲੋਂ ਗੁਰੂ ਦੀ ਬੇਅਦਬੀ ਹੋ ਰਹੀ ਹੈ ਉਹ ਲਿਖ ਕੇ ਭਾਈ ਸੁਖਵਿੰਦਰ ਸਿੰਘ ਸਭਰਾ ਨੂੰ ਪਹੁੰਚਣ ਜਿਨੇ ਸਚ ਸੁਣਾਇਸੀ ਸਚ ਕੇ ਬੇਲਾ ਅਨੁਸਾਰ ਇਹ ਕਾਜ ਅਰੰਭਿਆ ਹੈ। ਤਾਂ ਜੋ ਇਹਨਾਂ ਦੀਆਂ ਕਰਤੂਤਾਂ ਸੰਗਤਾਂ ਦੇ ਸਾਹਮਣੇ ਲਿਆਂਦੀਆਂ ਜਾਣ ਅਤੇ ਸੰਗਤਾਂ ਨੂੰ ਸੁਚੇਤ ਕੀਤਾ ਜਾਏ।

ਸਰਬਜੀਤ ਸਿੰਘ ਸਰਾਲੀਮੰਡ (ਪੱਟੀ)

ਅਖੌਤੀ ਸੰਤ ਦਲਜੀਤ ਸਿੰਘ ਸ਼ਿਕਾਗੋ ਦਾ ਪਰਦਾ ਫਾਸ਼

ਆਪਣੇ ਆਪ ਨੂੰ ਸੰਤ ਬਾਬਾ ਬ੍ਰਹਮਗਿਆਨੀ ਅਖਵਾਉਣ ਵਾਲਿਆ ਦੀ ਸਿੱਖ ਸਮਾਜ ਵਿੱਚ ਕੋਈ ਕਮੀ ਨਹੀਂ ਹੈ। ਧਾਰਮਿਕ ਸਟੇਜਾਂ 'ਤੇ ਲੋਕਾਂ ਨੂੰ ਮਾਇਆ ਤੋਂ ਨਿਰਲੇਪ ਰਹਿਣ ਅਤੇ ਪਰਾਈ ਇਸਤ੍ਰੀ ਨੂੰ ਮਾਂ-ਭੈਣ ਵਜੋਂ ਜਾਣਨ ਦਾ ਉਪਦੇਸ਼ ਦੇਣ ਵਾਲੇ ਇਹ ਬਾਬੇ ਆਪਣੀ ਨਿਜੀ ਜ਼ਿੰਦਗੀ ਵਿਚ ਕੀ ਕੁਝ ਕਰਦੇ ਹਨ, ਇਸਦੀਆਂ ਮਿਸਾਲਾਂ ਸਮੇਂ-ਸਮੇਂ 'ਤੇ ਮਿਲਦੀਆਂ ਰਹਿੰਦੀਆਂ ਹਨ। ਅਮਰੀਕਾ ਦੀ ਅਜਿਹੀ ਇਕ ਘਟਨਾ ਬਾਰੇ ਇਕ ਦਿਲਚਸਪ ਰਿਪੋਰਟ।

ਆਪਣੇ ਆਪ ਨੂੰ ਪਵਿੱਤਰ ਸੰਤ ਅਖਵਾਉਣ ਵਾਲਿਆਂ ਦੀ ਵੱਡੀ ਗਿਣਤੀ (ਜਿਵੇਂ ਗੁਰੂ ਤੇਗ ਬਹਾਦਰ ਸਾਹਿਬ ਦੇ ਸਮੇਂ ਬਾਬਾ ਬਕਾਲਾ ਬਹੁਤ ਸਾਰੇ ਨਕਲੀ ਸੰਤ/ਗੁਰੂ ਸਥਾਪਿਤ ਹੋ ਗਏ ਸਨ), ਵਿਚੋਂ ਹੁਣ ਕੋਈ 'ਸੰਤਾਂ' ਦੇ ਚਿਹਰੇ ਤੋਂ ਨਕਾਬ ਹੱਟ ਕੇ, ਉਨ੍ਹਾਂ ਦਾ ਅਸਲ ਚਰਿੱਤਰ ਸੰਗਤਾਂ ਸਾਹਮਣੇ ਆ ਰਿਹਾ ਹੈ। ਕਿਉਂਕਿ ਇਕ ਝੂਠ ਹਮੇਸ਼ਾਂ ਲਈ ਸਫ਼ਲ ਨਹੀਂ ਹੋ ਸਕਦਾ, ਇਸ ਲਈ ਅਜਿਹੇ ਲੋਕਾਂ ਦਾ ਅਸਲ ਰੂਪ ਸਾਹਮਣੇ ਆ ਹੀ ਜਾਂਦਾ ਹੈ। ਵਿਵਾਦਾਂ ਵਿਚ ਘਿਰੇ ਸੰਤ ਬਾਬਾ ਧਨਵੰਤ ਸਿੰਘ (ਆਪਣੇ ਸ਼ਰਧਾਲੂ ਦੀ ਬੇਟੀ ਨਾਲ ਬਲਾਤਕਾਰ ਕਰਨ ਵਾਲਾ) ਦੀ ਤਰ੍ਹਾਂ ਹੁਣ ਗੁਰੂ ਨਾਨਕ ਮਿਸ਼ਨ ਆਫ਼ ਅਮਰੀਕਾ ਵਾਲੇ ਸੰਤ ਬਾਬਾ ਦਲਜੀਤ ਸਿੰਘ ਸ਼ਿਕਾਂਗੋ ਦਾ ਨਾਂ ਵੀ ਚਰਚਾ ਵਿੱਚ ਹੈ।

ਪਿਛਲੇ ਕਈ ਸਾਲਾਂ ਤੋਂ ਦਲਜੀਤ ਸਿੰਘ ਨੇ ਆਪਣੇ ਵੱਖਰੇ ਡੇਰੇ ਅਤੇ 'ਚਮਤਕਾਰਾਂ' ਦੇ ਵੱਖਰੇ ਬ੍ਰਾਂਡ ਰਾਹੀਂ ਆਪਣੇ ਆਪ ਨੂੰ 'ਸੰਤ ਬਾਬਾ' ਦੇ ਤੌਰ 'ਤੇ ਸਥਾਪਿਤ ਕਰਨ ਵਿਚ ਸਫਲ ਰਿਹਾ ਹੈ। ਉਹ ਭਾਰਤ ਦੇ ਬਹੁਤ ਸਾਰੇ ਰਾਗੀਆਂ ਅਤੇ ਜਥੇਦਾਰਾਂ ਨੂੰ ਆਯੋਜਿਤ (Sponsor) ਅਤੇ ਮੇਜ਼ਬਾਨੀ ਕਰਦਾ ਰਿਹਾ ਹੈ। ਉਨ੍ਹਾਂ ਨੂੰ ਸਿਰੋਪੇ ਦੇਣ ਅਤੇ ਮਿਹਮਾਨ ਨਵਾਜ਼ੀ ਕਰਨ ਉਪਰੰਤ, ਉਹ ਅਕਸਰ ਭਾਰਤ ਜਾਂਦਾ, ਜਿੱਥੇ ਇਹੀ ਰਾਗੀ ਅਤੇ ਜਥੇਦਾਰ ਉਸਦੀ ਪੁਚ-ਪੁਚ ਕਰਦੇ। ਦਲਜੀਤ ਸਿੰਘ ਆਪਣੀ ਮਸ਼ਹੂਰੀ ਕਰਵਾਉਣ ਦਾ ਉਸਤਾਦ ਰਿਹਾ ਹੈ ਅਤੇ ਅਜਿਹਾ ਜਾਪਦਾ ਹੈ ਕਿ ਉਸਨੇ ਕਈ ਪੰਜਾਬੀ ਅਖਬਾਰਾਂ ਵਿੱਚ ਥਾ (ਆਪਣੇ ਬਾਰੇ ਲੇਖ ਛਪਵਾਉਣ

ਲਈ) ਸੁਰੱਖਿਅਤ ਕਰਵਾ ਰੱਖੀ ਹੈ। ਇਹ ਅਖ਼ਬਾਰ ਉਸਦੀਆਂ ਤਾਰੀਫਾਂ ਦੇ ਪੁੱਲ ਬੰਨ੍ਹਦੇ ਕਦੇ ਥੱਕਦੇ ਨਹੀਂ।

ਦਲਜੀਤ ਸਿੰਘ ਦੇ 'ਗੁਰਦੁਆਰੇ' ਅਤੇ ਮਿਸ਼ਨਰੀ ਸੈਂਟਰ ਵੱਲੋਂ 13 ਤੋਂ 20 ਨਵੰਬਰ 2005 ਤੱਕ ਇਕ ਵਿਸ਼ੇਸ਼ ਕੀਰਤਨ ਦਰਬਾਰ ਕਰਵਾਇਆ ਗਿਆ। ਅਜਿਹਾ ਜਾਪਦਾ ਹੈ ਕਿ ਇਕ ਗਲਤ ਵਿਅਕਤੀ ਨਾਲ ਗਲਤ ਸਮੇਂ ਤੇ ਗਲਤ ਥਾਂ ਤੇ ਪਹੁੰਚਣ ਲਈ ਦਲਜੀਤ ਸਿੰਘ ਨੇ ਇਸ ਪਵਿੱਤਰ ਪ੍ਰੋਗਰਾਮ ਵਿਚੋਂ ਛੁੱਟੀ ਲਈ ਸੀ। ਸਿੱਖ ਕੌਮ ਲਈ ਇਹ ਸ਼ਰਮ ਵਾਲੀ ਗੱਲ ਹੈ ਕਿ ਅਖੌਤੀ ਪਵਿੱਤਰ ਸਿੱਖ ਅਜਿਹੇ ਕਰਮ ਕਰਦੇ ਫੜੇ ਜਾਂਦੇ ਹਨ।

17 ਨਵੰਬਰ 2005 ਦੀ ਦੇਰ ਰਾਤ ਨੂੰ ਸ਼ਿਕਾਗੋ ਦੇ ਇਕ ਸਿੱਖ ਨੂੰ ਕੈਲੀਫੋਰਨੀਆਂ ਤੋਂ ਇਕ ਵਿਅਕਤੀ ਦਾ ਫੋਨ ਆਇਆ। ਗੁਮਨਾਮ ਫੋਨਕਰਤਾ ਨੇ 'ਸੰਤ ਬਾਬਾ' ਦਲਜੀਤ ਸਿੰਘ ਦੇ ਉਸ ਸਮੇਂ ਇਕ ਵਿਸ਼ੇਸ਼ ਥਾਂ 'ਤੇ ਹਾਜ਼ਿਰ ਹੋਣ ਬਾਰੇ ਮਹੱਤਵਪੂਰਨ ਜਾਣਕਾਰੀ ਦਿੱਤੀ। ਫੋਨ ਕਰਤਾ ਨੇ ਦੱਸਿਆ ਕਿ ਬਾਬਾ ਦਲਜੀਤ ਸਿੰਘ, ਰੈਂਡ ਰੋਡ ਵੌਕਾਂਡਾ ਵਿਖੇ ਸਥਿਤ ਮੋਟਲ (ਹੋਟਲ) ਵੌਕਾਂਡਾ ਵਿੱਚ ਆਪਣੀ ਇਕ ਔਰਤ ਸ਼ਾਗਿਰਦ ਨਾਲ ਮੌਜਾਂ ਮਾਣ ਰਿਹਾ ਸੀ। ਫੋਨ ਕਰਤਾ ਨੇ ਬਾਬੇ ਦੀ ਵੈਨ ਦੇ ਨੰਬਰ (ਟੀ 313228) ਬਾਰੇ ਵੀ ਜਾਣਕਾਰੀ ਦਿੱਤੀ।

ਇਹ ਜਾਣਕਾਰੀ ਮਿਲਣ 'ਤੇ, ਸ਼ਿਕਾਗੋ ਦੀ ਸੰਗਤ ਨੇ ਸੱਚ ਜਾਨਣ ਲਈ ਤੁਰੰਤ ਇਕੱਤਰ ਹੋਣ ਦਾ ਨਿਰਣਾ ਲਿਆ ਅਤੇ ਭਾਈ ਮਹਿੰਦਰ ਸਿੰਘ (ਹੈੱਡ ਗ੍ਰੰਥੀ-ਗੁਰਦੁਆਰਾ ਸਾਹਿਬ ਪੈਲਾਟਾਈਨ), ਕੁਲਵੰਤ ਸਿੰਘ ਹੁੰਦਲ (ਧਾਰਮਿਕ ਸਕੱਤਰ, ਗੁਰਦੁਆਰਾ ਸਾਹਿਬ, ਪੈਲਾਟਾਈਨ), ਦਰਸ਼ਨ ਸਿੰਘ ਪੰਮਾ, ਪ੍ਰਭਜੋਤ ਸਿੰਘ ਬਾਂਸੀ, ਭੁਪਿੰਦਰ ਸਿੰਘ ਹੁੰਦਲ ਆਦਿ ਸੱਜਣ ਅਸਲੀਅਤ ਨੂੰ ਜਾਨਣ ਲਈ ਮੋਟਲ ਵੱਲ ਰਵਾਨਾ ਹੋ ਗਏ। ਮੋਟਲ ਦੇ ਕਮਰਾ ਨੰਬਰ 5 ਦੇ ਬਾਹਰ ਡੇਰੇਦਾਰ ਦਲਜੀਤ ਸਿੰਘ ਦੀ ਸ਼ੈਵਰਲੇਟ ਵੈਨ (ਟੀ 313228) ਖੜੀ ਵੇਖ ਕੇ ਇਸ ਖ਼ਬਰ ਦੇ ਅਸਲ ਹੋਣ ਦੀ ਪੁਸ਼ਟੀ ਹੋ ਗਈ। ਸਿੱਖ ਸੰਗਤਾਂ ਕਾਫੀ ਦੇਰ ਹੋਟਲ ਦੇ ਕਮਰੇ ਦੇ ਬਾਹਰ ਖੜੀਆਂ ਹੋ ਕੇ ਡੇਰੇਦਾਰ ਦਲਜੀਤ ਸਿੰਘ ਦੇ ਬਾਹਰ ਆਉਣ ਦੀ ਉਡੀਕ ਕਰਦੀਆ ਰਹੀਆਂ। ਪਰ ਦਲਜੀਤ ਸਿੰਘ ਬਾਹਰ ਨਾ ਆਇਆ। ਕਾਫੀ ਦੇਰ ਤੱਕ ਉਡੀਕ ਤੋਂ ਬਾਅਦ, ਸੰਗਤਾਂ ਨੇ ਵਿਚਾਰ ਕਰਕੇ ਸੰਬੰਧਤ ਇਲਾਕੇ ਦੀ ਪੁਲਿਸ ਨਾਲ ਸੰਪਰਕ ਕੀਤਾ।

ਸਵੇਰ ਦੇ 3 ਵੱਜ ਕੇ 40 ਮਿੰਟ 'ਤੇ ਇਕ ਸਿੱਖ ਸੱਜਣ ਨੇ ਪੁਲਿਸ ਨੂੰ ਫੋਨ ਕੀਤਾ ਅਤੇ ਕਿਹਾ ਕਿ ਪੁਲਿਸ ਇਹ ਚੈੱਕ ਕਰੇ ਕਿ ਕੀ ਮੋਟਲ ਵੌਕਾਂਡਾ ਵਿੱਚ ਦਲਜੀਤ ਸਿੰਘ ਨਾਂ ਦਾ ਸ਼ਖ਼ਸ਼ ਠਹਿਰਿਆ ਹੋਇਆ ਸੀ ਜਾਂ ਨਹੀਂ। ਫੋਨ ਕਰਤਾ ਨੇ ਕਿਹਾ ਕਿ ਉਸਨੂੰ ਸ਼ੱਕ ਸੀ ਕਿ ਦਲਜੀਤ ਸਿੰਘ ਇਕ ਨਾਬਾਲਿਗ ਲੜਕੀ ਨਾਲ ਕਮਰੇ ਵਿਚ ਠਹਿਰਇਆ ਹੋਇਆ ਸੀ।

3.48 ਵਜੇ ਇਕ ਪੁਲਿਸ ਅਧਿਕਾਰੀ ਘਟਨਾ-ਸਥਾਨ ਦੇ ਨੇੜੇ ਦੇ ਇਕ ਹੋਰ ਹੋਟਲ ਵਿਖੇ ਪੁੱਜ ਗਿਆ। ਉਸਨੇ ਹੋਟਲ ਦੀ ਪਾਰਕਿੰਗ ਵਿੱਚ ਖੜੀਆਂ 9 ਕਾਰਾਂ

ਦੀਆਂ ਨੰਬਰ ਪਲੇਟਾਂ ਦੀ ਜਾਣਕਾਰੀ ਨੂੰ ਆਪਣੇ ਕੰਪਿਊਟਰ ਵਿਚ ਭਰਿਆ ਪਰ ਕੋਈ ਵੀ ਕਾਰ ਦਲਜੀਤ ਸਿੰਘ ਦੇ ਨਾਮ ਤੋਂ ਰਜਿਸਟਰਡ ਨਹੀਂ ਸੀ। ਪਰ ਕੁਝ ਹੀ ਦੇਰ ਬਾਅਦ ਇਕ ਸਿੱਖ ਸੱਜਣ ਨੇ ਪੁਲਿਸ ਅਧਿਕਾਰੀ ਨੂੰ ਦੁਬਾਰਾ ਫੋਨ ਕਰਕੇ ਕਿਹਾ ਕਿ ਉਹ ਗਲਤ ਹੋਟਲ ਵਿਖੇ ਪੁੱਜ ਗਿਆ ਸੀ। ਫੋਨ ਕਰਤਾ ਨੇ ਦੱਸਿਆ ਕਿ ਉਹ ਨਾਲ ਵਾਲੇ ਹੋਟਲ ਦੀ ਪਾਰਕਿੰਗ ਵਾਲੀ ਥਾਂ ਤੋਂ ਪੁਲਿਸ ਅਧਿਕਾਰੀ ਦੀ ਕਾਰ ਨੂੰ ਵੇਖ ਸਕਦਾ ਸੀ। ਅਜਿਹਾ ਸੁਣ ਕੇ ਪੁਲਿਸ ਅਧਿਕਾਰੀ ਨਾਲ ਵਾਲੇ ਹੋਟਲ (ਹੋਟਲ ਵੇਕਾਂਡਾ) ਵਿਖੇ ਚਲਾ ਗਿਆ।

ਵੇਕਾਂਡਾ ਹੋਟਲ ਵਿਖੇ ਪੁਲਿਸ ਅਧਿਕਾਰੀ ਨੇ ਸ਼ੈਵਰਲੇਟ ਵੈਨ ਨੰਬਰ ਟੀ 313228 ਨੂੰ ਕੰਪਿਊਟਰ ਵਿੱਚ ਭਰਿਆ ਤਾਂ ਪਤਾ ਲੱਗਾ ਕਿ ਇਹ ਵੈਨ ਗੁਰੂ ਨਾਨਕ ਸਿੱਖ ਮਿਸ਼ਨ ਆਫ਼ ਅਮਰੀਕਾ ਦੇ ਨਾਂ ਤੋਂ ਰਜਿਸਟਰਡ ਸੀ। ਪੁਲਿਸ ਅਧਿਕਾਰੀ ਨੇ ਦੁਬਾਰਾ ਫੋਨ ਕਰਨ ਵਾਲੇ ਸੱਜਣ ਨੂੰ ਸੰਪਰਕ ਕੀਤਾ ਤਾਂ ਉਸਨੇ ਤਾਕੀਦ ਕੀਤੀ ਕਿ ਪੁਲਿਸ ਅਧਿਕਾਰੀ ਨੇ ਸਹੀ ਵਾਹਨ ਨੂੰ ਢੂੰਢ ਲਿਆ ਸੀ। ਸ਼ਿਕਾਇਤ ਕਰਤਾ ਨੇ ਕਿਹਾ ਕਿ ਉਸਨੂੰ ਯਕੀਨ ਸੀ ਕਿ ਬਾਬਾ ਦਲਜੀਤ ਸਿੰਘ ਹੋਟਲ ਦੇ ਕਮਰਾ ਨੰਬਰ 5 ਵਿੱਚ ਇਕ ਨਾਬਾਲਿਗ ਲੜਕੀ ਨਾਲ ਠਹਿਰਿਆ ਹੋਇਆ ਸੀ।

ਪੁਲਿਸ ਅਧਿਕਾਰੀ ਨੇ ਕਮਰਾ ਨੰਬਰ 5 ਦਾ ਦਰਵਾਜਾ ਖੜਕਾਇਆ। ਲਗਭਗ ਦੋ ਮਿੰਟ ਬਾਅਦ ਅੰਦਰੋਂ ਇਕ ਆਦਮੀ ਵੱਲੋਂ ਬੋਲਣ ਦੀ ਆਵਾਜ਼ ਸੁਣਾਈ ਦਿੱਤੀ। ਪੁਲਿਸ ਅਧਿਕਾਰੀ ਨੇ ਕਮਰੇ ਦੇ ਅੰਦਰ ਆਉਣ ਦੀ ਇਜਾਜ਼ਤ ਮੰਗੀ, ਜਿਸ ਦੀ ਪ੍ਰਵਾਨਗੀ ਉਸ ਆਦਮੀ ਨੇ ਦੇ ਦਿੱਤੀ। ਅੰਦਰ ਜਾਣ 'ਤੇ ਪੁਲਿਸ ਅਧਿਕਾਰੀ ਨੇ ਵੇਖਿਆ ਕਿ ਕਮਰੇ ਵਿਚ ਇਕ ਮਰਦ ਅਤੇ ਇਕ ਔਰਤ ਮੌਜੂਦ ਸਨ ਅਤੇ ਉਹ ਦੋਵੇਂ ਉਸਨੂੰ ਵੇਖ ਕੇ ਹਿਚਕਿਚਾਹਟ ਮਹਿਸੂਸ ਕਰ ਰਹੇ ਸਨ। ਪੁਲਿਸ ਅਧਿਕਾਰੀ ਨੇ ਕਿਹਾ ਕਿ ਉਹ ਜਾਨਣਾ ਚਾਹੁੰਦਾ ਸੀ ਕਿ ਔਰਤ ਦੀ ਉਮਰ 18 ਸਾਲ ਤੋਂ ਜ਼ਿਆਦਾ ਹੈ ਜਾਂ ਨਹੀਂ। ਉਸਨੇ ਦੋਹਾਂ ਤੋਂ ਉਨ੍ਹਾਂ ਦੇ ਡਰਾਈਵਿੰਗ ਲਾਇਸੈਂਸ ਮੰਗੇ, ਜੋ ਉਨ੍ਹਾ ਨੇ ਪੁਲਿਸ ਅਧਿਕਾਰੀ ਨੂੰ ਸੌਂਪ ਦਿੱਤੇ। ਔਰਤ ਨੇ ਕਿਹਾ ਕਿ ਉਹ ਨਿਊਜਾਰਕ ਸ਼ਹਿਰ ਤੋਂ ਆਈ ਸੀ। ਇਸ 'ਤੇ ਪੁਲਿਸ ਅਧਿਕਾਰੀ ਨੇ ਨਿਊ ਯਾਰਕ ਅਤੇ ਇਲੀਨਾਜ਼ (ਉਹ ਰਾਜ, ਜਿਥੇ ਇਹ ਹੋਟਲ ਸਥਿਤ ਹੈ), ਦੇ ਵਾਰੰਟ ਚੈੱਕ ਕਰਵਾਏ। ਵਾਰੰਟ ਚੈੱਕ ਤੋਂ ਪਤਾ ਲੱਗਿਆ ਕਿ ਇਨ੍ਹਾ ਦੋਹਾਂ ਵਿਚੋਂ ਕਿਸੇ ਖਿਲਾਫ਼ ਕੋਈ ਵਾਰੰਟ ਜਾਰੀ ਨਹੀਂ ਹੋਇਆ ਸੀ।

ਕੰਪਿਊਟਰ ਤੋਂ ਇਹ ਜਾਣਕਾਰੀ ਮਿਲੀ ਕਿ ਬਾਬਾ ਦਲਜੀਤ ਸਿੰਘ, ਜਿਸਦਾ ਡਰਾਈਵਿੰਗ ਲਾਈਸੈਂਸ ਨੰਬਰ ਐਸ 520-0646-0154, ਦੀ ਜਨਮ ਦੀ ਮਿਤੀ 6-03-1960, ਪਤਾ 211, ਡਬਲਿਊ ਸਟੇਟ ਰੋਡ, ਆਈਲੈਂਡ ਲੇਕ, ਇਲਾਨਾਜ਼-6042, ਕੱਦ 5 ਫੁੱਟ 6 ਇੰਚ, ਕਾਲੇ ਬਾਲ ਅਤੇ ਭੂਰੀਆਂ ਅੱਖਾਂ ਸਨ। ਔਰਤ ਬਾਰੇ ਜਾਣਕਾਰੀ ਮਿਲੀ ਕਿ ਉਸਦਾ ਨਾਮ ਮੀਨਾ ਸਿੰਘ, ਜਨਮ ਦੀ ਮਿਤੀ 08-08-1962, ਕੱਦ 5 ਫੁੱਟ 6 ਇੰਚ ਅਤੇ ਭੂਰੀਆਂ ਅੱਖਾਂ ਸਨ। ਇਹ ਨਿਰਣਾ ਹੋਣ

'ਤੇ ਉਨ੍ਹਾਂ ਦੋਹਾਂ ਵਿਚੋਂ ਕੋਈ ਵੀ 18 ਸਾਲ ਤੋਂ ਘੱਟ ਉਮਰ ਦਾ ਨਹੀਂ ਸੀ ਅਤੇ ਦੋਵੇਂ ਧਿਰਾਂ ਰਜ਼ਾਮੰਦੀ ਨਾਲ ਕਮਰੇ ਵਿਚ ਹਾਜ਼ਿਰ ਸਨ, ਪੁਲਿਸ ਅਧਿਕਾਰੀ ਕਮਰੇ ਤੋਂ ਬਾਹਰ ਆ ਗਿਆ। ਉਸਨੇ ਬਾਹਰ ਮੌਜੂਦ ਲੋਕਾਂ ਨੂੰ ਕਿਹਾ ਕਿ 'ਬਾਬਾ ਦਲਜੀਤ ਜਿਸ ਸਿੰਘ' ਨਾਲ ਪਾਈ ਗਈ ਔਰਤ ਨਾਬਾਲਗ ਨਹੀਂ ਹੈ, ਇਸ ਕਰਕੇ ਕਾਨੂੰਨਨ ਤੌਰ 'ਤੇ ਤਾਂ ਕੁਝ ਨਹੀਂ ਕੀਤਾ ਜਾ ਸਕਦਾ। ਪਰ ਸਿੱਖ ਸੰਗਤਾਂ ਅਤੇ ਗੁਰਦੁਆਰੇ ਨਾਲ ਸੰਬੰਧਤ ਮਸਲਾ ਹੋਣ ਕਰਕੇ ਤੁਸੀਂ ਆਪਣੇ ਪੱਧਰ ਉੱਤੇ ਲੋੜੀਂਦੀ ਯੋਗ ਕਾਰਵਾਈ ਕਰ ਲਵੋ। ਉਪਰੰਤ ਪੁਲਿਸ ਅਧਿਕਾਰੀ ਬਾਹਰ ਆ ਕੇ ਆਪਣੀ ਕਾਰ ਵਿੱਚ ਬੈਠ ਗਿਆ ਅਤੇ ਇਸਨੂੰ ਹੋਟਲ ਦੀ ਪਾਰਕਿੰਗ ਤੋਂ ਥੋੜੀ ਦੂਰ ਖੜਾ ਕਰਕੇ ਸਥਿਤੀ ਦਾ ਮੁਆਇਨਾ ਕਰਨ ਲੱਗਾ।

ਹੋਟਲ ਵਿਖੇ ਇਕੱਤਰ ਹੋਏ ਸਿੰਘ ਨੇ ਡੇਰੇਦਾਰ ਦੀ ਵੈਨ ਪਿੱਛੇ ਆਪਣੀ ਵੈਨ ਲਗਾ ਕੇ ਉਸ ਦੇ ਭੱਜਣ ਦੀਆਂ ਸੰਭਾਵਨਾਵਾਂ ਨੂੰ ਖਤਮ ਕਰ ਦਿੱਤਾ ਸੀ। ਕਾਫੀ ਸਿੰਘ ਆਲੇ-ਦੁਆਲੇ ਨਿਗਰਾਨੀ ਕਰ ਰਹੇ ਸਨ ਅਤੇ ਹੋਰ ਸੱਜਣ ਵੀ ਲਗਾਤਾਰ ਉੱਥੇ ਪਹੁੰਚ ਰਹੇ ਸਨ। ਸਭ ਚੌਕਸ ਸਨ ਕਿ ਰੰਗੀਲਾ ਡੇਰੇਦਾਰ ਕਿਧਰੇ ਬਾਰੀ ਰਾਹੀਂ ਨਿਕਲ ਕੇ ਦੌੜ ਨਾ ਜਾਵੇ। ਡੇਰੇਦਾਰ ਵੀ ਹੈਰਾਨ-ਪ੍ਰੇਸ਼ਾਨ ਹੋ ਕਿ ਆਪਣੇ ਕਮਰੇ ਵਿਚੋਂ ਬਾਹਰ ਦੇ ਸਾਰੇ ਹਾਲਾਤ ਵੇਖ ਰਿਹਾ ਸੀ ਅਤੇ ਵਾਰ-ਵਾਰ ਰਿਮੋਟ ਨਾਲ ਆਪਣੀ ਵੈਨ ਸਟਾਰਟ ਕਰਨ ਦੇ ਅਸਫਲ ਯਤਨ ਕਰ ਰਿਹਾ ਸੀ। ਕਈ ਵਾਰ ਵੈਨ ਸਟਾਰਟ ਹੋਈ ਅਤੇ ਕਈ ਵਾਰ ਫਿਰ ਬੰਦ ਹੋਈ। ਅਖੀਰ ਨੂੰ ਆਪਣੇ ਭੱਜ ਨਿਕਲਣ ਦੇ ਉਪਰਾਲਿਆਂ ਨੂੰ ਕਾਮਯਾਬ ਨਾ ਹੁੰਦਿਆਂ ਵੇਖ ਕੇ ਉਸ ਨੇ ਆਪ ਹੀ ਪੁਲਿਸ ਨੂੰ ਬੁਲਾਉਣ ਦਾ ਨਿਰਣਾ ਲਿਆ।

ਸਵੇਰ ਦੇ 5.09 ਮਿੰਟ 'ਤੇ ਦਲਜੀਤ ਸਿੰਘ ਨੇ ਪੁਲਿਸ ਕੰਟਰੋਲ ਰੂਮ ਨੂੰ ਫੋਨ 'ਤੇ ਸ਼ਿਕਾਇਤ ਕੀਤੀ ਕਿ ਉਹ ਵੋਕਾਂਡਾ ਹੋਟਲ ਦੇ ਕਮਰਾ ਨੰਬਰ 5 ਵਿੱਚ ਠਹਿਰਿਆ ਹੋਇਆ ਹੈ ਅਤੇ ਕਮਰੇ ਦੇ ਬਾਹਰ ਖੜੇ ਕੁਝ ਲੋਕ ਉਸ ਨੂੰ ਪਰੇਸ਼ਾਨ ਕਰ ਰਹੇ ਹਨ। ਇਸ 'ਤੇ ਮੌਕੇ 'ਤੇ ਪਹਿਲਾਂ ਮੌਜੂਦ ਪੁਲਿਸ ਦੇ ਇਲਾਵਾ ਦੋ ਹੋਰ ਯੂਨਿਟਾਂ ਨੂੰ ਵੀ ਉੱਥੇ ਭੇਜ ਦਿੱਤਾ ਗਿਆ। ਪੁਲਿਸ ਨੇ ਮੌਕੇ 'ਤੇ ਮੌਜੂਦ ਸਿੱਖ ਸੰਗਤਾਂ ਨੂੰ ਬਾਬੇ ਦੀ ਵੈਨ ਦਾ ਰਸਤਾ ਰੋਕਣ ਵਾਲੀ ਕਾਰ ਹਟਾਉਣ ਦਾ ਨਿਰਦੇਸ਼ ਦਿੱਤਾ। ਪੁਲਿਸ ਦੇ ਹੁਕਮ ਦੀ ਪ੍ਰਾਲਣਾ ਕਰਦੇ ਹੋਏ ਸੰਗਤਾਂ ਨੇ ਬਾਬੇ ਦੀ ਵੈਨ ਦਾ ਰਸਤਾ ਸਾਫ ਕਰ ਦਿਤਾ। ਅਜਿਹਾ ਹੋਣ 'ਤੇ ਪੁਲਿਸ ਨੇ ਇਕ ਸੁਰੱਖਿਅਤ ਜ਼ੋਨ ਬਣਾ ਕੇ ਬਾਬੇ ਦਲਜੀਤ ਸਿੰਘ ਦਾ ਬਾਹਰ ਨਿਕਲਣਾ ਆਸਾਨ ਕਰ ਦਿੱਤਾ। ਪਰੇਸ਼ਾਨ ਅਤੇ ਘਬਰਾਇਆ ਹੋਇਆ ਬਾਬਾ ਹੋਟਲ ਦੇ ਕਮਰੇ ਵਿਚੋਂ ਬਾਹਰ ਨਿਕਲਿਆ ਅਤੇ ਪੁਲਿਸ ਅਧਿਕਾਰੀਆ ਨਾਲ ਗੱਲਬਾਤ ਕੀਤਿਆਂ ਬਗੈਰ ਹੀ ਆਪਣੀ ਵੈਨ ਵੱਲ ਦੌੜਿਆ। ਸੂਤਰਾਂ ਮੁਤਾਬਿਕ ਵੈਨ ਤੱਕ ਪਹੁੰਚਦਿਆਂ ਪਹੁੰਚਦਿਆਂ, ਤਿੰਨ ਵਾਰ ਬਾਬੇ ਦੀ ਦਸਤਾਰ ਗਿਰੀ ਅਤੇ ਬੜੀ ਮੁਸ਼ਕਿਲ ਵੈਨ ਚਲਾ ਕੇ ਭੱਜ ਨਿਕਲਿਆ। ਬਾਬੇ ਦੀਆਂ ਐਸੀਆਂ ਕਰਤੂਤਾਂ ਨੂੰ ਵੇਖਣ ਵਾਲੇ ਜੋ ਚਸ਼ਮਦੀਦ ਗਵਾਹ ਮੌਕੇ ਉੱਤੇ ਮੌਜੂਦ ਸਨ,

ਉਨ੍ਹਾਂ ਨੇ ਮੌਕੇ 'ਤੇ ਆਪਣੀ ਹਾਜ਼ਰੀ ਨੂੰ ਆਪਣੇ ਦਸਤਖਤਾਂ ਨਾਲ ਪਰਮਾਣਿਤ ਕਰ ਦਿੱਤਾ।

ਸੂਤਰਾਂ ਮੁਤਾਬਿਕ, ਹੋਟਲ ਵਿਚ ਬਾਬੇ ਨਾਲ ਮੌਜੂਦ ਔਰਤ ਕੈਲੀਫੋਰਨੀਆਂ ਤੋਂ ਉਸਦੇ ਡੇਰੇ ਆਉਣ ਵਾਲੀ ਚੇਲੀ ਸੀ। ਇਹ ਵੀ ਦੱਸਿਆ ਜਾਂਦਾ ਹੈ ਕਿ ਬਾਬੇ ਨੇ ਹੋਟਲ ਦੇ ਸਾਰੇ 18 ਕਮਰੇ ਬੁੱਕ ਕਰਵਾ ਲਏ ਸਨ ਅਤੇ ਹੋਟਲ ਦੇ ਬਾਹਰ 'ਨੋ ਵੇਕੈਂਸੀ' (ਕੋਈ ਕਮਰਾ ਖਾਲੀ ਨਹੀਂ) ਦਾ ਬੋਰਡ ਲਗਾ ਦਿੱਤਾ ਗਿਆ। ਵਰਣਨਯੋਗ ਹੈ ਕਿ ਇਸ ਕਿੱਸੇ ਦੇ ਸਾਹਮਣੇ ਆਉਣ ਤੋਂ ਪਹਿਲਾਂ ਦਲਜੀਤ ਬਾਬਾ ਸ਼ਿਕਾਗੋ ਦੀ ਇਕ ਔਰਤ ਨਾਲ ਰਹਿਣ ਲਈ ਆਪਣੀ ਅੰਮ੍ਰਿਤਧਾਰੀ ਪਤਨੀ ਨੂੰ ਭਾਰਤ ਛੱਡ ਕੇ ਸ਼ਿਕਾਗੋ ਵਿਖੇ ਆ ਗਿਆ ਸੀ। ਦਲਜੀਤ ਸਿੰਘ ਦੀ ਪਤਨੀ ਉਸ ਨਾਲ ਰਹਿਣ ਲਈ ਪੰਜਾਬ ਤੋਂ ਅਮਰੀਕਾ ਆਈ ਪਰ ਦਲਜੀਤ ਸਿੰਘ ਨੇ ਉਸਨੂੰ ਵਾਪਿਸ ਮੋੜ ਦਿੱਤਾ।

ਸਿੱਖ ਰਿਲੀਜੀਅਸ ਸੋਸਾਇਟੀ, ਪੈਲਾਟੀਨ ਅਤੇ ਖਾਲਸਾ ਐਲਾਇੰਸ ਦੇ ਸੇਵਾਦਾਰ ਨੇ ਦੱਸਿਆ ਕਿ ਇਸ ਘਟਨਾ ਤੋਂ ਪਹਿਲਾਂ ਵੀ ਉਹ ਪੰਥਕ ਜਥੇਬੰਦੀਆਂ, ਜਥੇਦਾਰ ਸਾਹਿਬਾਨ ਅਤੇ ਹੋਰ ਆਗੂਆਂ ਨੂੰ ਬਾਬੇ ਦੀਆਂ ਮਨਮਤੀ ਕਰਤੂਤਾਂ ਬਾਰੇ ਚੇਤਾਵਨੀ ਦਿੰਦੇ ਰਹੇ। ਪਰ ਇਨ੍ਹਾਂ ਚੇਤਾਵਨੀਆਂ 'ਤੇ ਧਿਆਨ ਨਹੀਂ ਦਿੱਤਾ ਗਿਆ ਅਤੇ ਸੰਗਤ ਇਸ 'ਸੰਤ ਬਾਬੇ' ਦੀ ਅਸਲੀਅਤ ਬਾਰੇ ਸ਼ੰਕੇ ਵਿੱਚ ਹੀ ਰਹੀ ਪਰ ਉਪਰੋਕਤ ਘਟਨਾਕ੍ਰਮ ਤੋਂ ਉਸਦਾ ਅਸਲ ਚਿਹਰਾ ਸੰਗਤ ਸਾਹਮਣੇ ਬੇਨਕਾਬ ਹੋ ਗਿਆ ਹੈ।

ਸਥਾਨਕ ਜਥੇਬੰਦੀਆਂ ਦਾ ਕਹਿਣਾ ਹੈ ਕਿ ਇਸ ਪ੍ਰਚਾਰ ਅਤੇ ਜ਼ਰੂਰਤਮੰਦਾਂ ਦੀ ਸਹਾਇਤਾ ਦੇ ਬਹਾਨੇ ਇਸ ਸੰਤ-ਬਾਬੇ ਨੇ ਸੰਗਤ ਨੂੰ ਕਰੜੀ ਮਿਹਨਤ ਨਾਲ ਕਮਾਏ ਗਏ ਹਜ਼ਾਰਾਂ ਡਾਲਰਾਂ ਦਾ ਧੋਖਾ ਦਿੱਤਾ ਹੈ। ਜ਼ਰੂਰਤਮੰਦਾਂ ਦੀ ਸਹਾਇਤਾ ਕਰਨ ਦੀ ਬਜਾਏ, ਬਾਬੇ ਨੇ ਇਸ ਦੌਲਤ ਦਾ ਉਪਯੋਗ ਐਸ਼-ਇਸ਼ਰਤ ਲਈ ਕੀਤਾ।

ਬਾਬੇ ਦਲਜੀਤ ਸਿੰਘ ਦੇ ਅਜਿਹੇ ਵਿਵਾਦਗ੍ਰਸਤ ਚਰਿੱਤਰ ਕਾਰਨ ਸਿੱਖ ਰਿਲੀਜੀਅਸ ਸੁਸਾਇਟੀ ਅਤੇ ਖਾਲਸਾ ਐਲਾਇੰਸ ਦੇ ਸਿੰਘ ਸਿੰਘਣੀਆਂ ਨੇ 11 ਦਸੰਬਰ 2005 ਨੂੰ ਬਾਬੇ ਦੇ ਡੇਰੇ ਸਾਹਮਣੇ ਜ਼ੋਰਦਾਰ ਮੁਜ਼ਾਹਰਾ ਕੀਤਾ। ਪੁਲਿਸ ਵੱਲੋਂ ਮੁਜ਼ਾਹਰਾਕਾਰੀਆਂ ਦੀ ਇਜਾਜ਼ਤ ਕੇਵਲ 100 ਦੀ ਸੀ ਪਰ ਸੰਗਤਾਂ ਦੇ ਸ਼ਾਂਤਮਈ ਵਤੀਰੇ ਨੂੰ ਮੱਦੇ ਨਜ਼ਰ ਰੱਖਦਿਆਂ, ਹੋਰ ਵਾਧੂ ਆਈ ਸੰਗਤ ਨੂੰ ਪੁਲਿਸ ਵੱਲੋਂ ਵਰਜਿਤ ਨਹੀਂ ਕੀਤਾ ਗਿਆ। ਸੰਗਤ ਨੇ ਗੁਰਬਾਣੀ ਦੀਆਂ ਤੁਕਾਂ ਵਾਲੀਆਂ ਫੱਟੀਆਂ ਚੁੱਕੀਆਂ ਹੋਈਆਂ ਸਨ, ਜੋ ਬਾਬੇ ਦਲਜੀਤ ਸਿੰਘ ਦੀ ਚਰਿਤਰਹੀਣਤਾ ਨੂੰ ਪ੍ਰਗਟ ਕਰਦੀਆਂ ਸਨ। ਫੱਟੀਆਂ 'ਤੇ ਲਿਖੀਆ ਤੁਕਾਂ ਸਨ :

ਘਰ ਕੀ ਨਾਰਿ ਤਿਆਗੈ ਅੰਧਾ ॥
ਪਰ ਨਾਰੀ ਸਿਉ ਘਾਲੇ ਧੰਧਾ ॥
ਗਲੀ ਅਸੀ ਚੰਗੀਆ ਆਚਾਰੀ ਬੁਰੀਆਹ ॥

ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥
ਕਰਤੂਤਿ ਪਸੂ ਕੀ ਮਾਨਸ ਜਾਤਿ ॥
ਲੋਕ ਪਚਾਰਾ ਕਰੈ ਦਿਨ ਰਾਤਿ ॥

ਇਸ ਮੌਕੇ ਮਿਲਵਾਕੀ, ਡਾਟਿਰਾਟ,ਇੰਡੀਆਨਾ, ਮਿਸ਼ੀਗਨ ਦੀਆਂ ਸੰਗਤਾਂ ਹਾਜ਼ਰ ਸਨ। ਸਿੱਖ ਰਿਲੀਜੀਅਸ ਸੁਸਾਇਟੀ ਦੇ ਧਾਰਮਿਕ ਸਕੱਤਰ ਨੇ ਸੰਗਤਾਂ ਦੇ ਮੁਜ਼ਾਹਰੇ 'ਚ ਸ਼ਾਮਲ ਹੋਣ ਦਾ ਧੰਨਵਾਦ ਕਰਦਿਆਂ ਕਿਹਾ, "ਸਾਡਾ ਕਿਸੇ ਨਾਲ ਕੋਈ ਨਿੱਜੀ ਵਿਰੋਧ ਨਹੀਂ। ਸਾਡਾ ਮਿਸ਼ਨ ਗੁਰੂ ਨਾਨਕ ਸਾਹਿਬ ਦੇ ਮਿਸ਼ਨ ਦੀ ਖਾਲਸ ਨੁਹਾਰ ਨੂੰ ਨਿਗਲ ਰਹੇ ਸਿੱਖੀ ਸਰੂਪ 'ਚ ਡੇਰੇਦਾਰ ਦਲਜੀਤ ਸਿੰਘ ਦੇ ਦੋਹਰੇ ਕਿਰਦਾਰ ਨੂੰ ਸਿੱਖ ਸੰਗਤਾਂ ਸਾਹਮਣੇ ਪ੍ਰਗਟ ਕਰਨਾ ਹੈ।"

ਖਾਲਸਾ ਐਲਾਇੰਸ ਦੇ ਭਾਈ ਭਰਪੂਰ ਸਿੰਘ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ, "ਖਾਲਸਾ ਐਲਾਇੰਸ ਸਿਰਫ ਦਲਜੀਤ ਬਾਬੇ 'ਤੇ ਹੀ ਨਹੀਂ ਰੁਕੇਗਾ ਬਲਕਿ ਸਿੱਖ ਸੰਤਾਂ ਦੇ ਭੇਖ ਵਿਚ ਵਿਚਰ ਰਹੇ ਹੋਰਨਾਂ ਪਾਖੰਡੀਆਂ ਦਾ ਵੀ ਪਰਦਾ ਫਾਸ਼ ਕਰੇਗਾ ਅਤੇ ਉਨ੍ਹਾਂ ਨੂੰ ਚੁਣੌਤੀ ਦੇਵੇਗਾ, ਜੋ ਸਿੱਖ ਸੰਗਤਾਂ ਦੀ ਸ਼ਰਧਾ ਦਾ ਨਾਜਾਇਜ਼ ਲਾਭ ਉਠਾ ਰਹੇ ਹਨ। ਅਸੀਂ ਸਿੱਖ ਸੰਗਤ ਨੂੰ ਇਨ੍ਹਾਂ ਝੂਠੇ ਸੰਤਾਂ ਬਾਰੇ ਸੁਚੇਤ ਕਰਦੇ ਰਹਾਂਗੇ ਅਤੇ ਖਾਲਸਾ ਪੰਥ ਨੂੰ ਇਸ ਕੈਂਸਰ ਤੋਂ ਮੁਕਤੀ ਦਿਵਾਉਣ ਲਈ ਕੰਮ ਕਰਦੇ ਰਹਾਂਗੇ, ਜਿਸਨੂੰ ਹਾਲਾਂ ਤੱਕ ਕੋਈ ਚੁਣੌਤੀ ਨਹੀਂ ਮਿਲੀ।"

ਵਿਚਾਰ—ਸੋ ਹੁਣ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਇਹਨਾਂ ਸਾਧਾਂ ਸੰਤਾਂ, ਬ੍ਰਹਮਗਿਆਨੀਆਂ ਦੀ ਹਰ ਗੱਲ, ਹਰ ਕੰਮ ਗੁਰਬਾਣੀ ਦੇ ਉਲਟ ਹੈ। ਕਈ ਭੋਲੇ ਲੋਕ ਜੋ ਗੁਰਬਾਣੀ ਨਹੀ ਜਾਣਦੇ ਉਹ ਕਹਿਣਗੇ ਕਿ ਸੰਤ ਸਾਧ ਵੀ ਗੁਰਬਾਣੀ ਦੇ ਉਲਟ ਹੁੰਦੇ ਹਨ ? ਇਸ ਕਰਕੇ ਇਹ ਸਾਰਾ ਕੁਝ ਲਿਖਤੀ ਰੂਪ ਵਿੱਚ ਦੁਨੀਆਂ ਭਰ ਦੇ ਸਿੱਖਾਂ ਨੂੰ ਜਾਗ੍ਰਿਤ ਕਰਨ ਕਰਕੇ ਕਰਨਾ ਪਿਆ ਅਤੇ ਕਰਦੇ ਰਹਾਂਗੇ। ਹੋਰ ਵੀ ਬਹੁਤ ਕੁਝ ਹੈ ਜੋ ਇਹ ਸੰਤ, ਗੁਰਬਾਣੀ ਦੇ ਉਲਟ ਕਰਦੇ ਹਨ।

ਸੰਤ ਮਾਧੋ ਸਿੰਘ ਹਰੀਕੇ (ਨਾਨਕਸਰ)

ਇਹ ਨਾਨਕਸੀਆਂ ਵਿਚੋਂ ਹੀ ਹੈ। ਜਿਥੇ ਕਿਤੇ ਕਿਸੇ ਸਾਧ ਦੀਆਂ ਹੱਡੀਆਂ ਪਾਣੀ ਵਿਚ ਪਾਈਆਂ, ਜਾਂ ਸਰੀਰ ਜਲ ਪ੍ਰਵਾਹ ਕੀਤਾ ਉਥੇ ਹੀ ਇਹਨਾਂ ਨੇ ਬਹੁਤ ਜਿਆਦਾ ਪੈਸਾ ਲਾ ਕੇ ਵੱਡੇ-ਵੱਡੇ ਗੁਰਦਵਾਰੇ ਮਹਿਲ ਉਸਾਰ ਦਿੱਤੇ ਹਨ ਪੈਸੇ ਦੀ ਬਰਬਾਦੀ ਕੀਤੀ ਇਸ ਪੈਸੇ ਨਾਲ ਹੋਰ ਬਹੁਤ ਸਾਰੇ ਪਰ ਉਪਕਾਰ ਦੇ ਕੰਮ ਕੀਤੇ ਜਾ ਸਕਦੇ ਸੀ। ਇਹਨਾਂ ਨਾਨਕਸਰੀਆਂ ਬਾਰੇ ਆਪ ਪਹਿਲੀਆਂ ਦੋ ਕਿਤਾਬਾਂ ਵਿਚ ਬਹੁਤ ਕੁਝ ਪੜ੍ਹ ਆਏ ਹੋ ਕਿ ਕਿਵੇਂ ਇਹਨਾਂ ਨੇ ਗੁਰਬਾਣੀ ਦੇ ਮੰਤਰ ਜਾਪ ਤੋਤਾ ਰਟਨ ਪਾਠ, ਸੰਪਟ ਪਾਠ, ਗੁਰੂ ਜੀ ਪੂਜਾ ਇਹਨਾਂ ਕੀਤੀ ਹੈ ਪਰ ਗੁਰੂ ਦਾ ਹੁਕਮ ਇਹਨਾਂ ਕਦੇ ਵੀ ਨਹੀਂ ਮੰਨਿਆਂ, ਇਥੇ ਹਰੀਕੇ ਬਹੁਤ ਵੱਡੀਆਂ-ਵੱਡੀਆਂ ਬਿਲਡਿੰਗਾਂ

ਬਣਾਈ ਬੈਠੇ ਹਨ ਵੰਨ -ਸੁਵੰਨੀਆਂ ਕਹਾਣੀਆਂ ਵੀ ਤੁਸੀ ਅਖਬਾਰਾਂ ਵਿੱਚ ਪੜ੍ਹਦੇ ਰਹਿੰਦੇ ਹੋ। ਇਹਨਾਂ ਨੇ ਇਥੇ ਪੱਥਰ ਦੇ ਬੁੱਤ ਬਣਾਏ ਹੋਏ ਹਨ ਜਦੋ ਕਿ ਦਸਵੇਂ ਪਾਤਸ਼ਾਹ ਨੇ ਪਹਾੜੀ ਰਾਜਿਆਂ ਨੂੰ ਕਿਹਾ ਸੀ ਤੁਸੀ ਬੁੱਤ ਪੂਜਣ ਵਾਲੇ ਹੋ ਮੈ ਬੁੱਤ ਤੋੜਨ ਵਾਲਾ ਹਾਂ। ਇਹ ਫਿਰ ਸਿੱਖਾਂ ਦਾ ਧਿਆਨ ਗੁਰਬਾਣੀ ਵੱਲੋਂ ਹਟਾ ਕੇ ਇਹਨਾਂ ਬੁੱਤਾਂ ਵੱਲ ਕੇਂਦਰਿਤ ਕਰਨਾ ਚਾਹੁੰਦੇ ਹਨ, ਲੋਕਾਂ ਨੂੰ ਬੁੱਤਾਂ ਦੇ ਦਰਸ਼ਨ ਕਰਵਾਉਂਦੇ ਹਨ। "ਗੁਰੂ ਗਰੰਥ ਸਾਹਿਬ" ਅੱਗੇ ਪੈਸੇ ਨਹੀ ਚੜ੍ਹਨ ਦਿੰਦੇ ਪਰ ਬਾਹਰ ਬਾਹਰ ਬਹੁਤ ਚੜ੍ਹਾਵੇ ਲੈਂਦੇ ਹਨ। ਅਖੰਡ ਪਾਠਾਂ ਦੀਆਂ ਇਕੋਤਰੀਆਂ ਰਮਾਇਣ ਦੇ ਪਾਠਾਂ ਦੀ ਤਰਜ ਤੇ ਕਰਦੇ ਹਨ। ਸੰਪਟ ਪਾਠ ਕਿਸੇ ਗੁਰਮਤਿ ਵਿਚ ਨਹੀ ਹਨ ਇਹ ਵੀ ਇਹ ਕਰਦੇ ਹਨ, ਕਥਾ ਕੀਰਤਨ ਵਿਚ ਵੀ ਇਹ ਕਦੇ ਗੁਰੂ ਦੀ ਗੁਰਮਤਿ ਦੀ ਗੱਲ ਨਹੀ ਕਰਦੇ ਕੇਵਲ ਆਪਣੇ ਵੱਡੇ ਬਾਬਿਆਂ ਦੀਆਂ ਕਰਾਮਾਤੀ ਕਹਾਣੀਆਂ ਹੀ ਸੁਣਾਉਂਦੇ ਹਨ। ਐਸੀਆਂ ਸੰਪਰਦਾਵਾਂ ਨੇ ਬਹੁਤ ਜਿਆਦਾ ਨੁਕਸਾਨ ਕੀਤਾ ਹੈ। ਬਾਕੀ ਅਗਲੇ ਭਾਗ ਵਿਚ ਲਿਖਾਂਗਾ।

ਨਿਰਮਲੇ ਸਾਧ

ਇਹਨਾਂ ਬਾਰੇ ਅਜੇ ਦੂਰ ਦੂਰ ਤੱਕ ਜਾ ਕੇ ਜਾਣਕਾਰੀ ਹਾਸਲ ਕਰਨੀ ਹੈ। ਕੁਝ ਜ਼ਿਕਰ ਇਹਨਾਂ ਦਾ ਪਹਿਲੀਆਂ ਕਿਤਾਬਾਂ ਵਿਚ ਆ ਚੁੱਕਾ ਹੈ। ਇਹ ਨਿਰਮਲੇ ਸਾਧ ਭਗਵੇ ਕੱਪੜੇ ਚਾਦਰਾਂ ਬੰਨਕੇ ਗੁਰੂ ਦੀ ਹਜੂਰੀ ਵਿਚ ਬੈਠ ਜਾਂਦੇ ਹਨ ਪਰ ਦੂਜਿਆਂ ਨੂੰ ਪੰਜਾਮਾਂ ਪਾ ਕੇ ਵੀ ਨਹੀ ਬੈਠਣ ਦਿੰਦੇ ਕਈ ਨਿਰਮਲੇ ਸਾਧ ਜਾਦੂ ਟੂਣੇ, ਪਾਣੀ, ਧਾਗਾ ਕਰਕੇ ਵੀ ਦਿੰਦੇ ਹਨ, ਸਿੱਖੀ ਨੂੰ ਬੜੀ ਢਾਹ ਇਹਨਾਂ ਲਾਈ ਹੈ ਇਹ ਵਿਹਲੜ ਹਨ ਕਿਰਤੀ ਨਹੀ ਹਨ ਦਸਵੇਂ ਪਾਤਸ਼ਾਹ ਦੇ ਖਾਲਸਾ ਪੰਥ ਨਾਲ, ਇਹਨਾਂ ਦਾ ਕੋਈ ਸੰਬੰਧ ਨਹੀ ਹੈ। ਇਹ ਸਾਰੇ ਬਾਹਮਣੀ ਮੱਤਾਂ ਦੇ ਧਾਰਨੀ ਹਨ। ਇਹ ਪੰਡਤਾਂ ਵਾਲੇ ਵੈਸ਼ਨਵ ਮੱਤ ਦੇ ਧਾਰਨੀ ਹਨ।

ਇਹਨਾਂ ਨਿਰਮਲੇ ਸਾਧਾਂ ਦੀਆਂ ਕਿਸਮਾ ਵੀ ਬਹੁਤ ਹਨ ਕੋਈ ਬਾਬਾ ਤੜਾਗੀਆਂ ਵਾਲਾ ਕੋਈ ਬਾਬਾ ਕੁੱਤੀਅ ਵਾਲਾ ਕੋਈ ਬਾਬਾ ਬਿੱਲੀਆਂ ਵਾਲਾ, ਕੋਈ ਬਾਬਾ ਖੋਤੀਆਂ ਵਾਲਾ, ਕੋਈ ਬਾਬਾ ਬੋਤੀਆਂ ਵਾਲਾ, ਕੋਈ ਬਾਬਾ ਚੂਚਿਆਂ ਵਾਲਾ, ਕੋਈ ਬਾਬਾ ਹੱਡਾ ਰੋੜੀ ਵਾਲਾ, ਕੋਈ ਮੜ੍ਹੀਆਂ ਵਾਲਾ, ਕੋਈ ਸੱਪਾਂ ਵਾਲਾ, ਕੋਈ ਬਾਬਾ ਗੁੰਮ ਗੋਬੀ। ਇਹਨਾਂ ਦੀਆਂ ਕਿਸਮਾਂ ਵੀ ਨਹੀ ਗਿਣੀਆਂ ਜਾ ਸਕਦੀਆਂ। ਭਬੀਸ਼ਣ ਜੋ ਰਾਵਣ ਦਾ ਭਰਾ ਸੀ ਉਹਨੇ ਰਾਮ ਨੂੰ ਭੇਦ ਦਿੱਤੇ ਰਾਵਣ ਦੀ ਲੰਕਾਂ ਨਸ਼ਟ ਕਰਵਾ ਦਿੱਤੀ ਸੀ ਪਰ ਇਥੇ ਤਾਂ ਪੈਰ ਪੈਰ ਤੇ ਭਬੀਸ਼ਣ ਬੈਠੇ ਹਨ ਹਾਲਤ ਦਾ ਅੰਦਾਜ਼ਾ ਆਪ ਲਾ ਸਕਦੇ ਹੋ। ਇਹ ਸਾਰੇ ਸਾਧ ਸੰਤ ਬੇਈਮਾਨ ਹਨ।

ਯੇਹ ਦੀਨੇ ਹਜਾਜੀ ਕਾ ਬੇਬਾਕ ਬੇੜਾ,
ਨ ਜੇਹੂੰ ਮੇਂ ਅਟਕਾ ਨਾ ਸੇਹੂੰ ਮੇਂ ਠਹਿਰਾ
ਕੀਏ ਪਾਰ ਜਿਸਨੇ ਥੇ ਸਾਤੋਂ ਸਮੁੰਦਰ,

ਵੋਹ 'ਡੂਬਾ ਦਹਾਨੇ ਗੰਗਾ ਕੇ ਆ ਕਰ'।

(ਇਕਬਾਲ)

ਆਪ ਜਾਣਦੇ ਹੋ ਬੁੱਧ ਮੱਤ ਦੀ ਹਾਲਤ, ਜੈਨ ਮੱਤ ਮੂੰਹ ਤੇ ਪੱਟੀਆਂ ਬੰਨ ਕੇ ਕੇਵਲ ਦਿਖਾਵੇ ਵਾਸਤੇ ਝਾੜੂ ਹੱਥ ਵਿਚ ਹੈ, ਜੋਗ ਮੱਤ ਦੀ ਹਾਲਤ, ਜਿਹੜੇ ਕਹਿੰਦੇ ਸੀ ਅਸੀਂ ਅਨਹਦ ਦੀਆਂ ਧੁਨੀਆਂ ਸੁਣਦੇ ਹਾਂ ਅੱਜ ਗਲੀਆਂ ਵਿਚ ਬੀਨਾਂ ਜਵਾਉਂਦੇ ਫਿਰਦੇ ਹਨ ਕਈ ਹੋਰ ਆਪਣੀ ਵਿਲੱਖਣਤਾ ਗੁਵਾ ਬੈਠੇ। ਹੁਣ ਸਿੱਖ ਮੱਤ ਦੀ ਹਾਲਤ ਦਾ ਅੰਦਾਜਾ ਆਪ ਲਾਉ। ਇਹ ਸਾਰਾ ਸੰਤ ਵਾਧ ਬਾਹਮਣੀ ਵਿਚਾਰਧਾਰਾ ਦੀਆਂ ਜੰਜੀਰਾਂ ਤੋੜਨ ਦੀ ਬਜਾਏ ਹੋਰ ਮਜਬੂਤ ਕਰਨ ਤੇ ਲੱਗਾ ਹੋਇਆ ਹੈ ਇਹੋ ਹੀ ਬਦਕਿਸਮਤੀ ਹੈ। ਸਮਝਣ ਦੀ ਲੋੜ ਹੈ।

ਹਵਸ ਕੇ ਬੰਦੇ ਵਫਾ ਕੋ ਬੇਚ ਦੇਤੇ ਹੈ।
ਖੁਦਾ ਕੇ ਘਰ ਕੀ ਕਿਆ ਕਹੀਏ, ਯਿਹ ਖੁਦਾ ਕੋ ਬੇਚ ਦੇਤੇ ਹੈ।

(ਇਕਬਾਲ)

ਆਉ ਵਿਚਾਰੀਏ

ਅੱਜ ਪਾਠ ਕਰਨ ਵਾਲਾ ਪਾਠੀ ਪਾਠ ਪੜ੍ਹਕੇ ਸੁਣਾਉਂਦਾ ਹੈ ਗੁਰਬਾਣੀ ਵਿਚਲੀ ਸਿਖਿਆ ਨਹੀ ਮੰਨਦਾ, ਦੂਜਿਆਂ ਨੂੰ ਕਹਿੰਦਾ ਮੰਨੋ ਤੁਸੀ, ਅੱਜ ਕਵੀਸ਼ਰੀ ਕਰਨ ਵਾਲਾ ਕਵੀਸ਼ਰ ਸਟੇਜ਼ ਤੇ ਖਲੋ ਕੇ ਕੱਛਾਂ ਵਿਚ ਬ੍ਰਾਹਾਂ ਲੈ ਕੇ ਕਵੀਸ਼ਰੀ ਸੁਣਾਉਂਦਾ ਹੈ ਦੂਜਿਆਂ ਨੂੰ ਕਹਿੰਦਾ ਇਸ ਕਵੀਸ਼ਰੀ ਨੂੰ ਮੰਨੋ ਤੁਸੀ। ਅੱਜ ਦਾ ਢਾਡੀ ਬੜੇ ਟੌਹਰ ਨਾਲ ਸੂਟ ਪਾ ਕੇ ਸਟੇਜ਼ ਤੇ ਖੜ੍ਹ ਜਾਂਦਾ ਹੈ ਪਰ ਜਿਹੜੀ ਉਹ ਗੱਲ ਕਰਦਾ ਕਹਿੰਦਾ ਮੰਨੋ ਤੁਸੀ ਮੈ ਤਾਂ ਕੇਵਲ ਸੁਣਾਉਣਾ ਹੀ ਹੈ। ਅੱਜ ਦਾ ਕੀਰਤਨੀਆਂ, ਵੰਨ ਸੁਵੰਨੀਆਂ ਫਿਲਮੀ ਤਰਜਾਂ ਤੇ ਕੀਰਤਨ ਕਰਕੇ ਸੁਣਾਉਦਾ ਹੈ ਕਹਿੰਦਾ ਮੰਨੋ ਤੁਸੀ। ਅੱਜ ਦਾ ਕਥਾ ਵਾਚਕ ਗੁਰਬਾਣੀ ਸਿਧਾਂਤ ਦੀ ਖੋਜ ਕੀਤੇ ਬਿਨਾ ਕਥਾ ਕਹਾਣੀਆਂ ਸੁਣਾਉਂਦਾ ਹੈ ਕਹਿੰਦਾ ਮੰਨੋ ਤੁਸੀ। ਅੱਜ ਦਾ ਸੰਤ, ਬ੍ਰਹਮਗਿਆਨੀ ਵੰਨ ਸੁਵੰਨੇ ਚੋਲੇ, ਗੋਟੇ, ਖੰਡੇ, ਕਲਗੀਆਂ ਲਾ ਕੇ, ਅਤਰ ਫਲੇਲ ਲਾ ਕੇ, ਮਹਿੰਗੇ ਤੋਂ ਮਹਿੰਗੇ ਹਾਰਮੋਨੀਅਮ ਵਾਜੇ ਅਤੇ 2-2 ਢੋਲਕੀਆਂ, ਲਾਈਨਾਂ ਵਿਚ ਬੈਠਣ ਵਾਲੇ ਚਿਮਟਿਆਂ ਵਾਲੇ ਲੈ ਕੇ ਤੁਹਾਡੇ ਸਾਹਮਣੇ ਸਟੇਜ਼ ਤੇ ਆਉਂਦਾ ਹੈ, ਤੁਸੀ ਦੇਖਦੇ ਹੀ ਰਹਿ ਜਾਂਦੇ ਹੋ ਸੋਚਦੇ ਹੋ ਕਿ ਅੱਜ ਤਾਂ ਰੱਬ ਸਮੇਤ ਧਰਮ ਰਾਜ ਮੁਨਸੀ ਮਸੱਦੀ ਲੈ ਕੇ ਸਾਹਮਣੇ ਆ ਬੈਠਾ ਹੈ ਤੁਸੀ ਸੰਤ ਦੀ ਕਲਾਕਾਰੀ ਆਵਾਜ (ਕੰਨ ਰਸ) ਤੇ ਮੋਹਿਤ ਹੋ ਜਾਂਦੇ ਹੋ। ਆਪ ਨੇ ਦੇਖਿਆ ਹੋਣਾ ਹੈ ਕਿ ਜਦੋ ਜੋਗੀ ਬੀਨ ਵਜਾਉਂਦਾ ਹੈ ਤਾਂ ਸੱਪ ਜੋ ਕਿ ਬੜੀ ਸੁਰੱਖਿਅਤ ਥਾਂ ਤੇ ਬੈਠਾ ਹੁੰਦਾ ਹੈ ਉਥੋਂ ਉਠ ਕੇ ਕੇਵਲ ਬੀਨ ਦੀ ਆਵਾਜ ਸੁਣਨ ਕਰਕੇ ਮੌਤ ਦੇ ਮੂੰਹ ਵਿਚ ਜਾ ਪੈਂਦਾ ਹੈ। ਕੀ ਆਪ ਜੀ ਨੇ ਕਦੇ ਵਿਚਾਰਿਆਂ ਹੈ ਕਿ ਇਹਨਾਂ ਸੰਤਾਂ ਦੀਆਂ, ਢੋਲਕੀਆਂ, ਛੈਣਿਆਂ, ਦੀ ਆਵਾਜ਼ ਨੇ ਆਪ ਜੀ ਨੂੰ ਮੌਤ ਦੇ ਮੂੰਹ ਅੱਗੇ ਲਿਆ ਖੜਾ ਕੀਤਾ

ਹੈ। ਜਦੋ ਢੋਲਕੀਆਂ ਚਿਮਟੇ ਖੜਕਦੇ ਹਨ ਇਹ ਸੰਤ ਆਪਣੇ ਧੋਖਣ ਬਰੇ ਸਿਰ ਨੂੰ ਜਦੋਂ ਗੁਰੂ ਵਾਲੇ ਪਾਸੇ ਰਸਮੀ ਤੌਰ ਤੇ ਝੁਕਾਉਂਦਾ ਹੈ ਤਾਂ ਪੋਲੀ ਜਿਹੀ ਆਵਾਜ਼ ਮੂੰਹ ਵਿਚੋਂ ਕੱਢਦਾ ਹੈ ਤੁਸੀ ਸੋਚਦੇ ਹੋ ਇਤਨੀ ਮਿੱਠੀ ਆਵਾਜ਼ ਸ਼ਾਇਦ ਸੁਰਸਵਤੀ ਮਾਤਾ ਇਸਦੀ ਜਬਾਨ ਤੇ ਬੈਠੀ ਰਹਿੰਦੀ ਹੋਵੇ। ਪੰਜਾਬੀ ਦੀ ਕਹਾਵਤ ਮੁਤਾਬਕ 'ਆਬ ਆਬ ਕਰ ਮੋਇਆ ਬੱਚਾ ਫਾਰਸੀਆਂ ਘਰ ਗਾਲੇ। ਇਹਨਾਂ ਕਿਵੇ ਸਿੱਖੀ ਬਾਗ ਨੂੰ ਉਜਾੜਿਆ ? ਇਹਨਾਂ ਤਿੰਨਾਂ ਕਿਤਾਬਾਂ ਵਿਚ ਪਿਛੇ ਅਰਜ਼ ਕਰ ਆਇਆ ਹਾਂ ਆਪ ਪੜ੍ਹ ਆਏ ਹੋ। ਇਹਨਾਂ ਸੰਤਾਂ ਦੀ ਕਹਿਣੀ ਹੋਰ, ਸਟੇਜੀ ਕਲਾ ਕਾਰੀ ਹੋਰ, ਸਟੇਜਾਂ ਉਪਰ ਸਾਹਿਬ ਜਾਦਿਆਂ ਦਾ ਇਤਿਹਾਸ ਸੁਣਾਉਣ ਵਾਲੇ ਸੰਤ ਕਲਗੀਆਂ ਲਾ ਕੇ ਗੱਦੀਆਂ ਲਾ ਕੇ ਬੈਠੇ ਆਪਣਾ ਜਨਮ ਦਿਨ ਮਨਾ ਰਹੇ ਹਨ। ਜਦੋ ਕਿ ਤੁਹਾਨੂੰ ਇਹ ਸੁਣਾ ਰਹੇ ਹਨ ਕਿ ਸਾਹਿਬਜਾਦੇ 7-8 ਸਾਲ ਦੀ ਉਮਰ ਵਿਚ ਹੀ ਸ਼ਹਾਦਤ ਦਾ ਜਾਮ ਪੀ ਗਏ। ਪਰ ਇਹ ਸੰਤ 20, 30, 50, 60, 90 ਸਾਲ ਦੇ ਹੋ ਕੇ ਵੀ ਆਪਣੇ ਜਨਮ ਦਿਨ ਮਨਾ ਕੇ ਤੋਅਫੇ ਲੈ ਰਹੇ ਹਨ। ਗੁਰੂ ਨੇ ਸਰਬੱਤ ਦਾ ਭਲਾ ਕਿਹਾ ਅਤੇ ਕੀਤਾ। ਪਰ ਇਧਰ ਪਾਠ ਕਰਨ ਵਾਲੇ ਪਾਠੀ ਦਾ ਭਲਾ ਜਰੂਰ ਹੋ ਗਿਆ ਪੈਸੇ ਲੈ ਕੇ ਉਸਦਾ ਆਪਣਾ ਘਰ ਚੰਗਾ ਬਣ ਗਿਆ, ਇਧਰ ਕਵੀਸ਼ਰੀ ਕਰਨ ਵਾਲੇ ਕਵੀਸ਼ਰ ਦਾ ਭਲਾ ਜਰੂਰ ਹੋ ਗਿਆ ਉਸਨੇ ਕਵੀਸ਼ਰੀ ਦੇ ਪੈਸੇ ਲੈ ਕੇ ਚੰਗੇ ਮਹਿਲ ਮਾੜੀਆਂ ਬਣਾ ਲਏ ਹਨ, ਇਧਰ ਢਾਡੀ ਦਾ ਭਲਾ ਜਰੂਰ ਹੋ ਗਿਆ ਉਹਨੇ ਪੈਸੇ ਲੈ ਕੇ ਕੋਠੀਆਂ ਬਣਾ ਲਈਆਂ ਹਨ, ਇਧਰ ਕੀਰਤਨੀਆਂ ਦਾ ਭਲਾ ਜਰੂਰ ਹੋ ਗਿਆ ਉਹਨੇ ਇਕ ਘੰਟੇ ਕੀਰਤਨ ਦਾ 50 ਹਜ਼ਾਰ ਲੈ ਕੇ ਚੰਗੇ ਘਰ ਘਾਟ ਬਣਾ ਲਏ ਹਨ ਇਧਰ ਕਥਾ ਵਾਚਕ ਦਾ ਭਲਾ ਜਰੂਰ ਹੋ ਗਿਆ ਹੈ ਜਿਹਨੇ ਕਥਾ ਦੇ ਪੈਸੇ ਲੈ ਕੇ ਚੰਗਾ ਘਰ ਬਣਾ ਲਿਆ ਹੈ। ਇਧਰ ਸਿੱਖ ਕੌਮ ਦੇ ਸੰਤਾਂ ਬ੍ਰਹਮਗਿਆਨੀਆਂ ਦਾ ਭਲਾ ਜਰੂਰ ਹੋ ਗਿਆ ਹੈ, ਇਹਨਾਂ ਨੇ ਗੁਰੂ ਦਾ ਸਤਿਕਾਰ ਘਟਾ ਕੇ ਆਪਣਾ ਕਰਾ ਲਿਆ ਹੈ, ਇਹਨਾਂ ਨੂੰ ਚੰਗੀਆਂ ਕਾਰਾਂ, ਵੱਡੇ ਵੱਡੇ ਡੇਰੇ, ਮਹੱਲ ਥਾਂ-ਥਾਂ ਆਪਣੇ ਹੀ ਬਾਬਿਆਂ ਦੇ ਗੁਰਦਵਾਰੇ ਨਿਸ਼ਾਨ ਸਾਹਿਬ ਗੁਰੂਆਂ ਨਾਲੋਂ ਵੀ ਉਚੇ ਖੜੇ ਕਰ ਲਏ ਹਨ, ਆਪ ਹੀ ਗੁਰੂ ਬਣ ਬੈਠੇ ਹਨ, ਦੇਹਧਾਰੀ ਗੁਰੂਆਂ ਦਾ ਵੀ ਭਲਾ ਹੋ ਗਿਆ ਇਹਨਾਂ ਦੇ ਡੇਰੇ ਵੀ 100-100 ਕਿਲੇ ਵਿਚ ਬਣੇ ਹੋਏ ਹਨ, ਸੱਚ ਨਾਲੋਂ ਤੋੜ ਕੇ ਬਹੁਤ ਲੋਕ ਇਹਨਾਂ ਨੇ ਝੂਠ ਨਾਲ ਜੋੜ ਦਿਤੇ ਹਨ, ਗੁਰਮਤਿ ਨਾਲੋਂ ਤੋੜ ਕੇ ਬਹੁਤ ਲੋਕ ਇਹਨਾਂ ਨੇ ਮਨਮੱਤਿ ਨਾਲ ਜੋੜ ਦਿਤੇ ਹਨ। ਜਥੇਦਾਰਾਂ, ਰਾਜਨੀਤਕ ਲੀਡਰਾਂ ਦੇ ਹੋਏ ਭਲੇ ਦਾ ਵੀ ਘੇਰਾ ਬੜਾ ਵਿਸ਼ਾਲ ਹੈ ਇਹਨਾਂ ਨੇ ਨਿਜ ਸਵਾਰਥ, ਵੋਟਾਂ ਵਾਸਤੇ ਦੇਹਧਾਰੀ ਗੁਰੂ ਅਤੇ ਦੇਹਧਾਰੀ ਸੰਤ ਆਪ ਪੈਦਾ ਕੀਤੇ ਹਨ ਇਹ ਵੋਟਾਂ ਵਾਸਤੇ ਇਹਨਾਂ ਨੂੰ ਸਤਿਗੁਰੂ ਅਤੇ ਬ੍ਰਹਮਗਿਆਨੀ ਕਹਿੰਦੇ ਹਨ। ਇਹਨਾਂ ਨੇ ਆਪਣੀਆਂ ਆਉਣ ਵਾਲੀਆਂ ਕਈ ਪੀੜ੍ਹੀਆਂ ਦੀ ਮਾਇਆ ਦੀ ਭੁੱਖ ਕੱਢ ਦਿੱਤੀ ਹੈ

ਪਰ-ਗੁਰੂ ਨੇ ਤਾਂ ਸਰਬੱਤ ਦੇ ਭਲੇ ਦੇ ਕਾਰਜ ਆਪਣੇ ਉਪਰ ਅਨੇਕਾਂ ਮੁਸੀਬਤਾਂ

ਝੱਲ ਕੇ ਅਮਲੀ ਤੌਰ ਤੇ ਕੀਤੇ। ਦੱਬੇ ਕੁਚਲੇ ਲੋਕਾਂ ਨੂੰ ਉਚੇ ਚੁੱਕਿਆਂ। ਸਦੀਆਂ ਤੋਂ ਰਾਜਨੀਤਕ ਅਤੇ ਧਾਰਮਿਕ ਆਗੂ ਵੱਲੋਂ ਭੋਲੀ ਭਾਲੀ ਜਨਤਾ ਦਾ ਪੀਤਾ ਹੋਇਆ ਖ਼ੂਨ ਆਪਣੇ ਬੱਚਿਆਂ ਦਾ ਖ਼ੂਨ ਪਾ ਕੇ ਪੂਰਾ ਕੀਤਾ ਸਦੀਆਂ ਭਰ ਧੌਣ ਥੱਲੇ ਸੁੱਟ ਕੇ ਤੁਰਨ ਵਾਲਾ ਮਨੁੱਖ ਸਿਰ ਉਚਾ ਕਰਕੇ ਚੱਲਣ ਵਿਚ ਫ਼ੱਖਰ ਮਹਿਸੂਰ ਕਰਦਾ ਦੁਨੀਆਂ ਨੇ ਦੇਖਿਆ। ਸੁਆਰਥੀ ਰਾਜਨੀਤਕ ਅਤੇ ਧਾਰਮਿਕ ਆਗੂ ਨੇ ਫਿਰ ਉਹੀ ਹਾਲਤ ਬਣਾ ਦਿੱਤੇ ਅੱਜ ਫਿਰ ਇਹ ਭੋਲੀ ਭਾਲੀ ਜਨਤਾ ਦਾ ਧਰਮ ਦੇ ਨਾਂ ਤੇ ਰਾਜਨੀਤੀ ਦੇ ਨਾਂ ਤੇ ਸ਼ੋਸ਼ਨ ਕਰਦੇ ਹਨ ਫਿਰ ਉਹੀ ਹਾਲਾਤ ਬਣ ਗਏ ਹਨ।

ਜਿੰਮੇਵਾਰੀ ਕਿਸਦੀ ਹੈ ?

ਗੁਰੂ ਗਰੰਥ ਸਾਹਿਬ ਸੰਸਾਰ ਦੀਆਂ ਮੁੱਖ ਬੋਲੀਆਂ ਵਿਚ ਛਪਵਾ ਕੇ ਸੱਚ ਦਾ ਸੁਨੇਹਾ ਦੁਨੀਆਂ ਦੇ ਕੋਨੇ ਕੋਨੇ ਤੱਕ ਪਹੁੰਚਾਉਣ ਦੀ ਜਿੰਮੇਵਾਰੀ ਕਿਸਦੀ ਹੈ।

ਕਿਸ ਦੀ ਜਿੰਮੇਵਾਰੀ ਹੈ ਅਕਾਲ ਤਖਤ ਨੂੰ ਆਜ਼ਾਦ ਕਰਾਉਣ ਦੀ ?

ਕਿਸ ਦੀ ਜਿੰਮੇਵਾਰੀ ਹੈ ਸਰਮਾਏਦਾਰੀ ਖਤਮ ਕਰਨ ਦੀ ?

ਕਿਸ ਦੀ ਜਿੰਮੇਵਾਰੀ ਹੈ 'ਗਰੀਬੀ ਹਟਾਉ 'ਨਾਹਰੇ ਤੇ ਅਮਲ ਕਰਨ ਦੀ ?

ਕਿਸ ਦੀ ਜਿੰਮੇਵਾਰੀ ਹੈ ਦੁਖਿਆਰਿਆਂ ਦੇ ਹੰਝੂ ਸਾਫ ਕਰਨ ਦੀ ?

ਕਿਸ ਦੀ ਜਿੰਮੇਵਾਰੀ ਹੈ ਸਾਧਾਂ ਸੰਤਾਂ ਨੂੰ ਮਨ ਮਰਜੀਆਂ ਤੋਂ ਰੋਕਣ ਦੀ ?

ਕਿਸ ਦੀ ਜਿੰਮੇਵਾਰੀ ਹੈ ਨਸ਼ਿਆਂ ਦੇ ਕੋਹੜ ਦਾ ਇਲਾਜ ਕਰਨ ਦੀ ?

ਕਿਸ ਦੀ ਜਿੰਮੇਵਾਰੀ ਹੈ ਸਾਧਾਂ ਸੰਤਾਂ ਦੇ ਵੱਧ ਰਹੇ ਡੇਰੇ ਅਤੇ ਗੁਰਦਵਾਰੇ ਰੋਕਣ ਦੀ ?

ਕਿਸ ਦੀ ਜਿੰਮੇਵਾਰੀ ਹੈ ਇਹਨਾਂ ਸੰਤਾਂ, ਬ੍ਰਹਮਗਿਆਨੀਆਂ ਦੇ ਮੂੰਹ ਤੇ ਸੱਚ ਬੋਲਣ ਦੀ ? ਇਹਨਾਂ ਸਾਰੇ ਸਾਧਾਂ ਸੰਤਾਂ ਨੂੰ ਕਿਸ ਨੇ ਅਕਾਲ ਤਖਤ ਉਤੇ ਤਲਬ ਕਰਨਾ ਹੈ ? ਇਹਨਾਂ ਦੇ ਨਾਵਾਂ ਨਾਲ ਲੱਗੀਆਂ 8-8 ਡਿਗਰੀਆਂ ਹੁਣ ਤੱਕ ਕਿਉ ? ਇਹਨਾਂ ਸਾਧਾਂ ਨੂੰ ਭੋਰਿਆਂ ਵਿਚੋਂ ਕੱਢ ਕੇ ਹਲ ਮਗਰ ਕਿਸਨੇ ਲਾਉਣਾ ਹੈ ? ਇਹਨਾਂ ਦੇ ਡੇਰਿਆਂ ਦੀ ਨਿਰਪੱਖ ਜਾਂਚ ਕਰਵਾ ਕੇ ਸਿੱਖ ਲੜਕੀਆਂ ਨੂੰ ਕਿਸ ਨੇ ਅਜ਼ਾਦ ਕਰਵਾਉਣਾ ਹੈ, ਇਹਨਾਂ ਡੇਰਿਆਂ ਦੀ ਜਾਇਦਾਦ ਜਬਤ ਕਰਵਾ ਕੇ ਸਿੱਖ ਨੌਜਵਾਨਾ (ਮਨੁੱਖਤਾ) ਦੀ ਭਲਾਈ ਵਾਸਤੇ ਕਦੋਂ ਵਰਤਾਂਗੇ ? ਇਹ ਸਾਰੇ ਸਾਧ ਅਤੇ ਸ਼੍ਰੋਮਣੀ ਕਮੇਟੀ ਗੋਲਕ ਨਾਲ ਜੁੜ ਗਈ ਹੈ ਇਹ ਗੋਲਕ ਗਰੀਬ ਦੇ ਮੂੰਹ ਨਾਲ ਕਦੋਂ ਜੁੜੇਗੀ ਨਿਸ਼ਚੈ ਨਾਲ ਕਹਿੰਦੇ ਹਾਂ ਕਿ ਜੇ ਜੁੜ ਗਈ ਤਾਂ ਕਿਸੇ ਨੂੰ ਕਹਿਣ ਦੀ ਲੋੜ ਨਹੀ ਪਵੇਗੀ ਕਿ ਤੂੰ ਅੰਮ੍ਰਿਤ ਛਕ, ਫਿਰ ਪਤਿਤ ਪੁਣਾ ਕਿਧਰੇ ਉਡ ਜਾਵੇਗਾ। ਪੜ੍ਹੇ ਲਿਖੇ ਨੂੰ ਗੁਰਮਤਿ ਸਿਧਾਂਤ ਸਮਝਣਾ ਵੀ ਸੌਖਾ ਹੋ ਜਾਵੇਗਾ। ਧਰਮ ਨੂੰ ਰਾਜੀਨੀਤ ਦੀ ਗੁਲਾਮੀ ਵਿਚੋਂ ਅਜਾਦ ਕਰਾਉਣ ਦੀ ਜਿੰਮੇਵਾਰੀ ਕਿਸਦੀ ਹੈ ? ਗੁਰਮਤਿ ਅੰਦਰ ਜੋ ਸਾਧਾਂ ਨੇ ਮਨਮੱਤਿ ਰਲਾ ਦਿੱਤੀ ਹੈ ਇਹ ਨਿਖਾੜਨ ਦੀ ਜਿੰਮੇਵਾਰੀ ਕਿਸਦੀ ਹੈ। ਸਾਧਾਂ ਸੰਤਾਂ ਧਾਰਮਿਕ ਆਗੂਆਂ (ਸ਼੍ਰੋਮਣੀ ਕਮੇਟੀ ਸਮੇਤ) ਰਾਜਨੀਤਕ ਆਗੂਆਂ ਨੇ ਜੋ ਥਾਂ-ਥਾਂ ਕੰਡੇ ਬੀਜ ਦਿੱਤੇ ਹਨ ਇਹ ਕੰਡੇ ਕੌਣ ਪੁੱਟੇਗਾ ? ਇਸ ਵਾਸਤੇ

ਸਿੱਖਾਂ ਦਾ T. V. ਚੈਨਲ ਹਰ ਪਿੰਡ ਵਿਚ ਗੁਰਮਤਿ, ਸਿੱਖਿਆ ਕੇਂਦਰ, ਰਹਿਤ ਮਰਯਾਦਾ ਦੀ ਇਕਸਾਰਤਾ, ਇਤਿਹਾਸਕ ਗਰੰਥ ਸੋਧ ਕੇ ਘੱਟ ਕੀਮਤ ਤੇ ਪ੍ਰਵਾਨਤ ਸਿੱਖ ਯੂਨੀਵਰਸਟੀ ਤੋਂ ਡਿਪਲੋਮਾ ਹੋਲਡਰ ਪ੍ਰਚਾਰਕ, ਰੋਟੀ ਰੋਜੀ ਤੋਂ ਮੁਕਤ ਕਰਕੇ ਫੀਲਡ ਵਿਚ ਨਿਯੁਕਤ ਕਰਨੇ। ਇਸਲਾਮ ਤਾਂ 15 ਸਾਲ ਦਾ ਕੋਰਸ ਦੇਉ ਬੰਧ ਵਿਖੇ ਕਰਵਾ ਰਿਹਾ ਹੈ ਪਰ ਇਧਰ ਇਕ ਦਿਨ ਦਾ ਵੀ ਕੋਰਸ ਨਹੀ ਹੈ ਸਟੇਜ਼ ਤੇ ਖੜੋਤੇ ਕਵੀਸ਼ਰ ਨੂੰ 100 ਰੁਪਏ ਦੇ ਕੇ ਕਾਰ ਸੇਵਾ ਵਾਲਾ ਅਨਪੜ੍ਹ ਬਾਬਾ ਬ੍ਰਹਮਗਿਆਨੀ ਦੀ ਡਿਗਰੀ ਪਾ ਲੈਂਦਾ ਹੈ, ਸਟੇਜ਼ ਤੇ ਢੋਲਕੀਆਂ ਛੈਣੇ ਕੁੱਟਣ ਵਾਲਾ ਘਰੋਂ ਭੁੱਖ ਦਾ ਮਾਰਿਆ ਆਇਆ ਬਾਬਾ 15 ਸਾਲ ਦੀ ਉਮਰ ਵਿਚ ਗੁਰਮਤਿ ਗਿਆਨ ਤੋਂ ਕੋਰਾ ਹੋਣ ਦੇ ਬਾਵਜੂਦ ਵੀ ਹਜੂਰ ਮਹਾਂਰਾਜ ਬ੍ਰਹਮਗਿਆਨੀ ਬਣ ਜਾਂਦਾ ਹੈ। ਜਿਹਨੂੰ ਪਾਠ ਉਚਾਰਨ ਵੀ ਨਹੀ ਆਉਂਦਾ ਉਹ ਪ੍ਰਸਿੱਧ ਕਥਾਕਾਰ ਵਿਦਵਾਨ ਕਹਾਉਂਦਾ ਹੈ। ਜਿੰਮੇਵਾਰ ਕੌਣ ? ਸਿੱਖ ਨੌਜਵਾਨ ਜੇਹਲਾਂ ਦੇ ਅੰਦਰ ਉਮਰ ਕੈਦ ਨਾਲੋਂ ਵੀ ਵੱਧ ਸਜ਼ਾ ਭੁਗਤ ਚੁੱਕੇ ਹਨ ਜਿੰਮੇਵਾਰ ਕੌਣ ?

ਇਕ ਦੂਜੇ ਦੀ ਹਉਮੇ ਨੂੰ ਪੱਠੇ ਪਾਉਂਦੇ ਕਹਿੰਦੇ, ਇਹ ਸੰਤ ਅੰਮ੍ਰਿਤ ਬੜਾ ਛਕਾਉਂਦਾ, ਇਹ ਸ਼੍ਰੋਮਣੀ ਕਮੇਟੀ ਪ੍ਰਧਾਨ ਅੰਮ੍ਰਿਤ ਬੜਾ ਛਕਾਉਂਦਾ। ਇਹਨਾਂ ਸੰਤਾਂ ਨੇ ਜਿਨ੍ਹਾਂ ਨੂੰ ਅੰਮ੍ਰਿਤ ਛਕਾਇਆ ਉਹ ਲੋਕ ਗੁਰੂ ਵੀ ਇਹਨਾਂ ਸੰਤਾਂ ਨੂੰ ਹੀ ਮੰਨਦੇ ਹਨ, ਇਹਨਾਂ ਸੰਤਾਂ ਨੇ ਕੇਵਲ ਦਿਖਾਵੇ ਵਾਸਤੇ "ਗੁਰੂ ਗਰੰਥ ਸਾਹਿਬ" ਦੇ ਪ੍ਰਕਾਸ਼ ਕੀਤੇ ਹੋਏ ਹਨ, ਇਹਨਾਂ ਸੰਤਾਂ ਦੇ ਚੇਲਿਆਂ ਦਾ "ਗੁਰੂ ਗਰੰ ਥ ਸਾਹਿਬ" ਨਾਲ ਕੋਈ ਸੰਬੰਧ ਨਹੀ ਹੈ ਇਹ ਆਪਣੇ ਹੀ ਵੱਖਰੇ ਵੱਖਰੇ ਪੰਥ ਚਲਾ ਰਹੇ ਹਨ, ਦੇਹਧਾਰੀ ਗੁਰੂ ਵੀ ਤਾਂ ਇਹੋ ਬਾਣੀ ਪੜ੍ਹਨ ਦਾ ਝੂਠਾ ਦਾਅਵਾ ਕਰਦੇ ਰਹਿੰਦੇ ਹਨ, ਸੰਤ ਅਤਰ ਸਿੰਘ ਦੀ ਮਾਤਾ ਨੇ ਖੁਦ ਅੰਮ੍ਰਿਤ ਨਹੀ ਸੀ ਛਕਿਆਂ, ਢੱਡਰੀਆਂ ਵਾਲਾ ਵੀ ਪਹਿਲਾਂ ਆਪਣੇ ਰਿਸ਼ਤੇਦਾਰਾਂ ਨੂੰ ਅੰਮ੍ਰਿਤ ਛਕਾਵੇ, ਇਹ ਸਾਰੇ ਸੰਤ, ਦੇਹਧਾਰੀ ਗੁਰੂ ਬਣੇ ਹੋਏ ਹਨ ਇਸਦੇ ਲਿਖਤੀ ਸਬੂਤ ਇਹਨਾਂ ਤਿੰਨਾ ਕਿਤਾਬਾਂ ਵਿਚ ਦੇ ਚੁੱਕਾ ਹਾਂ।


ਹੁਣ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਦਾਅਵਾ ਕੀਤਾ ਹੈ ਸਵਾ ਲੱਖ ਨੂੰ ਅੰਮ੍ਰਿਤ ਛਕਾਉਣ ਦਾ, ਪ੍ਰਧਾਨ ਜੀ : ਤੁਸੀ ਉਹਨਾਂ ਆਕਾਲੀ ਅਤੇ ਕਾਂਗਰਸੀ ਲੀਡਰਾਂ ਨੂੰ ਜੋ ਪੰਥਕ ਹੋਣ ਦਾ ਦਾਅਵਾ ਕਰਦੇ ਹਨ ਪਹਿਲਾਂ ਇਹਨਾਂ ਨੂੰ ਅੰਮ੍ਰਿਤ ਛਕਾਉਂਦੇ। ਖਾਸ ਕਰਕੇ ਪਹਿਲਾਂ ਬਾਦਲ ਪ੍ਰੀਵਾਰ ਨੂੰ ਛਕਾਉਣਾ ਚਾਹੀਦਾ ਹੈ। ਕੀ ਅਕਾਲੀ ਲੀਡਰਾਂ ਨੂੰ ਅੰਮ੍ਰਿਤ ਦੀ ਲੋੜ ਨਹੀਂ ਹੈ ? ਕੀ ਇਹ ਅੰਮ੍ਰਿਤ ਕੇਵਲ, ਲੂਲਿਆਂ, ਲੰਗੜਿਆਂ, ਅੰਨਿਆਂ ਵਾਸਤੇ ਹੀ ਹੈ ? ਕੀ ਅਮੀਰਾਂ ਨਾਲ ਇਸਦਾ ਕੋਈ ਸੰਬੰਧ ਨਹੀ ਹੈ ਕੀ ਇਹ ਕੇਵਲ ਗਰੀਬਾਂ ਵਾਸਤੇ ਹੈ ? ਹੋਟਲਾਂ ਵਿਚ ਪਰ ਇਸਤਰੀਆਂ ਨਾਲ ਰਾਤਾਂ ਗੁਜ਼ਾਰਨ ਵਾਲੇ ਬ੍ਰਹਮਗਿਆਨੀ ਸੰਤਾਂ ਦੇ ਅੰਮ੍ਰਿਤ ਦਾ ਕੀ ਬਣਿਆ ? ਜਿਹੜੇ ਸ਼੍ਰੋਮਣੀ ਕਮੇਟੀ ਮੁਲਾਜ਼ਮ ਕਿਰਪਾਨਾਂ ਕਿਲੀਆਂ ਤੇ ਟੰਗ ਕੇ ਸ਼ਰਾਬਾਂ ਪੀਂਦੇ ਹਨ ਉਹਨਾਂ ਦੇ ਛਕੇ ਅੰਮ੍ਰਿਤ ਕਿਧਰ ਉਡ ਗਏ ? ਸ਼੍ਰੋਮਣੀ ਕਮੇਟੀ ਦੇ 80% ਸ਼ਰਾਬੀ ਕਰਮ ਚਾਰੀਆਂ ਨੂੰ ਤੁਸੀਂ ਅੰਮ੍ਰਿਤ ਛਕਾਉਂਦੇ, ਤੁਸੀਂ ਸ਼੍ਰੋਮਣੀ ਕਮੇਟੀ ਦੇ 20%

ਕਰਮਚਾਰੀਆਂ ਨੂੰ ਹੀ ਨੇਤਨੇਮੀ ਬਣਾ ਦਿੰਦੇ। ਤੁਸੀਂ ਸ਼੍ਰੋਮਣੀ ਕਮੇਟੀ ਵਿਚਲੇ ਅਹੁੱਦੇਦਾਰਾਂ ਨੂੰ ਅੰਮ੍ਰਿਤ ਦੀ ਪ੍ਰੀਭਾਸ਼ਾ ਹੀ ਸਮਝਾ ਦਿੰਦੇ। ਤੁਸੀ ਕਹਿੰਦੇ ਹੋ ਕਾਲਾ ਅਫਗਾਨਾਂ ਦਾ ਬਾਈਕਾਟ ਕਰੋ, ਸਪੋਕਸਮੈਨ ਦਾ ਬਾਈਕਾਟ ਕਰੋ ਪਰ ਨੂਰਮਹਿਲੀਏ ਦੇ ਪੈਰਾਂ ਵਿਚ ਬੈਠਾ ਬਾਦਲ ਪ੍ਰਵਾਰ, ਕੀ ਤੁਸੀ ਬਾਈਕਾਟ ਕੀਤਾ ? ਆਕਾਲੀ ਅਤੇ ਕਾਗਰਸੀ ਵੱਡੇ ਵੱਡੇ ਲੀਡਰ ਭਨਿਆਰੀਆਂ, ਨਿਰੰਕਾਰੀਆਂ, ਨੂਰ ਮਹਿਲੀਆਂ, ਨਾਮਧਾਰੀਆਂ, ਬਿਆਸੀਆਂ ਨੂੰ ਖੁਦ ਮੱਥੇ ਟੇਕਦੇ ਹਨ ਉਹਨਾਂ ਦਾ ਬਾਈਕਾਟ ਕਿਸਨੇ ਕਰਨਾ ਹੈ ? ਦੇਹਧਾਰੀ ਗੁਰੂ ਅਤੇ ਸੰਤ ਸ਼ਰੇਆਮ ਗੁਰਮਤਿ ਸਿਧਾਂਤਾਂ ਦੀਆਂ ਧੱਜੀਆਂ ਉਡਾ ਰਹੇ ਹਨ, ਅਕਾਲ ਤਖਤ (ਸਿੱਖ ਰਹਿਤ ਮਰਯਾਦਾ, ਨਾਨਕਸ਼ਾਹੀ ਕੈਲੰਡਰ) ਦਾ ਵਿਰੋਧ ਕਰ ਰਹੇ ਹਨ ਬਾਈਕਾਟ ਕਿਉਂ ਨਹੀਂ ਕਰਦੇ ? ਇਹਨਾਂ ਸੁਆਲਾ ਦੀ ਉਡੀਕ ਕਰਾਂਗਾ।

ਸੋ ਹੁਣ ਗੁਰਮਤਿ ਸਿਧਾਂਤ ਪ੍ਰਚਾਰਕ ਲਹਿਰ ਦੇ ਪੰਥ ਦਰਦੀ ਸਿੰਘ ਪਿੰਡ ਪਿੰਡ ਉਠ ਖੜੇ ਹੋਏ ਹਨ ਪਿੰਡ ਪਿੰਡ ਘਰ ਘਰ ਜਾ ਕੇ ਜਾਗ੍ਰਿਤੀ ਲਿਆਂਵਾਂਗੇ ਹੁਣ ਤਾਂ ਜਵਾਬ ਲਵਾਂਗੇ ਜਵਾਬ ਦੇਵਾਂਗੇ। ਬਾਕੀ ਪੁਸਤਕ ਦੇ ਅਗਲੇ ਭਾਗ ਵਿਚ ਉਡੀਕ ਕਰੋ।

ਅੰਤ ਵਿਚ ਫਿਰ ਧੰਨਵਾਦ ਕਰਦਾ ਹਾਂ ਉਹਨਾਂ ਵੀਰਾਂ ਦਾ ਜਿਨ੍ਹਾਂ ਨੇ ਪੁਸਤਕਾਂ ਪੜ੍ਹਕੇ ਟੈਲੀਫੂਨਾਂ ਰਾਂਹੀ ਚਿੱਠੀਆਂ ਰਾਂਹੀ ਬੜਾ ਚੜ੍ਹਦੀ ਕਲਾ ਵਾਲਾ ਹੁੰਗਾਰਾ ਦਿੱਤਾ। ਕਮਰਕੱਸੇ ਕਰਕੇ ਸੇਵਾ ਕਰਨ ਦਾ ਵਾਅਦਾ ਕੀਤਾ ਹੈ। ਅਤੇ ਪੁਸਤਕਾਂ ਨੂੰ ਘਰ-ਘਰ ਪਹੁੰਚਾਉਣ ਦਾ ਪ੍ਰਣ ਕੀਤਾ ਹੈ।

ਗੁਰੂ ਪੰਥ ਦਾ ਦਾਸ
ਭਾਈ ਸੁਖਵਿੰਦਰ ਸਿੰਘ 'ਸਭਰਾ'
ਪਿੰਡ ਤੇ ਡਾਕ ਸਭਰਾ, ਤਹਿਸੀਲ ਪੱਟੀ
ਜਿਲ੍ਹਾ ਅੰਮ੍ਰਿਤਸਰ
ਮੋਬਾਇਲ-98760-45142
ਘਰ 01851-257728



ਸਾਵਧਾਨ

ਸਿੱਖ ਨੂੰ ਸ਼ਖਸੀ ਪੂਜਾ ਕਰਨ ਦੀ ਸਖ਼ਤ ਮਨਾਹੀ ਹੈ। ਇਸ ਲਈ ਸਿੱਖ ਨੇ ਭੁੱਲ ਕੇ ਵੀ ਕਿਸੇ ਅਖੌਤੀ ਸਾਧ/ਸੰਤ ਨੂੰ ਮੱਥਾ ਨਹੀਂ ਟੇਕਣਾ।

ਗਲੀ ਜਿਨ੍ਾ ਜਪਮਾਲੀਆ ਲੋਟੇ ਹਥਿ ਨਿਬਗ ॥
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ ॥
(ਪੰਨਾ ੪੭੬)

ਤਬ ਜਾਨਹੁਗੇ ਜਬ ਉਘਰੈਗੋ ਪਾਜ ॥



ਲੇਖਕ ਅਤੇ ਪ੍ਰਕਾਸ਼ਕ :
ਭਾਈ ਸੁਖਵਿੰਦਰ ਸਿੰਘ 'ਸਭਰਾ'
ਅੰਮ੍ਰਿਤਸਰ